

ਗੁਰਦੁਆਰਾ ਰਾਮਪੁਰ ਖੇੜਾ

ਡਾ: ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ (ਪੰਜਾਬ)

ਫੋਨ ਨੰ. 01886-260334

Email: RamPurKhera@Yahoo.ca | www.RamPurKhera.com

ਜੀਵਨ - ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਵਾਲੇ)

ਸੇ ਕਿਨੇਹਿਆ ? (ਭਾਗ ਦੂਜਾ)

ਕਰਤਾ ਅਤੇ ਪ੍ਰਕਾਸ਼ਕ
ਸੇਵਾ ਸਿੰਘ (ਸੰਤ)

ੴ ਸਤਿਗੁਰ ਪ੍ਰਸਾਦਿ ॥

# ਸੇ ਕਿਨੇਹਿਆ ?

## (ਭਾਗ ਦੂਜਾ)

ਜੀਵਨ - ਗਾਥਾ

ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ

(ਗੁਰਦੁਆਰਾ ਰਾਮਪੁਰ ਖੇੜਾ ਵਾਲੇ)

ਕਰਤਾ ਅਤੇ ਪ੍ਰਕਾਸ਼ਕ

ਸੇਵਾ ਸਿੰਘ (ਸੰਤ)

ਗੁਰਦੁਆਰਾ ਰਾਮਪੁਰ ਖੇੜਾ
ਡਾ: ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ (ਪੰਜਾਬ)
ਫੋਨ ਨੰ. 01886-260334
www.RamPurKhera.com

# ਸੇ ਕਿਨੇਹਿਆ ?

ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥
(ਆਸਾ ਮਹਲਾ ੫ ਪੰਨਾ ੩੯੭)



# ਸੇ ਕਿਨੇਹਿਆ ?

(ਭਾਗ ਦੂਜਾ)

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਕਰਤਾ ਅਤੇ ਪ੍ਰਕਾਸ਼ਕ
ਸੇਵਾ ਸਿੰਘ (ਸੰਤ)
ਗੁਰਦੁਆਰਾ ਰਾਮਪੁਰ ਖੇੜਾ
ਡਾ: ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ
ਫੋਨ : **+91-1886-260334**
EMAIL: RAMPURKHERA@YAHOO.CA | WWW.RAMPURKHERA.COM

ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪਹਿਲੀ ਵਾਰ ………ਦਸੰਬਰ 2013 ……… (10,000)

ਕਰਤਾ ਅਤੇ ਪ੍ਰਕਾਸ਼ਕ

**ਸੇਵਾ ਸਿੰਘ (ਸੰਤ)**

ਗੁਰਦੁਆਰਾ ਰਾਮਪੁਰ ਖੇੜਾ
ਡਾ: ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ
ਫੋਨ : +91-1886-260334

EMAIL: RAMPURKHERA@YAHOO.CA I WWW.RAMPURKHERA.COM

**ਭੇਟਾ : ਵੀਚਾਰ ਅਤੇ ਅਮਲ**

*ਟਾਈਪ ਸੈਟਿੰਗ ਅਤੇ ਬੁੱਕ ਡਿਜ਼ਾਈਨਿੰਗ :*
ਪ੍ਰਿੰਸੀਪਲ ਤੇਜਿੰਦਰ ਸਿੰਘ (ਖ਼ਾਲਸਾ)
ਸੰਤ ਬਾਬਾ ਹਰਨਾਮ ਸਿੰਘ ਮੈਮੋਰੀਅਲ ਮਲਟੀਮੀਡੀਆ ਅਕੈਡਮੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ)

*ਪ੍ਰਿੰਟਰਜ :*
ਦਿਪਾਵਲੀ ਪ੍ਰਿੰਟਿੰਗ ਪ੍ਰੈਸ, ਜਲੰਧਰ



# ਸਮਰਪਿਤ

ਉਸ ਮਹਾਨ ਆਤਮਾਂ ਨੂੰ

ਜੋ ਅਨੰਤ ਖੇੜੇ ਦੇ ਹੁਕਮ ਦੁਆਰਾ

ਸੰਸਾਰ ਵਿੱਚ ਆਈ

ਅਤੇ

ਆਪ ਅਨੰਦੀ ਖੇੜੇ ਦੀ ਅਵਸਥਾ ਨੂੰ

ਮਾਣਦੀ ਹੋਈ

ਅਨੇਕਾਂ ਨੂੰ ਖੇੜਾ ਵੰਡ ਕੇ,

ਆਪ ਸਦੀਵੀ ਖੇੜੇ ਵਿੱਚ

ਨਿਵਾਸ ਕਰ ਗਈ

ਅਤੇ

ਪਿੱਛੇ ਛੱਡ ਗਈ

ਯਾਦ

ਖੇੜੇ ਦੀ

# ਤਤਕਰਾ


1. ਚਾਹ ਪੀ ਲਿਆ ਕਰੋ ਪਰ ਲਹੂ ਨਾ ਪੀਆ ਕਰੋ। 1
2. ਪੰਥ ਦੀ ਢਹਿੰਦੀ ਕਲਾ ਕਿਸ ਨੇ ਕੀਤੀ? 11
3. ਚਲੋ! ਮੇਰੀ ਖੇਤੀ ਗੜਿਆਂ ਨਾਲ ਮਾਰੀ ਗਈ। 20
4. ਉੱਦਮ ਕਰਨ ਦੀ ਲੋੜ ਹੈ ਸਤਿਗੁਰੂ ਜੀ ਸਹਾਇਕ ਹੁੰਦੇ ਹਨ। 27
5. ਪਛਤਾਵੇ ਤੋਂ ਬਚੋ। 36
6. ਅਮੋਲਕ ਇਕਾਗ੍ਰਤਾ ਨੂੰ ਭੰਗ ਨਾ ਕਰੋ। 44
7. ਵਰਤਣ ਦੀ ਨੀਅਤ ਹੋਵੇ, ਤੋਟਾ ਨਹੀਂ ਆਉਂਦਾ। 48
8. ਸੰਗਤ ਅਤੇ ਸਹਿਨਸ਼ੀਲਤਾ ਦਾ ਪ੍ਰਤਾਪ। 52
9. ਸੂਚੇ ਏਹਿ ਨ ਆਖੀਅਹਿ। 64
10. ਇੱਕ ਹੋਰ ਧਿਆਨ ਯੋਗ ਬੇਨਤੀ। 73
11. ਅਜਿਹੇ ਪਖੰਡ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ। 77
12. ਧਿਆਨ ਕਿਰਤ ਦਾ ਨਹੀਂ, ਕਰਤੇ ਦਾ ਧਰੋ। 96
13. ਭਾਗ ਕਿਸ ਨੇ ਬਣਾਏ? 109
14. ਰਿਧਿ ਸਿਧਿ ਅਵਰਾ ਸਾਦਿ। 123
15. ਗੁਰਬਾਣੀ ਬਾਰ ਬਾਰ ਪੜ੍ਹਨ ਦਾ ਕੀ ਲਾਭ ? 136
16. ਟਾਇਮ ਦੀ ਪਾਬੰਦੀ। 147
17. ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ। 154
18. ਗੁਰਮਤਿ ਅਸੂਲਾਂ ਦੀ ਦ੍ਰਿੜਤਾ। 164
19. ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ। 167
20. ਸੇ ਕਿਨੇਹਿਆ? ਪੁਸਤਕ ਦਾ ਪ੍ਰਭਾਵ। 172
21. ਸੇ ਕਿਨੇਹਿਆ? MP3 ਸੀਡੀ ਦੇ ਪ੍ਰਥਾਏ ਇੱਕ ਪ੍ਰੇਮੀ ਦਾ ਤਜਰਬਾ। 184
22. ਅਜੋਕੇ ਹਾਲਾਤ 194
23. ਸਵੈ-ਪੜਚੋਲ ਤੇ ਉਪਰਾਲਾ ਕਰਨ ਦੀ ਲੋੜ। 196




# ਦੋ ਸ਼ਬਦ

ਮਹਾਂਪੁਰਖ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਦੀ ਜੀਵਨੀ "ਸੇ ਕਿਨੇਹਿਆ?" ਸਿਰਲੇਖ ਹੇਠ 1990 ਈ: ਵਿੱਚ ਸੰਗਤਾਂ ਦੇ ਸਨਮੁਖ ਕੀਤੀ ਸੀ। ਮਹਾਂਪੁਰਖਾਂ ਦੇ ਜੀਵਨ ਨੂੰ ਪੜ੍ਹ ਕੇ ਬਿਅੰਤ ਪ੍ਰਾਣੀਆਂ ਨੇ ਉਨ੍ਹਾਂ ਦੇ ਗੁਰਮਤਿ ਜੀਵਨ ਤੋਂ ਸੇਧ ਪ੍ਰਾਪਤ ਕੀਤੀ ਤੇ ਕਰ ਰਹੇ ਹਨ। 2013 ਈ: ਤੱਕ "ਸੇ ਕਿਨੇਹਿਆ" ਦੀਆਂ ਪੰਦਰਾਂ ਐਡੀਸ਼ਨਾਂ ਦੁਆਰਾ ਅੱਸੀ ਹਜ਼ਾਰ ਪੁਸਤਕਾਂ ਛਪਵਾ ਕੇ ਮੋਖ ਰਹਿਤ ਸੰਗਤਾਂ ਵਿੱਚ ਵੰਡੀਆਂ ਗਈਆਂ। ਗੁਰਮਤਿ ਪ੍ਰਚਾਰ ਤੇ ਪ੍ਰਸਾਰ ਦੇ ਆਸ਼ੇ ਨੂੰ ਮੁੱਖ ਰੱਖ ਕੇ ਸ: ਭੁਪਿੰਦਰ ਸਿੰਘ ਜੀ ਕਨੇਡਾ ਨਿਵਾਸੀ ਨੇ ਬਾਬਾ ਜੀ ਦੀ ਜੀਵਨੀ ''ਸੇ ਕਿਨੇਹਿਆ?'' ਅਤੇ ਹੋਰ ਅਠਾਰਾਂ ਪੁਸਤਕਾਂ ਅਤੇ ਕਿਤਾਬਚਿਆਂ ਨੂੰ 2006 ਈ: ਵਿੱਚ (ਐਮ.ਪੀ. ਥ੍ਰੀ ਆਡੀਓ ਬੁਕਸ (MP3 AUDIO BOOKS) ਦਾ ਰੂਪ ਦੇ ਕੇ ਚੱਲ ਰਹੇ ਪ੍ਰਚਾਰ ਵਿੱਚ ਹੋਰ ਵੀ ਵਾਧਾ ਕੀਤਾ। ਆਡੀਓ MP3 ਸੀਡੀਆਂ ਦੇਸ਼-ਵਿਦੇਸ਼ ਵਿੱਚ 2013 ਈ: ਤੱਕ ਇੱਕ ਲੱਖ ਤੀਹ ਹਜ਼ਾਰ ਤੋਂ ਉੱਪਰ ਵੰਡੀਆਂ ਗਈਆਂ ਤੇ ਵੰਡੀਆਂ ਜਾ ਰਹੀਆਂ ਹਨ । ਇਨ੍ਹਾਂ ਆਡੀਓ ਬੁਕਸ ਨੂੰ ਸੁਣ ਕੇ ਡਰਾਈਵਿੰਗ ਕਿੱਤੇ ਨਾਲ ਸਬੰਧ ਰੱਖਣ ਵਾਲੇ ਅਤੇ ਹੋਰ ਪ੍ਰੇਮੀਆਂ ਨੇ ਵਿਸ਼ੇਸ਼ ਲਾਹਾ ਪ੍ਰਾਪਤ ਕੀਤਾ ਤੇ ਕਰ ਰਹੇ ਹਨ।

ਸੰਤ ਬਾਬਾ ਹਰਨਾਮ ਸਿੰਘ ਰਾਮਪੁਰ ਖੇੜੇ ਵਾਲਿਆਂ ਦੇ ਜੀਵਨ ਦੀਆਂ ਹੋਰ ਘਟਨਾਵਾਂ ਜੋ ਦਾਸ ਦੇ ਯਾਦ ਝਰੋਖੇ ਚੋਂ ਬਾਹਰ ਆਈਆਂ, ਉਨ੍ਹਾਂ ਜੀਵਨ ਘਟਨਾਵਾਂ ਨੂੰ ''ਸੇ ਕਿਨੇਹਿਆ?'' ਭਾਗ ਦੂਜਾ ਦੇ ਸਿਰਲੇਖ ਹੇਠ ਆਪ ਸੰਗਤਾਂ ਦੇ ਸਨਮੁਖ ਕਰਨ ਦਾ ਉਪਰਾਲਾ ਕੀਤਾ ਹੈ।

ਉਮੀਦ ਹੈ, ਜਿਵੇਂ ''ਸੇ ਕਿਨੇਹਿਆ?'' ਭਾਗ ਪਹਿਲਾ ਪੜ੍ਹ ਕੇ ਸੰਗਤਾਂ ਨੇ ਲਾਹਾ ਪ੍ਰਾਪਤ ਕੀਤਾ ਹੈ, ਉਸੇ ਤਰ੍ਹਾਂ ''ਸੇ ਕਿਨੇਹਿਆ?'' ਭਾਗ ਦੂਸਰੇ ਨੂੰ ਪੜ੍ਹ ਕੇ ਸੰਗਤਾਂ ਜਰੂਰ ਗੁਰਮਤਿ ਸੇਧ ਪ੍ਰਾਪਤ ਕਰਨਗੀਆਂ।

''ਸੇ ਕਿਨੇਹਿਆ?'' ਭਾਗ ਦੂਸਰੇ ਦੀ ਛਪਾਈ-ਸੇਵਾ ਸ.ਗੁਰਦਿਆਲ ਸਿੰਘ ਢਿਲੋਂ, ਬੀਬੀ ਮਨਪ੍ਰੀਤ ਕੌਰ ਢਿਲੋਂ, ਮੋਡੈਸਟੋ ਅਮਰੀਕਾ ਨਿਵਾਸੀਆਂ ਨੇ

ਕਰ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਸਤਿਗੁਰੂ ਜੀ ਸਮੂਹ ਪਰਿਵਾਰ ਨੂੰ ਸੇਵਾ ਦਾ ਫਲ ਪ੍ਰਦਾਨ ਕਰਨ।

ਟਾਈਪ ਸੈਟਿੰਗ ਅਤੇ ਪੁਸਤਕ ਦੀ ਡਿਜ਼ਾਇਨਿੰਗ ਆਦਿ ਦੀ ਸੇਵਾ ਸ: ਤੇਜਿੰਦਰ ਸਿੰਘ ਖ਼ਾਲਸਾ (ਅੰਮ੍ਰਿਤਸਰ ਨਿਵਾਸੀ) ਨੇ ਬੜੇ ਪ੍ਰੇਮ ਨਾਲ ਕੀਤੀ ਹੈ। ਪੁਸਤਕ ਦੀ ਸੁਧਾਈ ਦੀ ਸੇਵਾ ਸ: ਸੋਹਣ ਸਿੰਘ ਜੀ, ਦਿੱਲੀ (ਹੁਣ ਗੁਰਦੁਆਰਾ ਰਾਮਪੁਰ ਖੇੜਾ) ਨਿਵਾਸੀ ਨੇ ਬੜੀ ਮਿਹਨਤ ਤੇ ਲਗਨ ਨਾਲ ਕੀਤੀ ਹੈ। ਗੁਰੂ ਪਾਤਸ਼ਾਹ ਜੀ ਮਿਹਰ ਕਰਕੇ ਇਹਨਾਂ ਸਾਰਿਆਂ ਨੂੰ ਸੇਵਾ ਦਾ ਫਲ ਪ੍ਰਦਾਨ ਕਰਨ ਅਤੇ ਅਗਾਂਹ ਨੂੰ ਵੀ ਹੋਰ ਸੇਵਾ ਕਰਨ ਦਾ ਬਲ ਅਤੇ ਬੁੱਧੀ ਬਖਸ਼ਿਸ਼ ਕਰਨ।

"ਸੇ ਕਿਨੇਹਿਆ?" ਭਾਗ ਦੂਸਰੇ ਨੂੰ ਆਪ ਸੰਗਤਾਂ ਨੇ ਪੜ੍ਹ ਕੇ ਕੋਈ ਸੁਝਾਉ ਦੇਣਾ ਹੋਵੇ ਤਾਂ ਜਰੂਰ ਭੇਜਣ ਦੀ ਕ੍ਰਿਪਾਲਤਾ ਕਰਨੀ। ਦਾਸ ਨੂੰ ਆਪ ਜੀ ਨੇ "**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ**" ਦੀ ਪ੍ਰੇਮ ਅਸੀਸ ਬਖਸ਼ਿਸ ਕਰਨੀ ਜੀ ਤਾਂ ਜੋ ਮਨੁੱਖਾ ਜਨਮ ਸਫਲਾ ਹੋ ਸਕੇ।

ਦਾਸ ਸਾਰੇ ਗੁਰੂ ਪਿਆਰਿਆਂ ਦਾ ਤਹਿ ਦਿਲੋਂ ਧੰਨਵਾਦੀ ਹੈ।

ਗੁਰੂ ਪੰਥ ਦਾ ਦਾਸ

**ਸੇਵਾ ਸਿੰਘ (ਸੰਤ)**
ਗੁਰਦੁਆਰਾ ਰਾਮਪੁਰ ਖੇੜਾ
ਡਾ. ਗੜ੍ਹਦੀਵਾਲਾ,
ਜ਼ਿਲ੍ਹਾ: ਹੁਸ਼ਿਆਰਪੁਰ-144207
ਫੋਨ : 01886-260334

ਮਿਤੀ 13 ਦਸੰਬਰ 2013



# ਸੇ ਕਿਨੇਹਿਆ?

**ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥**
**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥**
(ਆਸਾ ਮਹਲਾ ੫ ਪੰਨਾ ੩੯੭)

# ਚਾਹ ਪੀ ਲਿਆ ਕਰੋ ਪਰ ਲਹੂ ਨਾ ਪੀਆ ਕਰੋ

ਬਾਬਾ ਜੀ ਨੇ ਦੁਪਹਿਰ ਦਾ ਪ੍ਰਸ਼ਾਦਾ ਛਕਿਆ, ਥੋੜ੍ਹਾ ਅਰਾਮ ਕਰ, ਮੁੜ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਰੰਭ ਕਰ ਦਿੱਤਾ। ਚਲਦੇ ਪਾਠ ਦੌਰਾਨ ਸ: ਹਰੀ ਸਿੰਘ[1] ਜੀ ਪਟਵਾਰੀ ਅਤੇ ਉਨ੍ਹਾਂ ਦੇ ਨਾਲ ਇੱਕ ਹੋਰ ਸੱਜਣ ਸੰਗਤ ਵਿੱਚ ਆ ਕੇ ਬੈਠ ਗਏ। ਸੁਖਮਨੀ ਸਾਹਿਬ ਦੇ ਪਾਠ ਦੀ ਸਮਾਪਤੀ ਉਪ੍ਰੰਤ ਬਾਬਾ ਜੀ ਨੇ ਸ: ਹਰੀ ਸਿੰਘ ਅਤੇ ਨਵੇਂ ਆਏ ਸੱਜਣ ਦੀ ਰਾਜ਼ੀ ਖੁਸ਼ੀ ਅਤੇ ਜਲ-ਪਾਣੀ ਦੀ ਸੇਵਾ ਪੁੱਛੀ। ਗਰਮੀ ਦੇ ਦਿਨ ਸਨ। ਥੋੜ੍ਹੇ ਚਿਰ ਵਿੱਚ ਲਾਂਗਰੀ ਅਮਰ ਸਿੰਘ ਨਵੇਂ ਆਏ ਸੱਜਣਾਂ ਲਈ ਮਿੱਠੀ ਲੱਸੀ ਪੀਣ ਵਾਸਤੇ ਲੈ ਆਇਆ।

### *ਹਰੀ ਸਿੰਘ ਨੇ ਨਵੇਂ ਆਏ ਸੱਜਣ ਦੀ ਜਾਣਕਾਰੀ ਦੇਣੀ*

ਜਲ-ਪਾਣੀ ਪਾਨ ਕਰਨ ਉਪ੍ਰੰਤ ਪਟਵਾਰੀ ਹਰੀ ਸਿੰਘ ਜੀ ਨੇ ਨਾਲ ਆਏ ਸੱਜਣ ਦੀ ਜਾਣਕਾਰੀ ਦੇਣੀ ਅਰੰਭ ਕੀਤੀ। ਬਾਬਾ ਜੀ ਨੂੰ ਸੰਬੋਧਨ ਕਰਕੇ ਆਪ ਕਹਿਣ ਲੱਗੇ ਕਿ ਇਹ ਸੱਜਣ ਜਿਨ੍ਹਾਂ ਦਾ ਨਾਮ ਵਰਿਆਮ ਸਿੰਘ ਜੀ ਹੈ, ਮੇਰੇ ਮੌਕੇ ਦੇ ਅਫਸਰ ਗਰਦਾਵਰ ਲੱਗੇ ਹੋਏ ਹਨ। ਇਹ ਬਹੁਤ ਹੀ ਇਮਾਨਦਾਰ ਹਨ। ਕਿਸੇ ਦੇ ਘਰੋਂ ਪ੍ਰਸ਼ਾਦਾ ਛਕਣਾ ਤਾਂ ਇੱਕ ਪਾਸੇ ਰਿਹਾ ਕਿਸੇ ਦੇ ਘਰੋਂ ਚਾਹ ਦਾ ਕੱਪ ਵੀ ਨਹੀਂ ਪੀਂਦੇ। ਪੀਣ ਲਈ ਪਾਣੀ ਵੀ ਆਪਣੇ ਘਰੋਂ ਹੀ ਲੈ ਕੇ ਆਉਂਦੇ ਹਨ। ਬਾਬਾ ਜੀ ਨੇ ਪਟਵਾਰੀ ਹਰੀ ਸਿੰਘ ਹੋਰਾਂ ਦੀ ਗੱਲ ਬੜੇ ਧਿਆਨ ਨਾਲ ਸੁਣੀ ਤੇ ਕੁਝ ਸਕਿੰਟ ਬਾਬਾ ਜੀ ਚੁੱਪ ਰਹੇ।

### *ਬਾਬਾ ਜੀ ਵੱਲੋਂ ਗਰਦਾਵਰ ਸਾਹਿਬ ਨੂੰ ਕਹੇ ਬਚਨ*

ਚੁੱਪ ਰਹਿਣ ਉਪ੍ਰੰਤ ਆਪ ਜੀ ਗਰਦਾਵਰ ਸਾਹਿਬ ਨੂੰ ਸੰਬੋਧਨ ਕਰਕੇ ਕਹਿਣ

1. ਸ: ਹਰੀ ਸਿੰਘ ਜੀ ਪੁੱਤਰ ਸ੍ਰੀ ਜੈ ਰਾਮ ਜੀ, ਪਿੰਡ ਸਤੌਰ, ਬਤੌਰ ਪਟਵਾਰੀ ਦਸੂਹੇ ਦੇ ਨਜ਼ਦੀਕ ਪਿੰਡ ਉਸਮਾਨ ਸ਼ਹੀਦ ਤੇ ਆਸ-ਪਾਸ ਦੇ ਪਿੰਡਾਂ ਵਿੱਚ ਪਟਵਾਰ ਦਾ ਕੰਮ ਕਰਦੇ ਸਨ। ਬਾਬਾ ਜੀ, ਪਿੰਡ ਉਸਮਾਨ ਸ਼ਹੀਦ ਵਿਖੇ ਅਕਸਰ ਜਾਇਆ ਕਰਦੇ ਸਨ। ਉਥੇ ਆਪ ਜੀ ਨੂੰ ਬਾਬਾ ਜੀ ਦੀ ਸੰਗਤ ਚੋਂ ਗੁਰਮਤਿ ਦੀ ਚੇਟਕ ਲੱਗੀ। ਪਹਿਲਾਂ, ਪਟਵਾਰੀ ਹਰੀ ਸਿੰਘ ਜੀ ਤੇ ਇਨ੍ਹਾਂ ਦਾ ਪ੍ਰਵਾਰ ਪੁਰਾਤਨ ਸਨਾਤਨੀ ਖਿਆਲਾਂ ਦਾ ਧਾਰਨੀ ਸੀ। ਬਾਬਾ ਜੀ ਦੀ ਸੰਗਤ ਕਰਨ ਨਾਲ ਆਪ ਨੇ ਅੰਮ੍ਰਿਤ ਪਾਨ ਕਰ ਲਿਆ ਤੇ ਪੰਜਾਂ ਪਿਆਰਿਆਂ ਵਿੱਚ ਵੀ ਅੰਮ੍ਰਿਤ ਸੰਚਾਰ ਦੀ ਸੇਵਾ ਕਰਦੇ ਰਹੇ। ਰਿਟਾਇਰ ਹੋਣ ਤੋਂ ਉਪ੍ਰੰਤ ਆਪ ਜੀ ਆਪਣੇ ਪਿੰਡ ਸਤੌਰ ਆ ਕੇ ਬਾਬਾ ਨਰੈਣ ਸਿੰਘ ਜੀ ਦੀ ਯਾਦ ਵਿੱਚ ਜੋ ਗੁਰਦੁਆਰਾ ਹੈ ਉੱਥੇ ਸਵੇਰੇ ਸ਼ਾਮ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਤੇ ਸੁੱਖ-ਆਸਨ ਦੀ ਸੇਵਾ ਕਰਦੇ ਰਹੇ। ਸਵੇਰੇ-ਸ਼ਾਮ ਸੰਗਤਾਂ ਸਮੇਤ ਨਿੱਤਨੇਮ ਦੀ ਹਾਜ਼ਰੀ ਵੀ ਭਰਦੇ। ਆਖਰ ਆਪ ਜੀ 6-9-2010 ਨੂੰ ਪੰਜ ਭੂਤਕ ਸਰੀਰ ਦਾ ਤਿਆਗ ਕਰ ਗਏ।



ਲੱਗੇ, ਗਰਦਾਵਰ ਸਾਹਿਬ! ਪਟਵਾਰੀ ਹੋਰਾਂ ਨੇ ਆਪ ਜੀ ਪ੍ਰਥਾਇ ਜੋ ਦੱਸਿਆ ਹੈ ਬਹੁਤ ਚੰਗਾ ਹੈ, ਕਿਸੇ ਉੱਪਰ ਬੋਝ ਪਾਉਣ ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ। ਪਰ ਮੇਰੀ ਵਲੋਂ ਆਪ ਜੀ ਨੂੰ ਬੇਨਤੀ ਹੈ ਕਿ ਕਿਸੇ ਦੇ ਘਰੋਂ ਜੇ ਸਰੀਰ ਨੂੰ ਲੋੜ ਹੋਵੇ, ਕੋਈ ਪ੍ਰੇਮ ਨਾਲ ਪ੍ਰਸ਼ਾਦਾ ਛਕਾਵੇ, ਪ੍ਰਸ਼ਾਦਾ ਛਕ ਲੈਣਾ ਚਾਹੀਦਾ ਹੈ ਅਤੇ ਚਾਹ ਵੀ ਪੀ ਲੈਣੀ ਚਾਹੀਦੀ ਹੈ, ਕਿਉਂ ਕਿ ਚਾਹ ਪੀਣ ਜਾਂ ਪ੍ਰਸ਼ਾਦਾ ਛਕਣ ਨਾਲ ਛਕਾਉਣ ਵਾਲਾ ਬੰਦਾ ਮਰਦਾ ਨਹੀਂ ਪਰ ਤੁਸੀਂ ਲਹੂ ਨਾ ਪੀਆ ਕਰੋ। ਲਹੂ ਪੀਣ ਨਾਲ ਬੰਦਾ ਮਰ ਜਾਂਦਾ ਹੈ।

ਦੂਸਰੇ, ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ ਮਨੁੱਖ ਦੀ ਰੱਤ* ਪੀਣ ਨਾਲ ਰੱਤ ਪੀਣ ਵਾਲੇ ਮਨੁੱਖ ਦਾ ਮਨ ਕਦੇ ਵੀ ਪਵਿੱਤ੍ਰ ਨਹੀਂ ਹੋ ਸਕਦਾ। ਆਪ ਜੀ ਦਾ ਮਾਝ ਦੀ ਵਾਰ ਅੰਦਰ ਫੁਰਮਾਨ ਹੈ ਕਿ ਜਿਸ ਤਰ੍ਹਾਂ ਸਰੀਰ ਉੱਪਰ ਪਾਏ ਹੋਏ ਕੱਪੜੇ ਨੂੰ ਲਹੂ ਲੱਗ ਜਾਵੇ ਉਹ ਪਲੀਤ ਹੋ ਜਾਂਦਾ ਹੈ, ਤਿਵੇਂ ਜੋ ਮਨੁੱਖ, ਮਨੁੱਖਾਂ ਦੀ ਰੱਤ ਪੀਂਦੇ ਹਨ (ਭਾਵ ਵੱਢੀ ਲੈਂਦੇ ਹਨ) ਉਨ੍ਹਾਂ ਦਾ ਮਨ ਕਦੇ ਵੀ ਪਵਿੱਤ੍ਰ ਨਹੀਂ ਹੋ ਸਕਦਾ। ਆਪ ਜੀ ਦਾ ਫੁਰਮਾਨ ਹੈ :

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥**

ਵਾਰ ਮਾਝ, ਮ.੧, ਪੰਨਾ ੧੪੦

ਗਰਦਾਵਰ ਸਾਹਿਬ! ਸਤਿਗੁਰਾਂ ਨੇ ਕਿਸੇ ਦਾ ਲਉ-ਲਿਹਾਜ ਨਹੀਂ ਕੀਤਾ। ਜੋ ਆਪਣੀ ਪ੍ਰਾਲਬਧ ਹੈ ਉਸ ਉੱਤੇ ਹੀ ਸ਼ਾਕਰ ਰਹਿਣਾ ਚਾਹੀਦਾ ਹੈ। ਆਪਣੇ ਹੱਕ ਦੀ ਹੱਦ ਤੋਂ ਉਲੰਘ ਕੇ ਜੋ ਪਰਾਏ ਹੱਕ ਨੂੰ ਹਥਿਆਉਂਦਾ ਹੈ, ਮੁਸਲਮਾਨ ਵਾਸਤੇ ਪਰਾਇਆ ਹੱਕ ਸੂਰ ਖਾਣ ਅਤੇ ਹਿੰਦੂ ਲਈ ਗਊ ਖਾਣ ਬਰਾਬਰ ਹੈ। ਪਰਾਇਆ ਹੱਕ ਖਾਣ ਵਾਲੇ ਦੀ ਗੁਰੂ-ਪੀਰ ਕਦਾਚਿਤ ਵੀ ਹਾਮੀ (ਹਮਾਇਤ) ਨਹੀਂ ਭਰਦੇ। ਆਪ ਜੀ ਦਾ ਮਾਝ ਦੀ ਵਾਰ ਅੰਦਰ ਫੁਰਮਾਨ ਹੈ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥**
**ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥**
**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥**
**ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥** ਮ: ੧, ਪੰਨਾ ੧੪੧

### *ਪਟਵਾਰੀ ਹਰੀ ਸਿੰਘ ਤੇ ਗਰਦਾਵਰ ਸਾਹਿਬ ਨੇ ਬੇਇਜ਼ਤੀ ਮਹਿਸੂਸ ਕੀਤੀ*

ਬਾਬਾ ਜੀ ਦੇ ਲਉ ਲਿਹਾਜ ਰਹਿਤ ਬਚਨ ਸੁਣ ਕੇ ਗਰਦਾਵਰ ਸਾਹਿਬ ਦਾ ਚੇਹਰਾ, ਕਦੇ ਲਾਲ ਕਦੇ ਪੀਲਾ ਤੇ ਕਦੇ ਚਿੱਟਾ ਹੋ ਰਿਹਾ ਸੀ। ਆਪ ਨੇ ਨੀਂਵੀ ਪਾ

* ਵੱਢੀ ਲੈਣੀ, ਜ਼ੋਰ ਧੱਕਾ ਕਰਨਾ

ਕੇ ਸਾਰੇ ਬਚਨ ਸੁਣੇ, ਪਰ ਉੱਤਰ ਕੋਈ ਨਾ ਦਿੱਤਾ। ਪਟਵਾਰੀ ਹਰੀ ਸਿੰਘ ਜੀ, ਜੋ ਆਪਣੇ ਨਾਲ ਗਰਦਾਵਰ ਜੀ ਨੂੰ ਲਿਆਏ ਸੀ, ਉਨ੍ਹਾਂ ਵੀ ਬਾਬਾ ਜੀ ਨੂੰ ਕਿਹਾ ਤਾਂ ਕੁਝ ਨਾ, ਪਰ ਉਨ੍ਹਾਂ ਦਾ ਚੇਹਰਾ ਦੱਸ ਰਿਹਾ ਸੀ ਕਿ ਬਾਬਾ ਜੀ ਨੇ ਸਾਡਾ ਅਪਮਾਨ ਕੀਤਾ ਹੈ। ਮੈਂ ਤਾਂ ਆਪਣੇ ਅਫਸਰ ਦੀ ਸਿਫਤ ਕੀਤੀ ਸੀ ਪਰ ਉਹ ਸਿਫਤ ਸਗੋਂ ਸਾਡੇ ਦੋਨਾਂ ਦੇ ਅਪਮਾਨ ਦਾ ਕਾਰਣ ਬਣ ਗਈ।

ਬਾਬਾ ਜੀ ਨੇ ਵੀ ਉਹਨਾਂ ਦੇ ਚੇਹਰੇ ਨੂੰ ਤੇ ਮਹਿਸੂਸਤਾਈ ਨੂੰ ਪੜ੍ਹ ਲਿਆ ਤੇ ਕਿਹਾ, ਪਟਵਾਰੀ ਸਾਹਿਬ! ਮੇਰਾ ਕਿਸੇ ਦੀ ਬੇਇਜ਼ਤੀ ਜਾਂ ਨਿਰਾਦਰ ਕਰਨ ਦਾ ਮਨ ਬਿਲਕੁਲ ਨਹੀਂ ਸੀ ਤੇ ਨਾ ਹੈ ਹੀ, ਪਰ ਮੈਂ ਸੱਚ ਕਹਿਣ ਤੋਂ ਵੀ ਰਹਿ ਨਹੀਂ ਸਕਦਾ। ਕਈ ਵਾਰੀ ਕੌੜੀ ਦੁਆਈ ਛੇਤੀ ਅਸਰ ਕਰਦੀ ਹੈ। ਸਤਿਗੁਰੂ ਸਾਡਾ ਸਾਰਿਆਂ ਦਾ ਭਲਾ ਕਰਨ ਤੇ ਸੱਤ ਮਾਰਗ ਤੇ ਚੱਲਣ ਦੀ ਸੁਮੱਤ ਬਖਸ਼ਣ।

ਥੋੜ੍ਹਾ ਸਮਾਂ ਗਰਦਾਵਰ ਸਾਹਿਬ ਤੇ ਪਟਵਾਰੀ ਹੋਰੀਂ ਬੈਠੇ ਰਹੇ ਉਪ੍ਰੰਤ ਮੁਰਝਾਏ ਚੇਹਰੇ ਨਾਲ ਬਾਬਾ ਜੀ ਨੂੰ ਗੁਰੂ ਫਤਹਿ ਦੀ ਸਾਂਝ ਪਾਈ ਤੇ ਵਾਪਸ ਚਲੇ ਗਏ। ਅੱਗੇ ਪਟਵਾਰੀ ਹੋਰੀਂ ਪਿੰਡ ਉਸਮਾਨ* ਸ਼ਹੀਦ ਤੋਂ ਘੱਟੋ-ਘੱਟ ਦੋ ਵਾਰੀ ਹਫਤੇ ਵਿੱਚ ਸਾਈਕਲ ਤੇ ਆਪਣੇ ਪਿੰਡ ਸਤੌਰ ਨੂੰ ਜਾਇਆ ਕਰਦੇ ਸਨ ਤੇ ਰਸਤੇ ਵਿੱਚ ਬਾਬਾ ਜੀ ਪਾਸ ਕੁਝ ਸਮਾਂ ਦਰਸ਼ਨ ਕਰਕੇ ਤੇ ਅਰਾਮ ਕਰਕੇ ਫਿਰ ਅੱਗੇ ਜਾਇਆ ਕਰਦੇ ਸਨ। ਪਰ ਇਸ ਹਫਤੇ ਵਿੱਚ ਉਹ ਸਿੱਧੇ ਹੀ ਆਪਣੇ ਪਿੰਡ ਨੂੰ ਚਲੇ ਗਏ।

ਇੱਕ ਦਿਨ ਸ਼ਾਮ ਨੂੰ ਬਾਬਾ ਜੀ ਨੇ ਸੁਤੇ ਸਿੱਧ ਗੱਲ ਕੀਤੀ ਤੇ ਕਹਿਣ ਲੱਗੇ, ਸੇਵਾ ਸਿੰਘ! ਪਟਵਾਰੀ ਹਰੀ ਸਿੰਘ ਹੋਰੀਂ ਅੱਗੇ ਹਫਤੇ ਵਿੱਚ ਦੋ ਵਾਰੀ ਮਿਲ ਕੇ ਜਾਂਦੇ ਸਨ ਪਰ ਐਤਕਾਂ ਨਹੀਂ ਆਏ। ਇੰਝ ਲਗਦਾ, ਜਿਵੇਂ ਉਨ੍ਹਾਂ ਨੇ ਮੇਰੀ ਕਹੀ ਗੱਲ ਦਾ ਬੁਰਾ ਮਨਾਇਆ ਹੈ। ਮੈਂ ਤਾਂ ਜੋ ਗੁਰੂ ਮਹਾਰਾਜ ਜੀ ਨੇ ਸੁਤੇ ਪ੍ਰੇਰਨਾ ਦਿੱਤੀ ਕਹਿ ਦਿੱਤਾ, ਜਾਣ ਕੇ ਕਿਸੇ ਦਾ ਮਨ ਦੁਖਾਉਣ ਦੀ ਖਾਤਰ ਨਹੀਂ ਕਿਹਾ। ਕਹੀ ਗੱਲ ਦੀ ਵੀਚਾਰ ਕਰ ਲੈਂਦੇ ਤਾਂ ਲਾਹਾ ਖੱਟ ਜਾਣਾ ਸੀ। ਸਮਾਂ ਤੁਰਦਾ ਗਿਆ।

### ਮੁੜ ਪਟਵਾਰੀ ਹਰੀ ਸਿੰਘ ਤੇ ਗਰਦਾਵਰ ਜੀ ਨੇ ਬਾਬਾ ਜੀ ਪਾਸ ਆਉਣਾ

ਤੀਸਰੇ ਐਤਵਾਰ, ਪਟਵਾਰੀ ਹਰੀ ਸਿੰਘ ਜੀ ਤੇ ਗਰਦਾਵਰ ਵਰਿਆਮ ਸਿੰਘ ਇਕੱਠੇ ਸਾਈਕਲਾਂ ਤੇ ਦੁਪਹਿਰ ਨੂੰ ਬਾਬਾ ਜੀ ਪਾਸ ਰਾਮਪੁਰ ਖੇੜੇ ਆਏ, ਗੁਰੂ ਫਤਹਿ ਦੀ ਸਾਂਝ ਕਰਨ ਉਪ੍ਰੰਤ, ਪਟਵਾਰੀ ਹਰੀ ਸਿੰਘ ਨੇ ਬੜੀ ਆਜ਼ਜੀ ਨਾਲ ਬੇਨਤੀ ਕੀਤੀ, ਬਾਬਾ ਜੀ! ਗਰਦਾਵਰ ਸਾਹਿਬ ਤੁਹਾਡੇ ਨਾਲ ਕੁਝ ਬਚਨ ਸਾਂਝੇ ਕਰਨੇ ਚਾਹੁੰਦੇ ਹਨ। ਬਾਬਾ ਜੀ ਨੇ ਬੜੀ ਖੁਸ਼ੀ ਪ੍ਰਗਟ ਕੀਤੀ ਤੇ ਕਿਹਾ, ਗਰਦਾਵਰ ਸਾਹਿਬ! ਜੋ ਬਚਨ ਕਰਨਾ ਚਾਹੁੰਦੇ ਹੋ, ਨਿਸੰਗ ਹੋ ਕੇ ਕਰੋ, ਝਿਜਕਣ ਦੀ ਲੋੜ

*ਉਸਮਾਨ ਸ਼ਹੀਦ ਦਸੂਹੇ ਤੋਂ 1 ਕਿਲੋਮੀਟਰ ਪਠਾਨਕੋਟ ਸ਼ਾਹੀ ਸੜਕ ਤੇ ਸਥਿੱਤ ਹੈ। ਇਥੇ ਪਟਵਾਰੀ ਹਰੀ ਸਿੰਘ ਜੀ ਰਿਹਾਇਸ਼ ਰੱਖਦੇ ਸਨ ਤੇ ਇਸੇ ਪਿੰਡ ਦੀ ਹੱਦ-ਬਸਤ ਵਿੱਚ ਕੰਮ ਕਰਦੇ ਸਨ।



ਨਹੀਂ। ਗਰਦਾਵਰ ਵਰਿਆਮ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਕਿਹਾ, ਬਾਬਾ ਜੀ! ਅਸੀਂ ਤੁਹਾਡੇ ਪਾਸ ਤਿੰਨ ਹਫਤੇ ਪਹਿਲਾਂ ਆਏ ਸੀ ਤੇ ਆਪ ਜੀ ਨੇ ਜੋ ਬਚਨ ਕਿਹਾ ਸੀ ਕਿ "ਚਾਹ ਪੀ ਲਿਆ ਕਰੋ ਪਰ ਲਹੂ ਨਾ ਪੀਆ ਕਰੋ" ਇਹ ਬਚਨ ਮੇਰੇ ਕੰਨਾਂ ਵਿੱਚ ਦਿਨ ਰਾਤ ਗੂੰਜਦੇ ਰਹਿੰਦੇ ਹਨ। ਸੌਣ ਲੱਗਿਆਂ ਵੀ, ਪ੍ਰਸ਼ਾਦਾ ਛਕਣ ਲੱਗਿਆਂ ਵੀ, ਜਦੋਂ ਮੈਂ ਕੰਮ ਤੇ ਜਾਂਦਾ ਹਾਂ ਤਦ ਵੀ, ਇਹ ਬੋਲ ਕਿ "ਚਾਹ ਪੀ ਲਿਆ ਕਰੋ ਪਰ ਲਹੂ ਨਾ ਪੀਆ ਕਰੋ" ਕੰਨਾਂ ਵਿੱਚ ਗੂੰਜਦੇ ਰਹਿੰਦੇ ਹਨ। ਕਈ ਵਾਰੀ ਰਾਤ ਨੂੰ ਨੀਂਦ ਵੀ ਨਹੀਂ ਆਉਂਦੀ। ਮੇਰੇ ਤੇ ਕ੍ਰਿਪਾ ਕਰੋ, ਮੈਂ ਬੜਾ ਪ੍ਰੇਸ਼ਾਨ ਹਾਂ।

### *ਤੁਹਾਡੇ ਵੱਡੇ ਭਾਗ ਹਨ*

ਬਾਬਾ ਜੀ ਨੇ ਗਰਦਾਵਰ ਸਾਹਿਬ ਦੇ ਮੋਢੇ ਤੇ ਹੱਥ ਰੱਖ ਕੇ ਪਿੱਠ ਤੇ ਪਿਆਰ ਪਲੋਸਾ ਦਿੱਤਾ ਤੇ ਕਿਹਾ, ਵਰਿਆਮ ਸਿੰਘ ਜੀ ! ਤੁਹਾਡੇ ਕੋਈ ਪੂਰਬਲੇ ਚੰਗੇ ਕਰਮਾਂ ਨੂੰ ਫਲ ਲੱਗਾ ਹੈ। ਜਿਸ ਦੀ ਬਦੌਲਤ ਇਹ ਸ਼ਬਦ ਤੁਹਾਡੇ ਹਿਰਦੇ ਵਿੱਚ ਘਰ ਕਰ ਗਏ ਹਨ। ਇਹ ਬੋਲ ਤੁਹਾਡਾ ਜੀਵਨ ਬਦਲ ਦੇਣਗੇ। ਤੁਸੀਂ ਸਤਿਸੰਗਤ ਕਰਿਆ ਕਰੋ। ਬਾਬਾ ਜੀ ਨੇ ਆਪਣੇ ਪਾਸੋਂ ਨਿੱਤਨੇਮ ਦਾ ਗੁਟਕਾ ਦਿੱਤਾ ਤੇ ਕਿਹਾ ਕਿ ਜੇ ਪੂਰਾ ਨਿੱਤਨੇਮ ਨਾ ਕਰ ਸਕੋ ਤਾਂ ਘੱਟੋ ਘੱਟ ਸਵੇਰੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਤੇ ਸੌਂਣ ਵੇਲੇ ਸੋਹਿਲੇ ਦਾ ਪਾਠ ਜਰੂਰ ਕਰਿਆ ਕਰੋ। ਪਹਿਲਾਂ-ਪਹਿਲਾਂ ਤੁਹਾਨੂੰ ਔਖ ਲੱਗੇਗੀ ਫਿਰ ਇਹ ਪਾਠ ਤੁਹਾਡਾ ਜੀਵਨ ਅਧਾਰ ਬਣ ਜਾਵੇਗਾ। ਜਿਉਂ-ਜਿਉਂ ਤੁਸੀਂ ਪਿਆਰ ਨਾਲ ਬਾਣੀ ਪੜੋਗੇ, ਪੂਰਾ ਨਿੱਤਨੇਮ ਕਰਨ ਲੱਗ ਜਾਵੋਗੇ, ਸਭ ਠੀਕ ਹੋ ਜਾਵੇਗਾ ਤੇ ਪਟਵਾਰੀ ਹਰੀ ਸਿੰਘ ਹੋਰਾਂ ਦੀ ਜਿੰਮੇਂਵਾਰੀ ਲਾ ਦਿੱਤੀ ਕਿ ਤੁਸੀਂ ਜਦੋਂ ਸਮਾਂ ਮਿਲੇ ਇਨ੍ਹਾਂ ਨੂੰ ਨਿੱਤਨੇਮ ਦੀ ਸੰਥਯਾ ਜਰੂਰ ਕਰਵਾ ਦਿਆ ਕਰੋ।

### *ਗਰਦਾਵਰ ਸਾਹਿਬ ਵੱਲੋਂ ਪੁੱਛ*

ਬਾਬਾ ਜੀ ਵਲੋਂ ਪਿਆਰ ਪ੍ਰੇਮ ਦਾ ਵਰਤਾਉ, ਸੁਖਾਵਾਂ ਮਾਹੌਲ ਤੇ ਇਕਾਂਤ ਵੇਖ ਕੇ ਸ: ਵਰਿਆਮ ਸਿੰਘ ਨੇ ਬਾਬਾ ਜੀ ਨੂੰ ਆਪਣੀ ਮਜਬੂਰੀ ਇੱਕ ਸਵਾਲ ਦੇ ਰੂਪ ਵਿੱਚ ਪੁੱਛਣ ਦਾ ਹੌਂਸਲਾ ਕੀਤਾ। ਵਰਿਆਮ ਸਿੰਘ ਕਹਿਣ ਲੱਗੇ, ਬਾਬਾ ਜੀ ! ਆਪ ਜੀ ਨੇ ਜੋ ਬਚਨ ਕਹੇ ਹਨ ਕਿ **"ਚਾਹ ਪੀ ਲਿਆ ਕਰੋ ਪਰ ਲਹੂ ਨਾ ਪੀਆ ਕਰੋ"**। ਅਸੀਂ ਤਾਂ ਲਹੂ ਪੀਣਾ ਛੱਡ ਦੇਵਾਂਗੇ ਪਰ ਸਾਥੋਂ ਉੱਪਰਲੇ ਅਫਸਰ ਸਾਡਾ ਲਹੂ ਪੀਣੋ ਨਹੀਂ ਹਟਦੇ, ਅਸੀਂ ਜਨਤਾ ਦਾ ਲਹੂ ਇਕੱਠਾ ਕਰਕੇ ਅਫਸਰਾਂ ਨੂੰ ਪਿਲਾ ਦਿੰਦੇ ਹਾਂ। ਸਾਡੇ ਹਿੱਸੇ ਤਾਂ ਉਨ੍ਹਾਂ ਤੋਂ ਬਚਿਆ ਤੁਬਕਾ ਹੀ ਪੈਂਦਾ ਹੈ।

### *ਬਾਬਾ ਜੀ ਵੱਲੋਂ ਉੱਤਰ*

ਸ: ਵਰਿਆਮ ਸਿੰਘ ਹੋਰਾਂ ਦੀ ਸਿੱਧੀ ਪੱਧਰੀ ਗੱਲ ਸੁਣ ਕੇ ਬਾਬਾ ਜੀ

ਮੁਸਕਰਾਏ ਤੇ ਕਹਿਣ ਲੱਗੇ, ਗਰਦਾਵਰ ਸਾਹਿਬ! ਤੁਸੀਂ ਬਿਲਕੁਲ ਠੀਕ ਕਿਹਾ, ਜੋ ਵਰਤਾਰਾ ਹੁਣ ਵਰਤ ਰਿਹਾ ਹੈ, ਗੁਰੂ ਨਾਨਕ ਪਾਤਸ਼ਾਹ ਜੀ ਦੇ ਵੇਲੇ ਵੀ ਇਸ ਤੋਂ ਜਿਆਦਾ ਗਿਰਾਵਟ ਆਈ ਹੋਈ ਸੀ। ਜਿਸ ਦਾ ਜ਼ਿਕਰ ਸਤਿਗੁਰੂ ਜੀ ਨੇ ਮਲਾਰ ਦੀ ਵਾਰ ਅੰਦਰ ਇਹਨਾਂ ਸ਼ਬਦਾਂ ਦੁਆਰਾ ਕੀਤਾ ਹੈ। ਆਪ ਫੁਰਮਾਨ ਕਰਦੇ ਹਨ :

**ਰਾਜੇ ਸੀਹ ਮੁਕਦਮ ਕੁਤੇ॥[1] ਜਾਇ ਜਗਾਇਨਿ੍ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥**
ਮ: ੧, ਪੰਨਾ ੧੨੮੮

ਵਰਿਆਮ ਸਿੰਘ ਜੀ! ਕਲਜੁਗ ਦਾ ਸਮਾਂ ਚੱਲ ਰਿਹਾ ਹੈ, ਬਹੁਤਾਤ ਵਿੱਚ ਹਰ ਮਨੁੱਖ ਜ਼ਾਇਜ ਨਜ਼ਾਇਜ ਤ੍ਰੀਕੇ ਨਾਲ ਮਾਇਆ ਇਕੱਠੀ ਕਰਨ ਦੇ ਆਹਰ ਵਿੱਚ ਲੱਗਾ ਹੋਇਆ ਹੈ। ਸੰਸਾਰ ਚਾਰ ਦਿਨ ਦੀ ਖੇਡ ਹੈ। ਸਾਰੀ ਨਜ਼ਾਇਜ ਤ੍ਰੀਕੇ ਨਾਲ ਇਕੱਤ੍ਰ ਕੀਤੀ ਮਾਇਆ ਇਸ ਸੰਸਾਰ ਵਿੱਚ ਵੀ ਵਿਕਾਰਾਂ ਨੂੰ ਜਨਮ ਦਿੰਦੀ ਹੈ ਅਤੇ ਜਦੋਂ ਇਸ ਸੰਸਾਰ ਤੋਂ ਮਨੁੱਖੀ ਆਤਮਾਂ ਅਗਲੇ ਪੰਧ ਲਈ ਤੁਰਦੀ ਹੈ ਤਾਂ ਸੰਗ੍ਰਹਿ ਕੀਤੀ ਮਾਇਆ ਭੋਰਾ ਜਿੰਨਾਂ ਵੀ ਆਤਮਾ ਦਾ ਸਾਥ ਨਹੀਂ ਨਿਭਾਉਂਦੀ। ਜੀਵ-ਆਤਮਾਂ ਨੂੰ ਇਕੱਲੇ ਹੀ ਆਪਣੇ ਕੀਤੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਭਗਤ ਕਬੀਰ ਜੀ ਦਾ ਇਸ ਅਸਲੀਅਤ ਨੂੰ ਦਰਸਾਉਂਦਾ ਸੋਰਠਿ ਰਾਗ ਅੰਦਰ ਬਚਨ ਦਰਜ ਹੈ:-

**ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥**
**ਸੁਤ ਦਾਰਾ ਪਹਿ ਆਨਿ ਲੁਟਾਵੈ।੧॥**
**ਮਨ ਮੇਰੇ ਭੂਲੇ ਕਪਟੁ ਨ ਕੀਜੈ॥**
**ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥੧॥ ਰਹਾਉ॥** ਪੰਨਾ ੬੫੬

ਜੀਵ ਆਤਮਾ ਨੂੰ ਲਹੂ ਪੀਣੇ ਦਾ ਹਿਸਾਬ-ਕਿਤਾਬ ਚੁਕਾਉਣ ਲਈ ਅਨੇਕਾਂ ਸਜਾਵਾਂ ਭੁਗਤਣੀਆਂ ਪੈਂਦੀਆਂ ਹਨ ਤੇ ਅਗਲੇਰੇ ਜਨਮ ਵਿੱਚ ਜਿਨ੍ਹਾਂ ਦਾ ਅਸੀਂ ਲਹੂ ਪੀਤਾ ਹੁੰਦਾ ਹੈ, ਫਿਰ ਉਹ ਸਾਡਾ ਲਹੂ ਪੀਣ ਦਾ ਸਬੱਬ ਬਣਦੇ ਹਨ। ਸਤਿਗੁਰੂ ਨਾਨਕ ਦੇਵ ਜੀ ਦਾ ਰਾਮਕਲੀ ਦੀ ਵਾਰ ਅੰਦਰ ਸਾਨੂੰ ਸੁਚੇਤ ਕਰਨ ਵਾਲਾ ਫੁਰਮਾਨ ਹੈ :

**ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥[2]**

1. ਕਲਜੁਗ ਦੇ ਵਿੱਚ ਰਾਜਿਆਂ ਨੇ ਪਰਜਾ ਦੀ ਰਖਵਾਲੀ ਤਾਂ ਕੀ ਕਰਨੀ ਹੈ? ਸਗੋਂ ਸ਼ੇਰਾਂ ਦਾ ਰੂਪ ਧਾਰ ਕੇ ਆਪਣੀ ਹੀ ਪਰਜਾ ਨੂੰ ਖਾਈ ਜਾਂਦੇ ਹਨ ਅਤੇ ਅਗੋਂ ਉਨ੍ਹਾਂ ਦੇ ਅਹਿਲਕਾਰਾਂ ਨੇ ਕੁੱਤਿਆਂ ਦਾ ਸੁਭਾਅ ਧਾਰਨ ਕੀਤਾ ਹੋਇਆ ਹੈ, ਜੋ ਅਰਾਮ ਨਾਲ ਵਸਦੀ ਪਰਜਾ ਨੂੰ ਵੇਲੇ-ਕੁਵੇਲੇ ਜਾ ਕੇ ਪ੍ਰੇਸ਼ਾਨ ਕਰਦੇ ਹਨ। ਉਨ੍ਹਾਂ ਤੋਂ ਛੋਟੇ ਨੌਕਰ ਪਰਜਾ ਨੂੰ ਨਹੁੰਦਰਾਂ ਮਾਰ-ਮਾਰ ਕੇ ਫੱਟੜ ਕਰਦੇ ਹਨ (ਭਾਵ ਦੁੱਖ ਦਿੰਦੇ ਹਨ)। ਇਸ ਤਰ੍ਹਾਂ ਰਾਜੇ ਤੋਂ ਲੈ ਕੇ ਅਹਿਲਕਾਰ, ਅਹਿਲਕਾਰਾਂ ਤੋਂ ਲੈ ਕੇ ਨੌਕਰਾਂ ਤੱਕ ਸਾਰੇ ਪਰਜਾ ਦਾ ਲਹੂ ਪੀਂਦੇ ਤੇ ਪਿੱਤਾ ਵੀ ਚੱਟ ਜਾਂਦੇ ਹਨ।

2. ਸਤਿਗੁਰੂ ਨਾਨਕ ਦੇਵ ਜੀ ਮਹਾਂਰਾਜ, ਸਾਨੂੰ ਸੁਚੇਤ ਕਰਨ ਹਿਤ ਫੁਰਮਾਨ ਕਰਦੇ ਹਨ ਹੇ ਮੇਰੇ ਮਨ! ਤੂੰ ਧਿਆਨ ਦੇ ਕੇ ਜਥਾਰਥ ਦੀ ਸੱਚੀ ਸਿੱਖਿਆ ਨੂੰ ਸ੍ਰਵਣ ਕਰ। ਹੇ ਜੀਵ! ਤੇਰੇ ਕੀਤੇ ਹੋਏ ਮਾੜੇ ਚੰਗੇ ਕਰਮਾਂ ਦਾ ਹਿਸਾਬ ਪ੍ਰਮਾਤਮਾ ਅਵੱਸ਼ ਲਵੇਗਾ। ਮੰਦ ਕਰਮੀ ਜੀਵ ਜਿਨ੍ਹਾਂ ਵਲ ਕਰਮਾਂ ਦਾ ☜☞...



**ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥**
**ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥**
**ਅਜਰਾਈਲੁ ਫਰੇਸਤਾ ਹੋਸੀ ਆਇ ਤਈ॥**
**ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥**
**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥** ਮ: ੧ ਪੰਨਾ ੯੫੩

ਗਰਦਾਵਰ ਸਾਹਿਬ! ਅਖੀਰ ਸੱਚ ਨੇ ਹੀ ਸਾਥ ਦੇਣਾ ਹੈ। ਸੰਸਾਰ ਵਿੱਚ ਵਿਚਰਦਿਆਂ ਸੱਤ-ਧਰਮ ਦੇ ਮਾਰਗ ਉੱਪਰ ਚੱਲਣ ਲਈ ਔਖਿਆਈ ਜਰੂਰ ਆਉਂਦੀ ਹੈ। ਪਰ ਜੇ ਮਨੁੱਖ ਸੱਚ-ਮਾਰਗ ਤੇ ਚੱਲਣ ਲਈ ਮਨ ਵਿੱਚ ਪ੍ਰਪੱਕਤਾ ਬਣਾ ਲਵੇ ਤੇ ਮਨ ਨੂੰ ਔਖ-ਸੌਖ ਸਹਾਰਨ ਲਈ ਤਿਆਰ ਕਰ ਲਵੇ, ਫਿਰ ਪਰਮਾਤਮਾ ਦੀ ਸ਼ਕਤੀ ਸੱਤ-ਮਾਰਗ ਦੇ ਪਾਂਧੀ ਦੀ ਅਵੱਸ਼ ਸਹਾਇਤਾ ਕਰਦੀ ਹੈ। ਲੋਕਾਂ ਵਿੱਚ ਵੀ ਸਮਾਂ ਪਾ ਕੇ ਉਸ ਦੀ ਇਮਾਨਦਾਰੀ ਪ੍ਰਤੀ ਚਰਚਾ ਚੱਲ ਪੈਂਦੀ ਹੈ ਤੇ ਉਸ ਇਮਾਨਦਾਰ ਕਰਿੰਦੇ ਦੀ ਸੋਅ ਅਫਸਰਾਂ ਦੇ ਕੰਨਾਂ ਤੱਕ ਵੀ ਪੁੱਜ ਜਾਂਦੀ ਹੈ। ਜਿਸ ਕਰਕੇ ਅਫਸਰ ਵੀ ਇਮਾਨਦਾਰ ਕਰਿੰਦੇ ਨੂੰ ਲੋਕਾਂ ਦਾ ਲਹੂ ਪੀਣ ਲਈ ਮਜਬੂਰ ਕਰਨੋਂ ਹਟ ਜਾਂਦੇ ਹਨ। ਵਰਿਆਮ ਸਿੰਘ ਜੀ! ਜੀਵਨ ਜੀਉਣ ਦੇ ਦੋ ਰਸਤੇ ਹਨ। ਇੱਕ ਰਸਤਾ ਹੈ ਮਨ ਦਾ, ਜੋ ਮਨ ਕਰਨਾ ਚਾਹੁੰਦਾ ਹੈ, ਮਨ ਦੇ ਪਿੱਛੇ ਲੱਗ ਕੇ ਤੁਰੀ ਚਲੋ। ਪਰ ਯਾਦ ਰੱਖਣਾ ! ਮਨ ਉੱਪਰ ਮਾਇਆ ਦਾ ਪ੍ਰਭਾਵ ਹਾਵੀ ਹੈ। ਮਾਇਆ ਦੇ ਪ੍ਰਭਾਵ ਕਾਰਨ ਮਨ ਦੀ ਸੋਚਣੀ ਠੀਕ ਨਹੀਂ। ਮਨ ਸਭ ਕੁਝ ਜਾਣਦਾ ਬੁੱਝਦਾ, ਸਮਝਦਾ ਹੋਇਆ, ਮਾਇਆ ਦੇ ਪ੍ਰਭਾਵ ਅਧੀਨ, "**ਹਾਥਿ ਦੀਪੁ ਕੂਏ ਪਰੈ॥**" ਦੀ ਕਾਰ ਕਰਵਾ ਦਿੰਦਾ ਹੈ। ਖੂਹ ਵਿੱਚ ਡਿਗੇ ਬੰਦੇ ਨੂੰ ਖੁਸ਼ੀ, ਅਨੰਦ ਕਿਵੇਂ ਪ੍ਰਾਪਤ ਹੋ ਸਕਦਾ ਹੈ? ਭਗਤ ਕਬੀਰ ਜੀ ਦਾ ਸਲੋਕਾਂ ਦੀ ਬਾਣੀ ਦੇ ਅੰਦਰ ਫੁਰਮਾਨ ਹੈ :

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥[1]**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥ ੨੧੬॥**
ਕਬੀਰ ਜੀ, ਪੰਨਾ ੧੩੭੬

☜☞... ਬਕਾਇਆ ਰਹਿੰਦਾ ਹੋਵੇਗਾ, ਉਨ੍ਹਾਂ ਨੂੰ ਸਜਾ ਭੁਗਤਾਉਣ ਲਈ ਪ੍ਰਭੂ-ਦਰਗਾਹ ਵਿੱਚ ਉਨ੍ਹਾਂ ਨੂੰ ਅਵਾਜ਼ਾਂ ਪੈਣਗੀਆਂ। ਮੌਤ ਦਾ ਫਰਿਸ਼ਤਾ (ਅਜ਼ਰਾਈਲ) ਉਨ੍ਹਾਂ ਨੂੰ ਸਜ਼ਾ ਭੁਗਤਾਉਣ ਲਈ ਆ ਖੜੋਵੇਗਾ। ਜੀਵ ਆਤਮਾ ਨੂੰ ਅੱਤ ਤੰਗ ਗਲੀਆਂ ਵਿੱਚ ਸਜ਼ਾ ਹਿਤ ਫਸਾਇਆ ਜਾਵੇਗਾ, ਜਿਥੋਂ ਨਿਕਲਣ ਦਾ ਕੋਈ ਰਸਤਾ ਜੀਵ ਆਤਮਾ ਨੂੰ ਨਹੀਂ ਸੁਝੇਗਾ। ਆਖਰ ਸਤਿਗੁਰੂ ਜੀ ਨਿਰਣਾ ਕਰਦੇ ਫੁਰਮਾਉਂਦੇ ਹਨ ਕਿ ਕੂੜ ਦਾ ਅੰਤ ਅਵੱਸ਼ ਹੋਵੇਗਾ। ਸੱਚ ਦੀ ਆਖਰ ਨੂੰ ਜਿੱਤ ਤੇ ਜੈ ਜੈਕਾਰ ਹੋਵੇਗੀ।

1. ਭਗਤ ਕਬੀਰ ਜੀ, ਸਲੋਕਾਂ ਦੀ ਬਾਣੀ ਅੰਦਰ ਫੁਰਮਾਨ ਕਰਦੇ ਹਨ ਕਿ ਮਨ ਨੂੰ ਸਭ ਕੁਝ ਪਤਾ ਹੈ ਕਿ ਕਿਹੜਾ ਕਰਮ ਮਾੜਾ ਹੈ, ਕਿਹੜਾ ਚੰਗਾ ਹੈ। ਪਰ ਮਨ ਉੱਪਰ ਮਾਇਆ ਦਾ ਪ੍ਰਭਾਵ ਪੈਣ ਕਰਕੇ ਜਾਣਦਾ ਬੁੱਝਦਾ ਮਾੜੇ ਕਰਮ ਕਰਦਾ ਹੈ। ਹੱਥ ਵਿੱਚ ਦੀਵਾ ਲੈ ਕੇ ਜੋ ਮਨੁੱਖ ਖੂਹ ਵਿੱਚ ਡਿਗਦਾ ਹੈ, ਉਸ ਨੂੰ ਸੁੱਖ ਤੇ ਖੁਸ਼ੀ ਕਿਵੇਂ ਪ੍ਰਾਪਤ ਹੋ ਸਕਦੀ ਹੈ? ਭਾਵ ਕਦੇ ਵੀ ਨਹੀਂ ਹੋ ਸਕਦੀ।

ਯਾਦ ਰਖੋ! "**ਹਾਥਿ ਦੀਪੁ ਕੂਏ ਪਰੈ**" ਦੀ ਕਾਰ ਕਰਨ ਵਾਲਾ ਮਨੁੱਖ ਆਪਣੇ ਜੀਵਨ ਦੀ ਬਾਜ਼ੀ ਨੂੰ ਹਾਰ ਕੇ ਇਸ ਸੰਸਾਰ ਤੋਂ ਪਛਤਾਉਂਦਾ ਤੁਰ ਜਾਂਦਾ ਹੈ। ਭਗਤ ਕਬੀਰ ਜੀ ਫੁਰਮਾਨ ਕਰਦੇ ਹਨ ਕਿ ਵੇਖੋ! ਰਾਵਣ ਨਾਲੋਂ ਵੱਧ ਮਾਇਆ ਤਾਂ ਸ਼ਾਇਦ ਕਿਸੇ ਪਾਸ ਨਾ ਹੋਵੇ, ਸਾਰੀ ਲੰਕਾ ਸੋਨੇ ਦੀ ਸੀ। ਸਾਰੀ ਉਮਰ ਉਹ ਧਨ ਹੀ ਇੱਕਠਾ ਕਰਦਾ ਰਿਹਾ। ਅਖੀਰ ਮਨ ਦੇ ਪਿੱਛੇ ਲੱਗ ਕੇ ਰਾਵਣ ਨੇ ਸਾਧੂ ਦਾ ਭੇਖ ਬਣਾ ਕੇ ਸੀਤਾ ਨੂੰ ਹਰਨ ਦਾ ਦਗਾ ਕੀਤਾ, ਅੱਜ ਤੱਕ ਲੋਕ ਉਸ ਨੂੰ ਮੂਰਖ ਰਾਵਣ ਦੇ ਨਾਉਂ ਨਾਲ ਚਿਤਾਰਦੇ ਹਨ। ਸਾਰਾ ਸੋਨਾ, ਧਨ ਪਦਾਰਥ, ਇੱਥੇ ਹੀ ਛੱਡ ਕੇ ਚਲਾ ਗਿਆ। ਇੱਕ ਸੂਈ ਜਿੰਨਾ ਪਦਾਰਥ ਵੀ ਨਾਲ ਨਹੀਂ ਗਿਆ ਅਤੇ ਨਾ ਹੀ ਮਾਇਆ ਨੇ ਰਾਵਣ ਦੇ ਕਲੰਕ ਨੂੰ ਧੋਤਾ ਹੈ। ਉਹ ਕਲੰਕ ਜਦ ਤੱਕ ਸੰਸਾਰ ਰਹਿਣਾ ਹੈ ਤਦ ਤੱਕ ਰਾਵਣ ਦੇ ਨਾਉਂ ਨਾਲ ਕਪਾਲੀ ਬਣ ਕੇ ਚੰਮੜਿਆ ਰਹਿਣਾ ਹੈ। ਭਗਤ ਕਬੀਰ ਜੀ ਦਾ ਭੈਰਉ ਰਾਗ ਅੰਦਰ ਫੁਰਮਾਨ ਹੈ-

**ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥੩॥**
**ਕਹਿ ਕਬੀਰ ਕਿਛੁ ਗੁਨੁ ਬੀਚਾਰਿ॥ਚਲੇ ਜੁਆਰੀ ਦੁਇ ਹਥ ਝਾਰਿ॥੪॥**

ਪੰਨਾ ੧੧੫੮

ਭਗਤ ਜੀ ਫੁਰਮਾਉਂਦੇ ਹਨ ਕਿ ਜੇ ਜੀਵਨ ਦੀ ਬਾਜ਼ੀ ਜਿੱਤਣੀ ਹੈ ਤਾਂ ਲੋਕਾਂ ਦਾ ਲਹੂ ਪੀਣ ਦੀ ਥਾਂ ਕੁਝ ਪਰਉਪਕਾਰ ਦੇ ਕਾਰਜ ਕਰ। ਕੁਝ ਚੰਗੇ ਗੁਣਾਂ ਦਾ ਧਾਰਨੀ ਬਣ। ਸੱਚ ਧਰਮ ਤੇ ਪਰਉਪਕਾਰ ਦੇ ਮਾਰਗ ਤੇ ਨਾ ਚਲੇਂਗਾ ਤਾਂ ਹਾਰੇ ਹੋਏ ਜੁਆਰੀਏ ਵਾਂਗ ਇਸ ਸੰਸਾਰ ਵਿੱਚੋਂ ਖਾਲ੍ਹੀ ਹੱਥ ਪਛਤਾਉਂਦਾ ਤੁਰ ਜਾਵੇਂਗਾ। ਸਤਿਗੁਰੂ ਅਮਰਦਾਸ ਜੀ ਦਾ ਵੀ ਬੜਾ ਪਿਆਰਾ ਬਚਨ ਸੋਰਠਿ ਰਾਗ ਅੰਦਰ ਅੰਕਿਤ ਹੈ। ਆਪ ਫੁਰਮਾਨ ਕਰਦੇ ਹਨ-

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥**
**ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ॥੧॥**

ਮ: ੩, ਪੰਨਾ ੬੦੧

ਜੇ ਜੀਵਨ ਦੀ ਬਾਜ਼ੀ ਜਿੱਤਣੀ ਹੈ। ਜੇ ਗੁਰੂ ਦੇ ਸਿੱਖ ਬਣਨਾ ਹੈ। ਜੇ ਗੁਰੂ ਦੇ ਸਕੇ ਭਰਾ ਬਣ ਕੇ ਗੁਰੂ ਨਾਲ ਸੱਚਾ ਰਿਸ਼ਤਾ-ਨਾਤਾ ਬਨਾਉਣਾ ਹੈ, ਫਿਰ ਤਾਂ ਗੁਰੂ ਹੁਕਮ ਵਿੱਚ ਚੱਲਣ ਦੀ ਕੁਰਬਾਨੀ ਕਰਨੀ ਹੀ ਪੈਣੀ ਹੈ। ਜੇ ਗੁਰੂ ਤੋਂ ਵਿੱਛੜ ਕੇ ਦੁੱਖਾਂ ਦੀਆਂ ਚੋਟਾਂ ਸਹਾਰਨੀਆਂ ਹਨ ਤੇ ਦੁੱਖਾਂ ਭਰਿਆ ਜੀਵਨ ਬਤੀਤ ਕਰਨਾ ਹੈ ਤਾਂ ਫਿਰ ਜੋ ਮਨ ਭਾਉਂਦਾ ਹੈ ਕਰੀ ਚਲੋ। ਪਰ ਯਾਦ ਰੱਖੋ! ਮਨ ਦੇ ਨਿਰਧਾਰਤ ਰਸਤੇ ਉੱਪਰ ਚੱਲਣ ਨਾਲ ਕਦੇ ਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ ਤੇ ਪਛਤਾਵੇ ਦਾ ਸੱਲ ਹੀ ਪੱਲੇ ਪੈਂਦਾ ਹੈ।



ਗਰਦਾਵਰ ਸਾਹਿਬ! ਸ਼ਾਇਦ ਸੰਸਾਰ ਵਿੱਚ ਕੋਈ ਮਨੁੱਖ ਵੀ ਦੁੱਖਾਂ ਭਰਿਆ ਤੇ ਪਛਤਾਵੇ ਵਾਲਾ ਜੀਵਨ ਜਿਊਣ ਲਈ ਤਿਆਰ ਨਹੀਂ ਹੁੰਦਾ ਹੋਵੇਗਾ। ਹਰ ਮਨੁੱਖ ਸੁੱਖ ਦੀ ਲਾਲਸਾ ਰੱਖ ਕੇ ਜੀਵਨ ਜਿਉਂਦਾ ਹੈ ਤੇ ਸੁੱਖ ਦੀ ਪ੍ਰਾਪਤੀ ਲਈ ਦਿਨ ਰਾਤ ਯਤਨ ਕਰਦਾ ਹੈ। ਸੁੱਖ ਪ੍ਰਾਪਤ ਕਰਨ ਤੇ ਜੀਵਨ ਦੀ ਬਾਜ਼ੀ ਜਿੱਤਣ ਲਈ ਗੁਰੂ ਦਰਸਾਏ ਅਸੂਲਾਂ ਤੇ ਚੱਲਣਾ ਹੀ ਪਵੇਗਾ।

ਵਰਿਆਮ ਸਿੰਘ ਜੀ! ਜੇ ਅਫਸਰਾਂ ਦਾ ਢਿੱਡ ਨਾ ਭਰਿਆ, ਵੱਧ ਤੋਂ ਵੱਧ ਉਹ ਤੁਹਾਡੀ ਬਦਲੀ ਹੀ ਕਰ ਦੇਣਗੇ, ਨੌਕਰੀ ਜਾਂ ਤੁਹਾਡੀ ਪ੍ਰਾਲਬਧ ਤਾਂ ਖੋਹਣੋਂ ਰਹੇ। ਜਿੱਥੇ ਬਦਲੀ ਹੋ ਗਈ, ਗੁਰੂ ਹੁਕਮ ਵਿੱਚ ਆਪਣੀ ਮਰਜ਼ੀ ਰਲਾ ਕੇ ਉਸ ਜਗ੍ਹਾ ਆਪਣੀ ਕ੍ਰਿਤ ਦੀ ਚੋਗ ਚੁਗਣ ਦਾ ਮਨ ਬਣਾ ਲਵੋ। ਜੇ ਤੁਸੀਂ ਮਨ ਵਿੱਚ ਅਸੂਲ ਪ੍ਰਸਤੀ ਦੀ ਦ੍ਰਿੜ੍ਹਤਾ ਬਣਾ ਲਈ ਤਾਂ ਗੁਰੂ ਪਾਤਸ਼ਾਹ ਜ਼ਰੂਰ ਸਹਾਇਤਾ ਕਰਨਗੇ। ਕਈ ਵਾਰੀ ਇੱਕ ਦੇ ਪਿੱਛੇ ਅਨੇਕਾਂ ਦਾ ਭਲਾ ਛੁਪਿਆ ਹੁੰਦਾ ਹੈ, ਜਿਸ ਦਾ ਕਿ ਸਾਨੂੰ ਪਤਾ ਨਹੀਂ ਹੁੰਦਾ। ਜੇ ਲੋਕ ਪ੍ਰਲੋਕ ਸੰਵਾਰਨੇ ਹਨ, ਤਦ ਤਕੜੇ ਹੋ ਕੇ ਲੋਕਾਂ ਦਾ ਲਹੂ ਪੀਣਾ ਛੱਡੋ ਤੇ ਗੁਰੂ ਕੀ ਬਾਣੀ ਦਾ ਅੰਮ੍ਰਿਤ ਆਪ ਪੀਵੋ ਤੇ ਗੁਰੂ ਦੀ ਸਿਖਿਆ ਲੋਕਾਂ ਨੂੰ ਵੰਡੋ, ਫਿਰ ਲੋਕ ਵੀ ਸੁਖੀ ਪ੍ਰਲੋਕ ਵੀ ਸੁਹੇਲੇ ਹੋ ਜਾਣਗੇ। ਸਤਿਗੁਰੂ ਤਾਂ ਚਾਹੁੰਦੇ ਹਨ ਕਿ ਚੰਗੇ ਬੰਦੇ ਥਾਂ ਥਾਂ ਵਿਚਰ ਕੇ ਆਪਣੇ ਜੀਵਨ ਦੀ ਸੁਗੰਧੀ ਲੋਕਾਂ ਨੂੰ ਵੰਡਣ ਤੇ ਚੰਗਿਆਈ ਦਾ ਪ੍ਰਚਾਰ ਕਰਨ। ਆਪ ਦੁਬਿਧਾ ਦਾ ਤਿਆਗ ਕਰੋ, ਸਾਲ ਛੇ ਮਹੀਨੇ ਤਜਰਬਾ ਕਰ ਵੇਖੋ, ਤੁਹਾਨੂੰ ਆਪੇ:- **ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥** ਦੀ ਸਚਾਈ ਸਾਮਰਤਖ ਹੋ ਜਾਵੇਗੀ।

### *ਬਾਬਾ ਜੀ ਨੇ ਸਾਖੀ ਸੁਣਾਈ*

ਬਾਬਾ ਜੀ ਨੇ ਜਨਮ ਸਾਖੀ ਵਿੱਚੋਂ ਇੱਕ ਸਾਖੀ ਵੀ ਅਸਾਂ ਤਿੰਨਾਂ ਨੂੰ ਸੁਣਾਈ। ਸਤਿਗੁਰੂ ਨਾਨਕ ਦੇਵ ਜੀ ਮਰਦਾਨੇ ਸਮੇਤ, ਜਗਤ ਜਲੰਦੇ ਨੂੰ ਤਾਰਦੇ ਇੱਕ ਨਗਰ ਵਿੱਚ ਪੁੱਜੇ। ਨਗਰ ਦੇ ਕਿਸੇ ਬੰਦੇ ਨੇ ਵੀ ਸਿੱਧੇ ਮੂੰਹ ਨਾ ਬੁਲਾਇਆ, ਰੋਟੀ-ਪਾਣੀ ਜਾਂ ਰਾਤ ਰਹਿਣ ਲਈ ਪੁੱਛਣਾ ਤਾਂ ਦੂਰ ਦੀ ਗੱਲ ਸੀ, ਸਗੋਂ ਉਥੋਂ ਦੇ ਲੋਕ ਤੇ ਬੱਚੇ ਸਤਿਗੁਰਾਂ ਤੇ ਮਰਦਾਨੇ ਨੂੰ ਮਖੌਲ ਕਰਦੇ ਰਹੇ। ਆਪ ਜੀ ਨੇ ਪਰਮਾਤਮਾ ਦੀ ਸਿਫਤ ਸਲਾਹ ਕਰਦਿਆਂ ਭੁੱਖੇ-ਭਾਣੇ ਸਾਰੀ ਰਾਤ ਨੀਲੇ ਅਸਮਾਨ ਦੀ ਛੱਤ ਹੇਠ ਗੁਜਾਰੀ। ਦਿਨ ਚੜ੍ਹਿਆ, ਪ੍ਰਮਾਤਮਾ ਦੀ ਸਿਫਤ ਸਲਾਹ ਦੇ ਸੋਹਿਲੇ, ਬਾਬਾ ਗੁਰੂ ਨਾਨਕ ਪਾਤਸ਼ਾਹ ਜੀ ਤੇ ਮਰਦਾਨੇ ਨੇ ਗਾਏ ਤੇ ਅਗਾਂਹ ਚੱਲਣ ਦੀ ਤਿਆਰੀ ਕੀਤੀ, ਕੁਝ ਤਮਾਸ਼ਬੀਨ ਵੀ ਸਤਿਗੁਰਾਂ ਦੀ ਵਿਦਾਇਗੀ ਵੇਲੇ ਇਕੱਠੇ ਹੋ ਗਏ। ਸਤਿਗੁਰਾਂ ਉਨ੍ਹਾਂ ਨੂੰ ਸੰਬੋਧਨ ਕਰਕੇ ਅਸ਼ੀਰਵਾਦ ਦਿੱਤੀ "**ਭਾਈ! ਵਸਦੇ ਰਹੋ।**"

ਸਤਿਗੁਰ ਜੀ ਤੇ ਮਰਦਾਨਾ ਜੀ, ਰਮਦੇ-ਰਮਦੇ ਤੀਸਰੇ ਕੁ ਦਿਨ, ਇੱਕ ਹੋਰ

ਨਗਰ ਵਿੱਚ ਪੁੱਜੇ। ਉਨ੍ਹਾਂ ਨਗਰ ਵਾਲਿਆਂ ਸਤਿਗੁਰਾਂ ਦੀ ਬੜੀ ਆਉ-ਭਗਤ ਕੀਤੀ, ਪ੍ਰਸ਼ਾਦਾ-ਪਾਣੀ ਬੜੇ ਪ੍ਰੇਮ ਨਾਲ ਛਕਾਇਆ ਤੇ ਸਤਿਗੁਰਾਂ ਦੀ ਸੰਗਤ ਵਿੱਚੋਂ ਲਾਹਾ ਪ੍ਰਾਪਤ ਕੀਤਾ ਤੇ ਆਪਣੇ ਘਰਾਂ ਵਿੱਚ ਟਿਕਾਣਾ ਕਰਵਾਇਆ। ਸਤਿਗੁਰ ਜੀ, ਜਦੋਂ ਉਸ ਨਗਰ ਤੋਂ ਰਵਾਨਾ ਹੋਣ ਲੱਗੇ, ਸਾਰਾ ਨਗਰ ਸਤਿਗੁਰਾਂ ਨੂੰ ਤੋਰਨ ਵਾਸਤੇ ਆਇਆ ਤੇ ਭੁੱਲ-ਚੁੱਕ ਦੀ ਖਿਮਾ ਮੰਗੀ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਨਗਰ ਦੇ ਲੋਕਾਂ ਨੂੰ ਸੰਬੋਧਨ ਕਰਕੇ ਬਚਨ ਕੀਤਾ "**ਭਲਿਓ! ਉੱਜੜ ਜਾਵੋ**" ਇਹ ਅਨੋਖਾ ਬਚਨ ਕਹਿ ਕੇ ਆਪ ਅਗਲੇ ਪੜਾ ਲਈ ਰਮਦੇ ਹੋਏ।

ਰਸਤੇ ਤੁਰੇ ਜਾਂਦਿਆਂ ਮਰਦਾਨੇ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ, ਪਾਤਸ਼ਾਹ! ਆਪ ਨੇ ਚੰਗਾ ਨਿਆਂ ਕੀਤਾ। ਜਿਨ੍ਹਾਂ ਲੋਕਾਂ ਨੇ ਟਿੱਚਰਾਂ ਮਖੌਲ ਕੀਤੇ, ਘੁੱਟ ਪਾਣੀ ਦਾ ਪੀਣ ਲਈ ਨਾ ਦਿੱਤਾ, ਰਾਤ ਨੀਲੇ ਅਸਮਾਨ ਹੇਠ ਅਸਾਂ ਕੱਟੀ, ਉਨ੍ਹਾਂ ਨੂੰ ਤੁਸੀਂ "**ਵਸਦੇ ਰਹੋ**" ਕਹਿ ਕੇ ਨਿਵਾਜ਼ਿਆ। ਜਿਨ੍ਹਾਂ ਭਲੇ ਪੁਰਸ਼ਾਂ ਨੇ ਆਦਰ ਮਾਣ ਸਤਿਕਾਰ ਦਿੱਤਾ, ਪ੍ਰੇਮ ਨਾਲ ਪ੍ਰਸ਼ਾਦਾ ਛਕਾਇਆ, ਬੜੇ ਭਾਉ ਨਾਲ ਬਿਸਰਾਮ ਕਰਵਾਇਆ ਤੇ ਸਾਰਾ ਨਗਰ ਸਤਿਕਾਰ ਨਾਲ ਤੋਰਨ ਆਇਆ, ਉਨ੍ਹਾਂ ਨੂੰ ਤੁਸੀਂ "**ਉਜੜ ਜਾਓ**" ਕਹਿ ਕੇ ਸਰਾਪ ਦੇ ਦਿੱਤਾ। ਇਹ ਅਨੋਖਾ ਨਿਆਂ ਮੇਰੀ ਸਮਝ ਵਿੱਚ ਨਹੀਂ ਆਇਆ।

ਸਤਿਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਮਰਦਾਨਿਆ! ਉਹ ਟਿੱਚਰਾਂ ਮਖੌਲ ਕਰਨ ਵਾਲੇ ਤੇ ਆਏ ਗਏ ਰਾਹਗੀਰ ਨੂੰ ਰੋਟੀ-ਪਾਣੀ ਵੀ ਨਾ ਪੁੱਛਣ ਵਾਲੇ ਮਾੜੇ ਬੰਦੇ, ਇੱਕ ਥਾਂ ਟਿਕੇ ਹੀ ਰਹਿਣ ਤਾਂ ਠੀਕ ਹਨ। ਜਦੋਂ ਉਹ ਉੱਜੜ ਕੇ ਜਿਸ ਜਿਸ ਥਾਂ ਵੀ ਜਾ ਵਸਣਗੇ, ਉੱਥੇ ਉੱਥੇ ਵੀ ਉਹ ਆਪਣੇ ਵਰਗੇ ਅਨੇਕਾਂ ਮਾੜੇ ਬੰਦੇ ਪੈਦਾ ਕਰਨ ਦਾ ਸਬੱਬ ਬਣਨਗੇ। ਬਦੀ ਤੇ ਬਦਖੋਰੀ ਕਰਨ ਵਾਲੇ ਇੱਕ ਥਾਂ ਟਿਕੇ ਹੀ ਠੀਕ ਹਨ। ਇਹ ਭਲੇ ਬੰਦੇ, ਜਿਨ੍ਹਾਂ ਨੇ ਸਾਡੀ ਆਉ ਭਗਤ ਕੀਤੀ, ਰੋਟੀ ਪਾਣੀ ਬੜੇ ਪਿਆਰ ਨਾਲ ਛਕਾਇਆ ਤੇ ਘਰਾਂ ਵਿੱਚ ਬਿਸਰਾਮ ਦਿੱਤਾ, ਬੜੇ ਭਾਉ ਨਾਲ ਜਿਨ੍ਹਾਂ ਵਿਦਾਇਗੀ ਦਿੱਤੀ, ਅਜਿਹੇ ਨੇਕ ਬੰਦੇ ਇੱਕ ਥਾਂ ਨਹੀਂ ਰਹਿਣੇ ਚਾਹੀਦੇ। ਇਹ ਉੱਜੜ ਕੇ ਜਿਸ ਜਿਸ ਨਗਰ ਵੀ ਵਸੇਵਾ ਕਰਨਗੇ ਉਥੇ ਨੇਕੀ ਤੇ ਪਰਉਪਕਾਰ ਦਾ ਪ੍ਰਚਾਰ ਕਰਨਗੇ। ਇਨ੍ਹਾਂ ਭਲੇ ਬੰਦਿਆਂ ਦੀ ਸੰਗਤ ਕਰਨ ਨਾਲ ਅਨੇਕਾਂ ਦਾ ਭਲਾ ਹੋਵੇਗਾ।

ਸੋ ਮਰਦਾਨਿਆ! ਇਨ੍ਹਾਂ ਨੂੰ ਸਰਾਪ ਨਹੀਂ ਦਿੱਤਾ, ਇਨ੍ਹਾਂ ਦੇ ਜਿੰਮੇਂ ਨੇਕੀ ਪਰਉਪਕਾਰ ਦਾ ਪ੍ਰਚਾਰ ਸੌਂਪਿਆ ਹੈ। ਮਰਦਾਨੇ ਨੇ ਸਤਿਗੁਰਾਂ ਦੇ ਬਚਨ ਸ੍ਰਵਣ ਕਰਕੇ ਉੱਤਰ ਦਿੱਤਾ, ਦਾਤਿਆ! ਮੈਂ ਬਲਿਹਾਰ ਜਾਂਦਾ ਹਾਂ ਤੁਹਾਡੀ ਸੋਚ ਤੋਂ, ਮੈਂ ਨਿਮਾਣੇ ਦੀ ਸੋਚਣੀ ਬਹੁਤ ਹੇਠਲੇ ਤਲ ਦੀ ਹੈ। ਸੁਬਹਾਨ ਤੇਰੀ ਦੀਰਘ ਦ੍ਰਿਸ਼ਟੀ ਤੋਂ।



ਸੋ ਗਰਦਾਵਰ ਸਾਹਿਬ! ਤਕੜੇ ਹੋਵੋ, ਮਨ ਚੋਂ ਦੁਬਿਧਾ ਦਾ ਤਿਆਗ ਕਰ ਕੇ ਸੱਚ ਮਾਰਗ ਤੇ ਚੱਲ ਕੇ ਵੇਖੋ।

### *ਗਰਦਾਵਰ ਸਾਹਿਬ ਨੇ ਬਾਬਾ ਜੀ ਦਾ ਬਚਨ ਮੰਨਣਾ*

ਗਰਦਾਵਰ ਵਰਿਆਮ ਸਿੰਘ ਨੇ ਬਾਬਾ ਜੀ ਦੇ ਬਚਨ ਸੁਣ ਕੇ ਸਿਰ ਝੁਕਾਇਆ ਤੇ ਬਚਨ ਕੀਤਾ ਕਿ ਤੁਸੀਂ ਮੇਰੇ ਲਈ ਗੁਰੂ ਚਰਨਾਂ ਵਿੱਚ ਅਰਦਾਸ ਕਰੋ। ਅੱਜ ਤੋਂ ਮੈਂ ਚਾਹ ਜਰੂਰ ਪੀ ਲਿਆ ਕਰਾਂਗਾ ਪਰ ਕਿਸੇ ਦਾ ਲਹੂ ਨਹੀਂ ਪੀਵਾਂਗਾ। ਬਾਬਾ ਜੀ ਨੇ ਸੰਗਤੀ ਰੂਪ ਵਿੱਚ ਬੇਨਤੀ ਚੌਪਈ ਦਾ ਪਾਠ ਕਰਵਾ ਕੇ ਸ: ਵਰਿਆਮ ਸਿੰਘ ਦੀ ਚੜ੍ਹਦੀ ਕਲਾ ਲਈ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ।

ਸਮਾਂ ਲੰਘਦਾ ਗਿਆ, ਮੌਕੇ ਦੇ ਅਫਸਰਾਂ ਨੇ ਇੱਕ ਦੋ ਥਾਂ ਬਦਲੀ ਵੀ ਕੀਤੀ, ਪਰ ਸ: ਵਰਿਆਮ ਸਿੰਘ ਹੋਰੀਂ ਆਪਣੇ ਦਿੱਤੇ ਬਚਨ ਤੇ ਕਾਇਮ ਰਹੇ। ਸਾਲ, ਸਵਾ ਸਾਲ ਦੇ ਅਰਸੇ ਪਿਛੋਂ, ਉਨ੍ਹਾਂ ਗੁਰੂ ਮਹਾਰਾਜ ਜੀ ਦਾ ਅੰਮ੍ਰਿਤ ਵੀ ਛੱਕ ਲਿਆ ਤੇ ਇੱਕ ਪੂਰਨ ਗੁਰਸਿੱਖ ਦਾ ਨਮੂਨਾ ਬਣ ਕੇ, ਤਹਿਸੀਲਦਾਰ ਦੀ ਅਸਾਮੀ ਤੋਂ ਰਿਟਾਇਰ ਹੋਏ ਤੇ ਉਨ੍ਹਾਂ ਦੀ ਸੰਗਤ ਅਤੇ ਕਰਣੀ ਵੇਖ ਕੇ ਅਨੇਕਾਂ ਪ੍ਰਾਣੀਆਂ ਦੇ ਜੀਵਨ ਵਿੱਚ ਤਬਦੀਲੀ ਆਈ। ਅਕਸਰ ਸ: ਵਰਿਆਮ ਸਿੰਘ ਬਾਬਾ ਜੀ ਦੀ ਸੰਗਤ ਵਿੱਚ ਆਉਂਦੇ ਰਹੇ ਤੇ ਕਈ ਡੋਲਦੇ ਥਿੜਕਦੇ ਮੁਲਾਜਮਾਂ ਨੂੰ ਆਪਣੀ ਜੀਵਨ ਗਾਥਾ ਸੁਣਾ ਕੇ ਪਰਾਇਆ ਹਕ ਖਾਣ ਤੋਂ ਬਚਾਉਣ ਦਾ ਵਸੀਲਾ ਬਣੇ।

# ਪੰਥ ਦੀ ਢਹਿੰਦੀ ਕਲਾ ਕਿਸ ਨੇ ਕੀਤੀ?

ਗਰਮੀਆਂ ਦੇ ਦਿਨ ਸਨ। ਬਾਬਾ ਜੀ ਸੜਕ ਉੱਪਰ ਸੈਰ ਕਰਨ ਲਈ ਨਿਕਲੇ ਪਰ ਧੁੱਪ ਕਾਫੀ ਤੇਜ ਸੀ। ਬਾਬਾ ਜੀ ਸਿੰਘਾਂ ਨੂੰ ਕਹਿਣ ਲੱਗੇ ਕਿ ਥੋੜ੍ਹਾ ਸਮਾਂ ਹੋਰ [1]ਜਾਮਣ ਦੀ ਛਾਵੇਂ ਬੈਠ ਜਾਈਏ ਤਾਂ ਜੋ ਸੂਰਜ ਥੋੜ੍ਹਾ ਹੋਰ ਹੇਠਾਂ ਹੋ ਜਾਵੇ। ਜਾਮਣ ਦੀ ਛਾਂਵੇਂ ਬੈਠ ਕੇ ਸੱਤੇ-ਬਲਵੰਡ ਦੀ ਵਾਰ ਦਾ ਪਾਠ ਕੀਤਾ। ਇੰਨੇ ਨੂੰ ਤਿੰਨ-ਚਾਰ ਖੁੱਲ੍ਹੇ ਦਾਹੜੇ ਤੇ ਨੀਲੀਆਂ ਪੱਗਾਂ ਵਾਲੇ ਸਿੰਘ, ਜੋ ਉਸ ਰਸਤੇ ਤੁਰੇ ਜਾ ਰਹੇ ਸਨ, ਉਹ ਵੀ ਬਾਬਾ ਜੀ ਨੂੰ ਗੁਰ ਫਤਹਿ ਦੀ ਸਾਂਝ ਕਰਕੇ ਕੋਲ ਬੈਠ ਗਏ। ਬਾਬਾ ਜੀ ਨੇ ਜਲ-ਪਾਣੀ ਦਾ ਪੁੱਛਿਆ? ਪਰ ਉਨ੍ਹਾਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਅਸੀਂ ਇਸ ਰਸਤੇ ਤੁਰੇ ਜਾਂਦੇ ਸਾਂ, ਆਪ ਨੂੰ ਛਾਵੇਂ ਬੈਠੇ ਦੇਖ ਕੇ ਮਨ ਵਿੱਚ ਆਇਆ ਚਲੋ! ਨਾਲੇ ਆਪ ਦੇ ਦਰਸ਼ਨ ਕਰ ਲੈਂਦੇ ਹਾਂ ਅਤੇ ਨਾਲੇ ਇੱਕ ਦੋ ਬਚਨਾਂ ਦੀ ਸਾਂਝ ਕਰ ਲੈਂਦੇ ਹਾਂ। ਬਾਬਾ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਆਪ ਨੇ ਦਰਸ਼ਨ ਦਿੱਤੇ ਬੜੀ ਪ੍ਰਸੰਨਤਾ ਹੋਈ।

### *ਨਵੇਂ ਆਏ ਸੱਜਣਾਂ ਨੇ ਪੰਥ ਪ੍ਰਤੀ ਚਿੰਤਾ ਪ੍ਰਗਟ ਕੀਤੀ*

ਨਵੇਂ ਆਏ ਸੱਜਣਾਂ ਨੇ ਖਾਲਸਾ ਪੰਥ ਪ੍ਰਥਾਇ ਬੜੀ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਬਾਬਾ ਜੀ, ਦੇਖੋ! ਖਾਲਸਾ ਪੰਥ ਦਿਨੋ ਦਿਨ ਢਹਿੰਦੀ ਕਲਾ ਵਿੱਚ ਜਾ ਰਿਹਾ ਹੈ। ਅੰਮ੍ਰਿਤ ਛੱਕਣ ਨੂੰ ਕੋਈ ਤਿਆਰ ਨਹੀਂ ਹੁੰਦਾ। ਜਿਨ੍ਹਾਂ ਛੱਕਿਆ ਹੈ ਉਹ ਵੀ ਨਿੱਤਨੇਮ ਨਹੀਂ ਕਰਦੇ। ਦੇਖਾ ਦੇਖੀ ਜ਼ਮੀਨਾਂ ਵੇਚ ਕੇ ਦਾਜ-ਦਹੇਜ ਦਾ ਦੰਡ ਭਰ ਰਹੇ ਹਨ। ਨੌਜਵਾਨ ਸਿੱਖ ਲੜਕੇ ਨਸ਼ਿਆਂ ਦੇ ਵਹਿਣ ਵਿੱਚ ਰੁੜ੍ਹੇ ਜਾ ਰਹੇ ਹਨ। ਪੰਥ ਦਾ ਕੀ ਬਣੇਗਾ? ਇਸ ਤਰ੍ਹਾਂ ਗੱਲ ਚਲਦੀ ਰਹੀ ਤਾਂ ਇੱਕ ਦਿਨ ਸਿੱਖੀ ਅਲੋਪ ਹੋ ਜਾਏਗੀ, ਇਤਿਆਦਿਕ ਕਮਜ਼ੋਰੀਆਂ ਜੋ ਕੌਮ ਅੰਦਰ ਵਾਪਰ ਰਹੀਆਂ ਹਨ, ਉਨ੍ਹਾਂ ਦਾ ਪ੍ਰਗਟਾਵਾ ਉਨ੍ਹਾਂ ਗੁਰਮੁਖ ਪਿਆਰਿਆਂ ਨੇ ਕੀਤਾ।

### *ਬਾਬਾ ਜੀ ਵੱਲੋਂ ਉੱਤਰ*

ਬਾਬਾ ਜੀ ਨੇ ਨਵੇਂ ਆਏ ਗੁਰੂ ਪਿਆਰਿਆਂ ਦੀ ਗੱਲ ਬੜੇ ਧਿਆਨ ਨਾਲ ਸੁਣੀ ਤੇ ਉਨ੍ਹਾਂ ਨੂੰ ਸੰਬੋਧਨ ਕਰਕੇ ਆਪ ਕਹਿਣ ਲੱਗੇ, ਸਿੰਘੋ! ਪੰਥ ਇੱਕ-ਦੋ ਜਾਂ ਤਿੰਨ ਲੀਡਰਾਂ ਦਾ ਨਾਉਂ ਨਹੀਂ। ਸਾਰੀ ਕੌਮ ਨੂੰ ਖ਼ਾਲਸਾ ਪੰਥ ਕਿਹਾ ਜਾਂਦਾ ਹੈ। ਖ਼ਾਲਸਾ ਪੰਥ ਦੀ ਢਹਿੰਦੀ ਕਲਾ, ਕਿਸੇ ਨੇ ਬਾਹਰੋਂ ਆ ਕੇ ਨਹੀਂ ਕੀਤੀ ਤੇ ਨਾ ਹੀ ਕਿਸੇ ਨੇ

*1. ਦਰੱਖਤ ਦੀ ਇੱਕ ਕਿਸਮ*



ਬਾਹਰੋਂ ਆ ਕੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਕਰਨੀ ਹੈ। ਖ਼ਾਲਸਾ ਪੰਥ ਦੀ ਢਹਿੰਦੀ ਕਲਾ ਅਸੀਂ ਸਾਰਿਆਂ ਨੇ ਆਪ ਹੀ ਕੀਤੀ ਹੋਈ ਹੈ ਤੇ ਅਸੀਂ ਆਪ ਹੀ ਸਾਰੇ ਢਹਿੰਦੀ ਕਲਾ ਲਈ ਜਿੰਮੇਵਾਰ ਹਾਂ। ਜਿਨ੍ਹਾਂ ਕਮਜ਼ੋਰੀਆਂ ਕਰਕੇ ਪੰਥ ਦੀ ਢਹਿੰਦੀ ਕਲਾ ਹੋਈ ਹੈ, ਉਹ ਕਮਜ਼ੋਰੀਆਂ ਤੁਸੀਂ ਆਪਣੇ ਵਿੱਚੋਂ ਕੱਢ ਦਿਉ। ਮੈਂ ਆਪਣੇ ਚੋਂ ਕੱਢ ਦੇਵਾਂ, ਲਾਗੇ ਸਿੰਘ ਬੈਠੇ ਸਨ, ਉਨ੍ਹਾਂ ਵੱਲ ਇਸ਼ਾਰਾ ਕਰਕੇ ਆਪ ਕਹਿਣ ਲੱਗੇ! ਇਹ ਆਪਣੇ ਅੰਦਰੋਂ ਉਹ ਸਾਰੀਆਂ ਕਮਜ਼ੋਰੀਆਂ ਤੇ ਕੁਰੀਤੀਆਂ ਦੂਰ ਕਰ ਦੇਣ। ਜਦ ਅਸੀਂ ਸਾਰੇ ਜਣੇ ਕਮਜ਼ੋਰੀਆਂ ਤੇ ਕੁਰੀਤੀਆਂ ਤੋਂ ਰਹਿਤ ਹੋ ਗਏ, ਸਮਝੋ, ਆਪੇ ਹੀ ਪੰਥ ਦੀ ਚੜ੍ਹਦੀ ਕਲਾ ਹੋ ਗਈ। ਆਪਾਂ ਦੂਸਰਿਆਂ ਵੱਲ ਝਾਕਦੇ ਹਾਂ ਕਿ ਉਹ ਕੁਰੀਤੀਆਂ ਵੀ ਛੱਡਣ ਤੇ ਗੁਰਸਿੱਖੀ ਅਸੂਲਾਂ ਅਨੁਸਾਰ ਵੀ ਚੱਲਣ। ਪਰ ਗੁਰਸਿੱਖੀ ਮਾਰਗ ਆਪਣੇ ਆਪ ਨੂੰ ਨਮੂਨੇ ਦਾ ਸਿੱਖ ਬਨਾਉਣ ਦਾ ਮਾਰਗ ਹੈ। ਜਦੋਂ ਸਾਡੀ ਕਰਨੀ ਤੇ ਕਹਿਣੀ ਇੱਕ ਹੋ ਗਈ ਫਿਰ ਤੁਹਾਨੂੰ ਬਹੁਤਾ ਪ੍ਰਚਾਰ ਕਰਨ ਦੀ ਲੋੜ ਨਹੀਂ, ਤੁਹਾਡਾ ਜੀਵਨ ਹੀ ਪ੍ਰਚਾਰ ਹੋਵੇਗਾ।

### *ਬਾਬਾ ਜੀ ਨੇ ਭਾਈ ਗੁਰਦਾਸ ਜੀ ਦੀ ਵਾਰਤਾ ਸੁਣਾਈ*

ਇੱਕ ਵਾਰੀ ਭਾਈ ਗੁਰਦਾਸ ਜੀ ਇੱਕ ਨਗਰ ਵਿੱਚ ਦੀ ਲੰਘ ਰਹੇ ਸਨ। ਕੁਝ ਜਾਣੂ ਸਿੱਖਾਂ ਨੇ ਉਨ੍ਹਾਂ ਨੂੰ ਪਹਿਚਾਣ ਲਿਆ। ਜਲ-ਪਾਣੀ ਦੀ ਸੇਵਾ ਪੁੱਛਣ ਉਪ੍ਰੰਤ ਉਨ੍ਹਾਂ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਤੁਸੀਂ ਸਾਡੇ ਨਗਰ ਵਿੱਚ ਦੀ ਲੰਘ ਰਹੇ ਹੋ। ਸਾਡੇ ਤੇ ਕਿਰਪਾ ਕਰੋ, ਇੱਕ ਦੋ ਦਿਨ ਸਾਡੇ ਨਗਰ ਵਿੱਚ ਪੜਾਉ ਕਰਕੇ ਸਿੱਖੀ ਦਾ ਪ੍ਰਚਾਰ ਕਰਕੇ ਜਾਵੋ।

ਭਾਈ ਗੁਰਦਾਸ ਜੀ ਨੇ ਉਨ੍ਹਾਂ ਦੀ ਬੇਨਤੀ ਸੁਣ ਕੇ ਉੱਤਰ ਦਿੱਤਾ,ਗੁਰੂ ਪਿਆਰਿਓ! ਜੇ ਤੁਹਾਡੇ ਨਗਰ ਵਿੱਚ ਦੀ ਮੇਰੇ ਲੰਘਣ ਨਾਲ ਤੁਹਾਡੇ ਉੱਪਰ ਮੇਰੀ ਕਰਨੀ ਦਾ ਅਸਰ ਨਹੀਂ ਪਿਆ ਤਾਂ ਮੇਰੇ ਰਹਿ ਕੇ ਪ੍ਰਚਾਰ ਕਰਨ ਦਾ ਵੀ ਤੁਹਾਡੇ ਉੱਪਰ ਕੋਈ ਅਸਰ ਨਹੀਂ ਹੋਣਾ। ਭਲਾ ਦੱਸੋ! ਜੇ ਅਸਲੀ ਫੁੱਲ ਹੋਵੇ ਉਸ ਪਾਸੋਂ ਵਾਸ਼ਨਾ ਮੰਗ ਕੇ ਲੈਣੀ ਪੈਂਦੀ ਹੈ? ਨਹੀ, ਜੋ ਵੀ ਫੁੱਲ ਦੇ ਨੇੜੇ ਆਏਗਾ ਉਹ ਅਵੱਸ਼ ਫੁੱਲ ਦੀ ਖੁਸ਼ਬੋ ਤੋਂ ਵਰੋਸਾਇਆ ਜਾਵੇਗਾ। ਜੇ ਫੁੱਲ ਹੀ ਨਕਲੀ ਹੋਵੇ, ਉਸ ਨਕਲੀ ਫੁੱਲ ਨੂੰ ਭਾਂਵੇਂ ਇਕੱਲੇ ਇਕੱਲੇ ਮਨੁੱਖ ਦੀ ਨਾਸਕਾ ਅੱਗੇ ਕਰੀ ਚੱਲੋ, ਉਸ ਵਿੱਚੋਂ ਕਦੇ ਸੁਗੰਧੀ ਨਹੀਂ ਆਵੇਗੀ। ਸੋ ਗੁਰੂ ਪਿਆਰਿਓ! ਜਿਸ ਨੇ ਆਪਣਾ ਜੀਵਨ ਬਣਾ ਲਿਆ, ਸਮਝੋ ਉਹ ਪੰਥ ਦੀ ਚੜ੍ਹਦੀ ਕਲਾ ਕਰ ਗਿਆ। ਗੁਰਸਿੱਖੀ ਪ੍ਰਚਾਰ ਦਾ ਮਾਰਗ ਨਹੀਂ ਗੁਰਸਿੱਖੀ ਅਮਲ ਦਾ ਮਾਰਗ ਹੈ।

ਤੁਸੀਂ ਨਿਰਪਖਤਾ ਨਾਲ "**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ**" ਦੀ ਬਿਰਤੀ ਬਣਾ ਕੇ ਆਪਣੇ ਅੰਦਰ ਝਾਤ ਮਾਰੋ, ਕਿਤੇ ਜਿਨ੍ਹਾਂ ਜਿਨ੍ਹਾਂ ਕਮੀਆਂ ਦਾ ਤੁਸੀਂ ਜ਼ਿਕਰ ਕੀਤਾ ਹੈ, ਕੀ ਆਪਾਂ ਉਨ੍ਹਾਂ ਕੁਰੀਤੀਆਂ ਤੋਂ ਮੁਕਤ ਹੋ

ਗਏ ਹਾਂ? ਜੋ ਸਤਿਗੁਰਾਂ ਨੇ ਗੁਰਸਿੱਖੀ ਮਾਰਗ ਪ੍ਰਦਾਨ ਕੀਤਾ ਹੈ, ਕੀ ਉਸ ਦੇ ਪੂਰਨ ਤੌਰ ਤੇ ਧਾਰਨੀ ਬਣ ਗਏ ਹਾਂ? ਜੇ ਬਣ ਗਏ ਹਾਂ, ਕੁਰੀਤੀਆਂ ਤੇ ਕਮੀਆਂ ਦਾ ਤਿਆਗ ਕਰ ਦਿੱਤਾ ਹੈ, ਫਿਰ ਤਾਂ ਧੰਨਤਾ ਦੇ ਯੋਗ ਹਾਂ। ਜੇ ਅਸੀਂ ਵੀ ਆਮ ਲੋਕਾਂ ਦੀ ਚਾਲ ਹੀ ਚੱਲ ਰਹੇ ਹਾਂ ਫਿਰ ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਪਹਿਲਾਂ,"**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥** ਦੀ ਕਾਰ ਕਰੋ। ਜਦੋਂ ਆਪਣਾ ਮਨ ਪ੍ਰਬੋਧ ਲਿਆ, ਫਿਰ ਲੋਕਾਈ ਨੂੰ ਜੋ ਕਹੋਗੇ ਉਸ ਦਾ ਅਸਰ ਅਵੱਸ਼ ਹੋਵੇਗਾ। ਜੇ ਸਾਡਾ ਮਨ ਹੀ ਗੁਰਮਤਿ ਅਨੁਸਾਰ ਚੱਲਣ ਨੂੰ ਅਜੇ ਤਿਆਰ ਨਹੀਂ ਹੋਇਆ, ਉਨਾਂ ਚਿਰ ਸਾਡੇ ਕਹਿਣ ਦਾ ਲੋਕਾਂ ਉੱਪਰ ਵੀ ਕੋਈ ਅਸਰ ਨਹੀਂ ਹੋਵੇਗਾ।

## *ਬਾਬਾ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਦੀ ਸਾਖੀ ਸੁਨਾਉਣੀ*

ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਚਪਨੇ ਜੀਵਨ ਦੀ ਗਾਥਾ ਸਾਡੇ ਲਈ ਅਵੱਸ਼ ਪੱਥ ਪ੍ਰਦਰਸ਼ਨ ਕਰੇਗੀ। ਇੱਕ ਵਾਰੀ, ਇੱਕ ਮਾਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹਾਣੀ ਬੱਚੇ ਨੂੰ ਉਨ੍ਹਾਂ ਪਾਸ ਲੈ ਕੇ ਆਈ ਤੇ ਬੇਨਤੀ ਕੀਤੀ, ਕਿ ਇਹ ਤੁਹਾਡਾ ਹਾਣੀ, ਮੇਰਾ ਬੱਚਾ ਗੁੜ ਬਹੁਤ ਖਾਂਦਾ ਹੈ। ਜਿਸ ਕਾਰਣ ਇਸ ਦੇ ਸਰੀਰ ਤੇ ਫੋੜੇ-ਫਿਨਸੀਆਂ ਬਹੁਤ ਨਿਕਲਦੇ ਹਨ। ਤੁਸੀਂ ਇਸ ਨੂੰ ਗੁੜ ਖਾਣ ਤੋਂ ਵਰਜੋ। ਆਪ ਜੀ ਨੇ ਮਾਤਾ ਨੂੰ ਕਿਹਾ, ਕਿ ਇੱਕ ਹਫਤੇ ਬਾਅਦ ਤੁਸੀਂ ਇਸ ਨੂੰ ਮੇਰੇ ਪਾਸ ਲੈ ਕੇ ਆਉਣਾ। ਹਫਤੇ ਪਿਛੋਂ ਜਦੋਂ ਮਾਤਾ ਆਪਣੇ ਪੁੱਤਰ ਨੂੰ ਨਾਲ ਲੈ ਕੇ ਆਈ, ਤਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਸ ਹਾਣੀ ਦੀ ਬਾਂਹ ਫੜ ਕੇ ਕਿਹਾ,"ਹਾਣੀਆ! ਗੁੜ ਨਹੀਂ ਖਾਣਾ ਚਾਹੀਦਾ, ਇਹ ਖੂਨ ਵਿੱਚ ਖਰਾਬੀ ਕਰਦਾ ਹੈ।" ਲੜਕੇ ਦੀ ਮਾਤਾ ਨੇ ਪੁੱਛ ਲਿਆ ਕਿ ਜੇ ਇਤਨੀ ਗੱਲ ਹੀ ਕਹਿਣੀ ਸੀ ਤਦ ਉਸੇ ਦਿਨ ਕਹਿ ਦਿੰਦੇ।

ਕਰਣੀ-ਕਥਨੀ ਦੇ ਸੂਰੇ ਸਤਿਗੁਰਾਂ ਨੇ ਮਾਤਾ ਨੂੰ ਉੱਤਰ ਦਿੱਤਾ, ਮਾਤਾ! ਉਸ ਸਮੇਂ ਮੈਂ ਆਪ ਗੁੜ ਬੜੇ ਸਵਾਦ ਨਾਲ ਖਾਂਦਾ ਸਾਂ। ਜੇ ਮੈਂ ਉਸ ਦਿਨ, ਇਸ ਨੂੰ ਗੁੜ ਖਾਣ ਤੋਂ ਵਰਜਦਾ, ਇਸ ਉੱਪਰ ਮੇਰੇ ਕਹਿਣ ਦਾ ਕੋਈ ਅਸਰ ਨਹੀਂ ਹੋਣਾ ਸੀ। ਹੁਣ ਮੈਂ ਉਸ ਦਿਨ ਦਾ ਆਪ ਗੁੜ ਖਾਣਾ ਛੱਡਿਆ ਹੋਇਆ ਹੈ। ਅੱਜ ਦੇ ਕਹੇ ਦਾ, ਇਸ ਉੱਪਰ ਜਰੂਰ ਅਸਰ ਹੋਵੇਗਾ।

ਸੋ ਅੱਜ ਅਸੀਂ ਬਹੁਤਾਤ ਵਿੱਚ ਦੂਸਰਿਆਂ ਨੂੰ ਸੁਧਾਰਨ ਵੱਲ ਬਹੁਤਾ ਧਿਆਨ ਦਿੰਦੇ ਹਾਂ, ਆਪਣੇ ਆਪ ਨੂੰ ਸੁਧਾਰਨ ਦੀ ਯਾਦ ਹੀ ਭੁਲਾ ਦਿੰਦੇ ਹਾਂ। ਜੇ ਕਿਤੇ ਹਰ ਪ੍ਰਾਣੀ ਆਪਣੇ ਆਪ ਨੂੰ ਸੁਧਾਰਨ ਲਈ ਤਿਆਰ ਹੋ ਜਾਵੇ, ਫਿਰ ਨਾ ਬਹੁਤੇ ਪ੍ਰਚਾਰ ਦੀ ਲੋੜ ਹੈ ਤੇ ਨਾ ਹੀ ਕਿਸੇ ਸੰਸਥਾ ਵੱਲ ਝਾਕਣ ਦੀ ਲੋੜ। ਸੋ ਹਰ ਪ੍ਰਾਣੀ, ਪੰਥ



ਦਾ, ਕੌਮ ਦਾ, ਆਪਣੇ ਆਪ ਨੂੰ ਗੁਰੂ ਪੰਥ ਦਾ ਅੰਗ ਸਮਝੇ ਤੇ ਮਹਿਸੂਸ ਕਰੇ ਕਿ ਜੇ ਮੈਂ ਅਜਿਹਾ ਮਾੜਾ ਕਰਮ ਜਾਂ ਕੋਈ ਕੁਰੀਤੀ ਕਰਾਗਾਂ ਤਦ ਮੇਰੀ ਵੀ ਤੇ ਕੌਮ ਦੀ ਵੀ ਬਦਨਾਮੀ ਹੋਵੇਗੀ ਤੇ ਮੇਰੀ ਕਰਣੀ ਦਾ ਉਲਾਂਭਾ ਮੇਰੇ ਗੁਰੂ ਨੂੰ ਝੱਲਣਾ ਪਵੇਗਾ। ਉਲਾਂਭੇ ਗੁਰੂ ਨੂੰ ਦਿਵਾ ਕੇ ਸਤਿਗੁਰੂ ਦੀ ਕਦੇ ਵੀ ਖੁਸ਼ੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸਾਰੀ ਸੰਗਤ ਤੇ ਉਹ ਪ੍ਰੇਮੀ, ਬੜੇ ਪਿਆਰ ਨਾਲ ਬਾਬਾ ਜੀ ਦੇ ਬਚਨ ਸੁਣਦੇ ਰਹੇ ਤੇ ਇੱਕ ਸੱਜਣ ਉਨ੍ਹਾਂ ਵਿੱਚੋਂ ਕਹਿਣ ਲੱਗਾ! ਬਾਬਾ ਜੀ, ਆਪ ਦੀ ਗੱਲ ਸੋਲਾਂ ਆਨੇ ਠੀਕ ਹੈ।

ਪਰ ਅੱਜ ਕੱਲ੍ਹ ਕਲਜੁਗ ਦਾ ਤੇ ਮਾਇਆ ਦਾ ਪ੍ਰਭਾਵ ਬਹੁਤ ਹਾਵੀ ਹੈ, ਬਦੋ-ਬਦੀ ਮਨ ਉੱਧਰ ਪ੍ਰੇਰਿਆ ਜਾਂਦਾ ਹੈ। ਬਾਬਾ ਜੀ ਕਹਿਣ ਲੱਗੇ, ਠੀਕ ਹੈ, ਪਰ ਕਲਜੁਗ ਨੂੰ ਤੇ ਮਾਇਆ ਨੂੰ, ਆਪਣੇ ਉੱਪਰ ਪ੍ਰਭਾਵ ਪਾਉਣ ਲਈ ਅਸੀਂ ਆਪ ਹੀ ਸੱਦਾ ਦਿੰਦੇ ਹਾਂ, ਪਰ ਕਦਰ ਹਮੇਸ਼ਾਂ ਅਸੂਲ ਦੇ ਧਾਰਨੀਆਂ ਦੀ ਹੀ ਹੁੰਦੀ ਹੈ। ਬੇ-ਅਸੂਲੇ ਬੰਦਿਆਂ ਨੂੰ ਕਦੇ ਵੀ ਕੋਈ ਮਾਣ ਸਤਿਕਾਰ ਨਹੀਂ ਦਿੰਦਾ। ਜੇ ਅਸੀਂ ਤਕੜੇ ਹੋ ਕੇ ਗੁਰੂ ਦੇ ਅਸੂਲਾਂ ਨੂੰ ਮੁੱਖ ਰੱਖ ਕੇ ਚੱਲਾਂਗੇ, ਤਦ ਅਸੀਂ ਆਪਣਾ ਬਿੱਤ ਵੀ ਨਹੀਂ ਹਾਰਾਂਗੇ ਤੇ ਸਤਿਗੁਰਾਂ ਦੀਆਂ ਖੁਸ਼ੀਆਂ ਵੀ ਪ੍ਰਾਪਤ ਕਰ ਲਵਾਂਗੇ। ਸੋ ਅੱਜ ਲੋੜ ਹੈ, ਹਰ ਪ੍ਰਾਣੀ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ। ਝਾਤ ਮਾਰਨ ਨਾਲ ਜੋ ਕਮੀਆਂ ਸਾਨੂੰ ਆਪਣੇ ਅੰਦਰ ਪ੍ਰਤੀਤ ਹੁੰਦੀਆਂ ਹਨ, ਸੱਚੇ ਦਿਲੋਂ ਉਨ੍ਹਾਂ ਨੂੰ ਦੂਰ ਕਰਨ ਦੀ ਅੱਜ ਬਹੁਤ ਅਵੱਸ਼ਕਤਾ ਹੈ। ਢਹਿੰਦੀ ਕਲਾ ਵੱਲ ਲਿਜਾਣ ਵਾਲੀਆਂ ਕਮੀਆਂ ਤੋਂ ਨਿਯਾਤ ਪ੍ਰਾਪਤ ਕਰ ਲਵਾਂਗੇ। ਆਪਾਂ ਪੰਥ ਦੀ ਚੜ੍ਹਦੀ ਕਲਾ ਕਰਨ ਲਈ ਆਪਣਾ ਸੱਚਾ-ਸੁੱਚਾ ਯੋਗਦਾਨ ਪਾਉਣ ਦੇ ਭਾਈਵਾਲ ਬਣ ਜਾਵਾਂਗੇ। ਜੇ ਆਪਣਾ ਜੀਵਨ ਗੁਰੂ ਚਾਲੀ ਅਨੁਸਾਰ ਨਾ ਬਣਾਵਾਂਗੇ, ਤਦ ਅਸੀਂ ਵੀ ਪੰਥ ਦੀ ਢਹਿੰਦੀ ਕਲਾ ਕਰਨ ਦੇ ਜਿੰਮੇਂਵਾਰ ਥਾਪੇ ਜਾਵਾਂਗੇ। ਸਤਿਗੁਰੂ ਕਲਗੀਧਰ ਜੀ ਦਾ ਬਚਨ ਹੈ:-

**ਪੰਥ ਖ਼ਾਲਸਾ ਖੇਤੀ ਮੇਰੀ ਕਰੂੰ ਸੰਭਾਲ ਮੈਂ ਤਿਸ ਕੇਰੀ॥**

ਸੋ ਖੇਤੀ ਵਾਲੇ ਨੂੰ ਆਪਣੀ ਖੇਤੀ ਸੰਭਾਲਣ ਦਾ ਸਾਥੋਂ ਵੱਧ ਫ਼ਿਕਰ ਹੈ। ਅਸੀਂ ਕਲਗੀਧਰ ਜੀ ਦੀ ਖੇਤੀ ਦੇ ਨਵੇਂ-ਨਰੋਏ ਤੇ ਅਰੋਗ ਬੂਟੇ ਬਣੀਏ। ਖੁਸ਼ੀ ਦੇ ਪਾਤਰ ਬਣ ਜਾਵਾਂਗੇ।

## *ਬਾਬਾ ਜੀ ਨੇ ਇੱਕ ਭੇਖੀ ਸਿੱਖ ਦੀ ਘਟਨਾ ਸੁਨਾਉਣੀ*

ਬਾਬਾ ਜੀ ਨੇ ਸਾਨੂੰ ਸਾਰਿਆਂ ਨੂੰ, ਇੱਕ ਪ੍ਰੇਮੀ ਦੇ ਜੀਵਨ ਦੀ ਘਟਨਾ ਵੀ ਸੁਣਾਈ ਤੇ ਨਾਲ ਸਵਾਲ ਵੀ ਕੀਤਾ ਕਿ ਇਹ ਸੱਚੀ ਘਟਨਾ ਤੋਂ ਤੁਸੀਂ ਆਪ ਹੀ ਅੰਦਾਜਾ ਲਾ ਕੇ ਦੱਸਿਓ ਕਿ ਉਹ ਪ੍ਰੇਮੀ ਗੁਰਸਿੱਖੀ ਦੇ ਪ੍ਰਚਾਰ ਦਾ ਸਬੱਬ ਬਣ ਰਿਹਾ ਹੈ, ਜਾਂ ਨਿਘਾਰ ਦਾ ਕਾਰਣ ਬਣ ਰਿਹਾ ਹੈ?

ਆਪ ਜੀ ਕਹਿਣ ਲੱਗੇ, ਇੱਕ ਪ੍ਰੇਮੀ ਜਿਸ ਦਾ ਨਾਉਂ ਲਿਖਣਾ ਉਚਿਤ ਨਹੀਂ ਹੈ। ਜਿਸ ਦੇ ਪਿਛਲੇ ਸੰਸਕਾਰ ਭਾਵੇਂ ਗੁਰਮਤਿ ਅਨੁਸਾਰ ਨਹੀਂ ਸਨ, ਪਰ ਸੰਗਤ ਕਰਨ ਦੀ ਬਦੌਲਤ ਉਸ ਨੇ ਅੰਮ੍ਰਿਤਪਾਨ ਕਰ ਲਿਆ। ਅੰਮ੍ਰਿਤਪਾਨ ਕਰਨ ਤੋਂ ਪਿੱਛੋਂ ਨਿੱਤਨੇਮ ਦੇ ਨਾਲ ਉਸ ਨੇ ਸੁਖਮਨੀ ਸਾਹਿਬ ਦੇ ਪਾਠ ਕਰਨੇ ਸ਼ੁਰੂ ਕਰ ਦਿੱਤੇ। ਹਰ ਰੋਜ਼ ਸੁਖਮਨੀ ਸਹਿਬ ਦਾ ਪਾਠ ਕਰਨ ਦੀ ਬਰਕਤ, ਸਾਰਾ ਸੁਖਮਨੀ ਸਾਹਿਬ ਉਸ ਨੂੰ ਯਾਦ ਹੋ ਗਿਆ। ਉਸ ਨੇ ਕੰਮ ਕਾਰ ਕਰਦੇ ਜਾਂ ਖੇਤਾਂ ਬੰਨਿਆਂ ਉੱਪਰ ਘੁੰਮਦੇ, ਦੋ ਜਾਂ ਤਿੰਨ ਪਾਠ ਸੁਖਮਨੀ ਸਾਹਿਬ ਦੇ ਕਰ ਲੈਣੇ, ਜੋ ਬਾਕੀ ਰਹਿ ਜਾਣੇ, ਉਹ ਘਰ ਬੈਠ ਕੇ ਕਰ ਲੈਣੇ । ਕਿਤੇ ਵੀ ਚਾਰ ਬੰਦੇ ਇਕੱਠੇ ਖੜੇ ਹੋਣੇ, ਉਸ ਨੇ ਆਪਣਾ ਨਿੱਤਨੇਮ ਦਰਸਾਉਣ ਦੀ ਖਾਤਰ ਅਗਲੇ ਨੂੰ ਦਾਬਾ ਮਾਰ ਕੇ ਪੁੱਛਣਾ ਕਿ ਤੂੰ ਕਿੰਨਾ ਨਿੱਤਨੇਮ ਕਰਦਾ ਹੈ? ਅਗਲਾ ਦੱਸੇ ਜਾਂ ਨਾ ਦੱਸੇ, ਉਸ ਪ੍ਰੇਮੀ ਨੇ ਜ਼ੋਰ ਨਾਲ ਦੱਸਣਾ ਕਿ ਸਿੰਘ ਨਿੱਤਨੇਮ ਤੋਂ ਇਲਾਵਾ ਪੰਜ ਸੁਖਮਨੀ ਸਾਹਿਬ ਦੇ ਪਾਠ ਕਰਦਾ ਹੈ। ਤੂੰ ਕਿਉਂ ਨਹੀਂ ਕਰਦਾ? ਸਮਾਂ ਬੀਤਦਾ ਗਿਆ।

ਉਹ ਪ੍ਰੇਮੀ ਖੇਤੀਬਾੜੀ ਦਾ ਕੰਮ ਕਰਦਾ ਸੀ ਤੇ ਕਰਾਉਂਦਾ ਸੀ। ਉਸ ਨੇ ਆਲੂਆਂ ਦੀ ਬੀਜਾਈ ਵੇਲੇ ਜਾਂ ਪੁਟਾਈ ਵੇਲੇ, ਜਾਂ ਕਣਕ, ਮੱਕੀ ਦੀ ਬਿਜਾਈ-ਗੁਡਾਈ ਵੇਲੇ ਮਜ਼ਦੂਰਾਂ ਪਾਸੋਂ ਕੰਮ ਕਰਵਾ ਲੈਣਾ ਪਰ ਉਨ੍ਹਾਂ ਨੂੰ ਪੈਸੇ ਨਾ ਦੇਣੇ। ਜਦੋਂ ਉਨ੍ਹਾਂ ਨੇ ਪੈਸਿਆਂ ਦੀ ਮੰਗ ਕਰਨੀ ਤਾਂ ਸਿੰਘ ਜੀ ਨੇ ਕਹਿਣਾ ਕਿ ਤੁਹਾਡੇ ਪੈਸੇ ਜਮ੍ਹਾਂ ਹਨ। ਇੱਕਠੇ ਲਇਉ, ਇਕੱਠਿਆਂ ਪੈਸਿਆਂ ਵਿੱਚ ਬੜੀ ਬਰਕਤ ਹੁੰਦੀ ਹੈ। ਮਜ਼ਦੂਰਾਂ ਨੇ ਉਸ ਦੇ ਕਹਿਣ ਤੇ ਯਕੀਨ ਕਰ ਲੈਣਾ। ਜਦੋਂ ਸਾਰਾ ਕੰਮ ਕਾਰ ਮੁੱਕ ਜਾਣਾ। ਸਾਰੇ ਮਜ਼ਦੂਰਾਂ ਨੇ ਆਪਣੀ ਮਿਹਨਤ ਲੈਣ ਵਾਸਤੇ, ਜੋ ਸਰਦਾਰ ਹੋਣਾ ਨੇ ਟਾਇਮ ਦੇਣਾ, ਉਸ ਤੋਂ ਵੀ ਪਹਿਲਾਂ ਆ ਕੇ ਘਰ ਮੂਹਰੇ ਭੁੱਖਣ-ਭਾਣੇ ਬੈਠ ਜਾਣਾ। ਅੱਧਾ ਪੌਣਾ ਘੰਟਾ ਬੈਠਣ ਉਪ੍ਰੰਤ, ਉਨ੍ਹਾਂ ਘਰ ਦਿਆਂ ਨੂੰ ਕਹਿਣਾ ਕਿ ਸਰਦਾਰ ਜੀ ਨੂੰ ਕਹੋ ਸਾਨੂੰ ਪੈਸੇ ਦੇ ਦੇਣ, ਅਸੀਂ ਅਗਾਂਹ ਵੀ ਦਿਹਾੜੀ ਤੇ ਜਾਣਾ ਹੈ।

ਘਰਦਿਆਂ ਨੇ ਉੱਤਰ ਦੇਣਾ ਕਿ ਉਹ ਪਾਠ ਕਰਦੇ ਹਨ, ਅਸੀਂ ਉਨ੍ਹਾਂ ਨੂੰ ਬੁਲਾ ਨਹੀਂ ਸਕਦੇ। ਮੁੜ ਉਨ੍ਹਾਂ ਪ੍ਰਵਾਰ ਨੂੰ ਪੁੱਛਣਾ ਕਿ ਅਕਸਰ ਕਿੰਨੇ ਕੁ ਸਮੇਂ ਤੱਕ ਸਰਦਾਰ ਜੀ ਹੇਠਾਂ ਉਤਰਨਗੇ। ਪਰਵਾਰ ਵਾਲਿਆਂ ਕਹਿ ਦੇਣਾ ਕਿ ਇਹ ਉਨ੍ਹਾਂ ਦੀ ਮੌਜ਼ ਹੈ। ਜੇ ਸੁਖਮਨੀ ਸਾਹਿਬ ਅਰੰਭ ਕਰ ਦਿੱਤਾ ਤਾਂ ਘੱਟੋ-ਘਟ ਇੱਕ ਘੰਟਾ ਹੋਰ ਲੱਗੇਗਾ। ਭੁੱਖਣ ਭਾਣੇ ਮਜ਼ਦੂਰਾਂ ਨੇ ਬਦ-ਅਸੀਸਾਂ ਤੇ ਗਾਲਾਂ ਕੱਢਦਿਆਂ ਉਡੀਕੀ ਜਾਣਾ। ਉੱਧਰ, ਸਿੰਘ ਨੇ ਚੁਬਾਰੇ ਵਿੱਚੋਂ ਤਾਕੀ ਰਾਹੀਂ ਝਾਤੀ ਮਾਰ ਕੇ ਹੇਠਾਂ ਵੇਖ ਲੈਣਾ ਕਿ ਮਜ਼ਦੂਰ ਚਲੇ ਗਏ ਹਨ ਕਿ ਅਜੇ ਬੈਠੇ ਹਨ। ਜੇ ਬੈਠੇ ਹੋਣ ਤਾਂ ਉਸ ਨੇ ਇੱਕ ਹੋਰ ਸੁਖਮਨੀ ਸਾਹਿਬ ਦਾ ਪਾਠ ਅਰੰਭ ਕਰ ਦੇਣਾ। ਮੁਕਦੀ ਗੱਲ, ਮਜ਼ਦੂਰਾਂ ਉਡੀਕ ਉਡੀਕ ਕੇ ਘਰਾਂ ਨੂੰ ਤੁਰ ਜਾਣਾ। ਫਿਰ ਉਸ ਭਲੇ ਪੁਰਸ਼ ਨੇ ਚੁਬਾਰੇ ਚੋਂ



ਪ੍ਰਸ਼ਾਦਾ ਛਕਣ ਵਾਸਤੇ ਉਤਰਨਾ। ਜਦੋਂ ਫਿਰ ਮਜ਼ਦੂਰਾਂ ਨੇ ਇਕੱਠੇ ਹੋ ਕੇ ਆਪਣੀ ਮਜ਼ਦੂਰੀ ਲੈਣ ਆਉਣਾ ਤਾਂ ਮੁੜ ਉਸ ਨੇ ਕਹਿ ਦੇਣਾ ਕਿ ਸਿੰਘ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੈ, ਪਾਠ ਪੂਰਾ ਹੋਣ ਤੇ ਤੁਹਾਡਾ ਹਿਸਾਬ ਕਰਾਂਗੇ। ਆਪ ਚੁਬਾਰੇ ਚੜ੍ਹ ਜਾਣਾ, ਮਜ਼ਦੂਰਾਂ ਫਿਰ ਵੱਧ-ਘੱਟ ਕਹਿੰਦਿਆਂ ਘਰਾਂ ਨੂੰ ਚਲੇ ਜਾਣਾ।

ਇੱਕ ਦੋ ਸਾਲ ਤਾਂ ਮਜ਼ਦੂਰ ਬਦਲ-ਬਦਲ ਕੇ ਬਿਨਾਂ ਮਜ਼ਦੂਰੀ ਦਿੱਤਿਆਂ ਕੰਮ ਕਰਵਾਉਂਦੇ ਰਹੇ, ਅਖੀਰ ਸਾਰੇ ਇਲਾਕੇ ਵਿੱਚ ਇਹ ਗੱਲ ਫੈਲ ਗਈ ਕਿ ਫਲਾਣਾ ਪੁਰਸ਼ ਮਜ਼ਦੂਰਾਂ ਪਾਸੋਂ ਕੰਮ ਕਰਵਾ ਲੈਂਦਾ ਹੈ, ਪਰ ਉਨ੍ਹਾਂ ਦੀ ਮਿਹਨਤ ਨਹੀਂ ਦਿੰਦਾ। ਤਕਰੀਬਨ ਸਾਰੇ ਮਜ਼ਦੂਰ ਹੀ ਉਸ ਦੇ ਕੰਮ ਕਾਰ ਕਰਨ ਤੋਂ ਹਟ ਗਏ।

ਜੇ ਉਸ ਨੇ ਕਿਸੇ ਪਾਸੋਂ ਪੰਜ-ਦਸ ਹਜਾਰ ਰੁਪੈ, ਇੱਕ ਹਫਤੇ ਲਈ ਉਧਾਰ ਸਹੁੰ ਸੁਗੰਧ ਖਾ ਕੇ ਲੈ ਲੈਣੇ, ਮੁੜ ਸਾਲਾਂ ਬੱਧੀ ਦੇਣ ਵਾਲੇ ਨੇ ਮੰਗ ਮੰਗ ਕੇ ਸ਼ਰਮਸਾਰ ਹੋ ਜਾਣਾ ਪਰ ਉਸ ਨੇ ਪੱਲਾ ਨਾ ਫੜਾਉਣਾ ਤੇ ਜਿਸ ਨੂੰ ਪੈਸੇ ਵਾਪਸ ਵੀ ਦੇਣੇ, ਉਹ ਵੀ ਕਉਡੀ ਕਉਡੀ ਕਰਕੇ ਮੋੜਨੇ।

ਧਾਰਮਿਕ ਪੱਖੋਂ ਉਸ ਨੇ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦੇ ਗੁਰਪੁਰਬਾਂ ਤੇ ਸੁਹਣਾ ਲੰਗਰ ਤੇ ਦੇਸੀ ਘਿਉ ਦੀਆਂ ਜਲੇਬੀਆਂ ਸੰਗਤਾਂ ਨੂੰ ਛਕਾਉਣੀਆਂ। ਉਸ ਨੇ ਸ਼ਹਿਰ ਜਾਣਾ, ਲੰਗਰ ਦੇ ਸਮਾਨ ਨਾਲ ਆਪਣੇ ਘਰ ਵਰਤਣ ਲਈ ਵੀ ਤਿੰਨ ਚਾਰ ਮਹੀਨੇ ਦਾ ਸੌਦਾ-ਪੱਤਾ, ਬਾਣੀਏ ਪਾਸੋਂ ਉਧਾਰ ਲੈ ਆਉਣਾ ਅਤੇ ਨਾਲ ਵਾਅਦਾ ਕਰਨਾ ਕਿ ਜਦੋਂ ਆਲੂਆਂ ਦੇ ਪਹਿਲੇ ਪੈਸੇ ਦਿੱਲੀ ਤੋਂ ਆਏ, ਸਭ ਤੋਂ ਪਹਿਲਾਂ ਤੇਰਾ ਹਿਸਾਬ ਚੁਕਾ ਕੇ ਹੋਰ ਫੇਰ ਵਰਤਾਂਗਾ। ਅਗਲੇ ਨੇ ਬਾਣਾ ਵੇਖ ਕੇ ਯਕੀਨ ਕਰ, ਪੰਦਰਾਂ-ਵੀਹ ਹਜਾਰ ਦਾ ਸੌਦਾ ਚੁਕਾ ਦੇਣਾ। ਆਲੂਆਂ ਦੀ ਫਸਲ ਛੱਡ ਕੇ ਹਾੜੀ ਦੀ ਫਸਲ ਵੀ ਵੇਚ-ਵੱਟ ਲੈਣੀ, ਪਰ ਬਾਣੀਏ ਦਾ ਉਧਾਰ ਨਹੀਂ ਦੇਣਾ। ਜੇ ਉਸ ਨੇ ਘਰ ਫੇਰੇ ਮਾਰ ਕੇ ਬਹੁਤਾ ਮਜਬੂਰ ਕਰਨਾ ਤਾਂ ਦੋ-ਚਾਰ ਹਜ਼ਾਰ ਰੁਪੈ ਮਜਬੂਰੀ ਵਸ ਦੇ ਦੇਣੇ।

ਅਗਲੇ ਗੁਰਪੁਰਬ ਨੂੰ ਕਿਸੇ ਹੋਰ ਬਾਣੀਏ ਨਾਲ ਜਾ ਭਿਆਲੀ ਪਾਉਣੀ ਤੇ ਉਸ ਪਾਸੋਂ ਸੌਦਾ ਖ੍ਰੀਦ ਲਿਆਉਣਾ। ਇਸੇ ਤਰ੍ਹਾਂ, ਬਦਲ-ਬਦਲ ਕੇ ਬਾਣੀਏ ਫਸਾਈ ਜਾਣੇ। ਜੇ ਉਨ੍ਹਾਂ ਪੁੱਛਣਾ ਤੇ ਉੱਤਰ ਦੇਣਾ, ਪੈਸੇ ਮਿਲ ਜਾਣਗੇ। ਤੁਹਾਡਾ ਵੀ ਪਾਤਸ਼ਾਹ ਦੇ ਆਗਮਨ ਪੁਰਬ ਵਿੱਚ ਹਿੱਸਾ ਪੈ ਗਿਆ ਹੈ। ਮੈਂ ਕਿਹੜਾ ਕਿਸੇ ਮਾੜੇ ਕੰਮ ਵਿੱਚ ਸੌਦਾ ਵਰਤਿਆ, ਸੰਗਤਾਂ ਨੂੰ ਲੰਗਰ ਛਕਾਇਆ ਹੈ। ਉਨ੍ਹਾਂ ਜੋ ਉੱਤਰ ਦੇਣੇ ਉਹ ਇਥੇ ਨਾ ਲਿਖਣਯੋਗ ਹਨ।

ਪੰਜ-ਚਾਰ ਸਾਲ ਤਾਂ ਇਹ ਧੋਖਾ ਧੜੀ ਚਲਦੀ ਰਹੀ, ਆਖੀਰ ਸਾਰੇ ਬਾਣੀਆਂ ਤੇ ਮਜ਼ਦੂਰਾਂ ਨੇ ਇਲਾਕੇ ਵਿੱਚ ਥਾਂ-ਥਾਂ ਅਸਲੀਅਤ ਉਜਾਗਰ ਕਰ ਦਿੱਤੀ ਕਿ ਉਸ ਠੱਗ ਦੇ ਪੰਜੇ ਵਿੱਚ ਨਾ ਫਸ ਜਾਇਉ, ਨਾ ਤੁਹਾਨੂੰ ਮਜ਼ਦੂਰੀ ਮਿਲਣੀ ਨਾ ਤੁਹਾਡਾ

ਉਧਾਰ। ਨਾਲ ਹੀ ਲੋਕਾਂ ਨੇ ਜਿਵੇਂ ਪੁਰਾਤਨ ਕਹਾਵਤ ਹੈ "**ਮੰਦਾ ਕੁੱਤਾ ਖਸਮੈ ਗਾਲ**" ਅਨੁਸਾਰ, ਗੁਰੂ ਮਹਾਰਾਜ ਜੀ ਦੇ ਅੰਮ੍ਰਿਤ ਤੇ ਕਕਾਰਾਂ ਪ੍ਰਤੀ ਵੀ ਵੱਧ ਘੱਟ ਬੋਲਣਾ ਅਰੰਭ ਕਰ ਦੇਣਾ। ਬੇ-ਅੰਮ੍ਰਿਤੀਆਂ ਨੂੰ ਬਹਾਨਾ ਮਿਲ ਗਿਆ ਤੇ ਉਹ ਕਹਿਣ ਲੱਗ ਪਏ, ਤੁਸੀਂ ਸਾਨੂੰ ਅੰਮ੍ਰਿਤ ਛਕਣ ਲਈ ਕਹਿੰਦੇ ਹੋ, ਕੀ ਸਾਡਾ ਵਿਹਾਰ-ਕਿਰਦਾਰ ਉਸ ਅੰਮ੍ਰਿਤਧਾਰੀ ਨਾਲੋਂ ਵੀ ਮਾੜਾ ਹੈ? ਜੇ ਅੰਮ੍ਰਿਤ ਛੱਕ ਕੇ ਵੀ ਲੋਕਾਂ ਨਾਲ ਠੱਗੀ ਮਾਰਨੀ ਹੈ ਤੇ ਮਜਦੂਰਾਂ ਦੀ ਖੂਨ ਪਸੀਨੇ ਦੀ ਕਮਾਈ ਦੀ ਮਿਹਨਤ ਹੀ ਨਹੀਂ ਦੇਣੀ ਤਾਂ ਅਜਿਹੇ ਅੰਮ੍ਰਿਤ ਛਕਣ ਨਾਲੋਂ ਅਸੀਂ ਉਂਝ ਹੀ ਚੰਗੇ ਹਾਂ। ਜਿਸ ਦਾ ਜਬਾਬ ਦੇਣਾ ਕਈ ਵਾਰੀ ਕਠਨ ਹੋ ਜਾਂਦਾ।

ਸਿਆਣੇ ਬੰਦੇ ਉਹਨਾਂ ਬੇ-ਅੰਮ੍ਰਿਤੀਆਂ ਨੂੰ ਸਮਝਾਉਂਦੇ ਕਿ ਤੁਸੀਂ ਹੀ ਦੱਸੋ, ਕੀ ਅੰਮ੍ਰਿਤ ਛਕਾਉਣ ਵੇਲੇ ਕਿਸੇ ਨਾਲ ਠੱਗੀ ਕਰਨ ਲਈ ਜਾਂ ਮਜ਼ਦੂਰਾਂ ਦੀ ਮਿਹਨਤ ਨਾ ਦੇਣ ਲਈ ਜਾਂ ਹੋਰ ਕੋਈ ਅਉਗਣ ਕਰਨ ਲਈ ਕਿਹਾ ਜਾਂਦਾ ਹੈ? ਤਦ ਤਾਂ ਤੁਸੀਂ ਅੰਮ੍ਰਿਤ ਨੂੰ ਦੋਸ਼ ਦੇਵੋ। ਅੰਮ੍ਰਿਤ ਛਕਾਉਣ ਵੇਲੇ ਤਾਂ ਸੱਚਾ-ਸੁੱਚਾ ਅਚਾਰ-ਬਿਉਹਾਰ, ਕਿਰਦਾਰ ਦੇ ਧਾਰਨੀ ਬਣਨ ਤੇ ਗਰੀਬ ਦੀ ਮਦਦ ਕਰਨ, ਸੱਚ ਤੇ ਪਹਿਰਾ ਦੇ ਕੇ ਸਚਿਆਰ ਬਣਨ ਲਈ ਕਿਹਾ ਜਾਂਦਾ ਹੈ। ਜੇ ਕੋਈ ਗੁਰੂ ਸਿੱਖਿਆ ਸੁਣ ਕੇ, ਬਾਣੀ ਪੜ੍ਹ ਕੇ, ਫਿਰ ਬਿਵਰਜਿਤ ਕਰਮ ਕਰਦਾ ਹੈ, ਫਿਰ ਤਾਂ ਉਹ ਦੋਹਰੇ ਪਾਪਾਂ ਦਾ ਭਾਗੀ ਹੈ। ਇਸ ਵਿੱਚ ਅੰਮ੍ਰਿਤ ਦਾ ਕੋਈ ਦੋਸ਼ ਨਹੀਂ।

ਹੁਣ ਸਮਾਜ ਵਿੱਚ ਉਸ ਦੀ ਅਜਿਹੀ ਬੇ-ਪ੍ਰਤੀਤੀ ਦੀ ਦਸ਼ਾ ਬਣੀ ਹੋਈ ਹੈ ਕਿ ਕੋਈ ਰਿਸ਼ਤੇਦਾਰ, ਕੋਈ ਦੁਕਾਨਦਾਰ ਤੇ ਕੋਈ ਮਜ਼ਦੂਰ ਉਸ ਤੇ ਭੋਰਾ ਜਿੰਨਾ ਵੀ ਭਰੋਸਾ ਨਹੀਂ ਕਰਦਾ। ਜੇ ਉਹ ਸਧਾਰਨ ਹੀ ਕਿਸੇ ਦੇ ਘਰ ਜਾਂ ਸੱਜਣ-ਮਿੱਤ੍ਰ ਦੇ ਚਲਾ ਜਾਵੇ ਤਾਂ ਉਸ ਨੂੰ ਦੂਰੋਂ ਆਪਣੇ ਘਰ ਆਉਂਦਿਆਂ ਵੇਖ ਕੇ ਵੀਚਾਰ ਕਰਨ ਲੱਗ ਜਾਂਦੇ ਹਨ ਕਿ ਅੱਜ ਸਿੰਘ ਜੀ ਆਏ ਹਨ, ਕੋਈ ਨਾ ਕੋਈ ਵਗਾਰ, ਜਰੂਰ ਪਾਉਣਗੇ ਤੇ ਉਸ ਵਗਾਰ ਤੋਂ ਬਚਣ ਲਈ ਅਸੀਂ ਕੀ ਜਬਾਬ ਦੇਣਾ ਹੈ?

ਸੋ ਇਸ ਸੱਚੀ ਘਟਨਾ ਨੂੰ ਵਾਚ ਕੇ ਤੁਸੀਂ ਹੀ ਦੱਸੋ ਕਿ ਅਜਿਹੇ ਭੇਖੀ ਕਿਰਦਾਰ ਦੇ ਬੰਦੇ ਕਿੰਨਾ ਕੁ ਗੁਰਸਿੱਖੀ ਦਾ ਪ੍ਰਚਾਰ ਕਰਨਗੇ? ਹਾਂ, ਇਨ੍ਹਾਂ ਦੀ ਰਹਿਣੀ, ਬਹਿਣੀ, ਕਹਿਣੀ, ਵਰਤਾਉ ਵੇਖ ਕੇ, ਕਈ ਗੁਰੂ ਮਹਾਰਾਜ ਜੀ ਦੇ ਸੁਨਹਿਰੀ ਅਸੂਲਾਂ ਨੂੰ ਧਾਰਨ ਕਰਨ ਤੋਂ ਵਾਂਝੇ ਜਰੂਰ ਰਹਿਣਗੇ।

ਸੋ ਗੁਰੂ ਮਹਾਰਾਜ ਜੀ ਨੇ ਗੁਰਬਾਣੀ ਅੰਦਰ ਪਹਿਲਾਂ ਹੀ ਕਿਸੇ ਲਉ-ਲਿਹਾਜ ਤੋਂ ਬਿਨਾਂ ਫੁਰਮਾਨ ਕੀਤਾ ਹੈ ਕਿ ਨਿਰਾ ਭੇਖ ਧਾਰਨ ਕਰਨ ਨਾਲ ਜਾਂ ਨਿਰਾ ਗੁਰਬਾਣੀ ਪੜ੍ਹਨ ਜਾਂ ਮੱਥਾ ਟੇਕਣ ਨਾਲ ਕਿਸੇ ਦੇ ਜੀਵਨ ਵਿੱਚ ਤਬਦੀਲੀ ਨਹੀਂ ਆਉਣੀ। ਜਿੰਨਾਂ ਚਿਰ ਜੋ ਗੁਰਬਾਣੀ ਪੜ੍ਹ ਰਹੇ ਹਾਂ, ਉਸ ਦੀ ਵੀਚਾਰ ਕਰਕੇ ਉਸ ਅਨੁਸਾਰ ਆਪਣਾ ਜੀਵਨ ਨਹੀਂ ਬਣਾਇਆ ਜਾਂਦਾ। ਸਤਿਗੁਰੂ ਰਾਮਦਾਸ ਜੀ ਦਾ ਬਿਲਾਵਲ



ਰਾਗ ਅੰਦਰ ਫੁਰਮਾਨ ਹੈ :-

**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ***
**ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ॥**

ਮ: ੪, ਪੰਨਾ ੮੩੬

ਸਤਿਗੁਰੂ ਰਾਮਦਾਸ ਜੀ ਦਾ ਧਨਾਸਰੀ ਰਾਗ ਅੰਦਰ ਅੰਕਿਤ ਬਚਨ ਵੀ ਧਿਆਨ ਦੇਣ ਯੋਗ ਹੈ। ਆਪ ਦਾ ਫੁਰਮਾਨ ਹੈ :-

**ਸੇਵਕ ਸਿਖ ਪੂਜਣ ਸਭਿ ਆਵਹਿ****
**ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥**
**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ**
**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥**

ਮ:੪, ਪੰਨਾ ੬੬੯

ਜੇ ਨਿਰਾ ਗੁਰਬਾਣੀ ਨੂੰ ਪੜ੍ਹੀ ਹੀ ਜਾ ਰਹੇ ਹਾਂ। ਜੋ ਗੁਰੂ ਕੀ ਬਾਣੀ ਅੰਦਰ ਉਪਦੇਸ਼ ਹੈ, ਉਸ ਵੱਲ ਧਿਆਨ ਹੀ ਨਹੀਂ ਦਿੰਦੇ, ਫਿਰ ਤਾਂ ਬਾਬਾ ਕਬੀਰ ਜੀ ਦਾ ਫੁਰਮਾਨ ਹੀ ਸਾਖਿਆਤ ਹੋਵੇਗਾ :-

**ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥**
**ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥੧॥**

ਸੋਰਠਿ ਕਬੀਰ ਜੀ, ਪੰਨਾ ੬੫੫

ਅਜਿਹਾ ਪੜ੍ਹਨੇ ਨੂੰ ਤਾਂ ਸਤਿਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਅੰਦਰ ਇਸ਼ਾਰਾ ਦਿੱਤਾ ਹੈ :-

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥**
**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥**
**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥**
**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥**

ਮ:੧, ਪੰਨਾ ੪੬੭

ਨਿਰੇ ਪੜ੍ਹਨ ਨੂੰ ਤਾਂ ਸਤਿਗੁਰੂ ਅਮਰਦਾਸ ਜੀ ਨੇ ਸੰਸਾਰਕ ਕਾਰ ਹੀ ਦਰਸਾਇਆ

*ਗੁਰਬਾਣੀ ਅੰਦਰ ਸਤਿਗੁਰੂ ਜਗਿਆਸੂ ਨੂੰ ਕੁਝ ਹੋਰ ਕਰਨ ਲਈ ਕਹਿੰਦਾ ਹੈ ਪਰ ਜਗਿਆਸੂ ਉਸ ਦੇ ਉਲਟ ਕੁਝ ਹੋਰ ਕਰਦਾ ਹੈ। ਅਜਿਹੇ ਜਗਿਆਸੂ ਦਾ ਧਾਰਮਿਕ ਲਿਬਾਸ, ਨਿਸ਼ਫਲ ਤੇ ਵਿਅਰਥ ਹੈ।

**ਆਪਣੇ ਆਪ ਨੂੰ ਗੁਰੂ ਦੇ ਸੇਵਕ-ਸਿੱਖ ਅਖਵਾਉਣ ਵਾਲੇ, ਗੁਰੂ ਦੇ ਦਰ ਤੇ ਗੁਰੂ ਨੂੰ ਪੂਜਣ ਵੀ ਆਉਂਦੇ ਹਨ ਤੇ ਸਾਰੇ ਗੁਰਬਾਣੀ ਪੜ੍ਹਦੇ ਤੇ ਗਾਉਂਦੇ ਵੀ ਹਨ। ਪਰ ਉਨ੍ਹਾਂ ਦਾ ਗਾਵਿਆ, ਸੁਣਿਆ, ਪੂਜਿਆ ਤਾਂ ਹੀ ਸਤਿਗੁਰੂ ਦੇ ਦਰ ਪ੍ਰਵਾਨ ਹੁੰਦਾ ਹੈ, ਜਿਨ੍ਹਾਂ ਨੇ ਗੁਰਬਾਣੀ ਨੂੰ ਪੜ੍ਹ ਕੇ ਪ੍ਰਭੂ ਦੇ ਹੁਕਮ ਨੂੰ ਸੱਤ ਸੱਤ ਕਰ ਕੇ ਮੰਨਿਆ ਤੇ ਜੀਵਨ ਵਿੱਚ ਧਾਰਨ ਕੀਤਾ ਹੈ ।

ਹੈ। ਆਪ ਦਾ ਫੁਰਮਾਨ ਹੈ :-

**ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥**
**ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ॥**

ਮ:੩, ਪੰਨਾ ੬੫੦

ਸੋ ਲੋੜ ਹੈ, ਅਸੀਂ ਗੁਰਬਾਣੀ ਅਨੁਸਾਰ ਆਪਣਾ ਜੀਵਨ ਬਣਾਈਏ, ਫਿਰ ਸਾਡੀ ਕਰਨੀ ਕਹਿਣੀ ਵਲ ਵੇਖ ਕੇ ਹੀ ਗੁਰਮਤਿ ਦਾ ਪ੍ਰਚਾਰ ਤੇ ਪੰਥ ਦੀ ਚੜਦੀ ਕਲਾ ਸੁਤੇ ਹੀ ਹੋਵੇਗੀ। ਜੇ ਆਪਾਂ ਭੇਖ ਵੀ ਧਾਰਨ ਕੀਤਾ, ਗੁਰੂ ਦੀ ਸਿਖਿਆ ਵੀ ਇੱਕ ਨਾ ਮੰਨੀ, ਫਿਰ ਅਸੀਂ ਹੀ ਪੰਥ ਦੀ ਢਹਿੰਦੀ ਕਲਾ ਦੇ ਭਾਈਵਾਲ ਤੇ ਪੰਥ ਦੇ ਪ੍ਰਚਾਰ ਵਿੱਚ ਰੋੜਾ ਬਣਾਂਗੇ, ਸੋ ਵੀਚਾਰ ਕਰਨ ਦੀ ਲੋੜ ਹੈ।



# ਚਲੋ! ਮੇਰੀ ਖੇਤੀ ਗੜਿਆਂ ਨਾਲ ਮਾਰੀ ਗਈ

ਬਾਬਾ ਜੀ ਅਕਸਰ ਕਈ ਵਾਰੀ ਆਪਣੇ ਜੀਵਨ ਦੀਆਂ ਹੱਡ-ਬੀਤੀਆਂ ਗੱਲਾਂ ਸੁਣਾਇਆ ਕਰਦੇ ਸਨ। ਜਿਨ੍ਹਾਂ ਵਿੱਚੋਂ ਜੀਵਨ ਨੂੰ ਬਹੁਤ ਵੱਡੀ ਤੇ ਨਿੱਗਰ ਸੇਧ ਮਿਲਦੀ ਹੈ। ਅਜਿਹੀ ਹੀ ਇੱਕ ਵਾਰਤਾ ਆਪ ਜੀ, ਇੱਕ ਸੌ ਉਨੀ (119) ਜ਼ਨੂਬੀ ਚੱਕ ਦੀ ਸੁਣਾਇਆ ਕਰਦੇ ਸਨ ਕਿ ਨਾਲ ਦੇ ਚੱਕ ਵਿੱਚ ਹੀ ਇੱਕ ਜਿਮੀਂਦਾਰ ਪ੍ਰਵਾਰ ਰਹਿੰਦਾ ਸੀ। ਉਸ ਜਿਮੀਂਦਾਰ ਦੀ ਘਰਵਾਲੀ ਗੁਰੂ ਘਰ ਦੀ ਬੜੀ ਪ੍ਰੇਮਣ ਸੀ। ਉਸ ਨੇ ਆਪਣੇ ਮਨ ਵਿੱਚ ਸੰਕਲਪ ਕੀਤਾ ਕਿ ਜਦੋਂ ਹਾੜ੍ਹੀ ਦੀ ਫਸਲ ਅਸਾਡੇ ਘਰ ਵਿੱਚ ਆਵੇਗੀ, ਉਸ ਹਾੜ੍ਹੀ ਦੀ ਫਸਲ ਵਰਤਣ ਤੋਂ ਪਹਿਲਾਂ, ਅਸੀਂ ਪੰਜਾਂ ਸਿੰਘਾਂ ਨੂੰ ਲੰਗਰ ਛਕਾ ਕੇ ਫਿਰ ਪ੍ਰਵਾਰ ਛਕੇਗਾ।

## *ਮਾਤਾ ਨੇ ਪੰਜਾਂ ਸਿੰਘਾਂ ਨੂੰ ਪ੍ਰਸ਼ਾਦਾ ਛਕਣ ਲਈ ਬੇਨਤੀ ਕਰਨੀ*

ਮਾਤਾ ਨੇ ਆਪਣੇ ਇਸ ਸੰਕਲਪ ਨੂੰ ਪੂਰਾ ਕਰਨ ਵਾਸਤੇ ਆਪਣੇ ਪਿੰਡ ਦੇ ਇੱਕ ਬਜ਼ੁਰਗ ਸਿੰਘ ਨੂੰ ਬੇਨਤੀ ਕੀਤੀ ਕਿ ਅਸੀਂ ਪੰਜਾਂ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣਾ ਹੈ। ਇੱਕ ਆਪ ਜੀ ਹੋ ਜਾਇਉ, ਬਾਕੀ ਚਾਰ ਸਿੰਘ ਤੁਸੀਂ ਆਪ ਹੀ ਰਹਿਤ-ਬਹਿਤ ਵਾਲੇ ਢੂੰਡ ਲਇਓ। ਤਾਰੀਖ ਤੇ ਦਿਨ ਮਾਤਾ ਜੀ ਨੇ ਉਸ ਸਿਆਣੇ ਬਜ਼ੁਰਗ ਨੂੰ ਦੱਸ ਦਿੱਤਾ। ਉਨ੍ਹੀ ਦਿਨੀਂ, ਅੰਮ੍ਰਿਤਧਾਰੀ ਸਿੰਘ ਲਭਣੇ ਵੀ ਬਹੁਤ ਕਠਿਨ ਸਨ। ਉਸ ਬਜ਼ੁਰਗ ਨੇ, ਇੱਕ ਸਿੰਘ ਆਪਣੇ ਹੀ ਪਿੰਡੋਂ, ਦੋ ਸਿੰਘ ਇੱਕ ਹੋਰ ਚੱਕ ਚੋਂ ਲਭ ਕੇ, ਉਨ੍ਹਾਂ ਨੂੰ ਮਾਤਾ ਜੀ ਵਲੋਂ ਦੁਪਹਿਰ ਦਾ ਪ੍ਰਸ਼ਾਦਾ ਵਰਜ ਦਿੱਤਾ। ਇੱਕ ਹੋਰ ਸਿੰਘ ਦੀ ਘਾਟ ਸੀ, ਉਹ ਬਜੁਰਗ [1]ਮੇਰੇ ਪਾਸ 119 ਚੱਕ ਜ਼ਨੂਬੀ ਵਿੱਚ ਦੁਪਹਿਰ ਨੂੰ ਆਇਆ ਤੇ ਪੰਜਵੇਂ ਸਿੰਘ ਦੀ ਥਾਂ, ਉਸ ਮਾਈ ਦੇ ਘਰ ਮੈਨੂੰ ਪ੍ਰਸ਼ਾਦਾ ਛਕਣ ਲਈ ਕਿਹਾ।

ਬਾਬਾ ਜੀ ਦੱਸਦੇ ਸਨ ਕਿ ਮੈਂ ਬਥੇਰੀ ਨਾਂਹ-ਨੁੱਕਰ ਕੀਤੀ, ਪਰ ਉਸ ਬਜ਼ੁਰਗ ਨੇ ਆਪਣੀ ਬੇ-ਵਸੀ ਦੱਸੀ ਕਿ ਹੋਰ ਸਿੰਘ ਕੋਈ ਰਹਿਤ-ਬਹਿਤ ਵਾਲਾ ਮਿਲਿਆ ਨਹੀਂ, ਜਿਸ ਕਰਕੇ ਮੈਂ ਅੱਜ ਦੁਪਹਿਰੇ ਤੁਹਾਨੂੰ ਕਹਿਣ ਆਇਆ ਹਾਂ। ਸੱਦਾ ਦੇ ਕੇ ਬਜ਼ੁਰਗ ਵਾਪਿਸ ਆਪਣੇ ਨਗਰ ਚਲੇ ਗਏ। ਨੀਯਤ ਦਿਨ ਤੇ ਅਸੀਂ ਸਾਰੇ ਉਸ ਮਾਤਾ ਦੇ ਘਰ ਦੁਪਹਿਰ ਨੂੰ ਪੁੱਜ ਗਏ।

ਮਾਤਾ ਜੀ ਨੇ ਬੜੇ ਪ੍ਰੇਮ-ਪਿਆਰ ਨਾਲ ਧਰਤੀ ਉੱਪਰ ਲੇਪਣ ਕਰਕੇ, ਉੱਪਰ

1. ਬਾਬਾ ਜੀ ਪਾਸ

ਦਰੀ ਵਿਛਾਈ ਹੋਈ ਸੀ ਤੇ ਸਾਡੇ ਲੰਗਰ ਛਕਣ ਵਾਸਤੇ ਦਰੀ ਉੱਪਰ ਦੋਹਰੀਆਂ ਕਰਕੇ ਨਵੀਆਂ ਚਾਦਰਾਂ ਦੀ ਵਿਛਾਈ ਕੀਤੀ ਹੋਈ ਸੀ। ਮਾਤਾ ਨੇ ਪਾਣੀ ਨਾਲ ਸਾਡੇ ਪੈਰ ਧੁਆਏ। ਘਰ ਅੰਦਰ ਪ੍ਰਵੇਸ਼ ਕਰਨ ਤੋਂ ਪਹਿਲਾਂ, ਸਾਡੇ ਰੋਕਣ ਤੇ ਵੀ ਉਸ ਨੇ ਆਪਣੀ ਪ੍ਰਸੰਨਤਾ ਪ੍ਰਗਟ ਕਰਨ ਲਈ, ਬੂਹੇ ਦੀ ਸਰਦਲ ਉੱਪਰ, ਦੁਵੱਲੀ ਤੇਲ ਚੋਇਆ ਤੇ ਬੜੇ ਪ੍ਰੇਮ ਨਾਲ ਸਾਨੂੰ ਵਿਛਾਏ ਹੋਏ ਆਸਣ ਤੇ ਬਿਠਾਇਆ ਤੇ ਆਪਣੇ ਲੜਕੇ ਨੂੰ ਸਾਨੂੰ ਪੱਖਾ ਝੱਲਣ ਵਾਸਤੇ ਕਿਹਾ। ਮਾਤਾ ਦਾ ਲੜਕਾ ਸਾਨੂੰ ਪੱਖਾ ਝੱਲਣ ਲੱਗ ਪਿਆ। ਪਤੀ-ਪਤਨੀ ਨੇ ਮੁੜ ਸਾਡੇ ਹੱਥ ਸੁੱਚੇ ਕਰਾਏ ਤੇ ਖੱਦਰ ਦਾ ਸਾਫਾ ਹੱਥ ਸੁੱਕੇ ਕਰਨ ਲਈ ਦਿੱਤਾ ਤੇ ਬੜੇ ਹੀ ਚਾਅ ਦੇ ਨਾਲ, ਮਾਤਾ ਜੀ ਨੇ ਪੰਜ ਥਾਲ ਕੌਲੀਆਂ ਨਾਲ ਸਜਾ ਕੇ ਵਾਰੀ-ਵਾਰੀ ਸਾਡੇ ਅੱਗੇ ਰੱਖੇ, ਉਪ੍ਰੰਤ ਬਣਾਏ ਹੋਏ ਪਦਾਰਥ, ਦਾਲ, ਸਬਜੀ, ਖੀਰ, ਖੱਟਾ, ਘਿਉ ਸ਼ੱਕਰ ਆਦਿ ਪਦਾਰਥ ਕੌਲੀਆਂ ਵਿੱਚ ਪਾ ਕੇ, ਦਾਲ-ਸਬਜੀ ਵਿੱਚ ਉਚੇਚਾ ਘਿਓ ਪਾਇਆ। ਜਦੋਂ ਸਾਰਿਆਂ ਦੇ ਥਾਲਾਂ ਵਿੱਚ ਪੂਰੀ ਸਮੱਗਰੀ ਪੈ ਗਈ, ਉਸ ਬਜੁਰਗ ਨੇ ਜੈਕਾਰਾ ਛੱਡ ਦਿੱਤਾ। ਅਸੀਂ ਸਾਰਿਆਂ ਨੇ ਪ੍ਰਸ਼ਾਦਾ ਛਕਣਾ ਅਰੰਭ ਕਰ ਦਿੱਤਾ। ਉਹ ਦੋਵੇਂ ਪਤੀ ਪਤਨੀ ਲੋੜ ਅਨੁਸਾਰ ਸਾਰੀਆਂ ਵਸਤੂਆਂ ਵਰਤਾਉਂਦੇ ਰਹੇ। ਲੜਕਾ ਪੰਜਾਂ ਸਿੰਘਾਂ ਨੂੰ ਲਗਾਤਾਰ ਪੱਖਾ ਝੱਲਦਾ ਰਿਹਾ। ਸਾਰਿਆਂ ਨੇ ਲੋੜ ਅਨੁਸਾਰ ਪ੍ਰਸ਼ਾਦਾ ਛਕ ਕੇ ਤ੍ਰਿਪਤੀ ਕੀਤੀ।

ਪ੍ਰਸ਼ਾਦਾ ਛਕ ਲੈਣ ਉਪ੍ਰੰਤ, ਮੁੜ ਮਾਤਾ ਜੀ ਤੇ ਉਨ੍ਹਾਂ ਦੇ ਘਰ ਵਾਲੇ ਨੇ ਸਾਡੇ ਹੱਥ ਸੁੱਚੇ ਕਰਾਏ। ਹੱਥ ਸੁੱਚੇ ਕਰਾਉਣ ਉਪ੍ਰੰਤ ਮਾਤਾ ਜੀ ਤੇ ਮਾਤਾ ਜੀ ਦਾ ਪਤੀ ਸਾਡੇ ਸਾਹਮਣੇ ਚੌਂਕੜਾ ਮਾਰ ਕੇ ਬੈਠ ਗਏ। ਮਾਤਾ ਜੀ ਸਾਨੂੰ ਪੰਜਾਂ ਨੂੰ ਸੰਬੋਧਨ ਕਰਕੇ ਕਹਿਣ ਲੱਗੀ ! ਜਿਹੋ ਜਿਹਾ ਰੁੱਖਾ ਮਿੱਸਾ ਪ੍ਰਸ਼ਾਦਾ ਸਾਥੋਂ ਸਰ-ਬਣ ਆਇਆ, ਅਸੀਂ ਆਪਣੇ ਵਿੱਤ ਅਨੁਸਾਰ, ਆਪ ਜੀ ਦੇ ਸਨਮੁਖ ਹਾਜ਼ਰ ਕਰ ਦਿੱਤਾ। ਸਾਡੇ ਨਿਮਾਣਿਆਂ ਪਾਸੋਂ ਸੇਵਾ ਕਰਦਿਆਂ ਕੋਈ ਭੁੱਲ-ਚੁੱਕ ਹੋ ਗਈ ਹੋਵੇ ਤਾਂ ਖਿਮਾਂ ਕਰ ਦੇਣਾ ਅਤੇ ਨਾਲ ਹੀ ਮਾਤਾ ਦੇ ਪਤੀ ਨੇ ਉੱਠ ਕੇ ਪੰਜ ਸਿਰੋਪੇ ਸਾਡੇ ਸਾਰਿਆਂ ਦੇ ਗਲ ਵਿੱਚ ਪਾ ਦਿੱਤੇ।

### *ਮਾਤਾ ਜੀ ਨੇ ਪ੍ਰਸ਼ਾਦਾ ਛਕਾਉਣ-ਉਪ੍ਰੰਤ ਅਰਦਾਸ ਕਰਨ ਲਈ ਕਹਿਣਾ*

ਸਿਰੋਪੇ ਗਲਾਂ ਵਿੱਚ ਪਾਉਣ ਤੋਂ ਉਪ੍ਰੰਤ ਪਿੰਡ ਵਾਲੇ ਬਜੁਰਗ ਨੇ ਮਾਤਾ ਨੂੰ ਸੰਬੋਧਨ ਕਰਕੇ ਕਿਹਾ ਕਿ ਹੁਣ ਸਾਨੂੰ ਜਾਣ ਦੀ ਆਗਿਆ ਬਖਸ਼ੋ। ਮਾਤਾ ਜੀ ਕਹਿਣ ਲੱਗੇ, ਪ੍ਰਸ਼ਾਦਾ ਛਕੇ ਦੀ ਅਰਦਾਸ ਤਾਂ ਕਰ ਦਿਓ। ਮਾਤਾ ਜੀ ਵੱਲੋਂ ਕਹੇ ਸ਼ਬਦ ਕਿ ਪ੍ਰਸ਼ਾਦਾ ਛਕੇ ਦੀ ਅਰਦਾਸ ਤਾਂ ਕਰ ਦਿਉ, ਸੁਣ ਕੇ ਸਾਰੇ ਇੱਕ ਦੂਸਰੇ ਦੇ ਮੂੰਹ ਵੱਲ ਵੇਖਣ ਲੱਗ ਪਏ। ਇੱਕ ਦੂਸਰੇ ਨੂੰ ਕਹੇ ਕਿ ਤੂੰ ਅਰਦਾਸ ਕਰ, ਦੂਜਾ ਤੀਜੇ ਨੂੰ ਤੇ ਤੀਜਾ ਚੌਥੇ ਨੂੰ ਕਹੇ, ਸਾਰਿਆਂ ਨੇ ਨਾਂਹ ਕਰ ਦਿੱਤੀ ਕਿ ਮਾਤਾ ਜੀ ! ਸਾਨੂੰ ਅਰਦਾਸ



ਨਹੀਂ ਕਰਨੀ ਆਉਂਦੀ।

ਇਹ ਗੱਲ ਪੰਜਾਂ ਪਾਸੋਂ ਸੁਣ ਕੇ ਮਾਤਾ ਪਾਸੋਂ ਵੀ ਰਿਹਾ ਨਾ ਗਿਆ। ਉਹ ਕਹਿਣ ਲੱਗੀ, ਤੁਹਾਨੂੰ ਪ੍ਰਸ਼ਾਦਾ ਤਾਂ ਛਕਣਾ ਆਉਂਦਾ ਹੈ ਪਰ ਦੇਣ ਵਾਲੇ ਦਾਤੇ ਦਾ ਸ਼ੁਕਰਾਨਾ ਨਹੀਂ ਕਰਨਾ ਆਉਂਦਾ? ਬੜੀ ਭਾਵਨਾ ਨਾਲ ਮੈਂ ਤੁਹਾਨੂੰ ਪ੍ਰਸ਼ਾਦਾ ਛਕਾਇਆ ਹੈ ਤੇ ਭਾਵਨਾ ਰੱਖੀ ਸੀ ਕਿ ਨਵੀਂ ਫਸਲ ਆਈ ਆ, ਪੰਜ ਸਿੰਘ ਲੰਗਰ ਛੱਕ ਕੇ ਫਸਲ ਦੇਣ ਵਾਲੇ ਦਾਤੇ ਦਾ ਧੰਨਵਾਦ ਕਰਨਗੇ ਤੇ ਸਾਡੇ ਕਾਰ-ਵਿਹਾਰ ਦੀ ਚੜ੍ਹਦੀ ਕਲਾ, ਗੁਰਸਿੱਖੀ ਜੀਵਨ ਲਈ ਅਰਦਾਸ ਕਰਨਗੇ। ਪਰ ਤੁਸੀਂ ਕੋਰੀ ਨਾਂਹ ਕਰ ਦਿੱਤੀ ਕਿ ਸਾਨੂੰ ਅਰਦਾਸ ਹੀ ਨਹੀਂ ਕਰਨੀ ਆਉਂਦੀ ਤੇ ਨਾਲ ਹੀ ਉਸ ਮਾਈ ਨੇ ਹਉਕਾ ਭਰ ਕੇ ਕਿਹਾ ਕਿ ਚਲੋ ! ਮੈਂ ਹੁਣ ਇਹ ਸਮਝ ਲਵਾਂਗੀ ਕਿ ਮੇਰੀ ਫਸਲ ਤੇ [1]ਗੜਿਆਂ ਨੇ ਮਾਰ ਕਰ ਦਿੱਤੀ ਹੈ।

ਮਾਤਾ ਦੇ ਇਹ ਬਚਨ ਸੁਣ ਕੇ ਅਸੀਂ ਸਾਰੇ ਬੜੇ ਸ਼ਰਮਸਾਰ ਹੋਏ। ਪ੍ਰਵਾਰ ਪਾਸੋਂ ਵਿਦਾਇਗੀ ਲੈ ਬਾਹਰ ਆ ਕੇ ਸਾਰੇ ਇੱਕ ਦੂਜੇ ਨੂੰ ਕਹਿਣ ਲੱਗੇ ਕਿ ਅੱਜ ਬੜੀ ਬੇਇੱਜ਼ਤੀ ਹੋਈ ਹੈ। ਮਾਤਾ ਨੇ ਸਾਡੀ ਸਾਰਿਆਂ ਦੀ ਲਾਹ ਕੇ ਰੱਖ ਦਿੱਤੀ। ਭੋਰਾ ਜਿੰਨਾਂ ਵੀ ਲਿਹਾਜ ਨਹੀਂ ਕੀਤਾ। ਇੱਕ ਬਜ਼ੁਰਗ ਸਾਡੇ ਵਿੱਚੋਂ ਹੀ ਕਹਿਣ ਲੱਗਾ ! ਮਾਈ ਨੇ ਕੋਈ ਸਾਡੇ ਨਾਲ ਵਾਧਾ ਨਹੀਂ ਕੀਤਾ। ਉਸ ਨੇ ਤਾਂ ਸੱਚੋ ਸੱਚ ਕਹਿ ਦਿੱਤਾ। ਸੱਚ ਕੌੜਾ ਹੋਣ ਕਰਕੇ ਹੁਣ ਸਾਨੂੰ ਸਾਰਿਆਂ ਨੂੰ ਮਿਰਚਾਂ ਲਗਦੀਆਂ ਹਨ। ਮੂੰਹ ਚੁੱਕ ਕੇ ਪੰਜਾਂ ਸਿੰਘਾਂ ਦਾ ਪ੍ਰਸ਼ਾਦਾ ਛਕਣ ਤਾਂ ਤੁਰ ਪੈਂਦੇ ਆਂ, ਨਾਲ ਇੱਕ ਅਰਦਾਸੀਆ ਵੀ ਲੈ ਚਲਿਆ ਕਰੋ, ਜਿਹੜਾ ਤੁਹਾਡੇ ਛਕੇ ਪ੍ਰਸ਼ਾਦੇ ਦੀ ਅਰਦਾਸ ਕਰ ਦਿਆ ਕਰੇ ਤੇ ਨਾਲ ਹੀ ਬਾਬਾ ਜੀ ਦੱਸਣ ਕਿ ਉਸ ਬਜੁਰਗ ਨੇ ਮੈਨੂੰ ਸੰਬੋਧਨ ਕਰਕੇ ਕਿਹਾ, ਭਾਈ ਹਰਨਾਮ ਸਿੰਘ ! ਠੀਕ ਨਹੀਂ?

ਮੈਂ ਬਜੁਰਗਾਂ ਨੂੰ ਬੇਨਤੀ ਕੀਤੀ, ਬਾਪੂ ਜੀ ! ਇਹ ਸਾਡੀ ਸਾਰਿਆਂ ਦੀ ਢਿੱਲ ਹੈ। ਜਿਸ ਨੂੰ ਸਾਨੂੰ ਮੰਨ ਲੈਣਾ ਚਾਹੀਦਾ ਹੈ। ਮਾਤਾ ਦਾ ਅਸੀਂ ਧੰਨਵਾਦ ਕਰੀਏ, ਜਿਸ ਨੇ ਸਾਨੂੰ ਸੱਚੀਆਂ ਗੱਲਾਂ ਕਹਿ ਕੇ ਆਪਣੇ ਫਰਜ਼ ਤੋਂ ਅਵੇਸਲੇ ਹੋਇਆਂ ਨੂੰ ਸੁਚੇਤ ਕਰ ਦਿੱਤਾ। ਅਰਦਾਸ ਕਰਨੀ ਨਿਰਾ ਅਰਦਾਸੀਏ ਦਾ ਕੰਮ ਨਹੀਂ, ਹਰ ਗੁਰਸਿੱਖ ਨੂੰ ਅਰਦਾਸ ਕਰਨੀ ਆਉਣੀ ਚਾਹੀਦੀ ਹੈ। ਇੱਥੇ ਤਾਂ ਆਪਾਂ ਮਾਤਾ ਦੇ ਘਰ ਪ੍ਰਸ਼ਾਦਾ ਛਕਣ ਆਏ ਸਾਂ ਪਰ ਘਰ ਵਿੱਚ ਕਿਹੜਾ ਸਾਡਾ ਆਪਣਾ ਹੈ, ਸਾਰਾ ਦਾਣਾ-ਪਾਣੀ ਪ੍ਰਮਾਤਮਾ ਦਾ ਦਿੱਤਾ ਹੋਇਆ ਹੈ। ਘਰ ਵਿੱਚ ਪ੍ਰਸ਼ਾਦਾ ਛੱਕਣ ਉਪ੍ਰੰਤ ਆਪਾਂ ਕਿਹੜੇ ਅਰਦਾਸੀਏ ਨੂੰ ਕਹਾਂਗੇ ਕਿ ਪ੍ਰਸ਼ਾਦਾ ਮੈਂ ਛਕਿਆ ਹੈ, ਧੰਨਵਾਦ ਤੂੰ ਗੁਰੂ ਮਹਾਰਾਜ ਜੀ ਦਾ ਕਰ ਦੇਹ। ਬਾਪੂ ਜੀ ! ਮੈਂ ਸ਼ਾਮ ਦਾ ਪ੍ਰਸ਼ਾਦਾ

*1.* ਜਿਸ ਤਰ੍ਹਾਂ ਪੱਕੀ ਫਸਲ ਉੱਪਰ ਗੜੇ ਪੈ ਜਾਣ ਨਾਲ ਸਾਰੀ ਫਸਲ ਬਰਬਾਦ ਹੋ ਕੇ ਅਕਾਰਥ ਚਲੀ ਜਾਂਦੀ ਹੈ ਤਿਵੇਂ ਮੇਰੇ ਪ੍ਰਵਾਰ ਵੱਲੋਂ ਵੀ ਤੁਹਾਨੂੰ ਛਕਾਇਆ ਹੋਇਆ ਪ੍ਰਸ਼ਾਦਾ ਅਕਾਰਥ ਚਲਾ ਗਿਆ ਸਮਝ ਲਵਾਂਗੀ।

ਅਰਦਾਸ ਯਾਦ ਕਰਕੇ ਹੀ ਛੱਕਾਂਗਾ ਤੇ ਯਾਦ ਕੀਤੀ ਅਰਦਾਸ ਦੁਆਰਾ ਛਕੇ ਪ੍ਰਸ਼ਾਦੇ ਦਾ ਧੰਨਵਾਦ ਕਰਾਂਗਾ। ਸਾਰੇ ਬਜੁਰਗਾਂ ਨੇ ਪ੍ਰਣ ਕੀਤਾ ਕਿ ਇਹ ਸਾਡੀ ਢਿੱਲ ਰਹੀ ਹੈ। ਮਾਈ ਨੇ ਸਾਨੂੰ ਮਾਨੋ ਸੁੱਤਿਆਂ ਨੂੰ ਜਗਾਇਆ ਹੈ। ਜਿਸ ਦਾਤੇ ਦੀਆਂ ਦਿੱਤੀਆਂ ਦਾਤਾਂ ਆਪਾਂ ਵਰਤ ਰਹੇ ਹਾਂ ਅਤੇ ਅਨੇਕ ਪ੍ਰਕਾਰ ਦੇ ਭੋਜਨ ਛਕਦੇ ਹਾਂ, ਉਸ ਦਾ ਸਾਰੀ ਉਮਰ ਧੰਨਵਾਦ ਕਰਨ ਦਾ ਚੇਤਾ ਹੀ ਨਹੀਂ ਆਇਆ।

### *ਬਾਬਾ ਜੀ ਤੇ ਬਾਕੀ ਸਿੰਘਾਂ ਨੇ ਵੀ ਅਰਦਾਸ ਯਾਦ ਕਰ ਲਈ*

ਬਾਬਾ ਜੀ ਦੱਸਦੇ ਸਨ ਕਿ ਹਫਤੇ ਕੁ ਬਾਅਦ ਮੈਂ ਇੱਕ ਦੋ ਸਿੰਘ ਜਿਹੜੇ ਮਾਈ ਦੇ ਘਰ ਪ੍ਰਸ਼ਾਦਾ ਛਕਣ ਗਏ ਸਨ, ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਅਰਦਾਸ ਯਾਦ ਕਰ ਲਈ ਹੈ? ਇੱਕ ਨੇ ਤਾਂ ਬਿਲਾਸ ਵਿੱਚ ਕਿਹਾ ਕਿ ਮਾਤਾ ਪਾਸੋਂ, ਇੰਨਾ [1]ਖਰਖਰਾ ਕਰਾ ਕੇ ਵੀ ਜੇ ਅਰਦਾਸ ਯਾਦ ਨਾ ਕਰਦੇ ਤਾਂ ਸਾਡੇ ਜੀਊਂਣ ਤੇ ਵੀ ਲਾਹਣਤ ਸੀ ਤੇ ਨਾਲ ਹੀ ਉਨ੍ਹਾਂ ਮੈਨੂੰ ਪੁੱਛਿਆ ਕਿ ਭਾਈ ਹਰਨਾਮ ਸਿੰਘ ! ਕੀ ਤੁਸੀਂ ਅਰਦਾਸ ਯਾਦ ਕਰ ਲਈ ਹੈ? ਮੈਂ ਉੱਤਰ ਦਿੱਤਾ ਕਿ ਮੈਂ ਤਾਂ ਘਰ ਜਾਂਦੇ ਹੀ ਸੁਖਮਨੀ ਸਾਹਿਬ ਵਿੱਚੋਂ ਛੇਵੀਂ ਅਸ਼ਟਪਦੀ ਦਾ ਸਲੋਕ ਯਾਦ ਕਰ ਲਿਆ ਸੀ ਤੇ ਹੁਣ ਹਰ ਸਮੇਂ ਸਵੇਰੇ ਸ਼ਾਮ ਜਦੋਂ ਵੀ ਪ੍ਰਸ਼ਾਦਾ ਛਕਣਾ ਹੋਵੇ ਤਾਂ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਇਹ ਸਲੋਕ :

**ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥[2]**
**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥੧॥**

ਸੁਖਮਨੀ ਮ.੫, ਪੰਨਾ ੨੬੯

ਪੜ੍ਹ ਕੇ ਨਾਲ ਬੇਨਤੀ ਕਰੀਦੀ ਹੈ, ਹੇ ਅਕਾਲ ਪੁਰਖ ਅੰਤਰਯਾਮੀ ਸਤਿਗੁਰੂ ਜੀਉ ! ਆਪ ਜੀ ਦੀਆਂ ਬਖਸ਼ਿਸ਼ ਕੀਤੀਆਂ ਦਾਤਾਂ ਵਿੱਚੋਂ ਲੰਗਰ ਤਿਆਰ ਹੈ, ਆਪ ਕਿਰਪਾ ਕਰਕੇ ਭੋਗ ਲਾਵੋ ਅਤੇ ਸੀਤ ਪ੍ਰਸ਼ਾਦਿ ਆਪਣੇ ਸੇਵਕਾਂ ਨੂੰ ਬਖਸ਼ਿਸ਼ ਕਰੋ। ਜੇ ਵਡੀ ਅਰਦਾਸ ਕਰਕੇ ਪਹਿਲਾਂ ਪ੍ਰਸ਼ਾਦੇ ਨੂੰ ਭੋਗ ਲੁਆਇਆ ਹੋਵੇ ਤਦ ਉੱਪਰ ਵਾਲਾ ਸਲੋਕ ਪੜ੍ਹ ਕੇ ਨਾਲ ਹੇਠ ਲਿਖਿਆਂ ਪੰਗਤੀਆਂ–

**ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ॥[3]**
**ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ॥੩॥**

ਮ:੫, ਪੰਨਾ ੧੦੯੬

ਪੜ੍ਹ ਕੇ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਬੁਲਾ ਕੇ, ਜੈਕਾਰਾ ਛੱਡ ਕੇ ਪ੍ਰਸ਼ਾਦਾ ਛਕਣਾ ਸ਼ੁਰੂ ਕਰੀਦਾ ਹੈ।

1. ਝਾੜ–ਝੰਭ
2. ਹੇ ਗੁਰਦੇਵ (ਪ੍ਰਭੂ) ਮੈਂ ਤੇਰੀ ਸ਼ਰਣ ਵਿੱਚ ਆਇਆ ਹਾਂ, ਕ੍ਰਿਪਾ ਕਰਕੇ ਮੇਰੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜੋ ਤੈਥੋਂ ਭੁਲਾਉਣ ਵਾਲੇ ਹਨ, ਉਨ੍ਹਾਂ ਨੂੰ ਨਾਸ਼ ਕਰ ਦਿਉ।
3. ਥਾਲ ਵਿੱਚ ਪ੍ਰੋਸੇ ਹੋਏ ਮਿੱਠੇ ਸਵਾਦੀਕ ਪ੍ਰਸ਼ਾਦੇ, ਉਹ ਹੀ ਅਨੰਦ ਨਾਲ ਰੱਜ–ਰੱਜ ਕੇ ਛਕਦੇ ਹਨ ਜੋ ਆਪਣੇ ਗੁਰੂ ਨੂੰ ਹੁਕਮ ਰਜ਼ਾਈ ਚੱਲ ਕੇ ਰੀਝਾਅ ਲੈਂਦੇ ਹਨ।



### *ਪ੍ਰਸ਼ਾਦਾ ਛਕਣ ਉਪ੍ਰੰਤ ਕਰਨ ਵਾਲੀ ਅਰਦਾਸ*

ਪਰਸ਼ਾਦਾ ਛਕਣ ਉਪ੍ਰੰਤ ਹੇਠ ਲਿਖੇ ਸਲੋਕਾਂ ਵਿੱਚੋਂ ਕਿਸੇ ਇੱਕ ਸਲੋਕ ਦਾ ਉਚਾਰਨ ਕਰਕੇ:

**[1]ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥**
**ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥**
**ਦੈਨਹਾਰੁ ਸਦ ਜੀਵਨਹਾਰਾ॥ ਮਨ ਮੂਰਖ ਕਿਉ ਤਾਹਿ ਬਿਸਾਰਾ॥**
**ਦੋਸੁ ਨਹੀ ਕਾਹੂ ਕਉ ਮੀਤਾ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ॥**
**ਦਰਦ ਨਿਵਾਰਹਿ ਜਾ ਕੇ ਆਪੇ॥ ਨਾਨਕ ਤੇ ਤੇ ਗੁਰਮੁਖਿ ਧ੍ਰਾਪੇ॥੩੪॥**

ਗਉੜੀ ਮ:੫, ਪੰਨਾ ੨੫੭

ਜਾਂ ਪੰਜਵੇਂ ਪਾਤਸ਼ਾਹ ਜੀ ਦਾ ਸਲੋਕ:

**[2]ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ॥**
**ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ॥**
**ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ॥**
**ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ॥੧॥**

ਸਲੋਕ ਮ:੫, ਪੰਨਾ ੩੨੦

**[3]ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥**
**ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥੨੨॥**

ਆਸਾ ਦੀ ਵਾਰ, ਪੰਨਾ ੪੭੪

**ਜਾਂ**

1. ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਕੇਵਲ ਇੱਕ ਪਰਮਾਤਮਾ ਹੀ ਹੈ। ਉਸ ਦਾਤਾਰ ਦੇ ਅਣਗਿਣਤ ਭੰਡਾਰੇ ਭਰੇ ਪਏ, ਜਿਸ ਕਰਕੇ ਉਸ ਦੇ ਭੰਡਾਰਿਆਂ ਵਿੱਚ ਰੰਚਕ ਮਾਤ੍ਰ ਵੀ ਕਮੀ (ਤੋਟ) ਨਹੀਂ ਆਉਂਦੀ। ਉਹ ਦਾਤਾਰ ਸਦਾ ਸਲਾਮਤ ਤੇ ਅਮਰ ਹੈ। ਹੇ ਮੂਰਖ ਮਨ ! ਤੂੰ ਅਜਿਹੇ ਦਾਤੇ ਨੂੰ ਕਿਉਂ ਵਿਸਾਰ ਦਿੱਤਾ ਹੈ? ਮਾਇਆ ਦਾ ਮੋਹ ਤੇ ਮਾਇਆ ਦੇ ਬੰਧਨ, ਸਭ ਆਪ ਹੀ ਪਰਮਾਤਮਾ ਨੇ ਬਣਾਏ ਹਨ। ਇਸ ਲਈ ਇਨ੍ਹਾਂ ਬੰਧਨਾਂ ਲਈ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਜਿਸ ਮਨੁੱਖ ਦੇ ਸਰੀਰਕ ਤੇ ਆਤਮਿਕ ਦੁੱਖ-ਦਰਦ ਪਰਮੇਸ਼ਰ ਦੂਰ ਕਰ ਦਿੰਦਾ ਹੈ, ਉਹ ਮਨੁੱਖ ਸਦਾ ਸਦਾ ਵਾਸਤੇ ਤ੍ਰਿਪਤ ਹੋ ਕੇ ਅਨੰਦਤ ਜੀਵਨ ਮਾਣਦਾ ਹੈ।
2. ਹੇ ਪਰਮਾਤਮਾ ! ਮੈਂ ਤੇਰੇ ਦਰ ਦਾ ਮੰਗਤਾ ਬਣ ਕੇ ਤੈਥੋਂ ਦਾਨ ਮੰਗਦਾ ਹਾਂ। ਕਿਰਪਾ ਕਰਕੇ ਮੈਨੂੰ ਦਾਨ ਦਿਉ ਜੀ। ਹੇ ਦੇਣਹਾਰ ਦਾਤੇ ! ਮੈਂ ਤੈਨੂੰ ਨਿੱਤ ਨਿੱਤ ਹੀ ਯਾਦ ਕਰਦਾ ਹਾਂ। ਹੇ ਪਰਮਾਤਮਾ ! ਤੇਰੇ ਭੰਡਾਰੇ ਅਖੁੱਟ ਹਨ, ਜਿਨ੍ਹਾਂ ਵਿੱਚ ਕਦੇ ਤੋਟ ਨਹੀਂ ਆਉਂਦੀ। ਹੇ ਪ੍ਰਭੂ ! ਤੇਰਾ ਨਾਮ ਪਾਰਾਵਾਰ ਤੋਂ ਪਰ੍ਹੇ ਹੈ। ਨਾਮ ਸ਼ਬਦ ਨੇ ਮੇਰਾ ਸਾਰਾ ਲੋਕ ਪ੍ਰਲੋਕ ਸੰਵਾਰ ਦਿੱਤਾ ਹੈ।
3. ਜਿਸ ਪ੍ਰਭੂ ਦੇ ਬਖਸ਼ਿਸ਼ ਕੀਤੇ ਪਦਾਰਥ ਖਾਈਦੇ ਹਨ। ਉਸ ਦੀ ਸਿਫਤ ਸਲਾਹ ਵੀ ਕਰਨੀ ਚਾਹੀਦੀ ਹੈ। ਉਸ ਪ੍ਰਭੂ ਅੱਗੇ ਕਿਸੇ ਦਾ ਹੁਕਮ ਨਹੀਂ ਚਲਦਾ। ਉਸ ਅੱਗੇ ਤਾਂ ਹਮੇਸ਼ਾ ਅਰਦਾਸ ਹੀ ਕਰਨੀ ਬਣਦੀ ਹੈ।

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥[1]
ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥
ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀ ਕਰਮ ਬਿਚਾਰੈ॥
ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥

ਤ੍ਵਪ੍ਰਸਾਦਿ ਸਵਯੇ ॥੨੯੩॥ ਪਾ: ੧੦

ਪੜ੍ਹ ਕੇ, ਹੇ ਅਕਾਲ ਪੁਰਖ ਅੰਤਰਜਾਮੀ ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਂਰਾਜ! ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ! ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ! ਆਪ ਜੀ ਦੀਆਂ ਬਖਸ਼ਿਸ਼ ਕੀਤੀਆਂ ਦਾਤਾਂ ਵਿੱਚੋਂ ਸਮੂਹ ਸੰਗਤਾਂ ਨੇ ਲੰਗਰ, ਜਲ-ਪਾਣੀ ਤੇ ਬਿਅੰਤ ਪਦਾਰਥ ਛਕੇ, ਦੇਗ ਤੇਗ ਫਤਹਿ, ਸੰਗਤਾਂ ਛਕਦੀਆਂ ਛਕਾਉਂਦੀਆਂ ਆਪ ਜੀ ਦਾ ਪਵਿਤ੍ਰ ਨਾਮ ਜਪਣ। ਸੇਵਾਦਾਰਾਂ ਨੂੰ ਸੇਵਾ ਦੇ ਫਲ ਸਰੂਪ ਗੁਰਸਿੱਖੀ ਜੀਵਨ, ਚੜ੍ਹਦੀ ਕਲਾ, ਨਾਮ ਦੀ ਦਾਤ ਪ੍ਰਦਾਨ ਕਰੋ। ਗੁਰਮਤਿ ਅਨੁਸਾਰ ਸੇਵਕਾਂ ਦੀਆਂ ਮਨੋਕਾਮਨਾਂ ਪੂਰਨ ਕਰੋ। ਕਾਰੋਬਾਰਾਂ ਵਿੱਚ ਬਰਕਤਾਂ ਪਾਵੋ।

ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਉਪ੍ਰੰਤ ਜੈਕਾਰੇ ਨਾਲ ਸਮਾਪਤੀ ਕਰ ਦੇਣੀ।

ਜੇ ਇਹ ਸਲੋਕ ਨਾ ਵੀ ਯਾਦ ਹੋਣ, ਤਦ ਮੂਲ ਮੰਤ੍ਰ ਦਾ ਪਾਠ ਕਰਕੇ, ਪ੍ਰਸ਼ਾਦਾ ਛਕਣ ਲਈ ਅਰੰਭ ਦੀ ਅਰਦਾਸ ਕਰ ਲੈਣੀ ਚਾਹੀਦੀ ਹੈ। ਉਪ੍ਰੰਤ ਪ੍ਰਸ਼ਾਦਾ ਛਕ ਕੇ ਮੁੜ ਮੂਲ ਮੰਤ੍ਰ ਦਾ ਪਾਠ ਕਰਕੇ ਸਤਿਗੁਰੂ ਜੀ ਦਾ ਧੰਨਵਾਦ ਕਰ ਦੇਣਾ ਚਾਹੀਦਾ ਹੈ। ਕਿਉਂਕਿ ਜੋ ਕੁਝ ਵੀ ਆਪਾਂ ਖਾ ਪੀ, ਪਹਿਨ ਭੋਗ ਰਹੇ ਹਾਂ, ਇਹ ਸਭ ਉਸ ਦਾਤਾਰ ਮਾਲਕ ਪਰਮਾਤਮਾ ਦੀ ਰਹਿਮਤ ਨਾਲ ਵਰਤ ਰਹੇ ਹਾਂ। ਜੇ ਉਸ ਦਾਤਾਰ ਦੀ ਰਹਿਮਤ ਨਾ ਹੋਵੇ, ਮਨੁੱਖ ਦਾ ਸਾਰਾ ਕੁਝ ਖਾਣਾ, ਪੀਣਾ, ਪਹਿਨਣਾ ਛੁੱਟ ਜਾਂਦਾ ਹੈ। ਤਦ ਹੀ ਸੁਖਮਨੀ ਸਾਹਿਬ ਜੀ ਦੀ ਬਾਣੀ ਅੰਦਰ ਸਤਿਗੁਰੂ ਅਰਜਨ ਦੇਵ ਜੀ ਨੇ ਉਸ ਦਾਤਾਰ ਦੀਆਂ ਬਖਸ਼ਿਸ਼ਾਂ, ਜੋ ਆਪਾਂ ਵਰਤ ਰਹੇ ਹਾਂ, ਉਨ੍ਹਾਂ ਦਾ ਜ਼ਿਕਰ ਕਰਕੇ, ਸਾਨੂੰ ਦਾਤਾਂ ਦੇਣ ਵਾਲੇ ਦਾਤਾਰ ਦਾ ਧੰਨਵਾਦ ਤੇ ਸ਼ੁਕਰਾਨਾ ਕਰਨ ਲਈ ਬਾਰੰਬਾਰ ਪ੍ਰੇਰਨਾ ਦਿੱਤੀ ਹੈ। ਹੇ ਮਨੁੱਖ!

1. ਪਰਮਾਤਮਾ ਦੀਨਾਂ-ਦੁਖੀਆਂ ਦੀ ਸਦਾ ਪ੍ਰਤਿਪਾਲਣਾ ਕਰਦਾ ਹੈ। ਸੰਤ ਜਨਾਂ ਦੇ ਮਾਣ ਸਤਿਕਾਰ ਨੂੰ ਹਮੇਸ਼ਾਂ ਉੱਚਾ ਕਰਦਾ ਹੈ ਅਤੇ ਅਤਿਆਚਾਰੀਆਂ ਦਾ ਵਿਨਾਸ਼ ਕਰਦਾ ਹੈ। ਸਾਰੇ ਪਸ਼ੂਆਂ ਪੰਛੀਆਂ, ਸੱਪਾਂ, ਰਾਜਿਆਂ ਤੇ ਪਹਾੜਾਂ ਦੀ ਹਰ ਸਮੇਂ ਪਾਲਣਾ ਕਰਦਾ ਹੈ। ਜਲਾਂ ਵਿੱਚ, ਥਲਾਂ ਵਿੱਚ, ਹਰ ਥਾਂ, ਹਰ ਸਮੇਂ, ਹਰ ਪਲ ਸਾਰੇ ਜੀਵਾਂ ਦੀ ਪਾਲਣਾ-ਪੋਸ਼ਣਾ ਕਰਦਾ ਤੇ ਕਿਸੇ ਦੇ ਕਰਮ ਨਹੀਂ ਵੀਚਾਰਦਾ। ਪਰਮਾਤਮਾ ਦੀਨ ਦਿਆਲ ਤੇ ਦਇਆ ਦਾ ਸਮੁੰਦਰ ਹੈ, ਜੀਵਾਂ ਦੇ ਪਾਪ ਕਰਮਾਂ ਨੂੰ ਦੇਖ ਕੇ ਵੀ ਦੇਣ ਤੋਂ ਸੰਕੋਚ ਨਹੀਂ ਕਰਦਾ।



ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥
ਤਿਸਹਿ ਧਿਆਇ ਸਦਾ ਮਨ ਅੰਦਰਿ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥
ਆਠ ਪਹਰ ਸਿਮਰਹੁ ਤਿਸੁ ਰਸਨਾ॥
ਜਿਹ ਪ੍ਰਸਾਦਿ ਰੰਗ ਰਸ ਭੋਗ॥
ਨਾਨਕ ਸਦਾ ਧਿਆਇਐ ਧਿਆਵਨ ਜੋਗ ॥੧॥

ਸੁਖਮਨੀ ਮ:੫, ਪੰਨਾ ੨੬੯

ਜਿਹੜਾ ਮਨੁੱਖ ਦਾਤਾਰ ਦਾਤੇ ਦੀਆਂ ਦਾਤਾਂ ਨੂੰ ਵਰਤਦਾ ਹੋਇਆ, ਦਾਤੇ ਦਾ ਧੰਨਵਾਦ ਤੇ ਸ਼ੁਕਰਾਨਾ ਕਰਦਾ ਹੈ, ਉਹ ਪਰਮਾਤਮਾ ਤੇ ਗੁਰੂ ਦੀ ਪ੍ਰਸੰਨਤਾ ਦਾ ਪਾਤਰ ਬਣ ਜਾਂਦਾ ਹੈ। ਜਿਹੜਾ ਮਨੁੱਖ:

ਦਾਤਿ ਪਿਆਰੀ ਵਿਸਰਿਆ ਦਾਤਾਰਾ॥
ਜਾਣੈ ਨਾਹੀ ਮਰਣੁ ਵਿਚਾਰਾ।੨॥

ਧਨਾਸਰੀ ਮ:੫, ਪੰਨਾ ੬੭੬

ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਅਕ੍ਰਿਤਘਣਤਾ ਦੇ ਦੋਸ਼ ਦਾ ਭਾਗੀ ਬਣ ਕੇ ਭਾਈ ਗੁਰਦਾਸ ਜੀ ਦੇ ਬਚਨ-

ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥੮॥

ਵਾਰ ੩੫ ਪਉੜੀ ੮

ਦਾ ਭਾਰ ਆਪਣੇ ਸਿਰ ਉੱਪਰ ਚੁੱਕ, ਆਪਣੀ ਆਤਮਾਂ ਨੂੰ ਪਾਪ ਦੇ ਭਾਰ ਨਾਲ ਬੋਝਲ ਬਣਾ ਲੈਂਦਾ ਹੈ। ਸੋ ਅਕ੍ਰਿਤਘਣਤਾ ਦੇ ਦੋਸ਼ ਤੋਂ ਬਚਣ ਲਈ ਤੇ ਆਤਮਾਂ ਨੂੰ ਪਾਪਾਂ ਦੇ ਭਾਰ ਤੋਂ ਮੁਕਤ ਕਰਨ ਲਈ, ਹਰ ਸਮੇਂ ਹਰ ਵੇਲੇ ਉਸ ਮਾਲਕ ਦਾ ਧੰਨਵਾਦ ਤੇ ਸ਼ੁਕਰਾਨਾ ਕਰਨਾ ਚਾਹੀਦਾ ਹੈ।

# ਉੱਦਮ ਕਰਨ ਦੀ ਲੋੜ ਹੈ,ਸਤਿਗੁਰੂ ਸਹਾਇਕ ਹੁੰਦੇ ਹਨ

ਮਾਛੀਆਂ ਪਿੰਡ ਭਾਵੇਂ ਸਰਦਾਰਾਂ ਦਾ ਪਿੰਡ ਕਹਾਉਂਦਾ ਸੀ, ਪਰ ਇਸ ਨਗਰ ਵਿੱਚ ਗੁਰਦੁਆਰਾ ਨਾਉਂ ਦਾ ਕੋਈ ਥਾਂ ਨਹੀਂ ਸੀ। ਇੱਕ ਮਾਤਾ ਦੇ ਘਰ ਗੁਰੂ ਮਹਾਂਰਾਜ ਜੀ ਦਾ ਸਰੂਪ ਸ਼ਸ਼ੋਭਤ ਸੀ। ਪਿੰਡ ਵਾਲਿਆਂ ਜਦੋਂ ਕਿਤੇ ਵਿਆਹ-ਸ਼ਾਦੀ, ਅਨੰਦ ਕਾਰਜ ਕਰਨਾ ਹੋਵੇ ਜਾਂ ਅਖੰਡ ਪਾਠ, ਸਹਿਜ ਪਾਠ ਰੱਖਣਾ ਹੋਵੇ ਤਾਂ ਗੁਰੂ ਮਹਾਰਾਜ ਜੀ ਦਾ ਸਰੂਪ ਉਸ ਮਾਤਾ ਦੇ ਘਰੋਂ ਜਾਂ ਲਾਗਲੇ ਨਗਰ ਤੋਂ ਲਿਆਉਣਾ ਪੈਂਦਾ ਸੀ।

ਸਮਾਂ ਬੀਤਦਾ ਗਿਆ, ਜਦੋਂ ਬਾਬਾ ਜੀ ਰਾਮਪੁਰ ਖੇੜੇ ਦੇ ਥੇਹ ਤੇ ਆਏ ਤਾਂ ਕੁਝ ਸਮੇਂ ਬਾਅਦ ਸੰਗਤਾਂ ਨੂੰ ਬਾਬਾ ਜੀ ਦੀ ਆਮਦ ਦਾ ਪਤਾ ਚੱਲਿਆ। ਅਧਿਆਤਮਿਕ ਜਗਿਆਸੂ ਭੌਰੇ ਆਪਣੀ ਆਤਮਿਕ ਤ੍ਰਿਪਤੀ ਲਈ ਬਾਬਾ ਜੀ ਪਾਸ ਆਉਣ ਲੱਗੇ। ਭਾਈ ਮੁਹਿੰਦਰ ਸਿੰਘ ਜੀ ਪਿੰਡ ਮਾਛੀਆਂ ਤੋਂ ਜੋ ਸ: ਗੁਰਨਾਮ ਸਿੰਘ, ਬੀ: ਪਰਮਜੀਤ ਕੌਰ ਹੋਰਾਂ ਪਾਸ ਰਹਿੰਦੇ ਸਨ, ਉਨ੍ਹਾਂ ਨੇ ਬਾਬਾ ਜੀ ਦੀ ਸੰਗਤ ਕਰ ਕੇ ਅੰਮ੍ਰਿਤ ਛਕ ਲਿਆ। ਇੱਕ ਦਿਨ ਆਪ ਜੀ ਬਾਬਾ ਜੀ ਨੂੰ ਮਿਲਣ ਵਾਸਤੇ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਆਏ। ਬਾਬਾ ਜੀ ਨੇ ਉਨ੍ਹਾਂ ਨੂੰ ਤਿੰਨ ਚਾਰ ਨਿੱਤਨੇਮ ਦੇ ਗੁਟਕੇ ਦਿੱਤੇ ਤੇ ਨਾਲ ਹੀ ਡਿਊਟੀ ਲਾਈ ਕਿ ਮੁਹਿੰਦਰ ਸਿੰਘ ਜੀ ! ਤੁਸੀਂ ਆਪਣੇ ਪਿੰਡ ਦੇ ਛੋਟੇ ਬੱਚਿਆਂ ਨੂੰ ਜਪੁਜੀ ਸਾਹਿਬ ਦਾ ਪਾਠ ਸਿਖਾਉਣਾ ਸ਼ੁਰੂ ਕਰੋ, ਉਪ੍ਰੰਤ ਨਿੱਤਨੇਮ ਦੀ ਸੰਥਯਾ ਕਰਾਉ।

ਪਹਿਲਾਂ ਪਹਿਲ ਹਰੇਕ ਕੰਮ ਨੂੰ ਅਰੰਭ ਕਰਨ ਲਈ ਕਠਨਾਈ ਆਉਂਦੀ ਹੈ। ਜਦੋਂ ਇੱਕ ਵਾਰੀ ਚਾਲੀ ਪੈ ਜਾਵੇ, ਫਿਰ ਆਪਣੇ ਆਪ ਹੀ ਸੁਤੇ-ਸਿਧ ਕਾਰਜ ਚੱਲ ਪੈਂਦਾ ਹੈ। ਕਿਸੇ ਪ੍ਰਾਣੀ ਨੂੰ ਗੁਰਬਾਣੀ ਨਾਲ ਜੋੜ ਦੇਣਾ ਬਹੁਤ ਵਡਾ ਪੁੰਨ ਹੈ। ਇਸ ਪੁੰਨ ਦੀ ਮਹਾਨਤਾ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਸ ਪੁੰਨ ਦੇ ਫਲ ਨੂੰ ਦਰਸਾਉਣ ਦਾ ਉਪਰਾਲਾ ਕੀਤਾ ਹੈ, ਆਪ ਲਿਖਦੇ ਹਨ:

**[1]ਪੰਚ ਬਾਰ ਗੰਗ ਜਾਇ,ਬਾਰ ਪੰਚ ਪ੍ਰਾਗ ਨ੍ਹਾਇ,**

*1.* ਪੰਜ ਵਾਰ ਗੰਗਾ ਤੇ ਪੰਜ ਵਾਰ ਪ੍ਰਯਾਗ ਤੀਰਥ ਤੇ ਕੋਈ ਇਸ਼ਨਾਨ ਕਰੇ, ਉਨ੍ਹਾਂ ਇਸ਼ਨਾਨਾਂ ਜਿੰਨਾ ਪੁੰਨ ਇੱਕ ਗੁਰਸਿੱਖ ਨੂੰ ਇੱਕ ਵਾਰੀ ਪਿਆਰ ਨਾਲ ਇਸ਼ਨਾਨ ਕਰਾਉਣ ਦਾ ਮਿਲ ਜਾਂਦਾ ਹੈ। ਕਿਸੇ ਗੁਰਸਿੱਖ ਨੂੰ ਸ਼ਰਧਾ-ਭਾਵਨੀ ਨਾਲ ਜਲ ਛਕਾਇਆ ਜਾਵੇ, ਇਸ ਦਾ ਫਲ ਉਸ ਨੂੰ ਕੁਰਸ਼ੇਤ੍ਰ ਤੀਰਥ ਦੀ ਯਾਤਰਾ ਕਰਨ ਬਰਾਬਰ ਪ੍ਰਾਪਤ ਹੁੰਦਾ ਹੈ। ਕਿਸੇ ਗੁਰਸਿੱਖ ਨੂੰ ਭਾਵਨੀ ਨਾਲ ਪ੍ਰਸ਼ਾਦਾ ਛਕਾਇਆ ਜਾਵੇ, ਭਾਵਨੀ ☛☛



**ਤੈਸਾ ਪੁੰਨ ਏਕ ਗੁਰਸਿਖ ਕਉ ਨ੍ਹਵਾਏ ਕਾ॥**
**ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ,**
**ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥**
**ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,**
**ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥**
**ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,**
**ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ॥੬੭੩॥**

ਕਬਿੱਤ ਸਵੱਯੇ,

### *ਭਾਈ ਮੁਹਿੰਦਰ ਸਿੰਘ ਜੀ ਵੱਲੋਂ ਉੱਤਰ*

ਭਾਈ ਮੁਹਿੰਦਰ ਸਿੰਘ ਜੀ ਨੇ ਬਾਬਾ ਜੀ ਪਾਸੋਂ ਬੜੇ ਸਤਿਕਾਰ ਨਾਲ ਗੁਟਕੇ ਪ੍ਰਾਪਤ ਕਰ ਲਏ ਤੇ ਨਾਲ ਹੀ ਬੇਨਤੀ ਕੀਤੀ, ਬਾਬਾ ਜੀ ! ਸਾਡੇ ਨਗਰ ਵਿੱਚ ਤਾਂ ਗੁਰਦੁਆਰਾ ਹੈ ਹੀ ਨਹੀਂ। ਮੈਂ ਇਨ੍ਹਾਂ ਗੁਟਕਿਆਂ ਨੂੰ ਕਿੱਥੇ ਰੱਖਾਂਗਾ ਤੇ ਕਿਸ ਜਗ੍ਹਾ ਬੱਚਿਆਂ ਨੂੰ ਬੈਠਾ ਕੇ ਸੰਥਯਾ ਦੇਵਾਂਗਾ? ਨਾਲ ਹੀ ਬੇਨਤੀ ਕੀਤੀ, ਬਾਬਾ ਜੀ ! ਤੁਸੀਂ ਕਿਰਪਾ ਕਰਕੇ ਮੈਨੂੰ ਅੰਮ੍ਰਿਤ ਛਕਾਇਆ ਹੈ। ਪਿੰਡ ਵਿੱਚ ਬੀਬੀਆਂ, ਬੱਚੇ, ਮੈਨੂੰ ਤਰ੍ਹਾਂ-ਤਰ੍ਹਾਂ ਦੇ ਮਖੌਲ ਕਰਦੇ ਹਨ ਕਿ ਸਾਡੇ ਪਿੰਡ ਵਿੱਚ ਵੀ ਭਾਈ ਜੰਮਣ ਲੱਗ ਪਏ ਹਨ। ਜਦੋਂ ਮੈਂ ਕਿਤੇ ਦੂਰੋਂ ਆਉਂਦਾ ਹੋਵਾਂ ਤਾਂ ਜੋ ਪਹਿਲਾਂ ਢਾਣੀ ਖੜੀ ਹੁੰਦੀ ਹੈ, ਉਹ ਮਖੌਲ ਵਜੋਂ ਕਹਿਣ ਲਗ ਜਾਂਦੀ ਹੈ ਕਿ ਪਰ੍ਹਾਂ ਹੋ ਜਾਵੋ, ਕਿਤੇ ਗਿਆਨੀ ਸਾਡੇ ਢਿੱਡ ਵਿੱਚ ਕ੍ਰਿਪਾਨ ਹੀ ਨਾ ਖੋਭ ਦੇਵੇ ਤੇ ਨਾਲ ਮਖੌਲ ਕਰਦੇ ਹਨ, ਕੀ ਗਿਆਨੀ ਤੂੰ ਰਾਤ ਨੂੰ ਵੀ ਕ੍ਰਿਪਾਨ ਪਾ ਕੇ ਸੌਂਦਾ? ਕੀ ਰਾਤ ਨੂੰ ਤੇਰੇ ਢਿੱਡ ਵਿੱਚ ਤਾਂ ਨਹੀਂ ਖੁਭਦੀ, ਤੈਨੂੰ ਨੀਂਦ ਕਿਵੇਂ ਆਉਂਦੀ ਹੈ? ਸੋ ਬਾਬਾ ਜੀ, ਉਨ੍ਹਾਂ ਨੇ ਮੈਥੋਂ ਪਾਠ ਕਰਨਾ ਨਹੀਂ ਸਿੱਖਣਾ। ਉਨ੍ਹਾਂ ਦਾ ਰੋਜ਼ ਦਾ ਪ੍ਰੋਗਰਾਮ ਬਣਿਆ ਹੋਇਆ ਹੈ। ਘਰਾਂ ਵਿੱਚ ਕੰਮ ਕਾਰ ਕੋਈ ਨਹੀਂ ਕਰਦੇ। ਘਰੋਂ ਸਵੇਰੇ ਰੋਟੀ ਖਾ ਕੇ, ਦੋ ਚਾਰ ਸ਼ਿਕਾਰੀ ਕੁੱਤੇ ਨਾਲ ਲੈ ਲੈਂਦੇ ਹਨ ਤੇ ਮੋਟੇ ਮੋਟੇ ਸੋਟੇ ਮੁੱਧਕਰ ਟਾਈਪ ਉਨ੍ਹਾ ਨੇ ਰੱਖੇ ਹੋਏ ਹਨ। ਉਹ ਸਾਰੇ ਮੋਢਿਆਂ ਉੱਪਰ ਚੁੱਕ ਕੇ ਕੰਢੀ ਦੇ ਇਲਾਕੇ ਦੇ ਜੰਗਲ ਵਿੱਚ ਸ਼ਿਕਾਰ ਖੇਡਣ ਤੁਰ ਜਾਂਦੇ ਹਨ। ਛੋਟੇ ਬੱਚੇ ਵੀ ਦੇਖਾ ਦੇਖੀ, ਉਨ੍ਹਾਂ ਦੇ ਪਿੱਛੇ ਵਹੀਰ ਬੰਨ ਲੈਂਦੇ ਹਨ। ਬਾਬਾ ਜੀ ! ਮੇਰੇ ਲਈ ਇਹ ਕੰਮ ਬੜਾ ਔਖਾ ਹੈ।

### *ਬਾਬਾ ਜੀ ਨੇ ਮੁਹਿੰਦਰ ਸਿੰਘ ਨੂੰ ਗੁਰਦੁਆਰਾ ਬਨਾਉਣ ਲਈ ਪੈਸੇ ਦੇਣੇ*

ਬਾਬਾ ਜੀ ਥੋੜ੍ਹਾ ਸਮਾਂ ਚੁੱਪ ਰਹੇ ਤੇ ਕਹਿਣ ਲੱਗੇ ਕਿ ਮੁਹਿੰਦਰ ਸਿੰਘ ! ਅਸੀਂ ਤੇਰੀ

☛☛ ਨਾਲ ਪ੍ਰਸ਼ਾਦਾ ਛਕਾਉਣ ਵਾਲੇ ਨੂੰ ਅਸ੍ਵਮੇਧ ਯੱਗ ਜਿੰਨਾ ਫਲ ਪ੍ਰਾਪਤ ਹੁੰਦਾ ਹੈ। ਜਿਵੇਂ ਸੌ ਮੰਦਰ ਸੋਨੇ ਦੇ ਉਸਾਰ ਕੇ ਦਾਨ ਕਰ ਦਿੱਤੇ ਜਾਣ, ਇੰਨਾਂ ਪੁੰਨ ਕਿਸੇ ਗੁਰਸਿੱਖ ਨੂੰ ਗੁਰਬਾਣੀ ਦੇ ਇੱਕ ਸ਼ਬਦ ਸਿਖਾਉਣ ਦਾ ਮਿਲਦਾ ਹੈ। ਜਿਵੇਂ ਵੀਹ ਵਾਰੀ ਕਿਸੇ ਉੱਤਮ ਮਹਾਂਪੁਰਸ਼ ਦੇ ਦਰਸ਼ਨ ਕਰ ਲਏ ਜਾਣ ਇੰਨਾ ਫਲ ਕਿਸੇ ਗੁਰਸਿੱਖ ਦੀ ਮੁੱਠੀ-ਚਾਪੀ (ਚਰਣ ਦਬਾ ਕੇ) ਕਰਕੇ ਉਸ ਨੂੰ ਅਰਾਮ ਕਰਾਉਣ ਦਾ ਪ੍ਰਾਪਤ ਹੁੰਦਾ ਹੈ।

ਮਜਬੂਰੀ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ, ਪਰ ਤੈਥੋਂ ਵਗੈਰ ਇਹ ਕੰਮ ਕਿਸੇ ਹੋਰ ਪਾਸੋਂ ਹੋਣਾ ਵੀ ਨਹੀਂ ਹੈ। ਬਾਬਾ ਜੀ ਪਿਛਲੀ ਛੰਨ ਵਿੱਚ ਗਏ ਤੇ ਉਥੋਂ ਪੰਜ ਸੌ ਰੁਪਏ ਲਿਆ ਕੇ ਮੁਹਿੰਦਰ ਸਿੰਘ ਦੀ ਜੇਬ ਵਿੱਚ ਪਾ ਦਿਤੇ ਤੇ ਬਾਬਾ ਜੀ ਨੇ ਮੁਹਿੰਦਰ ਸਿੰਘ ਨੂੰ ਕਿਹਾ ਕਿ ਇਹ ਸਾਡੀ ਵਲੋਂ ਪੰਜ ਸੌ ਰੁਪਏ ਲੈ ਜਾਹ, ਜਿਵੇਂ ਜਿਵੇਂ ਗੁਰੂ ਮਹਾਰਾਜ ਸਾਨੂੰ ਹੋਰ ਮਾਇਆ ਬਖਸ਼ਿਸ਼ ਕਰਨਗੇ, ਅਸੀਂ ਸੇਵਾ ਵਿੱਚ ਹਿਸਾ ਪਾਈ ਜਾਵਾਂਗੇ। ਤੁਸੀਂ ਗੁਰਦੁਆਰਾ ਸਾਹਿਬ ਬਨਾਉਣ ਦਾ ਉਪਰਾਲਾ ਕਰੋ। ਮੁਹਿੰਦਰ ਸਿੰਘ ਕਦੀ ਗੁਟਕੇ ਸਾਂਭੇ, ਕਦੀ ਜੇਬ ਵਿੱਚੋਂ ਮਾਇਆ ਕੱਢ ਕੇ ਬਾਬਾ ਜੀ ਨੂੰ ਦੇਵੇ ਕਿ ਬਾਬਾ ਜੀ! ਇਹ ਕੰਮ ਮੇਰੇ ਪਾਸੋਂ ਨਹੀਂ ਹੋ ਸਕਣਾ। ਮੁਹਿੰਦਰ ਸਿੰਘ ਨਾਲ ਉਸ ਮੁਸਲਮਾਨ ਵਾਲੀ ਵਰਤੀ ਜੋ ਕਿਸੇ ਕਾਜ਼ੀ ਪਾਸੋਂ ਪੰਜ ਨਿਵਾਜਾਂ ਵਿੱਚ ਛੋਟ ਲੈਣ ਗਿਆ, ਉਸ ਦੀ ਛੋਟ ਦੀ ਬਿਨਤੀ ਸੁਣ ਕੇ ਅੱਗੋਂ ਕਾਜ਼ੀ ਨੇ ਕਿਹਾ, ਕੀ ਤੂੰ ਰਮਜ਼ਾਨ ਦੇ ਮਹੀਨੇ ਰੋਜ਼ੇ ਵੀ ਰੱਖਦਾ ਕਿ ਨਹੀਂ? ਉਸ ਨੇ ਨਾਂਹ ਵਿੱਚ ਉੱਤਰ ਦਿੱਤਾ, ਅੱਗੋਂ ਕਾਜ਼ੀ ਨੇ ਕਿਹਾ ਕਿ "ਪੰਜਾਂ ਨਿਵਾਜ਼ਾਂ ਵਿੱਚ ਕੋਈ ਛੋਟ ਨਹੀਂ ਹੋ ਸਕਦੀ, ਸਗੋਂ ਸ਼ਰ੍ਹਾ ਅਨੁਸਾਰ ਤੈਨੂੰ ਰਮਜ਼ਾਨ ਦੇ ਮਹੀਨੇ ਵਿੱਚ 30 ਰੋਜ਼ੇ (ਵਰਤ) ਵੀ ਰੱਖਣੇ ਪੈਣਗੇ। ਤਦ ਤੂੰ ਸ਼ਰ੍ਹਾ ਅਨੁਸਾਰ ਮੁਸਲਮਾਨ ਕਹਾ ਸਕੇਂਗਾ।" ਇਸੇ ਤਰ੍ਹਾਂ ਬਾਬਾ ਜੀ ਪਾਸੋਂ ਸੰਥਯਾ ਦੀ ਛੋਟ ਲੈਂਦੇ ਲੈਂਦੇ ਗੁਰਦੁਆਰਾ ਬਨਾਉਣ ਦਾ ਕਾਰਜ ਮੁਹਿੰਦਰ ਸਿੰਘ ਜੀ ਦੇ ਗਲ ਪੈ ਗਿਆ।

ਮੁਹਿੰਦਰ ਸਿੰਘ ਨੇ ਪੈਸੇ ਲੈਣ ਤੋਂ ਬਥੇਰਾ ਨਾਂਹ ਨੁੱਕਰ ਕੀਤੀ, ਪਰ ਬਾਬਾ ਜੀ ਨੇ ਬਦੋ-ਬਦੀ ਉਸ ਦੀ ਜੇਬ ਵਿੱਚ ਪਾ ਦਿੱਤੇ ਤੇ ਕਿਹਾ, ਮੁਹਿੰਦਰ ਸਿੰਘ! ਉੱਦਮ ਤਾਂ ਕਰ, ਚੰਗੇ ਕੰਮ ਲਈ ਗੁਰੂ ਮਹਾਰਾਜ ਜੀ ਆਪ ਸਹਾਈ ਹੁੰਦੇ ਹਨ। ਪਤਾ ਨਹੀਂ, ਗੁਰੂ ਮਹਾਰਾਜ ਜੀ ਨੇ ਇਸ ਮਹਾਨ ਕਾਰਜ ਦੀ ਸੇਵਾ ਤੇਰੇ ਪਾਸੋਂ ਹੀ ਲੈਣੀ ਹੋਵੇ। ਮੁਹਿੰਦਰ ਸਿੰਘ ਨੇ ਸੱਤ ਬਚਨ ਕਹਿ ਕੇ ਪੈਸੇ ਜੇਬ ਵਿੱਚ ਪਾ ਲਏ ਤੇ ਸਤਿਕਾਰ ਨਾਲ ਗੁਟਕੇ ਲੈ ਕੇ ਪਿੰਡ ਮਾਛੀਆਂ ਨੂੰ ਵਿਦਾ ਹੋਏ ਤੇ ਨਾਲ ਮਨ ਵਿੱਚ ਸੋਚੀ ਜਾਣ ਕਿ ਗੁਟਕੇ ਤਾਂ ਮੈਂ ਲੈ ਆਂਦੇ ਹਨ ਪਰ ਨਿੱਤਨੇਮ ਦੀ ਸੰਥਯਾ ਮੈਂ ਕਿਸ ਨੂੰ ਦੇਵਾਂਗਾ? ਸਾਰਾ ਪਿੰਡ ਤਾਂ ਮੈਨੂੰ ਪਹਿਲਾਂ ਹੀ ਮਖੌਲ ਕਰਦਾ ਹੈ। ਦੂਸਰੇ, ਗੁਰਦੁਆਰੇ ਲਈ ਪਿੰਡ ਵਿੱਚ ਥਾਂ ਕੋਈ ਨਹੀਂ, ਪੰਜ ਸੌ ਰੁਪਏ ਨਾਲ ਮੈਂ ਗੁਰਦੁਆਰਾ ਕਿਵੇਂ ਬਣਾਵਾਂਗਾ? ਜੇ ਉਗਰਾਹੀ ਕਰਨੀ ਸ਼ੁਰੂ ਕੀਤੀ, ਕਿਸੇ ਨੇ ਕਾਣੀ ਕੌਡੀ ਦੇਣੀ ਨਹੀਂ ਸਿਵਾਏ ਮਖੌਲਾਂ ਤੇ ਹੁੱਜਤਾਂ ਟਿੱਚਰਾਂ ਤੋਂ ਪੱਲੇ ਕੁਝ ਵੀ ਨਹੀਂ ਪੈਣਾ। ਇਨ੍ਹਾਂ ਸੋਚਾਂ ਵਿੱਚ ਮੁਹਿੰਦਰ ਸਿੰਘ ਪਿੰਡ ਮਾਛੀਆਂ ਪੁੱਜਾ। ਗੁਟਕੇ ਘਰ ਦੀ ਅਲਮਾਰੀ ਵਿੱਚ ਤੌਲੀਆ ਵਿਛਾ ਕੇ ਰੱਖ ਦਿੱਤੇ ਤੇ ਇਨ੍ਹਾਂ ਵੀਚਾਰਾਂ ਅਧੀਨ ਕੰਮ ਕਾਰ ਕਰਦਿਆਂ ਸ਼ਾਮ ਪੈ ਗਈ। ਸ. ਗੁਰਨਾਮ ਸਿੰਘ ਹੋਰੀਂ ਅਜੇ ਅੰਮ੍ਰਿਤਪਾਨ ਨਹੀਂ ਕੀਤਾ ਸੀ, ਉਂਝ ਪਿੰਡ ਦੇ ਸਰਪੰਚ ਸਨ।



### *ਭਾਈ ਮੁਹਿੰਦਰ ਸਿੰਘ ਨੇ ਸ. ਗੁਰਨਾਮ ਸਿੰਘ ਜੀ ਨਾਲ ਗੁਰਦੁਆਰੇ ਪ੍ਰਤੀ ਗੱਲ ਕੀਤੀ।*

ਸ਼ਾਮ ਦਾ ਸਮਾਂ ਹੋਇਆ, ਸਰਦਾਰ ਜੀ ਵੀ ਕੰਮ ਕਾਰ ਤੋਂ ਵਿਹਲੇ ਹੋ ਕੇ ਪਿੰਡ ਮਾਛੀਆਂ ਪੁੱਜ ਗਏ। ਪ੍ਰਸ਼ਾਦਾ ਛਕਿਆ, ਭਾਈ ਮੁਹਿੰਦਰ ਸਿੰਘ ਨੇ ਵੀ ਥੋੜ੍ਹਾ ਵਿਹਲ ਦਾ ਸਮਾਂ ਵੇਖ ਕੇ ਸਰਦਾਰ ਜੀ ਨੂੰ ਸਾਰੀ ਗੱਲ ਦੱਸੀ ਕਿ ਬਾਬਾ ਜੀ ਨੇ ਪਿੰਡ ਵਿੱਚ ਗੁਰਦੁਆਰਾ ਬਨਾਉਣ ਲਈ ਕਿਹਾ ਹੈ ਤੇ ਨਾਲ ਆਪਣੇ ਕੋਲੋਂ ਪੰਜ ਸੌ ਰੁਪਏ ਸੇਵਾ ਵਿੱਚ ਹਿੱਸਾ ਪਾਉਣ ਨੂੰ ਦਿੱਤੇ ਹਨ ਤੇ ਹੋਰ ਮਾਇਆ ਦੇਣ ਲਈ ਵੀ ਕਿਹਾ ਹੈ। ਸ. ਗੁਰਨਾਮ ਸਿੰਘ ਜੀ ਨੇ ਮੁਹਿੰਦਰ ਸਿੰਘ ਜੀ ਦੀ ਗੱਲ ਸੁਣ ਲਈ ਤੇ ਕਹਿਣ ਲੱਗੇ! ਤੂੰ ਕੋਈ ਸਿੱਧਾ ਕੰਮ ਤਾਂ ਕਰਿਆ ਕਰ। ਪਹਿਲੀ ਗੱਲ ਤਾਂ ਇਹ ਕਿ ਗੁਰਦੁਆਰੇ ਵਾਸਤੇ ਪਿੰਡ ਵਿੱਚ ਜਗ੍ਹਾ ਹੈ ਹੀ ਨਹੀਂ, ਜੇ ਪੰਚਾਇਤ ਦੀ ਜ਼ਮੀਨ ਵਿਚੋਂ ਜਗ੍ਹਾ ਦਿੱਤੀ, ਤੈਨੂੰ ਪਤਾ ਹੀ ਹੈ, ਸਾਰਿਆਂ ਨੇ ਲੱਤ-ਅੜਾਈ ਕਰਨੀ ਹੈ। ਕਿਹਦੇ-ਕਿਹਦੇ ਨਾਲ ਲੜਾਂਗੇ, ਜ਼ਮੀਨ ਤੋਂ ਬਗੈਰ ਗੁਰਦੁਆਰਾ ਅਸਮਾਨ ਵਿੱਚ ਤਾਂ ਬਣ ਨਹੀਂ ਸਕਦਾ। ਦੂਸਰੇ, ਜੇ ਕਿਸੇ ਹੀਲੇ-ਵਸੀਲੇ ਗੁਰਦੁਆਰਾ ਬਣ ਵੀ ਗਿਆ, ਤੁਸੀਂ ਸਵੇਰੇ ਤਿੰਨ ਵਜੇ ਸਪੀਕਰ ਲਾ ਕੇ ਬਹਿ ਜਾਣਾ ਕਰਨਾ। ਸੁੱਤੇ ਲੋਕਾਂ ਨੇ ਤੁਹਾਨੂੰ ਗਾਲਾਂ ਕੱਢਣੀਆਂ ਤੇ ਰੋਜ਼ ਸ਼ਿਕਾਇਤਾਂ ਲੈ ਕੇ ਮੇਰਾ ਵੀ ਨੱਕ ਵਿੱਚ ਦਮ ਕਰ ਦੇਣਾ ਹੈ। ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਪਾਠ ਦੀਆਂ ਬਥੇਰੀਆਂ ਤਰ੍ਹਾਂ-ਤਰ੍ਹਾਂ ਦੀਆਂ ਅਵਾਜ਼ਾਂ ਆਉਂਦੀਆਂ ਹਨ, ਤੂੰ ਉਨ੍ਹਾਂ ਨੂੰ ਸੁਣ ਲਿਆ ਕਰ। ਮੈਨੂੰ ਤੂੰ ਇੱਦਾਂ ਦੇ ਫਾਹੇ ਵਿੱਚ ਨਾ ਪਾ। ਮੁਹਿੰਦਰ ਸਿੰਘ ਜੀ, ਸਰਦਾਰ ਹੋਰਾਂ ਪਾਸੋਂ ਤਕਰੀਬਨ ਨਾਂਹਵਾਚਕ ਉੱਤਰ ਸੁਣ ਕੇ ਚੁੱਪ ਕਰ ਗਏ।

ਮੁਹਿੰਦਰ ਸਿੰਘ ਜੀ ਨੇ ਕੁਝ ਦਿਨਾਂ ਬਾਅਦ ਪਿੰਡ ਦੇ ਹੋਰ ਪਤਵੰਤਿਆਂ ਨਾਲ ਗੁਰਦੁਆਰਾ ਸਾਹਿਬ ਬਨਾਉਣ ਦੀ ਗੱਲ ਕੀਤੀ, ਉਨ੍ਹਾਂ ਵੀ ਮਜ਼ਾਕੀਆ ਉੱਤਰ ਦਿੰਦਿਆਂ ਮੁਹਿੰਦਰ ਸਿੰਘ ਨੂੰ ਕਿਹਾ ਕਿ ਤੂੰ ਬੀ.ਏ ਅਜੇ ਹੁਣੇ ਪਾਸ ਕੀਤੀ ਹੈ। ਤੂੰ ਥੋੜ੍ਹਾ ਜਿਗਰਾ ਕਰ, ਤੂੰ ਕਾਹਲਾ ਨਾ ਪੈ, ਤੇਰਾ ਰੋਟੀ ਪਾਣੀ ਦਾ ਕਿਤੇ ਨ ਕਿਤੇ ਜੁਗਾੜ ਬਣ ਜਾਣਾ ਹੈ, ਤੂੰ ਤਾਂ ਹੁਣੇ ਹੀ ਗੁਰਦੁਆਰਾ ਬਣਾ ਕੇ ਮਹੰਤ ਬਣਨਾ ਚਾਹੁੰਨਾ ਹੈਂ। ਜਿਨ੍ਹਾਂ-ਜਿਨ੍ਹਾਂ ਨਾਲ ਵੀ ਮੁਹਿੰਦਰ ਸਿੰਘ ਹੋਰਾਂ ਗੱਲ ਕੀਤੀ, ਸਾਰਿਆਂ ਨੇ ਨਾਂਹ-ਨੁੱਕਰ ਤੇ ਮਜ਼ਾਕ ਹੀ ਉਡਾਇਆ। ਕੁਝ ਇੱਕ ਬੀਬੀਆਂ, ਮੁਹਿੰਦਰ ਸਿੰਘ ਦੇ ਨਾਲ ਸਹਿਮਤ ਹੋ ਗਈਆਂ ਕਿ ਜੇ ਤੂੰ ਉੱਦਮ ਕਰੇਂ ਤਾਂ ਸਾਡਾ ਵੀ ਸਵੇਰੇ ਸ਼ਾਮ ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕਣ ਦਾ ਸਬੱਬ ਬਣ ਜਾਏਗਾ। ਜ਼ਮੀਨ ਅਤੇ ਮਾਇਆ ਪੱਖੋਂ ਕਿਸੇ ਨੇ ਬਹੁਤਾ ਹੁੰਗਾਰਾ ਨਾ ਭਰਿਆ। ਸੱਤ-ਅੱਠ ਮਹੀਨੇ ਦਾ ਸਮਾਂ ਬੀਤ ਗਿਆ।

### *ਮੁਹਿੰਦਰ ਸਿੰਘ, ਬਾਬਾ ਜੀ ਨੂੰ ਪੰਜ ਸੌ ਰੁਪਏ ਮੋੜਨ ਗਿਆ।*

ਇੱਕ ਦਿਨ ਸ਼ਾਮ ਨੂੰ ਮੁਹਿੰਦਰ ਸਿੰਘ ਬਾਬਾ ਜੀ ਵਲੋਂ ਦਿੱਤਾ ਪੰਜ ਸੌ ਰੁਪਏ

ਲੈ ਕੇ ਬਾਬਾ ਜੀ ਪਾਸ ਆ ਗਿਆ ਤੇ ਪੈਸੇ ਜੇਬ ਵਿੱਚੋਂ ਕੱਢ ਕੇ ਬਾਬਾ ਜੀ ਨੂੰ ਦਿੰਦਿਆਂ ਬੇਨਤੀ ਕੀਤੀ, ਬਾਬਾ ਜੀ ! ਮੈਂ ਨਗਰ ਦੇ ਤਕਰੀਬਨ ਬਹੁਤੇ ਬੰਦਿਆਂ ਨੂੰ ਮਿਲ ਚੁੱਕਾ ਹਾਂ। ਸਾਰੇ ਮੈਨੂੰ ਟਿੱਚਰਾਂ ਤੇ ਮਖੌਲ ਕਰਦੇ ਭਾਂਤ-ਭਾਂਤ ਦੀਆਂ ਗੱਲਾਂ ਸੁਣਾਉਂਦੇ ਹਨ। ਤੁਸੀਂ ਇਹ ਆਪਣੀ ਦਿੱਤੀ ਹੋਈ ਮਾਇਆ ਵਾਪਸ ਲੈ ਲਵੋ ਕਿਤੇ ਮੇਰੇ ਪਾਸੋਂ ਗਵਾਚ ਨਾ ਜਾਵੇ। ਬਾਬਾ ਜੀ ਕਹਿਣ ਲੱਗੇ, ਮੁਹਿੰਦਰ ਸਿੰਘ ! ਅਜੇ ਤੂੰ ਇਹ ਮਾਇਆ ਆਪਣੇ ਕੋਲ ਹੀ ਰੱਖੀ ਹੋਈ ਹੈ? ਬਾਬਾ ਜੀ ਛੰਨ ਵਿੱਚ ਗਏ ਤੇ ਦੋ ਹਜ਼ਾਰ ਰੁਪੈ ਉਥੋਂ ਹੋਰ ਕੱਢ ਕੇ ਲੈ ਆਏ ਤੇ ਮੁਹਿੰਦਰ ਸਿੰਘ ਪਾਸੋਂ ਪੰਜ ਸੌ ਰੁਪਏ ਵਾਪਸ ਲੈਣ ਦੀ ਥਾਂ, ਦੋ ਹਜ਼ਾਰ ਰੁਪਏ ਹੋਰ ਦੇ ਕੇ ਕਹਿਣ ਲੱਗੇ, ਮੁਹਿੰਦਰ ਸਿੰਘ! ਤੂੰ ਇਹ ਦੋ ਹਜ਼ਾਰ ਰੁਪਏ ਹੋਰ ਲੈ ਜਾਹ, ਕਿਸੇ ਟਰੱਕ ਵਾਲੇ ਜਾਂ ਟਰਾਲੀ ਵਾਲੇ ਨੂੰ ਦੇ ਕੇ ਜਿੰਨੀਆਂ ਇੱਟਾਂ ਇਨ੍ਹਾਂ ਪੈਸਿਆਂ ਦੀਆਂ ਆਉਂਦੀਆਂ ਹਨ, ਉਹ ਲਿਆ ਕੇ ਪਿੰਡ ਦੇ ਸਾਂਝੇ ਥਾਂ ਵਿੱਚ ਸੁੱਟਵਾ ਦੇਹ।

ਮੁਹਿੰਦਰ ਸਿੰਘ ਮੁੜ ਸੋਚੀਂ ਪੈ ਗਿਆ ਕਿ ਮੈਂ ਤਾਂ ਪੈਸੇ ਮੋੜਨ ਆਇਆ ਸਾਂ, ਬਾਬਾ ਜੀ ਨੇ ਸਗੋਂ ਹੋਰ ਪੈਸੇ ਦੇ ਦਿੱਤੇ ਹਨ। ਜੇ ਮੈਂ ਬਾਬਾ ਜੀ ਪਾਸ ਆਉਂਦਾ ਹਾਂ ਤਾਂ ਬਾਬਾ ਜੀ ਮੈਨੂੰ ਗੁਰਦੁਆਰਾ ਬਨਾਉਣ ਲਈ ਕਹਿੰਦੇ ਹਨ। ਜੇ ਮੈਂ ਪਿੰਡ ਵਾਲਿਆਂ ਨੂੰ ਗੁਰਦੁਆਰੇ ਦੀ ਸੇਵਾ ਲਈ ਕਹਿੰਦਾ ਹਾਂ ਤਦ ਉਹ ਭਾਂਤ ਭਾਂਤ ਦੀਆਂ ਗੱਲਾਂ ਕਰਦੇ ਹਨ। ਮੈਂ ਕਰਾਂ ਤੇ ਕੀ ਨਾ ਕਰਾਂ? ਇੱਕ ਵਾਰੀ ਮੁਹਿੰਦਰ ਸਿੰਘ ਨੇ ਮੁੜ ਬਾਬਾ ਜੀ ਨੂੰ ਗੁਰਦੁਆਰਾ ਬਨਾਉਣ ਲਈ ਆਪਣੀ ਅਸਮਰਥਾ ਪ੍ਰਗਟਾਈ ਤੇ ਪੈਸੇ ਵਾਪਸ ਲੈਣ ਲਈ ਕਿਹਾ। ਬਾਬਾ ਜੀ ਕਹਿਣ ਲੱਗੇ, ਮੁਹਿੰਦਰ ਸਿੰਘ ! ਤੂੰ ਚਿੰਤਾ ਨਾ ਕਰ, ਗੁਰਦੁਆਰਾ ਸਾਹਿਬ ਦੀ ਉਸਾਰੀ ਦੀ ਸੇਵਾ ਗੁਰੂ ਮਹਾਰਾਜ ਜੀ ਨੇ ਤੁਹਾਡੇ ਪਾਸੋਂ ਹੀ ਲੈਣੀ ਹੈ। ਤੂੰ ਇਨ੍ਹਾਂ ਪੈਸਿਆਂ ਦੀਆਂ ਇੱਟਾਂ ਲਿਆ ਕੇ ਸੁੱਟਵਾ ਦੇਹ ਤੇ ਨਾਲ ਹੀ ਜੋ ਤੁਹਾਡੇ ਨਗਰ ਦੇ ਬਾਹਰ ਵਿਦੇਸ਼ਾਂ ਵਿੱਚ ਸੱਜਣ ਰਹਿੰਦੇ ਹਨ, ਉਨ੍ਹਾਂ ਨੂੰ ਚਿੱਠੀਆਂ ਪਾ ਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਪ੍ਰਤੀ ਸੂਚਿਤ ਕਰ ਦੇਹ। ਮੁਹਿੰਦਰ ਸਿੰਘ, ਬਾਬਾ ਜੀ ਨੂੰ ਨਾਂਹ ਨਾ ਕਰ ਸਕਿਆ। ਅਗਲੇ ਦਿਨ ਪਿੰਡ ਦੇ ਹੀ ਇੱਕ ਟਰੱਕ ਮਾਲਕ ਨਾਲ ਗੱਲ ਕੀਤੀ। ਉਸ ਨੇ ਹਾਂ ਕਰ ਦਿੱਤੀ ਕਿ ਜੇ ਗੁਰਦੁਆਰਾ ਬਨਾਉਣ ਲਈ ਇੱਟਾਂ ਲਿਆਉਣੀਆਂ ਹਨ, ਤਦ ਮੇਰਾ ਵੀ ਸੇਵਾ ਵਿੱਚ ਹਿੱਸਾ ਪੈ ਜਾਵੇਗਾ।

### *ਭਾਈ ਮੁਹਿੰਦਰ ਸਿੰਘ ਜੀ ਨੇ ਇੱਟਾਂ ਸੁਟਵਾਣੀਆਂ*

ਮੁਹਿੰਦਰ ਸਿੰਘ ਟਰੱਕ ਵਾਲੇ ਦੇ ਨਾਲ ਗਿਆ। ਪਿੰਡ ਤੋਂ ਥੋੜ੍ਹੀ ਦੂਰ ਹੀ ਭੱਠਾ ਸੀ। ਉਸ ਭੱਠੇ ਤੋਂ ਢਾਈ ਹਜ਼ਾਰ ਰੁਪਏ ਦੀਆਂ ਇੱਟਾਂ ਲਿਆ ਕੇ, ਜਿੱਥੇ ਹੁਣ ਗੁਰਦੁਆਰਾ ਸਸ਼ੋਭਤ ਹੈ, ਇਸ ਥਾਂ ਤੇ ਸੁੱਟਵਾ ਦਿੱਤੀਆਂ ਤੇ ਬੀਬੀ ਪਰਮਜੀਤ ਕੌਰ ਹੋਰਾਂ ਨੂੰ ਦੱਸ ਦਿੱਤਾ ਕਿ ਬਾਬਾ ਜੀ ਨੇ ਮੈਨੂੰ ਢਾਈ ਹਜ਼ਾਰ ਦੀਆਂ ਇੱਟਾਂ ਖ਼੍ਰੀਦ ਕੇ



ਸੁੱਟਵਾਉਣ ਲਈ ਕਿਹਾ ਸੀ। ਉਹ ਮੈਂ ਲਿਆ ਕੇ ਪੰਚਾਇਤ ਦੀ ਜ਼ਮੀਨ ਵਿੱਚ ਸੁੱਟਵਾ ਦਿੱਤੀਆਂ ਹਨ। ਬੀਬੀ ਜੀ ਕਹਿਣ ਲੱਗੇ, ਕਾਕਾ ! ਤੂੰ ਸਰਦਾਰ ਹੋਰਾਂ ਨੂੰ ਤਾਂ ਪੁੱਛ ਲੈਣਾ ਸੀ। ਮੁਹਿੰਦਰ ਸਿੰਘ ਕਹਿਣ ਲੱਗਾ, ਮੈਂ ਕਈ ਵਾਰੀ ਉਨ੍ਹਾਂ ਨੂੰ ਪੁੱਛਿਆ ਹੈ, ਪਰ ਉਹ ਕੋਈ ਪੱਲਾ ਨਹੀਂ ਫੜਾਉਂਦੇ। ਬੀਬੀ ਜੀ ਕਹਿਣ ਲੱਗੇ, ਚਲ ਚੰਗੇ ਕੰਮ ਨੂੰ ਕਰਨ ਲਈ ਦੇਰ ਕਾਹਨੂੰ ਕਰਨੀ ਹੈ। ਅੱਜ ਸ਼ਾਮ ਨੂੰ ਮੈਂ ਵੀ ਉਨ੍ਹਾਂ ਨੂੰ ਕਹਾਂਗੀ ਕਿ ਪਿੰਡ ਵਾਲਿਆਂ ਦਾ ਇੱਕਠ ਕਰਕੇ, ਗੁਰਦੁਆਰੇ ਲਈ ਜ਼ਮੀਨ ਛਡਵਾ ਦੇਣ, ਕਿਉਂਕਿ ਗੁਰਦੁਆਰਾ ਵੀ ਸਾਰਿਆਂ ਦਾ ਸਾਂਝਾ ਹੀ ਬਣਨਾ ਹੈ। ਨਾਲ ਹੀ ਮੁਹਿੰਦਰ ਸਿੰਘ ਨੂੰ ਬੀਬੀ ਜੀ ਨੇ ਕਿਹਾ ਕਿ ਜੇ ਹੁਣ ਗੁਰਦੁਆਰਾ ਬਨਾਉਣ ਦਾ ਚੁੱਕਣ ਚੁੱਕਿਆ ਹੈ, ਤਾਂ ਤਕੜਾ ਹੋ ਕੇ ਕਰੀਂ। ਮੈਂ ਵੀ ਜਿੰਨੀ ਮਾਇਆ ਵੱਧ ਤੋਂ ਵੱਧ ਹੋ ਸਕੀ, ਉਸਾਰੀ ਵਿੱਚ ਹਿੱਸਾ ਪਾਵਾਂਗੀ ਤੇ ਹੋਰ ਜਾਣੂ ਰਿਸ਼ਤੇਦਾਰਾਂ ਨੂੰ ਵੀ ਹਿੱਸਾ ਪਾਉਣ ਲਈ ਪ੍ਰੇਰਨਾ ਦੇਵਾਂਗੀ।

ਬੀਬੀ ਜੀ ਹੋਰਾਂ ਦੇ ਹਾਂ ਕਰਨ ਤੇ ਮੁਹਿੰਦਰ ਸਿੰਘ ਜੀ ਨੇ ਕੁਝ ਸੁਖ ਦਾ ਸਾਹ ਲਿਆ। ਸ਼ਾਮ ਪਈ ਸ: ਗੁਰਨਾਮ ਸਿੰਘ ਹੋਰੀਂ ਵੀ ਘਰ ਆਏ, ਰਸਤੇ ਲੰਘਦਿਆਂ ਪਿੰਡ ਦੀ ਸ਼ਾਮਲਾਤ ਵਿੱਚ ਇੱਟਾਂ ਪਈਆਂ ਵੇਖੀਆਂ। ਘਰ ਆਉਂਦੇ ਹੀ ਬੀਬੀ ਪਰਮਜੀਤ ਕੌਰ ਨੂੰ ਸਰਦਾਰ ਜੀ ਨੇ ਪੁੱਛਿਆ ਕਿ ਸ਼ਾਮਲਾਤ ਵਿੱਚ ਇੱਟਾਂ ਕਿਸ ਨੇ ਸੁੱਟੀਆਂ ਹਨ? ਉਨ੍ਹਾਂ ਨੂੰ ਪਤਾ ਹੁੰਦੇ ਵੀ ਉਨ੍ਹਾਂ ਗੱਲ ਵਲਾ ਦਿੱਤੀ ਕਿ ਮੈਨੂੰ ਤਾਂ ਘਰ ਦੇ ਕੰਮ ਕਾਰ ਵਿੱਚੋਂ ਹੀ ਵਿਹਲ ਨਹੀਂ ਮਿਲੀ, ਮੈਂ ਉੱਧਰ ਜਾ ਨਹੀਂ ਸਕੀ। ਮੁਹਿੰਦਰ ਸਿੰਘ ਹੋਰੀਂ ਪਹਿਲਾਂ ਹੀ ਘਰ ਵਿੱਚੋਂ ਪੱਤਰਾ ਵਾਚ ਗਏ ਸਨ ਤੇ ਉਨ੍ਹਾ ਗੁਆਂਢੀ ਦੇ ਘਰ ਰਾਤ ਕੱਟੀ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਇੱਟਾਂ ਸੁੱਟਣ ਦਾ ਨਜ਼ਲਾ ਸਰਦਾਰ ਜੀ ਨੇ ਮੇਰੇ ਉੱਪਰ ਹੀ ਸੁੱਟਣਾ ਹੈ। ਇੱਕ ਦੋ ਦਿਨ ਮੈਂ ਅੱਗੇ ਪਿਛੇ ਹੋ ਜਾਵਾਂ ਤਾਂ ਜੋ ਉਨ੍ਹਾਂ ਦਾ ਗੁੱਸਾ ਕੁਝ ਮੱਠਾ ਪੈ ਜਾਵੇ। ਨਾਲ ਸਰਦਾਰ ਗੁਰਨਾਮ ਸਿੰਘ ਜੀ, ਬੀਬੀ ਜੀ ਨੂੰ ਕਹਿਣ ਲੱਗੇ, ਇਹ ਗਿਆਨੀ ਦਾ ਕਾਰਾ ਲਗਦਾ। ਇਸ ਨੇ ਆਪਣੀ ਅੜੀ ਪੁਗਾ ਕੇ ਹੀ ਛੱਡਣੀ ਹੈ ਤੇ ਨਾਲ ਹੀ ਪੁੱਛਣ ਲੱਗੇ! ਗਿਆਨੀ ਹੈ ਕਿੱਥੇ? ਬੀਬੀ ਜੀ ਨੇ ਕਿਹਾ ਕਿ ਮੁਹਿੰਦਰ ਸਿੰਘ ਦੁਪਹਿਰ ਦਾ ਕਿਤੇ ਗਿਆ ਹੈ। ਉਸ ਦਾ ਕੋਈ ਪਤਾ ਨਹੀਂ ਕਿ ਕਿੱਥੇ ਹੈ।

### *ਬੀਬੀ ਪਰਮਜੀਤ ਕੌਰ ਵੱਲੋਂ ਸ. ਗੁਰਨਾਮ ਸਿੰਘ ਜੀ ਨੂੰ ਪ੍ਰੇਰਨਾ*

ਸਰਦਾਰ ਜੀ ਨੂੰ ਪਰਸ਼ਾਦਾ ਛੱਕਾ ਕੇ ਬੀਬੀ ਜੀ ਨੇ ਸ. ਗੁਰਨਾਮ ਸਿੰਘ ਜੀ ਨੂੰ ਕਿਹਾ ਕਿ ਗਿਆਨੀ ਵਿਚਾਰਾ ਤਾਂ ਦੋਂਹ ਵੇਲਣਾ ਦੇ ਵਿਚਕਾਰ ਪਿਸ ਰਿਹਾ ਹੈ। ਜੇ ਉਹ ਰਾਮਪੁਰ ਖੇੜੇ ਜਾਂਦਾ ਤਾਂ ਬਾਬਾ ਜੀ ਉਸ ਨੂੰ ਪਿੰਡ ਵਿੱਚ ਗੁਰਦੁਆਰਾ ਬਨਾਉਣ ਲਈ ਕਹਿੰਦੇ ਹਨ, ਪਿੰਡ ਆਉਂਦਾ ਤੇ ਤੁਸੀਂ ਉਸ ਨੂੰ ਡਾਂਟਦੇ ਹੋ, ਉਹ ਵਿਚਾਰਾ ਕੀ ਕਰੇ? ਇੰਜ ਲਗਦਾ, ਜਿੰਨੇ ਉਸ ਨੂੰ ਪੈਸੇ ਬਾਬਾ ਜੀ ਨੇ ਦਿੱਤੇ ਸਨ, ਉਸ ਨੇ

ਉਨ੍ਹਾਂ ਪੈਸਿਆਂ ਦੀਆਂ ਇੱਟਾਂ ਲਿਆ ਕੇ ਸੁੱਟਵਾ ਦਿੱਤੀਆਂ ਹਨ। ਹੁਣ ਤੁਸੀਂ ਜਾਣੋ ਇਨ੍ਹਾਂ ਨੂੰ ਕੀ ਕਰਨਾ ਹੈ?

ਭਲਾ ਤੁਸੀਂ ਦੱਸੋ, ਜੇ ਪਿੰਡ ਵਿੱਚ ਗੁਰਦੁਆਰਾ ਬਣ ਗਿਆ ਤਾਂ ਉਸ ਵਿੱਚ ਪਿੰਡ ਨੂੰ ਨੁਕਸਾਨ ਕੀ ਹੋਵੇਗਾ? ਸਵੇਰੇ ਸ਼ਾਮ ਜਿਸ ਦਾ ਜੀਅ ਕਰੇ, ਉਹ ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕ ਲਿਆ ਕਰੇਗਾ। ਜਿਨ ਗੁਰਦੁਆਰੇ ਨਹੀਂ ਜਾਣਾ ਉਹ ਨਾ ਜਾਵੇ। ਦੂਸਰੇ, ਮਰਨੇ-ਪਰਨੇ, ਖੁਸ਼ੀ ਤੇ ਵਿਆਹ ਵੇਲੇ ਗੁਰਦੁਆਰੇ ਕਾਰਜ ਕਰਨੇ, ਪਿੰਡ ਵਾਲਿਆਂ ਨੂੰ ਸੌਖੇ ਹੋ ਜਾਣਗੇ। ਗੁਰਦੁਆਰਾ ਪਿੰਡ ਵਿੱਚ ਹੀ ਰਹਿਣਾ ਹੈ, ਗਿਆਨੀ ਨੇ ਕਿਹੜਾ ਉਸ ਨੂੰ ਚੁੱਕ ਕੇ ਆਪਣੇ ਪਿੰਡ ਲੁਹਾਰਲੀ ਲੈ ਜਾਣਾ ਹੈ? ਮੇਰਾ ਖਿਆਲ ਹੈ ਕਿ ਉਹ ਤੁਹਾਥੋਂ ਡਰਦਾ ਕਿਸੇ ਦੇ ਘਰ ਲੁਕਿਆ ਹੋਣਾ ਹੈ। ਸ: ਗੁਰਨਾਮ ਸਿੰਘ ਜੀ ਕਹਿਣ ਲੱਗੇ ! ਜੇ ਇੱਟਾਂ ਸੁੱਟਵਾ ਹੀ ਦਿੱਤੀਆਂ ਹਨ, ਮੈਂ ਕਿਹੜਾ ਉਸ ਨੂੰ ਖਾਣ ਲੱਗਾ ਹਾਂ। ਉਸ ਨੂੰ ਕਹੋ ਕਿ ਘਰ ਆ ਜਾਵੇ ਅਤੇ ਦਿਨੇ ਪਿੰਡ ਵਾਲਿਆਂ ਨਾਲ ਸਲਾਹ ਕਰਕੇ ਕੋਈ ਹੱਲ ਕੱਢ ਲਵਾਂਗੇ।

ਇੱਕ ਦੋ ਦਿਨ ਵਿੱਚ ਪਿੰਡ ਦੇ ਮੁਹਤਬਰ ਬੰਦਿਆਂ ਨਾਲ ਸਰਦਾਰ ਜੀ ਨੇ ਗੱਲ ਕੀਤੀ। ਸਾਰਿਆਂ ਨੇ ਇਸ ਚੰਗੇ ਕੰਮ ਲਈ ਸਹਿਮਤੀ ਦੇ ਦਿੱਤੀ ਤੇ ਸਾਰੀ ਪੰਚਾਇਤ ਨੇ ਇਕੱਤ੍ਰ ਹੋ ਕੇ ਮਤਾ ਪਾਸ ਕਰਕੇ ਸਾਂਝੇ ਖਾਤੇ ਵਿਚੋਂ ਗੁਰਦੁਆਰਾ ਸਾਹਿਬ ਨੂੰ ਤਕਰੀਬਨ ਦੋ ਕਨਾਲ ਜ਼ਮੀਨ ਦੇ ਦਿੱਤੀ ਤੇ ਕਈਆਂ ਨੇ ਮਾਇਆ ਦੇਣ ਲਈ ਵੀ ਸਹਿਮਤੀ ਪ੍ਰਗਟਾਈ। ਗੁਰੂ ਮਿਹਰ ਨਾਲ ਸਾਰਾ ਮਸਲਾ ਹੱਲ ਹੋ ਗਿਆ।

ਇੱਕ ਦੋ ਦਿਨ ਤਾਂ ਮੁਹਿੰਦਰ ਸਿੰਘ ਨੇ ਸਰਦਾਰ ਹੋਰਾਂ ਤੋਂ ਅੱਗੇ ਪਿੱਛੇ ਹੋ ਕੇ ਸਮਾਂ ਲੰਘਾਇਆ, ਤੀਸਰੇ ਦਿਨ ਸ. ਗੁਰਨਾਮ ਸਿੰਘ ਹੋਰਾਂ, ਮੁਹਿੰਦਰ ਸਿੰਘ ਨੂੰ ਅਵਾਜ਼ ਮਾਰੀ, ਗਿਆਨੀ ! ਡਰਦਾ ਕਿਉਂ ਆਂ? ਹੁਣ ਸਾਰਾ ਮਸਲਾ ਹੱਲ ਹੋ ਗਿਆ। ਤੇਰੀ ਤੇ ਬਾਬਿਆਂ ਦੀ ਮੰਨੀ ਗਈ। ਹੁਣ ਅੱਗੇ ਹੋ ਕੇ ਸਾਰਾ ਉਸਾਰੀ ਦਾ ਕੰਮ ਚਲਾ ਤੇ ਆਪਣੀ ਬੀਜੀ ਪਾਸੋਂ ਵੀ ਦਸ ਹਜ਼ਾਰ ਰੁਪਏ ਲੈ ਲਵੀਂ। ਗੱਲ ਕੀ, ਗੁਰੂ ਪ੍ਰੇਰਨਾ ਨਾਲ ਸਾਰੇ ਨਗਰ ਦੇ ਵਸਨੀਕਾਂ ਨੇ ਆਪਣੇ ਵਿੱਤ ਅਨੁਸਾਰ ਤਨ-ਮਨ-ਧਨ ਨਾਲ ਸੇਵਾ ਕਰਕੇ ਥੋੜ੍ਹੇ ਹੀ ਸਮੇਂ ਵਿੱਚ ਗੁਰਦੁਆਰਾ ਸਾਹਿਬ ਤੇ ਲੰਗਰ ਹਾਲ ਦੀ ਤਿਆਰੀ ਕਰ ਲਈ। ਤਿਆਰੀ ਹੋ ਜਾਣ ਉਪ੍ਰੰਤ ਸਾਰੇ ਨਗਰ ਨਿਵਾਸੀਆਂ ਨੇ ਸ੍ਰੀ ਅਖੰਡ ਪਾਠ ਸਾਹਿਬ ਰਖਵਾ ਕੇ, ਗੁਰੂ ਮਹਾਰਾਜ ਜੀ ਦਾ ਧੰਨਵਾਦ ਕੀਤਾ। ਨਗਰ ਨਿਵਾਸੀਆਂ ਨੇ ਉਚੇਚਾ ਬਾਬਾ ਜੀ ਨੂੰ ਨਿਮੰਤਰਣ ਦਿੱਤਾ।

### *ਗੁਰੂ ਮਹਾਰਾਜ ਜੀ ਦਾ ਧੰਨਵਾਦ ਕਰਨ ਹਿੱਤ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਅਰੰਭ ਕਰਨਾ*

ਬਾਬਾ ਜੀ ਨੇ ਤਿੰਨੇ ਦਿਨ ਹਾਜ਼ਰੀ ਭਰੀ ਤੇ ਨਵੇਂ ਗੁਰੂ ਘਰ ਦੀ ਉਸਾਰੀ ਵਾਸਤੇ



ਸਾਰੇ ਨਗਰ ਨਿਵਾਸੀਆਂ ਨੂੰ ਵਧਾਈ ਦਿੱਤੀ। ਭੋਗ ਉਪ੍ਰੰਤ ਗੁਰਦੁਆਰਾ ਸਾਹਿਬ ਤੇ ਗੁਰੂ ਮਹਾਰਾਜ ਜੀ ਦੇ ਅੰਮ੍ਰਿਤ ਵੇਲੇ ਪ੍ਰਕਾਸ਼ ਤੇ ਸੁਖਆਸਨ ਦੀ ਜਿੰਮੇਵਾਰੀ ਵੀ ਭਾਈ ਮੁਹਿੰਦਰ ਸਿੰਘ ਜੀ ਨੂੰ ਦਿੱਤੀ ਗਈ। ਆਪ ਜੀ ਨੇ ਨੌਕਰੀ ਤੇ ਸੰਸਾਰਿਕ ਡਿਊਟੀ ਪੂਰੀ ਨਿਭਾਉਂਦੇ ਹੋਏ, ਇੱਕ ਦਿਨ ਵੀ ਗੁਰੂ ਮਹਾਰਾਜ ਜੀ ਦੀ ਸੇਵਾ ਵਿੱਚ ਫਰਕ ਨਹੀਂ ਪੈਣ ਦਿੱਤਾ। ਜੇ ਕਿਤੇ ਸ਼ਾਮ ਜਾਂ ਸਵੇਰੇ ਜਰੂਰੀ ਸੰਸਾਰਿਕ ਕੰਮ ਦੀ ਬਦੌਲਤ ਬਾਹਰ ਰਹਿਣਾ ਹੋਵੇ ਤਾਂ ਆਪਣੇ ਘਰੋਂ ਬੀ: ਗੁਰਮੀਤ ਕੌਰ ਜਾਂ ਕਿਸੇ ਹੋਰ ਦੀ ਜਿੰਮੇਂਵਾਰੀ ਲਾ ਕੇ ਜਾਣਾ। ਸਹਿਜੇ ਸਹਿਜੇ ਬੀਬੀਆਂ, ਬੱਚੇ ਸਵੇਰ ਤੇ ਸ਼ਾਮ ਦੇ ਨਿੱਤਨੇਮ ਵਿੱਚ ਇਕੱਤ੍ਰ ਹੋਣ ਲੱਗ ਪਏ। ਭਾਈ ਮੁਹਿੰਦਰ ਸਿੰਘ ਜੀ ਨੇ ਉਨ੍ਹਾਂ ਨੂੰ ਪ੍ਰੇਰਨਾ ਦੇ ਕੇ ਨਿੱਤਨੇਮ ਦੀ ਸੰਥਯਾ ਦੇਣੀ ਅਰੰਭ ਕਰ ਦਿੱਤੀ। ਸਹਿਜੇ-ਸਹਿਜੇ ਸੰਗਤ ਵਿੱਚ ਵਾਧਾ ਹੋਣ ਲੱਗ ਪਿਆ।

ਪਹਿਲਾਂ ਪਹਿਲ, ਜਿਹੜੇ ਗੁਰਦੁਆਰੇ ਵੱਲ ਨੂੰ ਪਿੱਠ ਕਰ ਕੇ ਖਲੋਂਦੇ ਤੇ ਗੱਲਾਂ ਕਰਕੇ ਘਰਾਂ ਨੂੰ ਚਲੇ ਜਾਂਦੇ ਸਨ, ਉਹ ਵੀ ਗੁਰੂ ਘਰ ਵਿੱਚ ਆਉਣ ਲੱਗ ਪਏ। ਸਮਾਂ ਪਾ ਕੇ ਨਿੱਤਨੇਮ ਤੋਂ ਉਪ੍ਰੰਤ ਭਾਈ ਮੁਹਿੰਦਰ ਸਿੰਘ ਜੀ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਯਾ, ਬੀਬੀਆਂ ਤੇ ਨੌ-ਜਵਾਨਾਂ ਨੂੰ ਕਰਵਾ ਦਿੱਤੀ। ਗੁਰੂ ਮਹਾਂਰਾਜ ਜੀ ਦੇ ਸਾਰੇ ਪੁਰਬਾਂ ਤੇ ਭਗਤਾਂ ਦੇ ਆਗਮਨ ਦਿਨਾਂ ਉੱਪਰ ਸਾਰੇ ਨਗਰ ਦੇ ਪ੍ਰਾਣੀਆਂ ਨੇ ਨਿਸ਼ਕਾਮ ਸੇਵਾ ਕਰਨੀ। ਭਾਈ ਮੁਹਿੰਦਰ ਸਿੰਘ ਜੀ ਦੀ ਨਿਸ਼ਕਾਮ ਸੇਵਾ ਦੀ ਬਦੌਲਤ ਮਾਛੀਆਂ ਨਗਰ ਵਿੱਚ ਹੀ ਵੀਹ ਤੋਂ ਉੱਪਰ ਅਖੰਡ ਪਾਠੀਆਂ (ਬੀਬੀਆਂ ਤੇ ਸਿੰਘਾਂ) ਦੀ ਤਾਦਾਦ ਹੋ ਗਈ। ਸਵੇਰੇ ਸ਼ਾਮ ਦੀ ਸੰਗਤ ਦੀ ਬਦੌਲਤ ਤਕਰੀਬਨ ਅੱਧੇ ਨਗਰ ਤੋਂ ਵੱਧ ਬੀਬੀਆਂ ਤੇ ਸਿੰਘਾਂ ਨੇ ਅੰਮ੍ਰਿਤ ਛੱਕ ਲਿਆ। ਭਾਈ ਮੁਹਿੰਦਰ ਸਿੰਘ ਜੀ ਨੇ ਮਾਛੀਆਂ ਨਗਰ ਹੀ ਨਹੀਂ ਸਗੋਂ ਖਾਲਸਾ ਸਕੂਲ ਗੜ੍ਹਦੀਵਾਲਾ ਦੇ ਬਹੁਤੇ ਮਾਸਟਰਾਂ ਨੂੰ ਅੰਮ੍ਰਿਤਧਾਰੀ ਬਣਾ ਦਿੱਤਾ। ਕਈਆਂ ਦੀ ਸ਼ਰਾਬ ਛਡਾਉਣ ਵਿੱਚ ਸਹਾਇਕ ਹੋਏ।

ਇਲਾਕੇ ਵਿੱਚ ਹਰ ਗੁਰਮਤਿ ਸਮਾਗਮ ਤੇ ਪੰਥਕ ਕਾਰਜਾਂ ਵਿੱਚ ਆਪ ਮੋਹਰੀ ਹੋ ਕੇ ਹਾਜ਼ਰੀ ਭਰਦੇ ਸਨ। ਇਹ ਸਾਰੀ ਸੇਵਾ ਨਿਭਾਉਂਦੇ, ਆਪ ਜੀ ਇਸ ਸੰਸਾਰ ਤੋਂ 30 ਜੁਲਾਈ 2008 ਨੂੰ ਆਪਣੀ ਸਦੀਵੀ ਯਾਦ ਛੱਡ ਕੇ ਪ੍ਰਲੋਕ ਸਿਧਾਰ ਗਏ। ਹੁਣ ਉਨ੍ਹਾਂ ਦਾ ਭੁਯੰਗੀ, ਮਾਸਟਰ ਜਸਵਿੰਦਰ ਸਿੰਘ, ਉਸੇ ਤਰ੍ਹਾਂ ਉਨ੍ਹਾਂ ਦੀ ਥਾਂ ਪੂਰ ਰਿਹਾ ਹੈ। ਦਸਾਂ ਨੌਹਾਂ ਦੀ ਕਿਰਤ ਕਰਕੇ ਜਿੱਥੇ ਉਨ੍ਹਾਂ ਸੁੰਦਰ ਮਕਾਨ ਬਣਾਏ, ਬੱਚਿਆਂ ਦੇ ਸਾਰੇ ਕਾਰਜ ਕੀਤੇ, ਉੱਥੇ ਪਹਿਲ ਦੇ ਅਧਾਰ ਤੇ "**ਆਪਿ ਜਪੈ ਅਵਰਹ ਨਾਮੁ ਜਪਾਵੈ**" ਦੀ ਕਾਰ ਕਰ ਕੇ ਗੁਰੂ ਖੁਸ਼ੀ ਪ੍ਰਾਪਤ ਕੀਤੀ।

### *ਪ੍ਰੇਰਨਾ ਲੈਣ ਦੀ ਲੋੜ ਹੈ।*

ਭਾਈ ਮੁਹਿੰਦਰ ਸਿੰਘ ਹੋਰਾਂ ਦੀ ਸਾਰੀ ਗਾਥਾ ਲਿਖਣ ਤੋਂ ਪ੍ਰੇਰਨਾ ਲੈਣੀ

ਚਾਹੀਦੀ ਹੈ ਕਿ ਜੇ ਇੱਕ ਅਜਿਹਾ ਵਿਅਕਤੀ, ਜਿਸ ਦਾ ਪੰਜਾਬ ਵਿੱਚ ਨਾ ਘਰ ਨਾ ਘਾਟ, ਨਾ ਹੀ ਕੋਈ ਜਾਣੂ, ਦੂਸਰੇ ਮਜ਼ਬ ਦੇ ਸੰਸਕਾਰਾਂ ਦਾ ਧਾਰਨੀ, ਜੇ ਮਹਾਂਪੁਰਖਾਂ ਦੀ ਸੰਗਤ ਕਰਕੇ ਗੁਰਸਿੱਖ ਸਜ, ਇੱਕ ਪੂਰੇ ਨਗਰ ਦੇ ਸੰਸਕਾਰਾਂ ਨੂੰ ਬਦਲਣ ਦਾ ਵਸੀਲਾ ਬਣ ਸਕਦਾ ਹੈ, ਪੂਰੇ ਨਗਰ ਵਿੱਚ ਹੀ ਨਹੀਂ ਬਲਕਿ ਇਲਾਕੇ ਵਿੱਚ ਆਪਣੇ ਗੁਰਸਿੱਖੀ ਸੰਸਕਾਰਾਂ ਦੀ ਪੈੜ ਛੱਡ ਸਕਦਾ ਹੈ ਤਾਂ ਅੱਜ ਆਪਾਂ ਨੂੰ ਵੀ ਭਾਈ ਮੁਹਿੰਦਰ ਸਿੰਘ ਹੋਰਾਂ ਵਾਲੀ ਦ੍ਰਿੜ੍ਹਤਾ ਦੇ ਧਾਰਨੀ ਬਣਨ ਦੀ ਲੋੜ ਹੈ।

ਅਸੀਂ ਪੰਜਾਬ ਦੇ ਵਾਸੀ, ਸਾਡਾ ਪਿਛੋਕੜ ਗੁਰਸਿੱਖੀ, ਜਿਸ ਪ੍ਰਥਾਏ ਪ੍ਰੋ: ਪੂਰਨ ਸਿੰਘ ਜੀ ਨੇ ਕਿਹਾ "ਪੰਜਾਬ ਨਾ ਹਿੰਦੂ ਨਾ ਮੁਸਲਮਾਨ॥ ਪੰਜਾਬ ਜਿਊਂਦਾ ਗੁਰਾਂ ਦੇ ਨਾਮ ਤੇ" ਐਸਾ ਅਮੋਲਕ ਸਾਡਾ ਵਿਰਸਾ, ਪਰ ਅੱਜ ਆਪਾਂ ਆਪਣੇ ਅਮੋਲਕ ਵਿਰਸੇ ਨਾਲ ਜੁੜ ਕੇ, ਆਪਣਾ ਜੀਵਨ ਸਫਲ ਕਰਨ ਦੀ ਥਾਂ, ਸਗੋਂ ਆਪਣੇ ਵਿਰਸੇ ਨੂੰ ਤਿਲਾਂਜਲੀ ਦੇ ਰਹੇ ਹਾਂ। ਜੇ ਅਜਿਹਾ ਰੁਝਾਨ ਪੰਜਾਬ ਵਾਸੀਆਂ ਦਾ ਰਿਹਾ, ਤਦ ਬਾਬਾ ਕਬੀਰ ਜੀ ਦਾ ਫੁਰਮਾਨ:- **ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ॥ ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥੧੯੭॥** ਲਾਗੂ ਹੋਵੇਗਾ।

ਜੋ ਬੁਧ ਮੱਤ, ਜੈਨ ਮੱਤ ਦਾ ਹਾਲ ਹੋਇਆ, ਇਸ ਹਸ਼ਰ ਨੂੰ ਵੀ ਭੁੱਲਣਾ ਨਹੀਂ ਚਾਹੀਦਾ। ਦੂਸਰੇ ਮੱਤਾਂ ਦੇ ਲੋਕ ਅੱਜ ਗੁਰੂ ਗ੍ਰੰਥ ਸਾਹਿਬ ਜੀ ਦੇ ਮੱਤ ਨੂੰ ਸਰਬ ਸ਼੍ਰੋਮਣੀ ਮੰਨ ਕੇ ਧਾਰਨ ਕਰ ਰਹੇ ਹਨ ਪਰ ਸਾਡੇ ਉੱਪਰ ਗੁਰੂ ਰਾਮ ਦਾਸ ਜੀ ਦੇ ਬਚਨ "**ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ॥**" ਦਾ ਫੁਰਮਾਨ ਸਾਕਾਰ ਹੋ ਰਿਹਾ ਹੈ। ਜਾਗਣ ਦੀ ਲੋੜ ਹੈ, ਜੇ ਜਾਗ ਜਾਵਾਂਗੇ ਤਾਂ ਆਪ ਵੀ ਬਚ ਜਾਵਾਂਗੇ ਅਤੇ ਹੋਰ ਕਿਸੇ ਨੂੰ ਵੀ ਬਚਾਉਣ ਦਾ ਵਸੀਲਾ ਬਣਾਂਗੇ, ਨਹੀਂ ਤੇ ਜੋ ਕੁਝ ਵਾਪਰ ਰਿਹਾ ਹੈ, ਇਸ ਵਿੱਚ ਵਾਧਾ ਹੀ ਹੋਣਾ ਹੈ, ਘਾਟਾ ਨਹੀਂ।



# ਪਛਤਾਵੇ ਤੋਂ ਬਚੋ

ਗਰਮੀਆਂ ਦੇ ਦਿਨਾਂ ਵਿੱਚ 4 ਕੁ ਵਜੇ ਸ਼ਾਮ ਦੇ ਸਮੇਂ, ਬਾਬਾ ਜੀ ਆਪਣੇ ਨਿਯਮ ਤੋਂ ਵਿਹਲੇ ਹੋ ਕੇ ਉੱਪਰੋਂ ਆਪਣੇ ਕਮਰੇ ਚੋਂ ਹੇਠਾਂ ਆਏ।[1]ਮੈਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਯਾ ਪਕਾ ਰਿਹਾ ਸਾਂ। ਬਾਬਾ ਜੀ ਮੇਰੇ ਪਾਸ ਆਏ ਤੇ ਕਹਿਣ ਲੱਗੇ, ਸੇਵਾ ਸਿੰਘ! ਤੁਸੀਂ ਸੰਥਯਾ ਦੇ ਪੰਨੇ ਪੂਰੇ ਕਰ ਲਵੋ, ਉਸ ਤੋਂ ਪਿਛੋਂ ਆਪਾਂ ਪਿੰਡ ਬਾਹਲੇ ਨਾਲੇ ਮਾਤਾ [2]ਚਰਨ ਕੌਰ ਨੂੰ ਮਿਲ ਆਉਂਦੇ ਹਾਂ ਨਾਲੇ ਆਪਾਂ ਸੈਰ ਕਰ ਆਵਾਂਗੇ। ਮੈਂ ਸੰਥਯਾ ਦੇ ਪੰਨੇ ਪੂਰੇ ਕਰਕੇ ਬਾਬਾ ਜੀ, ਜੋ ਬਾਹਰ ਨਲਕੇ ਕੋਲ ਖੜੇ ਹੋ ਕੇ ਨਲਕੇ ਦੇ ਖੁਰੇ ਦੀ ਸਫਾਈ ਕਰ ਰਹੇ ਸਨ, ਉਨ੍ਹਾਂ ਪਾਸ ਪੁੱਜ ਗਿਆ। ਮੈਂ ਵੀ ਬਾਬਾ ਜੀ ਨਾਲ ਥੋੜ੍ਹਾ ਸੇਵਾ ਵਿੱਚ ਹੱਥ ਵਟਾਇਆ। ਹੱਥ ਸਾਫ ਕਰ, ਪਾਣੀ ਨਾਲ ਧੋ ਕੇ ਅਸੀਂ ਦੋਵੇਂ ਪਿੰਡ ਬਾਹਲੇ ਨੂੰ ਪੱਗਡੰਡੀ ਰਾਹੀਂ ਤੁਰ ਪਏ।

ਮਹਾਂਪੁਰਖਾਂ ਦਾ ਨਿਯਮ ਸੀ, ਜਦੋਂ ਵੀ ਆਪ ਸੈਰ ਜਾਂ ਸਫਰ ਕਰਦੇ, ਕਿਸੇ ਨ ਕਿਸੇ ਬਾਣੀ ਦਾ ਪਾਠ ਜਾਂ ਸਿਮਰਨ ਆਪ ਵੀ ਕਰਦੇ ਤੇ ਨਾਲ ਦੇ ਸਾਥੀ ਨੂੰ ਵੀ ਕਰਨ ਲਈ ਪ੍ਰੇਰਦੇ। ਬਾਬਾ ਜੀ ਨੇ ਮੈਨੂੰ ਸਤੇ ਬਲਵੰਡ ਦੀ ਵਾਰ ਦਾ ਪਾਠ ਕਰਨ ਲਈ ਕਿਹਾ ਤੇ ਗੁਰਬਾਣੀ ਸਤਿਕਾਰ ਨੂੰ ਮੁੱਖ ਰੱਖ ਕੇ, ਅੱਗੇ ਹੋ ਕੇ ਤੁਰਨ ਲਈ ਇਸ਼ਾਰਾ ਕੀਤਾ। ਮੈਂ ਬਾਬਾ ਜੀ ਦਾ ਹੁਕਮ ਮੰਨ ਕੇ ਅੱਗੇ ਹੋ ਕੇ, ਗੁਰਬਾਣੀ ਦਾ ਪਾਠ ਅਰੰਭ ਕੀਤਾ। ਵਾਰ ਦੀ ਸਮਾਪਤੀ ਤੱਕ ਰਸਤੇ ਜਾਦਿਆਂ, ਅੱਧਾ ਕੁ ਕਿਲੋਮੀਟਰ ਉੱਪਰ ਇੱਕ ਛਾਉਂਦਾਰ ਟਾਹਲੀ ਆ ਗਈ। ਬਾਬਾ ਜੀ ਕਹਿਣ ਲੱਗੇ, ਭਾਵੇਂ ਸ਼ਾਮ ਦਾ ਸਮਾਂ ਹੋ ਚੁੱਕਾ ਹੈ, ਪਰ ਅਜੇ ਗਰਮੀਂ ਕਾਫੀ ਹੈ, ਥੋੜ੍ਹਾ ਸਮਾਂ ਟਾਹਲੀ ਦੀ ਛਾਂਵੇ ਬੈਠ ਲਈਏ, ਨਾਲੇ ਦੋ ਪਾਠ ਬੇਨਤੀ ਚੌਪਈ ਦੇ ਕਰ ਲੈਂਦੇ ਹਾਂ ਤੇ ਪਿੰਡ ਤੱਕ ਜਾਂਦਿਆਂ ਪੰਜ ਪਾਠ ਪੂਰੇ ਹੋ ਜਾਣਗੇ। ਬਾਬਾ ਜੀ ਤੇ ਦਾਸ ਅਸੀਂ ਦੋਵੇ ਜਣੇ ਰੜੀ ਜ਼ਮੀਨ ਉੱਪਰ ਚੌਕੜੀ ਮਾਰ ਕੇ ਬੈਠ ਗਏ ਤੇ ਇੱਕ ਪਾਠ ਬਾਬਾ ਜੀ ਨੇ ਤੇ ਇੱਕ ਪਾਠ ਬੇਨਤੀ ਚੌਪਈ ਦਾ ਦਾਸ ਨੇ ਕੀਤਾ।

ਬੇਨਤੀ ਚੌਪਈ ਦੇ ਪਾਠਾਂ ਦੀ ਸਮਾਪਤੀ ਉਪ੍ਰੰਤ ਆਪ ਜੀ ਨੇ ਬੜੀ ਗੰਭੀਰਤਾ ਨਾਲ ਬਚਨ ਅਰੰਭ ਕੀਤਾ ਅਤੇ ਦਾਸ ਨੂੰ ਸੰਬੋਧਨ ਕਰਕੇ, ਬਾਬਾ ਜੀ ਕਹਿਣ ਲੱਗੇ, ਸੇਵਾ ਸਿੰਘ! ਅੱਜ ਸਵੇਰੇ ਸਿਮਰਨ ਕਰਨ ਤੋਂ ਬਾਅਦ ਬੜੀ ਅਜੀਬ ਜਿਹੀ ਮਹਿਸੂਸਤਾਈ ਹੋਈ। ਮੈਂ ਬੇਨਤੀ ਕੀਤੀ, ਬਾਬਾ ਜੀ ! ਕਿਰਪਾ ਕਰਕੇ ਦੱਸੋ ਤੁਸੀਂ ਕੀ ਮਹਿਸੂਸ ਕੀਤਾ?

---

1. ਸੇਵਾ ਸਿੰਘ (ਸੰਤ) 2. ਮੇਰੇ ਮਾਤਾ ਜੀ

### *ਬਾਬਾ ਜੀ ਨੇ ਆਪਣਾ ਅਨੁਭਵ ਦੱਸਣਾ*

ਆਪ ਜੀ ਕਹਿਣ ਲੱਗੇ, ਸੇਵਾ ਸਿੰਘ ! ਕਿਸੇ ਦਾ ਸੌ ਰੁਪਇਆ ਗਵਾਚ ਜਾਵੇ ਉਹ ਸਾਰੀ ਰਾਤ ਹਉਕੇ ਮਾਰਦਾ ਅਪਣੀ ਨੀਂਦ ਵੀ ਹਰਾਮ ਕਰ ਲੈਂਦਾ ਹੈ। ਮਾਇਆਧਾਰੀ ਨਾਸਤਕ ਮਨੁੱਖ, ਜਿਸ ਨੇ ਸਾਰੀ ਉਮਰ ਆਪਣੇ ਜੀਵਨ ਦਾ ਮਨੋਰਥ ਹੀ ਮਾਇਆ ਇੱਕਤ੍ਰ ਕਰਨੀ ਬਣਾਇਆ, ਉਸ ਮਾਇਆ ਨਾਲ, ਵੱਡੀਆਂ-ਵੱਡੀਆਂ ਕੋਠੀਆਂ ਬਣਾਈਆਂ, ਬੜੇ ਯਤਨਾਂ ਨਾਲ ਵਣਜ-ਵਪਾਰ ਵਧਾਏ ਅਤੇ ਧੀਆਂ ਪੁੱਤਰਾਂ ਨੂੰ ਆਪਣੀ ਜਾਨ ਨਾਲੋਂ ਵੀ ਵੱਧ ਪਿਆਰੇ ਜਾਣ ਕੇ, ਉਨ੍ਹਾਂ ਨੂੰ ਪਾਲਿਆ ਪੋਸਿਆ ਤੇ ਅਨੇਕ ਪ੍ਰਕਾਰ ਦੀਆਂ ਉਨ੍ਹਾਂ ਉੱਪਰ ਆਸਾਂ ਰੱਖੀਆਂ।

ਅਖੀਰ ਸਮੇਂ ਇੱਕ ਦਮ ਜਦੋਂ ਜਮਦੂਤ ਸਾਹਮਣੇ ਆ ਖਲੋਏ ਤੇ ਉਨ੍ਹਾਂ ਕਿਹਾ, ਭਾਈ ! ਤੇਰੇ ਜੀਵਨ ਦਾ ਸਮਾਂ ਪੂਰਾ ਹੋ ਗਿਆ ਹੈ। ਅਸੀਂ ਤੈਂਨੂੰ ਲੈਣ ਆਏ ਹਾਂ ਤੇ ਸਾਨੂੰ ਧਰਮਰਾਜ ਨੇ ਭੇਜਿਆ ਹੈ। ਤੂੰ ਛੇਤੀ ਚੱਲ ਤੇ ਧਰਮਰਾਜ ਅੱਗੇ ਖਲੋ ਕੇ ਆਪਣੇ ਜੀਵਨ ਦਾ ਲੇਖਾ ਜੋਖਾ ਦੱਸ ਕਿ ਇਸ ਅਮੋਲਕ ਮਨੁੱਖਾ ਜਨਮ ਵਿੱਚ ਤੂੰ ਲਾਹੇ ਵਾਲਾ ਕਰਮ ਕਿੰਨਾ ਕੁ ਕੀਤਾ ਹੈ ਤੇ ਕਿੰਨਾਂ ਸਮਾਂ ਘਾਟੇ ਵਾਲੇ ਕਰਮ ਕਰਦਾ ਰਿਹਾ ਹੈਂ। ਛੇਤੀ ਨਾਲ ਉੱਠ ਕੇ ਸਾਡੇ ਨਾਲ ਤੁਰ ਪਓ, ਇੱਥੇ ਕੋਈ ਰਉ ਰਿਆਇਤ ਨਹੀਂ ਕੀਤੀ ਜਾਣੀ, ਕਿਉਂਕਿ ਇਹ ਹੁਕਮ ਪਰਮਾਤਮਾਂ ਦੀ ਦਰਗਾਹ ਚੋਂ ਆਇਆ ਹੈ।

ਪਰ ਜੀਵ ਦੀ ਬਿਰਤੀ ਮਾਇਆ ਵਿੱਚ ਫਸੀ ਹੋਣ ਕਰਕੇ, ਜਮਦੂਤਾਂ ਅੱਗੇ ਨਿਮ੍ਰਤਾ ਨਾਲ ਬੇਨਤੀ ਕਰਦਾ ਹੈ ਤੇ ਉਨ੍ਹਾਂ ਨੂੰ ਵੀ ਲਾਲਚ ਦੇ ਕੇ ਕੁਝ ਹੋਰ ਸਮਾਂ ਸੰਸਾਰ ਵਿੱਚ ਠਹਿਰਨ ਲਈ ਪੁਕਾਰ ਕਰਦਾ ਹੈ ਤੇ ਕਹਿੰਦਾ ਹੈ, ਹੇ ਧਰਮਰਾਜਾ ਦੇ ਦੂਤੋ ! ਤੁਸੀਂ ਮੈਨੂੰ ਇੱਕ ਰਾਤ ਦਾ ਹੋਰ ਸਮਾਂ ਇਸ ਸੰਸਾਰ ਵਿੱਚ ਰਹਿਣ ਦਾ ਦੇ ਦੇਵੋ, ਕੁਝ ਪਿੰਡਾਂ ਵਿੱਚੋ ਮਾਇਆ ਦੀ ਉਗਰਾਹੀ ਕਰਨੀ ਰਹਿੰਦੀ ਹੈ। ਮੈਂ ਰਾਤੋ ਰਾਤ ਇਹ ਸਾਰਾ ਕੰਮ ਨਿਬੇੜ ਲਵਾਂਗਾ। ਉਸ ਮਾਇਆ ਵਿਚੋਂ ਮੈਂ ਕੁਝ ਹਿੱਸਾ ਤੁਹਾਨੂੰ ਵੀ ਦੇ ਦੇਵਾਂਗਾ। ਬਸ, ਇੱਕ ਰਾਤ ਦਾ ਸਮਾਂ ਮੈਨੂੰ ਹੋਰ ਬਖਸ਼ਿਸ਼ ਕਰ ਦੇਵੋ, ਦੇਰੀ ਕਾਰਣ ਸਵੇਰ ਦੀ ਨਿਵਾਜ਼ ਸਰਾਂ ਵਿੱਚ ਹੀ ਅਦਾਅ ਕਰ ਲਵਾਂਗੇ। ਇਸ ਜੀਵ ਦਾ ਇਸ ਸੰਸਾਰ ਚੋਂ ਜਾਣ ਲਈ ਚਿੱਤ ਨਹੀਂ ਕਰਦਾ ਤੇ ਅਨੇਕ ਪ੍ਰਕਾਰ ਦੇ ਯਤਨ ਕਰਦਾ ਤੇ ਬਹਾਨੇ ਪਾਉਂਦਾ ਹੈ, ਪਰ ਬਾਬਾ ਕਬੀਰ ਦੇ ਸੂਹੀ ਰਾਗ ਅੰਦਰ ਦਰਜ ਕੀਤੇ ਫੁਰਮਾਨ ਅਨੁਸਾਰ, ਇਸ ਬੇ-ਵੱਸ ਜੀਵ ਨੂੰ ਜਮਦੂਤ ਤਕੜੇ ਹੱਥੀਂ ਫੜ ਕੇ ਲੈ ਤੁਰਦੇ ਹਨ। ਕਿਸ ਪ੍ਰਕਾਰ ਜੀਵ ਨਾਲ ਬੀਤਦੀ ਹੈ? ਬਾਬਾ ਕਬੀਰ ਜੀ ਨੇ ਉਸ ਸੱਚਾਈ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਵਰਨਣ ਕੀਤਾ ਹੈ। ਹੇ ਜੀਵ!

**ਅਮਲੁ ਸਿਰਾਨੋ ਲੇਖਾ ਦੇਨਾ॥**
**ਆਏ ਕਠਿਨ ਦੂਤ ਜਮ ਲੇਨਾ॥**



**ਕਿਆ ਤੈ ਖਟਿਆ ਕਹਾ ਗਵਾਇਆ॥**
**ਚਲਹੁ ਸਿਤਾਬ ਦੀਬਾਨਿ ਬੁਲਾਇਆ॥੧॥**
**ਚਲੁ ਦਰਹਾਲੁ ਦੀਵਾਨਿ ਬੁਲਾਇਆ॥**
**ਹਰਿ ਫੁਰਮਾਨੁ ਦਰਗਹ ਕਾ ਆਇਆ॥੧॥ਰਹਾਉ॥**
**ਕਰਉ ਅਰਦਾਸਿ ਗਾਵ ਕਿਛੁ ਬਾਕੀ॥**
**ਲੇਉ ਨਿਬੇਰਿ ਆਜੁ ਕੀ ਰਾਤੀ॥**
**ਕਿਛੁ ਭੀ ਖਰਚੁ ਤੁਮ੍ਾਰਾ ਸਾਰਉ॥**
**ਸੁਬਹ ਨਿਵਾਜ ਸਰਾਇ ਗੁਜਾਰਉ॥੨॥**

**ਸੂਹੀ ਕਬੀਰ ਜੀ, ਪੰਨਾ ੭੯੨**

ਸਾਰੀਆਂ ਵਸਤੂਆਂ, ਮਹਿਲ-ਮਾੜੀਆਂ, ਧਨ-ਸੰਪਦਾ, ਧੀਆਂ-ਪੁੱਤਰ ਜੋ ਜਾਨ ਨਾਲੋਂ ਵੀ ਪਿਆਰੇ ਲਗਦੇ ਸਨ, ਇਨ੍ਹਾਂ ਸਾਰਿਆ ਨੂੰ ਛੱਡ ਕੇ ਇੱਕ ਦਮ ਇਸ ਸੰਸਾਰ ਤੋਂ ਜਮਦੂਤ ਜੀਵ ਨੂੰ ਲੈ ਜਾਂਦੇ ਹਨ। ਬਾਬਾ ਨਾਮ ਦੇਵ ਜੀ ਦੇ ਫੁਰਮਾਨ ਅਨੁਸਾਰ:-

**ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥੩॥**

**ਭਗਤ ਨਾਮਦੇਵ ਜੀ, ਪੰਨਾ ੬੯੩**

ਦੀ ਖੇਡ ਜਦੋਂ ਵਰਤਦੀ ਹੈ, ਤਦ ਜੀਵ ਆਤਮਾਂ ਨੂੰ ਬੜਾ ਪਛਤਾਵਾ ਲਗਦਾ ਹੈ। ਜਿਹੜੀ ਵਸਤੂ ਨਾਲ ਨਿਭਣ ਵਾਲੀ ਸੀ ਉਸ ਨੂੰ ਵਿਹਾਜਿਆ ਨਹੀਂ। ਜੋ ਵਿਹਾਜਿਆ ਸੀ, ਇਕੱਤ੍ਰ ਕੀਤਾ ਸੀ, ਉਹ ਨਾਲ ਨਹੀਂ ਨਿਭਿਆ। ਉਸ ਵੇਲੇ ਜੀਵ ਆਤਮਾਂ ਨੂੰ ਹਾਰੇ ਹੋਏ ਜੁਆਰੀਏ ਵਾਂਗ ਪਛਤਾਵੇ ਦਾ ਸੱਲ ਝੂਰ- ਝੂਰ ਕੇ ਝੱਲਣਾ ਪੈਂਦਾ ਹੈ। ਪਰ ਉਸ ਵੇਲੇ ਪਛਤਾਵੇ ਤੋਂ ਸਿਵਾ ਕੁਝ ਵੀ ਸਵਾਰਿਆ ਨਹੀਂ ਜਾ ਸਕਦਾ।

### *ਨਾਮ ਜਪਣ ਵਾਲਾ ਵੀ ਪਛਤਾਉਂਦਾ ਹੈ*

ਸੇਵਾ ਸਿੰਘ! ਮਾਇਆਧਾਰੀ ਤੇ ਸਾਕਤ ਪੁਰਸ਼ ਦੀ ਆਤਮਾ ਨੇ ਤਾਂ ਪਛਤਾਉਣਾ ਹੀ ਹੈ, ਪਰ ਨਾਮ ਜਪਣ ਵਾਲੇ ਜਗਿਆਸੂ ਨੂੰ ਵੀ ਪਛਤਾਵਾ ਲਗਦਾ ਹੈ। ਇਹ ਗੱਲ ਬਾਬਾ ਜੀ ਦੇ ਮੁਖਾਰਬਿੰਦ ਚੋਂ ਸੁਣ ਕੇ ਬੜੀ ਹੈਰਾਨੀ ਹੋਈ। ਮੈਂ ਇੱਕ ਦਮ ਪੁੱਛਿਆ, ਬਾਬਾ ਜੀ! ਨਾਮ ਜਪਣ ਵਾਲੇ ਜਗਿਆਸੂ ਦੀ ਆਤਮਾਂ ਨੂੰ ਕਿਉਂ ਪਛਤਾਵਾ ਲਗਦਾ ਹੈ?

ਬਾਬਾ ਜੀ ਕਹਿਣ ਲੱਗੇ, ਨਾਮ ਜਪਣ ਵਾਲੇ ਜਗਿਆਸੂ ਦੀ ਆਤਮਾਂ ਜਦੋਂ ਪਰਮਾਤਮਾਂ ਦੇ ਦਰਬਾਰ ਵਿੱਚ ਪੁੱਜਦੀ ਹੈ। ਜਿੰਨਾ ਉਸ ਪ੍ਰੇਮੀ ਨੇ ਨਾਮ ਜਪਿਆ, ਉਸ ਦੇ ਜਪੇ ਨਾਮ ਦੀ ਕੀਮਤ ਜਦੋਂ ਪ੍ਰਮਾਤਮਾਂ ਦੇ ਦਰਬਾਰ ਵਿੱਚ ਪਈ ਤਾਂ ਨਾਮ ਦੀ ਕੀਮਤ ਵੇਖ ਕੇ ਉਹ ਜਗਿਆਸੂ ਹੈਰਾਨ ਰਹਿ ਗਿਆ ਕਿ ਜੇ ਪ੍ਰਭੂ ਨਾਮ ਇੰਨਾ ਕੀਮਤੀ ਸੀ ਤਾਂ ਮੈਂ ਹੋਰ ਕਿਉਂ ਨਹੀਂ ਜਪਿਆ? ਮੈਨੂੰ ਹੋਰ ਨਾਮ ਜਪਣਾ ਚਾਹੀਦਾ

ਸੀ। ਜੋ ਅਵੇਸਲੇ-ਪਨ ਵਿੱਚ ਸਮਾਂ ਬੀਤ ਗਿਆ, ਉਸ ਸਮੇਂ ਦਾ ਨਾਮੀ ਜਗਿਆਸੂ ਪਛਤਾਵਾ ਕਰਦਾ ਹੈ। ਇਸੇ ਕਰਕੇ ਹੀ ਸਤਿਗੁਰੂ ਅਰਜਨ ਦੇਵ ਜੀ ਨੇ ਡਖਣੇ ਬਾਣੀ ਅੰਦਰ ਫੁਰਮਾਨ ਕੀਤਾ ਹੈ ਕਿ ਪ੍ਰਮਾਤਮਾਂ ਦਾ ਨਾਮ ਬਹੁਤ ਕੀਮਤੀ ਹੈ। ਨਾਮ ਦੀ ਨਾ ਕੋਈ ਕੀਮਤ ਪਾ ਸਕਿਆ ਅਤੇ ਨਾ ਹੀ ਨਾਮ ਦੀ ਕੀਮਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ:

**ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥**

**ਸਿਰੀਰਾਗ ਮ:੫, ਪੰਨਾ ੮੧**

**ਅਤੇ :**

**ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ॥**

**ਧਨਾਸਰੀ ਮ:੩, ਪੰਨਾ ੬੬੬**

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਨਾਮ ਦੀ ਮਹਾਨਤਾ ਦਰਸਾਉਂਦੇ ਕਈ ਸਵੱਯੇ ਤੇ ਪਉੜੀਆਂ ਉਚਾਰਨ ਕੀਤੀਆ ਹਨ। ਜਿਨ੍ਹਾਂ ਅੰਦਰ ਉਨ੍ਹਾਂ ਨੇ ਤੱਤਸਾਰ ਇਹ ਹੀ ਕੱਢਿਆ ਹੈ ਕਿ ਮਨੁੱਖੀ ਬੁੱਧੀ ਨਾਮ ਦੀ ਮਹਾਨਤਾ ਨੂੰ ਜਾਣ ਨਹੀਂ ਸਕਦੀ ਕਿਉਂ ਕਿ ਮਨੁੱਖੀ ਬੁੱਧੀ ਉੱਪਰ ਮਾਇਆ ਦਾ ਪ੍ਰਭਾਵ ਹਾਵੀ ਹੈ। ਨਾਮ ਦੀ ਕੀਮਤ ਤੇ ਮਹਾਨਤਾ ਕੇਵਲ ਪਰਮਾਤਮਾਂ ਦੀ ਦਰਗਾਹ ਵਿੱਚ ਜਾ ਕੇ ਹੀ ਜੀਵ-ਆਤਮਾਂ ਜਾਣ ਸਕਦੀ ਹੈ। ਆਪ ਜੀ ਨੇ ਤਿੰਨ ਸੰਸਾਰਿਕ ਉਦਾਹਰਣਾਂ ਦੇ ਕੇ ਨਾਮ ਦੀ ਮਹਾਨਤਾ ਦਰਸਾਉਣ ਦਾ ਯਤਨ ਕੀਤਾ ਹੈ। ਆਪ ਜੀ ਫੁਰਮਾਨ ਕਰਦੇ ਹਨ ਕਿ ਜਿਸ ਤਰ੍ਹਾਂ ਹੱਥ ਦੀ ਤਲੀ ਉੱਪਰ ਰੱਖਿਆ ਹੀਰਾ ਛੋਟਾ ਜਿਹਾ ਮਾਲੂਮ ਹੁੰਦਾ ਹੈ। ਆਮ ਆਦਮੀ ਜਿਸ ਨੂੰ ਹੀਰੇ ਦੀ ਪਰਖ ਨਹੀਂ, ਉਹ ਹੀਰੇ ਨੂੰ ਇੱਕ ਚਮਕੀਲਾ ਜਿਹਾ ਪੱਥਰ ਹੀ ਜਾਣਦਾ ਹੈ। ਪਰ ਉਹੋ ਛੋਟਾ ਜਿਹਾ ਹੀਰਾ ਜਦੋਂ ਮਨੁੱਖ, ਜੌਹਰੀ ਦੀ ਦੁਕਾਨ ਉੱਪਰ ਲੈ ਜਾਂਦਾ ਹੈ ਤਾਂ ਉਸ ਛੋਟੇ ਜਿਹੇ ਹੀਰੇ ਦੀ ਕੀਮਤ ਬਦਲੇ ਘਰ-ਬਾਰ ਮਾਇਆ ਨਾਲ ਭਰ ਜਾਂਦਾ ਹੈ।

ਜਿਸ ਤਰ੍ਹਾਂ ਕਾਗਜ ਦੇ ਉੱਪਰ ਲਿਖੀ ਹੁੰਡੀ (ਬੈਂਕ-ਡਰਾਫਟ) ਦੀ ਕੀਮਤ ਅਨਜਾਣ-ਅਨਪੜ੍ਹ ਮਨੁੱਖ ਨਹੀਂ ਜਾਣਦਾ ਤੇ ਨਾ ਹੀ ਬੈਂਕ ਡਰਾਫਟ ਦਾ ਮਨੁੱਖ ਨੂੰ ਕੋਈ ਭਾਰ ਲਗਦਾ ਹੈ। ਪਰ ਜਦੋਂ ਉਹ ਹੁੰਡੀ ਸ਼ਾਹੂਕਾਰ ਨੂੰ ਦਿੱਤੀ ਜਾਂਦੀ ਹੈ ਤਦ ਉਸ ਛੋਟੇ ਜਿਹੇ ਕਾਗਜ ਦੇ ਬਦਲੇ ਵਿੱਚ ਬਿਅੰਤ ਮਾਇਆ ਪ੍ਰਾਪਤ ਹੋ ਜਾਂਦੀ ਹੈ ਤੇ ਮਨੁੱਖ ਹੈਰਾਨ ਹੁੰਦਾ ਹੈ।

ਤੀਸਰੀ ਉਦਾਹਰਣ, ਭਾਈ ਸਾਹਿਬ ਜੀ ਨੇ ਬੋਹੜ ਦੇ ਬੀਜ ਦੀ ਦਿੱਤੀ ਹੈ। ਜਿਸ ਤਰ੍ਹਾਂ ਬੋਹੜ ਦਾ ਬੀਜ ਬੜਾ ਮਹੀਨ ਹੁੰਦਾ ਹੈ। ਕਿਸੇ ਬੱਚੇ ਨੂੰ ਆਪਣੀ ਤਲੀ ਉੱਪਰ ਬੋਹੜ ਦਾ ਬੀਜ ਰੱਖ ਕੇ ਦੱਸਿਆ ਜਾਵੇ ਕਿ ਇਸ ਛੋਟੇ ਜਿਹੇ ਬੀਜ ਵਿੱਚ ਬਹੁਤ ਵਡਾ ਬੋਹੜ ਦਾ ਦਰੱਖਤ ਸਮਾਇਆ ਹੋਇਆ ਹੈ। ਉਹ ਨਿਦਾਨ ਬੱਚਾ



ਯਕੀਨ ਨਹੀਂ ਕਰਦਾ। ਪਰ ਜਦੋਂ ਉਹ ਮਹੀਨ ਬੀਜ ਧਰਤੀ ਵਿੱਚ ਬੀਜਿਆ ਜਾਂਦਾ ਹੈ ਤੇ ਸਮੇਂ ਨਾਲ ਜਦੋਂ ਉਸ ਦਾ ਵਿਸਥਾਰ ਹੁੰਦਾ ਹੈ ਤਾਂ ਫਿਰ ਉਸ ਵਿਸਥਾਰ ਨੂੰ ਵੇਖ ਕੇ, ਉਹ ਹੀ ਬੱਚਾ ਬੜਾ ਹੈਰਾਨ ਹੁੰਦਾ ਹੈ ਕਿ ਇਸ ਛੋਟੇ ਜਿਹੇ ਬੀਜ ਵਿੱਚ ਕਿੰਨਾ ਮਹਾਨ ਬੋਹੜ ਦਾ ਦਰੱਖਤ ਛੁਪਿਆ ਹੋਇਆ ਸੀ।

ਤਿਵੇਂ ਹੀ ਗੁਰੂ ਦੇ ਸਿੱਖ ਜੋ ਸਤਿਗੁਰੂ ਜੀ ਦਾ ਬਚਨ ਮੰਨ ਕੇ ਗੁਰਮੰਤ੍ਰ ਰੂਪੀ ਬੀਜ (ਨਾਮ) ਦਾ ਅਭਿਆਸ ਕਰਦੇ ਹਨ, ਇਸ ਗੁਰਸ਼ਬਦ (ਗੁਰਮੰਤ੍ਰ) ਦੀ ਅਸਲੀ ਕੀਮਤ ਪ੍ਰਮਾਤਮਾਂ ਦੀ ਦਰਗਾਹ ਵਿੱਚ ਜਦੋਂ ਪੈਂਦੀ ਹੈ, ਤਦੋਂ ਅਭਿਆਸੀ ਜਗਿਆਸੂ ਬਹੁਤ ਹੈਰਾਨ ਹੁੰਦਾ ਹੈ ਕਿ ਜੇ ਪ੍ਰਭੂ ਨਾਮ ਇੰਨਾਂ ਮਹਾਨ ਸੀ ਤਾਂ ਮੈਨੂੰ ਹੋਰ ਜਪਣਾ ਚਾਹੀਦਾ ਸੀ। ਆਪ ਜੀ ਦੇ ਨਾਮ ਦੀ ਮਹਾਨਤਾ ਦਰਸਾਉਂਦਾ ਫੁਰਮਾਨ ਪੜ੍ਹੀਏ :

**ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ,**
**ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ॥**
**ਜੈਸੇ ਬਰ ਬਾਂਧੇ ਹੁੰਡੀ[1], ਲਾਗਤ ਨ ਭਾਰ ਕਛੂ,**
**ਆਗੈ ਜਾਇ ਪਾਈਅਤ ਲਛਮੀ ਅਪਾਰ ਜੀ॥**
**ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ,**
**ਬੋਏ ਸੈ ਬਿਬਿਧਿ ਕਰੈ ਬਿਰਖਾ ਬਿਸਥਾਰ ਜੀ॥**
**ਤੈਸੇ ਗੁਰਬਚਨ ਸਚਨ ਗੁਰ ਸਿਖਨ ਮੈ,**
**ਜਾਨੀਐ ਮਹਾਤਮ, ਗਏ ਹੀ ਹਰਿਦੁਆਰ ਜੀ॥੩੭੩॥**

**ਸਵੱਯੇ ਭਾਈ ਗੁਰਦਾਸ ਜੀ।**

ਪਰ ਉਸ ਵੇਲੇ ਸਮਾਂ ਬੀਤ ਚੁੱਕਾ ਹੁੰਦਾ ਹੈ। ਇਹ ਸ਼੍ਰੇਸ਼ਟ ਪਛਤਾਵੇ ਦੇ ਫਲਸਰੂਪ, ਪ੍ਰਭੂ ਵੱਲੋਂ ਨਾਮ ਜਪਣ ਦੀ ਲਾਲਸਾ ਰਖਣ ਵਾਲੇ ਜਗਿਆਸੂ ਦੀ ਆਤਮਾਂ ਨੂੰ ਪਰਮਾਤਮਾਂ ਕਿਸੇ ਭੈ-ਭਾਵਨੀ ਤੇ ਧਾਰਮਿਕ ਰੁਚੀ ਰੱਖਣ ਵਾਲੇ ਪਰਵਾਰ ਵਿੱਚ ਜਨਮ ਪ੍ਰਦਾਨ ਕਰ ਦਿੰਦਾ ਹੈ। ਜਨਮ ਤੋਂ ਹੀ ਧਾਰਮਿਕ ਮਹੌਲ ਉਸ ਆਤਮਾਂ ਨੂੰ ਨਾਮ ਜਪ ਵਿੱਚ ਵਾਧਾ ਕਰਨ ਲਈ ਸਹਾਇਕ ਸਿੱਧ ਹੁੰਦਾ ਹੈ।

### *ਸਵਾਸ ਬੜੇ ਕੀਮਤੀ ਹਨ*

ਆਪ ਜੀ ਨੇ ਨਾਲ ਹੀ ਬਚਨ ਕੀਤਾ, ਸੇਵਾ ਸਿੰਘ ! ਸਵਾਸ ਬੜੇ ਕੀਮਤੀ ਹਨ। ਜਿਨ੍ਹਾਂ ਨੂੰ ਇਨ੍ਹਾਂ ਸਵਾਸਾਂ ਦੀ ਕੀਮਤ ਦਾ ਪਤਾ ਲੱਗਾ, ਉਨ੍ਹਾਂ ਨੇ ਇੱਕ-ਇੱਕ ਸਵਾਸ ਨੂੰ ਤਿੰਨਾ ਲੋਕਾਂ ਦਾ ਮੁੱਲ ਦਰਸਾਇਆ। ਬਾਬਾ ਕਬੀਰ ਜੀ ਦਾ ਕਬੀਰ ਬੀਚਕ ਅੰਦਰ ਬਚਨ ਹੈ:

**ਕਬੀਰ ਕਹਿਤਾ ਹੂ ਕਹਿ ਜਾਤ ਹੂੰ ਕਹਤ ਵਜਾਵਉ ਢੋਲ॥**

1.(ਅੱਜ ਕਲ ਦਾ ਬੈਂਕ ਡਰਾਫਟ ਜਾਂ ਚੈੱਕ) ਪਿਛਲੇ ਸਮੇਂ ਵਿੱਚ ਇੱਕ ਸ਼ਾਹੂਕਾਰ ਦੂਸਰੇ ਸ਼ਾਹੂਕਾਰ ਨੂੰ ਕਾਗਜ ਉੱਪਰ ਰੁਪਈਏ ਜਾਂ ਮੋਹਰਾਂ ਦੇਣ ਪ੍ਰਤੀ ਮੋਹਰ ਲਾ ਕੇ ਲਿਖ ਦਿੰਦਾ ਸੀ, ਉਸ ਨੂੰ ਹੁੰਡੀ ਕਿਹਾ ਜਾਂਦਾ ਸੀ।

ਏਕ ਸਵਾਸ ਬਿਰਥਾ ਜਾਇ ਤੀਨ ਲੋਕ ਕਾ ਮੋਲ॥

ਉਨ੍ਹਾਂ ਨੇ ਨਿਰਾ ਕਿਹਾ ਹੀ ਨਹੀਂ, ਜਿਸ ਵੇਲੇ ਕਾਰ ਵਿਹਾਰ ਕਰਦਿਆਂ ਨਲੀ ਵਿੱਚ ਧਾਗਾ ਪਾਉਣ ਲੱਗਿਆਂ, ਪਰਮਾਤਮਾਂ ਨਾਲੋਂ ਧਿਆਨ ਟੁੱਟਾ ਤਾਂ ਬਾਬਾ ਕਬੀਰ ਜੀ ਨੇ ਤਣਨੇ-ਬੁਣਨੇ ਦਾ ਕੰਮ ਹੀ ਤਿਆਗ ਦਿੱਤਾ। ਕੰਮ ਛੱਡਣ ਨਾਲ ਕੁਦਰਤੀ ਸੀ, ਰੁਜਗਾਰ ਬੰਦ ਹੋ ਗਿਆ। ਬਾਬਾ ਕਬੀਰ ਜੀ ਦੀ ਮਾਤਾ ਡਸਕੋਰੇ ਭਰ ਭਰ ਕੇ ਰੋਂਦੀ, ਪਰਮਾਤਮਾਂ ਨੂੰ ਸੰਬੋਧਨ ਕਰ ਕੇ ਕਬੀਰ ਜੀ ਨੂੰ ਕਹਿੰਦੀ ਹੈ ਕਿ ਹੇ ਰਾਮ! ਕਬੀਰ ਨੇ ਸਾਰਾ ਤਾਣੇ-ਬਾਣੇ ਦਾ ਕੰਮ ਤਿਆਗ ਦਿੱਤਾ ਹੈ। ਹੁਣ ਇਸ ਦੇ ਬੱਚੇ, ਪ੍ਰਵਾਰ ਰੋਟੀ-ਪਾਣੀ ਤੋਂ ਬਿਨਾਂ ਕਿਵੇਂ ਜਿਉਂਦੇ ਰਹਿਣਗੇ? ਕਿਉਂਕਿ ਕੱਪੜੇ ਬੁਣਨ ਨਾਲ ਹੀ ਤਾਂ ਪ੍ਰਵਾਰ ਦਾ ਗੁਜਾਰਾ ਚਲਦਾ ਸੀ। ਇਸ ਨੇ ਸਾਰਾ ਕਾਰ ਵਿਹਾਰ ਛੱਡ ਕੇ ਇੱਕ ਰਾਮ ਦਾ ਨਾਮ ਹੀ ਜਪਣਾ ਅਰੰਭ ਕਰ ਦਿੱਤਾ ਹੈ।

ਬਾਬਾ ਕਬੀਰ ਜੀ ਨੇ ਮਾਤਾ ਦਾ ਰੋਣਾ ਤੇ ਉਲਾਂਭਾ ਸੁਣ ਕੇ ਉਤੱਰ ਦਿੱਤਾ, ਮਾਤਾ! ਜਦੋਂ ਮੈਂ ਨਲੀ ਵਿੱਚ ਧਾਗਾ ਪਾਉਂਦਾ ਹਾਂ, ਤਦ ਧਿਆਨ ਧਾਗੇ ਵਿੱਚ ਚਲਾ ਜਾਂਦਾ ਹੈ ਤੇ ਮੈਨੂੰ ਮੇਰਾ ਪਿਆਰਾ ਮਾਲਕ ਰਾਮ ਵਿਸਰ ਜਾਂਦਾ ਹੈ। ਜਿਸ ਕੰਮ ਕਰਨ ਵਿੱਚ ਮੈਨੂੰ ਪਰਮਾਤਮਾਂ ਦਾ ਨਾਮ ਭੁੱਲ ਜਾਵੇ, ਮੈਂ ਉਹ ਕੰਮ ਨਹੀਂ ਕਰਨਾ, ਕਿਉਂ ਕਿ ਮੇਰੇ ਸਵਾਸ ਬਹੁਤ ਕੀਮਤੀ ਹਨ। ਮੈਂ ਇਨ੍ਹਾਂ ਸਵਾਸਾਂ ਨੂੰ ਨਾਮ ਜਪ ਕੇ ਸਫਲਾ ਕਰਨਾ ਹੈ। ਬਾਕੀ ਰਹੀ ਪ੍ਰਵਾਰ ਤੇ ਬੱਚਿਆਂ ਦੀ ਗੱਲ, ਜਿਸ ਪ੍ਰਮਾਤਮਾਂ ਨੇ ਪ੍ਰਵਾਰ ਤੇ ਬੱਚੇ ਦਿੱਤੇ ਹਨ, ਇਨ੍ਹਾਂ ਦੀ ਰੋਜ਼ੀ-ਰੋਟੀ ਦਾ ਫਿਕਰ ਉਸ ਰੋਜ਼ੀ ਦਹਿੰਦ ਪ੍ਰਮਾਤਮਾਂ ਨੂੰ ਹੈ। ਆਪ ਜੀ ਦਾ ਬੜਾ ਪਿਆਰਾ ਬਚਨ, ਜੋ ਉਨ੍ਹਾਂ ਦੇ ਘਰ ਵਿੱਚ ਵਾਪਰਿਆ, ਸਾਡੇ ਜੀਵਾਂ ਦੀ ਅਗਵਾਈ ਲਈ, ਉਨ੍ਹਾਂ ਬਾਣੀ ਦੇ ਰੂਪ ਵਿੱਚ ਲਿਖ ਦਿੱਤਾ। ਆਪ ਦਾ ਗੂਜਰੀ ਰਾਗ ਅੰਦਰ ਬਚਨ ਦਰਜ ਹੈ:

[1]ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥
ਏ ਬਾਰਿਕ ਕੈਸੇ ਜੀਵਹਿ ਰਘੁਰਾਈ॥੧॥
ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥
ਹਰਿ ਕਾ ਨਾਮੁ ਲਿਖਿ ਲੀਓ ਸਰੀਰ॥੧॥ਰਹਾਉ॥
ਜਬ ਲਗੁ ਤਾਗਾ ਬਾਹਉ ਬੇਹੀ॥
ਤਬ ਲਗੁ ਬਿਸਰੈ ਰਾਮੁ ਸਨੇਹੀ॥੨॥
ਓਛੀ ਮਤਿ ਮੇਰੀ ਜਾਤਿ ਜੁਲਾਹਾ॥
ਹਰਿ ਕਾ ਨਾਮੁ ਲਹਿਓ ਮੈ ਲਾਹਾ॥੩॥
ਕਹਤ ਕਬੀਰ ਸੁਨਹੁ ਮੇਰੀ ਮਾਈ॥
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ॥੪॥੨॥

ਕਬੀਰ ਜੀ ਪੰਨਾ ੫੨੪

1.ਡਸਕੋਰੇ ਲੈ ਲੈ ਕੇ ਰੋਂਦੀ ਹੈ।



ਸੋ ਸੇਵਾ ਸਿੰਘ! ਸਵਾਸ ਬੜੇ ਅਮੋਲਕ ਹਨ, ਇਨ੍ਹਾਂ ਸਵਾਸਾਂ ਨਾਲ ਪ੍ਰਮਾਤਮਾਂ ਦਾ ਨਾਮ ਜਪ ਕੇ ਲਾਹਾ ਪ੍ਰਾਪਤ ਕਰਨਾ ਚਾਹੀਦਾ ਤੇ ਇੱਕ-ਇੱਕ ਸਵਾਸ ਨੂੰ ਕੀਮਤੀ ਜਾਣ ਕੇ ਸਫਲਾ ਕਰਨਾ ਚਾਹੀਦਾ ਹੈ। ਜਿਹੜਾ ਸਵਾਸ ਪ੍ਰਮਾਤਮਾਂ ਦੀ ਯਾਦ ਤੋਂ ਬਿਨਾਂ ਬਤੀਤ ਹੋਵੇ, ਗੁਰਦੇਵ ਪੰਜਵੇ ਪਾਤਸ਼ਾਹ ਜੀ ਦੇ ਵਡਹੰਸ ਰਾਗ ਅੰਦਰ ਅੰਕਤ ਕੀਤੇ ਫੁਰਮਾਨ ਅਨੁਸਾਰ:- **"ਜਿਤੁ ਵੇਲਾ ਵਿਸਰਹਿ ਤਾ ਲਾਗੈ [1]ਹਾਵਾ॥੧॥"** ਹਉਕਾ ਲੱਗਣਾ ਚਾਹੀਦਾ ਹੈ। ਸੁਆਸਾਂ ਦੀ ਸਫਲਤਾ ਲਈ ਗੁਰੂ ਰਾਮਦਾਸ ਜੀ ਦੇ ਫੁਰਮਾਨ ਨੂੰ ਹਮੇਸ਼ਾ ਸਨਮੁਖ ਰੱਖਣਾ ਚਾਹੀਦਾ ਹੈ :

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥

ਬਿਹਾਗੜਾ ਮ:੪ ਪੰਨਾ ੫੪੦

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ ਕਿ ਜਿਸ ਸਵਾਸ ਵਿੱਚ ਪਰਮਾਤਮਾਂ ਦੀ ਹੋਂਦ ਭੁੱਲ ਜਾਵੇ ਉਹ ਸਵਾਸ, ਉਹ ਦਮ, ਮਨੁੱਖ ਦਾ ਵਿਅਰਥ ਚਲਾ ਜਾਂਦਾ ਹੈ:

ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ॥੩॥

ਸੂਹੀ ਮ: ੧, ਪੰਨਾ ੭੩੦

ਬਾਬਾ ਫਰੀਦ ਜੀ ਨੇ ਮਨੁੱਖ ਨੂੰ ਗਾਫਲਤਾ ਦੀ ਨੀਂਦ ਤੋਂ ਉਥਾਨ ਕਰਨ ਲਈ ਬੜਾ ਸੁੰਦਰ ਪ੍ਰਮਾਣ ਦੇ ਕੇ ਸੁਚੇਤ ਕੀਤਾ ਹੈ। ਆਪ ਫੁਰਮਾਨ ਕਰਦੇ ਹਨ, ਹੇ ਮਨੁੱਖ! ਭਲਾ ਕੋਈ ਮਨੁੱਖ ਕੋਠੇ ਦੀ ਛੱਤ ਉੱਪਰ ਦੌੜਨ ਲੱਗ ਜਾਵੇ, ਤੂੰ ਹੀ ਦੱਸ! ਉਹ ਕਿੰਨਾ ਕੁ ਚਿਰ ਦੌੜਦਾ ਰਹੇਗਾ? ਵੱਧ ਤੋ ਵੱਧ ਵੀਹ-ਤੀਹ ਕਦਮ ਦੌੜ ਸਕੇਗਾ, ਆਖਰ ਕੋਠੇ ਦਾ ਅੰਤ ਆ ਹੀ ਜਾਣਾ ਹੈ। ਤਿਵੇਂ ਹੀ ਤੂੰ ਮੌਤ ਤੋਂ ਕਿੰਨਾ ਕੁ ਚਿਰ ਬਚਿਆ ਰਹੇਂਗਾ। ਅਖੀਰ ਇੱਕ ਦਿਨ ਮੌਤ ਨੇ ਤੈਨੂੰ ਗ੍ਰੱਸ ਹੀ ਲੈਣਾ ਹੈ। ਜੋ ਗਿਣਤੀ ਦੇ ਦਿਨ ਪ੍ਰਮਾਤਮਾਂ ਦੇ ਬਖਸ਼ਿਸ਼ ਕੀਤੇ ਹਨ, ਉਹ ਬਹੁਤ ਛੇਤੀ-ਛੇਤੀ ਬਤੀਤ ਹੋ ਗਏ ਹਨ ਤੇ ਹੋ ਜਾਣੇ ਹਨ। ਤੂੰ ਆਪਣੇ ਭਲੇ ਲਈ ਉਨ੍ਹਾਂ ਨੂੰ ਸੰਭਾਲ ਲੈ, ਨਹੀਂ ਤੇ ਆਖਰ ਪਛਤਾਉਣਾ ਪਵੇਗਾ। ਆਪ ਜੀ ਦਾ ਸਲੋਕਾਂ ਦੀ ਬਾਣੀ ਅੰਦਰ ਫੁਰਮਾਨ ਹੈ-

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ॥
ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ॥

ਫਰੀਦ ਜੀ, ਪੰਨਾ ੧੩੮੦

ਆਸਾ ਰਾਗ ਅੰਦਰ ਸਤਿਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ:

ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ॥
ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰਕੋ ਆਹਾ॥੨॥

ਆਸਾ ਮ:੫,ਪੰਨਾ ੪੦੨

1.ਹਾਉਕਾ (ਪਛਤਾਵਾ)

ਜਿਸ ਤਰ੍ਹਾਂ ਸਰੀਰ ਉੱਪਰ ਬਸਤ੍ਰ ਓਢੀਦੇ ਹਨ, ਥੋੜ੍ਹੇ ਦਿਨਾਂ ਬਾਅਦ ਉਹ ਫਟ ਜਾਂਦੇ ਹਨ। ਜੇ ਕੋਈ ਮਨੁੱਖ ਕੰਧ ਉਪਰ ਦੌੜਨ ਲੱਗ ਜਾਵੇ, ਆਖਰ ਕੰਧ ਦਾ ਕਿਨਾਰਾ ਆ ਹੀ ਜਾਣਾ ਹੈ ਤੇ ਮਨੁੱਖ ਨੇ ਮੂੰਹ ਭਾਰ ਡਿਗ ਜਾਣਾ ਹੈ। ਇਸ ਲਈ ਪਛਤਾਵੇ ਦੇ ਸੱਲ ਤੋਂ ਬਚਣ ਲਈ, ਬਾਬਾ ਕਬੀਰ ਜੀ ਦੇ ਹੇਠ ਲਿਖੇ ਪ੍ਰੇਰਨਾ ਭਰੇ ਸ਼ਬਦ ਤੋਂ ਸਿੱਖਿਆ ਲੈ ਕੇ, ਸ਼ੀਘਰਤਾ ਨਾਲ ਆਪਣੇ ਭਲੇ ਦਾ ਕਾਰਜ ਅਰੰਭ ਕਰ ਦੇਣਾ ਚਾਹੀਦਾ ਹੈ। ਆਪ ਜੀ ਦਾ ਫੁਰਮਾਨ ਹੈ:

**ਭਜਹੁ ਗੋੁਬਿੰਦ ਭੂਲਿ ਮਤ ਜਾਹੁ॥**
**ਮਾਨਸ ਜਨਮ ਕਾ ਏਹੀ ਲਾਹੁ॥੧॥ ਰਹਾਉ॥**
**ਜਬ ਲਗੁ ਜਰਾ ਰੋਗੁ ਨਹੀ ਆਇਆ॥**
**ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥**
**ਜਬ ਲਗੁ ਬਿਕਲ ਭਈ ਨਹੀ ਬਾਨੀ॥**
**ਭਜਿ ਲੇਹਿ ਰੇ ਮਨ ਸਾਰਿਗਪਾਨੀ॥**
**ਅਬ ਨ ਭਜਸਿ ਭਜਸਿ ਕਬ ਭਾਈ॥**
**ਆਵੈ ਅੰਤੁ ਨ ਭਜਿਆ ਜਾਈ॥**
**ਜੋ ਕਿਛੁ ਕਰਹਿ ਸੋਈ ਅਬ ਸਾਰੁ॥**
**ਫਿਰਿ ਪਛੁਤਾਹੁ ਨ ਪਾਵਹੁ ਪਾਰੁ॥੩॥**

ਭੈਰਉ ਕਬੀਰ ਜੀ, ਪੰਨਾ ੧੧੫੯

ਜੇ ਸਤਿਗੁਰਾਂ ਤੇ ਭਗਤਾਂ ਦੇ, ਸਾਡੇ ਹੀ ਭਲੇ ਲਈ ਉਚਾਰਣ ਕੀਤੇ ਫੁਰਮਾਨ ਨਜ਼ਰ ਅੰਦਾਜ਼ ਕਰ ਦੇਵਾਂਗੇ ਤਾਂ ਫਿਰ ਪਛਤਾਵੇ ਤੋਂ ਸਿਵਾ ਕੁਝ ਵੀ ਪੱਲੇ ਨਹੀਂ ਪਵੇਗਾ। ਆਪ ਦਾ ਫੁਰਮਾਨ ਹੈ:

**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥੪੧॥**

ਕਬੀਰ ਜੀ, ਪੰਨਾ ੧੩੬੬



# ਅਮੋਲਕ ਇਕਾਗਰਤਾ ਨੂੰ ਭੰਗ ਨਾ ਕਰੋ

ਤਕਰੀਬਨ 1970 ਦੇ ਮਾਰਚ ਮਹੀਨੇ ਦੀ ਗੱਲ ਹੈ। ਜਿਵੇਂ ਬਾਬਾ ਜੀ ਸਵੇਰ ਦਾ ਅਤੇ ਸ਼ਾਮ ਦਾ ਨਿੱਤਨੇਮ ਸੰਗਤੀ ਰੂਪ ਵਿੱਚ ਕਰਦੇ ਸਨ। ਹਰ ਰੋਜ਼ ਦੀ ਤਰ੍ਹਾਂ ਅੱਜ ਵੀ ਅੰਮ੍ਰਿਤ ਵੇਲੇ ਦਾ ਨਿੱਤਨੇਮ, ਅਸੀਂ ਸਾਰਿਆਂ ਨੇ ਇਕੱਠਾ ਕੀਤਾ। ਦੋ ਤਿੰਨ ਨਵੇਂ ਪ੍ਰੇਮੀ ਰਾਤ ਦੇ ਆਏ ਸਨ। ਉਨ੍ਹਾਂ ਵੀ ਨਿੱਤਨੇਮ ਵਿੱਚ ਹਾਜ਼ਰੀ ਭਰੀ। ਨਿੱਤਨੇਮ ਤੇ ਸੁਖਮਨੀ ਸਾਹਿਬ ਜੀ ਦਾ ਪਾਠ ਸਮਾਪਤ ਹੋਣ ਤੋਂ ਉਪ੍ਰੰਤ, ਹਰ ਰੋਜ਼ ਦੀ ਤਰ੍ਹਾਂ ਬਾਬਾ ਜੀ ਨਾਲ ਅਸੀਂ ਸਾਰਿਆਂ ਨੇ ਚਾਹ-ਸੌਂਫੇ ਦਾ ਲੰਗਰ ਛਕਿਆ। ਜਲ-ਪਾਣੀ ਛੱਕ ਕੇ ਬਾਬਾ ਜੀ ਬਾਥਰੂਮ (ਗੁਸਲਖਾਨੇ) ਚਲੇ ਗਏ। ਬਾਬਾ ਜੀ ਦੇ ਗੁਸਲਖਾਨੇ ਜਾਂਦੇ ਸਾਰ, ਇੱਧਰ ਨਵੇਂ ਆਏ ਸੱਜਣਾਂ ਨੇ ਦੁਨਿਆਵੀ ਗੱਲਾਂ-ਬਾਤਾਂ ਸ਼ੁਰੂ ਕਰਕੇ, ਸਾਨੂੰ ਸਾਰਿਆਂ ਨੂੰ ਭਾਈਵਾਲ ਬਣਾ ਲਿਆ। ਗੱਲਾਂ ਕਰਦਿਆਂ ਕਰਦਿਆਂ ਉਹਨਾਂ ਨੇ ਕੁਝ ਐਸੀਆਂ ਚੁਟੱਕਲਾ-ਨੁਮਾ ਗੱਲਾਂ ਕੀਤੀਆਂ, ਜਿਸ ਕਾਰਨ ਸਾਨੂੰ ਸਾਰਿਆਂ ਨੂੰ ਹਾਸਾ ਆ ਗਿਆ। ਇੱਕ ਪ੍ਰੇਮੀ ਨੇ ਤਾਂ ਹੱਸਦਿਆਂ ਹੱਸਦਿਆਂ ਤਾੜੀ ਵੀ ਮਾਰ ਦਿੱਤੀ। ਇੰਨੇ ਨੂੰ ਬਾਬਾ ਜੀ ਗੁਸਲਖਾਨੇ ਵਿੱਚੋਂ ਬਾਹਰ ਆਏ। ਬਾਬਾ ਜੀ ਨੇ ਗੱਲਾਂ ਕਰਨ ਤੇ ਹੱਸਣ ਦੀ ਸਾਰੀ ਅਵਾਜ਼ ਸੁਣ ਲਈ ਸੀ।

### *ਬਾਬਾ ਜੀ ਨੇ ਝਾੜ ਪਾਈ*

ਬਾਬਾ ਜੀ ਨੇ ਬੜੇ ਰੋਹ ਤੇ ਗੁੱਸੇ ਵਿੱਚ ਬਚਨ ਕੀਤਾ, ਭਲਿਓ! ਇਹ ਅੰਮ੍ਰਿਤ ਵੇਲਾ ਨਾ ਤਾਂ ਹੱਸਣ ਦਾ ਹੈ, ਨਾ ਮਖੌਲ ਕਰਨ ਦਾ ਹੈ। ਅੰਮ੍ਰਿਤ ਵੇਲਾ ਤਾਂ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਜਪਣ ਤੇ ਨਾਮ ਰਸ ਮਾਨਣ ਦਾ ਹੈ। ਤੁਸੀਂ ਮੇਰੇ ਗੁਸਲਖਾਨੇ ਜਾਦਿਆਂ ਸਾਰ ਹਾਸਾ ਮਖੌਲ ਕਰਕੇ ਨਿੱਤਨੇਮ ਤੇ ਸੁਖਮਨੀ ਸਾਹਿਬ ਦੀ ਬਾਣੀ ਪੜ੍ਹਨ ਨਾਲ ਜੋ ਇਕਾਗਰਤਾ ਬਣੀ ਸੀ, ਉਸ ਤੋਂ ਲਾਭ ਤਾਂ ਕੀ ਪ੍ਰਾਪਤ ਕਰਨਾ ਸੀ? ਤੁਸੀਂ ਸਗੋਂ ਆਪਣੀ ਬਿਰਤੀ ਨੂੰ ਖਿੰਡਾਉ ਵਿੱਚ ਲਿਜਾ ਕੇ, ਮੇਰੀ ਇਕਾਗਰਤਾ ਭੰਗ ਕਰਨ ਦਾ ਵੀ ਪਾਪ ਖੱਟਿਆ ਹੈ। ਦੋ ਘੰਟੇ ਪਾਠ ਸ੍ਰਵਣ ਕਰਕੇ ਮਸਾਂ ਥੋੜ੍ਹੀ ਇਕਾਗਰਤਾ ਬਣੀ, ਮਨ ਟਿਕਿਆ। ਤੁਸੀਂ ਦੋ ਘੰਟੇ ਦੀ ਮਿਹਨਤ, ਦੋ ਮਿੰਟਾਂ ਵਿੱਚ ਜਾਇਆ ਕਰ ਦਿੱਤੀ। ਤੁਹਾਡੇ ਨਾਲੋਂ ਜਿਆਦਾ [1]ਨਿਦਾਨ ਕੌਣ ਹੋ ਸਕਦਾ ਹੈ? ਭਲਿਓ! ਇਕਾਗਰਤਾ ਬਨਾਉਣ ਲਈ ਘੰਟਿਆਂ-ਬੱਧੀ ਸਮਾਂ ਲਗਦਾ ਹੈ, ਤਦ ਜਾ ਕੇ ਮਨ ਕੁਝ ਟਿਕਾਉ ਵਿੱਚ ਆਉਂਦਾ ਹੈ। ਖਿੰਡਾਉ ਵਿੱਚ ਜਾਣ ਲੱਗਿਆਂ ਸਕਿੰਟ ਲਗਦੇ ਹਨ। ਜਿਵੇਂ ਕਿਸੇ ਨੇ ਪਹਾੜ ਦੀ ਟੀਸੀ ਤੇ ਚੜ੍ਹਨਾ ਹੋਵੇ, ਘੰਟਿਆਂ ਅਤੇ ਦਿਨਾਂ ਬੱਧੀ ਸਮਾਂ

1. ਮੂਰਖ ਬੇ-ਸਮਝ

ਲਗਦਾ ਹੈ ਤੇ ਮਨੁੱਖ ਦਾ ਜੋਰ ਵੀ ਵਿੱਤੋਂ ਬਾਹਰਾ ਲਗਦਾ ਹੈ। ਪਰ ਚੋਟੀ ਤੋਂ ਹੇਠ ਡਿਗਣ ਲੱਗਿਆਂ, ਘੰਟੇ ਜਾਂ ਦਿਨ ਨਹੀਂ ਲਗਦੇ, ਕੁਝ ਸਕਿੰਟਾਂ ਵਿੱਚ ਮਨੁੱਖ ਖੱਡ ਵਿੱਚ ਡਿੱਗ ਜਾਂਦਾ ਹੈ ਤੇ ਜਿਸ ਵਿੱਚੋਂ ਨਿਕਲਣਾ ਬਹੁਤ ਔਖਾ ਹੈ।

### *ਬੇ-ਸਮਝ ਮਨੁੱਖ ਦਾ ਪ੍ਰਮਾਣ*

ਤੁਹਾਡੇ ਉੱਪਰ ਤਾਂ ਉਸ ਨਿਦਾਨ ਮਨੁੱਖ ਵਾਲੀ ਗਾਥਾ ਢੁਕਦੀ ਹੈ। ਜਿਸ ਦੇ ਘਰ ਵਿੱਚ ਪੰਜ-ਸੱਤ ਸੇਰ ਦਾਣੇ ਇੱਧਰ-ਉੱਧਰ ਖਿੱਲਰੇ ਪਏ ਸਨ। ਉਹ ਮਨੁੱਖ ਘਰ ਵਿੱਚੋਂ ਬੜੀ ਮਿਹਨਤ ਨਾਲ ਇੱਕ-ਇੱਕ ਦਾਣਾ ਕੋਈ ਕਿਧਰੋਂ ਕੋਈ ਕਿਧਰੋਂ ਇਕੱਤਰ ਕਰਕੇ ਕਈ ਘੰਟਿਆਂ ਵਿੱਚ ਇੱਕ ਥਾਂ ਢੇਰੀ ਬਣਾਵੇ, ਜਦੋਂ ਦਾਣਿਆਂ ਦੀ ਢੇਰੀ ਬਣ ਜਾਵੇ, ਮੁੜ ਉਸ ਨੂੰ ਕੁਝ ਪੈਰਾਂ ਨਾਲ, ਕੁਝ ਹੱਥਾਂ ਨਾਲ ਖਿਲਾਰ ਦੇਵੇ। ਅਜਿਹਾ ਕਰਨ ਵਾਲੇ ਮਨੁੱਖ ਦੀ ਮਿਹਨਤ ਅਜਾਂਈ ਚਲੀ ਜਾਂਦੀ ਹੈ। ਭਾਵੇਂ ਉਹ ਸਾਲਾਂ ਬੱਧੀ ਇਹ ਕਿਰਿਆ ਕਰੀ ਜਾਵੇ। ਚਾਹੀਦਾ ਤਾਂ ਇਹ ਹੈ ਕਿ ਜਿੰਨੇ ਦਾਣੇ ਉਸ ਨੇ ਇਕੱਠੇ ਕੀਤੇ, ਉਸ ਵਿੱਚ ਵਾਧਾ ਕਰਨ ਲਈ ਹੋਰ ਦਾਣੇ ਇਕੱਤ੍ਰ ਕਰਕੇ, ਉਸ ਢੇਰੀ ਨੂੰ ਹਰ ਰੋਜ ਬੋਹਲ ਦਾ ਰੂਪ ਦਿੰਦਾ ਜਾਵੇ, ਤਦ ਤਾਂ ਉਸ ਦੀ ਕੀਤੀ ਹੋਈ ਮਿਹਨਤ ਸਫਲ ਹੈ। ਜੇ ਜਿੰਨੇ ਦਾਣੇ ਇਕੱਠੇ ਕੀਤੇ, ਮੁੜ ਉਸ ਨੂੰ ਖਿਲਾਰਨਾ ਹੀ ਹੈ ਫਿਰ ਤਾਂ ਮਿਹਨਤ ਕੀਤੀ ਜਾਂ ਨਾ ਕੀਤੀ ਇੱਕ ਬਰਾਬਰ ਹੈ। ਵਖਤ ਅਜਾਂਈ ਗਵਾਉਣ ਵਾਲੀ ਗੱਲ ਹੈ।

ਤੁਸੀਂ ਵੀ ਬਾਣੀ ਪੜ੍ਹ ਕੇ ਮਨ ਨੂੰ ਇਕਾਗਰ ਕੀਤਾ ਪਰ ਮੁੜ ਹਾਸਾ-ਮਖੌਲ ਤੇ ਦੁਨਿਆਵੀ ਗੱਲਾਂ ਕਰਕੇ ਸਾਰੀ ਇਕਾਗਰਤਾ ਭੰਗ ਕਰਨ ਕਰਕੇ, ਜਿਵੇਂ ਤੁਹਾਡਾ ਪਹਿਲਾਂ ਮਨ ਖਿੰਡਾਉ ਵਿੱਚ ਸੀ, ਉਵੇਂ ਮੁੜ ਮਨ ਖਿੰਡਾਉ ਵਿੱਚ ਚਲਾ ਗਿਆ। ਤੁਹਾਡੀ ਦੋ ਘੰਟੇ ਦੀ ਮਿਹਨਤ ਕੀਤੀ ਅਕਾਰਥ ਚਲੀ ਗਈ। ਸੋ ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਜਦੋਂ ਵੀ ਆਪਾਂ ਸ਼ਾਮ ਦਾ ਜਾਂ ਸਵੇਰ ਦਾ ਨਿੱਤਨੇਮ ਸੰਗਤੀ ਜਾਂ ਨਿੱਜੀ ਕਰੀਏ ਤਾਂ ਨਿੱਤਨੇਮ ਤੋਂ ਬਾਅਦ ਘੱਟੋ-ਘੱਟ ਪੰਦਰਾਂ-ਵੀਹ ਮਿੰਟ ਹੋ ਸਕੇ ਤਾਂ ਇਸ ਤੋਂ ਜਿਆਦਾ ਸਮਾਂ ਬਾਣੀ ਪੜ੍ਹਨ ਨਾਲ ਬਣੀ ਇਕਾਗਰਤਾ ਦਾ ਲਾਹਾ ਗੁਰਮੰਤ੍ਰ ਦਾ ਜਾਪ ਕਰਕੇ ਲੈਣਾ ਚਾਹੀਦਾ ਹੈ। ਜੇ ਅਰਾਮ ਕਰਨ ਨੂੰ ਚਿੱਤ ਕਰਦਾ ਹੈ ਤਾਂ ਅੰਮ੍ਰਿਤ ਵੇਲੇ ਨਿੱਤਨੇਮ ਕਰਕੇ ਉਪ੍ਰੰਤ ਗੁਰਮੰਤ੍ਰ ਦਾ ਜਾਪ ਕਰ ਦੇ ਲੇਟ ਜਾਵੋ, ਤੁਸੀਂ ਖੁਦ ਉਸ ਅਨੰਦ ਨੂੰ ਮਹਿਸੂਸ ਕਰੋਗੇ, ਸੁਤੇ-ਸਿਧ ਨਿਰਯਤਨ ਸਿਮਰਨ ਚਲ ਪਵੇਗਾ। ਇਕਾਗਰਤਾ ਵਾਲੇ ਸਿਮਰਨ ਦਾ ਅਨੰਦ ਹੀ ਵੱਖਰਾ ਹੈ, ਕਰ ਕੇ ਵੇਖ ਲੈਣਾ। ਇਸੇ ਕਾਰਣ ਹੀ ਸਾਡੀ ਆਤਮਿਕ ਉੱਨਤੀ ਨਹੀਂ ਹੁੰਦੀ। ਜਿੰਨੀ ਕੁ ਅਸੀਂ ਗੁਰਬਾਣੀ ਪੜ੍ਹ ਕੇ ਨਾਮ ਜਪ ਕੇ ਇਕਾਗਰਤਾ ਬਣਾਉਂਦੇ ਹਾਂ, ਥੋੜ੍ਹੇ ਚਿਰ ਵਿੱਚ ਹੀ ਅਸੀਂ ਬਣੀ ਇਕਾਗਰਤਾ ਨੂੰ ਖਿੰਡਾਉ ਦਾ ਰੂਪ ਦੇ ਦਿੰਦੇ ਹਾਂ। ਮਨ ਦੇ ਟਿਕਾਉ ਤੋਂ ਬਿਨਾਂ ਪਰਮਾਰਥ ਦਾ ਪੈਂਡਾ ਤੈਅ ਨਹੀਂ ਹੋਣਾ। ਨਾਮ ਦਾ ਰਸ, ਆਤਮਿਕ ਉੱਨਤੀ, ਮਨ



ਦੇ ਟਿਕਾਉ ਤੋਂ ਬਿਨਾਂ ਕਦਾਚਿਤ ਵੀ ਪ੍ਰਾਪਤ ਨਹੀਂ ਹੋ ਸਕਦੀ।

### *ਅਸੀਂ ਦੋਸ਼ ਮੁਕਤ ਹੋਣ ਦੀ ਦਲੀਲ ਦਿੱਤੀ*

ਬਾਬਾ ਜੀ ਦੀਆਂ ਅਮੋਲਕ ਸਿਖਿਆਦਾਇਕ ਝਿੜਕਾਂ ਸੁਣ ਕੇ ਅਸੀਂ ਇਕਾਗਰਤਾ ਭੰਗ ਕਰਨ ਦੇ ਦੋਸ਼ ਤੋਂ ਮੁਕਤ ਹੋਣ ਲਈ ਨਵੇਂ ਆਏ ਸੱਜਣਾ ਉੱਪਰ ਇਕਾਗਰਤਾ ਤੋੜਨ ਦਾ ਦੋਸ਼ ਅਰੋਪਤ ਕਰਨ ਦਾ ਯਤਨ ਕੀਤਾ ਤੇ ਕਿਹਾ, ਬਾਬਾ ਜੀ! ਅਸੀਂ ਤਾਂ ਚੁੱਪ ਬੈਠੇ ਸਾਂ। ਇਨ੍ਹਾਂ ਨਵੇਂ ਆਏ ਗੁਰਮੁਖਾਂ ਨੇ ਹਾਸਾ ਮਖੌਲ ਦੀਆਂ ਗੱਲਾਂ ਅਰੰਭ ਕਰ ਦਿੱਤੀਆਂ। ਇਨ੍ਹਾਂ ਦੀਆਂ ਗੱਲਾਂ ਸੁਣਕੇ ਸਾਨੂੰ ਵੀ ਹਾਸਾ ਆ ਗਿਆ। ਅਸੀਂ ਆਪਣੇ ਸਿਰੋਂ ਦੋਸ਼ ਮੁਕਤ ਹੁੰਦੇ ਮੁੜ ਫਸ ਗਏ। ਸਾਡਾ ਇਹ ਉੱਤਰ ਸੁਣਕੇ ਬਾਬਾ ਜੀ ਕਹਿਣ ਲੱਗੇ, ਭਲਿਓ! ਤੁਸੀਂ ਸਾਡੇ ਪਾਸ ਰਹਿ ਕੇ ਹਰ ਰੋਜ਼ ਸਵੇਰੇ ਸ਼ਾਮ ਨਿੱਤਨੇਮ ਕਰਨ ਵਾਲੇ ਹੋ। ਤੁਹਾਡਾ ਫ਼ਰਜ ਬਣਦਾ ਸੀ ਕਿ ਜਦੋਂ ਇਨ੍ਹਾਂ ਨੇ ਗੱਲਾਂ ਦੇ ਰੂਪ ਵਿੱਚ ਕਲਜੁਗ ਨੂੰ ਅਵਾਜਾਂ ਮਾਰੀਆਂ ਤਾਂ ਤੁਸੀ ਇਨ੍ਹਾਂ ਨੂੰ ਗੱਲਾਂ ਅਰੰਭ ਕਰਨ ਤੋਂ ਰੋਕ ਦੇਣਾ ਸੀ। ਇਹ ਰਾਤ ਆਏ, ਤੁਸੀਂ ਰੋਜ ਸਾਡੇ ਪਾਸ ਰਹਿਣ ਵਾਲੇ। ਦੂਸਰੇ, ਉਹ ਦੋ ਜਣੇ ਤੇ ਤੁਸੀਂ ਅੱਠ ਜਣੇ। ਤੀਸਰੇ, ਉਹ ਗਲਤ ਹੁੰਦੇ ਹੋਏ ਤੁਹਾਡੇ ਉੱਪਰ ਕਿਵੇਂ ਹਾਵੀ ਹੋ ਗਏ? ਇਹ ਤੁਹਾਡੀ ਕਮਜ਼ੋਰੀ ਹੈ।

ਅਖੀਰ ਬਾਬਾ ਜੀ ਪਾਸੋਂ ਖਿਮਾ ਮੰਗ ਕੇ ਸਾਡੀ ਖਲਾਸੀ ਹੋਈ, ਨਾਲ ਹੀ ਬਾਬਾ ਜੀ ਨੇ ਸਾਨੂੰ ਹਦਾਇਤ ਕੀਤੀ ਕਿ ਆਮ ਸੰਗਤ ਵਿੱਚ ਜਦੋਂ ਆਪਾਂ ਜਾਂਦੇ ਹਾਂ, ਨਿੱਤਨੇਮ ਕਰਨ, ਕਥਾ ਜਾਂ ਕੀਰਤਨ ਸ੍ਰਵਣ ਕਰਨ ਤੋਂ ਉਪ੍ਰੰਤ ਅਸੀਂ ਸੰਗਤ ਰੂਪ ਵਿੱਚ ਬੈਠ ਕੇ ਦੁਨਿਆਵੀ ਗੱਪਾਂ ਮਾਰਨ ਲੱਗ ਜਾਂਦੇ ਹਾਂ, ਜਿਸ ਕਾਰਣ ਕਥਾ ਕੀਰਤਨ, ਨਿੱਤਨੇਮ ਵਿੱਚ ਬਿਤਾਇਆ ਸਮਾਂ ਪੂਰਨ ਫਲੀਭੂਤ ਨਹੀਂ ਹੁੰਦਾ। ਆਪਾਂ ਸਾਰਿਆਂ ਦਾ ਫਰਜ ਬਣਦਾ ਹੈ, ਕਿ ਜੇ ਕੋਈ ਅਗਿਆਨਤਾ ਵਸ ਇਹ ਕਰਮ ਕਰਦਾ ਹੈ, ਉਸ ਨੂੰ ਬੜੀ ਨਿਮ੍ਰਤਾ ਨਾਲ ਬੇਨਤੀ ਕਰ ਦੇਵੋ। ਜੇ ਉਹ ਮਨ ਜਾਵੇ ਉਸ ਦਾ ਵੀ ਭਲਾ, ਜੇ ਉਹ ਨਾ ਮੰਨੇ ਤਦ ਉਸ ਨਾਲ ਵਿਵਾਦ ਕਰਨ ਦੀ ਲੋੜ ਨਹੀਂ, ਆਪ ਉੱਠ ਕੇ ਉਸ ਦੇ ਸੰਗ ਦਾ ਤਿਆਗ ਕਰਕੇ ਪਰ੍ਹੇ ਦੂਰ ਬੈਠ ਕੇ ਬਣੀ ਹੋਈ ਇਕਾਗਰਤਾ ਦਾ ਅਨੰਦ ਮਾਣੋ।

### *ਸਫਲ ਜ਼ਿੰਮੀਦਾਰ ਕੌਣ ਹੈ?*

ਸਫਲ ਜਿਮੀਂਦਾਰ ਉਸ ਨੂੰ ਨਹੀਂ ਮੰਨਿਆ ਜਾਂਦਾ, ਜਿਹੜਾ ਬਹੁਤਾ ਹਲ ਵਾਹੇ, ਫ਼ਸਲ ਬੀਜੇ, ਪਾਣੀ ਦੇਵੇ ਤੇ ਚੰਗੀ ਫ਼ਸਲ ਤਿਆਰ ਕਰ ਲਵੇ, ਪਰ ਬੋਹਲ ਵੇਲੇ ਅਵੇਸਲਾ ਹੋ ਕੇ ਸੌਂ ਜਾਵੇ। ਨਹੀਂ! ਜਿਹੜਾ ਜਿਮੀਂਦਾਰ ਪੂਰੀ ਮਿਹਨਤ ਕਰਕੇ ਫਸਲ ਤਿਆਰ ਕਰੇ। ਜਦੋਂ ਬੋਹਲ ਤਿਆਰ ਹੋ ਜਾਵੇ, ਪਹਿਲੇ ਨਾਲੋਂ ਵੀ ਜਿਆਦਾ ਸਾਵਧਾਨ ਹੋ ਕੇ ਬੋਹਲ ਦੀ ਸੰਭਾਲ ਤੇ ਰਖਵਾਲੀ ਕਰੇ, ਉਸ ਨੂੰ ਸਫਲ ਕਿਰਸਾਣ

ਗਿਣਿਆ ਜਾਂਦਾ ਹੈ। ਜਿਵੇਂ ਦੁਨਿਆਵੀ ਫ਼ਸਲ ਦਾ ਬੋਹਲ ਪ੍ਰਾਪਤ ਕਰਨ ਲਈ ਅਨੇਕਾਂ ਸਾਵਧਾਨੀਆਂ ਵਰਤਣੀਆਂ ਪੈਂਦੀਆਂ ਹਨ, ਤਿਵੇਂ ਨਾਮ ਦੀ ਖੇਤੀ ਨੂੰ ਪ੍ਰਫੁਲਤ ਕਰਨ ਤੇ ਉਸ ਦੀ ਰੱਖ-ਰਖਵਾਈ ਤੇ ਸਾਂਭ-ਸੰਭਾਲ ਲਈ ਵੀ ਜਗਿਆਸੂ ਨੂੰ ਉਚੇਚੀ ਸਾਵਧਾਨੀ ਵਰਤਣੀ ਚਾਹੀਦੀ ਹੈ, ਜਿਵੇਂ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸੋਰਠਿ ਰਾਗ ਅੰਦਰ ਬਚਨ ਅੰਕਤ ਕਰਕੇ ਅਗਵਾਈ ਪ੍ਰਦਾਨ ਕੀਤੀ ਹੈ:

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥**
**ਨਾਮੁ ਬੀਜੁ ਸੰਤੋਖੁ ਸੁਹਾਗਾ [1]ਰਖੁ ਗਰੀਬੀ ਵੇਸੁ॥**
**ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥੧॥**

ਸੋਰਠਿ ਮ:੧, ਪੰਨਾ ੫੯੫

ਜਿੱਥੇ ਨਾਮ ਸਿਮਰਨ ਅਤੇ ਨਿੱਤਨੇਮ ਦੁਆਰਾ ਬਣੀ ਇਕਾਗਰਤਾ ਦੀ ਆਪਾਂ ਸੰਭਾਲ ਕਰਨੀ ਹੈ, ਉੱਥੇ ਗੁਰਬਾਣੀ ਅਨੁਸਾਰ ਮਨ-ਬਚ-ਕਰਮਾਂ ਕਰਕੇ ਸ਼ੁਭ ਕਰਮਾਂ ਦੇ ਧਾਰਨੀ ਬਣਨਾ ਹੈ। ਆਲਸੀ ਜੀਵਨ ਦਾ ਤਿਆਗ ਕਰ ਉੱਦਮੀ ਬਣ ਕੇ ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ :

**ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥**
**ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ॥**

ਸਲੋਕ ਮ:੫, ਪੰਨਾ ੪੫੬

ਨੂੰ ਆਪਣਾ ਜੀਵਨ ਅਧਾਰ ਬਨਾਉਣਾ ਹੈ। ਸਾਦਾ ਜੀਵਨ ਬਤੀਤ ਕਰਦੇ, ਆਪਾ ਜਨਾਉਣ ਤੋਂ ਹਮੇਸ਼ਾ ਪ੍ਰਹੇਜ ਕਰਨਾ ਹੈ। ਨਾਮ ਸਿਮਰਨ ਤੇ ਕੀਤੇ ਨਿੱਤਨੇਮ ਦੀ ਕਦੇ ਵੀ ਪ੍ਰਦਰਸ਼ਨੀ ਨਹੀਂ ਕਰਨੀ। ਜਿਹੜਾ ਗੁਰੂ ਦਰਸਾਈ ਚਾਲੀ ਅਨੁਸਾਰ ਚਲਦਾ, ਨਿਮ੍ਰਤਾ ਵਿੱਚ ਵਿਚਰਦਾ, ਸਤਿਗੁਰੂ ਅਰਜਨ ਦੇਵ ਜੀ ਦੇ ਉਪਦੇਸ਼:-

**[2]ਗਰੀਬੀ ਗਦਾ ਹਮਾਰੀ।। [3]ਖੰਨਾ ਸਗਲ ਰੇਨੁ ਛਾਰੀ ॥**
**[4]ਇਸੁ ਆਗੈ ਕੋ ਨ ਟਿਕੈ ਵੇਕਾਰੀ।। ਗੁਰ ਪੂਰੇ ਏਹ ਗਲ ਸਾਰੀ ॥**

ਸੋਰਠਿ ਮ:੫, ਪੰਨਾ ੬੨੮

ਨੂੰ ਆਪਣਾ ਜੀਵਨ ਅਧਾਰ ਬਣਾ ਕੇ ਜੀਵਨ ਬਤੀਤ ਕਰਦਾ ਹੈ, ਉਸ ਉੱਪਰ ਵਿਕਾਰ ਹਾਵੀ ਨਹੀਂ ਹੋ ਸਕਦੇ ਅਤੇ ਉਹ ਆਪਣੇ ਜੀਵਨ ਦੀ ਬਾਜੀ ਨੂੰ ਜਿੱਤ ਜਾਂਦਾ ਹੈ। ਇਕਾਗਰਤਾ ਬਨਾਉਣੀ ਬਹੁਤ ਔਖੀ ਹੈ ਪਰ ਇਸ ਅਮੋਲਕ ਇਕਾਗਰਤਾ ਨੂੰ ਸਾਂਭਣਾ ਉਸ ਤੋਂ ਵੀ ਵੱਧ ਕਠਨ ਹੈ।

1. ਨਿਮ੍ਰਤਾ ਦੀ ਵਾੜ ਕਰੋ 2. ਨਿਮ੍ਰਤਾ ਧਾਰਨ ਕਰਨੀ ਮਾਨੋਂ ਗੁਰਜ ਹਥਿਆਰ ਹੈ।3. ਖੰਡਾ
4. ਇਨ੍ਹਾਂ ਅੱਗੇ ਕੋਈ ਵਿਕਾਰ ਠਹਿਰ ਨਹੀਂ ਸਕਦਾ।



# ਵਰਤਣ ਦੀ ਨੀਅਤ ਹੋਵੇ ਤੋਟਾ ਨਹੀਂ ਆਉਂਦਾ

ਪਿੰਡ ਨਰਿਆਲਾਂ ਵਿਖੇ, ਬਾਬਾ ਜੀ ਦੀ ਭਤੀਜੀ ਬੀ. ਮਨਜੀਤ ਕੌਰ, ਸ. ਅਜੈਬ ਸਿੰਘ ਸਪੁੱਤਰ ਸ. ਅਰਜਨ ਸਿੰਘ ਨਾਲ ਵਿਆਹੀ ਹੋਈ ਸੀ। ਅਕਸਰ ਆਪ ਜੀ, ਜਦੋਂ ਉਹ ਯਾਦ ਕਰਦੇ, ਬਾਬਾ ਜੀ ਸੰਗਤ ਸਮੇਤ ਨਰਿਆਲੀਂ ਪੁੱਜ ਜਾਂਦੇ। ਆਪ ਜੀ ਆਪਣੇ ਅਸੂਲ ਮੁਤਾਬਕ ਸ਼ਾਮ ਨੂੰ ਸੰਗਤੀ ਰੂਪ ਵਿੱਚ ਰਹਿਰਾਸ ਸਾਹਿਬ ਜੀ ਦਾ ਪਾਠ ਕਰਦੇ ਅਤੇ ਸੋਦਰ ਦੇ ਪਾਠ ਤੋਂ ਉਪ੍ਰੰਤ ਕਿਸੇ ਸ਼ਬਦ ਦੀ ਵੀਚਾਰ ਜਾਂ ਇਤਿਹਾਸ ਵਿਚੋਂ ਕੋਈ ਨ ਕੋਈ ਗੁਰਮਤਿ ਦੀ ਸਿੱਖਿਆ ਪ੍ਰਦਾਨ ਕਰਨ ਵਾਲੀ ਸਾਖੀ ਸੰਗਤਾਂ ਨੂੰ ਸ੍ਰਵਣ ਕਰਾਉਂਦੇ। ਅੰਮ੍ਰਿਤ ਵੇਲੇ, ਫਿਰ ਸੰਗਤੀ ਨਿੱਤਨੇਮ ਤੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦੇ। ਉਸੇ ਨੇਮ ਅਨੁਸਾਰ ਬਾਬਾ ਜੀ ਨੇ ਸਵੇਰੇ ਨਿੱਤਨੇਮ ਦਾ ਅਤੇ ਸੁਖਮਨੀ ਸਾਹਿਬ ਦਾ ਪਾਠ ਕੀਤਾ।

### *ਬਾਬਾ ਜੀ ਗੁਰਦੁਆਰੇ ਗਏ*

ਥੋੜ੍ਹਾ ਜਲ ਪਾਣੀ ਛਕ ਕੇ, ਆਪ ਜੀ ਸੰਗਤ ਸਮੇਤ ਗੁਰਦਆਰਾ ਸਾਹਿਬ ਨੂੰ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਚੱਲ ਪਏ। ਉਸ ਦਿਨ ਸੰਗਰਾਂਦ ਦਾ ਦਿਨ ਸੀ। ਕੁਝ ਸੰਗਤ ਗੁਰੂ ਚਰਨਾਂ ਵਿੱਚ ਜੁੜੀ ਬੈਠੀ ਸੀ, ਕੁਝ ਆ ਰਹੀ ਸੀ। ਸੁਖਮਨੀ ਸਾਹਿਬ ਦਾ ਪਾਠ ਚੱਲ ਰਿਹਾ ਸੀ। ਆਪ ਜੀ ਨੇ ਵੀ ਸੁਖਮਨੀ ਸਾਹਿਬ ਦਾ ਰਹਿੰਦਾ ਪਾਠ ਸ੍ਰਵਣ ਕੀਤਾ। ਮੇਜਰ [1]ਸਰਦਾਰਾ ਸਿੰਘ ਜੀ, ਜੋ ਗੁਰੂ ਘਰ ਦਾ ਸਾਰਾ ਪ੍ਰਬੰਧ ਬੜੇ ਪ੍ਰੇਮ ਨਾਲ ਚਲਾਉਂਦੇ ਸਨ, ਉਨ੍ਹਾਂ ਨੇ ਬਾਰਹ ਮਾਹਾ ਦਾ ਪਾਠ ਸੰਗਤ ਨੂੰ

**1.** ਸ: ਸਰਦਾਰਾ ਸਿੰਘ ਸਪੁੱਤਰ ਸ: ਕਰਮ ਸਿੰਘ ਜੀ ਪਿੰਡ ਮੁਰਾਦਪੁਰ ਨਰਿਆਲ, ਵਿਦਿਆ ਪ੍ਰਾਪਤ ਕਰਨ ਉਪ੍ਰੰਤ ਸਿਵਲ ਕੋਰ (ਮਿਲਟਰੀ) ਵਿੱਚ ਭਰਤੀ ਹੋ ਗਏ। ਧਾਰਮਿਕ ਸੰਸਕਾਰ ਤਾਂ ਬਚਪਨ ਤੋਂ ਹੀ ਸਨ ਜਿਸ ਸਦਕਾ ਆਪ ਜੀ ਜਦੋਂ ਵੀ ਛੁੱਟੀ ਆਉਂਦੇ, ਬਹੁਤਾ ਸਮਾਂ ਗੁਰੂ ਘਰ ਦੀ ਸੇਵਾ ਵਿੱਚ ਬਤੀਤ ਕਰਦੇ। ਮੇਜਰ ਰੈਂਕ ਪ੍ਰਾਪਤ ਕਰ ਰਿਟਾਇਰਮੈਂਟ ਉਪ੍ਰੰਤ, ਸਾਰਾ ਜੀਵਨ ਗੁਰੂ ਘਰ ਦੀ ਸੇਵਾ ਤੇ ਸਮਾਜ ਭਲਾਈ ਨੂੰ ਅਰਪਣ ਕਰ ਦਿੱਤਾ। ਆਪ ਜੀ ਨੇ ਬਾਬਾ ਜਵਾਹਰ ਦਾਸ ਜੀ ਦੇ ਅਸਥਾਨ ਦੀ ਬਹੁਤ ਹੀ ਸ਼ਾਨਦਾਰ ਬਿਲਡਿੰਗ ਦੇ ਰੂਪ ਵਿੱਚ ਪੁਨਰ ਉਸਾਰੀ ਕਰਵਾਈ। ਲੰਗਰ ਹਾਲ, ਦੀਵਾਨ ਹਾਲ ਤੇ ਸਕੂਲ ਦੇ ਕਮਰਿਆਂ ਦੀ ਆਪਣੇ ਪਾਸੋਂ ਮਾਇਆ ਖਰਚ ਕੇ ਤੇ ਸੰਗਤਾਂ ਨੂੰ ਪ੍ਰੇਰਨਾ ਦੇ ਕੇ ਬਹੁਤ ਸੁੰਦਰ ਬਿਲਡਿੰਗਾਂ ਬਣਾਈਆਂ। ਗੁਰਦੁਆਰਾ ਸਾਹਿਬ ਦੇ ਸਨਮੁਖ ਤੇ ਹਰ ਸੜਕ ਤੇ ਗੇਟ ਉਸਾਰੇ। ਗੁਰਦੁਆਰਾ ਰਾਮਪੁਰ ਖੇੜਾ ਵਿਖੇ ਵੀ ਸਮਾਗਮਾਂ ਵਿੱਚ ਬੜੀ ਤਨ ਦੇਹੀ ਨਾਲ ਸੰਗਤਾਂ ਨੂੰ ਨਾਲ ਲੈ ਕੇ ਸੇਵਾ ਕਰਦੇ। ਆਪ ਗੁਰੂ ਘਰਾਂ ਦੀ ਤੇ ਲੋੜਵੰਦਾਂ ਦੀ ਸੇਵਾ ਕਰਦੇ ਹੋਏ ਆਪਣਾ ਜੀਵਨ ਸਫਲਾ ਕਰਕੇ 19 ਮਾਰਚ 2008 ਨੂੰ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਪਰਲੋਕ ਗਵਨ ਕਰ ਗਏ।

ਸ੍ਵਣ ਕਰਵਾਇਆ। ਬਾਬਾ ਜੀ ਨੇ ਮਹੀਨੇ ਦੀ ਵੀਚਾਰ ਕਰ ਕੇ ਸੰਗਤ ਨੂੰ ਗੁਰੂ ਉਪਦੇਸ਼ ਤੋਂ ਜਾਣੂ ਕਰਵਾਇਆ। ਅਰਦਾਸ ਤੋਂ ਪਹਿਲਾਂ, ਇੱਕ ਛੋਟੇ ਜਿਹੇ ਥਾਲ ਵਿੱਚ ਜੋ ਚਿੱਟੇ ਕੱਪੜੇ ਨਾਲ ਢੱਕਿਆ ਹੋਇਆ ਸੀ, ਦੇਸੀ ਘਿਉ ਦੀ ਦੇਗ ਲਿਆਂਦੀ ਤੇ ਨਾਲ ਨਾਲ ਮਗਰ ਹੀ ਇੱਕ ਟੱਬ, ਜਿਸ ਨੂੰ ਦੋ ਪ੍ਰਾਣੀਆਂ ਨੇ ਚੁੱਕਿਆ ਹੋਇਆ ਸੀ, ਉਸ ਟੱਬ ਵਿੱਚ ਡਾਲਡੇ ਘਿਉ ਦਾ ਪ੍ਰਸ਼ਾਦ ਲਿਆ ਕੇ ਸਤਿਗੁਰਾਂ ਦੇ ਸੱਜੇ ਪਾਸੇ ਮੇਜ ਤੇ ਟਿਕਾ ਦਿੱਤਾ। ਅਨੰਦੁ ਸਾਹਿਬ ਦੇ ਪਾਠ ਉਪ੍ਰੰਤ ਅਰਦਾਸ ਕਰਕੇ ਥਾਲ ਵਿੱਚੋਂ, ਪੰਜਾਂ ਪਿਆਰਿਆਂ ਨੂੰ ਦੇਸੀ ਘਿਉ ਦਾ ਪ੍ਰਸ਼ਾਦ ਵਰਤਾ ਕੇ, ਬਾਕੀ ਬਚਦਾ ਪ੍ਰਸ਼ਾਦ, ਡਾਲਡੇ ਦੇ ਬਣਾਏ ਪ੍ਰਸ਼ਾਦ ਵਿੱਚ ਮਿਲਾ ਕੇ, ਦੋ ਸਿੰਘਾਂ ਨੇ ਸੰਗਤ ਨੂੰ ਖੁੱਲ੍ਹਾ ਗੱਫਾ ਵਰਤਾਉਣਾ ਸ਼ੁਰੂ ਕਰ ਦਿੱਤਾ। ਪ੍ਰਸ਼ਾਦ ਵਰਤਣ ਉਪ੍ਰੰਤ, ਸੰਗਤ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਜਾਣ ਲੱਗ ਪਈ। ਬਾਬਾ ਜੀ ਤੇ ਉਨ੍ਹਾਂ ਦੇ ਨਾਲ ਆਏ ਸਿੰਘ ਤੇ ਦੋ ਤਿੰਨ ਹੋਰ ਨਗਰ ਦੇ ਮੁਹਤਬਰ ਸਿੰਘ, ਬਾਬਾ ਜੀ ਪਾਸ ਹਾਲ ਕਮਰੇ ਵਿੱਚ ਹੀ ਬੈਠ ਗਏ। ਜਦ ਨੂੰ ਮੇਜਰ ਸਰਦਾਰਾ ਸਿੰਘ ਜੀ ਵੀ ਪ੍ਰਬੰਧਕੀ ਕੰਮ ਸੰਕੋਚ ਕੇ ਬਾਬਾ ਜੀ ਪਾਸ ਆ ਕੇ ਬੈਠ ਗਏ।

### *ਬਾਬਾ ਜੀ ਨੇ ਮੇਜਰ ਸਰਦਾਰਾ ਸਿੰਘ ਜੀ ਨਾਲ ਬਚਨ ਸਾਂਝੇ ਕੀਤੇ*

ਬਾਬਾ ਜੀ ਨੇ ਮੇਜਰ ਸਾਹਿਬ ਨੂੰ ਸੰਬੋਧਨ ਕਰਕੇ ਪੁੱਛਿਆ, ਮੇਜਰ ਸਾਹਿਬ ! ਗੁਰੂ ਮਹਾਰਾਜ ਜੀ ਦੇ ਸਨਮੁਖ ਦੋ ਤਰ੍ਹਾਂ ਦੀ ਦੇਗ ਕਿਉਂ ਤੇ ਕਿਸ ਕਾਰਣ ਲਿਆਂਦੀ? ਮੇਜਰ ਸਾਹਿਬ ਦਾ ਸੁਭਾਅ ਕੁਝ ਕਾਹਲਾ ਸੀ। ਆਪ ਕਹਿਣ ਲੱਗੇ, ਨਿਆਣੇ ਤੋਂ ਲੈ ਕੇ ਵੱਡਿਆਂ ਤੱਕ, ਸਾਰੇ ਸੰਗਰਾਂਦ ਵਾਲੇ ਦਿਨ ਰੱਜ ਰੱਜ ਕੇ ਕੜਾਹ ਖਾਣਾ ਚਾਹੁੰਦੇ ਹਨ। ਇਸ ਕਰਕੇ ਡਾਲਡੇ ਦਾ ਪ੍ਰਸ਼ਾਦ ਉਨ੍ਹਾਂ ਵਾਸਤੇ ਬਣਾਈਦਾ ਹੈ। ਦੇਸੀ ਘਿਉ ਮਹਿੰਗਾ ਹੈ, ਇਸ ਕਰਕੇ ਬੀਬੀਆਂ ਮਿੱਣ ਕੇ ਇੱਕ ਇੱਕ ਦੋ ਦੋ ਚਮਚੇ ਭੋਗ ਲਵਾਉਣ ਲਈ ਬਨਾਉਣ ਵਾਲੀ ਦੇਗ ਲਈ ਮਸੀਂ ਕਿਤੇ ਲਿਆਉਂਦੀਆਂ ਹਨ ਤੇ ਉਸ ਘਿਉ ਦੀ ਦੇਗ ਬਣਾ ਲਈਦੀ ਹੈ। ਬਾਕੀ ਡਾਲਡਾ ਘਿਉ ਮੁੱਲ ਲਿਆ ਕੇ ਖੁੱਲ੍ਹਾ ਕੜਾਹ ਬਣਾ ਲਈਦਾ ਹੈ। ਬਾਬਾ ਜੀ ਨੇ ਮੇਜਰ ਸਾਹਿਬ ਦਾ ਉੱਤਰ ਸੁਣ ਕੇ ਉਨ੍ਹਾਂ ਨੂੰ ਸੰਬੋਧਨ ਕਰ ਕੇ ਕਿਹਾ, ਮੇਜਰ ਸਾਹਿਬ! ਜਦ ਤੁਹਾਡੇ ਮਨ ਵਿੱਚ ਹੀ ਇਹ ਗੱਲ ਵਸੀ ਹੋਈ ਹੈ ਕਿ ਅਸੀਂ ਪਾਈਆ ਦੇਸੀ ਘਿਉ ਦਾ ਪ੍ਰਸ਼ਾਦ ਬਨਾਉਣਾ ਹੈ, ਇਸ ਕਰਕੇ ਬੀਬੀਆਂ ਵੀ ਚਮਚਿਆਂ ਨਾਲ ਮਿਣ ਕੇ ਗੁਰੂ ਘਰ ਘਿਉ ਲਿਆਉਂਦੀਆਂ ਹਨ। ਜੇ ਤੁਹਾਡੇ ਮਨ ਵਿੱਚ ਹੋਵੇ ਕਿ ਅਸੀਂ ਸਾਰਾ ਪ੍ਰਸ਼ਾਦ ਦੇਸੀ ਘਿਉ ਦਾ ਹੀ ਬਨਾਉਣਾ ਹੈ, ਤਦ ਬੀਬੀਆਂ ਵੀ ਕੌਲੀਆਂ ਭਰ ਭਰ ਕੇ ਘਿਉ ਲਿਆਉਣ ਲੱਗ ਜਾਣਗੀਆਂ। ਮੇਜਰ ਸਾਹਿਬ ਕਹਿਣ ਲੱਗੇ, ਬਾਬਾ ਜੀ ! ਜੋ ਮਰਜੀ ਕਰ ਲਵੋ, ਇਨ੍ਹਾਂ ਦੀ ਨੀਅਤ ਤੇ ਆਦਤ ਨਹੀਂ ਬਦਲਣੀ।

ਬਾਬਾ ਜੀ ਨੇ ਉੱਤਰ ਦਿੱਤਾ, ਮੇਜਰ ਸਾਹਿਬ ! ਤੁਸੀਂ ਇਹ ਵੀ ਪ੍ਰਤਾਵਾ ਕਰਕੇ



ਵੇਖ ਲਵੋ। ਆਪ ਸਪੀਕਰ ਵਿੱਚ, ਅੱਜ ਵੀ ਤੇ ਸੰਗਰਾਂਦ ਵਾਲੇ ਦਿਨ ਤੋਂ ਪਹਿਲਾਂ ਵੀ, ਸੰਗਤਾਂ ਨੂੰ ਬੇਨਤੀ ਕਰ ਦੇਵੋ ਕਿ ਅਗਲੀ ਸੰਗਰਾਂਦ ਨੂੰ ਦੋ ਦੇਗਾਂ ਨਹੀਂ ਬਣਨਗੀਆਂ, ਕੇਵਲ ਦੇਸੀ ਘਿਉ ਦਾ ਪ੍ਰਸ਼ਾਦ ਹੀ ਬਣੇਗਾ। ਜਿੰਨੀ ਕਿਸੇ ਪਾਸ ਸਮਰਥਾ ਹੈ, ਉਹ ਦੇਸੀ ਘਿਉ ਗੁਰੂ ਘਰ ਵਿੱਚ ਪਹੁੰਚਾਉਣ ਦੀ ਕ੍ਰਿਪਾ ਕਰੇ। ਮੇਜਰ ਸਾਹਿਬ ਕਹਿਣ ਲੱਗੇ, ਬਾਬਾ ਜੀ ! ਆਪ ਦੇ ਕਹਿਣ ਅਨੁਸਾਰ ਅਸੀਂ ਇਹ ਵੀ ਕਰ ਲੈਂਦੇ ਹਾਂ, ਪਰ ਉਮੀਦ ਨਹੀਂ ਕਿ ਬੀਬੀਆਂ ਦੋ ਚਮਚਿਆਂ ਤੋਂ ਵੱਧ ਘਿਉ ਲਿਆਉਣਗੀਆਂ। ਇਨ੍ਹਾਂ ਦੇ ਮਨ ਬੜੇ ਨਿੱਕੇ ਨਿੱਕੇ ਹਨ। ਬਾਬਾ ਜੀ ਮੇਜਰ ਸਾਹਿਬ ਨੂੰ ਕਹਿਣ ਲੱਗੇ ਕਿ ਅਗਲੀ ਸੰਗਰਾਂਦ ਨੂੰ ਜਿੰਨੇ ਘਿਉ ਦੀ ਦੇਗ ਤੁਸੀਂ ਬਨਾਉਣੀ ਹੈ, ਉਹ ਸੇਵਾ ਸਾਨੂੰ ਦੇ ਦਿਉ। ਇੰਨਾ ਕਹਿ ਕੇ ਬਾਬਾ ਜੀ ਆਪਣੀ ਜੇਬ ਵਿੱਚੋਂ ਮਾਇਆ ਕੱਢ ਕੇ ਮੇਜਰ ਸਾਹਿਬ ਨੂੰ ਦੇਣ ਲਈ ਤਿਆਰ ਹੋਏ। ਮੇਜਰ ਸਾਹਿਬ ਕਹਿਣ ਲੱਗੇ, ਬਾਬਾ ਜੀ ! ਅਸੀਂ ਮਾਇਆ ਨਹੀਂ ਲੈਣੀ। ਅਸੀਂ ਤਿੰਨ ਕਿੱਲੋ ਦੀ ਦੇਗ ਬਨਾਉਂਦੇ ਹਾਂ। ਜਿੰਨਾ ਬੀਬੀਆਂ ਘਿਉ ਲੈ ਆਈਆਂ, ਉਸ ਵਿੱਚ ਬਾਕੀ ਮੈਂ ਆਪਣੇ ਪਾਸੋਂ ਦਸਵੰਧ ਦੀ ਮਾਇਆ ਪਾ ਕੇ ਘਿਉ ਪੂਰਾ ਕਰ ਦੇਵਾਂਗਾ। ਅਗਲੀ ਸੰਗਰਾਂਦ ਤੋਂ ਅਸੀਂ ਸਾਰਾ ਦੇਸੀ ਘਿਉ ਦਾ ਹੀ ਪ੍ਰਸ਼ਾਦ ਬਣਾਵਾਂਗੇ। ਬਾਬਾ ਜੀ ਕਹਿਣ ਲੱਗੇ ਕਿ ਜੇ ਤੁਹਾਡਾ ਮਨ ਬਣ ਗਿਆ ਹੈ ਫਿਰ ਘਾਟਾ ਵੀ ਨਹੀਂ ਰਹੇਗਾ।

### *ਮੇਜਰ ਸਾਹਿਬ ਨੇ ਦੇਸੀ ਘਿਉ ਦੀ ਦੇਗ ਲਈ ਸੰਗਤਾਂ ਨੂੰ ਸੂਚਿਤ ਕਰਨਾ*

ਮੇਜਰ ਸਾਹਿਬ ਨੇ ਸਪੀਕਰ ਰਾਹੀਂ ਸਾਰੇ ਨਗਰ ਦੀਆਂ ਸੰਗਤਾਂ ਨੂੰ ਸੂਚਿਤ ਕਰ ਦਿੱਤਾ। ਗੁਰੂ ਮਹਾਂਰਾਜ ਜੀ ਨੇ ਸੰਗਤਾਂ ਨੂੰ ਐਸੀ ਪ੍ਰੇਰਨਾ ਦਿੱਤੀ ਕਿ ਜਿੰਨੀ ਦੇਗ ਬਨਾਉਣੀ ਸੀ ਉਸ ਤੋਂ ਕਿਤੇ ਵੱਧ ਦੇਸੀ ਘਿਉ ਹੋ ਗਿਆ। ਸੰਗਰਾਂਦ ਦਾ ਦੀਵਾਨ ਸਮਾਪਤ ਹੋਣ ਉਪ੍ਰੰਤ, ਮੇਜਰ ਸਾਹਿਬ ਸਕੂਟਰੀ ਉੱਪਰ ਗੁ: ਰਾਮਪੁਰ ਖੇੜਾ ਸਾਹਿਬ ਆਏ ਤੇ ਬੜੀ ਖੁਸ਼ੀ ਨਾਲ ਬਾਬਾ ਜੀ ਨੂੰ ਦੱਸਿਆ ਕਿ ਬਾਬਾ ਜੀ! ਜੋ ਆਪ ਜੀ ਨੇ ਬਚਨ ਕੀਤਾ ਸੀ, ਅਸੀਂ ਉਵੇਂ ਹੀ ਕੀਤਾ, ਜਿੰਨੀ ਦੇਗ ਬਣਾਈ ਸੀ, ਦੇਗ ਬਨਾਉਣ ਤੋਂ ਪਿੱਛੋਂ ਕਾਫੀ ਘਿਉ ਬਚ ਗਿਆ ਹੈ। ਉਸ ਨੂੰ ਕੀ ਕਰੀਏ?

ਬਾਬਾ ਜੀ ਕਹਿਣ ਲੱਗੇ, ਮੇਜਰ ਸਾਹਿਬ ! ਤੁਸੀਂ ਹਰ ਰੋਜ਼ ਸੰਗਤ ਸਮੇਤ ਗੁਰਦੁਆਰੇ ਨਿੱਤਨੇਮ ਕਰਦੇ ਹੋ। ਪਤਾਸਿਆਂ ਦਾ ਪ੍ਰਸ਼ਾਦ ਬਰਤਾਉਣ ਦੀ ਥਾਂ ਹਰ ਰੋਜ ਦੇਗ ਬਣਾ ਕੇ ਗੁਰੂ ਮਹਾਰਾਜ ਜੀ ਤੇ ਸੰਗਤ ਦੀਆਂ ਖੁਸ਼ੀਆਂ ਲਵੋ, ਜੇ ਫਿਰ ਵੀ ਘਿਉ ਵੱਧ ਜਾਵੇ, ਫਿਰ ਲੰਗਰ ਵਿੱਚ ਵਰਤ ਲਿਆ ਕਰੋ। ਮੇਜਰ ਸਾਹਿਬ ਜੀ ਦੇ ਦੱਸਣ ਅਨੁਸਾਰ ਹਰ ਰੋਜ਼ ਦੇਗ ਬਨਾਉਣੀ ਸ਼ੁਰੂ ਕਰ ਦਿੱਤੀ ਤੇ ਲੰਗਰ ਵੀ ਸੰਗਰਾਂਦ ਤੇ ਗੁਰਪੁਰਬਾਂ ਤੇ ਸਾਰਾ ਦੇਸੀ ਘਿਉ ਨਾਲ ਬਨਾਉਣਾ ਅਰੰਭ ਕਰ ਦਿੱਤਾ। ਮੇਜਰ ਸਾਹਿਬ ਦੇ ਅਕਾਲ ਚਲਾਣਾ ਕਰ ਜਾਣ ਤੋ ਉਪ੍ਰੰਤ ਵੀ ਉਹੋ ਪ੍ਰੰਪਰਾ ਗੁਰਦੁਆਰਾ ਸਾਹਿਬ ਚੱਲ ਰਹੀ ਹੈ। ਗੁਰੂ ਘਰ ਵਿੱਚ ਕਦੇ ਤੋਟਾ ਨਹੀਂ ਆਉਂਦਾ। ਬਸ, ਵਰਤਣ

ਦੀ ਨੀਅਤ ਬਣ ਜਾਵੇ ਫਿਰ ਤੋਟਾ ਤਾਂ ਕੀ ਵਾਧਾ ਵੀ ਵਾਧਾ ਹੁੰਦਾ ਜਾਂਦਾ ਹੈ। ਮੇਜਰ ਸਾਹਿਬ ਦਾ ਇੰਨਾ ਯਕੀਨ ਬਣ ਗਿਆ ਕਿ ਜਿਸ ਤਰ੍ਹਾਂ ਦਾ ਲੰਗਰ ਚਾਹਿਆ ਲੰਗਰ ਬਣ ਗਿਆ। ਜਿਸ ਤਰ੍ਹਾਂ ਦੀ ਬਿਲਡਿੰਗ ਦੀ ਉਸਾਰੀ ਕਰਨੀ ਚਾਹੀ ਉਸੇ ਤਰ੍ਹਾਂ ਸੰਗਤਾਂ ਬਿਨਾਂ ਰਸੀਦ ਤੋਂ ਮਾਇਆ ਦੇਣ ਲੱਗ ਪਈਆਂ । ਫਿਰ ਤਾਂ ਮੇਜਰ ਸਾਹਿਬ ਹੋਰ ਆਲੇ ਦੁਆਲੇ ਦੇ ਨਗਰਾਂ ਵਿੱਚ ਸੰਗਤਾਂ ਨੂੰ ਤੇ ਸੇਵਾਦਾਰਾਂ ਨੂੰ ਪ੍ਰੇਰਨਾ ਦੇਣ ਲੱਗ ਪਏ ਕਿ ਗੁਰੂ ਘਰ ਪ੍ਰਤੀ ਮਾਇਆ ਨੂੰ ਵਰਤਣ ਦੀ ਨੀਅਤ ਬਣ ਜਾਵੇ, ਫਿਰ ਕਦੇ ਤੋਟਾ ਨਹੀਂ ਆਉਂਦਾ। ਸੋ ਹੈ ਵੀ ਸਚਾਈ, ਜਿਹੜਾ ਮਾਲਕ ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਉਸ ਦੇ ਘਰ ਵਿੱਚ ਕਿਵੇਂ ਤੋਟ ਆ ਸਕਦੀ ਹੈ?



# ਸੰਗਤ ਅਤੇ ਸ਼ਹਿਨਸ਼ੀਲਤਾ ਦਾ ਪ੍ਰਤਾਪ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਤੋਂ ਚੜ੍ਹਦੇ ਪਾਸੇ ਇੱਕ ਕਿਲੋਮੀਟਰ ਤੇ ਹੁਸ਼ਿਆਰਪੁਰ-ਦਸੂਹਾ ਰੋਡ ਉੱਪਰ ਪਿੰਡ ਮਾਛੀਆਂ ਸਥਿੱਤ ਹੈ। ਇਹ ਪਿੰਡ ਸਰਦਾਰਾਂ ਦਾ ਪਿੰਡ ਕਰਕੇ ਵੱਜਦਾ ਹੈ। ਇਸ ਪਿੰਡ ਦੇ ਵਸਨੀਕ ਸ. ਗੁਰਨਾਮ ਸਿੰਘ ਪੁੱਤਰ ਦਸੋਂਧਾ ਸਿੰਘ ਜੀ, ਜੋ ਵੱਡੇ ਜ਼ਿਮੀਂਦਾਰ ਸਨ। ਇਨ੍ਹਾ ਦੇ ਘਰੋਂ ਬੀ. ਪਰਮਜੀਤ ਕੌਰ ਜੀ, ਜੋ ਬਹੁਤ ਹੀ ਨੇਕ ਸੁਭਾਅ ਦੇ ਤੇ ਧਾਰਮਿਕ ਖਿਆਲਾਂ ਦੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉੱਜੜੇ ਹੋਏ ਸਕਤੇ ਥੇਹ ਤੇ, ਕਿਸੇ ਮਹਾਂਪੁਰਖਾਂ ਨੇ ਆਪਣੀ ਰਿਹਾਇਸ਼ ਕੀਤੀ ਹੈ, ਤਦੋਂ ਇਨ੍ਹਾਂ ਦੇ ਮਨ ਵਿੱਚ ਵੀ ਚਾਹਤ ਪੈਦਾ ਹੋਈ ਕਿ ਕਦੋਂ ਸਮਾਂ ਬਣੇ ਤੇ ਮਹਾਂਪੁਰਖਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਵੇ। ਪਰ ਇਨ੍ਹਾਂ ਦੇ ਪਤੀ ਸ. ਗੁਰਨਾਮ ਸਿੰਘ ਹੋਰਾਂ ਦੇ ਧਾਰਮਿਕ ਸੰਸਕਾਰ ਨਾ ਹੋਣ ਕਾਰਣ, ਉਨ੍ਹਾਂ ਨੂੰ ਦੱਸ ਕੇ ਜਾਣਾ ਵੀ ਬੜਾ ਔਖਾ ਸੀ। ਸ: ਗੁਰਨਾਮ ਸਿੰਘ ਹੋਰੀਂ ਬੀ.ਏ. ਤੱਕ ਪੜ੍ਹਾਈ ਕੀਤੀ ਹੋਈ ਸੀ। ਕੁਝ ਸਮਾਂ ਖਾਲਸਾ ਸਕੂਲ, ਗੜ੍ਹਦੀਵਾਲਾ ਵਿੱਚ ਬਤੌਰ ਅਧਿਆਪਕ ਪੜਾਉਂਦੇ ਰਹੇ। ਘਰੇਗੀ ਹਾਲਤਾਂ ਦੀ ਮਜਬੂਰੀ ਕਾਰਣ ਆਪ ਜੀ ਨੇ ਸਕੂਲ ਦੀ ਨੌਕਰੀ ਤੋਂ ਛੁੱਟੀ ਕਰ ਲਈ।

ਨੌਕਰੀ ਤੋਂ ਛੁੱਟੀ ਕਰਨ ਉਪ੍ਰੰਤ ਪਿੰਡ ਮਾਛੀਆਂ ਤੇ ਜਲੋਵਾਲ ਵਾਲੀ ਜ਼ਮੀਨ ਦੀ ਵਾਹ-ਵਹਾਈ ਲਈ ਟਰੈਕਟਰ ਲੈ ਲਿਆ ਤੇ ਟ੍ਰੈਕਟਰ ਚਲਾਉਣ ਲਈ ਡਰਾਈਵਰ ਤੇ ਖੇਤੀਬਾੜੀ ਲਈ ਨੌਕਰ ਰੱਖ ਲਏ। ਸਵੇਰੇ ਸ਼ਾਮ ਉਨ੍ਹਾਂ ਨੂੰ ਕੰਮ ਦੱਸ ਦੇਣਾ ਤੇ ਕੀਤਾ ਕੰਮ ਵੇਖ ਲੈਣਾ, ਬਾਕੀ ਸਾਰਾ ਦਿਨ ਦਸ-ਬਾਰਾਂ ਨੌਜਵਾਨ, ਸ਼ਿਕਾਰੀ ਕੁੱਤੇ ਤੇ ਅਸਲਾ ਲੈ ਕੇ ਕੰਢੀ ਦੇ ਇਲਾਕੇ ਵਿੱਚ ਸ਼ਿਕਾਰ ਖੇਡਣ ਚਲੇ ਜਾਣਾ ਤੇ ਕੋਈ ਨ ਕੋਈ ਵੱਡਾ ਜਾਨਵਰ ਸੂਰ ਜਾਂ ਪਾੜ੍ਹਾ ਮਾਰ ਲਿਆਉਣਾ। ਪਿੰਡ ਲਿਆ ਕੇ ਸਾਰਿਆਂ ਨੇ ਉਸ ਦੀ ਖੱਲ ਲਾਹ, ਵੱਡ ਟੁੱਕ ਕੇ ਰਿੰਨਣਾ ਧਰ ਦੇਣਾ ਤੇ ਸਾਰੇ ਭਾਈਵਾਲਾਂ ਨੂੰ ਵੰਡ ਦੇਣਾ। ਸ਼ਿਕਾਰ ਖੇਡਣਾ, ਸ਼ਿਕਾਰੀ ਕੁੱਤੇ ਰੱਖਣਾ, ਇਹ ਇਨ੍ਹਾਂ ਦਾ ਮਨ ਭਾਉਂਦਾ ਸ਼ੁਗਲ ਸੀ। ਮਾਸ ਨੂੰ ਹਜ਼ਮ ਕਰਨ ਲਈ ਸ਼ਰਾਬ ਦਾ ਮੇਲ ਹੈ। ਉਹ ਤਾਂ ਲੋੜ ਤੋਂ ਵਾਧੂ ਘਰ ਵਿੱਚ ਪਈ ਰਹਿੰਦੀ ਸੀ, ਕਿਉਂਕਿ ਇਨ੍ਹਾਂ ਦੋਵਾਂ ਚੀਜ਼ਾਂ ਨਾਲ ਹੀ ਆਏ ਗਏ ਮਹਿਮਾਨ ਦੀ, ਮਹਿਮਾਨ ਨਿਵਾਜ਼ੀ ਕੀਤੀ ਜਾ ਸਕਦੀ ਹੈ। ਜੇ ਆਏ ਮਹਿਮਾਨ ਅੱਗੇ ਇਹ ਦੋਵੇਂ ਚੀਜ਼ਾਂ ਨਾ ਰੱਖੀਆਂ ਜਾਣ ਤੇ ਸ਼ਾਕਾਹਾਰੀ ਭੋਜਨ ਪ੍ਰੋਸਿਆ ਜਾਵੇ, ਤਾਂ ਉਹ ਮਹਿਮਾਨ ਮੂੰਹ ਪਾੜ ਕੇ ਸਭ ਦੇ ਸਾਹਮਣੇ ਕਹਿ ਦਿੰਦਾ ਕਿ ਅਸੀਂ ਤੇਰੇ ਘਰ ਮਸਰਾਂ

ਦੀ ਦਾਲ ਪੀਣ ਥੋੜਾ ਆਏ ਹਾਂ। ਇਹ ਤਾਂ ਅਸੀਂ ਪਸ਼ੂਆਂ ਦੇ ਵੰਡ ਵਿੱਚ ਵੀ ਨਹੀਂ ਪਾਉਂਦੇ। ਦੋਵਾਂ ਜੀਵਾਂ ਦਾ ਅਧਿਆਤਮਿਕ ਪਖੋਂ ਅਜੋੜ ਸੀ। ਸ. ਗੁਰਨਾਮ ਸਿੰਘ ਹੋਰਾਂ ਆਪਣਾ ਨਿਰਧਾਰਤ ਕੀਤਾ ਰਸਤਾ ਨਾ ਛਡਿਆ। ਬੀ. ਪਰਮਜੀਤ ਕੌਰ ਹੋਰਾਂ ਆਪਣੇ ਧਾਰਮਿਕ ਸੰਸਕਾਰਾਂ ਦਾ ਤਿਆਗ ਨਾ ਕੀਤਾ।

### *ਬੀਬੀ ਪਰਮਜੀਤ ਕੌਰ ਹੋਰਾਂ ਦਾ ਬਾਬਾ ਜੀ ਪਾਸ ਜਾਣਾ*

ਬੀਬੀ ਪਰਮਜੀਤ ਕੌਰ ਤੇ ਸ: ਗੁਰਨਾਮ ਸਿੰਘ ਹੋਰਾਂ ਨੇ ਆਪਣੇ ਘਰ, ਪਿੰਡ ਲੁਹਾਰਲੀ (ਹਿਮਾਚਲ ਪ੍ਰਦੇਸ਼) ਤੋਂ ਭਾਈ ਮੁਹਿੰਦਰ ਸਿੰਘ (ਜਿਨ੍ਹਾਂ ਦਾ 'ਸੇ ਕਿਨੇਹਿਆ?' ਪੁਸਤਕ (ਭਾਗ ਪਹਿਲਾ) ਵਿੱਚ ਵੀ ਕਈ ਵਾਰੀ ਜ਼ਿਕਰ ਆ ਚੁੱਕਾ ਹੈ) ਨੂੰ ਛੋਟੇ ਹੁੰਦੇ ਆਪਣੇ ਘਰ ਵਿੱਚ ਲੈ ਆਂਦਾ ਤੇ ਉਸ ਦੀ ਆਪਣੇ ਪੁੱਤਰਾਂ ਵਾਂਗ ਪ੍ਰਵਰਿਸ਼ ਕੀਤੀ। ਬੀ.ਏ. ਤੱਕ ਪੜ੍ਹਾ ਕੇ ਗੜ੍ਹਦੀਵਾਲਾ ਸੀ: ਸੈ: ਸਕੂਲ ਵਿੱਚ ਨੌਕਰੀ ਤੇ ਲਵਾਇਆ। ਭਾਈ ਮੁਹਿੰਦਰ ਸਿੰਘ ਜੀ ਨੇ ਵੀ ਸ: ਗੁਰਨਾਮ ਸਿੰਘ ਤੇ ਬੀਬੀ ਪਰਮਜੀਤ ਕੌਰ ਨੂੰ ਆਪਣੇ ਸਕੇ ਮਾਤਾ ਪਿਤਾ ਜਾਣ ਕੇ ਆਖਰੀ ਸਵਾਸਾਂ ਤੱਕ ਸੇਵਾ ਕੀਤੀ।

ਬੀਬੀ ਪਰਮਜੀਤ ਕੌਰ ਜੀ ਨੇ ਆਪਣੀ ਅਧਿਆਤਮਿਕ ਪਿਆਸ ਨੂੰ ਤ੍ਰਿਪਤ ਕਰਨ ਵਾਸਤੇ, ਜਿਸ ਵੇਲੇ ਸਰਦਾਰ ਹੋਰਾਂ ਸ਼ਿਕਾਰ ਨੂੰ ਜਾਂ ਜਲੋਵਾਲ ਨੂੰ ਚਲੇ ਜਾਣਾ ਤਾਂ ਭਾਈ ਮੁਹਿੰਦਰ ਸਿੰਘ ਹੋਰਾਂ ਨੂੰ ਨਾਲ ਲੈ ਕੇ ਬਾਬਾ ਜੀ ਪਾਸ ਚਲੇ ਜਾਣਾ। ਥੋੜ੍ਹਾ ਸਮਾਂ ਬਚਨ ਬਿਲਾਸ ਕਰਕੇ ਸਰਦਾਰ ਹੋਰਾਂ ਦੇ ਘਰ ਪਰਤਣ ਤੋਂ ਪਹਿਲਾਂ ਮੁੜ ਘਰ ਪਰਤ ਆਉਣਾ। ਇਸੇ ਤਰ੍ਹਾਂ ਸਮਾਂ ਲੰਘਦਾ ਗਿਆ, ਕਈ ਵਾਰੀ ਬੀਬੀ ਹੋਰੀਂ ਘਰ ਵਿੱਚ ਸਹਿਜ ਪਾਠ ਰੱਖ ਲੈਣਾ ਤੇ ਭੋਗ ਸਮੇਂ ਬਾਬਾ ਜੀ ਨੂੰ ਦਰਸ਼ਨ ਦੇਣ ਲਈ ਨਿਮੰਤ੍ਰਣ ਦੇ ਦੇਣਾ। ਬਾਬਾ ਜੀ ਨੇ ਵੀ ਬੜੇ ਪ੍ਰੇਮ ਨਾਲ ਹਾਜਰੀ ਭਰਨੀ। ਕਈ ਵਾਰੀ ਬੱਸੋਂ ਉਤਰ ਕੇ ਬਾਬਾ ਜੀ ਨੇ ਮਾਛੀਆਂ, ਬੀਬੀ ਹੋਰਾਂ ਦੇ ਘਰ ਜਲ-ਪਾਣੀ ਛਕ ਕੇ ਫਿਰ ਗੁਰਦੁਆਰਾ ਸਾਹਿਬ ਆਉਣਾ। ਸ ਗੁਰਨਾਮ ਸਿੰਘ ਹੋਰਾਂ ਦਾ ਮੇਲ ਮਿਲਾਪ ਵੀ ਅਕਸਰ ਬਾਬਾ ਜੀ ਨਾਲ ਹੋ ਜਾਣਾ। ਜਦੋਂ ਕਿਤੇ ਗੁਰਦੁਆਰੇ ਦੇ ਕਾਰਜ ਲਈ ਟਰੈਕਟਰ ਜਾਂ ਹੋਰ ਸੇਵਾ ਦੀ ਲੋੜ ਹੋਵੇ, ਬੜੇ ਚਾਅ ਨਾਲ ਸ: ਗੁਰਨਾਮ ਸਿੰਘ ਜੀ ਨੇ ਸੇਵਾ ਵਿੱਚ ਹਿੱਸਾ ਪਾਉਣਾ।

### ਬੀਬੀ ਪਰਮਜੀਤ ਕੌਰ ਜੀ ਨੇ ਆਪਣੇ ਪਤੀ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਨਾ

ਸਮਾਂ ਤੁਰਦਾ ਗਿਆ। ਬੀਬੀ ਪਰਮਜੀਤ ਕੌਰ ਨੇ ਆਪਣੇ ਪਤੀ ਸ: ਗੁਰਨਾਮ ਸਿੰਘ ਜੀ ਨੂੰ ਕਿਹਾ ਕਿ ਬਾਬਾ ਜੀ ਪਾਸੋਂ ਬਹੁਤ ਸਾਰੀ ਸੰਗਤ ਨੇ ਅੰਮ੍ਰਿਤ ਛਕਿਆ ਹੈ। ਆਪਾਂ ਵੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਜਾਈਏ। ਇਹ ਅਜੀਬ ਜਿਹੀ ਸਲਾਹ ਸੁਣ ਕੇ ਸ: ਗੁਰਨਾਮ ਸਿੰਘ ਜੀ ਕੁਝ ਸਮਾਂ ਚੁੱਪ ਰਹੇ। ਥੋੜ੍ਹੇ ਸਮੇਂ ਬਾਅਦ



ਆਪਣੀ ਧਰਮ ਪਤਨੀ ਨੂੰ ਕਹਿਣ ਲੱਗੇ ! ਮੈ ਇਹੋ ਜਿਹੇ ਫਾਹੇ ਵਿੱਚ ਨਹੀਂ ਪੈਣਾ, ਤੈਨੂੰ ਮੈਂ ਰੋਕਦਾ ਨਹੀਂ, ਮੇਰੀ ਵਲੋਂ ਇੱਕ ਦੀ ਥਾਂ ਦੋ ਕਿਰਪਾਨਾਂ ਪਾ ਲੈ। ਇੰਨਾਂ ਕਹਿਣ ਨਾਲ ਬੀਬੀ ਜੀ ਨੂੰ ਛੁੱਟੀ ਮਿਲ ਗਈ। ਬੀਬੀ ਜੀ ਨੇ, ਅਗਲੀ ਸੰਗਰਾਂਦ ਨੂੰ ਅੰਮ੍ਰਿਤ ਛਕ ਲਿਆ ਤੇ ਗੁਰਸਿੱਖੀ ਰਹਿਤ ਤੇ ਬਾਣੀ ਦੇ ਪੂਰਨ ਨਿੱਤਨੇਮੀ ਬਣ ਗਏ। ਬੀਬੀ ਜੀ ਨੇ ਗੁਰਸਿੱਖੀ ਧਾਰਨ ਕਰਨ ਨਾਲ ਸਹਿਜੇ-ਸਹਿਜੇ ਪਿੰਡ ਦੀਆਂ ਬਹੁਤ ਸਾਰੀਆਂ ਬੀਬੀਆਂ ਤੇ ਬੱਚਿਆਂ ਨੇ ਵੀ ਅੰਮ੍ਰਿਤਪਾਨ ਕਰ ਲਿਆ। ਬੀਬੀ ਜੀ ਦੇ ਮਨ ਵਿੱਚ ਬਹੁਤ ਚਾਹਨਾ ਸੀ ਕਿ ਮੇਰੇ ਪਤੀ ਜੀ ਵੀ ਕਿਵੇਂ ਅੰਮ੍ਰਿਤ ਛੱਕ ਲੈਣ। ਇੱਕ ਸਮੇਂ ਬੀਬੀ ਪਰਮਜੀਤ ਕੌਰ ਨੇ ਭਾਈ ਮੁਹਿੰਦਰ ਸਿੰਘ ਰਾਂਹੀ ਸਰਦਾਰ ਹੋਰਾਂ ਨੂੰ ਅੰਮ੍ਰਿਤ ਛਕਣ ਲਈ ਕਹਾਇਆ।

### *ਭਾਈ ਮੁਹਿੰਦਰ ਸਿੰਘ ਜੀ ਨੇ ਸ: ਗੁਰਨਾਮ ਸਿੰਘ ਜੀ ਨੂੰ ਅੰਮ੍ਰਿਤ ਛਕਣ ਲਈ ਕਹਿਣਾ*

ਭਾਈ ਮੁਹਿੰਦਰ ਸਿੰਘ ਜੀ ਨੇ ਸਰਦਾਰ ਹੋਰਾਂ ਨੂੰ ਖੁਸ਼ੀ ਦੇ ਮੂਡ ਵਿੱਚ ਵੇਖ ਕੇ ਕਿਹਾ, ਸਰਦਾਰ ਜੀ! ਬੀਬੀ ਹੋਰੀਂ ਵੀ ਅੰਮ੍ਰਿਤ ਛਕ ਲਿਆ ਹੈ ਤੇ ਸਾਡੇ ਪਿੰਡੋਂ ਗਿਆਨੀਆਂ ਦੇ ਪ੍ਰਵਾਰ ਤੇ ਹੋਰ ਸੰਗਤ ਨੇ ਵੀ ਅੰਮ੍ਰਿਤਪਾਨ ਕਰ ਲਿਆ ਹੈ। ਤੁਸੀਂ ਵੀ ਅੰਮ੍ਰਿਤ ਛਕ ਲਵੋ। ਮੁਹਿੰਦਰ ਸਿੰਘ ਦੀ ਇਹ ਸਿੱਖਿਆ ਸੁਣ ਕੇ ਸ. ਗੁਰਨਾਮ ਸਿੰਘ ਜੀ, ਮੁਹਿੰਦਰ ਸਿੰਘ ਨੂੰ ਕਹਿਣ ਲੱਗੇ, ਦੇਖ ਗਿਆਨੀ! ਮੈਨੂੰ ਬਹੁਤੀਆਂ ਮੱਤਾਂ ਨਾ ਦੇਹ, ਮੈਂ ਨਾ ਤੈਨੂੰ ਰੋਕਦਾ ਹਾਂ ਤੇ ਨਾ ਤੇਰੀ ਬੀਜੀ ਨੂੰ ਰੋਕਿਆ। ਤੁਸੀਂ ਜੋ ਮਰਜ਼ੀ ਛਕੀ ਚਲੋ, ਮੈਂ ਆਪਣੀ ਮਰਜ਼ੀ ਕਰਨੀ ਆਂ। ਆਹ ਜੋ ਤੁਸੀਂ ਛੇ-ਸੱਤ ਇੰਚ ਦੀਆਂ ਕਿਰਪਾਨਾਂ ਪਾਈਆਂ ਹੋਈਆਂ ਹਨ, ਜੇ ਕੋਈ ਤੁਹਾਨੂੰ ਵੇਲੇ ਕੁਵੇਲੇ ਮਿਲ ਪਿਆ ਤਾਂ ਇਹ ਕਿਰਪਾਨਾਂ ਤੁਹਾਡਾ ਕੀ ਸਵਾਰਨਗੀਆਂ? ਦੇਖ ਗਿਆਨੀ ! ਅੱਵਲ ਤਾਂ ਮੈਂ ਇਸ ਫਾਹੇ ਵਿੱਚ ਪੈਣਾ ਨਹੀਂ ਹੈ, ਜੇ ਅੰਮ੍ਰਿਤ ਛੱਕਿਆ ਤਾਂ ਮੈਂ ਬਾਬਾ ਜੀ ਨੂੰ ਕਹਿਣਾ ਹੈ ਕਿ ਮੈਂ ਕਿਰਪਾਨ ਦੀ ਥਾਂ, ਰਿਵਾਲਵਰ ਪਹਿਨ ਕੇ ਅੰਮ੍ਰਿਤ ਛਕਣਾ ਹੈ। ਮੁਹਿੰਦਰ ਸਿੰਘ ਹੋਰੀਂ ਸਰਦਾਰ ਜੀ ਪਾਸੋਂ ਖਰਖਰਾ ਕਰਾ ਕੇ, ਘਰ ਬੀਬੀ ਜੀ ਹੋਰਾਂ ਪਾਸ ਆ ਗਏ ਤੇ ਦੱਸਿਆ, ਕਿ ਸਰਦਾਰ ਹੋਰੀਂ ਕਹਿੰਦੇ ਹਨ ਕਿ ਹੁਣ ਸਮਾਂ ਬਦਲ ਗਿਆ ਹੈ, ਮੈਂ ਕਿਰਪਾਨ ਦੀ ਥਾਂ ਰਿਵਾਲਵਰ ਪਾ ਕੇ ਅੰਮ੍ਰਿਤ ਛਕਣਾ ਹੈ। ਬੀਬੀ ਜੀ, ਮੁਹਿੰਦਰ ਸਿੰਘ ਦੇ ਮੂੰਹੋਂ ਇਹ ਗੱਲ ਸੁਣ ਕੇ ਬੜੇ ਖੁਸ਼ ਹੋਏ ਤੇ ਕਹਿਣ ਲੱਗੇ, ਗਿਆਨੀ ! ਨਾਂਹ ਤਾਂ ਨਹੀਂ ਕੀਤੀ? ਕਿਰਪਾਨ ਦੀ ਥਾਂ ਰਿਵਾਲਵਰ ਪਹਿਨਣ ਦੀ ਸ਼ਰਤ ਰੱਖੀ ਹੈ। ਤੂੰ ਬਾਬਾ ਜੀ ਨੂੰ ਦੱਸ ਦੇਵੀਂ ਤੇ ਜਦੋਂ ਮੈਨੂੰ ਬਾਬਾ ਜੀ ਮਿਲਣਗੇ ਮੈਂ ਵੀ ਉਨ੍ਹਾਂ ਨੂੰ ਬੇਨਤੀ ਕਰਾਂਗੀ ਕਿ ਕਿਵੇਂ ਸਰਦਾਰ ਜੀ ਅੰਮ੍ਰਿਤ ਛਕ ਲੈਣ।

ਇੱਕ ਦਿਨ ਮੁਹਿੰਦਰ ਸਿੰਘ ਜੀ ਬਾਬਾ ਜੀ ਪਾਸ ਗਏ ਤੇ ਸਰਦਾਰ ਗੁਰਨਾਮ ਸਿੰਘ ਹੋਰਾਂ ਨੂੰ ਜੋ ਅੰਮ੍ਰਿਤ ਛਕਣ ਲਈ ਪ੍ਰੇਰਨਾ ਦਿੱਤੀ ਸੀ ਤੇ ਉਸ ਦੇ ਇਵਜ਼ਾਨੇ

ਵਿੱਚ ਜੋ ਉਨ੍ਹਾਂ ਉੱਤਰ ਦਿੱਤਾ ਸੀ ਉਹ ਸਾਰਾ ਹਾਲ ਨਿਸੰਗ ਹੋ ਕੇ ਦੱਸਿਆ। ਬਾਬਾ ਜੀ ਬੜੇ ਖੁਸ਼ ਹੋਏ ਤੇ ਮੁਹਿੰਦਰ ਸਿੰਘ ਹੋਰਾਂ ਨੂੰ ਕਿਹਾ ਕਿ ਸਰਦਾਰ ਹੋਰਾਂ ਨੂੰ ਕਹਿ ਦੇਵੀਂ ਕਿ ਤੁਸੀਂ ਅੰਮ੍ਰਿਤ ਛਕਣ ਲਈ ਤਿਆਰ ਹੋਵੋ, ਤੁਹਾਨੂੰ ਅਸੀਂ ਕਿਰਪਾਨ ਦੀ ਥਾਂ ਰਿਵਾਲਵਰ ਪਹਿਨਾ ਕੇ ਹੀ ਅੰਮ੍ਰਿਤ ਛਕਾ ਦੇਵਾਂਗੇ। ਪਰ ਨਾਲ ਉਨ੍ਹਾਂ ਨੂੰ ਦੱਸ ਦੇਣਾ ਕਿ ਜਿਵੇਂ ਕਿਰਪਾਨ ਹਰ ਵੇਲੇ ਦਿਨੇ ਰਾਤ ਪਹਿਨੀ ਦੀ ਹੈ, ਤਿਵੇਂ ਚੌਵੀ ਘੰਟੇ ਹਰ ਸਮੇਂ ਰਿਵਾਲਵਰ ਨਾਲ ਰੱਖਣਾ ਪਵੇਗਾ। ਇਸ਼ਨਾਨ ਕਰਨ ਲੱਗਿਆਂ ਵੀ ਰਿਵਾਲਵਰ ਨੂੰ ਸਰੀਰ ਤੋਂ ਜੁਦਾ ਨਹੀਂ ਕਰਨਾ ਤੇ ਨਾਲ ਹੀ ਮੁਹਿੰਦਰ ਸਿੰਘ ਜੀ ਨੂੰ ਕਿਹਾ ਕਿ ਬੀਬੀ ਜੀ ਨੂੰ ਕਹਿਣਾ ਕਿ ਜਿਵੇਂ ਪਹਿਲਾਂ ਗੁਰਸਿੱਖੀ ਦੀ ਪ੍ਰਾਪਤੀ ਲਈ ਹਰ ਰੋਜ਼ ਬੇਨਤੀ ਚੌਪਈ ਦਾ ਪਾਠ ਸਰਦਾਰ ਹੋਰਾਂ ਨਮਿੱਤ ਕਰਕੇ ਅਰਦਾਸ ਕਰਦੇ ਹਨ, ਉਸੇ ਤਰ੍ਹਾਂ ਜਾਰੀ ਰੱਖਣ।

ਬਾਬਾ ਜੀ ਨੂੰ ਮਿਲ ਕੇ ਭਾਈ ਮੁਹਿੰਦਰ ਸਿੰਘ ਜੀ ਵਾਪਸ ਚਲੇ ਗਏ। ਸ਼ਾਮ ਨੂੰ ਸਰਦਾਰ ਜੀ ਕੰਮ ਕਾਰ ਤੋਂ ਵਾਪਸ ਘਰ ਆਏ। ਪ੍ਰਸ਼ਾਦਾ ਛਕਣ ਉਪ੍ਰੰਤ ਮੁਹਿੰਦਰ ਸਿੰਘ ਜੀ ਨੇ ਉਨ੍ਹਾਂ ਦਾ ਚੇਹਰਾ ਕੁਝ ਖੁਸ਼ੀ ਦੇ ਮੂਡ ਵਿੱਚ ਵੇਖ ਕੇ ਕਿਹਾ, ਸਰਦਾਰ ਜੀ ! ਮੈਂ ਬਾਬਾ ਜੀ ਪਾਸ, ਆਪ ਜੀ ਨੇ ਜੋ ਅੰਮ੍ਰਿਤ ਛਕਣ ਲਈ ਸ਼ਰਤ ਰੱਖੀ ਹੈ, ਦੱਸ ਆਇਆ ਹਾਂ। ਬਾਬਾ ਜੀ ਨੇ ਬੜੀ ਖੁਸ਼ੀ ਨਾਲ ਕਹਿ ਦਿੱਤਾ ਹੈ ਕਿ ਜੇ ਸਰਦਾਰ ਹੋਰੀਂ ਰਿਵਾਲਵਰ ਨਾਲ ਅੰਮ੍ਰਿਤ ਛਕਣ ਲਈ ਤਿਆਰ ਹੋਣ, ਤਦ ਅਸੀਂ ਉਨ੍ਹਾਂ ਨੂੰ ਰਿਵਾਲਵਰ ਨਾਲ ਹੀ ਅੰਮ੍ਰਿਤ ਛਕਾ ਦੇਵਾਂਗੇ। ਪਰ ਕਿਰਪਾਨ ਵਾਂਗ ਹਰ ਸਮੇਂ ਰਿਵਾਲਵਰ ਸਰੀਰ ਤੇ ਪਹਿਨਣਾ ਪਵੇਗਾ।

ਇਹ ਗੱਲ ਸੁਣ ਕੇ ਸਰਦਾਰ ਹੁਰੀਂ ਮਜ਼ਾਕੀਆ ਲਹਿਜੇ ਵਿੱਚ ਕਹਿਣ ਲੱਗੇ ! ਪਾਈਆ ਲੋਹੇ ਦੀ ਕ੍ਰਿਪਾਨ ਚੁੱਕਣ ਦੀ ਥਾਂ ਕਿਲੋ ਲੋਹਾ ਚੁੱਕਣਾ ਪੈ ਗਿਆ। ਫਿਰ ਰਾਤ ਨੂੰ ਕਿਤੇ ਅਵੇਸਲਾ ਘੋੜਾ ਦੱਬ ਹੋ ਗਿਆ ਤਾਂ ਜਾਨ ਤੋਂ ਵੀ ਹੱਥ ਧੋ ਬੈਠਾਂਗਾ। ਤੁਸੀਂ ਸਾਰੇ ਮੇਰੇ ਗਲ ਵਿੱਚ ਫਾਹਾ ਪਾਉਣ ਨੂੰ ਬੜੇ ਕਾਹਲੇ ਪਏ ਹੋ। ਅਜੇ ਮੈਨੂੰ ਸੋਚ ਵੀਚਾਰ ਕਰਨ ਲੈਣ ਦੇਵੋ। ਜਿਸ ਤਰ੍ਹਾਂ ਤੁਸੀਂ ਮੇਰੇ ਮਗਰ ਹੱਥ ਧੋ ਕੇ ਪਏ ਹੋ, ਇਸ ਤਰ੍ਹਾਂ ਮੈਂ ਅਗਲੇ ਜਨਮ ਵੀ ਅੰਮ੍ਰਿਤ ਨਹੀਂ ਛਕਣਾ। ਇਸ ਤਰ੍ਹਾਂ, ਹਾਸੇ ਮਖੌਲ ਵਿੱਚ ਸਾਰੇ ਆਪੋ ਆਪਣੇ ਕਮਰਿਆਂ ਵਿੱਚ ਅਰਾਮ ਕਰਨ ਚਲੇ ਗਏ।

## *ਸਰਦਾਰ ਜੀ ਨੇ ਜ਼ਮੀਨ ਵਿੱਚ ਬੋਰ ਕਰਾਉਣੇ*

ਕੁਦਰਤ ਦੀ ਨੇਤ, ਖੇਤੀ ਨੂੰ ਪਾਣੀ ਦੇਣ ਵਾਸਤੇ ਸ. ਗੁਰਨਾਮ ਸਿੰਘ ਹੋਰਾਂ ਨੇ ਆਪਣੇ ਖੇਤਾਂ ਵਿੱਚ ਬੋਰ ਕਰਵਾਉਣੇ ਸ਼ੁਰੂ ਕੀਤੇ। ਚਾਰ ਪੰਜ ਥਾਂ ਇੱਕੋ ਖੇਤ ਵਿੱਚ ਹੀ ਥਾਂ ਬਦਲ-ਬਦਲ ਕੇ ਕਾਫੀ ਡੂੰਘਾਈ ਤੱਕ ਪਾਣੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਪਰ ਅਸਫਲਤਾ ਹੀ ਪੱਲੇ ਪਈ। ਕਿਸੇ ਬੋਰ ਚੋਂ ਵੀ ਪਾਣੀ ਪ੍ਰਾਪਤ ਨਾ ਹੋਇਆ। ਜਿਵੇਂ ਘਰ ਵਿੱਚ ਬੀਬੀ ਜੀ ਹੋਰਾਂ ਪਾਸੋਂ ਅਕਸਰ ਗੁਰਬਾਣੀ ਦੀ ਸ਼ਕਤੀ



ਤੇ ਅਰਦਾਸ ਪ੍ਰਥਾਇ ਸੁਣਦੇ ਰਹਿੰਦੇ ਸਨ ਕਿ ਜੋ ਵੀ ਸ਼ਰਧਾ ਭਾਵਨੀ ਨਾਲ ਸੱਚੇ ਦਿਲੋਂ ਸਤਿਗੁਰੂ ਜੀ ਪਾਸੋਂ ਮੰਗੋ, ਗੁਰੂ ਮਹਾਰਾਜ ਜੀ ਸ਼ਰਧਾ ਭਾਵਨੀ ਵਾਲੇ ਜਗਿਆਸੂ ਦੀ ਮੰਗ ਪੂਰੀ ਕਰਦੇ ਹਨ। ਦੁਨਿਆਵੀ ਯਤਨ ਕਰਨ ਨਾਲ ਪਾਣੀ ਪ੍ਰਾਪਤੀ ਲਈ ਸਫਲਤਾ ਪ੍ਰਾਪਤ ਨਾ ਹੋਈ। ਹੁਣ ਸ. ਗੁਰਨਾਮ ਸਿੰਘ ਹੋਰਾਂ ਦਾ ਮਨ ਕੁਝ ਅਧਿਆਤਿਮਕ ਓਟ ਆਸਰਾ ਲੈ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕਰਨ ਦਾ ਬਣਿਆ। ਸ: ਗੁਰਨਾਮ ਸਿੰਘ ਜੀ ਦਿਲ ਦੇ ਬੜੇ ਪੱਧਰੇ ਸਨ। ਜਿਹੋ ਜਿਹੇ ਅੰਦਰੋਂ ਉਹੋ ਜਿਹੇ ਬਾਹਰੋਂ, ਸੱਜਣ ਨਾਲ ਸੱਜਣਤਾਈ ਪੁਗਾਉਣ ਵਾਲੇ ਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਸਨ। ਪਰ ਪੂਰਬਲੇ ਕਰਮਾਂ ਦੀ ਖੇਡ, ਅਜੇ ਤੱਕ ਨਾਸਤਿਕਤਾ ਦਾ ਗਲਬਾ ਉਨ੍ਹਾਂ ਉੱਪਰ ਭਾਰੂ ਸੀ।

ਪੰਜਾਬੀ ਦੀ ਕਹਾਵਤ ਅਨੁਸਾਰ "ਗਉਂ ਭੁਨਾਵੇ ਜੌਂ" ਦੁਨਿਆਵੀ ਮਤਲਬ ਨੂੰ ਪੂਰਾ ਕਰਨ ਵਾਸਤੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ, ਸਤਿਗੁਰਾਂ ਨਾਲ ਦਿਲੋਂ ਇੱਕ ਸੌਦਾ ਕੀਤਾ, ਪਰ ਇਸ ਸੌਦੇ ਦਾ ਘਰ ਵਿੱਚ ਵੀ ਧੂੰਅ ਨਹੀਂ ਕੱਢਿਆ। ਉਹ ਸੌਦਾ ਗੁਰਨਾਮ ਸਿੰਘ ਜੀ ਨੇ ਇਹ ਕੀਤਾ ਕਿ ਹੇ ਸਤਿਗੁਰੂ ਜੀ ! ਮੈਂ ਖੇਤੀ ਨੂੰ ਪਾਣੀ ਲਾਉਣ ਵਾਸਤੇ ਆਪਣੀ ਮਰਜੀ ਨਾਲ ਪੰਜ ਬੋਰ ਕਰਵਾਏ ਹਨ। ਕਾਫੀ ਖਰਚਾ ਹੋ ਗਿਆ ਹੈ ਪਰ ਪਾਣੀ ਪ੍ਰਾਪਤ ਨਹੀਂ ਹੋਇਆ। ਕਿਰਪਾ ਕਰੋ ! ਪਾਣੀ ਦੀ ਬਖਸ਼ਿਸ਼ ਕਰੋ। ਜਿੰਨੇ ਬੋਰਾਂ ਵਿੱਚ ਪਾਣੀ ਆ ਗਿਆ, ਮੈਂ ਆਪ ਜੀ ਦੀ ਬਾਣੀ ਦੇ ਉਨੇ ਹੀ ਅਖੰਡ ਪਾਠ ਕਰਾਵਾਂਗਾ।

## *ਬੋਰਾਂ ਵਿੱਚ ਪਾਣੀ ਆਉਣਾ*

ਜਿਵੇਂ ਕੋਈ ਪੂਰਬਲਾ ਚੰਗਾ ਕਰਮ ਪ੍ਰਗਟ ਹੋਣ ਲਈ ਬਹਾਨਾ ਬਣਨਾ ਹੁੰਦਾ ਹੈ, ਅਰਦਾਸ ਕਰਨ ਉਪ੍ਰੰਤ ਆਪ ਜੀ ਨੇ ਤੀਸਰੇ ਦਿਨ ਬੋਰ ਕਰਨ ਵਾਲਿਆਂ ਨੂੰ ਸੱਦ ਕੇ ਮੁੜ ਬੋਰ ਅਰੰਭ ਕਰਨੇ ਸ਼ੁਰੂ ਕੀਤੇ। ਬੋਰ ਕਰਨ ਵਾਲੇ ਕਹਿਣ ਲੱਗੇ, ਸਰਦਾਰ ਜੀ ! ਕਿਸ ਥਾਂ ਬੋਰ ਕਰਨਾ ਆਰੰਭੀਏ? ਗੁਰਨਾਮ ਸਿੰਘ ਜੀ, ਬੋਰ ਕਰਨ ਵਾਲਿਆਂ ਨੂੰ ਕਹਿਣ ਲੱਗੇ, ਅੱਗੇ ਮੈਂ ਪੰਜੀਂ ਥਾਈਂ ਤੁਹਾਨੂੰ ਕਹਿ ਕੇ ਕਿ ਤੁਸੀਂ ਬੋਰ ਇਥੇ ਕਰੋ, ਉਥੇ ਕਰੋ, ਪਰ ਪਾਣੀ ਨਹੀਂ ਮਿਲਿਆ। ਹੁਣ ਤੁਸੀਂ ਰੱਬ ਦਾ ਨਾਂ ਲੈ ਕੇ ਜਿੱਥੇ ਤੁਹਾਡਾ ਦਿਲ ਕਰਦਾ ਅਰੰਭ ਕਰ ਦੇਵੋ।

ਬੋਰ ਕਰਨ ਵਾਲੇ ਵੀ ਹੈਰਾਨ ਸਨ ਕਿ ਅੱਗੇ ਤਾਂ ਸਰਦਾਰ ਹੋਰੀਂ ਕਹਿੰਦੇ ਸਨ ਕਿ ਓਹ ਫਲਾਣੇ ਦਾ ਬੋਰ ਚਲਦਾ ਹੈ, ਉਸ ਦੀ ਸੇਧ ਕਰੋ, [1]ਤੂਤ ਦੀ ਛੜੀ ਵਾਲਾ

**1.**ਕੁਝ ਇੱਕ ਲੋਕ ਹੱਥ ਵਿੱਚ ਤੂਤ ਦੇ ਦਰੱਖਤ ਦੀ ਨਰਮ ਛੜੀ ਫੜ ਕੇ ਖੇਤ ਵਿੱਚ ਫਿਰਦੇ ਹਨ। ਜਿੱਥੇ ਉਨ੍ਹਾਂ ਦੇ ਹੱਥ ਵਿੱਚ ਫੜੀ ਛੜੀ ਦੋਹਰੀ ਹੋ ਜਾਵੇ, ਉੱਥੇ ਉਹ ਕਹਿੰਦੇ ਹਨ ਕਿ ਇੱਥੇ ਪਾਣੀ ਹੈ ਅਤੇ ਇੱਥੇ ਬੋਰ ਕਰੋ।

ਕਹਿ ਗਿਆ ਸੀ ਕਿ ਮੇਰੀ ਛੜੀ ਇੱਥੇ ਵਿੰਗੀ ਹੋਈ ਹੈ, ਇਥੇ ਬੋਰ ਕਰੋ ਤੇ ਕਈ ਉਕਤੀਆਂ-ਜੁਗਤੀਆਂ ਕਰਦੇ ਸਨ। ਅੱਜ ਪਤਾ ਨਹੀਂ, ਸਾਡੇ ਪੁੱਛਣ ਤੇ ਵੀ ਸਾਨੂੰ ਆਪਣੀ ਮਰਜੀ ਕਰਨ ਲਈ ਕਹਿੰਦੇ ਹਨ। ਬੋਰ ਵਾਲਿਆਂ ਫਿਰ ਦੁਬਾਰਾ ਪੁੱਛਿਆ, ਸ: ਗੁਰਨਾਮ ਸਿੰਘ ਹੋਰੀਂ ਉਨ੍ਹਾਂ ਨੂੰ ਪਹਿਲੇ ਵਾਲਾ ਉੱਤਰ ਦੇ ਕੇ ਕਿ ਜਿੱਥੇ ਤੁਹਾਡੀ ਮਰਜੀ ਹੈ ਰੱਬ ਦਾ ਨਾਉਂ ਲੈ ਕੇ ਬੋਰ ਕਰਨਾ ਅਰੰਭ ਕਰ ਦੇਵੋ ਕਹਿ ਕੇ, ਆਪ ਖੇਤਾਂ ਦੇ ਦੂਜੇ ਪਾਸੇ ਫੇਰਾ ਮਾਰਨ ਚਲੇ ਗਏ।

ਬੋਰ ਕਰਨ ਵਾਲਿਆਂ ਨੇ ਜਿੱਥੇ ਉਨ੍ਹਾਂ ਨੂੰ ਚੰਗਾ ਲੱਗਾ, ਬੋਰ ਕਰਨਾ ਅਰੰਭ ਕਰ ਦਿੱਤਾ ਤੇ ਨਾਲੇ ਗੱਲਾਂ ਕਰਨ ਕਿ ਇੰਝ ਲਗਦਾ, ਜਿਵੇਂ ਸਰਦਾਰ ਹੋਰੀਂ ਬੋਰ ਕਰਾ-ਕਰਾ ਕੇ ਹੰਭ ਗਏ ਹਨ। ਦੂਸਰਾ ਕਹਿੰਦਾ ਕਿ ਅੱਗੇ ਅੱਜ ਤੱਕ ਇਨਾਂ ਦੇ ਮੂੰਹੋਂ ਰੱਬ ਦਾ ਨਾਉਂ ਨਹੀਂ ਸੁਣਿਆ ਸੀ। ਅੱਜ ਤਾਂ ਰੱਬ ਉੱਪਰ ਪੂਰਨ ਭਰੋਸਾ ਜਤਲਾ ਕੇ ਕਹਿ ਗਏ ਹਨ ਕਿ ਪਰਮਾਤਮਾ ਦਾ ਨਾਉਂ ਲੈ ਕੇ ਜਿੱਥੇ ਮਰਜੀ ਬੋਰ ਕਰਨਾ ਅਰੰਭ ਕਰ ਦਿਉ। ਤੀਸਰਾ ਨਾਲੋਂ ਹੀ ਕਹਿਣ ਲੱਗਾ ਕਿ ਭਲਿਓ! **"ਹਾਥੀ ਦੇ ਪਾਵ ਵਿੱਚ ਸਾਰੇ ਹੀ ਪਾਉ ਆ ਜਾਤੇ ਹੈਂ"** ਜਿਹੜਾ ਕੰਮ ਰੱਬ ਦੇ ਆਸਰੇ, ਰੱਬ ਨੂੰ ਯਾਦ ਕਰਕੇ ਆਰੰਭੀਏ, ਉਸ ਵਿੱਚ ਅਵੱਸ਼ ਸਫਲਤਾ ਮਿਲਦੀ ਹੈ। ਗੁਲਾਬਾ ਕਹਿਣ ਲੱਗਾ, ਮਿਲਖੀ! ਚਲ, ਕੱਲ੍ਹ ਤੱਕ ਇਹ ਵੀ ਪਰਤਾਵਾ ਹੋ ਜਾਵੇਗਾ। ਸ਼ਾਮ ਤੱਕ ਬੋਰ ਕਾਫੀ ਡੂੰਘਾ ਚਲਾ ਗਿਆ, ਪਰ ਅਜੇ ਪੱਤਣ ਨਹੀਂ ਆਇਆ।

ਅਗਲੇ ਦਿਨ ਬੋਰ ਵਾਲਿਆਂ ਫਿਰ ਬੋਰ ਕਰਨਾ ਅਰੰਭ ਕੀਤਾ, ਦੇਵ ਨੇਤ ਨਾਲ ਤੀਹ ਚਾਲੀ ਫੁੱਟ ਨੀਲੀ ਰੇਤਾ ਦਾ ਪੱਤਣ ਆ ਗਿਆ। ਬੋਰ ਕਰਨ ਵਾਲੇ ਵੀ ਤੇ ਸਰਦਾਰ ਹੋਰੀਂ ਵੀ ਬੜੇ ਖੁਸ਼ ਸਨ ਕਿ ਪਰਮਾਤਮਾ ਨੇ ਮਿਹਰ ਕਰ ਦਿੱਤੀ ਹੈ। ਬੋਰ ਵਿੱਚ ਪਾਈਪ ਪਾ ਮੋਟਰ-ਪੱਖਾ ਫਿਟ ਕਰ ਕੇ, ਜਦੋਂ ਬੋਰ ਚਲਾਇਆ ਤਾਂ ਬਿਅੰਤ ਪਾਣੀ ਆਇਆ। ਬੋਰ ਕਰਨ ਵਾਲਿਆਂ ਵੀ ਸਰਦਾਰ ਹੋਰਾਂ ਨੂੰ ਵਧਾਈਆਂ ਦਿੱਤੀਆਂ ਤੇ ਨਾਲ ਹੀ ਕਿਹਾ ਕਿ ਸਰਦਾਰ ਜੀ! ਇਹ ਸਾਰੀ ਰੱਬ ਦਾ ਨਾਉਂ ਲੈ ਕੇ ਬੋਰ ਅਰੰਭ ਕਰਨ ਦੀ ਬਰਕਤ ਹੈ। ਸਰਦਾਰ ਹੋਰਾਂ ਦਾ ਮਨ ਵੀ ਖੁਸ਼ੀ ਵਿੱਚ ਆ, ਪ੍ਰਭੂ ਸ਼ੁਕਰਾਨੇ ਲਈ ਦ੍ਰਵ ਗਿਆ ਅਤੇ ਨਾਲ ਹੀ ਸਰਦਾਰ ਹੋਰਾਂ ਨੇ ਬੋਰ ਕਰਨ ਵਾਲੇ ਮਿਲਖੀ ਤੇ ਗੁਲਾਬੇ ਨੂੰ ਕਿਹਾ ਕਿ ਹੁਣ ਪ੍ਰਮਾਤਮਾ ਪ੍ਰਸੰਨ ਹੋਇਆ ਹੈ, ਬਾਕੀ ਖੇਤਾਂ ਵਿੱਚ ਤੇ ਜਲੋਵਾਲ ਜ਼ਮੀਨ ਵਿੱਚ ਵੀ ਤੁਸੀਂ ਰੱਬ ਦਾ ਨਾਉਂ ਲੈ ਕੇ ਬੋਰ ਕਰ ਦਿਉ। ਪਰਮਾਤਮਾ ਦੀ ਅਜਿਹੀ ਮਿਹਰ ਹੋਈ ਲਗਾਤਾਰ ਨੌ ਬੋਰ ਕਰਵਾਏ, ਨੌਆਂ ਵਿੱਚ ਹੀ ਬਿਅੰਤ ਪਾਣੀ ਆ ਗਿਆ।

### *ਸਰਦਾਰ ਜੀ ਨੇ ਸੁੱਖਣਾ ਪ੍ਰਤੀ ਦੱਸਣਾ*

ਜਦੋਂ ਸਾਰੇ ਬੋਰਾਂ ਵਿੱਚ ਸਫਲਤਾ ਮਿਲੀ ਤਾਂ ਸ. ਗੁਰਨਾਮ ਸਿੰਘ ਜੀ ਨੇ ਬੀ. ਪਰਮਜੀਤ ਕੌਰ ਨੂੰ ਬੜੀ ਖੁਸ਼ੀ ਨਾਲ ਦੱਸਿਆ ਕਿ ਮੈਂ ਗੁਰੂ ਮਹਾਰਾਜ ਦੀ ਦੇ



ਸਨਮੁੱਖ ਜਿੰਨੇ ਬੋਰ ਉਨੇ ਅਖੰਡਪਾਠਾਂ ਦੀ ਸੁੱਖਣਾ ਸੁੱਖੀ ਹੈ। ਆਪਾਂ ਹੁਣ ਕਿਤੇ ਵਿਹਲੇ ਟਾਈਮ ਸੁਖਣਾ ਲਾਹ ਦੇਈਏ। ਬੀਬੀ ਜੀ ਵੀ ਅੰਦਰੋਂ ਬਹੁਤ ਪ੍ਰਸੰਨ ਸਨ ਕਿ ਚਲੋ! ਦੁਨਿਆਵੀ ਕੰਮਾਂ ਦੀ ਬਦੌਲਤ ਹੀ ਇਨ੍ਹਾਂ ਨੂੰ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਹੋਇਆ ਹੈ।

### *ਅਖੰਡ ਪਾਠ ਕਰਵਾਉਣ ਦਾ ਕਾਰਜ ਬੀਬੀ ਪਰਮਜੀਤ ਕੌਰ ਤੇ ਭਾਈ ਮੁਹਿੰਦਰ ਸਿੰਘ ਜੀ ਦੇ ਜਿੰਮੇਂ ਲੱਗਾ।*

ਭਾਈ ਮੁਹਿੰਦਰ ਸਿੰਘ ਜੀ ਨੇ ਬਾਬਾ ਜੀ ਪਾਸ ਜਾ ਕੇ ਨੌਂ ਅਖੰਡ ਪਾਠ ਇਕੱਠੇ ਕਰਵਾਉਣ ਲਈ ਕਿਹਾ। ਬਾਬਾ ਜੀ ਕਹਿਣ ਲੱਗੇ ਕਿ ਮੁਹਿੰਦਰ ਸਿੰਘ ! ਇਹ ਕੋਈ ਰੱਬ ਦਾ ਉਲਾਂਭਾ ਲਾਹੁਣਾ ਹੈ? ਅਖੰਡ ਪਾਠ ਤਾਂ ਇੱਕ ਹੀ ਘਰ ਵਿੱਚ ਪਿਆਰ ਸ਼ਰਧਾ ਨਾਲ ਹੋ ਜਾਵੇ ਤੇ ਘਰ ਵਾਲੇ ਬੈਠ ਕੇ ਸੁਣਨ ਤਾਂ ਬਿਅੰਤ ਲਾਭ ਹੁੰਦਾ ਹੈ। ਜੇ ਨੌਂ ਜਣੇ ਗੁਰੂ ਮਹਾਰਾਜ ਜੀ ਦੀ ਤਾਬਿਆ ਬੈਠੇ ਪੱਤਰਿਆਂ ਉੱਪਰ ਨਿਗ੍ਹਾ ਫੇਰੀ ਜਾਣ ਤਾਂ ਇਸ ਦਾ ਬਹੁਤਾ ਲਾਭ ਨਹੀਂ। ਤੁਸੀਂ ਇੰਝ ਕਰੋ, ਵਾਰੋ ਵਾਰੀ ਇੱਕ ਇੱਕ ਅਖੰਡ ਪਾਠ ਰਖਵਾ ਕੇ ਭੋਗ ਪਾ ਲਵੋ। ਆਖਰੀ ਅਖੰਡ ਪਾਠ ਵਿੱਚ ਮੈਂ ਤਿੰਨੇ ਦਿਨ ਹੀ ਉਥੇ ਤੁਹਾਡੇ ਪਾਸ ਮਾਛੀਆਂ ਰਹਾਂਗਾ। ਬਾਬਾ ਜੀ ਨਾਲ ਪ੍ਰੋਗਰਾਮ ਬਣਾ ਕੇ ਭਾਈ ਮੁਹਿੰਦਰ ਸਿੰਘ ਘਰ ਪੁੱਜਾ ਤੇ ਸਾਰਾ ਪ੍ਰੋਗਰਾਮ ਬੀਬੀ ਹੋਰਾਂ ਨੂੰ ਦੱਸਿਆ। ਅਖੰਡ ਪਾਠਾਂ ਦੀ ਲੜੀ ਅਰੰਭ ਹੋ ਗਈ। ਸਵੇਰੇ ਸ਼ਾਮ ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕ ਕੇ ਸਰਦਾਰ ਹੋਰਾਂ ਨੇ ਕੰਮ ਤੇ ਚਲੇ ਜਾਣਾ। ਪਾਠੀ ਸਿੰਘਾਂ ਨੇ ਪਾਠ ਪੂਰਾ ਕਰਨਾ ਤੇ ਆਪਣੀ ਸੇਵਾ ਲੈ ਲੈਣੀ। ਬੀਬੀ ਹੋਰੀਂ ਆਈ ਗਈ ਸੰਗਤਾਂ ਦੀ ਸੇਵਾ ਵਿੱਚ ਸਮਾਂ ਬਿਤਾਉਣਾ।

ਆਖਰੀ ਅਖੰਡ ਪਾਠ ਦੇ ਅਰੰਭ ਵਿੱਚ ਬਾਬਾ ਜੀ, ਦਿੱਤੇ ਹੋਏ ਬਚਨ ਅਨੁਸਾਰ ਮਾਛੀਆਂ ਪੁੱਜ ਗਏ। ਅਖੰਡ ਪਾਠ ਦੀ ਅਰੰਭਤਾ ਹੋ ਗਈ। ਸ: ਗੁਰਨਾਮ ਸਿੰਘ ਜੀ ਅਰੰਭ ਦੀ ਹਾਜ਼ਰੀ ਭਰ ਕੇ ਪਿੰਡ ਜਲੋਵਾਲ ਕੰਮ ਕਾਜ ਵੇਖਣ ਚਲੇ ਗਏ। ਅਗਲੇ ਦਿਨ ਫਿਰ ਸਵੇਰੇ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਪਿੰਡ ਜਲੋਵਾਲ ਨੂੰ ਸਾਇਕਲ ਤੇ ਸਵਾਰ ਹੋ ਕੇ ਕੰਮ ਕਾਰ ਤੇ ਪੁੱਜ ਗਏ। ਅਖੰਡ ਪਾਠ ਦੇ ਮੱਧ ਦੀ ਅਰਦਾਸ ਹੋਈ। ਸ. ਗੁਰਨਾਮ ਸਿੰਘ ਜੀ ਨੂੰ ਸੰਗਤ ਵਿੱਚ ਨਾ ਵੇਖ ਕੇ ਬਾਬਾ ਜੀ ਨੇ ਬੀਬੀ ਹੋਰਾਂ ਨੂੰ ਪੁੱਛਿਆ ਕਿ ਸਰਦਾਰ ਹੋਰੀਂ ਕਿੱਥੇ ਹਨ? ਉਹ ਅਰਦਾਸ ਵਿੱਚ ਹਾਜ਼ਰੀ ਭਰਨ ਕਿਉਂ ਨਹੀਂ ਆਏ? ਬੀਬੀ ਜੀ ਕਹਿਣ ਲੱਗੇ, ਉਹ ਜਲੋਵਾਲ ਖੇਤੀ ਦਾ ਕੰਮ ਕਾਰ ਵੇਖਣ ਗਏ ਹਨ।

### *ਬਾਬਾ ਜੀ ਨੇ ਬੀਬੀ ਜੀ ਨੂੰ ਪੁੱਛਣਾ*

ਬਾਬਾ ਜੀ ਕਹਿਣ ਲੱਗੇ, ਬੀਬੀ ਜੀ ! ਅਖੰਡ ਪਾਠ ਤੁਸੀਂ ਸਰਦਾਰ ਹੋਰਾਂ ਦੀ ਸਲਾਹ ਨਾਲ ਨਹੀਂ ਰਖਾਇਆ ਸੀ? ਬੀਬੀ ਜੀ ਨੇ ਉੱਤਰ ਦਿੱਤਾ, ਬਾਬਾ ਜੀ !

ਅਖੰਡ ਪਾਠ ਤਾਂ ਸਾਰੇ ਉਨ੍ਹਾਂ ਦੀ ਸਲਾਹ ਨਾਲ ਹੀ ਰਖਵਾਏ ਹਨ। ਆਪ ਜੀ ਨੂੰ ਪਤਾ ਹੀ ਹੈ, ਉਹ ਆਪਣੀ ਮਰਜੀ ਕਰਦੇ ਹਨ। ਬਾਬਾ ਜੀ ਕਹਿਣ ਲੱਗੇ, ਬੀਬੀ ਜੀ ! ਮਰਜੀ ਵੀ ਕਿਸੇ ਹਿਸਾਬ ਕਿਤਾਬ ਦੀ ਕਰਨੀ ਚਾਹੀਦੀ ਹੈ। ਆਪਾਂ ਨਿੱਤ ਦੇ ਜੀਵਨ ਵਿੱਚ ਵੇਖਦੇ ਹਾਂ, ਘਰ ਕੋਈ ਸਤਿਕਾਰਯੋਗ ਮਹਿਮਾਨ ਆਇਆ ਹੋਵੇ, ਆਪਾਂ ਸਾਰੇ ਕੰਮ ਕਾਰ ਦੂਜੇ ਨੰਬਰ ਤੇ ਪਾ ਕੇ ਉਸ ਦੀ ਹਾਜ਼ਰੀ ਵਿੱਚ ਸਮਾਂ ਬਿਤਾਉਂਦੇ ਹਾਂ ਤੇ ਪੂਰੀ ਆਉ ਭਗਤ ਕਰਦੇ ਹਾਂ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਦੀਨ ਦੁਨੀਆਂ ਦੇ ਵਾਲੀ ਤੇ ਸਾਡੇ ਲੋਕ ਪ੍ਰਲੋਕ ਸਵਾਰਨ ਵਾਲੇ ਹਨ। ਸਤਿਗੁਰੂ ਸਾਡੇ ਘਰ ਆਏ ਹੋਣ ਤੇ ਆਪਾਂ ਬਾਹਰ ਖੇਤਾਂ ਵਿੱਚ ਘੁੰਮੀਏ, ਇਹ ਸਾਨੂੰ ਸ਼ੋਭਾ ਨਹੀਂ ਦਿੰਦਾ। ਤੁਸੀਂ ਕਿਸੇ ਬੰਦੇ ਨੂੰ ਉਨ੍ਹਾਂ ਦੇ ਪਿੱਛੇ ਭੇਜੋ ਤੇ ਸਾਡੀ ਵਲੋਂ ਉਨ੍ਹਾਂ ਨੂੰ ਕਹੋ ਕਿ ਭਾਵੇਂ ਕਿੰਨਾ ਵੀ ਜਰੂਰੀ ਕੰਮ ਹੈ, ਉਹ ਛੱਡ ਕੇ ਅੱਜ ਤੇ ਕੱਲ੍ਹ ਦਾ ਦਿਨ, ਜਰੂਰ ਘਰ ਰਹਿ ਕੇ ਗੁਰੂ ਮਹਾਰਾਜ ਜੀ ਹਾਜ਼ਰੀ ਭਰਨ।

ਬੀਬੀ ਹੋਰੀਂ ਬਾਬਾ ਜੀ ਦਾ ਸੁਨੇਹਾ ਦੇ ਕੇ, ਇੱਕ ਬੰਦੇ ਨੂੰ ਸਾਇਕਲ ਤੇ ਜਲੋਵਾਲ ਭੇਜਿਆ। ਇੱਧਰ ਬਾਬਾ ਜੀ ਨੇ ਜਿੰਨੀ ਸੰਗਤ ਸੀ, ਬੇਨਤੀ ਚੌਪਈ ਦਾ ਸੰਗਤੀ ਪਾਠ ਕਰਵਾ ਕੇ ਸ. ਗੁਰਨਾਮ ਸਿੰਘ ਹੋਰਾਂ ਲਈ ਗੁਰਸਿੱਖੀ ਜੀਵਨ ਦੀ ਪ੍ਰਾਪਤੀ ਲਈ ਅਰਦਾਸ ਕੀਤੀ। ਇੱਕ ਘੰਟੇ ਦੇ ਸਮੇਂ ਪਿਛੋਂ ਸਰਦਾਰ ਜੀ ਵੀ ਘਰ ਪੁੱਜ ਗਏ। ਮੂੰਹ-ਹੱਥ ਧੋ ਕੇ, ਜਿਸ ਕਮਰੇ ਵਿੱਚ ਬਾਬਾ ਜੀ ਬੈਠੇ ਸਨ, ਗੁਰੂ ਫਤਹਿ ਬੁਲਾਉਣ ਗਏ। ਬਾਬਾ ਜੀ ਨੇ ਗੁਰੂ ਫਤਹਿ ਦੀ ਸਾਂਝ ਪਾਉਣ ਉਪ੍ਰੰਤ ਕਿਹਾ ਕਿ ਪਹਿਲਾਂ ਉੱਪਰ ਚੁਬਾਰੇ ਵਿੱਚ, ਜਿੱਥੇ ਅਖੰਡ ਪਾਠ ਚਲ ਰਿਹਾ ਹੈ, ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕ ਆਵੋ।

### *ਅਜੀਬ ਜਿਹਾ ਅਨੁਭਵ*

ਸ: ਗੁਰਨਾਮ ਸਿੰਘ ਜੀ ਪੌੜੀਆਂ ਚੜ੍ਹ ਕੇ ਚੁਬਾਰੇ ਉੱਪਰ ਜਿੱਥੇ ਅਖੰਡ ਪਾਠ ਚੱਲਦਾ ਸੀ, ਮੱਥਾ ਟੇਕਣ ਚਲੇ ਗਏ। ਆਪ ਜੀ ਨੇ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਤੇ ਇਨ੍ਹਾਂ ਨੂੰ ਬੜਾ [1]ਅਜੀਬ ਜਿਹਾ ਅਨੁਭਵ ਮਹਿਸੂਸ ਹੋਇਆ ਜੋ ਉਨ੍ਹਾਂ ਨੇ ਬਾਅਦ ਵਿੱਚ ਦੱਸਿਆ।

**1.** ਆਪ ਨੇ ਦੱਸਿਆ ਕਿ ਜਿਉਂ ਹੀ ਮੈਂ ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕਿਆ। ਮੇਰੇ ਸਰੀਰ ਵਿੱਚ ਇੱਕ ਝਰਨਾਟ ਜਿਹੀ ਫਿਰੀ। ਮੈਨੂੰ ਬਾਹਰ ਤੇ ਕੁਝ ਨਹੀਂ ਦਿਸ ਰਿਹਾ ਸੀ। ਅੰਦਰੋ-ਅੰਦਰੀ ਮੈਨੂੰ ਇੰਝ ਮਹਿਸੂਸ ਹੋਇਆ ਕਿ ਮੇਰਾ ਸਿਰ ਮੇਰੀ ਗਰਦਨ ਤੋਂ ਲੱਥ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਪਿਆ ਹੋਇਆ ਹੈ ਤੇ ਮੈਨੂੰ ਮੇਰੇ ਪਿਛਲੇ ਜਨਮ ਦੀ ਵੀ ਸੋਝੀ ਚੰਗੀ ਤਰ੍ਹਾਂ ਪ੍ਰਤੀਤ ਹੋ ਗਈ, ਜੋ ਮੈਂ ਦੱਸਣਾ ਨਹੀਂ ਚਾਹੁੰਦਾ। ਮੈਨੂੰ ਇਸ ਗੱਲ ਦਾ ਵੀ ਪਤਾ ਨਹੀਂ ਲੱਗਾ ਕਿ ਮੈਂ ਕਿੰਨਾ ਚਿਰ ਸਤਿਗੁਰਾਂ ਨੂੰ ਨਤਮਸਤਕ ਹੋਇਆ ਰਿਹਾ। ਜਦੋਂ ਮੈਨੂੰ ਸੋਝੀ ਆਈ ਮੈਂ ਮੱਥਾ ਚੁੱਕਿਆ ਤਾਂ ਮੇਰੇ ਲਾਗੇ ਭਾਈ ਦਲੀਪ ਸਿੰਘ ਪ੍ਰਸ਼ਾਦ ਲੈ ਕੇ ਖਲੋਤਾ ਸੀ। ਸਰੀਰ ਮੇਰਾ ਹਲਕਾ ਫੁੱਲ ਸੀ ਜਿਸ ਅਨੰਦ ਨੂੰ ਮੈਂ ਪਹਿਲਾਂ ਜਿੰਦਗੀ ਵਿੱਚ ਕਦੇ ਮਹਿਸੂਸ ਨਹੀਂ ਕੀਤਾ।



ਸਤਿਗੁਰਾਂ ਪਾਸ ਬੈਠ ਕੁਝ ਸਮਾਂ ਗੁਰਬਾਣੀ ਦਾ ਪਾਠ ਸੁਣ ਕੇ ਮੁੜ ਜਦੋਂ ਗੁਰਨਾਮ ਸਿੰਘ ਜੀ ਬਾਬਾ ਜੀ ਪਾਸ ਆਏ ਤਾਂ ਬਾਬਾ ਜੀ ਨੇ ਪੁੱਛਿਆ, ਸਰਦਾਰ ਜੀ! ਸੁਣਾਉ ਹੁਣ ਤੁਹਾਡੀ ਕੀ ਮਰਜ਼ੀ ਹੈ? ਆਪ ਨੇ ਉੱਤਰ ਦਿੱਤਾ, ਬਾਬਾ ਜੀ ! ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕਦਿਆਂ-ਟੇਕਦਿਆਂ ਜੋ ਦ੍ਰਿਸ਼ ਸਤਿਗੁਰੂ ਜੀ ਨੇ ਵਿਖਾ ਦਿੱਤਾ, ਹੁਣ ਮੇਰੀ ਮਰਜੀ ਖਤਮ ਹੋ ਗਈ ਹੈ। ਹੁਣ ਜਿਵੇਂ ਤੁਸੀਂ ਕਹੋਗੇ, ਉਸੇ ਤਰ੍ਹਾਂ ਹੀ ਕਰਾਂਗਾ। ਹੁਣ ਤਾਂ ਸਿਰ ਸਤਿਗੁਰੂ ਜੀ ਨੇ ਆਪੇ ਭੇਟਾ ਲੈ ਲਿਆ ਹੈ। ਬਾਬਾ ਜੀ ਕਹਿਣ ਲੱਗੇ, ਸਰਦਾਰ ਜੀ ! ਇਹ ਸੰਸਾਰ ਦੀਆਂ ਸਰਦਾਰੀਆਂ ਤੇ ਮਾਣ ਸਤਿਕਾਰ ਤੇ ਮਾਇਆ ਤੁਹਾਨੂੰ ਗੁਰੂ ਮਹਾਰਾਜ ਜੀ ਨੇ ਕਿਸੇ ਪੂਰਬਲੇ ਕਰਮ ਦੀ ਬਦੌਲਤ ਬਖਸ਼ਿਸ਼ ਕੀਤੀਆਂ ਹਨ। ਸਾਡੇ ਮਨ ਦੀ ਚਾਹਨਾ ਹੈ ਕਿ ਤੁਸੀਂ ਗੁਰੂ ਦੇ ਲੜ ਲੱਗ ਕੇ, **"ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥"** ਦੀਆਂ ਦਾਤਾਂ ਵੀ ਗੁਰੂ ਚਰਨਾਂ ਵਿਚੋਂ ਪ੍ਰਾਪਤ ਕਰ ਲਵੋ। ਸ. ਗੁਰਨਾਮ ਸਿੰਘ ਜੀ ਨੇ ਦੋਵੇਂ ਹੱਥ ਜੋੜ ਕੇ ਉੱਤਰ ਦਿੱਤਾ, ਬਾਬਾ ਜੀ ! ਮੈਂ ਤਾਂ ਆਪ ਨੂੰ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਜੋ ਵੀ ਤੁਸੀਂ ਕਹੋਗੇ, ਮੈਂ ਹੁਣ ਉਹ ਹੀ ਕਰਾਂਗਾ। ਬਾਬਾ ਜੀ ਨੇ ਹੱਸਦਿਆਂ ਕਿਹਾ ਕਿ ਹੁਣ ਤੁਸੀਂ ਦੱਸੋ ਕਿ ਅੰਮ੍ਰਿਤ ਕਿਰਪਾਨ ਨਾਲ ਛਕਣਾ ਹੈ ਕਿ ਰਿਵਾਲਵਰ ਪਾ ਕੇ ਛਕਣਾ ਹੈ? ਸ. ਗੁਰਨਾਮ ਸਿੰਘ ਜੀ ਕਹਿਣ ਲੱਗੇ, ਬਾਬਾ ਜੀ ! ਦੋਵੇਂ ਧਾਰਨ ਕਰਾਂਗਾ। ਸਤਿਗੁਰਾਂ ਦੀ ਬਖਸ਼ਿਸ਼ ਕਿਰਪਾਨ ਹਰ ਵੇਲੇ ਰੱਖਾਂਗਾ। ਰਿਵਾਲਵਰ ਰਾਤ ਨੂੰ ਲਾਹ ਲਿਆ ਕਰਾਂਗਾ। ਬਾਬਾ ਜੀ ਬੜੇ ਪ੍ਰਸੰਨ ਹੋਏ। ਬੀਬੀ ਪਰਮਜੀਤ ਕੌਰ ਜੀ, ਜੋ ਲਾਗੇ ਹੀ ਖੜੇ ਸਨ, ਉਨ੍ਹਾਂ ਨੂੰ ਸੰਬੋਧਨ ਕਰਕੇ ਬਾਬਾ ਜੀ ਕਹਿਣ ਲੱਗੇ, ਬੀਬੀ ! ਤੁਹਾਨੂੰ ਵਧਾਈ ਹੋਵੇ, ਸਰਦਾਰ ਹੋਰੀਂ ਅੰਮ੍ਰਿਤ ਛੱਕਣ ਲਈ, ਆਪ ਹੀ ਖੁਸ਼ੀ ਨਾਲ ਮੰਨ ਗਏ ਹਨ। ਗੁਰੂ ਮਹਾਰਾਜ ਜੀ ਦੇ ਚਰਨ ਪੈਣੇ ਤੇ ਸੰਗਤ ਦਾ ਤੁਹਾਡੇ ਘਰ ਆਉਣਾ ਅੱਜ ਸਫਲਾ ਹੋ ਗਿਆ ਹੈ।

### *ਸ: ਗੁਰਨਾਮ ਸਿੰਘ ਹੋਰਾਂ ਨੇ ਅੰਮ੍ਰਿਤ ਛਕਣਾ*

ਦਿਨ ਨੀਯਤ ਕਰਕੇ, ਸੱਤ-ਅੱਠ ਹੋਰ ਪ੍ਰੇਮੀਆਂ ਨਾਲ ਆਪ ਜੀ ਨੇ ਗੁਰੂ ਕੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰ ਲਿਆ ਤੇ ਜੀਵਨ ਪ੍ਰਯੰਤ ਗੁਰਸਿੱਖੀ ਰਹਿਤ ਵਿੱਚ ਪ੍ਰਪੱਕ ਰਹਿ ਕੇ, ਪੂਰਨ ਨਿੱਤਨੇਮ ਕਰਕੇ ਆਪਣੀ ਆਯੂ ਨੂੰ ਸਫਲਾ ਕੀਤਾ। ਆਪ ਦਿਨੇ ਮਾਛੀਆਂ ਜਾਂ ਜਲੋਵਾਲ ਖੇਤਾਂ ਵਿੱਚ ਕਾਰ ਵਿਹਾਰ ਕਰਦੇ। ਸ਼ਾਮ ਚਾਰ ਵਜੇ ਬੱਸ ਰਾਂਹੀ ਹੁਸ਼ਿਆਰਪੁਰ ਆਪਣੀ ਕੋਠੀ ਪੁੱਜ ਜਾਂਦੇ, ਇਸ਼ਨਾਨ ਪਾਣੀ ਕਰ, ਪ੍ਰਸ਼ਾਦਾ ਛਕ, ਲਾਅਨ ਵਿੱਚ ਬੈਠ ਕੇ ਮੂਲ ਮੰਤ੍ਰ ਦੀਆਂ ਮਾਲਾ ਕਰਦੇ। ਇੱਕ ਦਿਨ ਦਾਸ ਤੇ [1]ਭਗਤ ਜੀ ਉਨ੍ਹਾਂ ਨੂੰ ਮਿਲਣ ਗਏ, ਘੰਟੀ ਵਜਾਈ, ਬੀਬੀ ਪਰਮਜੀਤ ਕੌਰ

1. ਭਗਤ ਜੀ ਦਾ ਨਾਉਂ ਸ: ਹਰਸ਼ਰਨ ਸਿੰਘ ਜੀ ਹੈ। ਪਰ ਉਨ੍ਹਾਂ ਦਾ ਨਾਉਂ ਕੋਈ ਨਹੀਂ ਜਾਣਦਾ। ਸਾਰੇ ਭਗਤ ਜੀ ਕਰਕੇ ਹੀ ਜਾਣਦੇ ਹਨ। ਆਪ ਦਾ ਜਨਮ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਖੇ ....☞☞

ਜੀ ਬਾਹਰ ਆਏ ਅਤੇ ਅਸੀਂ ਪੁੱਛਿਆ ! ਸਰਦਾਰ ਹੋਰੀਂ ਕਿੱਥੇ ਹਨ? ਉਹ ਕਹਿਣ ਲੱਗੇ ! ਬਾਹਰ ਪਾਰਕ ਵਿੱਚ ਧੰਨੇ ਭਗਤ ਵਾਂਗੂ ਰੱਬ ਦੀਆਂ ਲੱਤਾਂ ਨੂੰ ਜੱਫਾ ਮਾਰ ਕੇ ਬੈਠੇ ਹਨ। ਮੈਂ ਉਨ੍ਹਾਂ ਨੂੰ ਸੱਦ ਲਿਆਉਂਦੀ ਹਾਂ। ਅਸੀਂ ਕਿਹਾ ਤੁਸੀਂ ਸੱਦਣ ਨਾ ਜਾਉ, ਅਸੀਂ ਆਪੇ ਉਨ੍ਹਾਂ ਪਾਸ ਚਲੇ ਜਾਂਦੇ ਹਾਂ। ਲਾਅਨ ਵਿੱਚ ਗਏ ਤਾਂ ਸਰਦਾਰ ਹੋਰੀਂ ਚਾਦਰ ਦੀ ਬੁੱਕਲ ਮਾਰੀ, ਹੱਥ ਵਿੱਚ ਮਾਲਾ ਫੜੀ, ਕੁਰਸੀ ਉੱਪਰ ਬੈਠੇ ਸਨ। ਆਪ ਦਾ ਸੁਭਾਅ ਗੰਭੀਰ ਪਰ ਹੱਸਮੁਖ ਵੀ ਸੀ।

ਭਗਤ ਜੀ ਨੇ ਕਿਹਾ, ਸਰਦਾਰ ਜੀ ! ਕੀ ਕਰਦੇ ਹੋ? ਅੱਗੋਂ ਗੁਰਨਾਮ ਸਿੰਘ ਜੀ ਕਹਿਣ ਲੱਗੇ, ਭਗਤ ਜੀ ! ਕਰਨਾ ਕੀ ਹੈ? ਮਾਲਾ ਨਾਲ ਹੱਥ ਘਿਸਾਈ ਕਰੀ ਜਾਨਾ। ਭਗਤ ਜੀ ਨੇ ਪੁੱਛਿਆ, ਕੁਝ ਖਾਧਾ ਵੀ ਹੈ ਕਿ ਭੁੱਖੇ ਹੀ ਲੱਗੇ ਹੋਏ ਹੋ? ਆਪ ਕਹਿਣ ਲੱਗੇ, ਭਗਤ ਜੀ ! ਹੁਣ ਤਾਂ ਮਸਰਾਂ ਮੂੰਗੀ ਦੀ ਦਾਲ ਤੇ ਸਾਦਾ ਜਲ ਹੀ ਛਤੀਹ ਪ੍ਰਕਾਰ ਦੇ ਭੋਜਨਾਂ ਦਾ ਰਸ ਪ੍ਰਦਾਨ ਕਰ ਦਿੰਦਾ ਹੈ। ਲੋਈ ਲੋਈ ਪ੍ਰਸ਼ਾਦਾ-ਪਾਣੀ ਛੱਕ ਕੇ "**ਜਾ ਕਉ ਆਏ ਸੋਈ ਬਿਹਾਝਹੁ**" ਦੀ ਕਾਰ ਵਿੱਚ ਜੁੱਟ ਜਾਈਦਾ ਹੈ। ਇੰਨੇ ਸਮੇਂ ਵਿੱਚ ਮਸਾਂ ਮੂਲ ਮੰਤ੍ਰ ਦੀਆਂ ਮਾਲਾ ਹੀ ਪੂਰੀਆਂ ਹੁੰਦੀਆਂ ਹਨ, ਅੱਗੇ ਸਮਾਂ ਬਤੀਤ ਕਰਨ ਲਈ ਟੈਲੀਵਿਜ਼ਨ ਵੇਖ ਲਈਦਾ ਸੀ। ਜਦੋਂ ਦੀ ਮਾਲਾ ਫੜੀ ਹੈ ਹੁਣ ਟੈਲੀਵਿਜ਼ਨ ਵੇਖਣ ਨੂੰ ਚਿੱਤ ਹੀ ਨਹੀਂ ਕਰਦਾ। ਜੇ ਟੈਲੀਵਿਜ਼ਨ ਵੇਖਣ ਲੱਗ ਜਾਈਏ ਫਿਰ ਮਾਲਾ ਪੂਰੀਆਂ ਨਹੀਂ ਹੁੰਦੀਆਂ। ਪੁਰਾਣੇ ਸੁਭਾਅ ਮੁਤਾਬਕ ਇੱਕ ਵਾਰੀ ਅੱਠ ਕੁ ਵਜੇ ਖਬਰਾਂ ਜਰੂਰ ਦੇਖੀਦੀਆਂ ਹਨ। ਬਸ ਮੁੜ ਨੀਂਦ ਆਉਣ ਤੱਕ, ਮੈਂ ਤੇ ਮੇਰੀ ਮਾਲਾ, ਅਸੀਂ ਦੋਵੇਂ ਜਣੇ, ਆਪਸੀ ਸੰਗਤ ਬਣਾਈ

☜☞... 13 ਜਨਵਰੀ 1926 ਈ: ਨੂੰ ਪਿਤਾ ਨਰੈਣ ਸਿੰਘ, ਮਾਤਾ ਨਿਰੰਜਨ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਦੇ ਧਾਰਨੀ ਸਨ। ਆਪ ਜੀ ਨੇ ਪਹਿਲੀ ਜਮਾਤ ਤੋਂ ਬੀ.ਏ ਤੱਕ ਪੜ੍ਹਾਈ ਅੰਮ੍ਰਿਤਸਰ ਵਿਖੇ ਹੀ ਪੂਰੀ ਕੀਤੀ। ਉਪ੍ਰੰਤ 1946 ਵਿੱਚ ਲਾਹੌਰ ਵਿਖੇ ਨਹਿਰੀ ਮਹਿਕਮੇ ਵਿੱਚ ਬਤੌਰ ਕਲਰਕ ਨੌਕਰੀ ਅਰੰਭ ਕੀਤੀ। ਦੇਸ਼ ਦੇ ਬਟਵਾਰੇ ਤੋਂ ਪਿੱਛੋਂ ਨਵੰਬਰ 1947 ਨੂੰ ਆਪ ਨੇ ਸ਼ਿਮਲੇ ਵਿਖੇ ਉਸੇ ਪੋਸਟ ਤੇ ਨੌਕਰੀ ਅਰੰਭ ਕੀਤੀ। 9 ਸਾਲ ਸ਼ਿਮਲੇ ਰਹਿਣ ਉਪ੍ਰੰਤ 1956 ਈ: ਨੂੰ ਆਪ ਦੀ ਪੋਸਟਿੰਗ ਪਟਿਆਲੇ ਦੀ ਹੋਈ। ਤਿੰਨ ਸਾਲ, ਪਟਿਆਲੇ ਪ੍ਰਾਲਬਧ ਅਧੀਨ ਬਤੀਤ ਕੀਤੇ। 1959 ਈ: ਨੂੰ ਭਾਈ ਹਰਸ਼ਰਨ ਸਿੰਘ ਜੀ (ਭਗਤ ਜੀ) ਦੀ ਬਦਲੀ ਚੰਡੀਗੜ੍ਹ ਦੀ ਹੋ ਗਈ, ਪੰਜ ਸਾਲ ਚੰਡੀਗੜ੍ਹ ਰਾਜਧਾਨੀ ਵਿੱਚ ਬਤੀਤ ਕਰਨ ਉਪ੍ਰੰਤ 9 ਅਪ੍ਰੈਲ 1964 ਨੂੰ ਆਪ ਜੀ ਤਲਵਾੜੇ ਬੀ.ਐਮ.ਬੀ.ਬੋਰਡ ਵਿੱਚ ਬਤੌਰ ਫਸਟ ਗ੍ਰੇਡ ਸੁਪਰਟੈਨਡੈਂਟ, ਬੜੇ ਮਾਣ ਤੇ ਸਤਿਕਾਰ ਨਾਲ ਸਰਵਿਸ ਕੀਤੀ। ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਨਾਲ ਆਪ ਦਾ ਅੱਤ ਦਾ ਸਨੇਹ ਸੀ। ਜਦੋਂ ਵੀ ਬਾਬਾ ਜੀ ਤਲਵਾੜੇ ਜਾਂਦੇ ਤਾਂ ਭਗਤ ਜੀ ਦੇ ਘਰ ਹੀ ਠਹਿਰਦੇ। ਉਪ੍ਰੰਤ 31 ਜਨਵਰੀ 1984 ਨੂੰ ਰਿਟਾਇਰ ਹੋਣ ਉਪ੍ਰੰਤ ਪੱਕੇ ਤੌਰ ਤੇ ਗੁਰਦੁਆਰਾ ਰਾਮਪੁਰ ਖੇੜਾ ਵਿੱਚ ਗੁਰੂ ਘਰ ਦੀ, ਤੇ ਸੰਗਤ ਦੀ ਸੇਵਾ ਨੂੰ ਆਪ ਜੀ ਨੇ ਆਪਣਾ ਜੀਵਨ ਸਮਰਪਤ ਕਰ ਦਿੱਤਾ। ਬਾਬਾ ਜੀ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਤਕਰੀਬਨ ਪੰਜਾਹ ਸਾਲ ਆਪ ਜੀ ਨੇ ਤਨ, ਮਨ, ਧਨ ਕਰਕੇ ਗੁਰੂ ਘਰ ਦੀ ਤਨਦੇਹੀ ਤੇ ਸੁਹਿਰਦਤਾ ਦੇ ਨਾਲ ਸੇਵਾ ਕੀਤੀ ਤੇ ਇੰਨੀ ਬਿਰਧ ਅਵਸਥਾ ਵਿੱਚ ਵੀ ਉਸੇ ਤਰ੍ਹਾਂ ਸਾਰੀ ਸੇਵਾ ਨਿਭਾਅ ਰਹੇ ਹਨ। ਸਤਿਗੁਰੂ ਜੀ ਮਿਹਰ ਕਰਨ। ਅਜਿਹੇ ਸੁਹਿਰਦ ਗੁਰਸਿੱਖ ਸੇਵਕ ਮਿਲਣੇ ਅੱਜ ਕੱਲ ਬਹੁਤ ਕਠਨ ਹਨ। ਭਗਤ ਜੀ ਆਪਣੀ ਮਿਸਾਲ ਆਪ ਹੀ ਹਨ।



ਰੱਖੀਦੀ ਹੈ। ਦਿਨ ਚੜ੍ਹੇ ਮੁੜ ਓਹੋ ਚੱਕਰ ਚਲ ਪੈਂਦਾ ਹੈ।

ਭਗਤ ਜੀ ! ਇਨਾਂ ਜਰੂਰ ਹੈ ਕਿ ਉਸ ਜਿੰਦਗੀ ਨਾਲੋਂ ਇਸ ਜੀਵਨ ਦਾ ਸਵਾਦ ਨਿਵੇਕਲਾ ਹੀ ਹੈ। ਹੁਣ ਮਹਿਸੂਸ ਹੁੰਦਾ ਹੈ ਕਿ ਪਹਿਲਾਂ ਜਵਾਨੀ ਦਾ ਸਮਾਂ ਐਵੇਂ ਬਿਅਰਥ ਹੀ ਗਿਆ। ਇਸ ਉਮਰੇ ਤਾਂ ਜੱਲ੍ਹਣ ਜੱਟ ਵਾਲੀ ਗੱਲ ਮੇਰੇ ਤੇ ਢੁੱਕਦੀ ਹੈ-

**ਨਿੱਕੇ ਹੁੰਦੇ ਡੰਗਰ ਚਾਰੇ, ਵਡੇ ਹੋਏ ਹਲ ਵਾਹਿਆ॥**
**ਬੁਢੇ ਹੋ ਕੇ ਮਾਲਾ ਫੇਰੀ, ਰਬ ਦਾ ਉਲਾਂਭਾ ਲਾਹਿਆ॥**

ਜੇ ਰੱਬ ਦਾ ਉਲਾਂਭਾ ਵੀ ਲੱਥ ਜਾਵੇ ਤਦ ਵੀ ਲੱਖ ਸ਼ੁਕਰ ਹੈ। ਹੁਣ ਪਤਾ ਲਗਦਾ ਕਿ ਪਰਮਾਤਮਾ ਨੇ ਜਿੰਨੇ ਕੁ ਪਰਉਪਕਾਰ ਸਾਡੇ ਉੱਪਰ ਕੀਤੇ ਹਨ, ਉਨ੍ਹਾਂ ਦਾ ਸ਼ੁਕਰਾਨਾ ਨਹੀਂ ਹੋ ਸਕਦਾ। ਫਿਰ ਵੀ ਸਾਡੇ ਕੋਈ ਪਿਛਲੇ ਚੰਗੇ ਕਰਮ, ਜਿਸ ਦੀ ਬਦੌਲਤ ਸਾਨੂੰ ਮਹਾਂਪੁਰਖਾਂ ਦੀ ਸੰਗਤ ਪ੍ਰਾਪਤ ਹੋ ਗਈ, ਨਹੀਂ ਤੇ ਸਾਰਾ ਜਨਮ ਹੀ ਬਿਅਰਥ ਚਲੇ ਜਾਣਾ ਸੀ। ਮੈਂ ਤਾਂ ਬਹੁਤ ਲੱਤਾਂ ਅੜਾਈਆਂ ਕਿ ਇਸ ਬੰਦੀ ਵਿੱਚ ਨਾ ਪਵਾਂ, ਪਰ ਹੁਣ ਪਤਾ ਲਗਦਾ ਹੈ, ਬੰਦੀ ਵਾਲਾ ਜੀਵਨ ਹੀ ਬੰਦ ਖਲਾਸੀ ਦਾ ਮਾਰਗ ਹੈ। ਸ. ਗੁਰਨਾਮ ਸਿੰਘ ਜੀ ਇੰਨੀ ਲਗਨ ਨਾਲ ਪਰਮਾਰਥ ਦੇ ਮਾਰਗ ਤੇ ਚੱਲੇ ਕਿ ਉਨ੍ਹਾਂ ਦੇ ਜੀਵਨ ਵੱਲ ਵੇਖ ਕੇ ਬਹੁਤ ਸਾਰੇ ਰਿਸ਼ਤੇਦਾਰ ਤੇ ਸੱਜਣ ਮਿਤ੍ਰਾਂ ਨੇ ਵੀ ਗੁਰੂ ਚਾਲੀ ਦੇ ਮਾਰਗ ਨੂੰ ਅਪਣਾ ਕੇ ਆਪਣਾ ਜੀਵਨ ਸਕਾਰਥਾ ਕੀਤਾ।

ਉਨ੍ਹਾਂ ਦੇ ਦੋਵੇਂ ਬੱਚੇ ਸ. ਜਸਪਾਲ ਸਿੰਘ (U.K) ਸ. ਜਸਪਿੰਦਰ ਸਿੰਘ (U.S.A) ਤੇ ਬੱਚੀ ਇੰਦਰਪ੍ਰੀਤ ਕੌਰ ਲੁਧਿਆਣਾ, ਸਾਰਾ ਪ੍ਰੀਵਾਰ ਅੰਮ੍ਰਿਤਧਾਰੀ ਬਣ ਗਿਆ। ਸ. ਗੁਰਨਾਮ ਸਿੰਘ ਹੋਰਾਂ ਦਾ ਪੋਤਰਾ ਡਾ. ਦਿਲਰਾਜ ਸਿੰਘ ਜੋ ਮਾਨਚੈਸਟਰ ਹਸਪਤਾਲ (U.K) ਵਿਖੇ ਓਰਥੋਪੀਡਿਕ ਸਰਜਨ ਦੀ ਪਦਵੀ ਤੇ ਪੂਰਨ ਗੁਰਸਿੱਖੀ ਧਾਰਨ ਕਰਕੇ ਸਿੱਖੀ ਦਾ ਤੇ ਪ੍ਰੀਵਾਰ ਦਾ ਨਾਮਣਾ ਉੱਚਾ ਕਰ ਰਿਹਾ ਹੈ। ਇਸ ਸਾਰੀ ਬਰਕਤ ਸ. ਗੁਰਨਾਮ ਸਿੰਘ ਹੋਰਾਂ ਦੇ ਜੀਵਨ ਸਾਥੀ ਬੀਬੀ ਪਰਮਜੀਤ ਕੌਰ ਅਤੇ ਮਹਾਂਪੁਰਖਾਂ ਦੀ ਸੰਗਤ ਦੀ ਹੈ। ਅਜਿਹੇ ਜੀਵਨਾ ਵਿੱਚ ਬਦਲਾਉ ਆਉਣ ਤੇ ਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਅੰਦਰ, ਅੰਕਤ ਕੀਤਾ ਬਚਨ ਆਪ ਮੁਹਾਰੇ ਮੂੰਹ ਵਿੱਚੋਂ ਨਿਕਲ ਆਉਂਦਾ ਹੈ:

**ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ॥**
**ਤਿਸੁ ਲਗਿ ਮੁਕਤੁ ਭਏ ਘਣੇਰੇ॥** ਮ: ੫, ਪੰਨਾ ੧੦੧

ਕਿਸੇ ਵੀ ਅਸੂਲ ਨੂੰ ਪੁਗਾਉਣ ਲਈ ਜਿੰਦਗੀ ਵਿੱਚ ਔਖ ਜਰੂਰ ਆਉਂਦੀ ਹੈ। ਪਰ ਜੋ ਆਪਣੇ ਅਸੂਲ ਤੇ ਦ੍ਰਿੜ੍ਹ ਰਹਿੰਦਾ ਹੈ, ਪਰਮਾਤਮਾ ਉਸ ਦੇ ਸਿਦਕ ਨੂੰ ਅਵੱਸ਼ ਫਲ ਲਾਉਂਦਾ ਹੈ। ਬੀਬੀ ਪਰਮਜੀਤ ਕੌਰ ਹੋਰਾਂ ਦੇ ਜੀਵਨ ਵਿੱਚ ਵੀ ਅਜਿਹਾ ਸਮਾਂ ਆਇਆ। ਜਦੋਂ ਆਪ ਆਪਣੇ ਸਹੁਰੇ ਘਰ ਆਏ, ਆਪਣੇ ਨੇਮ ਅਨੁਸਾਰ ਨਿੱਤਨੇਮ ਕਰਨਾ ਅਰੰਭ ਕੀਤਾ। ਆਂਢ-ਗੁਆਂਢ, ਜਿਨ੍ਹਾਂ ਨੂੰ ਗੱਲਾਂ ਕਰਨ ਤੇ ਸੁਣਨ

ਦੀ ਵਾਦੀ ਪਈ ਹੋਈ ਸੀ, ਉਹ ਬੀਬੀਆਂ ਜਦੋਂ ਬੀਬੀ ਜੀ ਹੋਰਾਂ ਪਾਸ ਆਉਣ, ਆਪ ਜੀ ਜਾਂ ਤਾਂ ਗੁਟਕੇ ਤੋਂ ਨਿੱਤਨੇਮ ਕਰਦੇ ਹੁੰਦੇ ਜਾਂ ਉਨ੍ਹਾਂ ਦੀਆਂ ਗੱਲਾਂ ਵਿੱਚ ਅਕਾਰਥ ਸਮਾਂ ਗੁਆਉਣ ਤੋਂ ਬਚਣ ਲਈ ਆਪ ਨੇ ਸੁਖਮਨੀ ਸਾਹਿਬ ਦਾ ਪਾਠ ਕਰਨਾ ਅਰੰਭ ਕਰ ਦੇਣਾ। ਉਨ੍ਹਾਂ ਨੂੰ ਜਦੋਂ ਗੱਲਾਂ ਦੀ ਖੁਰਾਕ ਨਾ ਮਿਲਣੀ ਤਾਂ ਉਨ੍ਹਾਂ ਉੱਠ ਕੇ ਤੁਰ ਜਾਣਾ ਤੇ ਨਾਲ ਕਹਿਣਾ ਕਿ ਬੀਬਾ ! ਤੂੰ ਤਾਂ ਸਾਰਾ ਦਿਨ ਰੱਬ ਨੂੰ ਵਖਤ ਪਾਈ ਰੱਖਦੀ ਹੈਂ। ਕਿਸੇ ਵੇਲੇ ਤਾਂ ਰੱਬ ਨੂੰ ਅਰਾਮ ਕਰ ਲੈਣ ਦਿਆ ਕਰ। ਪਰ ਆਪ ਨੇ ਆਪਣੀ ਧੁਨ ਵਿੱਚ ਮਸਤ ਰਹਿਣਾ ਤੇ ਸਭ ਦੇ ਬੋਲ ਕਬੋਲ ਸੁਣਦਿਆਂ, ਬਾਬਾ ਕਬੀਰ ਜੀ ਦੇ ਫੁਰਮਾਨ ਅਨੁਸਾਰ:-

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥**
**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥੧੭੪॥**

ਸਲੋਕ ਕਬੀਰ ਜੀ, ਪੰਨਾ ੧੩੭੩

ਆਪਣੇ ਸੁਭਾਅ ਤੇ ਅਸੂਲ ਦਾ ਤਿਆਗ ਨਾ ਕੀਤਾ। ਸਮਾਂ ਬੀਤਦਾ ਗਿਆ। ਉਹ ਗੱਲਾਂ ਤੇ ਮਖੌਲ ਕਰਨ ਵਾਲੀਆਂ ਬੀਬੀਆਂ ਨੇ ਆਪ ਵੀ ਅੰਮ੍ਰਿਤਪਾਨ ਕਰ ਲਿਆ ਤੇ ਹੁਣ ਖੁਦ ਆਪ ਰੱਬ ਨੂੰ ਸੌਣ ਨਹੀਂ ਦਿੰਦੀਆਂ।

ਅੱਜ ਦੇ ਹਰ ਪਤੀ ਦੀ ਪਤਨੀ ਤੇ ਹਰ ਬੱਚੇ ਦੀ ਮਾਤਾ ਆਪਣੇ ਅਧਿਆਤਮਿਕ ਸੰਸਕਾਰ, ਜਿਨ੍ਹਾਂ ਸੰਸਕਾਰਾਂ ਦੁਆਰਾ ਸਚਿਆਰ ਮਨੁੱਖ ਦੀ ਘਾੜਤ ਘੜੀ ਜਾਣੀ ਹੈ, ਤੇ ਘੜੀ ਜਾਂਦੀ ਹੈ, ਇਨ੍ਹਾਂ ਅਧਿਆਤਮਿਕ ਸੰਸਕਾਰਾਂ ਨੂੰ ਆਪਣੇ ਜੀਵਨ ਵਿੱਚ ਦ੍ਰਿੜ੍ਹਤਾ ਨਾਲ ਧਾਰਨ ਕਰ ਲੈਣ, ਤਾਂ ਫਿਰ ਨਾ ਕਿਸੇ ਪ੍ਰਚਾਰਕ ਵਲ ਝਾਕਣ ਦੀ ਲੋੜ, ਨਾ ਬਹੁਤਾ ਪ੍ਰਚਾਰ ਕਰਨ ਦੀ ਲੋੜ ਹੈ ਅਤੇ ਮਨੁੱਖ ਦਾ ਅਸੂਲ ਤੇ ਜੀਵਨ ਹੀ ਖੁਦ ਪ੍ਰਚਾਰ ਹੈ।

### *ਬੀਬੀਆਂ ਪ੍ਰਤੀ ਬੇਨਤੀ*

ਅੱਜ, ਬੀਬੀਆਂ ਨੇ ਬਹੁਤਾਤ ਵਿੱਚ, ਸਤਿਗੁਰਾਂ ਦੇ ਸੁਨਹਿਰੀ ਅਸੂਲਾਂ ਵੱਲ ਪਿੱਠ ਕਰ ਕੇ, ਮਨ ਨੂੰ ਆਪਣੇ ਜੀਵਨ ਦਾ ਆਗੂ ਬਣਾ ਕੇ, ਮਨ ਆਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਜਿਸ ਕਰਕੇ ਬੱਚੇ ਵੀ ਮਾਤਾ ਪਿਤਾ ਦੇ ਜੀਵਨ ਵੱਲ ਵੇਖ ਕੇ ਨਾਸਤਿਕਤਾ ਦੀ ਦਲਦਲ ਵਿੱਚ ਫਸੇ, ਦਿਸ਼ਾਹੀਣ ਜੀਵਨ ਬਤੀਤ ਕਰ ਰਹੇ ਹਨ। ਦਿਸ਼ਾਹੀਣ ਮਨੁੱਖ ਸਹਾਰਾ ਭਾਲਦਾ ਹੈ। ਬੱਚਿਆਂ ਨੇ ਗੁਰੂ ਦਾ ਸਹਾਰਾ ਲੈਣ ਦੀ ਥਾਂ ਨਸ਼ਿਆਂ ਦੀ ਸ਼ਰਣ ਗ੍ਰਹਿਣ ਕਰ ਲਈ ਹੈ। ਜਿਸ ਕਾਰਣ, ਅੱਜ ਦੀ ਨੌਜਵਾਨੀ ਆਪ-ਮੁਹਾਰੀ ਦੇਖਾ ਦੇਖੀ, ਆਪਣੇ ਆਪ ਡੂੰਘੀ ਹਨ੍ਹੇਰੀ ਖੱਡ ਵਿੱਚ ਲਗਾਤਾਰ ਡਿਗਦੀ ਜਾ ਰਹੀ ਹੈ। ਸੁਚੇਤ ਹੋਣ ਦੀ ਲੋੜ ਹੈ, ਜੇ ਨਾ ਸੁਚੇਤ ਹੋਵਾਂਗੇ, ਸਮਾਂ ਆਏ ਤੇ ਮਾਤਾ ਪਿਤਾ ਦੇ ਪੱਲੇ ਵੀ ਨਿਰਾਸ਼ਾ ਤੇ ਪਛਤਾਵੇ ਤੋਂ ਸਿਵਾ ਕੁਝ ਵੀ ਨਹੀਂ ਪਵੇਗਾ ਅਤੇ ਆਉਣ ਵਾਲਾ ਸਮਾਂ ਅਜਿਹੇ ਮਾਤਾ ਪਿਤਾ ਨੂੰ ਕਦੇ ਵੀ ਮਾਫ ਨਹੀਂ ਕਰੇਗਾ।



# ਸੂਚੇ ਏਹਿ ਨ ਆਖੀਅਹਿ॥

ਤਕਰੀਬਨ 1973 ਅਪ੍ਰੈਲ ਦੇ ਮਹੀਨੇ ਦੀ ਗੱਲ ਹੈ। ਭਾਈ ਸਵਰਨ ਸਿੰਘ ਜੀ ਪਿੰਡ [1]ਬਹਿਰਾਮ ਸ਼ਰਿਸ਼ਤਾ ਤੋਂ ਜੋ ਪੂਰੇ ਨਿੱਤਨੇਮੀ ਤੇ ਗੁਰਮੁਖੀ ਜੀਵਨ ਦੇ ਧਾਰਨੀ ਸਨ। ਆਪ ਜੀ ਬਹੁਤਾ ਸਮਾਂ ਬਾਬਾ ਜੀ ਦੀ ਕਾਰ ਚਲਾਉਣ ਦੀ ਸੇਵਾ ਕਰਦੇ ਅਤੇ ਹਫਤੇ ਵਿੱਚ ਇੱਕ ਦੋ ਦਿਨ ਘਰ ਵੀ ਕਾਰੋਬਾਰ ਦੀ ਦੇਖ ਰੇਖ ਕਰਨ ਚਲੇ ਜਾਂਦੇ। ਆਪ ਜੀ ਆਪਣੇ ਨਗਰ ਬਹਿਰਾਮ ਸ਼ਰਿਸ਼ਤਾ ਗਏ ਹੋਏ ਸਨ। ਇਨ੍ਹਾਂ ਦੀ ਰਿਹਾਇਸ਼ ਪ੍ਰਵਾਰ ਸਮੇਤ ਆਪਣੀ ਜ਼ਮੀਨ ਵਿੱਚ ਬਣੇ ਡੇਰੇ ਉੱਪਰ ਹੀ ਪੱਕੀ ਸੀ।

ਗਰਮੀ ਦੇ ਦਿਨ ਸਨ। ਆਪ ਜੀ ਤੂੱਤਾਂ ਦੇ ਦਰੱਖਤ ਦੀ ਛਾਂਵੇ ਬੈਠੇ ਮੂਲ ਮੰਤ੍ਰ ਦੀਆਂ ਮਾਲਾ ਕਰ ਰਹੇ ਸਨ। ਭਾਈ ਅਮਰ ਸਿੰਘ ਜੀ [2]ਆਲੋਵਾਲ ਤੋਂ, ਜੋ ਨੀਲੇ ਬਾਣੇ ਵਿੱਚ ਰਹਿੰਦੇ ਸਨ ਤੇ ਸਰਬ ਲੋਹ ਦਾ ਪਹਿਰਾ ਰੱਖਦੇ ਸਨ, ਭਾਈ ਸਵਰਨ ਸਿੰਘ ਜੀ ਨੂੰ ਮਿਲਣ ਵਾਸਤੇ ਆਏ। ਆਪ ਜੀ ਨੇ ਉੱਠ ਕੇ ਉਨ੍ਹਾਂ ਦੀ ਆਓ ਭਗਤ ਕੀਤੀ ਤੇ ਇੱਕ ਹੋਰ ਮੰਜਾ ਲਿਆ ਕੇ ਛਾਵੇਂ ਡਾਹ ਦਿੱਤਾ ਅਤੇ ਸਤਿਕਾਰ ਕਰਨ ਲਈ ਮੰਜੇ ਉੱਪਰ ਦਰੀ ਵਿੱਛਾ ਕੇ ਬੜੇ ਪਿਆਰ ਨਾਲ ਆਦਰ ਕੀਤਾ। ਸੁਖ-ਸਾਂਦ ਪੁੱਛਣ ਉਪ੍ਰੰਤ ਭਾ: ਸਵਰਨ ਸਿੰਘ ਜੀ ਨੇ ਭਾਈ ਅਮਰ ਸਿੰਘ ਜੀ ਨੂੰ ਪੁੱਛਿਆ ਕਿ ਭਾਈ ਸਾਹਿਬ ! ਗਰਮੀ ਦੇ ਦਿਨ ਹਨ। ਤੁਸੀਂ ਛੇ-ਸੱਤ ਮੀਲ ਤੋਂ ਗਰਮੀ ਵਿੱਚ ਸਾਈਕਲ ਚਲਾ ਕੇ ਆਏ ਹੋ, ਭਾਵੇਂ ਮੈਨੂੰ ਪਤਾ ਹੈ ਕਿ ਤੁਸੀਂ ਸਾਡੇ ਹੱਥ ਦਾ ਬਣਿਆ ਪ੍ਰਸ਼ਾਦਾ ਤਾਂ ਨਹੀਂ ਛਕਣਾ ਪਰ ਮੈਂ ਤੁਹਾਨੂੰ ਅੱਜ ਸੁੱਚੇ ਮੂੰਹ ਵੀ ਨਹੀਂ ਜਾਣ ਦੇਣਾ। ਜੋ ਤੁਸੀਂ ਆਖੋ, ਆਪਾਂ ਤਿਆਰ ਕਰ ਲੈਂਦੇ ਹਾਂ। ਭਾਈ ਸਵਰਨ ਸਿੰਘ ਹੋਰਾਂ ਦਾ ਪਿਆਰ ਤੇ ਦ੍ਰਿੜ੍ਹਤਾ ਵੇਖ ਕੇ ਭਾਈ ਅਮਰ ਸਿੰਘ ਜੀ ਕਹਿਣ ਲੱਗੇ ਕਿ ਚਲੋ ! ਆਪਾਂ ਸਮੁੰਦਰ ਛੱਕ ਲਵਾਂਗੇ।

### *ਬੀਬੀ ਜੀ ਨੇ ਸਿਰ ਤੇ ਕੇਸਕੀ ਨਹੀਂ ਸਜਾਈ ਸੀ*

ਭਾਈ ਸਵਰਨ ਸਿੰਘ ਹੋਰਾਂ ਨੇ ਆਪਣੇ ਘਰੋਂ ਬੀਬੀ ਮੁਹਿੰਦਰ ਕੌਰ ਨੂੰ ਮੱਝ ਦਾ ਤਾਜ਼ਾ ਦੁੱਧ ਚੋਣ ਲਈ ਅਵਾਜ਼ ਮਾਰੀ। ਬੀਬੀ ਜੀ, ਪਿੱਤਲ ਦੀ ਬਾਲਟੀ ਜਿਸ ਵਿੱਚ ਹਰ ਰੋਜ਼ ਮੱਝਾਂ ਦੀ ਚੁਆਈ ਕਰਦੇ ਸਨ, ਲੈ ਕੇ ਮੱਝ ਚੋਣ ਲਈ ਕਮਰੇ ਚੋਂ ਬਾਹਰ

1. ਭੋਗ ਪੁਰ ਸਿਰਵਾਲ ਤੋਂ ਚੜ੍ਹਦੇ ਪਾਸੇ ਜੋ ਸੜਕ ਭੋਗਪੁਰ ਤੋਂ ਬੁਲੋਵਾਲ ਨੂੰ ਜਾਂਦੀ ਹੈ। ਉਸ ਉੱਪਰ ਢਾਈ ਕਿਲੋਮੀਟਰ ਤੇ ਸਥਿੱਤ ਹੈ।
2. ਟਾਂਡੇ ਤੋਂ ਹੁਸ਼ਿਆਰਪੁਰ ਜਾਣ ਵਾਲੀ ਸੜਕ ਉੱਪਰ ਕਸਬਾ ਬੁਲੋਵਾਲ ਦੇ ਨਾਲ ਹੀ ਆਲੋਵਾਲ ਨਗਰ ਹੈ।

ਆਏ। ਬੀਬੀ ਜੀ ਪੂਰਨ ਅੰਮ੍ਰਿਤਧਾਰੀ ਤੇ ਨਿੱਤਨੇਮੀ ਸਨ, ਪਰ ਉਨ੍ਹਾਂ ਨੇ ਸਿਰ ਉੱਪਰ ਕੇਸਕੀ ਨਹੀਂ ਸਜਾਈ ਹੋਈ ਸੀ। ਭਾਈ ਅਮਰ ਸਿੰਘ ਹੋਰਾਂ ਨੇ ਬੀਬੀ ਜੀ ਵਲ ਵੇਖ ਕੇ ਸਿਰ ਹਿਲਾ ਦਿੱਤਾ ਤੇ ਭਾਈ ਸਵਰਨ ਸਿੰਘ ਜੀ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਭਾਈ ਸਾਹਿਬ ! ਭੈਣ ਜੀ ਨੇ ਕੇਸਕੀ ਨਹੀਂ ਸਜਾਈ ਹੋਈ, ਇਸ ਕਰਕੇ ਤੁਸੀਂ ਆਪ ਦੁੱਧ ਚੋ ਲਵੋ। ਦੂਸਰੇ, ਦੁੱਧ ਸਰਬ ਲੋਹ ਦੀ ਬਾਲਟੀ ਵਿੱਚ ਚੋਵੋ, ਕਿਉਂਕਿ ਮੈਂ ਸਰਬ-ਲੋਹ ਦਾ ਪਹਿਰਾ ਧਾਰਨ ਕੀਤਾ ਹੋਇਆ ਹੈ।

ਭਾਈ ਸਵਰਨ ਸਿੰਘ ਜੀ ਨੇ ਬੀਬੀ ਮੁਹਿੰਦਰ ਕੌਰ ਜੀ ਨੂੰ ਦੁੱਧ ਚੋਣ ਤੋਂ ਵਰਜ਼ ਦਿੱਤਾ ਤੇ ਆਪ ਲੋਹੇ ਦੀ ਬਾਲਟੀ ਘਰ ਵਿੱਚੋਂ ਭਾਲਣ ਲੱਗ ਪਏ। ਪੰਜ ਕੁ ਮਿੰਟਾਂ ਬਾਅਦ ਭਾਈ ਸਵਰਨ ਸਿੰਘ ਜੀ, ਵੀਹ ਕੁ ਕਿੱਲੋ ਦੀ ਲੋਹੇ ਦੀ ਬਾਲਟੀ ਗੁਸਲਖਾਨੇ ਵਿੱਚੋਂ, ਜੋ ਇਸ਼ਨਾਨ ਕਰਨ ਲਈ ਵਰਤਦੇ ਸਨ, ਉਹ ਚੁੱਕ ਲਿਆਏ ਤੇ ਭਾਈ ਅਮਰ ਸਿੰਘ ਜੀ ਨੂੰ ਕਹਿਣ ਲੱਗੇ, ਭਾਈ ਅਮਰ ਸਿੰਘ ਜੀ ! ਸਾਡੇ ਘਰ ਵਿੱਚ ਤਾਂ ਇਹ ਹੀ ਲੋਹੇ ਦੀ ਬਾਲਟੀ ਹੈ। ਇਸ ਨਾਲ ਅਸੀਂ ਇਸ਼ਨਾਨ ਪਾਣੀ ਕਰੀਦਾ ਹੈ। ਜੇ ਆਖੋ ਤਾਂ ਇਸ ਵਿੱਚ ਆਪਾਂ ਦੁੱਧ ਚੋ ਲੈਂਦੇ ਹਾਂ। ਭਾਈ ਅਮਰ ਸਿੰਘ ਜੀ ਕਹਿਣ ਲੱਗੇ, ਤੁਸੀਂ ਇਹ ਬਾਲਟੀ ਮੈਨੂੰ ਦੇ ਦੇਵੋ, ਮੈਂ ਇਸ ਨੂੰ ਮਿੱਟੀ ਨਾਲ ਚੰਗੀ ਤਰ੍ਹਾਂ ਸੋਧਾ ਲਾਉਂਦਾ ਹਾਂ ਤੇ ਤੁਸੀਂ ਕੋਈ ਲੋਹੇ ਦਾ ਹੋਰ ਬਰਤਨ ਲੱਭੋ ਜਿਸ ਵਿੱਚ ਦੁੱਧ ਗਰਮ ਕੀਤਾ ਜਾ ਸਕੇ।

ਭਾਈ ਸਵਰਨ ਸਿੰਘ ਨੇ ਕਿਹਾ ਤਾਂ ਕੁਝ ਨਾ, ਥੋੜ੍ਹੀ ਦੇਰ ਬਾਅਦ ਇੱਕ [1]ਤਸਲਾ ਲੋਹੇ ਦਾ ਲੈ ਆਏ ਤੇ ਕਹਿਣ ਲੱਗੇ, ਅਮਰ ਸਿੰਘਾਂ ! ਤੂੰ ਮੈਨੂੰ ਚੰਗੇ ਪੱਮਣੇ ਪੜ੍ਹਾਉਣ ਲਗਾ ਹੋਇਆ ਹੈਂ। ਹੁਣ ਦੱਸ ! ਇਸ ਨੂੰ ਕੀ ਕਰਨਾ ਹੈ? ਅਮਰ ਸਿੰਘ ਜੀ ਕਹਿਣ ਲੱਗੇ ਜਿਵੇਂ ਮੈਂ ਬਾਲਟੀ ਨੂੰ ਮਿੱਟੀ ਨਾਲ ਪਾਣੀ ਪਾ ਕੇ ਸੋਧਾ ਲਾਉਂਦਾ ਹਾਂ, ਤੁਸੀਂ ਇਸ ਤਸਲੇ ਦੀ ਸੁਧਾਈ ਕਰੋ। ਭਾਈ ਸਵਰਨ ਸਿੰਘ ਜੀ ਵੀ ਭਰੇ-ਪੀਤੇ ਮਨ ਨਾਲ ਤਸਲੇ ਉੱਪਰ ਪਾਣੀ ਪਾ ਕੇ ਸਲਵਾੜ ਦੀ ਕੂਚੀ ਨਾਲ ਤਸਲੇ ਨੂੰ ਮਾਂਜਣ ਲੱਗ ਪਏ। ਪੰਜ-ਸੱਤ ਮਿੰਟਾਂ ਵਿੱਚ ਅਮਰ ਸਿੰਘ ਜੀ ਨੇ ਬਾਲਟੀ ਨੂੰ ਤੇ ਭਾਈ ਸਵਰਨ ਸਿੰਘ ਹੋਰਾਂ ਨੇ ਤਸਲੇ ਨੂੰ ਧੋ-ਮਾਂਜ ਕੇ ਸਾਫ ਕਰ ਲਿਆ।

### *ਮੱਝ ਚੋਣ ਦੀ ਤਿਆਰੀ*

ਭਾਈ ਸਵਰਨ ਸਿੰਘ ਜੀ, ਅਮਰ ਸਿੰਘ ਜੀ ਨੂੰ ਕਹਿਣ ਲੱਗੇ, ਦੱਸ ਭਰਾ ! ਹੁਣ ਮੈਂ ਮੱਝ ਹੇਠ ਕੱਟਾ ਛੱਡਾਂ? ਅਮਰ ਸਿੰਘ ਨੇ ਉੱਤਰ ਦਿੱਤਾ, ਸਵਰਨ ਸਿੰਘਾ ! ਇਸ ਤਰ੍ਹਾਂ ਤਾਂ ਸਾਰਾ ਕੰਮ ਖਰਾਬ ਹੋ ਜਾਵੇਗਾ, ਕੱਟੇ ਦਾ ਚੁੰਘਿਆ ਹੋਇਆ ਜੂਠਾ ਦੁੱਧ ਮੈਂ ਨਹੀਂ ਪੀਣਾ। ਭਾਈ ਸਵਰਨ ਸਿੰਘ ਜੀ ਕਹਿਣ ਲੱਗੇ ਕਿ ਫਿਰ ਮੱਝ ਕਿਵੇਂ

*1.* ਲੁਹਾਂਡਾ ਜੋ ਮਿੱਟੀ ਢੋਣ ਜਾਂ ਪਸ਼ੂਆਂ ਨੂੰ ਵੰਡ ਆਦਿ ਪਾਉਣ ਦੇ ਕੰਮ ਆਉਂਦਾ।



ਪਸਮੇਗੀ? ਅਮਰ ਸਿੰਘ ਕਹਿਣ ਲੱਗਾ ਕਿ ਤੂੰ ਸੁੱਕਾ ਆਟਾ ਲਿਆ, ਮੈਂ ਮੱਝ ਦੇ ਅੱਗੇ ਜੋ ਪੱਠੇ ਪਏ ਹਨ, ਉਨ੍ਹਾਂ ਉੱਪਰ [1]ਬਰੂਰੀ ਜਾਵਾਂਗਾ, ਤੁਸੀਂ ਮੱਝ ਦੇ ਥਣਾਂ ਨੂੰ ਪਾਣੀ ਨਾਲ ਧੋ ਕੇ ਮੱਝ ਨੂੰ [2]ਪਸਮਾ ਲਇਓ। ਸਵਰਨ ਸਿੰਘ ਹੋਰਾਂ ਨੂੰ ਪਤਾ ਸੀ ਕਿ ਮੱਝ ਕੌੜ ਹੈ। ਉਨ੍ਹਾਂ ਨੇ ਮੱਝ ਦੀਆਂ ਪਿਛਲੀਆਂ ਲੱਤਾਂ ਨੂੰ [3]ਨਿਆਣਾ ਪਾ ਲਿਆ ਤਾਂ ਜੋ ਮੱਝ ਲੱਤ ਨਾ ਮਾਰੇ। ਉੱਧਰ ਅਮਰ ਸਿੰਘ ਹੋਰਾਂ ਨੇ ਕਣਕ ਦੇ ਆਟੇ ਦਾ ਥਾਲ ਜੋ ਸਵਰਨ ਸਿੰਘ ਹੋਰਾਂ ਨੇ ਮੱਝ ਅੱਗੇ ਪਾਉਣ ਲਈ ਲਿਆ ਕੇ ਦਿੱਤਾ ਸੀ, ਫੜ ਲਿਆ ਤੇ ਦੋਵਾਂ ਨੇ ਮੱਝ ਚੋਣ ਦੀ ਤਿਆਰੀ ਕੀਤੀ।

ਭਾਈ ਸਵਰਨ ਸਿੰਘ ਹੋਰੀਂ ਮੱਝ ਨੂੰ ਥਾਪੀ ਦੇ ਕੇ ਮੱਝ ਹੇਠ ਬਾਲਟੀ ਰੱਖ ਕੇ ਦੁੱਧ ਚੋਣ ਲਈ ਬੈਠ ਗਏ। ਉੱਧਰ ਭਾਈ ਅਮਰ ਸਿੰਘ ਹੋਰੀਂ ਵੀ ਨੀਲੇ ਬਾਣੇ ਸਮੇਤ ਮੱਝ ਦੀ ਖੁਰਲੀ ਉੱਪਰ ਆਟਾ ਪਾਉਣ ਲਈ ਬੈਠ ਗਏ। ਭਾਈ ਅਮਰ ਸਿੰਘ ਨੇ ਮੱਝ ਦੇ ਅੱਗੇ ਜੋ ਪੱਠੇ ਪਏ ਸਨ, ਉਨ੍ਹਾਂ ਉੱਪਰ ਅਜੇ ਪਹਿਲੀ ਮੁੱਠ ਭਰ ਕੇ ਆਟਾ ਬਰੂਰਿਆ ਹੀ ਸੀ। ਮੱਝ ਨੇ ਭਾਈ ਅਮਰ ਸਿੰਘ ਹੋਰਾਂ ਨੂੰ ਓਪਰਾ ਜਾਣ ਕੇ 'ਤੇ ਰੋਜ਼ ਦੀ ਤਰ੍ਹਾਂ ਕੱਟਾ ਨਾ ਛੱਡਣ ਤੇ ਪਿਛਲੀਆਂ ਲੱਤਾਂ ਵਿੱਚ ਨਿਆਣਾ ਪਾਉਣ ਨਾਲ ਪਰਤੀਤ ਕੀਤਾ ਕਿ ਇਹ ਪਤਾ ਨਹੀਂ, ਮੈਨੂੰ ਇਸ ਤਰ੍ਹਾਂ ਕਰਕੇ ਕੀ ਕਰਨ ਲੱਗੇ ਹਨ? ਮੱਝ ਨੇ ਫੁੰਕਾਰ ਮਾਰ ਕੇ ਛਾਲ ਮਾਰੀ ਤੇ ਅੱਗੇ ਬੈਠੇ ਭਾਈ ਅਮਰ ਸਿੰਘ ਨੂੰ ਖੁਰਲੀ ਤੋਂ ਹੇਠਾਂ ਸੁੱਟ ਦਿੱਤਾ। ਅਮਰ ਸਿੰਘ ਖੁਰਲੀ ਤੋਂ ਹੇਠਾਂ ਡਿਗ ਪਿਆ ਤੇ ਸੁੱਕੇ ਆਟੇ ਦਾ ਥਾਲ ਉੱਪਰ ਡਿਗਣ ਨਾਲ ਮੂੰਹ ਸਿਰ ਕੱਪੜੇ ਇਸ ਤਰ੍ਹਾਂ ਹੋ ਗਏ, ਜਿਸ ਤਰ੍ਹਾਂ ਕਿਸੇ ਨੇ ਸਰੀਰ ਉੱਪਰ ਪਾਉਡਰ ਭੁੱਕਿਆ ਹੋਵੇ। ਭਾਈ ਸਵਰਨ ਸਿੰਘ ਹੋਰਾਂ ਦੇ ਵੀ ਮੱਝ ਦੀ ਲੱਤ ਲੱਗੀ ਤੇ ਉਹ ਵੀ ਪਰ੍ਹੇ ਡਿਗ ਪਏ ਪਰ ਪੱਗ ਲੱਥਣੋਂ ਬਚ ਗਈ। ਇੱਧਰ ਮੱਝ ਨੇ ਆਪਣੀਆਂ ਪਿਛਲੀਆਂ ਲੱਤਾਂ ਬੱਝੀਆਂ ਦੇਖ ਕੇ ਹੋਰ ਟੱਪਣਾ ਤੇ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ। ਦੋਹਾਂ ਨੇ ਆਪਣੇ ਮੂੰਹ ਸਿਰ ਝਾੜੇ ਤੇ ਇੱਕ ਦੂਜੇ ਨੂੰ ਕੋਸਣ ਲੱਗੇ।

ਭਾਈ ਸਵਰਨ ਸਿੰਘ ਜੀ ਕਹਿਣ ਲੱਗੇ, ਅਮਰ ਸਿਹਾਂ ! ਮੈਂ ਤੈਨੂੰ ਦੁੱਧ ਪਿਲਾਂਦੇ-ਪਿਲਾਂਦੇ ਅੱਜ ਲੱਤ ਤੁੜਾ ਬੈਠਣਾ ਸੀ। ਪਤਾ ਨਹੀਂ, ਕਿਹੜੇ ਚੰਗੇ ਕਰਮ ਕਾਰਣ ਬਚਾ ਹੋ ਗਿਆ। ਉੱਧਰ ਅਮਰ ਸਿੰਘ ਕਹਿਣ ਲੱਗਾ, ਸਵਰਨ ਸਿੰਘਾ ! ਤੂੰ ਚੰਗਾ ਕੀਤਾ ਮੱਝ ਨੂੰ ਨਿਆਣਾ ਪਾ ਲਿਆ ਸੀ, ਨਹੀਂ ਤਾਂ ਭੂਸਰੀ ਮੱਝ ਨੇ ਦੁੱਧ ਪੀਣ ਤੋਂ ਪਹਿਲਾਂ ਹੀ ਮੇਰਾ [4]ਘੋਗਾ ਚਿੱਤ ਕਰ ਦੇਣਾ ਸੀ। ਲੱਖ-ਲੱਖ ਸ਼ੁਕਰ ਪ੍ਰਮਾਤਮਾ ਦਾ ਕਿ ਆਪਾਂ ਦੋਵੇਂ ਬੱਚ ਗਏ ਤੇ ਨਾਲ ਹੀ ਕਹਿਣ ਲੱਗਾ, ਮੈਂ ਹੁਣ ਦੁੱਧ ਨਹੀਂ ਛੱਕਣਾ

1. ਥੋੜ੍ਹਾ-ਥੋੜ੍ਹਾ ਆਟਾ ਪਾਉਣਾ
2. ਜਦੋਂ ਮੱਝ ਦੇ ਥਣਾ ਵਿੱਚ ਦੁੱਧ ਆ ਜਾਂਦਾ ਹੈ।
3. ਰੱਸੀ ਨਾਲ ਲੱਤਾਂ ਨੂੰ ਬੰਨਣ ਨੂੰ ਨਿਆਣਾ ਪਾਉਣਾ ਕਹੀਦਾ ਹੈ।
4. ਮਾਰ ਦੇਣਾ।

ਮੇਰੇ ਸਾਰੇ ਕੱਪੜੇ ਆਟੇ ਤੇ ਗੋਹੇ ਨਾਲ ਖਰਾਬ ਹੋ ਗਏ ਹਨ।

ਭਾਈ ਸਵਰਨ ਸਿੰਘ ਜੀ ਕਹਿਣ ਲੱਗੇ ਕਿ ਅੱਜ ਤਾਂ ਮੈਂ ਤੁਹਾਨੂੰ ਦੁੱਧ ਜਰੂਰ ਪਿਲਾ ਕੇ ਭੇਜਾਂਗਾ, ਭਾਵੇਂ ਮੈਨੂੰ ਇਸ ਦੀ ਕੋਈ ਵੀ ਕੀਮਤ ਕਿਉਂ ਨਾ ਤਾਰਨੀ ਪਵੇ? ਟਿਊਵੈਲ ਚਲਦਾ ਹੈ, ਤੁਸੀਂ ਆਪਣੇ ਕੱਪੜੇ ਸਾਫ ਕਰੋ ਤੇ ਇਸ਼ਨਾਨ ਕਰੋ ਅਤੇ ਨਾਲ ਦੱਸ ਦਿਉ ਕਿ ਜੇ ਮੁਹਿੰਦਰ ਕੌਰ ਮੱਝ ਨੂੰ ਆਟਾ ਪਾ ਦੇਵੇ, ਇਸ ਤਰ੍ਹਾਂ ਕਰਨ ਨਾਲ ਮੱਝ ਦਾ ਦੁੱਧ ਖਰਾਬ ਤਾਂ ਨਹੀਂ ਹੋ ਜਾਵੇਗਾ? ਅਮਰ ਸਿੰਘ ਕਹਿਣ ਲੱਗਾ, ਭਾਈ ਸਾਹਿਬ ! ਤੁਸੀਂ ਮੈਨੂੰ ਮਖੌਲ ਕਰਦੇ ਹੋ? ਭਾਈ ਸਵਰਨ ਸਿੰਘ ਕਹਿਣ ਲੱਗੇ, ਮੈਂ ਮਖੌਲ ਨਹੀਂ ਕਰਦਾ, ਮੈਂ ਇਸ ਗੱਲੋਂ ਡਰਦਾ ਹਾਂ ਕਿ ਬਿਨਾਂ ਕੇਸਕੀ ਬੰਨੇ ਤੋਂ ਆਟਾ ਮੱਝ ਅੱਗੇ ਪਾਉਣ ਨਾਲ ਕਿਤੇ ਤੁਹਾਡਾ ਅਸੂਲ ਭੰਗ ਨਾ ਹੋ ਜਾਵੇ। ਅਮਰ ਸਿੰਘ ਨੇ ਹਾਂ ਕਰ ਦਿੱਤੀ ਕਿ ਠੀਕ ਹੈ, ਬੀਬੀ ਹੋਰੀਂ ਆਟਾ ਪਾਈ ਜਾਣ, ਤੁਸੀਂ ਦੁੱਧ ਚੋ ਲਵੋ, ਮੈਂ ਇਸ਼ਨਾਨ ਕਰ ਲਵਾਂ। ਭਾਈ ਸਵਰਨ ਸਿੰਘ ਜੀ ਤੇ ਬੀ. ਮੁਹਿੰਦਰ ਕੌਰ ਨੇ ਮੱਝ ਦਾ ਦੁੱਧ ਚੋਇਆ, ਇੰਨੇ ਸਮੇਂ ਵਿੱਚ ਭਾਈ ਅਮਰ ਸਿੰਘ ਹੋਰੀਂ ਵੀ ਇਸ਼ਨਾਨ ਕਰਕੇ ਕੱਪੜੇ ਸੁੱਕਣੇ ਪਾ ਕੇ ਆਪਣੇ ਉੱਪਰ ਚਾਦਰ ਓਢ ਕੇ ਮੰਜੇ ਉੱਪਰ ਬੈਠ ਗਏ। ਗਰਮੀ ਦੇ ਦਿਨ ਸਨ, ਬਸਤਰ ਛੇਤੀ ਸੁੱਕ ਗਏ।

### *ਦੁੱਧ ਉਬਾਲਣ ਦੀ ਤਿਆਰੀ*

ਫਿਰ ਦੋਵਾਂ ਨੇ ਚੁਲ੍ਹੇ ਵਿੱਚ ਅੱਗ ਬਾਲੀ, ਚੁਲ੍ਹੇ ਉੱਪਰ ਲੋਹੇ ਦਾ ਤਸਲਾ ਰੱਖ ਕੇ ਚੋਇਆ ਹੋਇਆ ਦੁੱਧ ਉਬਾਲਿਆ। ਭਾਈ ਸਵਰਨ ਸਿੰਘ ਜੀ ਨੇ ਅੰਦਰੋਂ ਗਿਲਾਸ ਵਿੱਚ ਖੰਡ ਲਿਆਂਦੀ ਤੇ ਨਾਲ ਹੀ ਮਜ਼ਾਕੀਆ ਲਹਿਜੇ ਵਿੱਚ ਕਹਿਣ ਲੱਗੇ, ਅਮਰ ਸਿੰਘ ਜੀ ! ਇਹ ਖੰਡ ਮੈਂ ਜੋ ਲਿਆਂਦੀ ਹੈ, ਇਸ ਖੰਡ ਦਾ ਪਤਾ ਨਹੀਂ ਕਿ ਕਿਸੇ ਅੰਮ੍ਰਿਤਧਾਰੀ ਨੇ ਬਣਾਈ ਹੈ ਜਾਂ ਕਿਸੇ ਸਿਰ ਮੁੰਨੇ ਨੇ ਬਣਾਈ ਹੈ। ਇੰਨਾਂ ਮੈਨੂੰ ਜਰੂਰ ਪਤਾ ਹੈ ਕਿ ਜਿਸ ਬਾਣੀਏ ਪਾਸੋਂ ਅਸੀਂ ਘਰ ਦਾ ਸੌਦਾ ਲਿਆਉਂਦੇ ਹਾਂ, ਉਹ ਅੰਮ੍ਰਿਤਧਾਰੀ ਨਹੀਂ, ਉਹ ਸਿਰੋ ਮੋਨਾ ਤੇ ਖੱਤਰੀ ਹੈ। ਜੇ ਤੁਸੀਂ ਦੁੱਧ ਫਿੱਕਾ ਪੀਣਾ ਹੈ, ਤਦ ਵੀ ਦੱਸ ਦਿਉ, ਜੇ ਵਿੱਚ ਖੰਡ ਪਾਉਣੀ ਹੈ, ਤਦ ਵੀ ਦੱਸ ਦਿਉ, ਕਿਉਂਕਿ ਇੰਨੀ ਮਿਹਨਤ ਕੀਤੀ ਐਵੇਂ ਨਾ ਚਲੀ ਜਾਵੇ। ਅਮਰ ਸਿੰਘ ਜੀ ਨੇ, ਦੁੱਧ ਵਿੱਚ ਖੰਡ ਪਾਉਣ ਲਈ ਹਾਂ ਕਰ ਦਿੱਤੀ ਤੇ ਨਾਲ ਹੀ ਅਮਰ ਸਿੰਘ ਨੇ ਜੋ ਆਪਣੇ ਪਾਸ ਜਲ-ਪਾਣੀ ਛਕਣ ਲਈ ਬਾਟਾ ਰੱਖਿਆ ਹੋਇਆ ਸੀ, ਉਸ ਨੂੰ ਆਪਣੇ ਝੋਲੇ ਵਿਚੋਂ ਕੱਢ ਕੇ ਧੋਤਾ ਤੇ ਤਸਲੇ ਵਿੱਚ ਉਬਲ ਰਹੇ ਦੁੱਧ ਵਿੱਚ ਫੇਰ ਕੇ ਖੰਡ ਰਲਾਈ। ਭਾਈ ਅਮਰ ਸਿੰਘ ਜੀ ਨੇ ਲੱਕ ਨਾਲੋਂ ਕਮਰਕਸਾ ਖੋਲ੍ਹਿਆ ਤੇ ਗਰਮ ਤਸਲੇ ਨੂੰ ਕਮਰਕਸੇ ਨਾਲ ਚੁੱਕ ਕੇ ਛਾਵੇਂ ਡਿਠੇ ਮੰਜੇ ਉੱਪਰ ਲੈ ਗਏ। ਭਾਈ ਸਵਰਨ ਸਿੰਘ ਜੀ ਨੇ ਦੁੱਧ ਗਲਾਸ ਵਿੱਚ ਪਵਾ ਲਿਆ। ਬਾਕੀ ਦੁੱਧ ਭਾਈ ਅਮਰ ਸਿੰਘ ਜੀ ਨੇ ਬਾਟੇ ਵਿੱਚ ਪਾ ਕੇ ਛਕਣਾ ਸ਼ੁਰੂ ਕਰ ਦਿੱਤਾ। ਭਾਈ ਸਵਰਨ ਸਿੰਘ ਜੀ, ਦੂਸਰੇ ਮੰਜੇ ਉੱਪਰ ਬੈਠ



ਕੇ ਦੁੱਧ ਪੀਣ ਲੱਗ ਪਏ। ਭਾਈ ਅਮਰ ਸਿੰਘ ਨੇ ਆਪਣੇ ਕੋਲ ਬੈਠਣ ਲਈ ਉਨ੍ਹਾਂ ਨੂੰ ਕਿਹਾ। ਸਵਰਨ ਸਿੰਘ ਹੋਰੀਂ ਕਹਿਣ ਲੱਗੇ, ਮਸਾਂ ਤੇ ਮੱਝ ਦੀਆਂ ਲੱਤਾਂ-ਛੜਾਂ ਖਾ ਕੇ ਲੁਹਾਂਡੇ ਵਿੱਚ ਉਬਾਲ ਕੇ ਦੁੱਧ ਪੀਣ ਦੇ ਯੋਗ ਬਣਿਆ ਹੈ, ਮਤਾਂ ਤੁਹਾਡੇ ਮੰਜੇ ਉੱਪਰ ਬਹਿ ਕੇ ਮੇਰੇ ਦੁੱਧ ਪੀਣ ਨਾਲ ਤੁਹਾਡਾ ਦੁੱਧ ਵੀ ਕਿਤੇ ਖਰਾਬ ਨਾ ਹੋ ਜਾਵੇ। ਜਿੰਨਾ ਚਿਰ, ਇਹ ਸਮੁੰਦਰ ਤੁਹਾਡੇ ਅੰਦਰ ਨਹੀਂ ਜਾਂਦਾ ਉਨ੍ਹਾਂ ਚਿਰ ਮੈਂ ਤੁਹਾਥੋਂ ਦੂਰ ਹੀ ਰਹਿਣਾ ਹੈ। ਇਸ ਤਰ੍ਹਾਂ ਦੋਹਾਂ ਨੇ ਹਾਸ-ਬਿਲਾਸ ਕਰਦੇ ਦੁੱਧ ਛਕਿਆ। ਥੋੜ੍ਹੀ ਦੇਰ ਹੋਰ ਆਪਸੀ ਬਚਨ-ਬਿਲਾਸ ਸਾਂਝੇ ਕਰਕੇ, ਭਾਈ ਅਮਰ ਸਿੰਘ ਜੀ ਵਿਦਾ ਹੋਏ।

### *ਭਾਈ ਸਵਰਨ ਸਿੰਘ ਬਾਬਾ ਜੀ ਪਾਸ ਗਏ*

ਦੋ ਦਿਨਾਂ ਬਾਅਦ ਭਾਈ ਸਵਰਨ ਸਿੰਘ ਜੀ, ਜਦੋਂ ਬਾਬਾ ਜੀ ਪਾਸ ਆਏ ਤੇ ਉੱਪਰ ਲਿਖੀ ਸਾਰੀ ਗੱਲ ਬਾਤ ਬਾਬਾ ਜੀ ਨੂੰ ਬੜੀ ਗੰਭੀਰਤਾ ਨਾਲ ਸੁਣਾਈ ਤੇ ਨਾਲੇ ਜਿਸ ਲੱਤ ਉੱਪਰ ਮੱਝ ਨੇ ਛੜ ਮਾਰੀ ਸੀ ਉਹ ਥਾਂ ਵੀ ਵਿਖਾਇਆ ਤੇ ਨਾਲ ਹੀ ਬਾਬਾ ਜੀ ਅੱਗੇ ਸਵਾਲ ਰੱਖ ਦਿੱਤਾ ਕਿ ਬਾਬਾ ਜੀ ! ਆਪ ਦੱਸੋ, ਕੀ ਇਸ ਤਰ੍ਹਾਂ ਕਰਨਾ ਠੀਕ ਹੈ? ਜੇ ਠੀਕ ਹੈ ਤਾਂ ਫਿਰ ਸਾਡਾ ਕੀ ਬਣੇਗਾ ਕਿਉਂਕਿ ਅਸੀਂ ਨਾ ਤਾਂ ਇੰਨਾ ਪ੍ਰਹੇਜ਼ ਰਖਦੇ ਹਾਂ ਤੇ ਨਾ ਹੀ ਰੱਖ ਸਕਦੇ ਹਾਂ?

ਬਾਬਾ ਜੀ ਨੇ ਸਾਰੀ ਵਾਰਤਾ ਬੜੇ ਸਹਿਜ ਧੀਰਜ ਨਾਲ ਸੁਣੀ ਤੇ ਬਹੁਤ ਹੀ ਸੰਖੇਪ ਸ਼ਬਦਾਂ ਵਿੱਚ ਨਿਰੁੱਤਰ ਕਰਨ ਵਾਲਾ ਉੱਤਰ ਦਿੱਤਾ। ਆਪ ਜੀ ਕਹਿਣ ਲੱਗੇ, ਸਵਰਨ ਸਿੰਘ ਜੀ ! ਠੀਕ ਹੈ, ਜਿੰਨਾ ਕੋਈ ਨਿਯਮ ਪੁਗਾ ਸਕਦਾ ਹੈ, ਉਹ ਧੰਨਤਾ ਦੇ ਯੋਗ ਹੈ। ਆਪਾਂ ਉਸ ਉੱਪਰ ਕਿੰਤੂ-ਪ੍ਰੰਤੂ ਕਰਨ ਦਾ ਕੋਈ ਹੱਕ ਨਹੀਂ ਰੱਖਦੇ, ਕਿਉਂਕਿ ਜਿੱਥੇ ਕੋਈ ਲੱਗਾ ਹੈ, ਉਹ ਆਪਣੀ ਧੁਨ ਵਿੱਚ ਮਸਤ ਹੈ, ਉਸ ਨੂੰ ਕਰਨ ਦਿਉ। ਦੂਸਰੇ, ਗੁਰਮਤਿ ਵਿੱਚ ਹਾਈਜੀਨੀਕਲੀ ਸੁੱਚਮਤਾ ਜਰੂਰ ਰੱਖਣੀ ਚਾਹੀਦੀ ਹੈ। ਜਿੰਨਾਂ ਕੁ ਤੁਸੀਂ ਆਪਣੇ ਨਾਲ ਬੀਤੀ ਦਰਸਾਈ ਹੈ, ਉਸ ਪ੍ਰਥਾਇ ਤਾਂ ਇੰਨੀ ਹੀ ਬੇਨਤੀ ਹੈ ਕਿ ਮੱਝ ਦੇ ਸਰੀਰ ਵਿਚੋਂ ਦੁੱਧ ਕੱਢ ਕੇ, ਮਨੁੱਖ ਨੇ ਆਪਣੇ ਸਰੀਰ ਵਿੱਚ ਪਾਉਣਾ ਹੈ। ਮੱਝ ਦੇ ਸਰੀਰ ਵਿੱਚੋਂ ਦੁੱਧ ਕੱਢ ਕੇ, ਆਪਣੇ ਸਰੀਰ ਵਿੱਚ ਪਾਉਣ ਲਈ ਭਾਵੇਂ ਸੋਨੇ ਦਾ ਬਰਤਨ, ਭਾਵੇਂ ਚਾਂਦੀ ਦਾ, ਭਾਵੇਂ ਲੋਹੇ ਦਾ ਬਰਤਨ ਵਰਤ ਲਵੋ। ਬਰਤਨ ਸਾਫ ਸੁਥਰਾ ਸੁੱਚਾ ਹੋਣਾ ਚਾਹੀਦਾ ਹੈ। ਬਹੁਤਾ ਧਿਆਨ ਮਨ ਨੂੰ ਸਵੱਸ਼ ਕਰਨ ਵੱਲ ਦੇਣਾ ਚਾਹੀਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਧਨਾਸਰੀ ਰਾਗ ਅੰਦਰ ਅੰਕਤ ਕੀਤੇ ਬਚਨ ਅਨੁਸਾਰ, ਮਨ ਦੀ ਸਵੱਸ਼ਤਾ ਨਾਲ ਹੀ ਸੱਚੇ ਪ੍ਰਭੂ ਨੂੰ ਪ੍ਰਾਪਤ ਕਰ, ਸੱਚ ਦਾ ਰੂਪ ਬਣਿਆ ਜਾ ਸਕਦਾ ਹੈ:

**ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ॥** ਪੰਨਾ ੬੮੮

ਭਗਤ ਕਬੀਰ ਜੀ ਦੇ ਫੁਰਮਾਨ ਅਨੁਸਾਰ, ਉਹ ਮਨੁੱਖ ਅਸਲੀ ਸੁੱਚੇ ਗਿਣੇ

ਜਾਂਦੇ ਹਨ ਜੋ ਗੁਰੂ ਦੀ ਸੱਚੀ ਵੀਚਾਰ ਦੇ ਧਾਰਨੀ ਬਣਦੇ ਹਨ-

**ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥**

ਬਸੰਤ ਕਬੀਰ ਜੀ, ਪੰਨਾ ੧੧੯੫

ਸਮੇਂ-ਸਮੇਂ ਭਾਈ ਅਮਰ ਸਿੰਘ ਜੀ ਵੀ ਸੰਗਤ ਵਿੱਚ ਆਉਂਦੇ ਰਹਿੰਦੇ ਸਨ। ਅਖੀਰਲੀ ਉਮਰੇ ਉਹ ਆਪਣੇ ਮੂੰਹ ਵਿੱਚੋਂ ਇਹ ਗੱਲ ਆਮ ਕਹਿੰਦੇ ਸਨ ਕਿ ਗੁਰਮਤਿ ਦਾ ਰਸਤਾ ਮਨ ਨੂੰ ਮਾਂਜਣ ਦਾ ਸੀ ਪਰ ਮਨ ਮਾਂਜਣ ਵੱਲ ਬਹੁਤ ਘੱਟ ਧਿਆਨ ਦੇ ਹੋਇਆ। ਲੋਹਾ ਮਾਂਜਣ ਵਿੱਚ ਹੀ ਬਹੁਤਾ ਸਮਾਂ ਬਤੀਤ ਹੋ ਗਿਆ, ਮਨ ਨੂੰ ਮਾਂਜਣ ਦੀ ਲੋੜ ਹੈ।

ਸਤਿਗੁਰੂ ਅਮਰ ਦਾਸ ਜੀ ਦਾ ਵਡਹੰਸ ਰਾਗ ਅੰਦਰ ਵੀ ਫੁਰਮਾਨ ਹੈ ਕਿ ਜੇ ਮਨੁੱਖ ਦਾ ਮਨ ਮੈਲਾ ਹੈ, ਤਦ ਉਸ ਦਾ ਆਚਾਰ, ਵਿਵਹਾਰ, ਕਿਰਦਾਰ ਸਭ ਕੁਝ ਹੀ ਮਲੀਨ ਹੋਵੇਗਾ। ਜੇ ਮਨੁੱਖ ਦਾ ਮਨ ਪਵਿੱਤ੍ਰ ਹੈ, ਤਦ ਉਸ ਦਾ ਆਚਾਰ, ਵਿਵਹਾਰ, ਕਿਰਦਾਰ ਸਭ ਹੀ ਪਵਿੱਤ੍ਰ ਹੋਵੇਗਾ। ਤਨ ਦੀ ਜਾਂ ਬਰਤਨਾਂ ਦੀ ਸੁਚੱਮਤਾ ਕਰਨ ਨਾਲ ਮਨ ਨਹੀਂ ਪਵਿੱਤ੍ਰ ਹੁੰਦਾ। ਸਾਹਿਬਾਂ ਦਾ ਫੁਰਮਾਨ ਹੈ "**ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥** " ਮਨ ਨੂੰ ਪਵਿੱਤ੍ਰ ਕਰਨ ਦਾ ਸਾਧਨ, ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ਬਾਣੀ ਅੰਦਰ ਗੁਰੂ ਸ਼ਬਦ ਦਰਸਾਇਆ ਹੈ। ਜਿਸ ਨੇ ਵੀ ਆਪਣੇ ਮਨ ਉੱਪਰ ਲੱਗੀ ਪਾਪਾਂ ਦੀ ਮੈਲ ਨੂੰ ਦੂਰ ਕਰਨਾ ਹੈ, ਉਹ ਗੁਰੂ ਦੇ ਸ਼ਬਦ ਨਾਲ ਜੁੜ ਜਾਵੇ। ਗੁਰੂ ਸ਼ਬਦ ਨਾਲ ਜੁੜਨ ਨਾਲ ਮਨ ਦੀ ਪਲੀਤਤਾਈ ਖਤਮ ਹੋ ਜਾਂਦੀ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ।

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥**
**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ**
**ਇਹੁ ਸਹਸਾ ਇਵ ਜਾਇ॥੧੮॥**

ਅਨੰਦੁ, ਮ:੩,ਪੰਨਾ ੯੧੯

**ਅਤੇ :-**

**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥**

ਜਪੁਜੀ, ਪੰਨਾ-੪

ਹਾਈਜੀਨੀਕਲੀ ਬਾਹਰਲੀ ਸੁੱਚਮਤਾ ਅਵੱਸ਼ ਰੱਖਣੀ ਚਾਹੀਦੀ ਹੈ। ਪਰ ਨਾਲ ਹੀ ਮਨ ਦੀ ਪਵਿੱਤ੍ਰਤਾ ਕਿਵੇਂ ਰਹਿ ਸਕਦੀ ਹੈ ਤੇ ਮਨ ਦੀ ਪਵਿੱਤ੍ਰਤਾ ਕਿਵੇਂ ਹੋ ਸਕਦੀ ਹੈ, ਇਸ ਪਾਸੇ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਅੱਜਕਲ ਕਈ ਪ੍ਰੇਮੀ ਤਾਂ ਬਾਹਰੀ ਸੁੱਚਮ-ਛੂਤ-ਛਾਤ ਦਾ ਆਪਣੇ ਉੱਪਰ ਇਨ੍ਹਾਂ ਭਾਰਾ ਜੂਲਾ ਪਾ ਬੈਠੇ ਹਨ ਕਿ ਉਹ ਪ੍ਰੇਮੀ, ਗੁਰੂ ਗ੍ਰੰਥ ਸਾਹਿਬ ਜੀ ਦੇ ਦਰ ਪ੍ਰਵਾਨ ਹੋਈ ਕੜਾਹ ਪ੍ਰਸ਼ਾਦ ਦੀ ਦੇਗ ਲੈਣ ਤੋਂ ਵੀ ਇਨਕਾਰੀ ਹੋ ਜਾਂਦੇ ਹਨ। ਜੇ ਉਹ ਸ਼ਰਮੋਂ ਕੁਸ਼ਰਮੀ



ਲੈ ਵੀ ਲੈਣ ਜਾਂ ਤਾਂ ਉਹ ਦੇਗ ਕਿਸੇ ਨੂੰ ਦੇ ਦਿੰਦੇ ਹਨ, ਜਾਂ ਫਿਰ ਬਾਹਰ ਸੁੱਟ ਦਿੰਦੇ ਹਨ, ਜਿੱਥੋਂ, ਕੀੜੇ-ਮਕੌੜੇ, ਪੰਛੀ ਉਸ ਦੇਗ ਨੂੰ ਆਪਣਾ ਅਹਾਰ ਬਣਾਉਂਦੇ ਹਨ।

## *ਬਾਬਾ ਜੀ ਨੇ ਇਤਿਹਾਸਿਕ ਸਾਖੀ ਸੁਨਾਉਣੀ*

ਬਾਬਾ ਜੀ, ਭਾਈ ਸਵਰਨ ਸਿੰਘ ਜੀ ਨੂੰ ਕਹਿਣ ਲੱਗੇ, ਭਾਈ ਸਵਰਨ ਸਿੰਘ ਜੀ! ਇਸ ਤਰ੍ਹਾਂ ਦੀ ਪਵਿੱਤ੍ਰਤਾ ਰੱਖਣ ਵਾਲਾ ਇੱਕ ਪੰਡਤ, ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਗੋਇੰਦਵਾਲ ਸਾਹਿਬ ਆਇਆ। ਸਤਿਗੁਰਾਂ ਸਾਧੂ ਪੰਡਤ ਜਾਣ ਕੇ ਆਦਰ ਦਿੱਤਾ ਤੇ ਲੰਗਰੋਂ ਪ੍ਰਸ਼ਾਦਾ ਛਕਣ ਲਈ ਕਿਹਾ। ਇਸ ਦਾ ਨਾਉਂ ਮਾਈ ਦਾਸ ਸੀ। ਸਤਿਗੁਰਾਂ ਦਾ ਬਚਨ ਸੁਣ ਕੇ ਮਾਈ ਦਾਸ ਨੇ ਕਿਹਾ, ਸਤਿਗੁਰੂ ਜੀ ! ਮੈਂ [1]ਸ੍ਵਯੰ ਪਾਕੀ ਹਾਂ। ਆਪਣੇ ਹੱਥੀਂ ਚੌਂਕਾ ਲਾ ਕੇ ਭੋਜਨ ਕਰਦਾ ਹਾਂ। ਸਤਿਗੁਰ ਜੀ ਨੇ ਗੁਰਸਿੱਖ ਨੂੰ ਕਿਹਾ ਕਿ ਪੰਡਤ ਜੀ ਜੋ ਆਟਾ, ਚਾਵਲ, ਘਿਉ, ਮਿੱਠਾ ਆਦਿ ਰਸਦ ਮੰਗਦੇ ਹਨ ਦੇ ਦਿਉ। ਮਾਈ ਦਾਸ ਨੇ ਰਸਦ ਲੈ ਕੇ ਭੋਜਨ ਤਿਆਰ ਕਰਨ ਲਈ ਧਰਤੀ ਨੂੰ ਖੋਦਣਾ ਸ਼ੁਰੂ ਕੀਤਾ। ਉਸ ਜਗ੍ਹਾ ਮਰੇ ਹੋਏ ਕੁੱਤੇ ਦਾ [2]ਕਰੰਗ ਨਿਕਲਿਆ। ਉਥੋਂ ਧਰਤੀ ਪੁੱਟਣੀ ਛੱਡ ਕੇ ਵੀਹ-ਪੰਜੀ ਗਜ ਤੇ ਭੋਜਨ ਬਨਾਉਣ ਲਈ ਫਿਰ ਧਰਤੀ ਪੁੱਟਣੀ ਸ਼ੁਰੂ ਕੀਤੀ, ਧਰਤੀ ਪੁੱਟਣ ਤੇ ਉਥੋਂ ਗਊ ਦਾ ਪਿੰਜਰ ਨਿਕਲ ਆਇਆ। ਤੀਜੀ ਥਾਂਵੇ ਭੁੱਖਣ-ਭਾਣੇ ਮਾਈ ਦਾਸ ਨੇ ਫਿਰ ਧਰਤੀ ਖੋਦੀ ਉਥੋਂ ਵੀ ਹੱਡੀਆਂ ਨਿਕਲੀਆਂ। ਆਖਰ ਦਰਿਆ ਬਿਆਸ ਦੇ ਕਿਨਾਰੇ ਪਾਣੀ ਦੇ ਕੰਢੇ ਜਾ ਕੇ ਭੋਜਨ ਬਣਾਇਆ। ਭੋਜਨ ਛਕ ਕੇ ਮਾਈ ਦਾਸ ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ਆਇਆ।

ਸਤਿਗੁਰੂ ਅਮਰਦਾਸ ਜੀ, ਮਾਈ ਦਾਸ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਪੰਡਤ ਜੀ ! ਅੱਜ ਅਸਾਂ ਇੱਕ ਬਹੁਤ ਹੀ ਅਸਚਰਜ ਵੇਖਿਆ ਹੈ। ਮਾਈ ਦਾਸ ਨੇ ਸਤਿਗੁਰਾਂ ਦਾ ਬਚਨ ਸੁਣ ਕੇ ਕਿਹਾ, ਸਤਿਗੁਰੂ ਜੀ ! ਉਹ ਕੀ ਅਸਚਰਜ ਸੀ? ਆਪ ਸਾਹਿਬ ਕਹਿਣ ਲੱਗੇ, ਮਾਈ ਦਾਸ ! ਅੱਜ ਸਾਡੇ ਪਾਸ ਇੱਕ ਬ੍ਰਹਮਚਾਰੀ ਵੈਸ਼ਨੋ ਸਾਧੂ ਆਇਆ। ਉਸ ਨੇ ਲੰਗਰੋਂ ਰਸਦ ਲੈ ਕੇ ਬੜੀ ਸੁੱਚਮਤਾ ਨਾਲ ਭੋਜਨ ਤਿਆਰ ਕੀਤਾ ਤੇ ਆਖਰ ਨੂੰ ਉਹ ਸੁੱਚਾ ਭੋਜਨ ਇੱਕ ਮਹਾਂ ਮੈਲੇ ਕੁਚੈਲੇ ਖਲੜੂ ਵਿੱਚ ਪਾ ਲਿਆ। ਅਸੀਂ ਇਸ ਪਰ ਵੀਚਾਰ ਕੀਤਾ ਕਿ ਜੇਕਰ ਅਜਿਹੇ ਗੰਦੇ ਕੁਚੈਲੇ ਚੰਮੜੇ ਦੇ ਕੁੰਨੇ ਵਿੱਚ ਹੀ ਪਾਉਣਾ ਸੀ ਤਾਂ ਇਨਾਂ ਦੰਭ ਤੇ ਪ੍ਰਹੇਜ਼ ਕਿਉਂ ਕੀਤਾ? ਮਾਈ ਦਾਸ, ਸਤਿਗੁਰਾਂ ਦਾ ਬਚਨ ਸੁਣ ਕੇ ਬੋਲਿਆ, ਸਤਿਗੁਰੂ ! ਉਹ ਕੋਈ ਪਖੰਡੀ ਮਹਾਂ ਮੂਰਖ, ਮਲੇਸ਼ ਤਾਂ ਹੋ ਸਕਦਾ ਹੈ, ਉਹ ਹਿੰਦੂ ਵੈਸ਼ਨੋ ਸ੍ਵਯੰ ਪਾਕੀ ਨਹੀਂ ਹੋ ਸਕਦਾ, ਜੋ ਅਜਿਹਾ ਸੁੱਚਾ ਭੋਜਨ ਚੰਮੜੇ ਦੇ ਖੱਲੜੂ ਵਿੱਚ ਪਾ ਲਵੇ। ਸਤਿਗੁਰੂ ਜੀ ਬੋਲੇ ਕਿ ਉਹ ਤਾਂ ਚੰਗਾ ਵੈਸ਼ਨੋ ਆਚਾਰਯ ਪੂਰਬ ਦੇਸ਼ ਦਾ ਸੀ ਤੇ ਆਪਣੇ ਆਪ

*1.ਆਪਣੇ ਹੱਥੀਂ ਸੁੱਚਮ ਨਾਲ ਭੋਜਨ ਬਣਾ ਕੇ ਖਾਣ ਵਾਲਾ।* 2.ਪਿੰਜਰ

ਨੂੰ ਸੁਯੰਸੰ ਪਾਕੀ ਦਰਸਾਉਂਦਾ ਸੀ। ਅਸਾਂ ਵੀ ਅੱਜ ਹੀ ਉਸ ਨੂੰ ਵੇਖਿਆ ਹੈ। ਸਤਿਗੁਰਾਂ ਦੇ ਇਹ ਬਚਨ ਸੁਣ ਕੇ, ਮਾਈ ਦਾਸ ਨੂੰ ਆਪਣੀ ਵੱਲ ਖਿਆਲ ਆਇਆ ਤੇ ਸਤਿਗੁਰਾਂ ਦੇ ਚਰਨ ਫੜ ਲਏ ਤੇ ਕਿਹਾ, ਸਤਿਗੁਰੂ ਜੀ ! ਉਹ ਮੈਂ ਹੀ ਹਾਂ। ਮੈਨੂੰ ਰਸਤਾ ਦਰਸਾਉ। ਸਤਿਗੁਰਾਂ ਬਚਨ ਕੀਤਾ ਕਿ ਪੇਟ ਨਾਲੋਂ ਵੱਧ ਕੇ ਮਹਾਂ ਮੈਲਾ ਕੁਚੈਲਾ ਬਿਸ਼ਟਾ ਮੂਤ੍ਰ ਦਾ ਥੈਲਾ ਹੋਰ ਕਿਹੜਾ ਹੋ ਸਕਦਾ ਹੈ, ਜਿੱਥੇ ਜਾ ਕੇ ਮਨੁੱਖ ਦੇ ਜੀਵਨ ਆਧਾਰੀ ਦੇਵਤੇ ਵੀ:

**ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ**
**ਪੰਜਵਾ ਪਾਇਆ ਘਿਰਤੁ॥ ਤਾ ਹੋਆ ਪਾਕੁ ਪਵਿਤੁ॥**
**ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥**

ਸਲੋਕ ਮ:੧, ਪੰਨਾ੪੭੩

ਨਫਰਤ ਦਾ ਕਾਰਣ ਬਣ ਜਾਂਦੇ ਹਨ। ਭੋਜਨ ਤਾਂ ਸਰੀਰ ਦੀ ਰੱਖਿਆ ਵਾਸਤੇ ਹੈ। ਹੋਰ ਜੋ ਲਕੜੀਆਂ ਧੋਣੀਆਂ, ਧਰਤੀ ਖੋਦ ਕੇ ਚੌਂਕੇ ਬਨਾਉਣੇ, ਇਹ ਸਭ ਵਿਖਾਵੇ ਤੇ ਦੰਭ ਹਨ। ਪੇਟ ਵਿੱਚ ਭਾਵੇਂ ਕਿੰਨਾ ਪਵਿੱਤ੍ਰ ਤੇ ਸਵਾਦੀਕ ਭੋਜਨ ਪਾ ਦੇਵੀਏ, ਥੋੜ੍ਹੇ ਸਮੇਂ ਤੋਂ ਬਾਅਦ ਉਹ ਬਿਸ਼ਟਾ ਬਣ ਕੇ ਨਫਰਤ ਯੋਗ ਬਣ ਜਾਂਦਾ ਹੈ। ਬਿਨਾਂ ਪਰਮਾਤਮਾ ਦੀ ਭਗਤੀ ਤੇ ਨਾਮ ਤੋਂ ਬਿਨਾਂ ਹੋਰ ਕਿਸੇ ਪ੍ਰਕਾਰ ਵੀ ਮਨੁੱਖ ਪਵਿੱਤ੍ਰ ਨਹੀਂ ਹੋ ਸਕਦਾ। ਸਤਿਗੁਰੂ ਜੀ ਪਾਸੋਂ ਸੱਚਾ ਉਪਦੇਸ਼ ਪ੍ਰਾਪਤ ਕਰ ਕੇ, ਦੰਭ-ਪਖੰਡ ਦਾ ਤਿਆਗ ਕਰਕੇ ਮਾਈ ਦਾਸ ਆਪਣੇ ਸਾਥੀ ਕੇਸੋ ਗੋਪਾਲ ਸਮੇਤ, ਗੁਰੂ ਦਾ ਸੱਚਾ ਸਿੱਖ ਬਣ ਗਿਆ ਤੇ ਸੇਵਾ ਸਿਮਰਨ ਵਿੱਚ ਜੁੱਟ ਕੇ ਅਨੇਕਾਂ ਨੂੰ ਸੱਚ ਮਾਰਗ ਦੇ ਧਾਰਨੀ ਬਨਾਉਣ ਦਾ ਵਸੀਲਾ ਬਣਿਆ।

ਤਵਾਰੀਖ ਗੁਰੂ ਖਾਲਸਾ, ਪੰਨਾ ੩੪੪

### *ਪਹਿਲੇ ਪੰਗਤ ਪਾਛੈ ਸੰਗਤ*

ਅੱਜ ਆਪਾਂ ਨੂੰ ਸਤਿਗੁਰੂ ਜੀ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਖੁੱਲ ਦਿਲੀ ਨਾਲ "**ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥**" ਦੀ ਬਿਰਤੀ ਬਣਾ ਕੇ ਪੜਚੋਲ ਕਰਨੀ ਚਾਹੀਦੀ ਹੈ ਕਿ ਕਿਤੇ ਆਪਾਂ ਵੀ ਗੁਰੂ ਸਿਧਾਂਤ ਤੋਂ ਦੂਰ ਤਾਂ ਨਹੀਂ ਜਾ ਰਹੇ। ਸਤਿਗੁਰੂ ਜੀ ਨੇ "**ਪਹਿਲੇ ਪੰਗਤ ਪਾਛੈ ਸੰਗਤ**" ਦਾ ਸਿਧਾਂਤ ਪ੍ਰਦਾਨ ਕੀਤਾ ਸੀ ਪਰ ਅੱਜ ਸਿੱਖ-ਸਿੱਖ ਦੇ ਘਰੋਂ, ਇੱਥੋਂ ਤੱਕ ਕਿ ਗੁਰੂ ਦੇ ਲੰਗਰ ਵਿਚੋਂ ਵੀ ਪ੍ਰਸ਼ਾਦਾ ਛਕਣ ਤੋਂ ਨਫਰਤ ਕਰਦਾ ਹੈ। ਦਿਨੋਂ ਦਿਨ 'ਬਾਰਾਂ ਪੁਰਬੀਏ ਤੇਰਾਂ ਚੁੱਲ੍ਹਿਆਂ' ਵਾਲੀ ਅਖਾਣ ਸਾਡੇ ਉੱਪਰ ਭਾਰੂ ਹੁੰਦੀ ਜਾ ਰਹੀ ਹੈ। ਜੇ ਆਪਾਂ ਦੀਰਘ ਦ੍ਰਿਸ਼ਟੀ ਨਾਲ ਪੜਚੋਲ-ਪੜਤਾਲ ਨਾ ਕੀਤੀ ਤਾਂ ਸਿੱਖ ਪੰਥ ਹੋਰ ਵੰਡੀਆਂ ਦਾ ਸ਼ਿਕਾਰ ਹੋ ਕੇ ਕਮਜ਼ੋਰ ਹੋ ਜਾਵੇਗਾ। ਧਿਆਨ ਦੇਣ ਦੀ ਲੋੜ ਹੈ।

ਜਿੱਥੇ ਬਾਹਰੀ ਸੁਚੱਮਤਾ ਬਹੁਤੀ ਲਾਭਦਾਇਕ ਨਹੀਂ, ਉਥੇ ਹੱਦੋਂ ਵੱਧ ਖਾਣ-



ਪੀਣ ਦੀ ਸੁਤੰਤਰਤਾ "**ਜੋ ਆਇਆ ਸੋ ਬੰਨੇ**" ਵਾਲੀ ਪ੍ਰੰਪਰਾ ਵੀ ਅੱਤ ਖਤਰਨਾਕ ਹੈ। ਜਿਵੇਂ ਕਿ ਅਜੋਕੇ ਸਮੇਂ ਵਿੱਚ, ਮੈਰਿਜ ਪੈਲਸਾਂ ਤੇ ਪਾਰਟੀਆਂ ਵਿੱਚ ਵੇਖਦੇ ਹਾਂ, ਪਤਾ ਨਹੀਂ, ਉਹ ਖਾਣ ਵਾਲੀਆਂ ਵਸਤੂਆਂ ਕਿੰਨੀਆਂ ਘਟੀਆ ਚੀਜ਼ਾਂ ਦੀਆਂ ਤੇ ਕਿਹੋ ਜਿਹੀ ਰਹਿਣੀ-ਬਹਿਣੀ ਵਾਲਿਆਂ ਨੇ ਤਿਆਰ ਕੀਤੀਆਂ ਹੁੰਦੀਆਂ ਹਨ। ਇੱਕੋ ਥਾਵੇਂ ਜਿਸ ਦਾ ਜਿੰਨਾ ਜੀ ਚਾਹੇ ਮੈਲੇ-ਕੁਚੈਲੇ ਹੱਥਾਂ ਨਾਲ "**ਪਾਈ ਜਾਵੋ ਤੇ ਖਾਈ ਜਾਵੋ**" "**ਖਾਈ ਜਾਵੋ ਤੇ ਪਾਈ ਜਾਵੋ**" ਦੀ ਜੋ ਪ੍ਰੰਪਰਾ ਚੱਲ ਪਈ ਹੈ, ਉਹ ਵੀ ਅੱਤ ਦਰਜੇ ਦੀ ਖਤਰਨਾਕ ਹੈ। ਅਜਿਹੀਆਂ ਗਲਤ ਪ੍ਰੰਪਰਵਾਂ ਜੋ ਬਹੁਤ ਹੀ ਤੇਜੀ ਨਾਲ ਫੈਲਾਉ ਕਰ ਰਹੀਆਂ ਹਨ, ਵੱਲੋਂ ਬਹੁਤ ਹੀ ਸੁਚੇਤ ਤੇ ਸਾਵਧਾਨ ਹੋਣ ਦੀ ਅਵੱਸ਼ਕਤਾ ਹੈ। ਜੇ ਸੁਚੇਤ ਨ ਹੋਵਾਂਗੇ ਤਦ ਆਪਣਾ ਤੇ ਆਪਣੇ ਸੁਨਹਿਰੀ ਅਸੂਲਾਂ ਦਾ ਨੁਕਸਾਨ ਕਰ ਬੈਠਾਂਗੇ, ਜੋ ਆਉਣ ਵਾਲੇ ਸਮੇਂ ਵਿੱਚ ਕਿਸੇ ਵੀ ਕੀਮਤ ਤੇ ਪੂਰਾ ਕਰਨਾ ਅੱਤ ਬਿਖਮ ਹੋ ਜਾਵੇਗਾ। ਦੀਰਘ ਵੀਚਾਰ ਨਾਲ ਸੋਚਣ ਦੀ ਲੋੜ ਹੈ।

# ਇੱਕ ਹੋਰ ਧਿਆਨ ਯੋਗ ਬੇਨਤੀ

ਅੱਜ ਵੇਖਣ ਵਿੱਚ ਆ ਰਿਹਾ ਹੈ ਕਿ ਸਤਿਗੁਰੂ ਜੀ ਨੇ ਜਿੰਨਾ ਗੁਰਸਿੱਖੀ ਧਰਮ ਵਿਸ਼ਾਲ ਦਿਲ ਦਰਿਆ ਵਾਲਾ ਪ੍ਰਦਾਨ ਕੀਤਾ ਸੀ, ਪਰ ਅਨਜਾਣਪੁਣੇ ਵਿੱਚ ਅਸੀਂ ਵਿਸ਼ਾਲ ਧਰਮ ਪ੍ਰਦਾਨ ਕਰਨ ਵਾਲੇ ਸਤਿਗੁਰੂ ਬਾਪੂ ਦੀ ਬੁੱਕਲ ਨੂੰ ਇੰਨਾ ਸ਼ੰਕੀਰਨ ਕਰ ਲਿਆ ਹੈ, ਜਿਸ ਵਿੱਚ ਅਸੀਂ ਆਪਣੇ ਹੀ ਧਰਮ ਦੇ ਧਾਰਨੀ ਭਰਾ ਨੂੰ ਸਮਾਈ ਦੇਣ ਤੋਂ ਹਿੱਚਕਚਾ ਰਹੇ ਹਾਂ। ਸਮੁੱਚੀ ਵਿਸ਼ਵਤਾ ਦੇ ਧਰਮ ਨੂੰ ਅਸੀਂ ਛੋਟੇ ਛੋਟੇ ਜਥਿਆਂ ਦੇ ਰੂਪ ਵਿੱਚ ਪ੍ਰਗਟ ਕਰਨਾ ਅਰੰਭ ਦਿੱਤਾ ਹੈ। ਹਰ ਜਥੇ ਦੇ ਪੈਰੋਕਾਰਾਂ ਨੇ ਸੂਖਮ ਰੂਪ ਵਿੱਚ ਆਪਣੇ ਜਥੇ ਦੀ ਵੱਖਰੀ ਪਹਿਚਾਣ ਲਈ, ਕਿਸੇ ਨੇ ਦਸਤਾਰ ਦੀ ਦਿੱਖ ਵੱਖਰੀ ਕਰ ਲਈ ਹੈ, ਕਿਸੇ ਨੇ ਦਸਤਾਰ ਦਾ ਰੰਗ ਜੁਦਾ ਚੁਣ ਲਿਆ ਹੈ। ਕਿਸੇ ਨੇ ਗਾਤਰੇ ਦਾ ਰੰਗ ਵੱਖਰਾ ਕਰ ਲਿਆ, ਕਿਸੇ ਨੇ ਗਾਤਰਿਆਂ ਉੱਪਰ ਹੀ ਮੀਨਾਕਾਰੀ ਕਰਕੇ ਆਪਣੇ ਜਥੇ ਦਾ ਨਾਉਂ ਲਿਖਾਉਣਾ ਅਰੰਭ ਕਰ ਦਿੱਤਾ ਹੈ। ਕਿਸੇ ਨੇ ਲੱਕ ਨਾਲ ਨੀਲਾ ਕਮਰਕੱਸਾ ਬੰਨ ਕੇ ਆਪਣੇ ਆਪ ਨੂੰ ਨੀਲੰਬਰਧਾਰੀ ਸਿੱਖ ਪ੍ਰਗਟ ਕਰ ਲਿਆ।

ਗੱਲ ਕੀ, ਅਸੀਂ ਸਤਿਗੁਰੂ ਜੀ ਦੇ ਏਕਤਾ ਦੇ ਅਲੰਬਰਦਾਰ ਪੰਥ ਵਿੱਚ ਅਨੇਕਤਾ ਪੈਦਾ ਕਰ ਦਿੱਤੀ ਹੈ। ਸੱਚ ਜਾਣੋ ! ਜਿੰਨੀ ਅੱਜ ਪੰਥ ਵਿੱਚ ਅਨੇਕਤਾ ਪੈਦਾ ਹੋ ਰਹੀ ਹੈ, ਉਨਾਂ ਹੀ ਪੰਥ ਵਿੱਚੋਂ ਆਪਸੀ ਭਾਈਚਾਰਾ ਤੇ ਪਿਆਰ ਖੁੱਸਦਾ ਜਾ ਰਿਹਾ ਹੈ। ਜਿਸ ਕੌਮ ਵਿੱਚੋਂ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਖੁੱਸ ਜਾਏ ਉਸ ਕੌਮ ਵਿੱਚ ਆਪਸੀ ਮੱਤਭੇਦ, ਦੁਬਿਧਾ, ਦ੍ਵੈਤ ਪੈਦਾ ਹੋ ਜਾਂਦੇ ਹਨ, ਜਿੱਥੇ ਦ੍ਵੈਤ ਆ ਜਾਵੇ ਉਥੇ ਆਪਸੀ ਨਫਰਤ ਤੇ ਦੁਸ਼ਮਣੀ ਬਣ ਜਾਂਦੀ ਹੈ। ਜਿਸ ਕੌਮ ਵਿੱਚ ਆਪਸੀ ਨਫਰਤ ਤੇ ਦੁਸ਼ਮਣੀ ਬਣ ਜਾਵੇ, ਉਸ ਕੌਮ ਨੂੰ ਖਤਮ ਕਰਨ ਲਈ ਕਿਸੇ ਦੁਸ਼ਮਣ ਦੀ ਲੋੜ ਨਹੀ, ਨਫਰਤ ਤੇ ਦੁਸ਼ਮਣੀ ਹੀ ਕੌਮਾਂ ਦਾ ਘਾਤ ਕਰਨ ਲਈ ਬਹੁਤ ਬਲ ਰੱਖਦੀਆਂ ਹਨ।

ਅੱਜ ਵੇਖਣ ਵਿੱਚ ਸਮਾਂ ਅਜਿਹਾ ਚੱਲ ਰਿਹਾ ਹੈ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਸ ਦਾ ਪਦ-ਛੇਦ ਸਰੂਪ, ਸਮੂਹ ਖਾਲਸਾ ਪੰਥ ਨੇ ਗੁਰਸਿੱਖਾਂ ਦੀ ਸਹੂਲਤ ਲਈ ਤਿਆਰ ਕੀਤਾ ਸੀ। ਪੰਥ ਪ੍ਰਮਾਣਿਤ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ-ਛੇਦ ਰੂਪ ਨੂੰ ਅੱਜ ਕੁਝ ਗੁਰਸਿੱਖ, ਮੱਥਾ ਟੇਕਣ ਤੇ ਗੁਰੂ ਮੰਨਣ ਤੋਂ ਇਨਕਾਰੀ ਹੋ ਰਹੇ ਹਨ, ਜਦ ਕਿ ਲੜੀ ਵਾਰ ਸਰੂਪ ਦਾ ਪਾਠ ਕਰਨ ਲੱਗਿਆਂ ਵੀ ਪਦ ਛੇਦ ਕਰਕੇ ਹੀ ਉਚਾਰਣ ਕੀਤਾ ਜਾਣਾ ਹੈ ਤੇ ਕੀਤਾ ਜਾਂਦਾ ਹੈ। ਅਸੀਂ ਪਦ-ਛੇਦ ਸਟੀਕ ਨੂੰ ਤੇ



ਨਿੱਤਨੇਮ ਨੂੰ ਤਾਂ ਮਾਨਤਾ ਦਿੰਦੇ ਹਾਂ ਪਰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਮਾਨਤਾ ਦੇਣ ਤੋਂ ਇਨਕਾਰੀ ਹਾਂ, ਜੋ ਸਾਡੀ ਬਦ-ਕਿਸਮਤੀ ਦਾ ਪ੍ਰਗਟਾਵਾ ਹੈ।

ਦੂਸਰੇ, ਖਾਸ ਕਰਕੇ ਵਿਦੇਸ਼ਾਂ ਵਿੱਚ ਨਵੇਂ ਸੱਜੇ ਨੌਜਵਾਨ ਜਦੋਂ ਸਿੱਖੀ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਉਹ ਆਪਣੇ ਘਰ ਵਿੱਚ ਆਪਣੇ ਅੰਮ੍ਰਿਤਧਾਰੀ ਮਾਤਾ ਪਿਤਾ ਦਾ ਤਿਆਰ ਕੀਤਾ ਲੰਗਰ ਪ੍ਰਸਾਦਿ ਵੀ ਛਕਣ ਤੋਂ ਇਨਕਾਰੀ ਹੋ ਜਾਂਦੇ ਹਨ ਤੇ ਮਾਤਾ ਪਿਤਾ ਨੂੰ ਦੁਵਾਰਾ ਅੰਮ੍ਰਿਤ ਛਕਣ ਲਈ ਮਜਬੂਰ ਕਰਦੇ ਹਨ ਤੇ ਖਾਸ ਕਰਕੇ ਮਾਤਾ ਨੂੰ ਕੇਸਕੀ ਧਾਰਨ ਕਰਨ ਵਾਸਤੇ ਮਜਬੂਰ ਕਰਦੇ ਹਨ। 1970-72 ਤੋਂ ਪਹਿਲਾਂ ਪੰਜ ਕਕਾਰਾਂ ਪ੍ਰਤੀ ਜੋ ਰਹਿਤਨਾਮਿਆਂ ਵਿੱਚ ਦੋਹਰਾ:

**ਨਿਸ਼ਾਨੇ ਸਿਖੀ ਈਂ ਕਿ ਪੰਜ ਹਰਫ ਕਾਫ,**
**ਹਰਗਿਜ ਨਾ ਬਾਸ਼ਿਦ ਈਂ ਪੰਜ ਮੁਆਫ॥**
**ਕੜਾ ਕਾਰਦੋ ਕਛ ਕੰਘਾ ਬਿਦਾਂ,**
**ਬਿਨਾ ਕੇਸ ਹੇਚ ਅਸਤ ਜੁਮਲਾ-ਨਿਸ਼ਾਂ॥**

ਪੜ੍ਹਿਆ ਜਾਂਦਾ ਸੀ, ਪਰ 1970 ਦੇ ਕਰੀਬ ਭਾਈ ਜੀਵਨ ਸਿੰਘ ਜੀ ਅਖੰਡ ਕੀਰਤਨੀ ਜਥੇ ਵਾਲਿਆਂ ਨੇ ਨਵਾਂ ਦੋਹਰਾ ਰਚ ਕੇ ਜਾਂ ਰਚਾ ਕੇ;

**ਕਛ ਕੜਾ ਕ੍ਰਿਪਾਨ ਕੰਘਾ ਕੇਸਕੀ**
**ਪੰਜ ਕਕਾਰੀ ਰਹਿਤ ਧਾਰੇ ਸਿਖ ਸੋਈ॥**

ਕੀਰਤਨ ਸਮਾਗਮਾਂ ਵਿੱਚ ਪੜ੍ਹਨਾ ਸ਼ੁਰੂ ਕਰ ਦਿੱਤਾ, ਇਸ ਤੋਂ ਪਹਿਲਾਂ ਕਿਸੇ ਵੀ ਰਹਿਤ ਨਾਮੇ ਵਿੱਚ ਜਾਂ ਪੁਰਾਤਨ ਗ੍ਰੰਥਾਂ ਵਿੱਚ ਇਹ ਦੋਹਰਾ ਕਿਤੇ ਨਹੀਂ ਮਿਲਦਾ।

ਮੇਰੇ ਅੰਦਰ ਕੇਸਕੀ ਪ੍ਰਤੀ ਕੋਈ ਨਫਰਤ ਨਹੀਂ, ਪਰ ਸਚਾਈ ਨੂੰ ਦਰਸਾਉਣਾ ਵੀ ਜ਼ਰੂਰੀ ਹੈ। ਜੋ ਬੀਬੀਆਂ ਕੇਸਕੀ ਸਜਾਉਂਦੀਆਂ ਹਨ, ਉਹ ਧੰਨਤਾ ਦੇ ਯੋਗ ਹਨ। ਪਰ ਜੋ ਅੰਮ੍ਰਿਤਧਾਰੀ ਬਾਕੀ ਬੀਬੀਆਂ ਵੀ ਹਨ, ਉਨ੍ਹਾਂ ਪ੍ਰਤੀ ਵੀ ਆਪਾਂ ਨੂੰ ਨਫਰਤ ਦਾ ਪ੍ਰਗਟਾਵਾ ਕਰਨਾ ਉਚਿਤ ਨਹੀਂ ਹੈ, ਉਹ ਵੀ ਸਿੰਘ ਸਿੰਘਣੀਆਂ ਸਾਡੇ ਵੀਰ-ਭੈਣਾਂ ਹਨ। ਸਾਨੂੰ ਉਨ੍ਹਾਂ ਨਾਲ ਵੀ ਪਿਆਰ ਪ੍ਰੇਮ ਦਾ ਵਰਤਾਉ ਜ਼ਰੂਰ ਕਰਨਾ ਚਾਹੀਦਾ ਹੈ।

ਤੀਸਰੇ, ਇੱਕ ਹੋਰ ਰੁਚੀ ਗੁਰਸਿੱਖ ਬੱਚਿਆਂ ਵਿੱਚ ਜਾਣੇ-ਅਨਜਾਣੇ ਬੜੀ ਤੇਜੀ ਨਾਲ ਉਤੇਜਿਤ ਹੋ ਰਹੀ ਹੈ। ਉਹ ਇਹ ਕਿ ਦਸਤਾਰ ਜਾਂ ਦੁਮਾਲਾ ਸਜਾ ਕੇ ਜਿਥੇ ਉਹ ਦਸਤਾਰ ਉੱਪਰ ਖੰਡਾ ਜਾਂ ਛੋਟੀਆਂ ਕ੍ਰਿਪਾਨਾ ਸਜਾਉਂਦੇ ਹਨ, ਉਥੇ ਨਾਲ ਹੀ ਛੋਟੀਆਂ-ਛੋਟੀਆਂ ਸਟੀਲ ਦੀਆਂ ਘੁੰਘਰੀਆਂ ਦੇ ਗੁੱਛੇ ਦੁਵੱਲੀ ਦੋ-ਦੋ ਜਾਂ ਵੱਧ ਘਟ ਸਜਾਉਂਦੇ ਹਨ ਅਤੇ ਨਾਲ ਹੀ ਸਟੀਲ ਦੀਆਂ ਜਾਂ ਪਲਾਸਟਿਕ ਦੀਆਂ ਸਿੰਗੀਆਂ ਵੀ ਦੁਮਾਲੇ ਜਾਂ ਦਸਤਾਰ ਵਿੱਚ ਟੰਗੀਆਂ ਜਾਂਦੀਆ ਹਨ ਜੋ ਸਿੰਗਾਂ ਦਾ ਭੁਲੇਵਾਂ ਪਾਉਂਦੀਆਂ ਹਨ।

ਇੱਕ ਸਿੰਘ ਨੂੰ ਮੈਂ ਸੁਤੇ-ਸਿਧ ਪੁੱਛ ਲਿਆ ਕਿ ਇਹ ਦਸਤਾਰ ਉੱਪਰ ਸਿੱਖੀ

ਦੇ ਨਿਸ਼ਾਨ ਖੰਡੇ ਕ੍ਰਿਪਾਨ ਚੱਕਰ ਤਾਂ ਦੁਮਾਲੇ ਉੱਪਰ ਬਹੁਤ ਸੁਹਣੇ ਸੋਭਦੇ ਹਨ, ਆਹ ਜੋ ਘੁੰਘਰੂ ਜਾਂ ਸਿੰਗੀਆਂ ਸਿਰ ਉੱਪਰ ਸਜਾਈਆਂ ਹਨ ਇਨ੍ਹਾਂ ਦਾ ਕੀ ਅਰਥ ਹੈ? ਕਿਉਕਿ ਘੂੰਘਰੂ ਜਾਂ ਤਾਂ ਪਸ਼ੂਆਂ ਦੀ ਗਲੀਂ ਪਾਈਦੇ ਹਨ, ਜਾਂ ਨਚਾਰ ਪੈਰਾਂ ਨਾਲ ਘੂੰਘਰੂ ਬੰਨਦੇ ਹਨ। ਦੂਸਰੇ, ਆਹ ਜੋ ਸਿੰਗਾਂ ਦਾ ਛੋਟਾ ਰੂਪ ਸਿੰਗੀਆਂ ਤੁਸੀਂ ਦੁਮਾਲੇ ਵਿੱਚ ਸਜਾਈਆਂ ਹਨ, ਇਸ ਦਾ ਪਛੋਕੜ ਕੀ ਹੈ? ਉਸ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਅਸੀਂ ਦੁਮਾਲੇ ਦੀ ਸਜਾਵਟ ਕਰਦੇ ਹਾਂ। ਮੈਂ ਸੁਤੇ ਹੀ ਉਸ ਸਿੰਘ ਨੂੰ ਬੇਨਤੀ ਕੀਤੀ, ਦੁਮਾਲੇ ਦੀ ਸਜਾਵਟ ਕਰਨ ਲਈ ਹੋਰ ਬਥੇਰੇ ਸ਼ਸਤ੍ਰ-ਅਸਤ੍ਰ ਹਨ। ਇਹ ਘੁੰਘਰੀਆ ਦੇ ਗੁੱਛੇ ਤੇ ਸਿੰਗੀਆਂ ਸਿਰ ਉੱਪਰ ਲਾਉਣੀਆਂ ਮੇਰੀ ਸਮਝ ਤੋਂ ਪਰ੍ਹੇ ਹਨ। ਕਿਉਂਕਿ ਪ੍ਰਮਾਤਮਾਂ ਨੇ ਕ੍ਰਿਪਾ ਕਰਕੇ ਇੰਨ੍ਹਾਂ ਸਿੰਗਾਂ ਵਾਲੀਆਂ ਜੂਨਾਂ ਤੋਂ ਮਸਾਂ ਸਾਡੀ ਆਤਮਾਂ ਨੂੰ ਨਿਯਾਤ ਦੁਆ ਕੇ ਅਮੋਲਕ ਮਨੁੱਖਾ ਜਨਮ ਕੀ ਦਾਤ ਪ੍ਰਦਾਨ ਕੀਤੀ ਹੈ। ਪਰ ਅਸੀਂ ਮੁੜ ਸੂਖਸ਼ਮ ਰੂਪ ਵਿੱਚ ਜਾਣੇ ਜਾਂ ਅਨਜਾਣੇ ਉਨ੍ਹਾਂ ਜੂਨਾਂ ਦੇ ਚਿੰਨ ਸਿਰ ਉੱਪਰ ਸਜਾ ਕੇ ਆਪਣੀ ਅਗਿਆਨਤਾ ਦਾ ਪ੍ਰਗਟਾਵਾ ਕਰਦੇ ਹਾਂ, ਦਰਅਸਲ ਮਨੁੱਖ ਦੇ ਅੰਦਰ ਜੋ ਸੂਖਮ ਰੂਪ ਵਿੱਚ ਇਛਾਵਾਂ ਜਾਂ ਵਾਸ਼ਨਾਵਾਂ ਭਰੀਆਂ ਪਈਆਂ ਹਨ, ਮਨੁੱਖ ਅਕਸਰ ਉਨ੍ਹਾਂ ਸੁਭਾਵਾਂ ਦਾ ਪ੍ਰਗਟਾਵਾ ਹੀ ਸੰਸਾਰ ਅੰਦਰ ਕਰਦਾ ਹੈ ਤੇ ਪ੍ਰਬਲ ਇਛਾਵਾਂ ਜਿਹੋ ਜਿਹੀਆਂ ਮਨ ਵਿੱਚ ਉਤਪੰਨ ਹੁੰਦੀਆਂ ਹਨ, ਉਨ੍ਹਾਂ ਇਛਾਵਾਂ ਅਧੀਨ ਮਨੁੱਖ ਨੂੰ ਅਗਲੀ ਜੂਨ ਵੀ ਪ੍ਰਾਪਤ ਹੋ ਜਾਂਦੀ ਹੈ। ਭਗਤ ਤ੍ਰਿਲੋਚਨ ਜੀ ਨੇ ਗੂਜਰੀ ਰਾਗ ਅੰਦਰ ਬਚਨ ਅੰਕਤ ਕੀਤਾ ਹੈ:-

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥੫॥

ਪੰਨਾ ੫੨੬

ਪਰ ਯਾਦ ਰੱਖਣ ਵਾਲੀ ਗੱਲ ਹੈ ਕਿ ਇਨ੍ਹਾਂ ਸਿੰਗਾਂ (ਪਸ਼ੂਆਂ) ਵਾਲੀਆਂ ਜੂਨਾਂ ਵਿੱਚ ਸੁੱਖ ਨਹੀਂ ਦੁੱਖ ਹੈ। ਪਰਾਏ ਵਸ ਪੈ ਕੇ, ਪਰਾਇਆਂ ਦੀ ਮਰਜੀ ਅਨੁਸਾਰ ਭੁੱਖੇ



ਪਿਆਸੇ ਦਿੱਨ ਕੱਟਣੇ ਪੈਂਦੇ ਹਨ। ਸਾਰਾ ਦਿੱਨ ਡੰਡੇ ਸੋਟਿਆਂ ਦੀ ਮਾਰ ਝਲਦਿਆਂ,ਧੁੱਪ ਸੀਤ ਵਿੱਚ ਕੰਮ ਕਰਨਾ ਪੈਂਦਾ ਹੈ। ਇਨ੍ਹਾਂ ਜੂਨਾਂ ਵਿੱਚ ਕੇਵਲ ਦੁੱਖ ਭੋਗਣ ਤੋਂ ਸਿਵਾ ਹੋਰ ਕੁਝ ਵੀ ਕੀਤਾ ਨਹੀਂ ਜਾ ਸਕਦਾ ਅਤੇ ਨਾ ਇਨ੍ਹਾਂ ਜੂਨਾਂ ਵਿੱਚ ਪ੍ਰਮਾਤਮਾਂ ਦਾ ਨਾਮ ਹੀ ਜਪਿਆ ਜਾ ਸਕਦਾ। ਇਨ੍ਹਾਂ ਜੂਨਾਂ ਵਿੱਚ ਜੀਵ-ਆਤਮਾਂ ਦੀ ਜੋ ਤਰਸਯੋਗ ਹਾਲਤ ਹੁੰਦੀ ਹੈ, ਉਸ ਪ੍ਰਥਾਇ ਭਗਤ ਕਬੀਰ ਜੀ ਦੇ ਗੂਜਰੀ ਰਾਗ ਅੰਦਰ ਬੜੇ ਵਿਸਥਾਰ ਨਾਲ ਬਚਨ ਅੰਕਤ ਕੀਤੇ ਹਨ। ਆਪ ਦਾ ਫੁਰਮਾਨ ਹੈ-

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥
ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥੧॥
ਹਰਿ ਬਿਨੁ ਬੈਲ ਬਿਰਾਨੇ ਹੁਈਹੈ॥
ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥੧॥ਰਹਾਉ॥
ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ॥
ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ॥੨॥
ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ॥
ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ
ਇਹੁ ਅਉਸਰੁ ਕਤ ਪਈਹੈ॥੩॥
ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ
ਗਤਿ ਬਿਨੁ ਰੈਨਿ ਬਿਹਈਹੈ॥
ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ॥੪॥੧॥

ਪੰਨਾ ੫੨੪

ਸੋ ਦਸਤਾਰਾਂ ਜਾਂ ਦੁਮਾਲਿਆਂ ਦੀ ਸਜਾਵਟ ਕਰਨ ਤੋਂ ਪਹਿਲਾਂ, ਸਜਾਉਣ ਵਾਲੀਆਂ ਵਸਤੂਆਂ ਪ੍ਰਤੀ ਸਾਨੂੰ ਜ਼ਰੂਰ ਸੋਚ ਲੈਣਾ ਚਾਹੀਦਾ ਹੈ ਤਾਂ ਜੋ ਸਜਾਵਟ ਕਰਨ ਵਾਲੀਆਂ ਵਸਤੂਆਂ ਪ੍ਰਤੀ ਜੇ ਸਾਨੂੰ ਕੋਈ ਪ੍ਰਸ਼ਨ ਕਰ ਲਵੇ, ਅਸੀਂ ਉਸਦਾ ਉੱਤਰ ਦੇਣ ਤੋਂ ਨਿਰੁਤਰ ਨਾ ਹੋ ਜਾਈਏ। ਹਾਂ, ਸਤਿਗੁਰਾਂ ਸਾਨੂੰ ਸ਼ਸ਼ਤ੍ਰ ਪ੍ਰਦਾਨ ਕਰਕੇ ਇਨ੍ਹਾਂ ਸ਼ਸਤਰਾਂ ਨੂੰ ਪੀਰ ਦਾ ਦਰਜਾ ਦੇ ਕੇ ਪਾਸ ਰੱਖਣ ਤੇ ਸੀਸ ਤੇ ਸਜਾਉਣ ਦੀ ਇਜ਼ਾਜਤ ਦਿੱਤੀ ਹੈ। ਪਰ ਘੁੰਘਰੂ ਤੇ ਸਿੰਗੀਆਂ ਨਾ ਸ਼ਸਤਰ ਹਨ ਤੇ ਨਾ ਹੀ ਅਸ਼ਤਰ, ਇਹ ਆਪਾਂ ਵੇਖਾ ਵੇਖੀ ਆਪਣੀ ਮਰਜ਼ੀ ਨਾਲ ਸ਼ਿੰਗਾਰ ਲਈ ਚੁਣ ਲਏ ਹਨ। ਖਾਸ ਕਰ ਛੋਟੇ ਬੱਚਿਆਂ ਵਿੱਚ ਘੁੰਘਰੂ ਤੇ ਸਿੰਗੀਆਂ ਦਸਤਾਰਾਂ ਵਿੱਚ ਸਜਾਉਣ ਦਾ ਰਿਵਾਜ ਬੜੀ ਤੇਜੀ ਨਾਲ ਵੱਧ ਰਿਹਾ ਹੈ। ਧਿਆਨ ਦੇਣ ਦੀ ਲੋੜ ਹੈ। ਬੱਚਿਆਂ ਨੂੰ ਨਾ ਦੱਸਾਂਗੇ, ਬੱਚੇ ਦੇਖਾ ਦੇਖੀ ਇਸ ਪਾਸੇ ਤੁਰੇ ਜਾਣਗੇ ਤੇ ਬਾਕੀ ਲੋਕ ਵੀ ਸਾਡੀ ਇਸ ਅਗਿਆਨਤਾ ਤੇ ਤਰਕਾਂ ਕਰਨਗੇ। ਉਨ੍ਹਾਂ ਤਰਕਾਂ ਨੂੰ ਸੁਣ ਕੇ ਅਸੀਂ ਲੜਾਈ ਝਗੜਿਆਂ ਵਿੱਚ ਪ੍ਰਵਿਰਤ ਹੋ ਜਾਵਾਂਗੇ। ਜ਼ਰੂਰ ਧਿਆਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

# ਅਜਿਹੇ ਪਖੰਡ ਤੋਂ ਸੁਚੇਤ ਹੋਣ ਦੀ ਲੋੜ ਹੈ।

ਬਾਬਾ ਜੀ ਦੇ ਜੱਦੀ ਪਿੰਡ ਧੁੱਗੇ ਤੋਂ ਭਾਈ [1]ਬਲਵੰਤ ਸਿੰਘ, ਬਾਬਾ ਜੀ ਦੀ ਸੰਗਤ ਕਰਕੇ, ਅੰਮ੍ਰਿਤ ਛਕ ਗੁਰਸਿੱਖ ਸੱਜ ਗਿਆ। ਸਮਾਂ ਪਾ ਕੇ ਬਲਵੰਤ ਸਿੰਘ ਦਾ ਵਿਆਹ ਪਿੰਡ ਸੱਜਣਾ (ਨਜ਼ਦੀਕ ਦਸੂਹਾ) ਵਿਖੇ ਬੀਬੀ ਸੰਤੋਖੋ ਨਾਲ ਹੋ ਗਿਆ। ਬੀ: ਸੰਤੋਖੋ ਦੇ ਮਾਤਾ-ਪਿਤਾ ਸਨਾਤਨੀ ਖਿਆਲਾਂ ਦੇ ਧਾਰਨੀ ਤੇ ਦੇਵੀ ਦੇਵਤਿਆਂ ਦੇ ਪੁਜਾਰੀ ਸਨ, ਕਿਉਂਕਿ ਇਹ ਕੰਢੀ ਦਾ ਇਲਾਕਾ ਸੀ। ਇੱਥੇ ਅਸਲੀ ਧਰਮ ਨਾਂ ਦੀ ਕੋਈ ਚੀਜ਼ ਨਹੀਂ ਸੀ। ਡੋਲਦੇ-ਥਿੜਕਦੇ ਮਨ ਨੂੰ ਧਰਵਾਸ ਦੇਣ ਵਾਸਤੇ ਅਤੇ ਮਨ ਦੀ ਸੰਤੁਸ਼ਟੀ ਲਈ ਜਿੱਧਰ ਵੀ ਕੋਈ ਜਾਂਦਾ ਸੀ, ਦੂਸਰਾ ਵੀ ਉਸੇ ਦੇ ਪਿੱਛੇ ਲੱਗ ਕੇ ਉਥੇ ਮੱਥਾ ਟੇਕ ਤੇ ਮੰਨਤ ਮੰਨ ਆਉਂਦਾ। ਜਿੱਥੇ ਕਿਸੇ ਨੇ ਰਾਤ-ਬਰਾਤੇ ਕਿਸੇ ਦਰਖਤ ਦੇ ਨਾਲ ਸੰਧੂਰ ਮਲ ਕੇ ਦੋ ਪੱਥਰ ਰੱਖ ਦਿੱਤੇ ਜਾਂ ਕਿਸੇ ਨੇ ਚਾਰ ਇੱਟਾਂ ਰੱਖ ਕੇ ਉਸ ਨੂੰ ਹਰਾ ਰੰਗ ਕਰ ਦਿੱਤਾ ਤੇ ਉੱਪਰ ਹੈਦਰੀ ਝੰਡੀ ਖੜੀ ਕਰ ਦਿੱਤੀ, ਉੱਥੇ ਹੀ ਦਿਨ ਚੜ੍ਹਦੇ ਨੂੰ ਲੋਕ ਮੱਥਾ ਟੇਕਣਾ ਅਰੰਭ ਕਰ ਦਿੰਦੇ ਅਤੇ ਮੰਗਲਵਾਰ, ਵੀਰਵਾਰ ਤੇ ਸ਼ਨੀਵਾਰ ਉੱਥੇ ਚਰਾਗ ਬਾਲਣ ਵਾਲਿਆਂ ਦੀ ਭੀੜ ਲੱਗ ਜਾਂਦੀ। ਇਸੇ ਤਰ੍ਹਾਂ ਜੇ ਕੋਈ ਪਿੱਪਲ ਜਾਂ ਬੇਰੀ ਦੇ ਦਰਖੱਤ ਨੂੰ ਮੌਲੀ ਦੇ ਧਾਗੇ ਦੇ ਚਾਰ ਲਪੇਟੇ ਮਾਰ ਦਿੰਦਾ, ਉਹ ਬੇਰੀ ਤੇ ਪਿੱਪਲ ਵੀ ਪੂਜਣ ਯੋਗ ਬਣ ਜਾਂਦੇ ਤੇ ਲੋਕ ਪਿੱਪਲ ਤੇ ਬੇਰੀ ਅੱਗੇ ਖਲੋ ਕੇ ਆਪਣੀ ਤੇ ਪ੍ਰਵਾਰ ਦੀ ਸੁੱਖ ਸ਼ਾਂਤੀ ਦੀ ਯਾਚਨਾ ਦਰੱਖਤਾਂ ਪਾਸੋਂ ਕਰਨ ਲੱਗ ਜਾਂਦੇ। ਕੋਈ ਇੱਕ ਧੁਰਾ ਨਾ ਹੋਣ ਕਰਕੇ ਅਗਿਆਨਤਾ ਵਿੱਚ "**ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ**" ਵਾਲੀ ਕਹਾਵਤ ਪ੍ਰਚਲਤ ਸੀ। ਉਸ ਸਮੇਂ ਇਨ੍ਹਾਂ ਦਾ ਪ੍ਰਵਾਰ, ਮੰਨਦਾ ਤਾਂ ਸਾਰੇ ਦੇਵੀ ਦੇਵਤਿਆਂ ਤੇ ਮੜ੍ਹੀਆਂ ਨੂੰ ਸੀ, ਪਰ ਫਿਰ ਵੀ ਬਾਬਾ ਬਾਲਕ ਨਾਥ ਇਨ੍ਹਾਂ ਦੇ ਪ੍ਰਵਾਰ ਦਾ ਸ਼੍ਰੋਮਣੀ ਮਨੌਤੀ ਇਸ਼ਟ ਸੀ। ਅਜਿਹੇ ਸਾਰੇ ਸੰਸਕਾਰ ਬੀ: ਸੰਤੋਖੋ ਦੇ ਹਿਰਦੇ ਵਿੱਚ ਵੀ ਵਸੇ ਹੋਏ ਸਨ।

## *ਵਿਆਹ ਉਪ੍ਰੰਤ ਬਲਵੰਤ ਸਿੰਘ ਨੇ ਆਪਣੀ ਪਤਨੀ ਨੂੰ ਅੰਮ੍ਰਿਤ ਛਕਾਇਆ*

ਵਿਆਹ ਉਪ੍ਰੰਤ ਭਾ: ਬਲਵੰਤ ਸਿੰਘ ਨੇ ਬੀ: ਸੰਤੋਖੋ ਨੂੰ ਅੰਮ੍ਰਿਤ ਛੱਕਣ ਲਈ ਕਿਹਾ। ਥੋੜ੍ਹਾ ਨਾਂਹ-ਨੁੱਕਰ ਕਰਨ ਤੋਂ ਉਪ੍ਰੰਤ ਬੀ: ਸੰਤੋਖੋ ਨੇ ਮਜਬੂਰੀ ਵੱਸ ਅੰਮ੍ਰਿਤ

*1.*ਭਾਈ ਬਲਵੰਤ ਸਿੰਘ, ਸੁਰੈੜਾ ਜਾਤੀ ਨਾਲ ਸਬੰਧ ਰਖਦੇ ਸੀ। ਆਪ ਦਰਜੀ ਦਾ ਕੰਮ ਵੀ ਜਾਣਦੇ ਸਨ। ਪਰ ਮੁੱਖ ਕਿੱਤਾ ਬੈਂਡ-ਵਾਜਾ ਵਜਾਉਣ ਦਾ ਆਪ ਨੇ ਅਪਣਾਇਆ ਹੋਇਆ ਸੀ।



ਛਕ ਲਿਆ। ਜਦੋਂ ਬੀ: ਸੰਤੋਖੋ ਦੇ ਭੈਣ-ਭਰਾ ਨੂੰ ਪਤਾ ਲੱਗਾ, ਉਹ ਵੀ ਮਿਲਣ ਵਾਸਤੇ ਆਏ। ਖਾਸ ਕਰਕੇ ਸੰਤੋਖੋ ਦੀ ਭੈਣ ਨੇ ਅੰਮ੍ਰਿਤ ਛੱਕ ਕੇ ਗੁਰਸਿੱਖੀ ਬਾਣਾ ਧਾਰਨ ਕਰਨ ਦੇ ਸਬੰਧ ਵਿੱਚ ਬੜਾ ਬਿੱਲੀ-ਪਾਪ ਕੀਤਾ, ਤੇ ਕਹਿਣ ਲੱਗੀ ! ਤੂੰ ਖੁੱਲ੍ਹਾ ਖੁਲਾਸਾ ਜੀਵਨ ਜੀਉਂਦੀ, ਕਿਹੜੇ ਫਾਹੇ ਵਿੱਚ ਫਸ ਗਈ ਹੈਂ? ਹੁਣ ਤੈਨੂੰ ਸਵੇਰੇ ਉੱਠ ਕੇ ਠੰਢੇ ਪਾਣੀ ਨਾਲ ਨਹਾਉਣਾ ਪਵੇਗਾ, ਫਿਰ ਗੁਟਕਾ ਲੈ ਕੇ ਡੇਢ ਘੰਟਾ ਪਾਠ ਕਰਨਾ ਪਵੇਗਾ, ਸ਼ਾਮ ਨੂੰ ਮੁੜ ਉਹੋ ਫਾਹਾ। ਤੂੰ ਨਾਂਹ ਕਰ ਦੇਣੀ ਸੀ ਕਿ ਮੈਂ ਇੰਨੇ ਬੰਨਣ ਵਿੱਚ ਨਹੀਂ ਰਹਿ ਸਕਦੀ। ਕ੍ਰਿਪਾਨ ਤੇ ਕੰਘਾ ਵੀ ਤੈਨੂੰ ਹਰ ਸਮੇਂ ਰੱਖਣਾ ਪਵੇਗਾ। ਰਾਤ ਨੂੰ ਕਿਤੇ ਕ੍ਰਿਪਾਨ ਨਿਕਲ ਕੇ ਤੇਰੇ ਢਿੱਡ ਵਿੱਚ ਖੁੱਭ ਗਈ ਤਾਂ ਸਾਰੇ ਟੱਬਰ ਨੂੰ ਵਖਤ ਪਾਏਂਗੀ? ਤੂੰ ਯਾਦ ਰੱਖੀਂ ! ਇੰਨ ਹੁਣ ਤੈਨੂੰ ਬਾਬੇ ਦੇ ਵੀ ਨਹੀਂ ਜਾਣ ਦੇਣਾ।

ਸੰਤੋਖੋ ਨੇ ਕਿਹਾ ਕਿ ਜਦ ਤੁਸੀਂ ਮੈਨੂੰ ਇਸ ਘਰ ਵਿੱਚ ਵਿਆਹ ਦਿੱਤਾ ਹੈ, ਹੁਣ ਮੈਨੂੰ ਇਨ੍ਹਾਂ ਦੇ ਅਨੁਸਾਰੀ ਹੋ ਕੇ ਹੀ ਚੱਲਣਾ ਪੈਣਾ ਹੈ। ਸੰਤੋਖੋ ਦੀ ਭੈਣ ਕਹਿਣ ਲੱਗੀ ! ਇਹ ਕੋਈ ਜਰੂਰੀ ਤਾਂ ਨਹੀਂ ਕਿ ਤੂੰ ਹੀ ਇਨ੍ਹਾਂ ਦੇ ਅਨੁਸਾਰੀ ਹੋ ਕੇ ਚੱਲਣਾ ਹੈ। ਮੇਰੀ ਵੱਲ ਹੀ ਵੇਖ ! ਮੈਂ ਆਪਣੇ ਘਰ ਵਾਲੇ ਨੂੰ ਜੋ ਕਹਾਂ ਉਹ ਹੀ ਕਰਦਾ ਹੈ, ਮਜ਼ਾਲ ਹੈ ਕਿ ਮੇਰੀ ਮਰਜ਼ੀ ਤੋਂ ਬਿਨਾਂ ਘਰ ਵਿੱਚ ਪੱਤਾ ਵੀ ਹਿੱਲ ਜਾਵੇ। ਤੂੰ ਦੋ-ਤਿੰਨ ਦਿਨ ਵਾਸਤੇ ਮੇਰੇ ਘਰ ਆਵੀਂ, ਆਪਾਂ ਬੈਠ ਕੇ ਵੀਚਾਰ ਕਰ ਲਵਾਂਗੇ। ਇਸ ਫਾਹੀ ਵਿੱਚੋਂ ਨਿਕਲਣ ਦਾ ਕੋਈ ਨਾ ਕੋਈ ਰਾਹ ਜ਼ਰੂਰ ਨਿਕਲ ਆਵੇਗਾ। ਕੁਝ ਹੋਰ ਘਰੋਗੀ ਗੱਲਾਂ-ਬਾਤਾਂ ਕੀਤੀਆਂ। ਚਾਹ-ਪਾਣੀ ਛੱਕਿਆ, ਆਪਣੇ ਭਰਾ ਨਾਲ ਸੰਤੋਖੋ ਦੀ ਭੈਣ ਵਾਪਸ ਆਪਣੇ ਪਿੰਡ ਮੁਕੇਰੀਆਂ ਚਲੇ ਗਈ।

ਸਮਾਂ ਲੰਘਦਾ ਗਿਆ, ਬੀ: ਸੰਤੋਖੋ, ਜਿਸ ਦਾ ਅੰਮ੍ਰਿਤ ਛੱਕਣ ਤੋਂ ਉਪ੍ਰੰਤ ਧੀਰਜ ਕੌਰ ਨਾਉਂ ਰੱਖਿਆ ਗਿਆ, ਆਪਣੀ ਭੈਣ ਤੇ ਹੋਰ ਰਿਸ਼ਤੇਦਾਰਾਂ ਦੇ ਜਾਂਦੀ-ਆਉਂਦੀ ਰਹੀ। ਬਲਵੰਤ ਸਿੰਘ ਜੀ ਨੂੰ ਆਪਣੀ ਪ੍ਰਾਲਬਧ ਅਨੁਸਾਰ [1]ਤਿੰਨ-ਤਿੰਨ ਦਿਨ ਘਰੋਂ ਬਾਹਰ ਰਹਿਣਾ ਪੈਂਦਾ ਸੀ।

## *ਧੀਰਜ ਕੌਰ ਨੇ ਭੈਣ ਦੇ ਆਖੇ ਲੱਗ ਕੇ ਪਖੰਡ ਰਚਣਾ*

ਇੱਕ ਦਿਨ ਸ਼ਾਮ ਦੇ ਸਮੇਂ ਬਲਵੰਤ ਸਿੰਘ ਘਰ ਆਇਆ। ਧੀਰਜ ਕੌਰ ਦਾ ਚਿਹਰਾ ਬੜਾ ਉਦਾਸਿਆ ਜਿਹਾ ਸੀ। ਜਲ-ਪਾਣੀ ਛਕਣ ਤੋਂ ਪਹਿਲਾਂ ਬਲਵੰਤ ਸਿੰਘ ਨੇ ਆਪਣੀ ਪਤਨੀ ਨੂੰ ਪੁੱਛਿਆ ਕਿ ਅੱਜ ਤੂੰ ਉਦਾਸ ਕਿਉਂ ਹੈ? ਧੀਰਜ ਕੌਰ ਨੇ ਉੱਤਰ ਦਿੱਤਾ ਕਿ ਤਿੰਨ ਦਿਨਾਂ ਤੋਂ ਸਾਡੇ ਘਰ ਵਿੱਚ ਖੂਨ ਦੇ ਛਿੱਟੇ ਪੈਂਦੇ ਹਨ,

1.ਕਿਉਂਕਿ ਪੁਰਾਣੇ ਸਮੇਂ ਵਿੱਚ ਤਿੰਨ ਤਿੰਨ ਦਿਨ ਜਾਂ ਇਸ ਤੋਂ ਵੀ ਵੱਧ ਸਮਾਂ ਲੜਕੀ ਵਾਲਿਆਂ ਦੇ ਘਰ ਬਰਾਤਾਂ ਠਹਿਰਦੀਆਂ ਸਨ। ਜਿਸ ਕਰਕੇ ਬੈਂਡ-ਬਾਜਾ ਵਜਾਉਣ ਵਾਲਿਆਂ ਨੂੰ ਵੀ ਉਨੇਂ ਦਿਨ ਬਰਾਤੀਆਂ ਦੇ ਨਾਲ ਹੀ ਠਹਿਰਨਾ ਪੈਂਦਾ ਸੀ।

ਨਾਲ ਹੀ ਕੰਧ ਉੱਪਰ ਲਾਲ ਰੰਗ ਦੇ ਦਾਗ ਵਿਖਾਦਿਆਂ ਆਪਣੇ ਪਤੀ ਨੂੰ ਦੱਸਿਆ ਕਿ ਇਹ ਖੂਨ ਦੇ ਛਿੱਟੇ ਅੱਜ ਸਵੇਰ ਦੇ ਪਏ ਹਨ। ਕੱਲ੍ਹ ਤੇ ਪਰਸੋਂ ਜੋ ਛਿੱਟੇ ਪਏ ਸਨ ਉਹ ਉੱਧਰ ਦੂਸਰੀ ਕੰਧ ਉੱਪਰ ਪਏ ਹਨ। ਬਲਵੰਤ ਸਿੰਘ ਨੇ ਗੱਲ ਨੂੰ ਵਲਾਉਂਦਿਆਂ ਧੀਰਜ ਕੌਰ ਨੂੰ ਕਿਹਾ ਕਿ ਹੁਣ ਤੇਰਾ ਨਾਉਂ ਧੀਰਜ ਕੌਰ ਹੈ। ਤੂੰ ਧੀਰਜ ਰੱਖ ! ਐਂਵੇ ਵਹਿਮ ਨਾ ਕਰ। ਆਪਾਂ ਇਕੱਠੇ ਬੈਠ ਕੇ ਗੁਰਬਾਣੀ ਦਾ ਪਾਠ ਕਰਾਂਗੇ, ਸਭ ਠੀਕ ਹੋ ਜਾਵੇਗਾ। ਦੋ ਕੁ ਦਿਨ ਬਾਅਦ ਧੀਰਜ ਕੌਰ ਨੇ ਮੁੜ ਬਲਵੰਤ ਸਿੰਘ ਜੀ ਨੂੰ ਘਰ ਵਿੱਚ ਖੂਨ ਦੇ ਛਿੱਟੇ ਪਏ ਵਿਖਾਏ। ਬਲਵੰਤ ਸਿੰਘ ਨੇ ਧੀਰਜ ਕੌਰ ਦੀ ਗੱਲ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਤੇ ਜਿੱਥੇ ਵਿਆਹ ਤੇ ਸਾਈ ਫੜੀ ਹੋਈ ਸੀ, ਉੱਥੇ ਆਪਣੇ ਕਿੱਤੇ ਤੇ ਪੁੱਜ ਗਿਆ।

ਚੌਥੇ ਦਿਨ ਜਦੋਂ ਬਲਵੰਤ ਸਿੰਘ ਮੁੜ ਘਰ ਵਿੱਚ ਆਇਆ ਤਾਂ ਧੀਰਜ ਕੌਰ ਦੇ ਗਲ ਵਿੱਚ ਪਏ ਸੂਟ ਨੂੰ ਤਿੰਨ-ਚਾਰ ਥਾਵਾਂ ਤੋਂ ਸੜਿਆ ਵੇਖ ਕੇ ਪੁੱਛਿਆ ਕਿ ਧੀਰਜ ਕੌਰ ! ਆਹ ਤੇਰੇ ਸੂਟ ਵਿੱਚ ਅੱਗ ਨਾਲ ਛੇਕ ਕਿੱਦਾਂ ਹੋਏ ਹਨ? ਧੀਰਜ ਕੌਰ ਨੇ ਰੋ-ਰੋ ਕੇ ਡਿਸਕੋਰੇ ਭਰ ਕੇ ਕਿਹਾ ਕਿ ਮੈਨੂੰ ਜਾਪਦਾ ਸਾਡਾ ਘਰ ਉੱਜੜ ਜਾਵੇਗਾ। ਮੇਰੇ ਚਾਰ-ਪੰਜ ਸੂਟ ਤੇ ਤੁਹਾਡੀਆਂ ਕਮੀਜ਼ਾਂ, ਪਤਾ ਨਹੀਂ ਕਿਹੜੀ ਸ਼ਕਤੀ ਨਾਲ ਕਈਆਂ ਵਿੱਚ ਤਾਂ ਅੱਗ ਨਾਲ ਛੇਕ ਹੋ ਗਏ ਹਨ, ਬਾਕੀ ਸਾਰੇ ਕੱਪੜੇ ਕੈਂਚੀ ਨਾਲ ਕੱਟੇ ਹੋਏ ਹਨ? ਮੇਰਾ ਤਾਂ ਇੱਕ ਸੂਟ ਵੀ ਪਾਉਣ ਵਾਲਾ ਨਹੀਂ ਰਿਹਾ। ਟਰੰਕ ਵਿਚੋਂ ਜਦੋਂ ਮੈਂ ਸੂਟ ਕੱਢ ਕੇ ਪਾਉਣ ਲੱਗੀ, ਤਦ ਸਾਰੇ ਸੂਟ ਕੋਈ ਕੱਟਿਆ ਹੋਇਆ, ਕਿਸੇ ਵਿੱਚ ਅੱਗ ਨਾਲ ਛੇਕ ਹੋਏ ਨਿਕਲੇ। ਤੁਹਾਡੇ ਕੱਪੜਿਆਂ ਦਾ ਵੀ ਇਹੋ ਹਾਲ ਹੈ। ਬਲਵੰਤ ਸਿੰਘ ਆਪਣੀ ਪਤਨੀ ਦੀ ਗੱਲ ਸੁਣ ਕੇ ਹੈਰਾਨ ਜਿਹਾ ਹੋ ਗਿਆ ਤੇ ਕਹਿਣ ਲੱਗਾ, ਵਿਖਾ! ਕਿਹੜੇ ਕੱਪੜੇ ਸੜੇ ਤੇ ਕੱਟੇ ਹੋਏ ਹਨ? ਬੜੇ ਹੀ ਦੁੱਖਦਾਈ ਹਾਵ ਭਾਵ ਵਿੱਚ ਰੋਦਿਆਂ, ਧੀਰਜ ਕੌਰ ਨੇ ਸਾਰੇ ਕੱਪੜੇ ਟਰੰਕ ਵਿੱਚੋ ਕੱਢ ਕੇ ਬਾਹਰ ਮੰਜੇ ਉੱਪਰ ਵਿੱਛਾ ਦਿੱਤੇ, ਥਾਂ ਥਾਂ ਤੋਂ ਕੱਟੇ ਤੇ ਸੜੇ ਕੱਪੜੇ ਆਪਣੇ ਪਤੀ ਨੂੰ ਵਿਖਾਏ।

ਬਲਵੰਤ ਸਿੰਘ ਘਰ ਵਿੱਚ ਨੁਕਸਾਨ ਹੋਇਆ ਵੇਖ ਕੇ ਬੜਾ ਚਿੰਤਤ ਜਿਹਾ ਹੋ ਗਿਆ ਤੇ ਆਪਣੀ ਪਤਨੀ ਨੂੰ ਦਿਲਾਸਾ ਦਿੰਦਿਆਂ ਕਹਿਣ ਲੱਗਾ, ਮੈਂ ਸ਼ਹਿਰੋਂ ਤੈਨੂੰ ਹੋਰ ਸੂਟ ਲਿਆ ਦਿੰਦਾ ਹਾਂ। ਬਲਵੰਤ ਸਿੰਘ ਜਲ ਪਾਣੀ ਛੱਕ ਕੇ ਸ਼ਹਿਰ ਨੂੰ ਗਿਆ ਤੇ ਆਪਣੇ ਘਰ ਵਾਲੀ ਲਈ ਆਪਣੇ ਵਿੱਤ ਅਨੁਸਾਰ ਦੋ ਸੂਟ ਲੈ ਆਇਆ ਤੇ ਅਗਲੇ ਦਿਨ ਦੋਵੇਂ ਸੂਟ ਉਸ ਨੇ ਸੀਅ ਦਿੱਤੇ। ਇੱਕ ਸੂਟ ਤਾਂ ਧੀਰਜ ਕੌਰ ਨੇ ਪਾ ਲਿਆ ਤੇ ਦੂਸਰਾ ਸਾਂਭ ਕੇ ਰੱਖ ਲਿਆ।

### *ਬਲਵੰਤ ਸਿੰਘ ਦਾ ਬਾਬਾ ਜੀ ਪਾਸ ਪੁੱਜਣਾ*

ਬਲਵੰਤ ਸਿੰਘ, ਸ਼ਾਮ ਨੂੰ ਬਾਬਾ ਜੀ ਪਾਸ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ



ਪੁੱਜਿਆ। ਥੋੜ੍ਹੇ ਸਮੇਂ ਬਾਅਦ ਆਪਣੇ ਘਰ ਦਾ ਸਾਰਾ ਵਰਤਾਰਾ ਬਾਬਾ ਜੀ ਨਾਲ ਸਾਂਝਾ ਕੀਤਾ ਤੇ ਰਾਤ ਬਾਬਾ ਜੀ ਪਾਸ ਹੀ ਕੱਟੀ। ਇੱਧਰ ਧੀਰਜ ਕੌਰ ਨੇ ਵੀ ਆਂਢ ਗੁਆਂਢ ਇੱਕ ਨੂੰ ਦੱਸ, ਦੂਸਰੀ ਨੂੰ ਦੱਸ, ਸਾਰੇ ਮੁਹੱਲੇ ਵਿੱਚ ਹਵਾ ਫੈਲਾਅ ਦਿੱਤੀ ਕਿ ਸਾਡੇ ਘਰ ਕਿਸੇ ਚੀਜ਼ ਦਾ ਪਹਿਰਾ ਹੈ। ਸਾਥੋਂ ਪਤਾ ਨਹੀਂ ਕੀ ਅਵੱਗਿਆ ਹੋ ਗਈ, ਜਦੋਂ ਦਾ ਮੈਂ ਅੰਮ੍ਰਿਤ ਛੱਕਿਆ ਹੈ, ਮੇਰਾ ਸਿਰ ਵੀ ਭਾਰਾ ਰਹਿੰਦਾ ਹੈ, ਸਾਡੇ ਘਰ ਖੂਨ ਦੇ ਛਿੱਟੇ ਵੀ ਪੈਂਦੇ ਹਨ। ਜੋ ਕੱਪੜਾ ਘਰ ਵਿੱਚ ਨਵਾਂ ਜਾਂ ਪੁਰਾਣਾਂ ਆਉਂਦਾ ਹੈ, ਉਹ ਜਾਂ ਤਾਂ ਕੱਟਿਆ ਜਾਂਦਾ ਹੈ, ਜਾਂ ਉਸ ਵਿੱਚ ਅੱਗ ਨਾਲ ਛੇਕ ਹੋ ਜਾਂਦੇ ਹਨ।

ਇੱਧਰ ਬਾਬਾ ਜੀ ਨੇ ਬਲਵੰਤ ਸਿੰਘ ਨੂੰ ਸਮਝਾਇਆ ਕਿ ਜਿਸ ਪ੍ਰਵਾਰ ਨੇ ਅੰਮ੍ਰਿਤ ਛਕਿਆ ਹੋਵੇ, ਜਿਸ ਘਰ ਵਿੱਚ ਸਵੇਰੇ ਸ਼ਾਮ ਪੂਰਾ ਨਿੱਤਨੇਮ ਹੁੰਦਾ ਹੋਵੇ ਅਤੇ ਅਸੁਰੀ ਅਹਾਰ ਤੋਂ ਪ੍ਰਵਾਰ ਬਚਿਆ ਹੋਵੇ, ਉਸ ਘਰ ਵਿੱਚ ਕਿਸੇ ਹੋਰ ਦਾ ਪਹਿਰਾ ਨਹੀਂ ਹੋ ਸਕਦਾ। ਉਸ ਘਰ ਵਿੱਚ ਗੁਰੂ ਦਾ ਪਹਿਰਾ ਹੁੰਦਾ ਹੈ। ਬਲਵੰਤ ਸਿੰਘ ਨੂੰ ਸੰਬੋਧਨ ਕਰਕੇ, ਬਾਬਾ ਜੀ ਕਹਿਣ ਲੱਗੇ ! ਜੋ ਮੈਂ ਤੁਹਾਨੂੰ ਦੱਸਿਆ ਹੈ, ਇਸ ਵਿੱਚ ਕੋਈ ਢਿਲ ਮੱਠ ਤੇ ਨਹੀ? ਬਲਵੰਤ ਸਿੰਘ ਨੇ ਕਿਹਾ, ਗੁਰੂ ਮਹਾਂਰਾਜ ਜੀ ਦੀ ਮਿਹਰ ਨਾਲ ਰਹਿਤ ਪੂਰੀ ਹੈ ਅਤੇ ਬਾਣੀ ਦਾ ਪੂਰਾ ਨਿੱਤਨੇਮ ਗੁਰੂ ਮਹਾਰਾਜ ਜੀ ਕਰਵਾਈ ਜਾਂਦੇ ਹਨ। ਕੁਰਹਿਤਾਂ ਤੋਂ ਵੀ ਸਤਿਗੁਰਾਂ ਨੇ ਬਚਾਇਆ ਹੋਇਆ ਹੈ। ਅਹਾਰ ਵਿੱਚ ਵੀ ਕੋਈ ਢਿੱਲ ਨਹੀਂ ਹੈ। ਬਾਬਾ ਜੀ ਕਹਿਣ ਲੱਗੇ ! ਫਿਰ ਫਿਕਰ ਕਰਨ ਦੀ ਲੋੜ ਨਹੀਂ। ਉਂਝ ਘਰ ਵਿੱਚ ਧਿਆਨ ਰੱਖਣਾ ਕਿ ਕੋਈ ਸ਼ਰਾਰਤ ਤਾਂ ਨਹੀਂ ਕਰਦਾ। ਬਲਵੰਤ ਸਿੰਘ ਕਹਿਣ ਲੱਗਾ, ਬਾਬਾ ਜੀ! ਮੈਂ ਬਹੁਤਾ ਬਾਹਰ ਰਹਿੰਦਾ ਹਾਂ ਅਤੇ ਪਿੱਛੋਂ ਮੇਰੇ ਘਰ ਵਾਲੀ ਤੇ ਇੱਕ ਬੱਚਾ ਹੀ ਘਰ ਵਿੱਚ ਹੁੰਦੇ ਹਨ। ਬਾਹਰ ਕਿਸੇ ਨਾਲ ਬਹੁਤਾ ਮੇਲ ਮਿਲਾਪ ਵੀ ਨਹੀਂ। ਬਾਬਾ ਜੀ ਕਹਿਣ ਲੱਗੇ! ਫਿਰ ਵੀ ਖਿਆਲ ਰੱਖੀਂ।

### *ਧੀਰਜ ਕੌਰ ਨੂੰ ਬਾਬੇ ਦੀ ਪੌਣ ਆਉਣੀ*

ਅਗਲੇ ਦਿਨ ਸ਼ਾਮ ਨੂੰ ਚਾਰ ਕੁ ਵਜੇ ਬਲਵੰਤ ਸਿੰਘ ਨੇ ਬਾਬਾ ਜੀ ਪਾਸੋਂ ਛੁੱਟੀ ਲਈ ਤੇ ਘਰ ਨੂੰ ਚੱਲ ਪਿਆ। ਪੰਜ ਕੁ ਵਜੇ ਜਦੋਂ ਬਲਵੰਤ ਸਿੰਘ ਆਪਣੇ ਘਰ ਅੱਗੇ ਪੁੱਜਾ ਤਾਂ ਕੀ ਵੇਖਿਆ ਕਿ ਘਰ ਦੇ ਬਾਹਰ ਕੁਝ ਨਿਆਣੇ ਖੜੇ ਹਨ, ਘਰ ਅੰਦਰ ਦਸ ਬਾਰਾਂ ਬੀਬੀਆਂ ਤਮਾਸ਼ਬੀਨ ਬਣ ਕੇ ਤਮਾਸ਼ਾ ਦੇਖ ਰਹੀਆਂ ਹਨ। ਧੀਰਜ ਕੌਰ ਚੁਫਾਲ ਲੰਮੀਂ ਪਈ ਹੈ। ਕੋਈ ਉਸ ਨੂੰ ਪੱਖੀ ਝੱਲ ਰਿਹਾ ਹੈ ਤੇ ਇੱਕ ਮਾਈ ਉਸ ਦੇ ਮੂੰਹ ਵਿੱਚ ਚੱਮਚੇ ਨਾਲ ਪਾਣੀ ਪਾ ਕੇ ਉਸ ਨੂੰ ਹੋਸ਼ ਵਿੱਚ ਲਿਆਉਣ ਦਾ ਯਤਨ ਕਰ ਰਹੀ ਹੈ। ਕਦੇ ਉਹ ਧੀਰਜ ਕੌਰ ਦਾ ਨੱਕ ਘੁੱਟਦੀ ਹੈ। ਬਲਵੰਤ ਸਿੰਘ ਨੇ ਬੜਾ ਹੈਰਾਨ ਹੋ ਕੇ ਬੀਬੀਆਂ ਨੂੰ ਪੁੱਛਿਆ ਕਿ ਇਸ ਨੂੰ ਕੀ ਹੋ ਗਿਆ? ਮੈਂ ਤਾਂ ਚੰਗੀ ਭਲੀ ਨੂੰ ਛੱਡ ਕੇ ਗਿਆ ਸਾਂ। ਇੱਕ ਮਾਈ ਨੇ ਬਲਵੰਤ ਸਿੰਘ ਨੂੰ ਕਿਹਾ ਕਿ ਇਸ ਨੂੰ

ਬਾਬਿਆਂ ਦੀ ਪੌਣ ਆਈ ਸੀ, ਕਾਫੀ ਚਿਰ ਖੇਡਦੀ ਰਹੀ। ਬਲਵੰਤ ਸਿੰਘ ਨੇ ਧੀਰਜ ਕੌਰ ਦੇ ਮੱਥੇ ਤੇ ਹੱਥ ਰੱਖ ਕੇ ਵੇਖਿਆ ਤੇ ਕਹਿਣ ਲੱਗਾ! ਬੁਖਾਰ ਵਗੈਰਾ ਤਾਂ ਲਗਦਾ ਨਹੀਂ।

ਬਲਵੰਤ ਸਿੰਘ ਅਜੇ ਧੀਰਜ ਕੌਰ ਦੇ ਮੱਥੇ ਤੋਂ ਹੱਥ ਚੁੱਕ ਕੇ ਖੜਾ ਹੀ ਹੋਇਆ ਸੀ ਕਿ ਧੀਰਜ ਕੌਰ ਨੇ ਜ਼ੋਰ ਦੀ ਫੁੰਕਾਰਾ ਮਾਰਿਆ ਤੇ ਬੈਠ ਗਈ ਤੇ ਆਪਣੇ ਪਤੀ ਬਲਵੰਤ ਸਿੰਘ ਵੱਲ ਲਾਲ ਅੱਖਾਂ ਕੱਢ ਕੇ ਕਹਿਣ ਲੱਗੀ! ਪਾਪੀਆ ਆ ਗਿਆਂ? ਸਾਡੀਆਂ ਸ਼ਿਕਾਇਤਾਂ ਲਾ ਕੇ। ਸਾਨੂੰ ਸਾਰਾ ਪਤਾ, ਅਸੀਂ ਤੇਰੇ ਤੇ ਇੱਕ ਇੱਕ ਮਿੰਟ ਦੀ ਨਿਗਾਹ ਰੱਖਦੇ ਹਾਂ। ਪਾਪੀਆ! ਤੂੰ ਸਾਨੂੰ ਘਰੋਂ ਕੱਢਣਾ ਚਾਹੁੰਦਾ। ਤੂੰ ਸਾਡੀ ਸ਼ਕਤੀ ਨਹੀਂ ਵੇਖੀ, ਅਸੀਂ ਤੈਨੂੰ ਘਰੋਂ ਬੇ ਘਰ ਕਰ ਦਿਆਂਗੇ । ਤੂੰ ਸਾਡੀ ਭਗਤਣੀ ਦੇ ਗਲ ਵਿੱਚ ਜੋਰ ਨਾਲ ਕ੍ਰਿਪਾਨ ਪੁਆਈ। ਤੂੰ ਸਾਡੀ ਭਗਤਣੀ ਨੂੰ ਪਧਾੜੀ ਭਰਨ ਵੀ ਨਹੀਂ ਜਾਣ ਦਿੰਦਾ।ਅਸੀਂ ਕਈ ਸਾਲਾਂ ਤੋਂ ਦੇਖਦੇ ਸਾਂ, ਪਰ ਹੁਣ ਅੰਤ ਹੋ ਗਿਆ। ਇਸ ਕਰਕੇ ਸਾਨੂੰ ਆਪਣਾ ਪਹਿਰਾ ਲਾਉਣਾ ਪਿਆ। ਇਸ ਤਰ੍ਹਾਂ ਵੱਧ ਘਟ ਸ਼ਬਦ ਬੋਲਦੀ ਧੀਰਜ ਕੌਰ ਨੇ ਗਲ ਵਿੱਚ ਪਾਈ ਕ੍ਰਿਪਾਨ ਵੀ ਲਾਹ ਕੇ ਬਲਵੰਤ ਸਿੰਘ ਦੇ ਮਾਰੀ ਤੇ ਜ਼ੋਰ ਦੀ ਅਕੜੇਵੇਂ ਲੈਂਦਿਆਂ ਗਰਜਵੀਂ ਅਵਾਜ਼ ਵਿੱਚ ਕਿਹਾ, ਆਹ ਲੈ ਜਾ ! ਆਪਣੇ ਬਾਬੇ ਦੀ ਕ੍ਰਿਪਾਨ । ਜਾਹ, ਉਥੇ ਜਮਾਂ ਕਰਾ ਆ, ਅਸੀਂ ਤਾਂ ਤੇਰੇ ਗਲੋਂ ਵੀ ਕ੍ਰਿਪਾਨ ਲਹਾ ਕੇ ਛੱਡਣੀ ਹੈ। ਜੇ ਤੂੰ ਨਾ ਸਾਡੀ ਈਨ ਮੰਨੀ ਤਾਂ ਅਸੀਂ ਤੈਨੂੰ ਨੱਕ ਨਾਲ ਚਨੇ ਚਬਾ ਕੇ ਛਡਾਂਗੇ ਅਤੇ ਤੇਰੇ ਹੱਥ ਵਿੱਚ ਠੂਠਾ ਫੜਾ ਕੇ ਦਰ ਦਰ ਖੈਰ ਮੰਗਾਂਵਾਗੇ। ਤੂੰ ਸਾਡੀ ਸ਼ਕਤੀ ਨੂੰ ਜਾਣਦਾ ਨਹੀ?

ਬਲਵੰਤ ਸਿੰਘ, ਇਸ ਤਰ੍ਹਾਂ ਦੇ ਕੁਬੋਲ ਸੁਣਦਾ ਚੁੱਪ ਰਿਹਾ ਤੇ ਘਰ ਵਿੱਚ ਸਾਰੀਆਂ ਮਾਈਆਂ ਦੇ ਸਾਹਮਣੇ ਕ੍ਰਿਪਾਨ ਦੀ ਬਿਅਦਬੀ ਤੇ ਆਪਣੀ ਹੀ ਘਰ ਵਾਲੀ ਦੇ ਮੂਹੋਂ ਡਰਾਵੇ ਤੇ ਧਮਕੀਆਂ ਸੁਣ ਕੇ ਮਨ ਭਰ ਲਿਆ ਤੇ ਅੱਖਾਂ ਵਿੱਚੋ ਹੰਝੂ ਵਗਾਉਣ ਲੱਗ ਪਿਆ। ਇੱਕ ਮਾਈ ਨੇ ਜੋ ਨੇੜੇ ਖਲੋਤੀ ਸੀ, ਬਲਵੰਤ ਸਿੰਘ ਨੂੰ ਕਿਹਾ, ਪੁੱਤਰਾ ! ਜੋ ਬਾਬੇ ਪੌਣ ਰਾਹੀਂ ਕਹਿੰਦੇ ਹਨ, ਮੰਨ ਜਾਹ ਤੇ ਕਹਿ ਦੇ ਕਿ ਬਾਬਾ ਜੀ, ਜੋ ਤੁਸੀਂ ਕਹੋਗੇ ਕਰਾਂਗਾ। ਘਬਰਾਏ ਹੋਏ ਬਲਵੰਤ ਸਿੰਘ ਨੇ ਹਾਂ ਕਰ ਦਿੱਤੀ ਕਿ ਬਾਬਾ ਜੀ ਜੋ ਕਹੋਗੇ ਕਰਾਂਗਾ। ਇੰਨੀ ਗੱਲ ਬਲਵੰਤ ਸਿੰਘ ਦੇ ਮੂਹੋਂ ਸੁਣ ਕੇ ਧੀਰਜ ਕੌਰ ਹੋਰ ਜ਼ੋਰ ਦੀ ਖੇਡਣ ਲੱਗ ਪਈ ਤੇ ਨਾਲ ਆਖੇ, ਬੋਲ ਬਾਬੇ ਦੀ ਜੈ, ਸਾਰੀਆਂ ਮਾਈਆਂ ਪਿਛੇ ਬੋਲਣ ਬਾਬੇ ਦੀ ਜੈ। ਮਿੰਟ ਡੇਢ ਮਿੰਟ ਵਾਹਵਾ ਜੈ ਜੈ ਕਾਰ ਹੁੰਦੀ ਰਹੀ ਨਾਲ ਕਿਤੇ ਕਿਤੇ ਧੀਰਜ ਕੌਰ ਆਪਣੇ ਪਤੀ ਬਲਵੰਤ ਸਿੰਘ ਵੱਲ ਬਿਨਾਂ ਨਾਂ ਲਏ ਇਸ਼ਾਰਾ ਕਰਕੇ ਕਹੇ, ਇਸ ਬੇਈਮਾਨ ਦੇ ਮਨ ਵਿੱਚ ਖੋਟ ਹੈ, ਇਹ ਨਹੀਂ ਬੋਲਦਾ। ਕੋਈ ਗੱਲ ਨਹੀਂ, ਅੱਜ ਨਹੀਂ ਤਾਂ ਕੱਲ੍ਹ ਅਸੀਂ ਬੁਲਾ ਕੇ ਛਡਾਂਗੇ। ਅਖੀਰ ਦੱਬਵੀਂ ਜੀਭੇ ਬਲਵੰਤ ਸਿੰਘ ਨੇ ਵੀ ਨਾ ਚਾਹੁੰਦੇ ਹੋਏ "ਬਾਬੇ ਦੀ ਜੈ" ਬੁਲਾ ਦਿੱਤੀ।



ਅਖੀਰ ਦਸ ਮਿੰਟ ਦੇ ਡਰਾਮੇ ਪਿਛੋਂ ਮੁੜ ਧੀਰਜ ਕੌਰ ਧਰਤੀ ਦੇ ਲੇਟ ਗਈ ਤੇ ਲੰਮੇ ਲੰਮੇ ਸਾਹ ਫੁੰਕਾਰੇ ਨੁਮਾ ਮਾਰਨ ਲੱਗ ਪਈ।

ਸਾਰੀ ਖੇਡ ਖਤਮ ਹੋਣ ਤੇ ਬਲਵੰਤ ਸਿੰਘ ਨੇ ਸਾਰੀਆਂ ਬੀਬੀਆਂ ਨੂੰ ਕਿਹਾ ਕਿ ਕ੍ਰਿਪਾ ਕਰੋ, ਹੁਣ ਤੁਸੀਂ ਆਪਣੇ ਘਰਾਂ ਨੂੰ ਜਾਵੋ। ਇੱਕ ਮਾਈ ਨੇ ਹਮਦਰਦੀ ਪ੍ਰਗਟਾਉਂਦਿਆਂ ਕਿਹਾ, ਪੁੱਤ ਬਲਵੰਤ ਸਿੰਘਾ! ਮੈਂ ਤੇਰੇ ਲਈ ਘਰੋਂ ਰੋਟੀ ਪਕਾ ਕੇ ਲਿਆਉਂਦੀ ਹਾਂ, ਤੂੰ ਸਵੇਰ ਦਾ ਭੁੱਖਣ ਭਾਣਾ ਹੋਣਾ, ਜਾਂ ਮੈਂ ਏਥੇ ਤੈਨੂੰ ਦੋ ਰੋਟੀਆਂ ਲਾਹ ਦਿੰਦੀ ਹਾਂ। ਬਲਵੰਤ ਸਿੰਘ ਨੇ ਮਾਈ ਨੂੰ ਕਿਹਾ, ਮਾਤਾ ਜੀ ! ਤੁਸੀਂ ਸਾਰੇ ਜਾਵੋ ਮੈਂ ਆਪੇ ਰੋਟੀ ਪਕਾ ਲਵਾਂਗਾ। ਮਾਈਆਂ ਅਜੇ ਹੋਰ ਤਮਾਸ਼ਾ ਦੇਖਣਾ ਚਾਹੁੰਦੀਆ ਸਨ, ਪਰ ਬਲਵੰਤ ਸਿੰਘ ਨੇ ਪਿਆਰ ਨਾਲ ਹੱਥ ਜੋੜ ਕੇ ਸਾਰਿਆਂ ਨੂੰ ਬਾਹਰ ਕੱਢ ਦਿੱਤਾ ਤੇ ਆਪਣੇ ਘਰ ਨੂੰ ਅੰਦਰੋਂ ਕੁੰਡਾ ਲਾ ਲਿਆ।

ਸਹਿਜ ਧੀਰਜ ਨਾਲ ਬਲਵੰਤ ਸਿੰਘ ਨੇ ਆਪਣੇ ਘਰ ਵਾਲੀ ਨੂੰ ਚੁੱਕ ਕੇ ਮੰਜੇ ਉੱਪਰ ਲਿਟਾਇਆ। ਮੰਜੇ ਉੱਪਰ ਲੰਮੀ ਪੈਣ ਤੋਂ ਛੇਤੀ ਬਾਅਦ ਉਹ ਸੌਂ ਗਈ। ਬਲਵੰਤ ਸਿੰਘ ਨੇ ਪ੍ਰਸ਼ਾਦਾ ਪਕਾਇਆ ਤੇ ਦਾਲ ਬਣਾਈ। ਪਹਿਲਾਂ ਬਲਵੰਤ ਸਿੰਘ ਨੇ ਬੱਚੇ ਨੂੰ ਪ੍ਰਸ਼ਾਦਾ ਛਕਾਇਆ, ਜੋ ਇਹ ਭੀੜ ਭੜੱਕਾ ਤੇ ਆਪਣੀ ਮਾਂ ਦਾ ਨਵਾਂ ਰੂਪ ਵੇਖ ਕੇ ਬਹੁਤ ਸਹਿਮਿਆ ਹੋਇਆ ਸੀ, ਫਿਰ ਆਪ ਛਕਿਆ। ਬਾਅਦ ਵਿੱਚ ਧੀਰਜ ਕੌਰ ਨੂੰ ਉਠਾ ਕੇ ਪ੍ਰਸ਼ਾਦਾ ਛਕਾਇਆ। ਧੀਰਜ ਕੌਰ ਦੇ ਪ੍ਰਸ਼ਾਦਾ ਛਕ ਲੈਣ ਉਪ੍ਰੰਤ ਬਲਵੰਤ ਸਿੰਘ ਨੇ ਉਸ ਨੂੰ ਪੁੱਛਿਆ ਕਿ ਅੱਜ ਤੂੰ ਇਹ ਨਵੀਂ ਖੇਡ ਕੀ ਵਰਤਾਈ ਹੈ? ਘਰ ਘਰ ਲੋਕ ਭਾਂਤ ਭਾਂਤ ਦੀਆਂ ਗੱਲਾਂ ਕਰਦੇ, ਕੋਈ ਕੁਝ ਕਹਿੰਦਾ ਕੋਈ ਕੁਝ ਕਹਿੰਦਾ? ਬਲਵੰਤ ਸਿੰਘ ਦਾ ਇਹ ਪ੍ਰਸ਼ਨ ਸੁਣ ਕੇ ਧੀਰਜ ਕੌਰ ਨੇ ਕੋਰਾ ਜਵਾਬ ਦਿੱਤਾ ਕਿ ਮੈਨੂੰ ਕੋਈ ਪਤਾ ਨਹੀਂ, ਮੈ ਤਾਂ ਕੁਝ ਨਹੀਂ ਕੀਤਾ। ਕੌਣ ਆਇਆ ਕੌਣ ਗਿਆ ਮੈਨੂੰ ਕੋਈ ਪਤਾ ਨਹੀਂ। ਸਾਰੀ ਰਾਤ ਬਲਵੰਤ ਸਿੰਘ ਦੀ ਚਿੰਤਾ ਵਿੱਚ ਸੁੱਤ ਅਣੀਂਦੇ ਬੀਤੀ, ਸਵੇਰੇ ਬਲਵੰਤ ਸਿੰਘ ਦੇ ਕਹਿਣ ਤੇ ਧੀਰਜ ਕੌਰ ਨੇ ਪ੍ਰਸ਼ਾਦਾ ਤਿਆਰ ਕਰ ਦਿੱਤਾ।

### *ਬਲਵੰਤ ਸਿੰਘ ਦਾ ਮੁੜ ਘਰ ਤੋਂ ਬਾਬਾ ਜੀ ਪਾਸ ਪੁੱਜਣਾ*

ਬਲਵੰਤ ਸਿੰਘ ਨੇ ਪ੍ਰਸ਼ਾਦਾ ਛਕਿਆ ਤੇ ਪ੍ਰੇਸ਼ਾਨੀ ਦੀ ਹਾਲਤ ਵਿੱਚ ਮੁੜ ਬਾਬਾ ਜੀ ਪਾਸ ਗੁਰਦੁਆਰਾ ਸਾਹਿਬ ਪੁੱਜ ਗਿਆ। ਬਲਵੰਤ ਸਿੰਘ, ਬਾਬਾ ਜੀ ਨੂੰ ਫਤਹਿ ਬੁਲਾਉਣ ਉਪ੍ਰੰਤ ਉੱਚੀ ਉੱਚੀ ਰੋ ਪਿਆ। ਬਾਬਾ ਜੀ ਨੇ ਦਿਲਾਸਾ ਦਿੱਤਾ ਤੇ ਕਿਹਾ ਕਿ ਬਲਵੰਤ ਸਿੰਘ ਕੀ ਗੱਲ ਹੋ ਗਈ ਹੈ? ਜਿਹੜਾ ਤੂੰ ਇੰਨਾਂ ਦਿਲ ਛੱਡ ਬੈਠਾ। ਦੱਸ! ਸੰਸਾਰ ਵਿੱਚ ਕਿਹੜੀ ਐਸੀ ਪ੍ਰੇਸ਼ਾਨੀ ਹੈ ਜਿਸ ਦਾ ਇਲਾਜ਼ ਨਹੀਂ? ਜੋ ਅਸੀਂ ਕਰ ਸਕਦੇ ਹੋਏ ਤਨੋ ਮਨੋ ਕਰਾਂਗੇ। ਬਲਵੰਤ ਸਿੰਘ ਉਠਕੇ ਨਲਕੇ ਤੇ ਗਿਆ। ਉਥੇ ਪਾਣੀ ਨਾਲ ਮੂੰਹ ਹੱਥ ਧੋ ਕੇ ਮੁੜ ਬਾਬਾ ਜੀ ਪਾਸ ਬੈਠ ਗਿਆ ਤੇ ਭਰੇ ਦਿਲ ਨਾਲ

ਕੱਲ੍ਹ ਦੀ ਸਾਰੀ ਵਾਰਤਾ ਦੱਸਣੀ ਅਰੰਭ ਕੀਤੀ।

ਆਪ ਕਹਿਣ ਲੱਗੇ, ਬਾਬਾ ਜੀ! ਜਿਵੇਂ ਮੈਂ ਪਰਸੋਂ ਆਪ ਜੀ ਨੂੰ ਦੱਸਿਆ ਸੀ ਕਿ ਸਾਡੇ ਘਰ ਵਿੱਚ ਲਹੂ ਦੇ ਛਿੱਟੇ ਪੈਂਦੇ ਹਨ। ਕਦੇ ਕੱਪੜੇ ਕੱਟੇ ਜਾਂਦੇ ਆ ਤੇ ਕਦੇ ਕੱਪੜਿਆਂ ਵਿੱਚ ਛੇਕ ਹੋ ਜਾਂਦੇ ਹਨ। ਹੁਣ ਤਾਂ ਉਸ ਤੋਂ ਵੀ ਬਹੁਤ ਅਗਾਂਹ ਗੱਲ ਵੱਧ ਗਈ ਹੈ। ਮੇਰੀ ਘਰ ਵਾਲੀ ਉੱਪਰ ਬਾਬਿਆਂ ਦਾ ਪਹਿਰਾ ਲੱਗ ਗਿਆ ਹੈ। ਜਦੋਂ ਮੈਂ ਕੱਲ੍ਹ ਘਰ ਗਿਆ ਤਾਂ ਉਸ ਨੂੰ ਬਾਬੇ ਦੀ ਪੌਣ ਆਈ ਹੋਈ ਸੀ ਤੇ ਜੋ ਮੈਂ ਤੁਹਾਡੇ ਨਾਲ ਗੱਲ ਕੀਤੀ, ਉਹ ਵੀ ਉਸ ਨੇ ਦੱਸ ਦਿੱਤੀ ਕਿ ਤੂੰ ਸਾਡੀ ਸ਼ਿਕਾਇਤ ਲਾ ਕੇ ਆਇਆ ਹੈ। ਮੈਂ ਤੈਨੂੰ ਕੰਗਾਲ ਕਰ ਦੇਣਾ ਹੈ। ਤੂੰ ਮੇਰੀ ਭਗਤਣੀ ਨੂੰ ਜ਼ੋਰ ਨਾਲ ਅੰਮ੍ਰਿਤ ਛਕਾਇਆ ਤੇ ਨਾਲੇ ਉਸ ਨੇ ਧੀਰਜ ਕੌਰ ਦੇ ਗਲੋਂ ਕ੍ਰਿਪਾਨ ਲੁਹਾਕੇ, ਮੇਰੀ ਵੱਲ ਸੁੱਟ ਦਿੱਤੀ ਤੇ ਕਿਹਾ ਕਿ ਆਪਣੇ ਬਾਬੇ ਪਾਸ ਇਹ ਕ੍ਰਿਪਾਨ ਜਮ੍ਹਾ ਕਰਾ ਦੇਹ। ਮੈਂ ਤੇਰੇ ਗਲੋਂ ਵੀ ਕ੍ਰਿਪਾਨ ਲੁਹਾ ਦੇਣੀ ਹੈ। ਜੇ ਤੂੰ ਮੇਰੀ ਈਨ ਨਾ ਮੰਨੀ ਤਾਂ ਮੈਂ ਤੇਰੇ ਹੱਥ ਵਿੱਚ ਠੂਠਾ ਫੜਾ ਕੇ ਘਰ ਘਰ ਮੰਗਣ ਲਈ ਮਜ਼ਬੂਰ ਕਰ ਦਿਆਗਾਂ। ਦੋ ਤਿੰਨ ਵਾਰੀ ਧੀਰਜ ਕੌਰ ਰਾਹੀਂ ਮੈਨੂੰ ਫੁੰਕਾਰੇ ਮਾਰ ਕੇ ਬਾਬੇ ਨੇ ਡਰਾਇਆ ਵੀ, ਮੇਰੇ ਘਰ ਵੜਨ ਤੋਂ ਪਹਿਲਾਂ ਹੀ ਧੀਰਜ ਕੌਰ ਨੂੰ ਬਾਬੇ ਦੀ ਪੌਣ ਆਈ ਹੋਈ ਸੀ। ਇਹ ਖੇਡ ਦਾ ਰੌਲਾ ਸੁਣ ਕੇ ਬਹੁਤ ਸਾਰੀਆਂ ਬੀਬੀਆਂ ਤੇ ਬੱਚੇ ਵੀ ਸਾਡੇ ਘਰ ਇਕੱਠੇ ਹੋਏ ਸਨ। ਸਾਡੇ ਘਰ ਦੀ ਗੁਆਂਢਣ ਦੇ ਕਹਿਣ ਤੇ ਕਿ ਤੂੰ ਬਾਬਿਆਂ ਦੀ ਈਨ ਮੰਨ ਲੈ, ਨਹੀਂ ਤੇ ਔਖਾ ਹੋਵੇਂਗਾ। ਮੈਂ ਕਹਿ ਵੀ ਦਿੱਤਾ ਕਿ ਹੁਣ ਤੁਸੀ ਬਖਸ਼ ਦਿਉ ਤੇ ਤੁਸੀਂ ਜੋ ਕਹੋਗੇ ਮੈਂ ਕਰਾਂਗਾ। ਹੁਣ ਤੁਸੀਂ ਹੀ ਦੱਸੋ ਕਿ ਮੈਂ ਕੀ ਕਰਾਂ? ਪਹਿਲਾਂ ਹੀ ਮੈਂ ਗਰੀਬ ਹਾਂ, ਜੇ ਬਾਬੇ ਦੀ ਕਰੋਪੀ ਹੋ ਗਈ ਫਿਰ ਕਿਤੇ ਰੋਟੀ ਤੋਂ ਵੀ ਆਤੁਰ ਨਾ ਹੋ ਜਾਈਏ। ਮੈਨੂੰ ਕੁਝ ਵੀ ਸੁੱਝਦਾ ਨਹੀਂ। ਇੰਨੀ ਗੱਲ ਕਰ ਕੇ ਫਿਰ ਬਲਵੰਤ ਸਿੰਘ ਰੋਣ ਲੱਗ ਪਿਆ। ਬਾਬਾ ਜੀ ਨੇ ਮੁੜ ਦਿਲਾਸਾ ਦਿੱਤਾ ਤੇ ਕਿਹਾ, ਬਲਵੰਤ ਸਿੰਘ! ਘਬਰਾ ਨਾ, ਪਹਿਲਾਂ ਤੂੰ ਇਹ ਦੱਸ ਕਿ ਤੈਨੂੰ ਗੁਰੂ ਤੇ ਪਹਿਲਾਂ ਜਿੰਨਾਂ ਹੀ ਭਰੋਸਾ ਹੈ ਜਾਂ ਤੇਰਾ ਮਨ ਗੁਰਸਿੱਖੀ ਨਿਭਾਉਣ ਤੋਂ ਡੋਲ ਗਿਆ ਹੈ?

ਬਲਵੰਤ ਸਿੰਘ ਨੇ ਸੱਚ ਕਹਿ ਦਿੱਤਾ ਕਿ ਕੱਲ੍ਹ ਰਾਤ ਦੀ ਜੋ ਹਾਲਤ ਮੈਂ ਵੇਖੀ ਹੈ ਤੇ ਮੇਰੇ ਸਾਹਮਣੇ ਵਰਤੀ ਹੈ ਤੇ ਜੋ ਸਾਡੇ ਘਰ ਦੀ ਚਰਚਾ ਘਰ ਘਰ ਹੋ ਰਹੀ ਹੈ। ਉਸ ਕਰਕੇ ਮੇਰਾ ਮਨ ਡਾਵਾਂਡੋਲ ਹੋ ਗਿਆ ਹੈ। ਤੁਸੀਂ ਕਿਰਪਾ ਕਰੋਗੇ ਤਾਂ ਮੁੜ ਤਕੜਾ ਹੋ ਸਕਦਾ ਹੈ। ਬਾਬਾ ਜੀ ਕਹਿਣ ਲੱਗੇ, ਕਿਰਪਾ ਤਾਂ ਗੁਰੂ ਮਹਾਰਾਜ ਜੀ ਨੇ ਕਰਨੀ ਹੈ। ਜੇ ਤੂੰ ਤਕੜਾ ਮਨ ਬਣਾ ਲਵੇਂ ਤਾਂ ਸਭ ਕੁਝ ਠੀਕ ਹੋ ਸਕਦਾ ਹੈ। ਅੱਗੇ ਚਾਰ ਸਾਲ ਹੋ ਗਏ, ਤੇਰੇ ਘਰ ਬੱਚਾ ਵੀ ਪੈਦਾ ਹੋ ਗਿਆ। ਚਾਰ ਸਾਲ ਤੱਕ ਬਾਬੇ ਨੂੰ ਇਹ ਨਹੀਂ ਪਤਾ ਲੱਗਾ ਕਿ ਮੇਰੀ ਭਗਤਣੀ ਕਿੱਥੇ ਹੈ? ਤੇ ਮੇਰੀ ਪਧਾੜੀ ਭਰਨ ਨਹੀਂ ਆਉਦੀਂ ਤੇ ਉਸ ਨੇ ਅੰਮ੍ਰਿਤ ਛੱਕ ਲਿਆ ਹੈ। ਉਸ ਨੂੰ ਚਾਰ ਸਾਲ ਬਾਅਦ



ਹੁਣ ਆਪਣੀਂ ਭਗਤਣੀ ਦਾ ਚੇਤਾ ਆਇਆ? ਇਹ ਤੇਰੇ ਨਾਲ ਤ੍ਰਿਯਾ ਚਲਿੱਤਰ ਵਰਤ ਰਿਹਾ ਹੈ। ਬਲਵੰਤ ਸਿੰਘ ਕਹਿਣ ਲੱਗਾ, ਬਾਬਾ ਜੀ! ਜੋ ਕੁਝ ਵੀ ਹੈ, ਤੁਸੀਂ ਕ੍ਰਿਪਾ ਕਰਕੇ ਮੇਰਾ ਘਰ ਬਚਾ ਦਿਉ।

### *ਬਾਬਾ ਜੀ ਨੇ ਬਾਬੇ ਲਈ ਦੁਆਈ ਭੇਜਣੀ*

ਬਾਬਾ ਜੀ ਦੇ ਨਜ਼ਦੀਕ ਹੀ ਮੈਂ ਬੈਠਾ ਸਾਂ। ਬਾਬਾ ਜੀ ਮੈਨੂੰ ਕਹਿਣ ਲੱਗੇ, ਸੇਵਾ ਸਿੰਘ! ਔਹ ਕਿੱਲੀ ਨਾਲ ਟੰਗਿਆ ਝੋਲਾ ਫੜਾ ਤੇ ਉਹ ਸਾਹਮਣੇ ਪਏ ਦੋਵੇਂ ਪਊਏ ਚੁੱਕ ਲਿਆ। ਗੁਰੂ ਮਿਹਰ ਕਰੇ, ਬਲਵੰਤ ਸਿੰਘ ਦਾ ਘਰ ਵਸਾਈਏ। ਮੈਂ ਕਿੱਲੀ ਨਾਲੋਂ ਝੋਲਾ ਲਾਹ ਲਿਆਂਦਾ, ਤੇ ਲੱਕੜ ਦੇ ਦੋਵੇਂ [1]ਪਊਏ ਚੁੱਕ ਦੇ ਬਾਬਾ ਜੀ ਪਾਸ ਲੈ ਆਇਆ। ਬਾਬਾ ਜੀ, ਬਲਵੰਤ ਸਿੰਘ ਨੂੰ ਕਹਿਣ ਲੱਗੇ! ਲੋੜ ਤਾਂ ਇੱਕ ਦੀ ਹੀ ਸੀ, ਕਈ ਵਾਰੀ ਇੱਕ ਟੁੱਟ ਜਾਵੇ ਤਾਂ ਕੰਮ ਅੱਧ-ਵਿਚਾਲੇ ਹੀ ਰਹਿ ਜਾਂਦਾ ਹੈ, ਇਸ ਲਈ ਤੂੰ ਦੋਵੇਂ ਪਊਏ ਝੋਲੇ ਵਿੱਚ ਪਾ ਕੇ ਪਿੰਡ ਨੂੰ ਲੈ ਜਾਹ ਪਰ ਆਪਣੇ ਘਰ ਵਾਲੀ ਨੂੰ ਨਾ ਦੱਸੀਂ।

ਜਦੋਂ ਵੀ ਅੱਜ ਜਾਂ ਕੱਲ੍ਹ ਤੇਰੇ ਘਰ ਵਾਲੀ ਨੂੰ ਬਾਬੇ ਦੀ ਪੌਣ ਆਈ ਤੇ ਉਸ ਨੇ ਖੇਡਣਾ ਸ਼ੁਰੂ ਕੀਤਾ ਤਾਂ ਉਸ ਨੂੰ ਮਨ੍ਹਾ ਨਾ ਕਰੀਂ, ਖੇਡਣ ਦੇਈਂ ਤੇ ਬਾਹਰਲਾ ਡਿਉੜੀ ਵਾਲਾ ਕੁੰਡਾ ਅੰਦਰੋਂ ਮਾਰ ਲਵੀਂ। ਜਦੋਂ ਤੈਨੂੰ ਅਵਾ-ਤਬਾ ਬੋਲੇ ਤਾਂ ਬੋਲਣ ਦੇਈਂ ਤੇ ਪਊਆਂ ਵਾਲਾ ਝੋਲਾ ਨੇੜੇ ਲਿਆ ਰੱਖੀ। ਜਿਸ ਵੇਲੇ ਉਹ ਫੁੰਕਾਰੇ ਮਾਰ ਕੇ ਤੈਨੂੰ ਪਵੇ ਜਾਂ ਗੁਰਸਿੱਖੀ ਚਿੰਨਾਂ ਜਾਂ ਗੁਰੂ ਸਾਹਿਬਾਨ ਪ੍ਰਤੀ ਮਾੜੇ ਸ਼ਬਦ ਬੋਲੇ, ਉਸ ਵੇਲੇ ਝੋਲੇ ਵਿਚੋਂ ਪਊਆ ਕੱਢ ਕੇ ਤੂੰ ਆਪਣੀ ਕਾਰਵਾਈ ਸ਼ੁਰੂ ਕਰ ਦੇਵੀਂ। ਇੰਨਾਂ ਧਿਆਨ ਰੱਖੀਂ ! ਕਿਤੇ ਸਿਰ ਮੂੰਹ ਤੇ ਜਾਂ ਕੁਥਾਂਹ ਨਾ ਮਾਰੀਂ, ਕਿਤੇ ਬਾਬੇ ਦਾ ਇਲਾਜ ਕਰਦਾ ਕਰਦਾ, ਧੀਰਜ ਕੌਰ ਦਾ ਹੀ ਪੱਕਾ ਇਲਾਜ ਨਾ ਕਰ ਦੇਵੀਂ। ਪਿੱਠ ਤੇ ਚੰਗੀ ਛਤੜੈਹ ਕਰ ਦੇਵੀਂ। ਜਦੋਂ ਇਹ ਕਾਰਵਾਈ ਤੂੰ ਸ਼ੁਰੂ ਕੀਤੀ ਤਾਂ ਉਸ ਨੇ ਛੇਤੀ ਹੀ ਤੇਰੇ ਹੱਥੀ-ਪੈਰੀਂ ਪੈਣ ਲੱਗ ਜਾਣਾ ਹੈ ਕਿ ਮੈਨੂੰ ਮਾਰੋ ਨਾ, ਬਾਬਾ ਜੀ ਚਲੇ ਗਏ ਹਨ। ਤੂੰ ਫਿਰ ਵਿਰਲੀ-ਵਿਰਲੀ ਆਪਣੀ ਕਾਰਵਾਈ ਕਰਦਾ ਰਹੀਂ ਤੇ ਸਾਰੀ ਅਸਲੀਅਤ ਪੁੱਛੀਂ ਕਿ ਤੈਨੂੰ ਇਹ ਡਰਾਮਾ ਕਰਨਾ ਕਿਸ ਨੇ ਸਿਖਾਇਆ? ਲਹੂ ਦੇ ਛਿੱਟੇ ਕੌਣ ਪਾਉਂਦਾ ਤੇ ਕੱਪੜਾ ਕੌਣ ਕੱਟਦਾ ਸੀ? ਜਾਣ ਲੱਗਿਆਂ ਬਾਬਾ ਜੀ ਨੇ ਫਿਰ ਕਿਹਾ ਕਿ ਐਵੇ ਘਬਰਾਵੀਂ ਨਾ। ਇਹ ਕੰਮ ਹੌਸਲੇ ਨਾਲ ਕਰਨਾ ਪੈਣਾ ਹੈ।

ਬਲਵੰਤ ਸਿੰਘ ਨੇ ਬਾਬਾ ਜੀ ਵਾਲੇ ਦੋਵੇਂ ਪਊਏ ਜੋ ਝੋਲੇ ਵਿੱਚ ਪਾਏ ਹੋਏ ਸਨ, ਚੁੱਕ ਕੇ ਸਾਇਕਲ ਦੇ ਹੈਂਡਲ ਨਾਲ ਲਮਕਾ ਲਏ ਤੇ ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕ ਕੇ ਪਿੰਡ ਨੂੰ ਰਮਦਾ ਰਿਹਾ। ਸ਼ਾਮ ਚਾਰ ਵਜੇ ਘਰ ਪੁੱਜਾ ਅਜੇ ਘਰ ਵਿੱਚ ਸੁੱਖ ਸ਼ਾਂਤੀ ਸੀ, ਜਲ ਪਾਣੀ ਛੱਕਿਆ। ਬਲਵੰਤ ਸਿਘ ਦੇ ਘਰੋਂ ਅੰਦਰ ਅਰਾਮ ਕਰਨ ਲੱਗ

1.ਲੱਕੜ ਦੀਆਂ ਖੜਾਵਾਂ ਦੀ ਇੱਕ ਕਿਸਮ, ਜਿਸ ਨੂੰ ਸਾਧੂ ਮਹਾਤਮਾਂ ਪੈਰਾਂ ਵਿੱਚ ਪਾਉਂਦੇ ਹਨ।

ਪਈ। ਬਲਵੰਤ ਸਿੰਘ ਥੋੜ੍ਹਾ ਬਾਹਰ ਘੁੰਮ ਕੇ ਲੋਕਾਂ ਦੀਆਂ ਗੱਲਾਂ ਬਾਤਾਂ ਸੁਣ ਕੇ ਆਇਆ। ਬਲਵੰਤ ਸਿੰਘ, ਜਿਸ ਮਾਈ ਕੋਲ ਦੀ ਲੰਘੇ, ਉਹ ਹੀ ਬਲਵੰਤ ਸਿੰਘ ਨੂੰ ਰੋਕ ਕੇ ਮੱਤ ਦੇਣ ਲੱਗ ਜਾਵੇ ਕਿ ਪੁੱਤ ! ਬਾਹਰ ਨਾ ਜਾਇਆ ਕਰ ਤੇ ਘਰ ਰਿਹਾ ਕਰ। ਪਤਾ ਨਹੀਂ ਬਾਬੇ ਦਾ ਪਹਿਰਾ ਕਦੋਂ ਲੱਗ ਜਾਣਾ ਹੈ। ਪਹਿਲਾਂ ਆਪਣਾ ਘਰ ਬਚਾ, ਸਾਰੀ ਉਮਰ ਕਮਾਈ ਹੀ ਕਰਨੀ ਹੈ। ਬਲਵੰਤ ਸਿੰਘ ਘੰਟੇ ਕੁ ਵਿੱਚ ਲੋਕਾਂ ਦੀਆਂ ਮੱਤਾਂ ਸੁਣ ਕੇ ਤੇ ਆਪਣੇ ਘਰ ਵਰਤੇ ਮਾਜਰੇ ਦੀ ਕਹਾਣੀ ਸੁਣ ਸੁਣ ਕੇ ਅੱਕ ਵੀ ਗਿਆ ਤੇ ਮਨ ਵਿੱਚ ਰੋਹ ਵੀ ਪੈਦਾ ਹੋਇਆ ਕਿ ਮੁੜ ਇਸ ਤਰ੍ਹਾਂ ਕਦੋਂ ਹੋਵੇ ਤੇ ਮੈਂ ਵੀ ਮਹਾਂਪੁਰਖਾਂ ਪਾਸੋਂ ਲਿਆਂਦੀ ਦੁਆਈ ਵਰਤਾਂ। ਬਲਵੰਤ ਸਿੰਘ ਭਰਾ-ਪੀਤਾ ਘਰ ਪੁੱਜਾ, ਪ੍ਰਸ਼ਾਦਾ ਤਿਆਰ ਸੀ। ਦੋਵਾਂ ਨੇ ਪ੍ਰਸ਼ਾਦਾ ਛੱਕਿਆ, ਭਾਂਡਾ-ਟੀਂਡਾ ਸਾਂਭਣ ਉਪ੍ਰੰਤ ਬਲਵੰਤ ਸਿੰਘ ਨੇ ਆਪਣੇ ਘਰ ਵਾਲੀ ਨੂੰ ਅਵਾਜ ਮਾਰੀ ਕਿ ਕੰਮ ਮੁੱਕਾ ਕੇ ਇੱਧਰ ਆ ਜਾਵੇ। ਆਪਾਂ ਦੋਵੇਂ ਸੋਦਰ ਦਾ ਪਾਠ ਕਰ ਲਈਏ। ਧੀਰਜ ਕੌਰ ਕੰਮ ਕਾਰ ਸਾਂਭ ਕੇ ਬਲਵੰਤ ਸਿੰਘ ਦੇ ਨੇੜੇ ਡਿਠੇ ਮੰਜੇ ਉੱਪਰ ਆ ਬੈਠੀ।

### *ਬਲਵੰਤ ਸਿੰਘ ਨੇ ਸੋਦਰ ਦਾ ਪਾਠ ਅਰੰਭ ਕਰਨਾ*

ਬਲਵੰਤ ਸਿੰਘ ਨੇ ਸੋਦਰ (ਰਹਿਰਾਸ) ਦਾ ਪਾਠ ਅਰੰਭ ਕੀਤਾ। ਅਜੇ ਸੋਦਰ ਦੀ ਪਉੜੀ ਚੱਲ ਰਹੀ ਸੀ ਕਿ ਧੀਰਜ ਕੌਰ ਉੱਪਰ ਨੂੰ ਮੂੰਹ ਕਰ ਕੇ ਲੰਬੀਆਂ ਲੰਬੀਆਂ ਉਬਾਸੀਆਂ ਲੈਣ ਲੱਗ ਪਈ ਤੇ ਗੂਜਰੀ ਰਾਗ ਦਾ ਚੌਥੇ ਪਾਤਸ਼ਾਹ ਜੀ ਦਾ ਸ਼ਬਦ ਪੜ੍ਹਨ ਤੱਕ, ਉਸ ਨੇ ਫੁੰਕਾਰੇ-ਨੁਮਾ ਸਾਹ ਲੈਣੇ ਅਰੰਭ ਕਰ ਦਿੱਤੇ। ਬਲਵੰਤ ਸਿੰਘ ਚੁੱਪ ਕਰ ਕੇ ਪਾਠ ਕਰੀ ਗਿਆ। ਜਿਸ ਵੇਲੇ ਬੇਨਤੀ ਚੌਪਈ ਦਾ ਪਾਠ **''ਹਮਰੀ ਕਰੋ ਹਾਥ ਦੈ ਰਛਾ॥ ਪੂਰਨ ਹੋਇ ਚਿਤ ਕੀ ਇਛਾ॥''** ਪੰਕਤੀਆਂ ਅਰੰਭ ਹੋਈਆਂ। ਧੀਰਜ ਕੌਰ ਨੇ ਉੱਚੀ ਅਵਾਜ਼ ਨਾਲ **''ਬੋਲ ਬਾਬੇ ਦੀ ਜੈ''**, ਦੇ ਨਾਹਰੇ ਲਾਉਣੇ ਅਰੰਭ ਕਰ ਦਿੱਤੇ ਤੇ ਵਾਲਾਂ ਨੂੰ ਖਿਲਾਰ ਕੇ ਧਰਤੀ ਉੱਪਰ ਬੈਠ, ਸਿਰ ਘੁਮਾਂ-ਘੁਮਾਂ ਕੇ ਖੇਡਣਾ ਸ਼ੁਰੂ ਕਰ ਦਿੱਤਾ।

ਇੱਧਰ ਬਲਵੰਤ ਸਿੰਘ ਵੀ ਬਾਬਾ ਜੀ ਵਾਲੇ ਪਊਏ ਅੰਦਰੋਂ ਨੇੜੇ ਲੈ ਆਇਆ। ਧੀਰਜ ਕੌਰ, ਜੋ ਬਾਬੇ ਦੇ ਰੂਪ ਵਿੱਚ ਬੋਲ ਰਹੀ ਸੀ, ਨੂੰ ਸੰਬੋਧਨ ਕਰਕੇ ਕਹਿਣ ਲੱਗਾ! ਸੋਦਰ ਦਾ ਪਾਠ ਹੁਣ ਆਪਾਂ ਸਮਾਮਤੀ ਤੇ ਹੀ ਕਰਾਂਗੇ। ਪਹਿਲਾਂ ਆਪਾਂ ਖੇਡ ਹੀ ਖੇਡ ਲਈਏ। ਉੱਧਰ ਮੋੜਵਾਂ ਉੱਤਰ ਆਇਆ ਕਿ ਤੂੰ ਮੈਨੂੰ ਪਾਠ ਕਰ ਕੇ ਆਪਣੇ ਘਰੋਂ ਕੱਢਣਾ ਚਾਹੁੰਨਾ? ਤੂੰ ਜੋਰ ਲਾ ਲੈ, ਮੈਂ ਤੈਨੂੰ ਹੀ ਇਸ ਘਰ ਵਿਚੋਂ ਕੱਢ ਕੇ ਬੇ-ਘਰ ਕਰਾਂਗਾ। ਤੇਰੇ ਵਰਗੇ ਪਾਠ ਕਰਨ ਵਾਲੇ ਮੇਰੇ ਦਰ ਤੇ ਝਾੜੂ ਦਿੰਦੇ ਫਿਰਦੇ ਹਨ। ਜਿੰਨਾਂ ਚਿਰ ਤੂੰ ਮੇਰੀ ਭਗਤਣੀ ਨੂੰ ਨਾਲ ਲੈ ਕੇ ਮੇਰੇ ਦਰ ਤੇ ਨਹੀਂ ਆਉਂਦਾ ਤੇ ਮੇਰੇ ਨਾਉਂ ਦਾ ਘਰ ਵਿੱਚ ਚਰਾਗ ਨਹੀਂ ਬਾਲਦਾ, ਉਨ੍ਹਾਂ ਚਿਰ ਮੈਂ ਤੇਰਾ



ਪਿੱਛਾ ਨਹੀ ਛੱਡਣਾ।

### *ਬਲਵੰਤ ਸਿੰਘ ਨੇ ਪੌਣ ਦੂਰ ਕਰਨ ਦੀ ਦੁਆਈ ਸੇਵਨ ਕਰਾਈ*

ਅੱਗੋਂ ਬਲਵੰਤ ਸਿੰਘ ਨੇ, ਜੋ ਪਹਿਲਾਂ ਹੀ ਤਿਆਰੀ ਕਰੀ ਬੈਠਾ ਸੀ, ਕਿਹਾ ਬਾਬਾ ਜੀ! ਉਥੇ ਤਾਂ ਜਦੋਂ ਸਮਾਂ ਬਣਿਆ ਤਦੋਂ ਆਵਾਂਗੇ। ਸਬੱਬ ਨਾਲ ਤੁਸੀਂ ਸਾਡੇ ਘਰ ਵਿੱਚ ਆਏ ਹੋ, ਆਪਾਂ ਇੱਥੇ ਹੀ ਤੁਹਾਡੀ ਆਉ ਭਗਤ ਕਰ ਲੈਂਦੇ ਹਾਂ। ਇੰਨਾਂ ਕਹਿ ਕੇ ਬਲਵੰਤ ਸਿੰਘ ਨੇ ਧੀਰਜ ਕੌਰ ਨੂੰ ਫੜ ਕੇ ਪਹਿਲਾਂ ਦੋ ਤਿੰਨ ਜੋਰ ਦੀ ਚਪੇੜਾਂ ਜੜੀਆਂ, ਉਪ੍ਰੰਤ ਪਊਏ ਨਾਲ ਕਾਰਵਾਈ ਸ਼ੁਰੂ ਕਰ ਦਿੱਤੀ। ਅਜੇ ਇੱਕ ਡੇਢ ਮਿੰਟ ਹੀ ਪਊਏ ਦੀ ਖੇਡ ਚੱਲੀ ਕਿ ਬਾਬੇ ਦੀ ਪੰਦਰਾਂ ਮਿੰਟ ਦੀ ਚਲਦੀ ਖੇਡ ਦੇ ਸਿਰ, ਪਊਏ ਦੀ ਖੇਡ ਨੇ ਪਾਣੀ ਪਾ ਦਿੱਤਾ। ਧੀਰਜ ਕੌਰ, ਜੋ ਬਾਬੇ ਦਾ ਰੂਪ ਬਣ ਕੇ ਡਰਾਉਂਦੀ ਧਮਕਾਉਂਦੀ ਤੇ ਅਵਾ-ਤਬਾ ਬੋਲਦੀ ਸੀ, ਮਿੰਨਤਾਂ ਤਰਲੇ ਕਰਨ ਲੱਗ ਪਈ ਤੇ ਆਪਣੇ ਪਤੀ ਬਲਵੰਤ ਸਿੰਘ ਨੂੰ ਕਹਿਣ ਲੱਗੀ! ਤੁਸੀਂ ਮੈਨੂੰ ਮਾਰੋ ਨਾ, ਬਾਬਾ ਜੀ ਚਲੇ ਗਏ ਤੇ ਉਹ ਦੂਰ ਨੱਸ ਗਏ। ਉਨ੍ਹਾਂ ਹੁਣ ਨਹੀਂ ਆਉਣਾ, ਉਹ ਗੁੱਸੇ ਹੋ ਗਏ ਹਨ। ਬਲਵੰਤ ਸਿੰਘ ਵਿਰਲਾ ਵਾਂਝਾ ਨਰਮ ਜਿਹਾ ਥਾਂ ਵੇਖ ਕੇ ਦੋ ਚਾਰ ਪਊਇਆਂ ਦੀ ਮਾਰ ਝਾੜ ਦੇਵੇ। ਜਦੋਂ ਬਹੁਤੀ ਆਜਜ਼ ਹੋ ਗਈ ਤਾਂ ਬਲਵੰਤ ਸਿੰਘ ਨੇ ਅਸਲ ਕਹਾਣੀ ਦੱਸਣ ਲਈ ਕਿਹਾ।

### *ਬਲਵੰਤ ਸਿੰਘ ਨੇ ਅਸਲੀਅਤ ਪੁੱਛਣੀ*

ਬਲਵੰਤ ਸਿੰਘ ਨੇ ਸਾਰੀ ਅਸਲ ਕਹਾਣੀ ਪੁੱਛਣੀ ਅਰੰਭ ਕੀਤੀ। ਦੇਖ ਧੀਰਜ ਕੌਰ! ਤੇਰੇ ਕਹਿਣ ਅਨੁਸਾਰ ਬਾਬਾ ਹੁਣ ਨੱਸ ਗਿਆ। ਹੁਣ ਕੇਵਲ ਇੱਕ ਤੂੰ, ਇੱਕ ਮੈਂ, ਤੀਸਰਾ ਇਹ ਬਾਬਿਆਂ ਦਾ ਪਊਆ, ਜੇ ਇੱਕ ਟੁੱਟ ਵੀ ਗਿਆ ਤਾਂ ਦੂਸਰਾ ਮੇਰੇ ਪਾਸ ਫਾਲਤੂ ਪਿਆ ਹੈ। ਭਲਾ ਚਾਹੁੰਦੀ ਹੈਂ ਤਾਂ ਸੱਚੋ ਸੱਚ ਸਾਰੀ ਕਹਾਣੀ ਦੱਸ ਦੇਹ, ਨਹੀ ਤੇ ਬਾਬਿਆਂ ਦੇ ਪਉਏ ਨੇ ਤਾਂ ਪੁੱਛ ਹੀ ਲੈਣਾ ਹੈ ਕਿ ਖੂਨ ਦੇ ਛਿੱਟੇ ਕੌਣ ਪਾਉਂਦਾ ਸੀ? ਕੱਪੜੇ ਕਿਵੇਂ ਕਟੀਂਦੇ ਤੇ ਸੜ੍ਹਦੇ ਸਨ? ਸਿਰ ਫੇਰਨਾ ਤੇ ਖੇਡਣਾ ਤੂੰ ਕਿੱਥੋਂ ਸਿੱਖਿਆ? ਨਾਲ ਹੀ ਪਿੱਠ ਤੇ ਜੋਰ ਦੀ ਦੋ ਪਊਆਂ ਦੀ ਬਾੜ ਝਾੜ ਦਿੱਤੀ। ਧੀਰਜ ਕੌਰ ਪਿੱਠ ਨੂੰ ਮਲਦੀ ਉੱਠ ਖਲੋਤੀ ਤੇ ਕਹਿਣ ਲੱਗੀ! ਰੱਬ ਦਾ ਵਾਸਤਾ, ਤੁਸੀਂ ਮੈਨੂੰ ਮਾਰੋ ਨਾਂਹ, ਮੈਂ ਸਭ ਕੁਝ ਤੁਹਾਨੂੰ ਦੱਸ ਦਿੰਦੀ ਹਾਂ।

ਇੰਨਾਂ ਕਹਿ ਕੇ ਧੀਰਜ ਕੌਰ ਅੰਦਰ ਗਈ ਤੇ ਕੰਧ ਉੱਪਰ ਬਣੇ ਆਲੇ ਵਿੱਚੋਂ, ਮੰਜੇ ਉੱਪਰ ਪੈਰ ਰੱਖ ਕੇ ਇੱਕ ਕੌਲੀ ਕੱਢ ਲਿਆਈ ਤੇ ਕਹਿਣ ਲੱਗੀ! ਇਸ ਕੌਲੀ ਵਿੱਚ ਗੇਰੀ ਪਾਣੀ ਤੇ ਸੰਧੂਰ ਦਾ ਘੋਲ ਬਣਾਇਆ ਹੋਇਆ ਹੈ। ਇਸ ਘੋਲ ਦਾ ਛਿੱਟਾ ਜਿੱਥੇ ਪੈ ਜਾਵੇ ਉਹ ਖੂਨ ਦਾ ਛਿੱਟਾ ਹੀ ਲੱਗਦਾ ਹੈ। ਇਸ ਘੋਲ ਨੂੰ ਮੈਂ ਆਪਣੇ ਹੱਥਾਂ ਨਾਲ ਕੰਧਾਂ ਉੱਪਰ ਛਿੜਕਦੀ ਸੀ। ਹੋਰ ਕਿਤੇ ਬਾਹਰੋਂ ਖੂਨ ਦੇ ਛਿੱਟੇ ਨਹੀਂ

ਸਨ ਪੈਂਦੇ।

ਅਗਲਾ ਸਵਾਲ ਬਲਵੰਤ ਸਿੰਘ ਨੇ ਪੁੱਛਿਆ ਕਿ ਕੱਪੜੇ ਕਿਵੇਂ ਕੱਟ ਹੁੰਦੇ ਤੇ ਸੜਦੇ ਸਨ? ਧੀਰਜ ਕੌਰ ਕਹਿਣ ਲੱਗੀ, ਤੁਹਾਡੀ ਕੱਪੜੇ ਕੱਟਣ ਵਾਲੀ ਕੈਂਚੀ ਨਾਲ, ਮੈਂ ਕੱਪੜੇ ਕੱਟਦੀ ਰਹੀ ਹਾਂ, ਤੇ ਅੱਗ ਵਿਚੋਂ ਚਿਮਟੇ ਨਾਲ ਕੋਇਲਾ ਲੈ ਕੇ ਮੈਂ ਹੀ ਕੱਪੜੇ ਸਾੜਦੀ ਰਹੀ ਹਾਂ। ਇਨਾਂ ਦੱਸ ਕੇ ਬੀਬੀ ਧੀਰਜ ਕੌਰ ਬੈਠ ਗਈ ਤੇ ਉੱਚੀ ਉੱਚੀ ਰੋਣ ਲੱਗ ਪਈ। ਬਲਵੰਤ ਸਿੰਘ ਹੱਥ ਵਿੱਚ ਪਊਆ ਫੜੀ ਕੋਲ ਹੀ ਬੈਠ ਗਿਆ ਤੇ ਕਹਿਣ ਲੱਗਾ! ਹੁਣ ਰੋਣ ਦਾ ਸਮਾਂ ਨਹੀਂ, ਕਿਸੇ ਨੇ ਤੈਨੂੰ ਛਡਾਉਣਾ ਵੀ ਨਹੀਂ।

ਅੱਧੀ ਰਾਤ ਹੋਣ ਲੱਗੀ ਆ। ਛੇਤੀ ਛੇਤੀ ਸਾਰੀ ਅਸਲੀਅਤ ਦੱਸ ਦੇਹ, ਨਹੀਂ ਤੇ ਆਹ ਵੇਖ! ਤੂੰ ਭਾਵੇਂ ਥੱਕ ਗਈ ਹੋਵੇਂ ਪਰ ਬਾਬਿਆਂ ਦਾ ਪਊਆ ਅਜੇ ਨਹੀਂ ਥੱਕਿਆ। ਧੀਰਜ ਕੌਰ ਕਹਿਣ ਲੱਗੀ ਕਿ ਮੇਰੇ ਪਿੱਠ ਵਿੱਚ ਸੱਟਾਂ ਦੀ ਦਰਦ ਬਹੁਤ ਹੁੰਦੀ ਹੈ। ਤੁਸੀਂ [1]ਰੋੜਾ ਗਰਮ ਕਰਕੇ ਮੇਰੀ ਪਿੱਠ ਤੇ ਸੇਕ ਦਿਉ। ਬਲਵੰਤ ਸਿੰਘ ਕਹਿਣ ਲੱਗਾ, ਭਲੀਏ! ਸਾਰੀ ਗੱਲ ਛੇਤੀ ਛੇਤੀ ਦੱਸ ਦੇਹ, ਇਹ ਖੇਡ-ਖਿਡਾਈ ਦੀ ਖੇਡ ਖੇਡਣੀ, ਤੈਨੂੰ ਕਿਸ ਨੇ ਦੱਸੀ, ਤੇ ਕਿਸ ਨੇ ਤੈਨੂੰ ਇਸ ਰਾਹ ਪਾਇਆ? ਦੱਸ ਦੇਵੇਗੀ ਤਾਂ ਛੇਤੀ ਛੁਟਕਾਰਾ ਹੋ ਜਾਵੇਗਾ, ਨਹੀਂ ਤੇ ਇਸ ਪਊਏ ਨੇ ਤਾਂ ਸਾਰੀ ਅਸਲੀਅਤ ਪੁੱਛ ਹੀ ਲੈਣੀ ਹੈ। ਤੇਰੇ ਕਹਿਣ ਤੇ ਰੋੜਾ ਮੈਂ ਚੁਲ੍ਹੇ ਵਿੱਚ ਸੁੱਟ ਆਉਂਦਾ ਹਾਂ, ਜਦ ਤੱਕ ਗਰਮ ਹੋ ਜਾਏਗਾ। ਇਨ੍ਹਾਂ ਕਹਿ ਕੇ ਬਲਵੰਤ ਸਿੰਘ ਚੁਲ੍ਹੇ ਵਿੱਚ ਦੋ ਰੋੜੇ ਸੁੱਟ ਆਇਆ ਤੇ ਉੱਪਰ ਅੱਗ ਦੇ ਕੋਇਲੇ ਪਾ ਦਿੱਤੇ ਤੇ ਮੁੜ ਆ ਕਹਿਣ ਲੱਗਾ, ਭਲੀਏ! ਮੈਂ ਇੱਕ ਦੀ ਥਾਂ ਦੋ ਰੋੜੇ ਚੁਲ੍ਹੇ ਵਿੱਚ ਸੁੱਟ ਆਇਆ ਹਾਂ, ਭਾਵੇਂ ਸਾਰੀ ਰਾਤ ਸੇਕ ਦੇਈ ਜਾਵੀਂ। ਜਲਦੀ ਕਰ ਤੇ ਹੱਥ ਵਿੱਚ ਫੜਿਆ ਪਊਆ ਉਤਾਂਹ ਨੂੰ ਕੀਤਾ। ਧੀਰਜ ਕੌਰ ਨੇ ਪਊਆ ਰੋਕਣ ਲਈ ਹੱਥ ਉੱਪਰ ਕੀਤਾ ਤੇ ਕਿਹਾ ਕਿ ਹੁਣ ਤੁਸੀਂ ਮਾਰਿਓ ਨਾ, ਮੈਂ ਸਾਰਾ ਭੇਤ ਤੁਹਾਨੂੰ ਦੱਸ ਦਿੰਦੀ ਹਾਂ।

ਮੇਰੀ ਮੁਕੇਰੀਆਂ ਵਾਲੀ ਭੈਣ ਜੋ ਬਾਬੇ ਦੀ ਪੁਜਾਰੀ ਹੈ ਤੇ ਅਸੀਂ ਇੱਕਠੀਆਂ ਜਦੋਂ ਮਾਪਿਆਂ ਦੇ ਘਰ ਸਾਂ, ਸਾਲ ਵਿੱਚ ਦੋ ਵਾਰੀ ਬਾਬਾ ਜੀ ਦੀ ਪਧਾੜੀ ਭਰਨ ਜਾਂਦੀਆ ਸਾਂ। ਜਦੋਂ ਮੈਂ ਤੁਹਾਡੇ ਨਾਲ ਵਿਆਹੀ ਗਈ, ਅੰਮ੍ਰਿਤ ਛੱਕ ਲਿਆ। ਤੁਸੀਂ ਉੱਧਰ ਜਾਣ ਤੋਂ ਵਰਜ ਦਿੱਤਾ। ਉਸ ਨੇ ਮੈਨੂੰ ਮੁੜ ਸਿੱਖੀ ਦਾ ਰਸਤਾ ਛੱਡ ਕੇ ਬਾਬੇ ਦੇ ਜਾਣ ਲਈ ਤੇ ਖੁੱਲ੍ਹਾ ਖੁਲਾਸਾ ਜੀਵਨ ਬਿਤਾਉਣ ਲਈ ਪ੍ਰੇਰਿਆ ਤੇ ਜਦੋਂ ਉਹ ਬਿਮਾਰ ਸੀ, ਮੈਂ ਤੁਹਾਡੇ ਪਾਸੋਂ ਪੁੱਛ ਕੇ ਉਸ ਦੀ ਬਿਮਾਰ-ਪੋਸੀ ਲਈ

1. ਪੁਰਾਣੇ ਸਮੇਂ ਵਿੱਚ ਨਾ ਤਾਂ ਰਬੜ ਦੀਆਂ, ਗਰਮ ਪਾਣੀ ਦੀਆਂ ਬੋਤਲਾਂ ਆਮ ਘਰਾਂ ਵਿੱਚ ਹੁੰਦੀਆਂ ਸਨ ਅਤੇ ਨਾ ਹੀ ਗਰਮ ਪੈਡ। ਉਸ ਸਮੇਂ ਕਿਸੇ ਥਾਂ ਸੇਕ ਦੇਣ ਲਈ, ਅੱਗ ਵਿੱਚ ਵੱਟਾ ਜਾਂ ਰੋੜਾ ਪਾ ਦਿੱਤਾ ਜਾਂਦਾ ਸੀ। ਉਸ ਗਰਮ ਰੋੜੇ ਨੂੰ ਕੱਪੜੇ ਵਿੱਚ ਲਪੇਟ ਕੇ ਲੋੜੀਂਦੇ ਥਾਂ ਸੇਕਾ ਦਿੱਤਾ ਜਾਂਦਾ ਸੀ।



ਮੁਕੇਰੀਆਂ ਗਈ ਸੀ। ਉੱਥੇ ਉਸ ਨੇ ਮੈਨੂੰ, ਕਿੱਦਾਂ ਫੂੰਕਾਰੇ ਮਾਰਨੇ, ਉਬਾਸੀਆਂ ਕਿਵੇਂ ਲੈਣੀਆਂ? ਤੇ ਖੇਡਣ ਦੀ ਖੇਡ ਸਾਰੀ ਸਿਖਾਈ ਸੀ। ਇਹ ਉਸ ਦਾ ਹੀ ਕਸੂਰ ਹੈ।

## *ਬਲਵੰਤ ਸਿੰਘ ਤੇ ਧੀਰਜ ਕੌਰ ਦੀ ਵਾਰਤਾਲਾਪ*

ਬਲਵੰਤ ਸਿੰਘ ਨੇ ਫਿਰ ਪੁੱਛਿਆ ਕਿ ਹੁਣ ਤੇਰਾ ਕੀ ਵੀਚਾਰ ਹੈ? ਤੂੰ ਜੋ ਕਕਾਰਾਂ ਦੀ ਬਿਅਦਬੀ ਕੀਤੀ ਹੈ ਉਸ ਦੀ ਮਾਫੀ ਮੰਗੇਗੀ? ਤੇ ਨਾਲ ਹੀ ਗੁਰਦੁਆਰਾ ਸਾਹਿਬ ਜਾ ਕੇ ਸੰਤ ਬਾਬਾ ਹਰਨਾਮ ਸਿੰਘ ਜੀ ਨੂੰ ਆਪਣੀ ਜ਼ੁਬਾਨੀ ਸਾਰੀ ਗੱਲ, ਜੋ ਤੂੰ ਮੇਰੇ ਨਾਲ ਤ੍ਰਿਆ-ਚਰਿੱਤਰ ਖੇਡਿਆ ਹੈ, ਕੀ ਤੂੰ ਆਪ ਦੱਸੇਗੀਂ? ਧੀਰਜ ਕੌਰ ਕਹਿਣ ਲੱਗੀ, ਬਾਬਾ ਜੀ ਤਾਂ ਸਾਡੇ ਪੂਜਣ ਯੋਗ ਹਨ। ਮੈਂ ਆਪਣੀ ਭੈਣ ਦੇ ਚੁੱਕੇ ਚੁਕਾਏ ਉਨ੍ਹਾਂ ਨੂੰ ਵੀ ਵੱਧ ਘਟ ਕਹਿ ਬੈਠੀ ਤੇ ਕਕਾਰਾਂ ਦੀ ਵੀ ਬਿਅਦਬੀ ਕੀਤੀ ਹੈ। ਬਾਬਾ ਜੀ ਨੂੰ ਤਾਂ ਦੱਸਾਂਗੀ ਹੀ, ਜਿਸ ਨੂੰ ਵੀ ਤੁਸੀਂ ਕਹੋਗੇ ਉਸ ਨੂੰ ਸਾਰੀ ਅਸਲੀਅਤ ਦੱਸ ਦੇਵਾਂਗੀ। ਸਾਰੀ ਗੱਲਬਾਤ ਦਸੱਦਿਆਂ ਅੱਗ ਵਿੱਚ ਪਏ ਰੋੜੇ ਵੀ ਗਰਮ ਹੋ ਗਏ। ਇੱਕ ਰੋੜਾ ਬਲਵੰਤ ਸਿੰਘ ਨੇ ਕੱਪੜੇ ਵਿੱਚ ਵਲੇਟ ਕੇ ਆਪਣੇ ਹੱਥ ਫੜ ਲਿਆ ਤੇ ਬਲਵੰਤ ਸਿੰਘ ਨੇ ਧੀਰਜ ਕੌਰ ਦੀ ਪਿੱਠ ਤੇ ਮਿੱਠਾ ਤੇਲ ਮਲ ਕੇ ਸੇਕ ਦੇਣਾ ਸ਼ੁਰੂ ਕਰ ਦਿੱਤਾ ਤੇ ਧੀਰਜ ਕੌਰ ਨੇ ਜਿੱਥੇ ਕਿਤੇ ਲੱਤਾਂ ਉੱਪਰ ਖੇਡ ਖੇਡਦਿਆਂ ਪਊਏ ਦੀ ਸੱਟ ਵੱਜੀ ਸੀ, ਉਸ ਥਾਂ ਦੀ ਟਕੋਰ ਕਰਨੀ ਸ਼ੁਰੂ ਕਰ ਦਿੱਤੀ, ਨਾਲ ਹੀ ਬਲਵੰਤ ਸਿੰਘ ਨੇ ਕਿਹਾ ਕਿ ਮੈਂ ਤੇਰੀ ਪਿੱਠ ਤੇ ਤਦ ਸੇਕਾ ਦੇਣਾ ਹੈ, ਜੇ ਤੂੰ ਮੁੜ ਅਜਿਹਾ ਚੱਲਿਤ੍ਰ ਮੇਰੇ ਨਾਲ ਨਾ ਕਰੇਗੀ।

ਧੀਰਜ ਕੌਰ ਕਹਿਣ ਲੱਗੀ! ਮੈਂ ਤਾਂ ਕੀ ਮੇਰੇ ਨਿਆਣੇ ਵੀ ਇਸ ਤਰ੍ਹਾਂ ਕਿਸੇ ਦੀ ਚੁੱਕ ਚੁਕਾਈ ਵਿੱਚ ਨਹੀਂ ਆਉਣਗੇ। ਇਹ ਬਚਨ ਲੈ ਕੇ ਬਲਵੰਤ ਸਿੰਘ ਨੇ ਕਿਹਾ, ਹੋ ਤਾਂ ਭਾਵੇਂ ਅੱਧੀ ਰਾਤ ਗਈ ਹੈ, ਪਰ ਰਹਿਰਾਸ ਦਾ ਪਾਠ ਜੋ ਤੇਰੀ ਖੇਡ ਦੀ ਭੇਟਾ ਚੜ੍ਹ ਗਿਆ, ਉਸ ਨੂੰ ਆਪਾਂ ਪੂਰਾ ਕਰ ਲਈਏ। ਬਲਵੰਤ ਸਿੰਘ ਨੇ ਰਹਿਰਾਸ ਦਾ ਪਾਠ ਪੂਰਾ ਕੀਤਾ ਤੇ ਚੁੱਲ੍ਹੇ ਵਿੱਚ ਬਚਦੇ ਕੋਇਲੇ ਲੁਹਾਂਡੇ ਵਿੱਚ ਪਾ ਕੇ ਧੀਰਜ ਕੌਰ ਦੇ ਮੰਜੇ ਹੇਠ ਰੱਖ ਦਿੱਤੇ ਤਾਂ ਜੋ ਸਰੀਰ ਗਰਮ ਰਹੇ ਅਤੇ ਨਾਲ ਹੀ ਕੋਡੋਪਾਇਰੀਨ (ਦਰਦ ਦੀ ਗੋਲੀ) ਗਰਮ ਦੁੱਧ ਨਾਲ ਖੁਆ ਦਿੱਤੀ ਤੇ ਦੋਵੇਂ ਅਰਾਮ ਕਰਨ ਲੱਗ ਪਏ। ਬਲਵੰਤ ਸਿੰਘ ਤਾਂ ਘੁਰਾੜੇ ਮਾਰਨ ਲੱਗ ਪਿਆ ਪਰ ਧੀਰਜ ਕੌਰ ਦੀਆਂ ਵੱਖੀਆਂ ਦੁੱਖਦੀਆਂ ਹੋਣ ਕਾਰਨ, ਉਹ ਹੂੰਗੇ ਮਾਰਦੀ ਨੂੰ ਆਖਰ ਨੀਂਦ ਆ ਗਈ। ਅਗਲਾ ਦਿਨ ਵੀ ਮਿੱਠੇ ਤੇਲ ਨੂੰ ਗਰਮ ਕਰਕੇ ਟਕੋਰ ਕਰਦਿਆਂ ਤੇ ਸੇਕ ਦਿੰਦਿਆ ਬੀਤਿਆ। ਤਿੰਨ ਕੁ ਦਿਨਾਂ ਵਿੱਚ ਧੀਰਜ ਕੌਰ ਬਿਲਕੁਲ ਠੀਕ ਹੋ ਗਈ ਅਤੇ ਮੁੜ ਕੇ ਬਾਬੇ ਨੇ ਵੀ ਫੇਰਾ ਨਹੀਂ ਪਾਇਆ।

### *ਬਲਵੰਤ ਸਿੰਘ ਬਾਬਾ ਜੀ ਪਾਸ ਗਿਆ*

ਬਲਵੰਤ ਸਿੰਘ ਮਨੋਮਨੀ ਬੜਾ ਖੁਸ਼ ਸੀ। ਉਹ ਦੂਸਰੇ ਦਿਨ ਹੀ ਘਰੋਂ ਬਿਨਾਂ ਦੱਸੇ ਬਾਬਾ ਜੀ ਪਾਸ ਆਇਆ। ਬਾਬਾ ਜੀ ਨੂੰ ਫਤਹਿ ਦੀ ਸਾਂਝ ਕਰ ਪੈਰਾਂ ਨੂੰ ਹੱਥ ਲਾਉਣ ਲੱਗਾ, ਪਰ ਬਾਬਾ ਜੀ ਨੇ ਰੋਕ ਦਿੱਤਾ। ਬਲਵੰਤ ਸਿੰਘ ਖੁਸ਼ੀ ਦੇ ਮੂਡ ਵਿੱਚ ਬਾਬਾ ਜੀ ਨੂੰ ਕਹਿਣ ਲੱਗਾ, ਬਾਬਾ ਜੀ! ਮੈਂ ਤੁਹਾਡਾ ਧੰਨਵਾਦ ਕਰਨ ਆਇਆ ਹਾਂ। ਤੁਸੀਂ ਕਿਰਪਾ ਕਰਕੇ ਮੇਰਾ ਧਰਮ ਵੀ ਤੇ ਘਰ ਵੀ ਤਬਾਹ ਹੋਣ ਤੋਂ ਬਚਾ ਲਿਆ ਹੈ। ਆਪ ਜੀ ਦੇ ਅਨੁਭਵ ਅਨੁਸਾਰ ਇਹ ਸਾਰੀ ਖੇਡ ਤ੍ਰਿਆ-ਚਰਿੱਤਰ ਦੀ ਹੀ ਨਿਕਲੀ। ਧੀਰਜ ਕੌਰ ਨੂੰ ਸਾਰੀ ਸਿਖਲਾਈ ਮੇਰੀ ਮੁਕੇਰੀਆਂ ਵਾਲੀ ਸਾਲੀ ਨੇ ਦਿੱਤੀ ਸੀ, ਕੱਲ੍ਹ ਨੂੰ ਮੇਰੇ ਘਰ ਵਾਲੀ ਵੀ ਆਪ ਜੀ ਦੇ ਦਰਸ਼ਨ ਕਰਨ ਆਵੇਗੀ, ਉਹ ਤੁਹਾਨੂੰ ਆਪਣੀ ਜ਼ੁਬਾਨੀ ਸਾਰੀ ਗੱਲ ਦੱਸੇਗੀ।

ਬਾਬਾ ਜੀ, ਬਲਵੰਤ ਸਿੰਘ ਨੂੰ ਬਿਲਾਸ ਵਿੱਚ ਕਹਿਣ ਲੱਗੇ, ਬਲਵੰਤ ਸਿੰਘ! ਕੀ ਪਊਏ ਨੇ ਵੀ ਕੁਝ ਕੰਮ ਦਿਤਾ? ਬਲਵੰਤ ਸਿੰਘ ਹੱਸ ਕੇ ਕਹਿਣ ਲੱਗਾ, ਬਾਬਾ ਜੀ! ਇਹ ਸਾਰੀ ਬਰਕਤ ਤਾਂ ਤੁਹਾਡੇ ਪਊਏ ਦੀ ਹੀ ਹੈ। ਡੇਢ ਦੋ ਮਿੰਟ ਵਿੱਚ ਹੀ ਪਊਏ ਨੇ ਬਾਬੇ ਨੂੰ ਵੀ ਭਜਾ ਦਿੱਤਾ ਤੇ ਸਾਰੀ ਅਸਲੀਅਤ ਵੀ ਸਾਹਮਣੇ ਲਿਆ ਦਿੱਤੀ। ਬਾਬਾ ਜੀ ਕਹਿਣ ਲੱਗੇ! ਗੁਰੂ ਮਹਾਂਰਾਜ ਜੀ ਨੂੰ ਨਮਸਕਾਰ ਕਰਕੇ ਮਹਾਂਰਾਜ ਜੀ ਦਾ ਧੰਨਵਾਦ ਕਰ ਤੇ ਛੇਤੀ ਪਿੰਡ ਚਲਾ ਜਾਹ, ਕਿਤੇ ਤੇਰੀ ਗੈਰਹਾਜ਼ਰੀ ਵਿੱਚ ਮੁੜ ਬਾਬੇ ਦੀ ਪੌਣ ਨ ਆ ਜਾਵੇ। ਬਲਵੰਤ ਸਿੰਘ ਕਹਿਣ ਲੱਗਾ, ਬਾਬਾ ਜੀ! ਤੁਹਾਡੇ ਹੁੰਦਿਆਂ ਹੁਣ ਬਾਬਾ ਸਾਡੇ ਘਰ ਨਹੀਂ ਆ ਸਕਦਾ। ਬਲਵੰਤ ਸਿੰਘ ਖੁਸ਼ੀ ਖੁਸ਼ੀ ਮੁੜ ਆਪਣੇ ਘਰ ਨੂੰ ਚਲਾ ਗਿਆ।

### *ਬਲਵੰਤ ਸਿੰਘ ਤੇ ਧੀਰਜ ਕੌਰ ਇਕੱਠੇ ਬਾਬਾ ਜੀ ਪਾਸ ਆਏ*

ਅਗਲੇ ਦਿਨ, ਬਲਵੰਤ ਸਿੰਘ ਸਾਈਕਲ ਉੱਪਰ ਬਿਠਾ ਕੇ ਆਪਣੀ ਘਰਵਾਲੀ ਨੂੰ ਬਾਬਾ ਜੀ ਪਾਸ ਲੈ ਆਇਆ। ਸ਼ਰਮਦੇ ਸ਼ਰਮਦੇ ਧੀਰਜ ਕੌਰ ਨੇ ਸਾਰੀ ਅਸਲੀਅਤ ਦਾ ਡਰਾਮਾ ਜੋ ਉਸ ਨੇ ਕੀਤਾ ਸੀ, ਬਾਬਾ ਜੀ ਸਾਹਮਣੇ ਦੱਸ ਦਿੱਤਾ ਤੇ ਨਾਲ ਮਾਫੀ ਮੰਗੀ ਅਤੇ ਕਿਹਾ ਬਾਬਾ ਜੀ! ਮੈਂ ਮੁੜ ਸਾਰੀ ਉਮਰ ਕਿਸੇ ਦੀ ਚੁੱਕ ਵਿੱਚ ਆ ਕੇ ਅਜਿਹਾ ਕੰਮ ਨਹੀਂ ਕਰਾਂਗੀ। ਬਾਬਾ ਜੀ ਨੇ ਸਾਰੀ ਵਾਰਤਾ ਸੁਣ ਕੇ ਧੀਰਜ ਕੌਰ ਨੂੰ ਕਿਹਾ, ਬੀਬਾ! ਜੋ ਤੂੰ ਇਹ ਕੰਮ ਕੀਤਾ, ਬਹੁਤ ਮਾੜਾ ਕੀਤਾ, ਤੂੰ ਕੁੱਟ ਵੀ ਖਾਧੀ, ਘਰ ਦਾ ਨੁਕਸਾਨ ਵੀ ਕੀਤਾ। ਇਸ ਦੀਆਂ ਦਿਹਾੜੀਆਂ ਵੀ ਭੰਨੀਆਂ ਤੇ ਤੈਨੂੰ ਮਿਲਿਆ ਕੀ? ਅੰਜਾਣ-ਪੁਣੇ ਵਿੱਚ ਜੋ ਤੂੰ ਕੀਤਾ, ਉਸ ਨੂੰ ਸਵੀਕਾਰ ਕਰ ਲਿਆ, ਇਸ ਵਿੱਚ ਵੀ ਤੇਰਾ ਤੇ ਸਾਰੇ ਪ੍ਰਵਾਰ ਦਾ ਭਲਾ ਹੀ ਹੈ। ਬੀਬਾ! ਤੂੰ ਇਹ ਦੱਸ ਕਿ ਅਠਾਰਾਂ ਵੀਹ ਸਾਲ ਤੈਨੂੰ ਬਾਬੇ ਦੇ ਜਾਂਦਿਆ ਹੋ ਗਿਆ।



ਉਨ੍ਹਾਂ ਦੀ ਕੋਈ ਸ਼੍ਰੇਸ਼ਟ ਜੀਵਨ ਜਿਊਣ ਦੀ ਸਿਖਿਆ ਜੋ ਉਥੋਂ ਮਿਲਦੀ ਹੈ ਜਾਂ ਉਨ੍ਹਾਂ ਨੇ ਜੀਵਨ ਸਫਲਾ ਕਰਨ ਦਾ ਗਿਆਨ ਲੁਕਾਈ ਨੂੰ ਦਿੱਤਾ ਹੋਵੇ, ਜੋ ਤੂੰ ਵੀਹ ਸਾਲ ਵਿੱਚ ਪੱਲੇ ਬੰਨਿਆ ਹੋਵੇ। ਉਹ ਸਾਨੂੰ ਵੀ ਦੱਸ, ਤੂੰ ਅਠਾਰਾਂ ਸਾਲ, ਹਰ ਸਾਲ ਵਿੱਚ ਦੋ ਵਾਰੀ ਉੱਥੇ ਪਧਾੜੀ ਭਰਨ ਜਾਂਦੀ ਰਹੀ ਹੈਂ। ਤੂੰ ਉਥੇ ਕੀ ਸੁਣਿਆ, ਕੀ ਧਾਰਨ ਕੀਤਾ? ਧੀਰਜ ਕੌਰ ਚੁੱਪ ਰਹੀ ਕੁਝ ਦੱਸ ਨਾ ਸਕੀ। ਦੁਬਾਰਾ ਬਾਬਾ ਜੀ ਦੇ ਪੁੱਛਣ ਤੇ ਕਿ ਕੁਝ ਤਾਂ ਦੱਸ?

### *ਲੋਕਾਂ ਦੀ ਭੇਡ ਚਾਲ*

ਧੀਰਜ ਕੌਰ ਨੇ ਦੱਸਿਆ, ਬਾਬਾ ਜੀ! ਹਰ ਸਾਲ ਪਿੰਡ ਦੇ ਸਾਰੇ ਸ਼ਰਧਾਲੂ ਥੋੜ੍ਹੇ ਥੋੜ੍ਹੇ ਪੈਸੇ ਇਕੱਠੇ ਕਰ ਕੇ ਕੋਈ ਟਰੱਕ ਜਾਂ ਟੈਂਪੂ ਕਿਰਾਏ ਤੇ ਕਰ ਲੈਂਦੇ ਸਨ ਤੇ ਸਾਨੂੰ ਵੀ ਕਹਿਣਾ ਕਿ ਤੁਸੀਂ ਵੀ ਸਾਰੇ ਬਾਬੇ ਦੀ ਪਧਾੜੀ ਭਰਨ ਵਾਸਤੇ ਚੱਲੋ, ਜੋ ਪਧਾੜੀ ਭਰਨ ਜਾਵੇਗਾ ਉਹ ਸੁਖ-ਅਨੰਦ ਤੇ ਬਾਬਾ ਜੀ ਪਾਸੋਂ ਬਰਕਤਾਂ ਪਾਵੇਗਾ। ਜੋ ਆਕੀ ਹੋਵੇਗਾ, ਉਸ ਨੂੰ ਬਾਬੇ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਵੇਗਾ ਅਤੇ ਤਰ੍ਹਾਂ ਤਰ੍ਹਾਂ ਦੀਆਂ ਬਾਬੇ ਦੀਆਂ ਕਰਾਮਾਤਾਂ ਸੁਣਾ ਕੇ ਲੋਕਾਂ ਨੂੰ ਪ੍ਰਭਾਵਤ ਕੀਤਾ ਜਾਂਦਾ। ਮੁੰਡੇ ਕੁੜੀਆਂ ਬੱਚੇ, ਬੁੱਢੇ ਅਤੇ ਮਾਈਆਂ ਸਭ ਇੱਕੋ ਟੈਂਪੂ ਵਿੱਚ ਬੈਠ ''ਬੋਲ ਬਾਬੇ ਦੀ ਜੈ'' ਦੇ ਨਾਅਰੇ ਲਾਉਂਦੇ, ਗਿੱਧਾ ਪਾਉਂਦੇ, ਭੇਟਾਂ ਗਾਉਂਦੇ, ਹੱਸਦੇ ਤੇ ਇੱਕ ਦੂਜੇ ਨੂੰ ਮਖੌਲ ਤੇ ਛੇੜਖਾਨੀ ਕਰਦੇ ਰਾਤ ਨੂੰ ਬਾਬਾ ਜੀ ਦੇ ਮੰਦਰ ਪੁੱਜ ਜਾਂਦੇ। ਮੰਦਰ ਵਿੱਚ ਨਾਲ ਲਿਆਂਦਾ ਲਾਲ ਝੰਡਾ ਝੁਲਾ ਕੇ, ਮੱਥਾ ਟੇਕ ਬਾਹਰ ਪ੍ਰਸ਼ਾਦਾ ਛੱਕ ਕੇ, ਲੱਗੇ ਬਜਾਰਾਂ ਵਿੱਚ ਤਰ੍ਹਾਂ-ਤਰ੍ਹਾਂ ਦੇ ਤਮਾਸ਼ੇ ਦੇਖਦੇ, ਪੰਘੂੜਿਆਂ ਤੇ ਝੂਟੇ ਲੈ ਕੇ, ਕੋਈ ਨ ਕੋਈ ਨਿਸ਼ਾਨੀ ਮੁੱਲ ਖ੍ਰੀਦ ਕੇ, ਮੁੜ ਅਗਲੇ ਦਿਨ ਮੌਜ ਮੇਲਾ ਕਰਦੇ ਤੇ ਵੇਖਦੇ, ਤੀਸਰੇ ਦਿਨ ਘਰ ਆ ਜਾਈਦਾ ਸੀ। ਇਸ ਤੋਂ ਸਿਵਾ ਅਠਾਰਾਂ ਸਾਲਾਂ ਵਿੱਚ ਮੈਨੂੰ ਤਾਂ ਹੋਰ ਕੁਝ ਨਹੀਂ ਮਿਲਿਆ। ਬਸ, ਸਾਲ ਵਿੱਚ ਇੱਕ ਜਾਂ ਦੋ ਵਾਰੀ ਬਾਬਾ ਜੀ ਦੇ ਪਧਾੜੀ ਭਰ ਆਵੋ, ਫਿਰ ਸਾਰਾ ਸਾਲ ਸੁੱਖ ਅਨੰਦ ਦੀ ਆਸ ਨਾਲ ਜੀਵਨ ਜੀਵੋ। ਕੋਈ ਪਾਠ, ਪੂਜਾ, ਸਿਮਰਨ ਭਜਨ ਦੀ ਲੋੜ ਨਹੀਂ। ਵੱਧ ਤੋਂ ਵੱਧ ਘਰ ਵਿੱਚ ਬਾਬਾ ਜੀ ਦਾ ਚਿਰਾਗ ਬਾਲ ਦੇਵੋ। ਚਿੰਮਟਾ ਤੇ ਚੌਂਕੀ ਰੱਖ ਕੇ ਉਸ ਉੱਪਰ ਬਾਬਾ ਜੀ ਦੀ ਫੋਟੋ ਰੱਖ ਕੇ ਸਵੇਰੇ ਸ਼ਾਮ ਮੱਥਾ ਟੇਕ ਦੇਵੋ। ਇਸ ਤੋਂ ਵੱਧ ਮੈਨੂੰ ਹੋਰ ਕੋਈ ਪਤਾ ਨਹੀਂ।

### *ਬਾਬਾ ਜੀ ਵੱਲੋਂ ਧੀਰਜ ਕੌਰ ਨੂੰ ਉੱਤਰ*

ਬਾਬਾ ਜੀ ਨੇ ਬੀਬੀ ਦੇ ਸਿੱਧੇ ਪੱਧਰੇ ਬੋਲ ਸੁਣ ਕੇ ਉਸ ਨੂੰ ਪੁੱਛਿਆ ਕਿ ਬੀਬੀ ਇਹ ਦੱਸ ! ਜਿੰਨੇ ਬਾਬੇ ਦੇ ਸੇਵਕ ਹਨ, ਕੀ ਉਹ ਸਾਰੇ ਸੁਖੀ ਹਨ? ਕੀ ਉਹ ਕਦੇ ਬੀਮਾਰ ਨਹੀਂ ਹੋਏ? ਕੀ ਉਨ੍ਹਾਂ ਦੇ ਕੰਮਾਂ ਕਾਰਾਂ ਵਿੱਚ ਕੋਈ ਰੁਕਾਵਟ ਨਹੀਂ ਆਈ? ਧੀਰਜ ਕੌਰ ਦਾ ਉੱਤਰ ਸੀ ਕਿ ਸਾਰੇ ਬੀਮਾਰ ਵੀ ਹੁੰਦੇ ਹਨ ਅਤੇ ਕੰਮਾਂ ਵਿੱਚ ਵੀ

ਰੁਕਾਵਟਾਂ ਪੈਂਦੀਆਂ ਹਨ। ਫਿਰ ਬਾਬਾ ਜੀ ਨੇ ਕਿਹਾ ਕਿ ਜੇ ਤੇਰੇ ਕਹਿਣ ਅਨੁਸਾਰ ਬਾਬੇ ਦੇ ਸੇਵਕ ਬਿਮਾਰ ਵੀ ਹੁੰਦੇ ਹਨ, ਦੁੱਖ ਵੀ ਭੋਗਦੇ ਹਨ, ਉਨ੍ਹਾਂ ਦੇ ਕੰਮਾਂ ਕਾਰਾਂ ਵਿੱਚ ਰੁਕਾਵਟਾਂ ਵੀ ਪੈਂਦੀਆਂ ਹਨ ਤਾਂ ਫਿਰ ਸੁੱਖ-ਅਨੰਦ ਤੇ ਕਾਰੋਬਾਰਾਂ ਦੀ ਚੜ੍ਹਦੀ ਕਲਾ ਦੀ ਐਵੇਂ ਫੋਕੀ ਆਸ ਰੱਖੀ ਫਿਰਨੀ ਇਹ ਵੀ ਕੋਈ ਬਹੁਤੀ ਸਿਆਣਪ ਨਹੀਂ। ਦੂਸਰੇ, ਪ੍ਰਮਾਤਮਾ ਨੇ ਚੁਰਾਸੀ ਲੱਖ ਜੂਨ ਵਿਚੋਂ ਸਭ ਤੋਂ ਉੱਤਮ ਮਨੁੱਖਾ ਜਨਮ ਦੀ ਦਾਤ ਸਾਨੂੰ ਬਖਸ਼ਿਸ਼ ਕੀਤੀ ਹੈ। ਇਸ ਮਨੁੱਖਾ ਜਨਮ ਵਿੱਚ ਹੀ ਆਪਣੇ ਮੂਲ ਪ੍ਰਮਾਤਮਾ ਨਾਲ ਮਿਲ ਕੇ ਸਦੀਵੀਂ ਅਨੰਦਮਈ ਜੀਵਨ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਸ ਨੂੰ ਤੁਸੀਂ ਖੁੱਲ੍ਹਾ-ਖੁਲਾਸਾ ਜੀਵਨ ਕਹਿੰਦੇ ਹੋ, ਇਹ ਖੁੱਲ੍ਹਾ-ਖੁਲਾਸਾ ਜੀਵਨ ਤਾਂ ਪਸ਼ੂ, ਪੰਛੀ, ਜਾਨਵਰ ਤੇ ਹੋਰ ਜੀਵ ਜੰਤੂ ਵੀ ਬਤੀਤ ਕਰਦੇ ਹਨ। ਉਨ੍ਹਾਂ ਨੂੰ ਕਿਸੇ ਕਿਸਮ ਦੀ ਮਨਾਹੀ ਨਹੀਂ ਜੋ ਕਰਨਾ ਚਾਹੁੰਣ ਉਹ ਕਰਦੇ ਹਨ। ਕੋਈ ਨਹੀਂ ਰੋਕਦਾ, ਜਿੱਧਰ ਜਾਣਾ ਚਾਹੁਣ ਉਨ੍ਹਾਂ ਨੂੰ ਕੋਈ ਰੁਕਾਵਟ ਨਹੀਂ।

### *ਬੰਦਸ਼ ਵਾਲਾ ਜੀਵਨ ਹੀ ਬੰਦ ਖਲਾਸੀ ਕਰਵਾਉਂਦਾ ਹੈ।*

ਬੰਦਸ਼ ਵਾਲਾ ਜੀਵਨ ਮਨੁੱਖ ਦੀ ਬੰਦ ਖਲਾਸੀ ਕਰਵਾਉਂਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ, ਆਸਾ ਦੀ ਵਾਰ ਅੰਦਰ ਫੁਰਮਾਨ ਹੈ ਕਿ ਅਸਲੀ ਬੰਦਾ ਹੀ ਉਹ ਹੈ, ਜੋ ਗੁਰੂ ਦਰਸਾਈ ਮਰਯਾਦਾ ਅੰਦਰ ਜੀਵਨ ਬਿਤਾਉਂਦਾ ਅਤੇ ਪ੍ਰਭੂ ਦਰਸ਼ਨਾਂ ਦੀ ਤਾਂਘ ਅੰਦਰ ਜੀਵਨ ਬਸਰ ਕਰਦਾ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ:

**ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥**

ਸਲੋਕ ਮ: ੧, ਪੰਨਾ ੪੬੫

ਬੰਦਗੀ ਕਰਨ ਲਈ ਪ੍ਰਮਾਤਮਾਂ ਨੇ ਮਨੁੱਖਾ ਜਨਮ ਪ੍ਰਦਾਨ ਕੀਤਾ ਹੈ। ਤਦ ਹੀ ਭਗਤ ਕਬੀਰ ਜੀ ਨੇ ਗਉੜੀ ਰਾਗ ਅੰਦਰ, ਮਨੁੱਖ ਨੂੰ ਸੰਬੋਧਨ ਕਰਕੇ ਫੁਰਮਾਨ ਕੀਤਾ ਹੈ, ਹੇ ਬੰਦੇ! ਤੇਰੇ ਜੀਵਨ ਵਿੱਚ ਸੁੱਖ ਆਵੇ ਜਾਂ ਦੁੱਖ, ਪਰ ਤੂੰ ਮਾਲਕ ਦੀ ਬੰਦਗੀ ਕਰੀ ਚੱਲ, ਬੰਦਗੀ ਕਰਨ ਨਾਲ ਹੀ ਤੇਰਾ ਨਿਸਤਾਰਾ ਹੋਣਾ ਹੈ, ਭਗਤ ਜੀ ਦਾ ਫੁਰਮਾਨ ਹੈ:

**ਬੰਦੇ [1]ਬੰਦਗੀ ਇਕਤੀਆਰ॥**
**ਸਾਹਿਬੁ ਰੋਸੁ ਧਰਉ ਕਿ ਪਿਆਰੁ॥੧॥**

ਪੰਨਾ ੩੩੮

ਬੰਦਗੀ ਬੰਦਸ਼ ਵਿੱਚ ਰਹਿਣ ਤੋਂ ਬਿਨਾਂ ਨਹੀਂ ਹੋ ਸਕਦੀ।

ਜਿਸ ਕੰਮ ਲਈ ਪ੍ਰਮਾਤਾਮਾ ਨੇ ਮਨੁੱਖਾ ਜਨਮ ਦਿੱਤਾ ਹੈ, ਮਨੁੱਖ ਉਹ ਕਰਮ ਕਰਨਾ ਨਹੀਂ ਚਾਹੁੰਦਾ। ਫੋਕੇ ਧਰਵਾਸਾਂ ਉੱਪਰ ਵੱਡੀਆਂ ਆਸਾਂ ਰੱਖ ਕੇ "**ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ**" ਦੀ ਕਾਰ ਕਰਕੇ ਇਸ ਸੰਸਾਰ ਤੋਂ ਪਛਤਾਉਂਦਾ ਤੁਰ ਜਾਂਦਾ ਹੈ। ਮਨੁੱਖ ਕਿਸੇ ਪ੍ਰਿਤਮਾ (ਪੱਥਰ ਦੀ ਮੂਰਤੀ) ਅੱਗੇ ਮੱਥਾ ਟੇਕ ਕੇ ਜਾਂ ਮੰਦਰ ਵਿੱਚ ਟੱਲ ਖੜਕਾ ਕੇ ਜਾਂ ਕਿਸੇ ਕਬਰ ਤੇ ਚਿਰਾਗ ਬਾਲ ਕੇ ਜਾਂ ਨਿਆਜ਼ ਦੇ ਕੇ ਪਾਪ ਕਰਮਾਂ ਤੋਂ ਸੁਰਖਰੂ ਹੋ, ਸੁਖੀ ਸੁਹੇਲਾ ਜੀਵਨ ਭਾਲਦਾ ਹੈ। ਜੇ ਇੱਥੋਂ ਕੁਝ ਪ੍ਰਾਪਤ ਨਾ ਹੋਵੇ ਤਾਂ ਕਿਸੇ ਦੇਹਧਾਰੀ ਦੇ ਚਰਨਾਂ ਵਿੱਚ ਡੰਡੌਤ ਕਰਕੇ ਦੇਹਧਾਰੀ ਦੇ ਥਾਪੜੇ ਵਿੱਚੋਂ ਮੁਕਤੀ ਭਾਲਦਾ ਹੈ। ਆਪ ਕਰਨਾ ਕੁਝ ਨਹੀਂ ਚਾਹੁੰਦਾ, ਕਿਸੇ ਪਾਸੋਂ ਕੀਤਾ ਕਰਾਇਆ ਲੈਣ ਲਈ ਦੌੜਾ ਫਿਰਦਾ ਹੈ, ਉਹ ਮਿਲਦਾ ਨਹੀਂ।

[1] ਬੰਦਗੀ ਅਖਤਿਆਰ ਕਰ, ਬੰਦਗੀ ਦੁਆਰਾ ਪ੍ਰਭੂ ਨਾਮ ਨੂੰ ਇੱਕਤ੍ਰ ਕਰ।



ਅਖੀਰ ਭਾਈ ਗੁਰਦਾਸ ਜੀ ਦਾ ਫੁਰਮਾਨ ਉਸ ਉੱਪਰ ਪੂਰਨ ਸਾਕਾਰ ਹੋ ਜਾਂਦਾ ਹੈ। ਜਿਹੜੇ ਮਨੁੱਖ ਅਕਾਸ਼ ਵਿੱਚ ਬੱਦਲਾਂ ਨਾਲ ਬਣੀ ਗੰਧਰਬ (ਹਰੀ ਚੰਦ) ਨਗਰੀ ਦੀ ਆਸ ਲਾ ਬੈਠਦੇ ਹਨ ਕਿ ਅਸੀਂ ਸ਼ਾਇਦ ਇਸ ਹਰੀ ਚੰਦ ਨਗਰੀ ਦੇ ਵਾਸੀ ਬਣ ਜਾਵਾਂਗੇ, ਉਨ੍ਹਾਂ ਨੂੰ ਪਛਤਾਵਾ ਹੀ ਪੱਲੇ ਪੈਂਦਾ ਹੈ ਕਿਉਂਕਿ ਉਥੇ ਨਗਰੀ ਹੈ ਹੀ ਨਹੀਂ। ਜਿਸ ਤਰ੍ਹਾਂ ਅੱਤ ਗਰਮੀਆਂ ਦੇ ਦਿਨਾਂ ਵਿੱਚ ਗਰਮੀ ਨਾਲ ਪਾਣੀ ਦਾ ਭੁਲੇਖਾ ਪੈਂਦਾ ਹੈ। ਜੇ ਕੋਈ ਇਸ ਮ੍ਰਿਗ ਤ੍ਰਿਸ਼ਨਾ ਵਿੱਚੋਂ ਆਪਣੀ ਪਿਆਸ ਬੁਝਾਉਣ ਦਾ ਯਤਨ ਕਰੇ, ਉਸ ਦੀ ਕਦੇ ਵੀ ਪਿਆਸ ਦੂਰ ਨਹੀਂ ਹੁੰਦੀ। ਜਿਵੇਂ ਕੋਈ ਮਨੁੱਖ ਸੁਪਨੇ ਵਿੱਚ ਰਾਜ ਭਾਗ ਦਾ ਮਾਲਕ ਬਣ ਕੇ ਵਿਸ਼ੇ-ਰਸ ਭੋਗਣ ਤੇ ਲੁਕਾਈ ਉੱਪਰ ਹੁਕਮ ਚਲਾਉਣ ਲੱਗ ਜਾਵੇ, ਅਜਿਹੇ ਮਨੁੱਖ ਦੀ ਲਾਲਸਾ ਵੀ ਕਦੇ ਪੂਰੀ ਨਹੀਂ ਹੁੰਦੀ। ਇਸੇ ਤਰ੍ਹਾਂ ਜੋ ਬਿਰਛ ਦੀ ਛਾਂ ਮਾਨਣ ਵਾਸਤੇ ਰੁੱਖ ਹੇਠ ਆਸਣ ਲਾ ਬੈਠਦਾ ਹੈ, ਉਸ ਦੀ ਆਸ ਵੀ ਕਦੇ ਪੂਰੀ ਨਹੀਂ ਹੁੰਦੀ ਕਿਉਂਕਿ ਬ੍ਰਿਛ ਦੀ ਛਾਉਂ ਵੀ ਸੂਰਜ ਢਲਣ ਨਾਲ ਫਿਰ ਜਾਂਦੀ ਹੈ। ਬਾਜੀਗਰ ਦੀ ਖੇਡ ਵੀ ਥੋੜ੍ਹੇ ਸਮੇਂ ਦਾ ਮਨ ਪ੍ਰਚਾਵਾ ਨਾਟਕੀ ਤਮਾਸ਼ਾ ਹੈ। ਬਾਜੀਗਰ ਦੀ ਖੇਡ ਦਾ ਅਨੰਦ ਵੀ ਮਨੁੱਖ ਸਦਾ ਨਹੀਂ ਮਾਣ ਸਕਦਾ। ਇਸੇ ਤਰ੍ਹਾਂ ਫੋਕੇ ਧਰਵਾਸ ਤੇ ਸਦੀਵੀਂ ਸੁੱਖ ਦੇਣ ਵਾਲਿਆਂ ਦੇ ਲਾਰਿਆਂ ਉੱਪਰ ਜਿਹੜਾ ਮਨੁੱਖ ਭਰੋਸਾ ਕਰ ਬੈਠਦਾ ਹੈ, ਉਸ ਦੇ ਪੱਲੇ, ਨਿਰਾਸ਼ਤਾ ਤੋਂ ਸਿਵਾ ਕੁਝ ਵੀ ਨਹੀਂ ਪੈਂਦਾ। ਆਪ ਜੀ ਦਾ ਫੁਰਮਾਨ ਹੈ :

**ਹਰਿ ਚੰਦੁਉਰੀ ਦੇਖਿ ਕੈ ਕਰਦੇ ਭਰਵਾਸਾ॥**
**ਥਲ ਵਿਚ ਤਪਨਿ ਭਠੀਆਂ ਕਿਉਂ ਲਹੈ ਪਿਆਸਾ॥**
**ਸੁਹਣੇ ਰਾਜੁ ਕਮਾਈਐ ਕਰਿ ਭੋਗ ਬਿਲਾਸਾ॥**
**ਛਾਇਆ ਬਿਰਖੁ ਨ ਰਹੈ ਥਿਰ ਪੁਜੈ ਕਿਉ ਆਸਾ॥**
**ਬਾਜੀਗਰ ਦੀ ਖੇਡ ਜਿਉ ਸਭੁ ਕੂੜੁ ਤਮਾਸਾ॥**
**ਰਲੈ ਜੁ ਸੰਗਤਿ ਮੀਣਿਆਂ ਉਠਿ ਚਲੈ ਨਿਰਾਸਾ॥**

ਵਾਰ ੩੬, ਪਉੜੀ-੭

ਸੋ ਬੀਬਾ ਜੀ ! ਗੁਰਸਿੱਖੀ ਧਰਮ ਕੋਈ ਫੋਕੇ ਲਾਰਿਆਂ ਦਾ ਧਰਮ ਨਹੀਂ। ਇਸੇ ਕਰਕੇ ਤਾਂ ਗੁਰਸਿੱਖੀ ਮਾਰਗ ਉੱਪਰ ਚੱਲਣ ਵਾਲਿਆਂ ਦੀ ਗਿਣਤੀ ਘੱਟ ਹੈ। ਫੋਕੇ ਲਾਰਿਆਂ ਦੇ ਮਾਰਗ ਉੱਪਰ ਤਾਂ ਲੋਕ ਵਹੀਰਾਂ ਘੱਤ ਕੇ ਜਾਂਦੇ ਹਨ। ਪਰ ਪ੍ਰਭੂ ਮਿਲਾਪ ਦਾ ਰਸਤਾ ਕਠਨ ਹੋਣ ਕਰਕੇ ਇਸ ਮਾਰਗ ਤੇ ਚੱਲਣ ਵਾਲੇ ਬਹੁਤ ਘੱਟ ਹਨ। ਬਾਬਾ ਕਬੀਰ ਜੀ ਦਾ ਤਜਰਬਾ ਹੈ:

**ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥**
**ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥੧੬੫॥**

ਸਲੋਕ ਕਬੀਰ ਜੀ, ਪੰਨਾ ੧੩੭੩

ਗੁਰਸਿੱਖੀ ਧਰਮ ਕੁਝ ਕਰਨ ਦਾ, ਅਮਲੀ ਜੀਵਨ ਦਾ ਧਰਮ ਹੈ। ਜੇ ਕਿਸੇ ਨੇ ਮਨੁੱਖਾ ਜਨਮ ਦਾ ਲਾਹਾ ਪ੍ਰਾਪਤ ਕਰਨਾ ਹੈ, ਤਦ ਗੁਰਸਿੱਖੀ ਧਰਮ ਵਿੱਚ ਪ੍ਰਮਾਤਮਾਂ ਵਲੋਂ ਦਿੱਤੇ ਸਾਰੇ ਸੁੱਖ ਮਾਣਦਿਆਂ, ਸੁੱਖ ਪ੍ਰਦਾਨ ਕਰਨ ਵਾਲੇ ਦਾਤੇ ਨੂੰ ਖਿਨ-ਖਿਨ ਪ੍ਰਨਾਮ ਕਰਨਾ, ਖਿਨ-ਖਿਨ ਧੰਨਵਾਦ ਕਰਨਾ ਤੇ ਉਸ ਨੂੰ ਹਮੇਸ਼ਾ ਯਾਦ ਕਰਣਾ ਹੈ। ਜੋ ਵੀ ਇਸ ਮਾਰਗ ਨੂੰ ਅਪਣਾਏਗਾ, ਉਸ ਦਾ ਲੋਕ ਪ੍ਰਲੋਕ ਸੁਤੇ ਹੀ ਸੰਵਰ ਜਾਏਗਾ। ਸੋ ਬੀਬੀ ! ਤੂੰ ਤਾਂ ਵਡਿਆਂ ਭਾਗਾਂਵਾਲੀ ਹੈਂ, ਜਿਸ ਨੂੰ ਸਹੁਰੇ ਘਰ ਆਉਦਿਆਂ ਗੁਰਸਿੱਖੀ ਦੀ ਦਾਤ ਪ੍ਰਾਪਤ ਹੋ ਗਈ, ਪਰ ਤੂੰ ਅਨਜਾਣ ਪੁਣੇ ਤੇ ਚੁੱਕ ਵਿੱਚ ਆ ਕੇ ਸਤਿਗੁਰਾਂ ਦੀਆਂ ਅਮੋਲਕ ਰਹਿਤਾਂ ਦੀ ਬਿਅਦਬੀ ਕੀਤੀ ਤੇ ਗੁਰਸਿੱਖੀ ਪ੍ਰਤੀ ਵੀ ਅਪਮਾਨਜਨਕ ਸ਼ਬਦ ਬੋਲ ਦਿੱਤੇ। ਬੀਬੀ ਧੀਰਜ ਕੌਰ, ਬਾਬਾ ਜੀ ਦਾ ਲੋਕ-ਪ੍ਰਲੋਕ ਸਵਾਰਨ ਵਾਲਾ ਗੁਰਬਾਣੀ ਉਪਦੇਸ਼ ਸ੍ਰਵਣ ਕਰਦੀ ਨੀਵੀਂ ਪਾਈ ਰੋਈ ਜਾ ਰਹੀ ਸੀ।

### *ਪਾਪ ਕਰਮਾਂ ਤੋਂ ਕਿਵੇਂ ਛੁਟਕਾਰਾ ਹੋਵੇ?*

ਥੋੜ੍ਹਾ ਸਮਾਂ ਵੇਖ ਕੇ, ਬੀਬੀ ਧੀਰਜ ਕੌਰ ਨੇ ਬਾਬਾ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ, ਬਾਬਾ ਜੀ ! ਜੋ ਜੋ ਮੈਥੋਂ ਗਲਤੀਆਂ ਹੋਈਆਂ ਹਨ, ਕੀ ਇਨ੍ਹਾਂ ਗਲਤੀਆਂ ਦੇ ਪਾਪ ਤੋਂ ਮੇਰਾ ਛੁਟਕਾਰਾ ਹੋ ਸਕਦਾ ਹੈ? ਬਾਬਾ ਜੀ ਕਹਿਣ ਲੱਗੇ, ਕਿਉਂ ਨਹੀਂ? ਸਤਿਗੁਰੂ ਬਖਸੰਦ ਹਨ। ਜੇ ਮਨੁੱਖ ਸੱਚੇ ਦਿਲੋਂ ਆਪਣੇ ਕੀਤੇ ਗੁਨਾਹਾਂ ਦਾ ਪਸ਼ਚਾਤਾਪ ਕਰ ਲਵੇ ਅਤੇ ਅਜਿਹੇ ਪਾਪ ਅਗਾਂਹ ਤੋਂ ਨਾ ਕਰਨ ਲਈ ਸਤਿਗੁਰੂ ਜੀ ਨਾਲ ਬਚਨਬੱਧਤਾ ਕਰ ਲਵੇ, ਫਿਰ ਤਾਂ "**ਸਤਿਗੁਰੂ ਸਦਾ ਦਇਆਲੁ ਹੈ ਭਾਈ**" ਸਤਿਗੁਰੂ ਬੜਾ ਦਇਆਲੂ, ਕ੍ਰਿਪਾਲੂ ਹੈ, ਗੁਰੂ ਤਾਂ "**ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ॥**" ਦੀ ਕਾਰ ਖਿਨ ਵਿੱਚ ਕਰ ਦਿੰਦਾ ਹੈ। ਬੀਬਾ ! ਜਿਸ ਦਿਨ ਹੁਣ ਅੰਮ੍ਰਿਤ ਸੰਚਾਰ ਹੋਣਾ ਹੈ, ਉਸ ਦਿਨ ਪੰਜਾਂ ਪਿਆਰਿਆਂ ਅੱਗੇ ਨਿਸੰਗ ਹੋ ਕੇ ਆਪਣੀ ਕੀਤੀ ਗਲਤੀ ਦੱਸ ਦੇਵੀਂ। ਪੰਜ ਪਿਆਰੇ ਗੁਰੂ ਦਾ ਰੂਪ ਹੁੰਦੇ ਹਨ, ਜੋ ਉਹ ਤੈਨੂੰ ਤਨਖਾਹ ਲਾਉਣ, ਉਸ ਨੂੰ ਡੰਨ ਸਮਝ ਕੇ ਨਹੀਂ, ਸੇਵਾ



ਸਮਝ ਕੇ ਪਿਆਰ ਨਾਲ ਨਿਭਾਉਣਾ, ਸਤਿਗੁਰੂ ਮਿਹਰ ਕਰਨਗੇ। ਅੰਮ੍ਰਿਤ ਸੰਚਾਰ ਦੇ ਨੀਯਤ ਦਿਨ, ਬੀਬੀ ਨੇ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋ ਕੇ ਆਪਣੀ ਕੀਤੀ ਅੱਵਗਿਆ ਦੱਸ ਦਿੱਤੀ। ਪੰਜਾਂ ਪਿਆਰਿਆਂ ਨੇ ਜੋ ਸੇਵਾ ਲਾਈ, ਉਸ ਨੂੰ ਬੜੇ ਚਾਅ ਨਾਲ ਪੂਰਾ ਕੀਤਾ ਤੇ ਨਾਲ ਹੀ ਆਪਣੀ ਭੈਣ ਨਾਲੋਂ ਮੇਲ-ਮਿਲਾਪ ਦਾ ਨਾਤਾ ਤੋੜ ਲਿਆ। ਜਿਸ ਸਦਕਾ, ਸਾਰਾ ਪ੍ਰਵਾਰ ਗੁਰਸਿੱਖੀ ਨਿਭਾਉਂਦਾ, ਖੁਸ਼ੀਆਂ ਨੂੰ ਮਾਣਦਾ, ਆਪਣੇ ਬੱਚੇ ਨੂੰ ਵੀ ਗੁਰਸਿੱਖ ਸਜਾ ਕੇ ਸਤਿਗੁਰੂ ਦੀਆਂ ਅਸੀਸਾਂ ਦਾ ਪਾਤਰ ਬਣਿਆ।

### *ਸਿੱਖਿਆ ਕੀ ਮਿਲੀ?*

ਇਸ ਘਟਨਾ ਤੋਂ ਸਿੱਖਿਆ ਮਿਲਦੀ ਹੈ ਕਿ ਜੇ ਗੁਰੂ ਕੀ ਸਿੱਖੀ ਨਿਭਾਉਣੀ ਹੈ ਤੇ ਸੁੱਖੀ ਜੀਵਨ ਬਤੀਤ ਕਰਨਾ ਹੈ, ਫਿਰ ਸਾਕਤਾਂ ਤੇ ਮਨਮਤੀਆਂ ਦੇ ਸੰਗ ਦਾ ਅਵੱਸ਼ ਤਿਆਗ ਕਰਨਾ ਪਵੇਗਾ, ਨਹੀਂ ਤਾਂ ਸਾਕਤ ਤੇ ਮਨਮਤੀ ਤੁਹਾਨੂੰ ਅਸਲੀ ਮਾਰਗ ਤੋਂ ਭੁਲਾਉਣ ਦਾ ਕਾਰਣ ਬਣਨਗੇ। ਬਾਬਾ ਕਬੀਰ ਜੀ ਦਾ ਫੁਰਮਾਨ ਹੈ:

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥**

ਸਲੋਕ ਕਬੀਰ ਜੀ ਪੰਨਾ ੧੩੭੧

ਤਥਾ :

**ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥**
**ਉਹ ਝੂਲੇ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥**

**ਸਲੋਕ ਕਬੀਰ ਜੀ, ਪੰਨਾ ੧੩੬੯**

ਅਤੇ

**ਕਬੀਰ ਚਾਵਲ ਕਾਰਨੇ [1]ਤੁਖ ਕਉ ਮੁਹਲੀ ਲਾਇ॥**
**ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ॥**

ਸਲੋਕ ਕਬੀਰ ਜੀ ਪੰਨਾ ੧੩੭੫

ਇਸ ਲਈ, ਸਦਾ ਵਾਸਤੇ ਗੁਰੂ ਨਾਲ ਜੁੜੇ ਰਹਿਣ ਲਈ, ਸਾਕਤ ਨਾਲੋਂ ਨਾਤਾ ਤੋੜਨਾ ਹੀ ਪਵੇਗਾ। ਸਤਿਗੁਰੂ ਅਰਜਨ ਦੇਵ ਜੀ ਦਾ ਦੇਵਗੰਧਾਰੀ ਰਾਗ ਅੰਦਰ ਫੁਰਮਾਨ ਹੈ:

**ਉਲਟੀ ਰੇ ਮਨ ਉਲਟੀ ਰੇ॥ [2]ਸਾਕਤ ਸਿਉ ਕਰਿ ਉਲਟੀ ਰੇ॥**

ਮ: ੫, ਪੰਨਾ ੫੩੫

ਕਿਉਂਕਿ :-

**ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ**

1. ਤੁਹ (ਮੁੰਜੀ ਦੇ ਛਿਲਕੇ) 2. ਪਰਮਾਤਮਾ ਤੋਂ ਭੁੱਲਿਆ ਹੋਇਆ

ਸਾਕਤ ਸੰਗਿ ਨ ਛੁਟਕੀ ਰੇ॥੧॥ਰਹਾਉ॥

ਦੇਵਗੰਧਾਰੀ ਮ:੫,ਪੰਨਾ ੫੩੫

ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜੋਈ ਹੈ:

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ॥
ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ॥੧॥
ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗ ਰਾਲੀ॥

ਧਨਾਸਰੀ ਮ:੪,ਪੰਨਾ ੬੬੭

ਜੋ ਸਾਕਤਾਂ ਦੇ ਸੰਗ ਤੋਂ ਬਚ ਜਾਂਦੇ ਹਨ ਤੇ ਸਤਸੰਗਤ ਨੂੰ ਆਪਣਾ ਜੀਵਨ ਸਮਰਪਿਤ ਕਰ ਦਿੰਦੇ ਹਨ, ਫਿਰ ਤਾਂ ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਉਹ ਪਾਰਗਰਾਮੀ ਜੋ ਜਾਂਦੇ ਹਨ, ਸਾਹਿਬਾਂ ਦਾ ਬਚਨ ਹੈ:

ਜਿਨਿ ਜਿਨਿ ਸਾਧਸੰਗੁ ਪਾਇਆ॥
ਸੋ ਪ੍ਰਭਿ ਆਪਿ ਤਰਾਇਆ॥

ਸੋਰਠਿ ਮ: ੫, ਪੰਨਾ ੬੨੨



# ਧਿਆਨ ਕਿਰਤ ਦਾ ਨਹੀਂ ਕਰਤੇ ਦਾ ਧਰੋ

ਇੱਕ ਦਿਨ ਮੈਂ ਪ੍ਰਿੰਸੀਪਲ ਸਤਬੀਰ ਸਿੰਘ ਜੀ ਦੀ ਪੁਸਤਕ 'ਦਰਵੇਸੀ ਗਾਖੜੀ' ਵਿੱਚੋਂ ਬਾਬਾ ਫਰੀਦ ਜੀ ਦੇ ਉਚਾਰਨ ਕੀਤੇ ਬਚਨ ਕਿ **"ਖੁਦਾ ਦੀ ਇਬਾਦਤ ਕਰਦਿਆਂ ਕਿਸੇ ਹੋਰ ਖਿਆਲ ਨੂੰ ਨੇੜੇ ਨਾ ਆਉਣ ਦਿਉ"** ਬਸ ਤੁਸੀਂ ਹੋਵੇ ਜਾਂ ਤੁਹਾਡੇ ਸਨਮੁਖ ਖੁਦਾ ਹੋਵੇ। ਅਗਲੇ ਬਚਨ ਸਨ, ਇੱਕ ਦਿਨ ਇੱਕ ਦਰਵੇਸ਼, ਦੂਸਰੇ ਦਰਵੇਸ਼ ਨੂੰ ਕਹਿਣ ਲੱਗਾ ਕਿ ਜਦੋਂ ਤੁਸੀਂ ਅੰਮ੍ਰਿਤ ਵੇਲੇ ਖੁਦਾ ਦੀ ਯਾਦ ਵਿੱਚ ਜੁੜਦੇ ਹੋ ਤਾਂ ਤੁਸੀਂ ਮੇਰੇ ਲਈ ਖੁਦਾ ਅੱਗੇ ਦੁਆ ਕਰਨਾ, ਤਦ ਦਰਵੇਸ਼ ਨੇ ਉੱਤਰ ਦਿੱਤਾ **"ਉਸ ਘੜੀ ਖੁਦਾ ਮੈਨੂੰ ਇਸ ਦੁਨੀਆਂ ਤੋਂ ਉਠਾ ਲਵੇ, ਜਦ ਉਸ ਦੀ ਯਾਦ ਨਾਲ ਹੋਰ ਕਿਸੇ ਦੀ ਯਾਦ ਆ ਰਲੇ।"**

"ਦਰਵੇਸੀ ਗਾਖੜੀ" ਪੰਨਾ ੩੩

ਇਹ ਬਚਨ ਪੜ੍ਹਦਿਆਂ ਪੜ੍ਹਦਿਆਂ ਇੱਕ ਦਮ ਪੂਰਨ ਦਰਵੇਸ਼ ਗੁਰਸਿੱਖ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਕਾਲ ਦੀਆ ਦੋ ਘਟਨਾਵਾਂ ਜੋ ਅੱਖਾਂ ਦੇ ਸਾਹਮਣੇ ਵਾਪਰੀਆਂ, ਯਾਦ ਦੇ ਝਰੋਖੇ ਵਿੱਚੋਂ ਇੱਕ ਦਮ ਬਾਹਰ ਆ ਗਈਆਂ। ਜਿਨ੍ਹਾਂ ਦੀ ਸਾਂਝ ਮੈਂ ਆਪ ਜੀ ਨਾਲ ਪਾਉਣ ਲੱਗਾ ਹਾਂ । ਆਸ ਹੈ ਆਪਾਂ ਨੂੰ ਵੀ ਇਹਨਾਂ ਘਟਨਾਵਾਂ ਤੋਂ ਅਵੱਸ਼ ਕੋਈ ਨ ਕੋਈ ਜ਼++++ਰੂਰ ਸੇਧ ਮਿਲੇਗੀ ।

ਮਹਾਂਪੁਰਖਾਂ ਦਾ ਸਮੁੱਚਾ ਜੀਵਨ ਗੁਰੂ ਪ੍ਰਾਇਣ ਸੀ। ਆਪ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿਰੀ ਰਾਗ ਅੰਦਰ ਦਰਜ ਫੁਰਮਾਨ ਅਨੁਸਾਰ-

ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ॥
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ॥
ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥
ਬਿਨੁ ਸਾਧੂ ਸੰਗਤਿ [1]ਰਤਿਆ ਮਾਇਆ ਮੋਹੁ ਸਭੁ ਛਾਰੁ॥੧॥
ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ॥
ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ॥੧॥ ਰਹਾਉ ॥
ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ॥
ਗੁਰੁ [2]ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ [3]ਸੋਇ॥

1. ਪਿਆਰ ਪਾਏ ਬਿਨਾਂ। 2. ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ।3. ਸ਼ੋਭਾ

ਗੁਰੁ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ॥੨॥
ਗੁਰੁ ਤੀਰਥੁ ਗੁਰੁ [1]ਪਾਰਜਾਤੁ ਗੁਰੁ ਮਨਸਾ [2]ਪੂਰਣਹਾਰੁ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥
ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥
ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ॥
ਹਰਿ ਨਾਨਕ ਕਦੇ ਨ ਵਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ॥

ਮ: ੫, ਪੰਨਾ ੫੨

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਨ ਪਰਮਾਤਮਾਂ ਦਾ ਰੂਪ ਜਾਣ ਕੇ ਪੂਜਦੇ ਤੇ ਮੰਨਦੇ ਸਨ । ਪੂਰਨ ਪਰਮਾਤਮਾਂ ਦਾ ਰੂਪ ਮੰਨ ਕੇ, ਪੂਜਣ ਤੇ ਮੰਨਣ ਵਾਸਤੇ ਪੂਰਨ ਧਿਆਨ ਦੀ ਲੋੜ ਹੈ। ਜੇ ਧਿਆਨ ਲਾਂਭੇ ਚਲਾ ਜਾਵੇ ਤਾਂ ਉਹ ਪੂਜਣਾ ਤੇ ਮੰਨਣਾ ਕਰਮਕਾਂਡ ਬਣ ਜਾਂਦਾ ਹੈ। ਕਰਮਕਾਂਡ ਗੁਰੂ ਦਰ ਵਿੱਚ ਪ੍ਰਵਾਨ ਨਹੀਂ ਹੁੰਦਾ। ਜਿੱਥੇ ਅਸੀਂ ਸਰੀਰ ਕਰਕੇ, ਪੂਜਣ ਤੇ ਮੰਨਣ ਦੀ ਕਿਰਿਆ ਕਰਨੀ ਹੈ ਉੱਥੇ ਪੂਜਣ ਤੇ ਮੰਨਣ ਦੇ ਨਾਲ ਧਿਆਨ ਤੇ ਇਕਾਗਰਤਾ ਦਾ ਹੋਣਾ ਲਾਜ਼ਮੀ ਹੈ। ਜਿਹੜੀ ਵਸਤੂ ਸਾਡਾ ਧਿਆਨ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ ਕੇ ਆਪਣੇ ਵਲ ਆਕਰਸ਼ਤ ਕਰ ਲੈਂਦੀ ਹੋਵੇ ਉਸ ਨੂੰ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਜਿਵੇਂ ਆਪਾਂ ਕਈ ਥਾਵਾਂ ਤੇ ਵੇਖਦੇ ਹਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਆਦਿਲੇ ਸਤਿਗੁਰਾਂ ਦੀਆਂ ਕਲਪਿਤ ਫੋਟੋ ਰੱਖੀਆਂ ਹੁੰਦੀਆਂ ਹਨ ਜਾਂ ਸਜਾਵਟ ਵਾਸਤੇ ਸ਼ੇਰਾਂ ਜਾਂ ਮੋਰਾਂ ਦੇ ਲੱਕੜ ਜਾਂ ਪੱਥਰ ਦੇ ਬੁੱਤ ਬਣਾ ਕੇ ਵੱਡ ਅਕਾਰੀ ਜਾਂ ਦਰਮਿਆਨੇ ਰੱਖੇ ਹੁੰਦੇ ਹਨ।

ਸਤਿਗੁਰਾਂ ਦੇ ਚਰਨਾਂ ਵਿੱਚ, ਜਦੋਂ ਜਗਿਆਸੂ ਸਤਿਗੁਰਾਂ ਨੂੰ ਨਮਸਕਾਰ ਕਰਨ ਵਾਸਤੇ ਜਾਂਦਾ ਹੈ ਤਾਂ ਬਦੋਬਦੀ ਉਸ ਦਾ ਧਿਆਨ, ਫੋਟੋ ਜਾਂ ਅੱਗੇ ਰੱਖੇ ਸਜਾਵਟ ਵਾਲੇ ਮੋਰਾਂ ਤੇ ਸ਼ੇਰਾਂ ਤੇ ਪੈਂਦਾ ਹੈ ਤਾਂ ਜਗਿਆਸੂ ਦੀ ਬਿਰਤੀ ਕੱਚੀ ਹੋਣ ਕਰਕੇ, ਉਸ ਦਾ ਧਿਆਨ ਸਬਦ ਗੁਰੂ ਨਾਲੋਂ ਟੁੱਟ ਕੇ, ਇਹਨਾ ਪ੍ਰਿਤਮਾਵਾਂ ਦੀ ਕਾਰੀਗਰੀ ਵਿੱਚ ਖਚਤ ਹੋ ਜਾਂਦਾ ਹੈ ਤੇ ਮਨੁੱਖ ਦੇ ਪੱਲੇ ਪੂਰਨ ਲਾਭ ਦੀ ਥਾਂ ਕਰਮ ਕਾਂਡ ਹੀ ਪੈਂਦਾ ਹੈ। ਕਿਉਂਕਿ ਗੁਰੂ ਨੂੰ ਨਮਸਕਾਰ ਕਰਨ ਦੇ ਕਰਮ ਵਿੱਚੋਂ ਧਿਆਨ (ਮਨ) ਬੁੱਤਾਂ ਵਲ ਚਲਾ ਗਿਆ। ਜਿਸ ਕਰਮ ਵਿੱਚੋਂ ਧਿਆਨ ਵੱਖ ਹੋ ਜਾਵੇ, ਉਹ ਸਰੀਰਕ ਕਰਮ ਕਾਂਡ ਹੀ ਰਹਿ ਜਾਂਦਾ ਹੈ। ਸਰੀਰਕ ਕਰਮਕਾਂਡ ਪ੍ਰਥਾਇ, ਸਤਿਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗ ਅੰਦਰ ਬਚਨ ਦਰਜ ਕੀਤਾ ਹੈ "**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ**"॥ ਕਈ ਗੁਰੂ ਘਰਾਂ ਵਿੱਚ ਤਾਂ ਦੀਵਾਰਾਂ ਉੱਪਰ ਫੋਟੋ

1. ਸਵਰਗ ਦਾ ਬ੍ਰਿਛ ਜਿਸ ਤੋ ਮਨ ਵਾਂਛਤ ਫਲ ਪ੍ਰਾਪਤ ਹੁੰਦੇ ਹਨ। 2. ਸਾਰੀਆਂ ਇੱਛਾਵਾਂ ਪੂਰੀਆਂ ਕਰਨ ਵਾਲਾ



ਲਾ ਕੇ ਗੁਰਦੁਆਰੇ ਨੂੰ ਅਜਾਇਬ ਘਰ ਦਾ ਰੂਪ ਹੀ ਦਿੱਤਾ ਹੁੰਦਾ ਹੈ ।

ਬਾਬਾ ਜੀ, ਗੁਰਦੁਆਰਾ ਸਾਹਿਬ ਅੰਦਰ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਤੇ ਹੀ ਜ਼ੋਰ ਦਿੰਦੇ ਸਨ। ਗੁਰਦੁਆਰਾ ਸਾਹਿਬ ਵਿੱਚ ਫੋਟੋ ਜਾਂ ਸਜਾਵਟ ਲਈ ਮੋਰਾਂ ਜਾਂ ਸ਼ੇਰਾਂ ਦੇ ਬੁੱਤ ਰੱਖਣ ਦੇ ਬਹੁਤ ਖਿਲਾਫ ਸਨ। ਜੇ ਕਿਸੇ ਨੇ ਸਤਿਗੁਰਾਂ ਜਾਂ ਗੁਰਸਿੱਖ ਜੋਧਿਆਂ ਦੀ ਤਸਵੀਰ ਲਾਉਣੀ ਹੈ ਤਾਂ ਉਹ ਆਪਣੇ ਰਿਹਾਹਿਸ਼ੀ ਅਸਥਾਨ ਤੇ ਜ਼ਰੂਰ ਲਾ ਲੈਣੀ ਚਾਹੀਦੀ ਹੈ ਕਿਉਂਕਿ ਸਤਿਗੁਰਾਂ, ਭਗਤਾਂ ਤੇ ਗੁਰਸਿੱਖ ਜੋਧਿਆਂ ਦੇ ਚਿੱਤਰ ਵੇਖ ਕੇ ਸਾਡੇ ਹਿਰਦੇ ਵਿੱਚ ''**ਤਿਨਾ ਦੇਖਿ ਮਨਿ ਚਾਉ ਉਠੰਦਾ**'' ਦੀ ਲਾਲਸਾ ਉਤਪੰਨ ਹੁੰਦੀ ਹੈ, ਪਰ ਗੁਰੂ ਪ੍ਰਕਾਸ਼ ਅਸਥਾਨ ਤੇ ਇਹ ਸੋਭਾ ਨਹੀ ਦਿੰਦਾ ।

### *ਬਾਬਾ ਜੀ ਸੰਗਤਾਂ ਸਮੇਤ ਪੰਜਾਬ ਦੇ ਗੁਰਦੁਆਰਿਆਂ ਦੀ ਯਾਤਰਾ ਲਈ ਗਏ।*

1974 ਈਸਵੀ ਨੂੰ ਸੰਗਤਾਂ ਦੇ ਪ੍ਰੇਰਨਾ ਦੇਣ ਤੇ ਬਾਬਾ ਜੀ ਨੇ ਦੋ ਬੱਸਾਂ ਦਾ ਪ੍ਰਬੰਧ ਕਰਕੇ, ਪੰਜਾਬ ਦੇ ਗੁਰਧਾਮਾਂ ਦੀ ਯਾਤਰਾ ਕਰਨ ਦਾ ਪ੍ਰੋਗਰਾਮ ਬਣਾ ਲਿਆ। ਯਾਤਰਾ ਦੇ ਦੂਸਰੇ ਦਿਨ, ਬਾਬਾ ਜੀ ਸੰਗਤ ਸਮੇਤ ਗੁਰਦੁਆਰਾ ਸ੍ਰੀ ਬਿਭੌਰ ਸਾਹਿਬ ਜਿੱਥੇ ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਬੇਨਤੀ ਚੌਪਈ ਉਚਾਰਨ ਕੀਤੀ ਹੈ, ਦੁਪਹਿਰ ਨੂੰ ਪੁੱਜੇ। ਬਾਬਾ ਸੇਵਾ ਸਿੰਘ ਜੀ, ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ, ਉਸ ਸਮੇਂ ਇਸ ਅਸਥਾਨ ਦੀ ਸੇਵਾ ਕਰਵਾ ਰਹੇ ਸਨ। ਜਦੋਂ ਬਾਬਾ ਸੇਵਾ ਸਿੰਘ ਜੀ ਨੇ ਆਪ ਦਾ ਸੰਗਤ ਸਮੇਤ ਗੁਰੂ ਘਰ ਦੇ ਦਰਸ਼ਨ ਕਰਨ ਆਉਣ ਦਾ ਸੁਣਿਆ, ਉਨ੍ਹਾਂ ਨੇ ਅੱਗੇ ਹੋ ਕੇ ਬਾਬਾ ਜੀ ਤੇ ਸੰਗਤ ਨਾਲ ਗੁਰੂ ਫਤਹਿ ਦੀ ਸਾਂਝ ਕੀਤੀ ਤੇ ਜਲ ਪਾਣੀ ਛਕ ਕੇ ਜਾਣ ਲਈ ਕਿਹਾ । ਬਾਬਾ ਜੀ ਨੇ ਬੇਨਤੀ ਕੀਤੀ ਕਿ ਅਸੀਂ ਸਤਿਗੁਰਾਂ ਨੂੰ ਨਮਸਕਾਰ ਕਰ ਆਉਂਦੇ ਹਾਂ ਫਿਰ ਤੁਹਾਡੇ ਪਾਸੋਂ ਜਲ ਪਾਣੀ ਛੱਕ ਕੇ ਜਾਵਾਂਗੇ।

ਇੱਧਰ ਸੰਤ ਬਾਬਾ ਸੇਵਾ ਸਿੰਘ ਜੀ ਨੇ ਇੱਕ ਵੱਡੇ ਕੜਾਹੇ ਵਿੱਚ ਸੇਵਾਦਾਰ ਨੂੰ ਕਹਿ ਕੇ ਪਾਣੀ ਪਵਾਉਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਹੱਥ ਵਿੱਚ ਫੜਨ ਵਾਲਾ ਖੂੰਡਾ ਪਾਣੀ ਨਾਲ ਧੋ-ਸਵਾਰ ਕੇ ਹੱਥ ਵਿੱਚ ਫੜ ਲਿਆ। ਸੇਵਾਦਾਰ ਨੇ ਬਾਲਟੀ ਭਰ ਕੇ ਦੁੱਧ ਦੀ ਪਾ ਦਿੱਤੀ। ਆਪ ਬਾਬਾ ਜੀ, ਆਪਣੇ ਖੂੰਡੇ ਨਾਲ ਬੜੀ ਮਸਤੀ ਵਿੱਚ ਕੜਾਹੇ ਵਿੱਚ ਖੂੰਡਾ ਫੇਰ ਕੇ ਖੰਡ ਘੋਲਣ ਲੱਗ ਪਏ ਤੇ ਨਾਲ ਹੀ ਸੇਵਾਦਾਰ ਨੂੰ ਉੱਚੀ ਅਵਾਜ਼ਾਂ ਮਾਰਨ ਕਿ ਇੱਕ ਬਾਲਟੀ ਦੁੱਧ ਦੀ ਹੋਰ ਲਿਆ ਕੇ ਕੜਾਹੇ ਵਿੱਚ ਪਾਵੋ ।

ਅਸੀਂ ਸਾਰੇ ਹੱਥ ਪੈਰ ਧੋ ਕੇ ਗੁਰ ਅਸਥਾਨ ਦੇ ਦਰਸ਼ਨ ਕਰਨ ਵਾਸਤੇ ਬਾਬਾ ਜੀ ਨਾਲ ਗੁਰਦੁਆਰਾ ਸਾਹਿਬ ਅੰਦਰ ਚਲੇ ਗਏ । ਬਾਬਾ ਜੀ ਅੱਗੇ ਅੱਗੇ ਸਨ, ਆਪ ਨੇ ਇੱਕ ਹੱਥ ਵਿੱਚ ਖੂੰਡੀ ਫੜੀ ਹੋਈ ਸੀ ਤੇ ਦੂਸਰਾ ਹੱਥ ਦਾਸ ਦੇ ਮੋਢੇ ਉੱਪਰ ਰੱਖਿਆ ਹੋਇਆ ਸੀ। ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਦੇ ਸਾਹਮਣੇ ਜੰਗਲੇ

ਦੇ ਅੰਦਰ, ਦਰਮਿਆਨੇ ਸਾਈਜ਼ ਦੇ, ਦੋ ਸ਼ੇਰਾਂ ਦੇ ਬੁੱਤ ਦੋਨੋਂ ਪਾਸੇ ਇੱਕ ਇੱਕ (ਇੱਕ ਉੱਧਰ ਤੇ ਇੱਕ ਉੱਧਰ) ਸਜਾਵਟ ਵਾਸਤੇ ਰੱਖੇ ਹੋਏ ਸਨ ।

### *ਬਾਬਾ ਜੀ ਨੇ ਸ਼ੇਰਾਂ ਦੇ ਬੁੱਤ ਚੁੱਕਣੇ*

ਬਾਬਾ ਜੀ ਦੀ ਨਜ਼ਰ ਉਹਨਾਂ ਦੋਵਾਂ ਸ਼ੇਰਾਂ ਦੇ ਬੁੱਤਾਂ ਉੱਪਰ ਪੈ ਗਈ। ਆਪ ਜੀ ਨੇ ਗੁਰੂ ਮਹਾਂਰਾਜ ਜੀ ਨੂੰ ਮੱਥਾ ਟੇਕਿਆ ਤੇ ਫਤਹਿ ਬਲਾਉਣ ਉਪ੍ਰੰਤ ਆਪ ਜੀ ਕਹਿਣ ਲੱਗੇ, ਦੇਖੋ! ਮਹਾਂਪੁਰਖ ਵੀ ਸਾਨੂੰ, ਸ਼ੇਰਾਂ ਨੂੰ ਮੱਥਾ ਟਿਕਾਈ ਜਾਂਦੇ ਹਨ। ਇੰਨਾਂ ਕਹਿ ਕੇ ਆਪ ਨੇ, ਸ਼ੇਰ ਦੇ ਬੁੱਤ ਦੇ ਕੰਨ ਤੇ ਜ਼ੋਰ ਨਾਲ ਸੋਟੀ ਮਾਰੀ ਤੇ ਸ਼ੇਰ ਦੇ ਬੁੱਤ ਦਾ ਕੰਨ ਟੁੱਟ ਗਿਆ। ਆਪ ਨੇ ਸੋਟੀ ਮੇਰੇ ਹੱਥ ਵਿੱਚ ਫੜਾ ਕੇ, ਉਸ ਸ਼ੇਰ ਦੀ ਧੌਣ ਨੂੰ ਹੱਥ ਪਾ ਕੇ ਜੰਗਲੇ ਤੋਂ ਬਾਹਰ ਕੱਢ ਲਿਆ। ਸ਼ੇਰ ਦਾ ਬੁੱਤ ਭਾਵੇਂ ਭਾਰਾ ਸੀ ਪਰ ਫਿਰ ਵੀ ਉਸ ਨੂੰ ਲੈ ਕੇ ਆਪ ਜੀ ਬਾਹਰ ਨੂੰ ਤੁਰ ਪਏ। ਦੂਸਰੇ ਸ਼ੇਰ ਦਾ ਬੁੱਤ ਚੁੱਕਣ ਵਾਸਤੇ ਬਾਬਾ ਜੀ ਨੇ ਕਰਤਾਰ ਸਿੰਘ ਰਸੂਲਪੁਰ ਵਾਲੇ ਨੂੰ ਕਿਹਾ, ਉਸ ਨੇ ਵੀ ਦੂਸਰੇ ਸ਼ੇਰ ਦਾ ਬੁੱਤ ਚੁੱਕ ਲਿਆ। ਸੇਵਾਦਾਰ, ਜੋ ਪ੍ਰਸ਼ਾਦ ਵਰਤਾਉਂਦਾ ਸੀ, ਉਹ ਕਹਿਣ ਲੱਗਾ! ਇਹ ਤਾਂ ਬਾਬਾ ਜੀ ਨੇ ਬੜੀ ਮਿਹਨਤ ਨਾਲ ਮੁਕਰਾਨੇ ਤੋਂ ਬਣਵਾ ਕੇ ਲਿਆਂਦੇ ਹਨ, ਤੁਸੀਂ ਇਹਨਾਂ ਨੂੰ ਕਿੱਧਰ ਲੈ ਚੱਲੇ ਹੋ? ਉਸ ਦੇ ਰੌਲਾ ਪਾਉਂਦਿਆਂ ਪਾਉਂਦਿਆਂ, ਬਾਬਾ ਜੀ ਨੇ ਆਪਣੇ ਹੱਥ ਵਾਲਾ ਸ਼ੇਰ ਦਰਿਆ ਵਾਲੇ ਪਾਸੇ ਵਗਾਹ ਮਾਰਿਆ ਤੇ ਕਰਤਾਰ ਸਿੰਘ ਨੂੰ ਵੀ ਹੇਠਾਂ ਸੁੱਟ ਦੇਣ ਲਈ ਕਿਹਾ। ਗੁਰਦੁਆਰਾ ਸਾਹਿਬ ਦੀ ਪਰਕਰਮਾਂ ਕਰ, ਮੱਥਾ ਟੇਕ, ਬੇਨਤੀ ਚੌਪਈ ਦਾ ਪਾਠ ਕਰ, ਸਾਰੀ ਸੰਗਤ ਬਾਬਾ ਸੇਵਾ ਸਿੰਘ ਜੀ ਪਾਸ ਲੰਗਰ ਅਸਥਾਨ ਵਿੱਚ ਪੁੱਜ ਗਈ।

### *ਬਾਬਾ ਜੀ ਤੇ ਬਾਬਾ ਸੇਵਾ ਸਿੰਘ ਜੀ ਦੀ ਆਪਸੀ ਵਾਰਤਾ*

ਬਾਬਾ ਸੇਵਾ ਸਿੰਘ ਜੀ ਨੇ ਬਾਬਾ ਜੀ ਦਾ ਤੇ ਸਾਰੀ ਸੰਗਤ ਦਾ ਬੜਾ ਮਾਣ ਸਤਿਕਾਰ ਕੀਤਾ ਤੇ ਜਲ ਪਾਣੀ ਦੀ ਸੇਵਾ ਕੀਤੀ। ਸਾਡੇ ਪਰਕਰਮਾਂ ਤੇ ਬੇਨਤੀ ਚੌਪਈ ਦਾ ਪਾਠ ਕਰਦੇ ਸਮੇਂ, ਪਰਸ਼ਾਦ ਵਰਤਾਉਣ ਵਾਲੇ ਸੇਵਾਦਾਰ ਨੇ, ਸੰਗਮਰਮਰ ਦੇ ਸ਼ੇਰਾਂ ਦੇ ਬੁੱਤ ਚੁੱਕਣ ਦੀ ਸ਼ਿਕਾਇਤ ਵੀ ਬਾਬਾ ਸੇਵਾ ਸਿੰਘ ਹੁਰਾਂ ਪਾਸ ਲਾਈ। ਬਾਬਾ ਸੇਵਾ ਸਿੰਘ ਜੀ ਨੇ ਸਮਝਿਆ ਕਿ ਬਾਬਾ ਜੀ ਨੂੰ ਸ਼ੇਰਾਂ ਦੇ ਬੁੱਤ ਪਸੰਦ ਆ ਗਏ ਹੋਣੇ ਹਨ, ਤਦ ਉਨ੍ਹਾਂ ਚੁੱਕੇ ਹਨ। ਜਲ ਪਾਣੀ ਛਕ ਕੇ ਵਿਦਾਇਗੀ ਲੈਣ ਤੋਂ ਉਪ੍ਰੰਤ ਬਾਬਾ ਸੇਵਾ ਸਿੰਘ ਜੀ ਨੇ ਬੜੇ ਪਿਆਰ ਨਾਲ ਬਾਬਾ ਜੀ ਨੂੰ ਦਸਤਾਰ ਤੇ ਸਿਰੋਪਾ ਭੇਟ ਕੀਤਾ ਤੇ ਨਾਲ ਹੀ ਆਪ ਜੀ ਕਹਿਣ ਲੱਗੇ, ਬਾਬਾ ਜੀ! ਸਾਡੇ ਪਾਸ ਇੱਕ ਸ਼ੇਰਾਂ ਦਾ ਜੋੜਾ ਹੋਰ ਪਿਆ ਹੈ। ਜੇ ਆਪ ਜੀ ਕਹੋ ਤਾਂ ਉਹ ਵੀ ਆਪ ਜੀ ਨੂੰ ਲਿਆ ਦਿੰਦੇ ਹਾਂ, ਜੋ ਬੜੀ ਮਿਹਨਤ ਨਾਲ ਕਾਰੀਗਰ ਨੇ ਬਣਾਏ ਹਨ। ਬਾਬਾ ਜੀ ਹੱਸ ਕੇ ਕਹਿਣ ਲੱਗੇ! ਤੁਹਾਡੇ ਵਾਲੇ ਸ਼ੇਰ, ਜੋ ਗੁਰੂ ਮਹਾਰਾਜ ਅੱਗੇ ਤੁਸੀਂ ਸੰਗਤਾਂ ਤੋਂ ਮੱਥਾ



ਟਿਕਾਉਣ ਲਈ ਬਿਠਾਏ ਹੋਏ ਸਨ, ਉਹ ਅਸੀਂ ਦਰਿਆ ਵਿੱਚ ਸੁੱਟ ਆਏ ਹਾਂ। ਜੇ ਤੁਸੀਂ ਮੁੜ ਉਥੇ ਹੀ ਰੱਖਣੇ ਹਨ, ਤਦ ਸਾਨੂੰ ਇਹ ਵੀ ਦੇ ਦੇਵੋ, ਅਸੀਂ ਇਹਨਾਂ ਨੂੰ ਵੀ ਨਹਿਰ ਵਿੱਚ ਸੁੱਟ ਦੇਵਾਂਗੇ।

ਬਾਬਾ ਸੇਵਾ ਸਿੰਘ ਜੀ ਕਹਿਣ ਲੱਗੇ, ਬਾਬਾ ਜੀ! ਇਹ ਅਸੀਂ ਸਜਾਵਟ ਲਈ ਰੱਖੇ ਹੋਏ ਸਨ। ਬਾਬਾ ਜੀ ਕਹਿਣ ਲੱਗੇ, ਸਜਾਵਟ ਵਾਸਤੇ ਫੁੱਲਾਂ ਦੇ ਗੁਲਦਸਤੇ, ਜੰਗਲੇ, ਸੁੰਦਰ ਰੁਮਾਲੇ ਬਿਅੰਤ ਹਨ। ਇਹ ਜਾਨਵਰ ਗੁਰੂ ਮਹਾਰਾਜ ਅੱਗੇ ਰੱਖੇ ਹੋਏ ਸੋਭਾ ਨਹੀ ਦਿੰਦੇ। ਇਹਨਾਂ ਵਲ ਵੇਖ ਕੇ ਇਹਨਾਂ ਜਾਤੀਆਂ ਦਾ ਸਾਰਾ ਪਿਛੋਕੜ ਧਿਆਨ ਵਿੱਚ ਆ ਘੁੰਮਦਾ ਹੈ। ਕਿਉਂਕਿ ਜਿਹੜੀ ਚੀਜ਼ ਤੁਸੀਂ ਅੱਖਾਂ ਨਾਲ ਵੇਖੀ ਹੈ, ਉਹ ਤੁਹਾਡੇ ਅੰਦਰ ਚਿੱਤਰ ਜਾਂਦੀ ਹੈ ਤੇ ਗੁਰੂ ਮਹਾਰਾਜ ਜੀ ਵੱਲੋਂ ਧਿਆਨ ਹਟ ਕੇ ਉਸ ਵੱਲ ਚਲਾ ਜਾਂਦਾ ਹੈ। ਦੂਸਰੇ, ਇਹਨਾਂ ਟੇਢੀਆਂ ਜੂਨਾਂ ਵਿੱਚ ਪਤਾ ਨਹੀਂ ਜੀਵ ਆਤਮਾਂ, ਕਿੰਨੇ ਕੁ ਜਨਮ ਧਾਰਨ ਕਰਦੀ ਆਈ ਹੈ, ਜਿਸ ਦਾ ਸੰਕੇਤ, ਗੁਰੂ ਅਰਜਨ ਦੇਵ ਜੀ ਨੇ ਗਾਉੜੀ ਰਾਗ ਅੰਦਰ ਬੜੇ ਵਿਸਥਾਰ ਨਾਲ ਦਿੱਤਾ ਹੈ-

**ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ ਪੰਖੀ ਸਰਪ ਹੋਇਓ॥ਕਈ ਜਨਮ ਹੈਵਰ ਬ੍ਰਿਖ ਜੋਇਓ॥**

ਗਉੜੀ ਮ: ੫, ਪੰਨਾ ੧੭੬

ਹੁਣ ਮਨੁੱਖਾ ਜਨਮ ਪ੍ਰਾਪਤ ਕਰਕੇ ਵੀ, ਜੀਵ ਆਤਮਾਂ ਆਪਣੇ ਪਿਛੋਕੜ ਵੱਲ ਬਦੋ-ਬਦੀ ਜਾਣ ਲਈ ਯਤਨ ਕਰਦੀ ਹੈ ਕਿਉਂਕਿ ਬਹੁਤਾ ਸਮਾਂ ਇਹਨਾਂ ਜੂਨਾਂ ਵਿੱਚ ਬਤੀਤ ਕਰਨ ਕਰਕੇ, ਇਹਨਾਂ ਜੂਨਾਂ ਦੇ ਸੁਭਾਅ ਅਤੇ ਸੰਸਕਾਰ ਵੀ ਜੀਵ ਆਤਮਾਂ ਦੇ ਅੰਦਰ ਸਮੋਏ ਹੋਏ ਹਨ। ਗੁਰੂ ਚਰਨਾਂ ਵਿੱਚ ਨੱਤਮਸਤਕ ਹੋ ਕੇ, ਅਸੀਂ ਇਨ੍ਹਾਂ ਟੇਢੀਆਂ ਜੂਨਾਂ ਦੇ ਸੁਭਾਅ ਤੇ ਸੰਸਕਾਰਾਂ ਤੋਂ ਨਿਜ਼ਾਤ ਪ੍ਰਾਪਤ ਕਰਨੀ ਹੈ। ਗੁਰੂ ਚਰਨਾਂ ਵਿੱਚ ਆ ਕੇ ਵੀ ਅਸੀਂ ਸ਼ੇਰਾਂ, ਮੋਰਾਂ, ਕੁੱਤਿਆਂ, ਬਿੱਲਿਆਂ ਦੀ ਬਿਰਤੀ ਨੂੰ ਜੇ ਬੜ੍ਹਾਵਾ ਦੇਵਾਂਗੇ, ਤਦ ਮਨੁੱਖਾ ਜਨਮ ਪ੍ਰਾਪਤ ਹੋਣ ਤੇ ਵੀ ਸਾਡੇ ਉੱਪਰ, ਗੁਰੂ ਅਰਜਨ ਦੇਵ ਜੀ ਦਾ ਫੁਰਮਾਨ "**ਕਰਤੂਤਿ ਪਸੂ ਕੀ ਮਾਨਸ ਜਾਤਿ॥**" ਢੁੱਕ ਜਾਵੇਗਾ।

ਦੂਸਰੇ, ਸਾਡੇ ਅਤੇ ਪ੍ਰਮਾਤਮਾਂ ਦੇ ਵਿਚਕਾਰ ਪਤਾ ਨਹੀਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਹੋਰ ਅਸੁਰੀ ਸੰਪ੍ਰਦਾ ਦੀਆਂ ਕਿੰਨੀਆਂ ਕੁ ਰੁਕਾਵਟਾਂ ਹਨ। ਉਹਨਾਂ ਨੂੰ ਦੂਰ ਕਰ ਕੇ ਅਸੀਂ ਆਪਣੇ ਮੂਲ ਨਾਲ ਅਭੇਦ ਹੋਣਾ ਹੈ। ਇਹਨਾਂ ਰੁਕਾਵਟਾਂ ਵਿੱਚ ਵਾਧਾ ਕਰਨ ਦੀ ਥਾਂ, ਸਤਿਗੁਰੂ ਦੀ ਓਟ ਆਸਰਾ ਲੈ ਕੇ, ਇਹਨਾਂ ਤੋਂ ਛੁਟਕਾਰਾ ਪਾਉਣਾ ਹੈ। ਗੁਰੂ ਦਰਸ਼ਨ ਕਰਨ ਸਮੇਂ, ਜੀਵ ਆਤਮਾ ਤੇ ਗੁਰੂ ਦੇ ਵਿਚਕਾਰ ਹੋਰ ਕੋਈ ਤੀਸਰੀ ਚੀਜ਼ ਨਹੀਂ ਹੋਣੀ ਚਾਹੀਦੀ। ਬਸ ''**ਮੈਂ ਤੂੰ ਅਤੇ ਤੂੰ ਮੈਂ**'' ਵਾਲੀ ਅਵਸਥਾ ਹੀ ਹੋਣੀ ਚਾਹੀਦੀ ਹੈ।

*ਟੈਲਫੋਰਡ, ਇੰਗਲੈਂਡ ਗੁਰੂ ਘਰ ਦੀ ਵਾਰਤਾ*

ਇਸੇ ਤਰ੍ਹਾਂ, ਜਦੋਂ ਆਪ ਜੀ 1981 ਈ: ਨੂੰ ਕਨੇਡਾ-ਅਮਰੀਕਾ ਦੀ ਯਾਤਰਾ ਨੂੰ ਗਏ, ਵਾਪਸੀ ਤੇ ਸਤੰਬਰ ਮਹੀਨੇ ਤਿੰਨ ਹਫਤੇ ਲਈ, ਆਪ ਜੀ ਇੰਗਲੈਂਡ ਦੇ ਵੁਲਵਰਹੈਮਟਨ ਸ਼ਹਿਰ ਵਿਖੇ ਠਹਿਰੇ। ਇਥੋਂ ਵੀਹ ਕੁ ਮੀਲ ਦੀ ਵਿੱਥ ਤੇ 'ਟੈਲ ਫੋਰਡ' ਇੱਕ ਛੋਟਾ ਸ਼ਹਿਰ ਹੈ। ਇੱਥੇ ਗੁਰੂ ਘਰ ਦੇ ਪ੍ਰਧਾਨ ਸ: ਗੁਰਚਰਨ ਸਿੰਘ ਅਟਵਾਲ, ਬਾਬਾ ਜੀ ਦੇ ਕਾਫੀ ਨਜ਼ਦੀਕੀ ਸਨ। ਉਨ੍ਹਾਂ ਨੇ ਬਾਬਾ ਜੀ ਨੂੰ ਆਪਣੇ ਘਰ ਸੱਦਿਆ। ਜਲ-ਪਾਣੀ ਛਕਾ ਕੇ, ਉਹ ਬਾਬਾ ਜੀ ਨੂੰ ਗੁਰਦੁਆਰੇ-ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਲਈ ਲੈ ਗਏ। ਗੁਰਦੁਆਰੇ ਪ੍ਰਵੇਸ਼ ਕਰਦਿਆਂ ਹੀ ਸ. ਗੁਰਚਰਨ ਸਿੰਘ ਜੀ ਨੇ ਗੱਲ ਅਰੰਭ ਕੀਤੀ ਕਿ ਬਾਬਾ ਜੀ ! ਅਸੀਂ ਇੱਕ ਕਾਰੀਗਰ ਪਾਸੋਂ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਕਰਨ ਲਈ ਵੱਡ ਅਕਾਰੀ ਲੱਕੜ ਦੀ ਪਾਲਕੀ ਬਣਾਈ ਹੈ। ਜਿੱਥੇ ਉਸ ਨੇ ਪਾਲਕੀ ਬਹੁਤ ਸੁੰਦਰ ਬਣਾਈ ਹੈ, ਉਥੇ ਉਸ ਨੇ ਪਾਲਕੀ ਦੇ ਦੁਵੱਲੇ ਦੋ ਮੋਰ ਬਹੁਤ ਹੀ ਸੁੰਦਰ ਬਣਾਏ ਹਨ, ਜੋ ਇੰਨ ਬਿੰਨ ਜਿਉਂਦੇ ਅਸਲੀ ਲੱਗਦੇ ਹਨ। ਚੱਲੋ ਤੁਹਾਨੂੰ ਉਨ੍ਹਾਂ ਦੇ ਵੀ ਦਰਸ਼ਨ ਕਰਾਵਾਂਗੇ।

*ਤੁਸੀਂ ਸਾਨੂੰ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨ ਲਿਆਏ ਹੋ ਜਾਂ ਲਕੜੀ ਦੇ ਮੋਰਾਂ ਦੇ?*

ਬਾਬਾ ਜੀ ਖਲੋ ਗਏ ਤੇ ਸ. ਗੁਰਚਰਨ ਸਿੰਘ ਜੀ ਨੂੰ ਕਹਿਣ ਲੱਗੇ, ਗੁਰਚਰਨ ਸਿੰਘ ਜੀ ! ਤੁਸੀਂ ਸਾਨੂੰ ਗੁਰਦੁਆਰੇ ਗੁਰੂ ਮਹਾਂਰਾਜ ਜੀ ਦੇ ਦਰਸ਼ਨ ਕਰਨ ਲਿਆਏ ਹੋ ਜਾਂ ਮੋਰ ਵਿਖਾਉਣ ਲਈ ਲਿਆਏ ਹੋ? ਜੇ ਮੋਰ ਹੀ ਵਿਖਾਉਣੇ ਸਨ ਤਾਂ ਕਿਸੇ ਚਿੜੀਆ ਘਰ ਲੈ ਚੱਲਦੇ, ਇਕੱਲੇ ਮੋਰਾਂ ਦੀ ਥਾਂ ਅਸੀਂ ਹੋਰ ਜਾਨਵਰ ਵੀ ਵੇਖ ਲੈਂਦੇ। ਤੁਸੀਂ ਸਾਨੂੰ ਗ਼ੁਰਦੁਆਰੇ ਵਿੱਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਲਿਆਏ ਹੋ। ਸਤਿਗੁਰਾਂ ਦੀ ਵਡਿਆਈ ਜਾਂ ਉਪਮਾ ਕਰਨ ਦੀ ਥਾਂ, ਤੁਸੀਂ ਗੁਰਦੁਆਰੇ ਵੜਦੇ ਹੀ ਮੋਰਾਂ ਦੀ ਉਪਮਾ ਤੇ ਵਡਿਆਈ ਕਰਨੀ ਅਰੰਭ ਕਰ ਦਿੱਤੀ ਹੈ ਤੇ ਅਜੇ ਕਰ ਰਹੇ ਹੋ। ਜੇ ਲੱਕੜ ਦੇ ਮੋਰ ਬਣਾ ਕੇ ਲੋਕਾਂ ਨੂੰ ਭੁਲੇਖਾ ਪਾਉਣਾ ਹੈ ਤਾਂ ਫਿਰ ਦੋ ਅਸਲੀ ਮੋਰ ਲਿਆ ਕੇ ਗੁਰਦੁਆਰੇ ਕਿਉਂ ਨਹੀਂ ਰੱਖ ਲੈਂਦੇ? ਉਨ੍ਹਾਂ ਦੇ ਖਾਣ-ਪੀਣ ਲਈ ਦਾਣਾ ਪਾਣੀ ਲੋਕਾਂ ਨੇ ਲੈ ਆਉਣਾ ਹੈ, ਜੇ ਘਟ ਜਾਵੇ ਤਾਂ ਗੁਰਦੁਆਰੇ ਵਿੱਚ ਪ੍ਰਸਾਦੇ ਬਹੁਤ ਬੱਚ ਜਾਂਦੇ ਹਨ। ਮੁਫਤੋ-ਮੁਫਤ ਉਨ੍ਹਾਂ ਦਾ ਗੁਜਾਰਾ ਵੀ ਚੱਲੀ ਜਾਣਾ ਹੈ, ਨਾਲੇ ਸੰਗਤ ਨਾਲ ਆਏ ਬੱਚੇ ਉਨ੍ਹਾਂ ਨਾਲ ਖੇਡਦੇ ਰਹਿਣਗੇ।

*ਤਜਿ ਚਿਤ੍ਰੈ ਚਿਤੁ ਰਾਖ ਚਿਤੇਰਾ*

ਸ. ਗੁਰਚਰਨ ਸਿੰਘ ਜੀ, ਬਾਬਾ ਜੀ ਦੇ ਬਚਨ ਸੁਣ ਕੇ ਚੁੱਪ ਕਰ ਗਏ ਤੇ ਸਹਿਜ ਨਾਲ ਕਹਿਣ ਲੱਗੇ, ਬਾਬਾ ਜੀ ! ਮੈਂ ਤਾਂ ਉਸ ਮਿਸਤ੍ਰੀ ਦੇ ਕੰਮ ਦੀ ਦਾਦ



ਦਿੰਦਿਆਂ ਆਪ ਜੀ ਨਾਲ ਗੱਲ ਸਾਂਝੀ ਕੀਤੀ ਹੈ। ਬਾਬਾ ਜੀ ਕਹਿਣ ਲੱਗੇ ! ਨਕਲ ਤਾਂ ਬਹੁਤਾਤ ਲੋਕੀਂ ਮਾਰ ਲੈਂਦੇ ਹਨ, ਨਕਲ ਕਰਨ ਵਾਲਿਆਂ ਦੇ ਕੰਮ ਦੀ ਦਾਦ ਦੇਣ ਦੀ ਥਾਂ ਅਸਲ ਬਨਾਉਣ ਵਾਲੇ ਕਾਰੀਗਰ ਦੀ ਦਾਦ ਦੇਣੀ ਚਾਹੀਦੀ ਹੈ। ਧੰਨ ਹੈ ! ਉਹ ਚਿਤੇਰਾ ਜਿਸ ਨੇ "**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ**" ਦੀ ਵਚਿੱਤਰਤਾ ਰਚੀ ਹੈ। ਫਿਰ ਇੱਕ ਹੀ ਨਸਲ ਦੇ ਵਿੱਚ ਜਨਮ ਲੈਣ ਵਾਲੇ ਜੀਵ ਇੱਕ ਦੂਸਰੇ ਨਾਲ, ਦੂਸਰਾ ਤੀਸਰੇ ਨਾਲ, ਤੀਸਰਾ ਚੌਥੇ ਨਾਲ ਮੇਲ ਨਹੀਂ ਖਾਂਦਾ, ਵੇਖਣ ਨੂੰ ਇੱਕ ਲਗਦੇ ਹਨ, ਪਰ ਭਿੰਨਤਾ ਕਰਤਾਰ ਨੇ ਵੱਖਰੀ ਵੱਖਰੀ ਰੱਖੀ ਹੈ । ਸਤਿਗੁਰੂ ਅਮਰਦਾਸ ਜੀ ਦਾ ਮਾਰੂ ਰਾਗ ਅੰਦਰ ਫੁਰਮਾਨ ਹੈ :

**ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥**
**ਕੋਇ ਨ ਕਿਸ ਹੀ ਜੇਹਾ ਉਪਾਇਆ ॥**

ਮਹਲਾ ੩, ਪੰਨਾ ੧੦੫੬

ਇਸ ਲਈ, ਨਕਲ ਕਰਨ ਵਾਲੇ ਦੀ ਦਾਦ ਦੇਣ ਦੀ ਥਾਂ, ਪ੍ਰਭੂ ਜੋ ਸਾਰੇ ਸੰਸਾਰ ਦਾ ਅਸਲ ਚਿਤੇਰਾ ਹੈ, ਉਸ ਨੂੰ ਦਾਦ ਦਿਉ। ਉਸ ਦੀ ਮਹਿਮਾਂ ਵਡਿਆਈ ਕਰਕੇ ਆਪਣਾ ਚਿੱਤ ਸੰਸਾਰ ਚਿਤੇਰੇ ਪ੍ਰਭੂ ਨਾਲ ਜੋੜੋ। ਭਗਤ ਕਬੀਰ ਜੀ ਦਾ ਗਉੜੀ ਬਾਵਨ ਅਖਰੀ ਅੰਦਰ ਫੁਰਮਾਨ ਹੈ :

**ਚਚਾ[1] ਰਚਿਤ ਚਿਤ੍ਰ ਹੈ ਭਾਰੀ ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ॥**
**ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥**

ਪੰਨਾ ੩੪੦

ਜੋ ਪ੍ਰਭੂ ਚਿਤੇਰੇ ਦੀ ਸਿਫਤ ਸਲਾਹ ਕਰਦਾ ਹੈ, ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਜੀ ਦੀ ਵਾਰ ਅੰਦਰ ਫੁਰਮਾਨ ਹੈ :-

**ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ ॥**
**ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥**

ਮ:੧, ਪੰਨਾ ੪੬੯

ਦੁਨੀਆਂ ਦਾ ਰੰਗ ਬਿਰੰਗਾ ਤਮਾਸ਼ਾ (ਚਿਤ੍ਰ) ਚਾਰ ਦਿਨ ਦੀ ਖੇਡ ਹੈ। ਇੱਕ ਦਿਨ ਦ੍ਰਿਸ਼ਟਮਾਨ ਨੇ ਖਾਕ ਹੋ ਜਾਣਾ ਹੈ। ਇਸ ਲਈ ਦੁਨੀਆਂ ਦੀ ਸਿਫਤ-ਸਲਾਹ ਕਰਨ ਦੀ ਥਾਂ, ਦੁਨੀਆਂ ਨੂੰ ਰਚਨਹਾਰ ਪਰਮਾਤਮਾਂ, ਜੋ ਸਦਾ ਸਦਾ ਸੱਤ ਰਹਿਣ ਵਾਲਾ

**1.**ਪਰਮਾਤਮਾ ਨੇ ਸਾਰਾ ਸੰਸਾਰ ਇੱਕ ਬਹੁਤ ਵਡਾ ਚਿਤ੍ਰ ਬਣਾਇਆ ਹੈ। ਚਿਤ੍ਰ ਨੂੰ ਵੇਖ ਕੇ ਇਸੇ ਚਿਤ੍ਰ ਵਿੱਚ ਖਚਤ ਹੋਣ ਦੀ ਥਾਂ ਚਿਤ੍ਰ ਬਨਾਉਣ ਵਾਲੇ ਪਰਮਾਤਮਾ ਨੂੰ ਯਾਦ ਕਰਨਾ ਚਾਹੀਦਾ ਹੈ। ਸੰਸਾਰ ਅੰਦਰ ਰੰਗ-ਬਰੰਗਾ ਮਨ ਨੂੰ ਮੋਹਣ ਵਾਲਾ ਪਸਾਰਾ ਤਾਂ ਇੱਕ ਝਮੇਲਾ ਹੈ। ਇਸ ਲਈ ਸੰਸਾਰ ਚਿਤ੍ਰ ਵਿੱਚ ਖੱਚਤ ਹੋਣ ਦੀ ਥਾਂ ਸੰਸਾਰ ਨੂੰ ਬਨਾਉਣ ਵਾਲੇ ਚਿਤੇਰੇ ਨਾਲ ਜੁੜਨਾ ਚਾਹੀਦਾ ਹੈ ।

ਹੈ, ਉਸ ਦੀ ਸਿਫਤ-ਸਲਾਹ ਕਰਕੇ ਆਪਣੇ ਜੀਵਨ ਦੀ ਸਫਲਤਾ ਕਰਨੀ ਚਾਹੀਦੀ ਹੈ। ਸਤਿਗੁਰੂ ਅਮਰਦਾਸ ਜੀ ਸੂਹੀ ਰਾਗ ਅੰਦਰ ਫੁਰਮਾਨ ਕਰਦੇ ਹਨ। ਹੇ ਪ੍ਰਾਣੀ ! :

**ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥**
**ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥**
**ਵਾਹੁ ਮੇਰੇ ਸਾਹਿਬਾ ਵਾਹੁ ॥**
**ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥੧॥ਰਹਾਉ॥**

**ਸੂਹੀ ਮ:੩, ਪੰਨਾ ੭੫੫**

ਇੰਨੀਆਂ ਕੁ ਗੁਰਮਤਿ ਵੀਚਾਰਾਂ, ਬਾਬਾ ਜੀ ਨੇ ਸ. ਗੁਰਚਰਨ ਸਿੰਘ ਹੋਰਾਂ ਨਾਲ ਗੁਰਦੁਆਰਾ ਸਾਹਿਬ ਦੇ ਬਾਹਰ ਖੜੇ ਖੜੇ ਕੀਤੀਆਂ। ਚਾਰ ਪੰਜ ਪ੍ਰੇਮੀ, ਜੋ ਗੁਰਦੁਆਰਾ ਸਾਹਿਬ ਮੱਥਾ ਟੇਕਣ ਆਏ ਸਨ, ਉਹ ਵੀ ਗੁਰਮਤਿ ਵੀਚਾਰਾਂ ਦਾ ਲਾਹਾ ਪ੍ਰਾਪਤ ਕਰ ਗਏ। ਬਾਬਾ ਜੀ ਕਹਿਣ ਲੱਗੇ, ਚਲੋ ! ਹੁਣ ਆਪਾਂ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਦੇ ਹਾਂ। ਆਪ ਨੇ ਚਰਨ ਧੋਤੇ ਤੇ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕਰਨ ਲਈ ਤੁਰ ਪਏ। ਦਾਸ ਵੀ ਉਸ ਵਿਦੇਸ਼ ਫੇਰੀ ਵਿੱਚ ਬਾਬਾ ਜੀ ਦੇ ਨਾਲ ਹੀ ਸੀ। ਬਾਬਾ ਜੀ ਤੇ ਅਸੀਂ ਸਾਰਿਆਂ ਨੇ ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕਿਆ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਬਾਬਾ ਜੀ ਨੇ ਲਿਆ ਤੇ ਅਸੀਂ ਸਾਰਿਆਂ ਨੇ ਸ੍ਰਵਣ ਕੀਤਾ।

### *ਸ: ਗੁਰਚਰਨ ਸਿੰਘ ਜੀ ਨੇ ਮੁੜ ਮੋਰਾਂ ਦੀ ਗੱਲ ਆਰੰਭ ਕੀਤੀ।*

ਗੁਰੂ ਮਹਾਰਾਜ ਜੀ ਦੀ ਤਾਬਿਆ ਤੋਂ ਉੱਠ ਕੇ ਫਿਰ ਮੋਰਾਂ ਦੀ ਗੱਲ ਚੱਲ ਪਈ। ਬਾਬਾ ਜੀ ਕਹਿਣ ਲੱਗੇ, ਗੁਰਚਰਨ ਸਿੰਘ ਜੀ ! ਅੱਜ ਤਾਂ "**ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ**" ਦੀ ਥਾਂ, ਬਹੁਤਾ ਸਮਾਂ ਮੋਰਾਂ ਦੀ ਚਰਚਾ ਨੇ ਹੀ ਖਰਾਬ ਕਰ ਦਿੱਤਾ। ਤੁਹਾਡੇ ਕਹਿਣ ਅਨੁਸਾਰ ਕਾਰੀਗਰ ਨੇ ਮੋਰ ਤਾਂ ਬਹੁਤ ਸੁਹਣੇ ਬਣਾਏ ਹਨ, ਪਰ ਮੇਰੇ ਖਿਆਲ ਵਿੱਚ ਹਰ ਮੱਥਾ ਟੇਕਣ ਵਾਲਾ ਜਗਿਆਸੂ, ਪਹਿਲਾਂ ਮੋਰਾਂ ਦੇ, ਫਿਰ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਦਾ ਹੋਵੇਗਾ। ਜੇ ਮੇਰੀ ਸਲਾਹ ਮੰਨੋ ਤਾਂ ਇੰਨ੍ਹਾਂ ਮੋਰਾਂ ਨੂੰ ਪਾਲਕੀ ਨਾਲੋਂ ਵੱਖ ਕਰਕੇ ਕਿਸੇ ਹੋਰ ਕਮਰੇ ਵਿੱਚ ਰੱਖ ਦੇਵੋ ਤਾਂ ਜੋ ਮੱਥਾ ਟੇਕਣ ਵਾਲੇ ਜਗਿਆਸੂ ਦਾ ਧਿਆਨ ਦੋ-ਫਾੜ ਨਾ ਹੋਵੇ। ਮਨ ਦੇ ਉੱਪਰ ਦ੍ਰਿਸ਼ਟਮਾਨ ਦਾ ਪ੍ਰਭਾਵ ਜਿਆਦਾ ਹੋਣ ਕਾਰਨ, ਮਨ ਤਾਂ ਪਹਿਲਾਂ ਹੀ ਅਦ੍ਰਿਸ਼ਟ ਨੂੰ ਮੰਨਣ ਤੇ ਸੁਣਨ ਨੂੰ ਤਿਆਰ ਨਹੀਂ। ਸੋ ਚਿੜੀਆਂ, ਮੋਰ, ਤੋਤੇ ਤੇ ਹੋਰ ਜੂਨਾਂ ਬਨਾਉਣ ਵਾਲੇ ਪਰਮਾਤਮਾਂ ਨਾਲ ਜੁੜਨ ਦੀ ਲੋੜ ਹੈ। ਜੁੜਨ ਵਿੱਚ ਸਫਲਤਾ ਤਦ ਮਿਲੇਗੀ, ਜੇ ਧਿਆਨ ਇੱਕ ਤੇ ਹੋਵੇਗਾ। ਜੇ ਧਿਆਨ ਦੋ ਫਾੜ ਹੋ ਗਿਆ, ਫਿਰ ਆਤਮਿਕ ਪੈਂਡੇ ਵਿੱਚ ਸਫਲਤਾ ਪ੍ਰਾਪਤ ਨਹੀਂ ਹੋਣੀ।

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ, ਸ੍ਰੀ ਆਸਾ ਜੀ ਦੀ ਵਾਰ ਅੰਦਰ, ਇੱਕ



ਸਾਬਤ ਦਾਣੇ ਤੇ ਦੁਫਾੜ (ਦਾਲ) ਦੀ ਉਦਾਹਰਣ ਦੇ ਕੇ ਸਾਨੂੰ ਸਮਝਾਇਆ ਹੈ ਕਿ ਜਿਮੀਂਦਾਰ ਆਪਣੇ ਖੇਤ ਨੂੰ ਵਾਹ ਸਵਾਰ ਕੇ ਦਾਲ ਭਾਵੇਂ ਮਣਾਂ ਮੂੰਹੀ ਖੇਤ ਵਿੱਚ ਖਿਲਾਰ ਦੇਵੇ, ਪਰ ਉਸ ਦਾਲ ਦਾ ਇੱਕ ਦਾਣਾ ਵੀ ਖੇਤ ਵਿੱਚ ਨਹੀਂ ਜੰਮਦਾ। ਦਾਣਾ ਉਹ ਜੰਮੇਗਾ ਜੋ ਸਾਬਤ ਹੋਵੇਗਾ। ਸਾਹਿਬਾਂ ਦਾ ਫੁਰਮਾਨ ਹੈ:-

**ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥**

**ਮ:੧ ਪੰਨਾ ੬੬੮**

ਸੋ ਇਸੇ ਤਰ੍ਹਾਂ ਪਰਮਾਤਮਾਂ ਨਾਲ ਜੁੜਨ ਲਈ ਵੀ ਤਦ ਸਫਲਤਾ ਮਿਲੇਗੀ ਜੇ ਸਾਡਾ ਧਿਆਨ ਇੱਕ ਹੋਵੇਗਾ। ਦੁਫਾੜ ਹੋਏ ਮਨ ਨੂੰ, ਪ੍ਰਭੂ ਨਾਲ ਜੁੜਨ ਲਈ ਸਫਲਤਾ ਨਹੀਂ ਮਿਲਦੀ ।

ਸਤਿਗੁਰੂ ਅਮਰਦਾਸ ਜੀ ਨੇ ਸੋਰਠਿ ਰਾਗੁ ਅੰਦਰ ਮਨ ਨੂੰ ਸੰਬੋਧਨ ਕਰ ਕੇ ਪ੍ਰੇਰਨਾ ਦਿੱਤੀ ਹੈ। ਹੇ ਮਨ ! ਤੂੰ ਆਪਣੇ ਮੂਲ-ਪ੍ਰਮਾਤਮਾਂ ਦਾ ਚਿੰਤਨ ਕਰ, ਉਸ ਨੂੰ ਯਾਦ ਕਰ, ਉਸ ਨੂੰ ਹਰ ਸਮੇਂ ਧਿਆਇਆ ਕਰ, ਪਰ ਯਾਦ ਰਖੀਂ ! ਤੇਰੇ ਚਿੰਤਨ ਵਿੱਚ ਤੇਰੇ ਧਿਆਉਣ ਵਿੱਚ ਤਦ ਤੈਨੂੰ ਸਫਲਤਾ ਮਿਲੇਗੀ, ਜੇ ਤੂੰ ਇੱਕ ਮਨ ਇੱਕ ਚਿੱਤ ਹੋ ਕੇ ਧਿਆਏਂਗਾ। ਜੇ ਮਨ ਤੇ ਚਿੱਤ ਦੁਫਾੜ ਹੋ ਗਏ, ਫਿਰ ਸਫਲਤਾ ਤੋਂ ਵਾਂਝਾਂ ਰਹਿ ਜਾਵੇਂਗਾ। ਆਪ ਸਾਹਿਬਾਂ ਦਾ ਪਿਆਰਾ ਫੁਰਮਾਨ ਹੈ-

**ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥**
**ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥**

**ਸਲੋਕ ਮ: ੩, ਪੰਨਾ ੬੫੩**

ਸਤਿਗੁਰੂ ਅਮਰਦਾਸ ਜੀ ਦਾ ਹੀ ਬਹੁਤ ਅਮੋਲਕ ਬਚਨ ਹੈ ਕਿ ਸਤਿਗੁਰੂ ਦੀ, ਪਰਮਾਤਮਾਂ ਦੀ ਪ੍ਰਾਪਤੀ ਸਰੀਰਕ ਨੇੜਤਾ ਨਾਲ ਪ੍ਰਾਪਤ ਨਹੀਂ ਹੋ ਸਕਦੀ । ਸਤਿਗੁਰੂ ਦੀ ਪ੍ਰਾਪਤੀ, ਮਨ ਦੀ ਹਜੂਰੀ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ । ਸਤਿਗੁਰੂ ਜੀ ਦਾ ਫੁਰਮਾਨ ਹੈ-

**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥**
**ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨॥**

**ਮ: ੩,ਪੰਨਾ ੮੪**

ਸੋ ਜਿਹੜੀ ਚੀਜ਼, ਜਿਹੜੀ ਵਸਤੂ, ਮਨ ਨੂੰ ਦੁਫਾੜ ਕਰਨ ਦਾ ਕੰਮ ਕਰੇ, ਉਸ ਦਾ ਤਿਆਗ ਕਰਨਾ ਹੀ ਭਲਾ ਹੈ, ਤਦ ਜੀਵਨ ਵਿੱਚ ਸਫਲਤਾ ਮਿਲੇਗੀ।

### *ਦਿੱਲੀ ਵਿਖੇ ਇੱਕ ਸਰਦਾਰ ਜੀ ਦੇ ਘਰ ਦੀ ਘਟਨਾ*

ਗੁਰਦੁਆਰਿਆਂ ਵਿੱਚ ਹੀ ਨਹੀਂ, ਬਾਬਾ ਜੀ ਜਦੋਂ ਵੀ ਪ੍ਰੇਮੀ ਗੁਰਸਿੱਖਾਂ ਦੇ ਘਰੀਂ ਜਾਂਦੇ, ਉਥੇ ਵੀ ਜਾਨਵਰਾਂ ਦੇ ਕਲਬੂਤ ਜਾਂ ਬੁੱਤ ਆਮ ਸਜਾਵਟ ਲਈ ਜੋ ਰੱਖੇ ਜਾਂਦੇ, ਉਨ੍ਹਾਂ ਨੂੰ ਰੱਖਣ ਤੋਂ ਵੀ ਬੜੀ ਸਖਤੀ ਨਾਲ ਵਰਜਦੇ ਸਨ।

ਉਂਝ ਤਾਂ ਅੱਜਕਲ ਵੀ ਓਹੋ ਰੁਝਾਨ ਤੁਰਿਆ ਆ ਰਿਹਾ ਹੈ, ਪਰ ਵੀਹ-ਪੰਝੀ ਸਾਲ ਪਹਿਲਾਂ ਦੇਖਾ ਦੇਖੀ, ਹਰ ਘਰ ਵਿੱਚ ਸ਼ੀਸ਼ੇ ਵਾਲੀ ਅਲਮਾਰੀ ਜਾਂ ਸੈਲਫਾਂ ਉੱਪਰ, ਕਬੂਤਰਾਂ, ਘੁੱਗੀਆਂ, ਚਿੜੀਆਂ, ਤੋਤਿਆਂ ਜਾਂ ਬਾਂਦਰਾਂ ਆਦਿ ਜਾਨਵਰਾਂ ਦੇ ਮਿੱਟੀ ਜਾਂ ਸੰਗਮਰਮਰ ਦੇ ਬੁੱਤ (STATUE) ਜੋ ਬਜ਼ਾਰਾਂ ਵਿਚੋਂ ਸਜਾਵਟ ਕਰਨ ਲਈ ਮਿਲਦੇ ਸਨ ਤੇ ਮਿਲਦੇ ਹਨ, ਉਹ ਆਮ ਲੋਕ ਘਰਾਂ ਵਿੱਚ ਰੱਖਣ ਲੱਗ ਪਏ ਸਨ। ਅਕਸਰ, ਜਦੋਂ ਬਾਬਾ ਜੀ ਨੂੰ ਕਿਸੇ ਵੀ ਘਰ ਜਾਣ ਦਾ ਸਮਾਂ ਮਿਲਦਾ ਤਾਂ ਆਪ ਜੀ ਘਰ ਦੇ ਮੋਹਤਬਰ ਬੰਦੇ ਜਾਂ ਬੀਬੀ ਨੂੰ ਕੋਲ ਸੱਦ ਕੇ ਬੇਨਤੀ ਕਰਦੇ ਕਿ ਇਹ ਜੋ ਚਿੜੀਆਂ, ਤੋਤੇ, ਮੋਰ ਜਾਂ ਬਾਦਰਾਂ ਦੇ ਬੁੱਤ (STATUE) ਤੁਸੀਂ ਘਰ ਵਿੱਚ ਰੱਖੇ ਹਨ, ਜੇ ਤੁਸੀਂ ਇਨ੍ਹਾਂ ਦੀ ਥਾਂ, ਗੁਰੂ ਮਹਾਰਾਜ ਜੀ ਦੇ ਜਾਂ ਗੁਰਸਿੱਖ ਯੋਧਿਆਂ, ਜਿਨ੍ਹਾਂ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਇਆ। ਉਨ੍ਹਾਂ ਦੇ ਚਿੱਤ੍ਰ ਅੰਗੀਠੀ ਜਾਂ ਅਲਮਾਰੀ ਦੀ ਸੈਲਫ ਜਾਂ ਕੰਧ ਉੱਪਰ ਲਾ ਲਵੋ ਤਾਂ ਘੱਟੋ ਘੱਟ, ਗੁਰੂ ਚਿੱਤ੍ਰਾਂ ਜਾਂ ਗੁਰਸਿੱਖਾਂ ਜੋਧਿਆਂ ਦੇ ਚਿੱਤ੍ਰ ਵੇਖ ਕੇ, ਤੁਹਾਨੂੰ ਸਤਿਗੁਰਾਂ ਦੀ ਯਾਦ ਤੇ ਉਨ੍ਹਾਂ ਗੁਰਸਿੱਖਾਂ ਦੇ ਕਾਰਨਾਮੇ ਤਾਂ ਯਾਦ ਆਉਣਗੇ। ਸਵੇਰੇ ਉੱਠ ਕੇ, ਚਿੜੀਆਂ, ਤੋਤੇ, ਬਾਦਰਾਂ ਦੇ ਬੁੱਤ ਵੇਖ ਕੇ ਤਾਂ ਤੁਹਾਡਾ ਧਿਆਨ ਜਾਨਵਰਾਂ ਵੱਲ ਹੀ ਜਾਏਗਾ। ਜੋ ਅਸੀਂ ਅੱਖਾਂ ਨਾਲ ਹਰ ਰੋਜ਼ ਵੇਖਦੇ ਹਾਂ, ਉਸ ਦਾ ਸੂਖਸ਼ਮ ਰੂਪ ਵਿੱਚ ਚਿਤਰਨ ਸਾਡੇ ਅੰਦਰ ਹੁੰਦਾ ਜਾਂਦਾ ਹੈ। ਜੋ ਸਾਡੇ ਅੰਦਰ ਚਿਤਰਨ ਹੋ ਜਾਂਦਾ ਹੈ, ਉਸ ਦਾ ਪ੍ਰਗਟਾਵਾ ਹੀ ਨਿਤ ਕਾਰ-ਵਿਹਾਰ ਵਿੱਚ ਸਾਕਾਰ ਹੁੰਦਾ ਹੈ।

### *ਅੱਖਾਂ ਸਭ ਤੋਂ ਵੱਧ ਪ੍ਰਭਾਵ ਕਬੂਲਦੀਆਂ ਹਨ।*

ਖਾਸ ਕਰ, ਜਦੋਂ ਸਾਡੇ ਪ੍ਰਵਾਰਾਂ ਵਿੱਚ ਬੱਚਿਆਂ ਨੇ ਜਨਮ ਲੈਣਾ ਹੁੰਦਾ ਹੈ ਤਾਂ ਬੱਚੇ ਦੀ ਮਾਤਾ ਜੋ ਕੁਝ ਸਭ ਤੋਂ ਪਹਿਲਾਂ ਸਵੇਰੇ ਜਾਂ ਸਾਰਾ ਦਿਨ ਵੇਖੇਗੀ ਜਾਂ ਕਰੇਗੀ, ਉਸ ਦਾ ਸੂਖਸ਼ਮ ਪ੍ਰਭਾਵ ਨਵੇਂ ਆਉਣ ਵਾਲੇ ਬੱਚੇ ਦੇ ਸੰਸਕਾਰਾਂ ਉੱਪਰ ਅਵੱਸ਼ ਪਵੇਗਾ। ਜਿਹੜੀ ਮਾਤਾ, ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਰੋਜ਼ ਦਰਸ਼ਨ ਕਰੇਗੀ, ਨਿੱਤਨੇਮ ਤੇ ਹੋਰ ਗੁਰਬਾਣੀ ਪੜ੍ਹੇਗੀ, ਸਾਰਾ ਦਿਨ ਗੁਰਮੰਤ੍ਰ ਜਾਂ ਮੂਲ ਮੰਤ੍ਰ ਦਾ ਜਾਪ ਕਰਕੇ, ਬਿਰਤੀ ਪ੍ਰਭੂ ਚਰਨਾਂ ਨਾਲ ਜੋੜੀ ਰੱਖੇਗੀ, ਉਸ ਦੇ ਨਿੱਤਨੇਮ ਦਾ ਤੇ ਧਾਰਮਿਕ ਸੰਸਕਾਰਾਂ ਦਾ ਅਸਰ, ਜਨਮ ਲੈਣ ਵਾਲੇ ਬੱਚੇ ਉੱਪਰ ਅਵੱਸ਼ ਪਵੇਗਾ। ਜਿਹੜੀ ਮਾਤਾ, ਸਾਰਾ ਦਿਨ ਟੈਲੀਵੀਜ਼ਨ ਉੱਪਰ ਨੰਤੀਆਂ ਵਾਲਿਆਂ ਦਾ ਨਾਚ ਵੇਖੇਗੀ ਤੇ ਅਸ਼ਲੀਲ ਗਾਣੇ ਹੀ ਸੁਣਦੀ ਰਹੇਗੀ, ਉਸ ਦੇ ਘਰ ਨੰਤੀਆਂ ਪਾਉਣ ਤੇ ਅਸ਼ਲੀਲ ਸੰਸਕਾਰਾਂ ਵਾਲੇ ਬੱਚੇ ਅਵੱਸ਼ ਆਮਦ ਕਰਨਗੇ। ਇਸ ਕਰਕੇ ਸਾਨੂੰ ਸੁਚੇਤ ਹੋਣ ਦੀ ਲੋੜ ਹੈ ।

ਤਕਰੀਬਨ ਸਾਰੇ ਪ੍ਰਵਾਰ, ਬਾਬਾ ਜੀ ਦੀ ਸੋਚ ਨਾਲ ਸਹਿਮਤ ਹੋ ਕੇ ਇੱਕ ਵਾਰੀ ਤਾਂ ਚਿੜੀਆਂ, ਮੋਰ, ਤੋਤੇ, ਬਾਦਰਾਂ ਦੇ ਬੁੱਤ ਸੈਲਫ ਜਾਂ ਅਲਮਾਰੀ ਚੋਂ ਲਾਂਭੇ ਕਰ



ਦਿੰਦੇ। ਕਈ ਵਾਰੀ ਮੁੜ ਦੇਖਾ ਦੇਖੀ ਜਾਂ ਧਾਰਮਿਕ ਸੰਸਕਾਰਾਂ ਤੇ ਸੰਗਤ ਦੀ ਘਾਟ ਕਾਰਨ, ਮੁੜ ਉਹਨਾਂ ਜਾਨਵਰਾਂ ਨੂੰ ਕੁਝ ਦਿਨਾਂ ਬਾਅਦ ਅੰਗੀਠੀ ਜਾਂ ਅਲਮਾਰੀ ਵਿੱਚ ਸਜਾ ਦਿੰਦੇ। ਬਹੁਤੇ ਪ੍ਰਵਾਰ ਪੱਕੇ ਤੌਰ ਤੇ ਅਜਿਹੀ ਸਜਾਵਟ ਤੋਂ ਨਿਜ਼ਾਤ ਪ੍ਰਾਪਤ ਕਰ ਲੈਂਦੇ।

ਦਿੱਲੀ, ਇੱਕ ਪ੍ਰਵਾਰ ਨੇ ਆਪਣੇ ਘਰ ਸ੍ਰੀ ਅਖੰਡ ਪਾਠ ਸਾਹਿਬ ਰਖਵਾਇਆ। ਉਸ ਨੇ ਬਾਬਾ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਆਪ ਜੀ ਨੀਯਤ ਦਿਨ ਤੇ ਉਥੇ ਪੁੱਜ ਗਏ। ਦਾਸ ਵੀ ਬਾਬਾ ਜੀ ਦੇ ਨਾਲ ਹੀ ਸੀ। ਸ੍ਰੀ ਅਖੰਡਪਾਠ ਸਾਹਿਬ ਦੀ ਅਰੰਭਤਾ ਕਰਵਾ ਕੇ ਦੁਪਹਿਰ ਦਾ ਲੰਗਰ ਛਕਿਆ। ਥੋੜ੍ਹਾ ਅਰਾਮ ਕਰਕੇ ਬਾਬਾ ਜੀ ਕਹਿਣ ਲੱਗੇ ਕਿ ਇੱਥੋਂ ਛੇ-ਸੱਤ ਮੀਲ ਉੱਪਰ ਇੱਕ ਪ੍ਰੇਮੀ ਰਹਿੰਦੇ ਹਨ। ਚਲੋ ਆਪਾਂ ਉਨ੍ਹਾਂ ਨੂੰ ਮਿਲ ਆਉਂਦੇ ਹਾਂ। ਬਾਬਾ ਜੀ ਪੰਜ ਚਾਰ ਹੋਰ ਪ੍ਰੇਮੀਆਂ ਨਾਲ ਉਹਨਾਂ ਦੇ ਘਰ ਪੁੱਜ ਗਏ। ਘੰਟੀ ਵਜਾਈ, ਸਰਦਾਰ ਹੋਰੀਂ ਬਾਹਰ ਨਿਕਲੇ, ਬੜੇ ਪ੍ਰੇਮ ਨਾਲ ਗੈਸਟ ਰੂਮ ਵਿੱਚ ਲੈ ਗਏ। ਗੈਸਟ ਰੂਮ ਦੇ ਦੋਵਾਂ ਸੋਫਿਆਂ ਉੱਪਰ ਦੋ ਵੱਡ ਆਕਾਰੀ, ਜਿਹਨਾਂ ਦੇ ਮੂੰਹ ਬਾਂਦਰ-ਨੁਮਾਂ, ਸਿਰ ਬੰਦਿਆਂ ਵਾਲੇ ਤੇ ਧੜ ਰਿੱਛ ਦੇ ਨਾਲ ਰਲਦੇ, ਜੱਤ ਵਾਲੇ ਮਹਿਮਾਨਾ ਵਾਂਗ ਬੈਠਾਏ ਹੋਏ ਸਨ। ਇੱਕ ਨੂੰ ਤਾਂ ਸਰਦਾਰ ਹੋਰਾਂ ਬੜੇ ਅਦਬ ਨਾਲ ਦੋਵਾਂ ਹੱਥਾਂ ਨਾਲ ਫੜ ਕੇ ਸੋਫੇ ਦੀ ਵੱਖ ਤੇ ਰੱਖ ਦਿੱਤਾ। ਦੂਸਰੇ ਨੂੰ ਬਾਬਾ ਜੀ ਨੇ ਕੰਨੋ ਫੜ ਕੇ, ਲਾਗੇ ਇੱਕ ਕੁਰਸੀ ਤੇ ਧਰ ਦਿੱਤਾ। ਰਾਜੀ ਖੁਸ਼ੀ ਦੀ ਸਾਂਝ ਕਰਨ ਉਪ੍ਰੰਤ, ਸਰਦਾਰ ਹੋਰਾਂ ਦੇ ਘਰੋਂ ਬੀਬੀ ਜਲ ਪਾਣੀ ਲੈ ਆਈ।

ਜਲ ਪਾਣੀ ਛਕਦਿਆਂ, ਬਾਬਾ ਜੀ ਨੇ ਸਰਦਾਰ ਹੋਰਾਂ ਨੂੰ ਸੰਬੋਧਨ ਕਰਕੇ ਕਿਹਾ, ਸਰਦਾਰ ਜੀ ! ਪਿਛਲੀ ਵਾਰੀ ਜਦੋਂ ਅਸੀਂ ਤੁਹਾਡੇ ਘਰ ਆਏ ਸਾਂ ਤਾਂ ਤੁਹਾਡੇ ਘਰ, ਘੁੱਗੀਆਂ, ਤੋਤੇ, ਬਾਦਰਾਂ ਦੇ ਬੁੱਤ ਸਨ, ਉਹ ਤਾਂ ਤੁਸੀਂ ਸਾਡੇ ਕਹਿਣ ਤੇ ਚੁੱਕ ਦਿੱਤੇ ਸਨ। ਆਹ ਚੰਗਾ ਕੀਤਾ, ਬਹੁਤੇ ਰੱਖਣ ਦੀ ਥਾਂ, ਤੁਸੀਂ ਸੋਫਿਆਂ ਉੱਪਰ ਬੈਠਣ ਲਈ ਦੋ ਮਹਿਮਾਨ ਲੈ ਆਂਦੇ। ਇਹ ਤਾਂ ਸਾਰੇ ਜਾਨਵਰਾਂ ਦਾ ਮਿਸ਼ਰਣ ਜਿਹਾ ਲੱਗਦਾ ਹੈ। ਇਹਨਾਂ ਦੇ ਸਿਰ ਬੰਦਿਆਂ ਵਰਗੇ, ਮੂੰਹ ਲੰਗੂਰ ਦੀ ਝਲਕ ਪਾਉਂਦਾ, ਪੈਰ ਤੇ ਧੜ ਨੂੰ ਵੇਖ ਕੇ ਰਿੱਛ ਯਾਦ ਆਉਂਦਾ ਹੈ। ਬਹੁਤੇ ਜਾਨਵਰ ਰੱਖਣ ਦੀ ਥਾਂ ਇਹਨਾਂ ਨੂੰ ਦੇਖ ਕੇ ਤਸੱਲੀ ਹੋ ਜਾਂਦੀ ਹੈ। ਭਲਾ ! ਇਸ ਨੂੰ ਕਹਿੰਦੇ ਕੀ ਹਨ? ਸਰਦਾਰ ਜੀ ਕਹਿਣ ਲੱਗੇ, ਬਾਬਾ ਜੀ ! ਬੱਚੇ ਆਪਣੀ ਮਾਤਾ ਨਾਲ ਬਜ਼ਾਰ ਨੂੰ ਗਏ ਸਨ। ਇਹਨਾਂ ਨੂੰ ਵੇਖ ਕੇ ਖਹਿੜੇ ਪੈ ਗਏ ਕਿ ਅਸੀਂ ਇਹ ਜ਼ਰੂਰ ਲੈਣੇ ਹਨ। ਬਾਬਾ ਜੀ ਕਹਿਣ ਲੱਗੇ, ਬਹੁਤੇ ਜਾਨਵਰ ਲਿਆਉਣ ਦੀ ਥਾਂ ਇੱਕ ਵਿੱਚੋਂ ਹੀ ਸਾਰਿਆਂ ਦੇ ਦਰਸ਼ਨ ਹੋ ਜਾਂਦੇ ਹਨ, ਪਰ ਇਸ ਨੂੰ ਕਿਸ ਨਾਉਂ ਨਾਲ ਸੱਦਿਆ ਜਾਂ ਖਰੀਦਿਆਂ ਜਾਂਦਾ ਹੈ? ਸਰਦਾਰ ਜੀ ਸ਼ਰਮਸਾਰ ਜਿਹੇ ਹੋ ਕੇ ਹੱਸਦੇ ਹੱਸਦੇ ਕਹਿਣ ਲੱਗੇ, ਜੀ, ਪੰਜਾਬੀ

ਵਿੱਚ ਤਾਂ ਪਤਾ ਨਹੀਂ ਇਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ, ਪਰ ਅੰਗ੍ਰੇਜੀ ਨਾਉਂ ਇਸ ਦਾ [1]ਟੈਡੀ ਬੀਅਰ ਹੈ।

ਬਾਬਾ ਜੀ ਦੇ ਨਾਲ ਇੱਕ ਪ੍ਰੋਫੈਸਰ ਵੀ ਸੀ। ਬਾਬਾ ਜੀ ਉਸ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਪ੍ਰੋਫੈਸਰ ਸਾਹਿਬ । ਤੁਸੀਂ ਇਸ ਸ਼ਬਦ ਦਾ ਉਲੱਥਾ ਕਰ ਕੇ ਸਾਨੂੰ ਦੱਸ ਦਿਉ ਕਿ ਟੈਡੀ ਬੀਅਰ ਦਾ ਕੀ ਅਰਥ ਹੈ? ਪ੍ਰੋਫੈਸਰ ਸਾਹਿਬ ਕਹਿਣ ਲੱਗੇ, ਟੈਡੀ ਦਾ ਅਰਥ ਖਰੂਦੀ (ਸ਼ਰਾਰਤੀ) ਤੇ ਬੀਅਰ ਦਾ ਅਰਥ ਰਿੱਛ (ਭਾਲੂ) ਹੈ। ਆਪ ਜੀ ਬਿਲਾਸ ਨਾਲ ਕਹਿਣ ਲੱਗੇ! ਰਿੱਛ ਤਾਂ ਇੱਕ ਘਰ ਵਿੱਚ ਵੜ ਜਾਵੇ, ਸਾਰੇ ਘਰ ਵਾਲਿਆਂ ਨੂੰ ਬਾਹਰ ਕੱਢ ਦਿੰਦਾ ਹੈ। ਇਹ ਤਾਂ ਖਰੂਦੀ ਰਿੱਛ ਹੈ, ਫਿਰ ਹੈਨ ਵੀ ਦੋ, ਇਹ ਘਰ ਦਾ ਕੀ ਹਾਲ ਕਰਨਗੇ? ਆਪ ਕਹਿਣ ਲੱਗੇ, ਮਹਿਸੂਸ ਨਾ ਕਰਨਾ, ਪਹਿਰੇਦਾਰ ਦਾ ਕੰਮ ਹੁੰਦਾ ਹੈ ਪਹਿਰਾ ਦੇਣਾ, ਹੋਕਾ ਦੇਣਾ, ਰਾਤ ਨੂੰ ਅਵਾਜ਼ਾਂ ਮਾਰਨੀਆਂ। ਪਹਿਰੇਦਾਰ ਦੀ ਅਵਾਜ਼ ਸੁਣ ਕੇ ਜੋ ਸਾਵਧਾਨ ਹੋ ਜਾਣਗੇ ਉਹ ਬੱਚ ਜਾਣਗੇ ਅਤੇ ਜੋ ਪਹਿਰੇਦਾਰ ਦੀ ਅਵਾਜ਼ ਸੁਣ ਕੇ ਅਣਸੁਣੀ ਕਰ ਦੇਣਗੇ ਤੇ ਕਹਿਣਗੇ ਕਿ ਇਸ ਦਾ ਤਾਂ ਕੰਮ ਹੀ ਅਵਾਜ਼ਾਂ ਮਾਰਨੀਆਂ ਹਨ, ਉਹ ਇੱਕ ਦਿਨ ਅਵੱਸ਼ ਲੁੱਟੇ ਜਾਣਗੇ। ਅਸੀਂ ਤਾਂ ਗੁਰੂ ਦੀ ਚੌਂਕੀਦਾਰੀ ਕਰਨੀ ਹੈ ਤੇ ਆਖਰੀ ਸਵਾਸਾਂ ਤੱਕ ਕਰੀ ਹੀ ਜਾਣੀ ਹੈ। ਜੋ ਸਤਿਗੁਰਾਂ ਨੇ ਗੁਰਬਾਣੀ, ਗੁਰਸ਼ਬਦ ਦੇ ਅਨੁਭਵ ਰਾਹੀਂ ਸਾਨੂੰ ਸੋਝੀ ਬਖਸ਼ਿਸ ਕੀਤੀ ਹੈ, ਉਸ ਦਾ ਹੋਕਾ ਦੇਈ ਹੀ ਜਾਣਾ ਹੈ। ਸਚਾਈ ਦਾ ਹੋਕਾ, ਕਿਸੇ ਨੂੰ ਮਾੜਾ ਲੱਗੇ ਜਾਂ ਚੰਗਾ, ਆਪਾਂ ਆਪਣੀ ਡਿਊਟੀ ਪੂਰੀ ਤਨ ਦੇਹੀ ਨਾਲ ਕਰਦੇ ਪੁਕਾਰੀ ਹੀ ਜਾਣਾ ਹੈ-

**ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥**
**ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥ਰਹਾਉ॥**

**ਸਿਰੀਰਾਗ ਮ: ੩ ਪੰਨਾ ੩੪**

ਜੋ ਗੁਰੂ ਸ਼ਬਦ ਤੇ ਗੁਰੂ ਉਪਦੇਸ਼ ਨੂੰ ਸ੍ਰਵਣ ਕਰਕੇ, ਉਸ ਨੂੰ ਆਪਣੇ ਜੀਵਨ ਵਿੱਚ ਅਸਲੀ ਜਾਮਾ ਪਹਿਨਾ ਦੇਣਗੇ, ਉਹ ਗੁਰੂ ਅਮਰਦਾਸ ਜੀ ਦੇ ਫੁਰਮਾਨ "**ਜੋ ਜਾਗੇ ਸੋ ਊਬਰੇ**" ਉਹ ਬਚ ਜਾਣਗੇ ਨਹੀਂ ਤੇ "**ਸੂਤੇ ਗਏ ਮੁਹਾਇ**" ਦਾ ਫੁਰਮਾਨ ਉਨ੍ਹਾਂ ਉੱਪਰ ਅਵੱਸ਼ ਵਰਤ ਜਾਏਗਾ।

ਪ੍ਰਵਾਰ ਪ੍ਰੇਮੀ ਸੀ, ਬਾਬਾ ਜੀ ਦੇ ਉਹਨਾਂ ਦੇ ਭਲੇ ਹਿਤ, ਪਿਆਰ ਭਰੇ ਤੇ ਰੋਹ ਦੀ ਰੰਗਣ ਵਿੱਚ ਰੰਗੇ ਹੋਏ ਸ਼ਬਦਾਂ ਨੇ, ਉਨ੍ਹਾਂ ਦੇ ਹਿਰਦੇ ਉੱਪਰ ਅਸਰ ਕੀਤਾ ਤੇ ਉਨਾਂ ਦੋਵਾਂ ਜੀਆਂ ਨੇ ਅਗਾਂਹ ਤੋਂ ਅਜਿਹੇ 'ਟੈਡੀ ਬੀਅਰਾਂ' ਨੂੰ ਘਰ ਵਿੱਚ ਨਾ ਰੱਖਣ ਦਾ ਬਚਨ ਦਿੱਤਾ ਤੇ ਕਹਿਣ ਲੱਗੇ, ਬਾਬਾ ਜੀ ! ਸਾਡੀ ਵਲੋਂ ਬੇਸ਼ਕ ਤੁਸੀਂ ਇਹਨਾਂ ਨੂੰ ਲੈ ਜਾਵੋ। ਬਾਬਾ ਜੀ ਬਿਲਾਸ ਨਾਲ ਕਹਿਣ ਲੱਗੇ, ਕਾਰ ਵਿੱਚ ਸਾਡੀਆਂ

1. ਖਰੂਦੀ ਭਾਲੂ ( ਖਿਡਾਉਣਾ)



ਸਵਾਰੀਆਂ ਪੂਰੀਆਂ ਹਨ। ਜੇ ਅਸੀਂ ਇਹਨਾਂ ਨੂੰ ਖੜਦੇ ਹਾਂ ਤਾਂ ਦੋ ਸਵਾਰੀਆਂ ਸਾਨੂੰ ਤੁਹਾਡੇ ਘਰ ਛਡਣੀਆਂ ਪੈਣੀਆਂ ਹਨ।

### *ਟੈਡੀ ਬੀਅਰਾਂ ਦੇ ਮੂਹੜੇ ਬਨਾਉਣੇ*

ਤੁਸੀਂ ਇੰਝ ਕਰੋ, ਤੁਹਾਡੇ ਘਰ ਦੀ ਚੀਜ਼ ਨਾਲੇ ਘਰ ਵਿੱਚ ਰਹਿ ਜਾਵੇਗੀ। ਤੁਸੀਂ ਕਿਸੇ ਬੀਬੀ ਨੂੰ ਜੋ ਸਿਉਣਾ ਜਾਣਦੀ ਹੋਵੇ, ਉਸ ਨੂੰ ਬੁਲਾਵੋ, ਇਨ੍ਹਾਂ ਟੈਡੀ ਬੀਅਰਾਂ ਦੇ ਨਾਪ ਦੇ ਚਿੱਟੇ ਕੱਪੜੇ ਦੇ ਗਿਲਾਫ ਸਿਲਾਕੇ, ਇਹਨਾਂ ਨੂੰ ਉਹਨਾਂ ਵਿੱਚ ਪਾ ਦੇਵੋ। ਤੁਹਾਨੂੰ ਕੁਰਸੀ ਜਾਂ ਮੂਹੜੇ ਦੇ ਥਾਂ ਇਹ ਬੈਠਣ ਦਾ ਕੰਮ ਦੇਣਗੇ। ਬੜੇ ਸੁਹਣੇ ਤੇ ਗੁਦਗੁਦੇ ਸਿਰਹਾਣੇ, ਮੂਹੜੇ ਬਣ ਜਾਣਗੇ। ਬੀਬੀ ਜੀ ਨੇ ਨਾਲ ਦੀ ਗੁਆਂਢਣ ਕੁੜੀ ਨੂੰ ਸੱਦਿਆ। ਬੀਬੀ ਜੀ ਚਿੱਟੀ ਚਾਦਰ ਲੈ ਆਏ ਤੇ ਵੇਖਦਿਆਂ ਵੇਖਦਿਆਂ ਬੱਚੀ ਨੇ ਦੋ ਗਿਲਾਫ ਟੈਡੀ ਬੀਅਰਾਂ ਨੂੰ ਸਿਉਂ ਕੇ ਉੱਪਰ ਨੇਫਾ ਪਾ ਕੇ ਨਾਅਲਾ ਪਾ ਦਿੱਤਾ ਤੇ ਟੈਡੀਬੀਅਰਾਂ ਨੂੰ ਦੋ ਮੂਹੜਿਆਂ ਦਾ ਰੂਪ ਬਣਾ ਦਿੱਤਾ। ਬਾਬਾ ਜੀ ਨੇ, ਸਰਦਾਰ ਜੀ ਤੇ ਬੀਬੀ ਜੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਤੁਸੀਂ ਚੰਗਾ ਕੀਤਾ, ਸਾਡੀ ਬੇਨਤੀ ਨੂੰ ਸਵੀਕਾਰ ਕਰ ਲਿਆ, ਇਸ ਵਿੱਚ ਤੁਹਾਡਾ ਹੀ ਭਲਾ ਹੈ। ਪਿਆਰ ਵਿੱਚ ਪ੍ਰਵਾਰ ਨੇ ਵੀ ਖਿਮਾਂ ਮੰਗੀ ਤੇ ਬਾਬਾ ਜੀ ਨੇ ਸੰਗਤ ਸਮੇਤ ਆਪਣੇ ਨਿੱਜ ਟਿਕਾਣੇ ਤੇ ਜਿੱਥੇ ਉਹਨਾਂ ਦੀ ਰਿਹਾਇਸ਼ ਸੀ, ਉੱਥੇ ਜਾਣ ਲਈ ਵਿਦਾਇਗੀ ਲੈ, ਤੁਰ ਪਏ।

# ਭਾਗ ਕਿਸ ਨੇ ਬਣਾਏ ?

ਪਿੰਡ ਬਾਹਲੇ ਤੋਂ ਸ. [1]ਲਾਭ ਸਿੰਘ ਜੀ ਦੀ ਲੜਕੀ, ਬੀਬੀ ਪ੍ਰੀਤਮ ਕੌਰ [2]ਟਾਂਡਾ ਉੜਮੁੜ ਕਸਬੇ ਦੇ ਨੇੜੇ ਪਿੰਡ ਰਸੂਲਪੁਰ ਸ. ਅਜਾਇਬ ਸਿੰਘ ਨਾਲ ਵਿਆਹੀ ਗਈ। ਬਾਬਾ ਜੀ ਲਗਾਤਾਰ ਇਸ ਘਰ ਵਿੱਚ ਪ੍ਰਸ਼ਾਦਾ ਛਕਣ ਆਉਣ ਕਾਰਣ, ਸਾਰੇ ਪ੍ਰਵਾਰ ਨਾਲ ਗੁਰਸਿੱਖੀ ਨਾਤਾ ਰੱਖਦੇ ਸਨ। ਸ. ਅਜਾਇਬ ਸਿੰਘ ਜੀ ਜਦੋਂ ਬਾਹਲੀਂ, ਆਪਣੇ ਸਹੁਰੇ ਘਰ ਆਉਂਦੇ, ਬਾਬਾ ਜੀ ਨੂੰ ਮਿਲ ਕੇ ਜਾਂਦੇ। ਅਕਸਰ ਅਜਾਇਬ ਸਿੰਘ ਜੀ ਜਦੋਂ ਆਪਣੇ ਘਰ ਕੋਈ ਧਾਰਮਿਕ ਸਮਾਗਮ ਰੱਖਦੇ, ਬਾਬਾ ਜੀ ਨੂੰ ਵੀ ਨਿਮੰਤ੍ਰਣ ਦਿੰਦੇ। ਆਪ ਜੀ ਪਿੰਡ ਰਸੂਲਪੁਰ ਵਿਖੇ ਇੱਕ ਦੋ ਰਾਤਾਂ ਟਿੱਕ ਕੇ ਸੰਗਤਾਂ ਨੂੰ ਗੁਰਮਤਿ ਸਿੱਖਿਆ ਦ੍ਰਿੜ੍ਹ ਕਰਵਾਉਂਦੇ। ਨਿੱਤਨੇਮ ਕਰਨ, ਗੁਰਬਾਣੀ ਨੂੰ ਵੀਚਾਰ ਕੇ ਪੜ੍ਹਨ ਤੇ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਕੇ ਜੀਵਨ ਸਫਲਾ ਕਰਨ ਲਈ ਹਮੇਸ਼ਾ ਆਪ ਪ੍ਰੇਰਨਾ ਦਿੰਦੇ। ਆਪ ਜੀ ਬਹੁਤ ਹੀ ਸਾਦਾ ਸਿੱਧੇ-ਪੱਧਰੇ ਸ਼ਬਦਾਂ ਵਿੱਚ ਕਮਾਇਆ ਹੋਇਆ ਗੁਰਬਾਣੀ ਉਪਦੇਸ਼ ਸੰਗਤਾਂ ਨੂੰ ਸ੍ਰਵਣ ਕਰਾਉਂਦੇ।

*ਜੇਹਾ ਬੀਜੈ ਸੋ ਲੁਣੈ*

ਆਪ ਜੀ ਗੁਰਬਾਣੀ ਵਿਚੋਂ ਮੁੱਖ ਚਾਰ ਕੁ ਉਪਦੇਸ਼ਾਂ ਨੂੰ ਪਹਿਲ ਦੇ ਅਧਾਰ ਤੇ ਆਪਣੇ ਜੀਵਨ ਵਿੱਚ ਧਾਰਨ ਕਰਨ ਲਈ ਸੰਗਤਾਂ ਨੂੰ ਬੇਨਤੀ ਕਰਦੇ। ਪਹਿਲਾ ਉਪਦੇਸ਼ ਆਪ ਦ੍ਰਿੜ੍ਹ ਕਰਵਾਉਂਦੇ ਕਿ ਹਰ ਪ੍ਰਾਣੀ ਨੂੰ, ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ:

**ਆਪੇ ਬੀਜਿ ਆਪੇ ਹੀ ਖਾਹੁ ॥**
**ਨਾਨਕ ਹੁਕਮੀ ਆਵਹੁ ਜਾਹੁ ॥੨੦॥** ਜਪੁਜੀ, ਪੰਨਾ ੪

ਨੂੰ ਸਨਮੁਖ ਰੱਖ ਕੇ ਦਿਨ ਵਿੱਚ ਕਾਰ-ਵਿਹਾਰ, ਬੋਲ-ਵਰਤਾਉ ਕਰਨਾ ਚਾਹੀਦਾ ਹੈ। ਕਿਉਂਕਿ ਜਿਹੋ ਜਿਹੇ ਮਾੜੇ ਜਾਂ ਚੰਗੇ ਕਰਮ ਅਸੀਂ ਪੂਰਬਲੇ ਜਨਮ ਵਿੱਚ ਕੀਤੇ ਹਨ, ਆਪਣੇ ਕੀਤੇ ਹੋਏ ਕਰਮਾਂ ਦਾ ਹੀ ਫਲ, ਅਸੀਂ ਇਸ ਜਨਮ ਵਿੱਚ ਦੁੱਖ ਜਾਂ ਸੁੱਖ ਦੇ ਰੂਪ ਵਿੱਚ ਭੋਗ ਰਹੇ ਹਾਂ। ਚੰਗੇ ਕਰਮਾਂ ਦਾ ਫਲ ਸੁੱਖ ਦੇ ਰੂਪ ਵਿੱਚ ਸਾਨੂੰ ਪ੍ਰਾਪਤ

1. ਸ. ਲਾਭ ਸਿੰਘ ਜੀ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਦੇ ਨਜਦੀਕ ਪਿੰਡ ਬਾਹਲੇ ਦੇ ਵਸਨੀਕ ਸਨ, ਜਿਵੇਂ ਕਿ "ਸੇ ਕਿਨੇਹੀਆ?" ਪੁਸਤਕ ਭਾਗ ਪਹਿਲੇ ਵਿੱਚ ਦਿੱਤਾ ਗਿਆ ਹੈ। ਇਨ੍ਹਾਂ ਦੀ ਬੇਨਤੀ ਮੰਨ ਕੇ ਬਾਬਾ ਜੀ ਪਿੰਡ ਬਾਹਲੇ ਪ੍ਰਸ਼ਾਦਾ ਛੱਕਣ ਆਉਣ ਲੱਗੇ ਸਨ।
2. ਜਲੰਧਰ -ਪਠਾਨਕੋਟ ਸੜਕ ਉੱਪਰ ਭੋਗਪੁਰ ਤੇ ਦਸੂਹੇ ਦੇ ਵਿੱਚਕਾਰ ਸਥਿੱਤ ਹੈ।



ਹੋ ਰਿਹਾ ਹੈ। ਮਾੜੇ ਕਰਮ ਦੁੱਖ ਦਾ ਕਾਰਣ ਬਣ ਰਹੇ ਹਨ। ਜੇ ਸੁਖੀ ਸੁਹੇਲਾ ਜੀਵਨ ਪ੍ਰਾਪਤ ਕਰਨ ਦੀ ਚਾਹਨਾ ਹੈ ਤਾਂ ਹਰ ਕਰਮ ਕਰਨ ਤੋਂ ਪਹਿਲਾਂ, ਉਸ ਕਰਮ ਦੇ ਪ੍ਰਾਪਤ ਹੋਣ ਵਾਲੇ ਫਲ ਪ੍ਰਤੀ ਸੋਚ ਲੈਣਾ ਚਾਹੀਦਾ ਹੈ। ਜਦੋਂ ਇੱਕ ਵਾਰੀ ਕਰਮ ਹੋ ਗਿਆ ਫਿਰ ਉਸ ਦਾ ਫਲ ਮਿਲਣਾ ਹੀ ਮਿਲਣਾ ਹੈ। ਜਿਵੇਂ ਧਰਤੀ ਦਾ ਧਰਮ ਹੈ ਕਿ ਜਿਹੋ ਜਿਹਾ ਧਰਤੀ ਵਿੱਚ ਆਪਾਂ ਬੀਜ ਪਾਉਂਦੇ ਹਾਂ, ਧਰਤੀ ਬੀਜ ਪਾਉਣ ਵਾਲੇ ਨੂੰ ਉਸੇ ਬੀਜ ਦੀ ਫਸਲ ਕਈ ਗੁਣਾਂ ਵਧਾ ਕੇ ਵਾਪਸ ਕਰਦੀ ਹੈ। ਕਦੀ ਇਹ ਨਹੀਂ ਹੋਇਆ ਕਿ ਧਰਤੀ ਵਿੱਚ ਬੀਜ ਅਸੀਂ ਹੋਰ ਪਾਇਆ ਹੋਵੇ ਤੇ ਧਰਤੀ ਨੇ ਫਸਲ ਸਾਨੂੰ ਹੋਰ ਦਿੱਤੀ ਹੋਵੇ। ਬਾਬਾ ਫਰੀਦ ਜੀ ਦਾ ਵੀ ਸਲੋਕਾਂ ਦੀ ਬਾਣੀ ਅੰਦਰ ਫੁਰਮਾਨ ਹੈ ਕਿ ਜ਼ਿਮੀਦਾਰ ਦੇ ਮਨ ਵਿੱਚ ਬਿਜੌਰ ਦੇਸ਼ ਦੇ ਮਿੱਠੇ ਅੰਗੂਰ ਖਾਣ ਦੀ ਚਾਹਨਾ ਹੈ ਪਰ ਉਹ ਖੇਤ ਵਿੱਚ ਕਿੱਕਰਾਂ ਦੇ ਬੀਜ ਬੀਜ ਰਿਹਾ ਹੈ। ਲਾਲਸਾ ਨਰਮ ਰੇਸ਼ਮ ਦੇ ਕੱਪੜੇ ਪਹਿਨਣ ਦੀ ਹੈ ਪਰ ਕੱਤਦਾ ਉਨ ਹੈ। ਉਨ ਦੇ ਬਦਲੇ ਨਰਮ ਰੇਸ਼ਮ ਦਾ ਕੱਪੜਾ ਕਿਵੇਂ ਪ੍ਰਾਪਤ ਹੋ ਸਕਦਾ ਹੈ? ਭਾਵ ਨਹੀਂ ਹੋ ਸਕਦਾ। ਬਾਬਾ ਫਰੀਦ ਜੀ ਦਾ ਫੁਰਮਾਨ ਹੈ-

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥**

ਸਲੋਕ ਫਰੀਦ ਜੀ,ਪੰਨਾ ੧੩੭੯

ਸੋ ਜਿਹੇ ਜਿਹੇ ਆਪਾਂ ਮਨ,ਬਚਨਾਂ ਤੇ ਸਰੀਰ ਕਰਕੇ ਮਾੜੇ ਜਾਂ ਚੰਗੇ ਕਰਮ ਕਰਦੇ ਹਾਂ ਉਨ੍ਹਾਂ ਕਰਮਾਂ ਦਾ ਫਲ ਸਾਨੂੰ ਹੀ ਦੁੱਖ ਜਾਂ ਸੁੱਖ ਦੇ ਰੂਪ ਵਿੱਚ ਭੁਗਤਣਾ ਪੈਂਣਾ ਹੈ। ਇਸ ਲਈ ਹਰ ਮਨੁੱਖ ਨੂੰ ਸੁਖੀ ਸੁਹੇਲਾ ਜੀਵਨ ਪ੍ਰਾਪਤ ਕਰਨ ਅਤੇ ਸਤਿਗੁਰਾਂ ਦੀ ਪ੍ਰਸੰਨਤਾ ਲੈਣ ਲਈ, ਗੁਰਬਾਣੀ ਦੀ ਰੋਸ਼ਨੀ ਵਿੱਚ, ਚੰਗੇ ਕਰਮ ਕਰਨੇ ਚਾਹੀਦੇ ਹਨ ਤੇ ਮਾੜੇ ਕਰਮਾਂ ਤੋਂ ਹਮੇਸ਼ਾਂ ਬਚਣਾ ਚਾਹੀਦਾ ਹੈ। ਮਾੜੇ ਕਰਮਾਂ ਤੋਂ ਬਚਾਓ ਵਾਸਤੇ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕਰਨੀ ਚਾਹੀਦੀ ਹੈ।

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ*

ਦੂਸਰਾ, ਪਰਮਾਤਮਾਂ ਨੇ ਚੁਰਾਸੀ ਲੱਖ ਜੂਨ ਪੈਦਾ ਕੀਤੀ ਹੈ। ਇੱਕ ਮਨੁੱਖ ਨੂੰ ਛੱਡ ਕੇ, ਬਾਕੀ ਸਾਰੀਆਂ ਜੂਨਾਂ ਭੋਗ ਜੂਨਾਂ ਹਨ। ਮਨੁੱਖ ਜਨਮ ਭੋਗ ਜੂਨ ਵੀ ਹੈ ਤੇ ਕਰਮ ਜੂਨ ਵੀ ਹੈ। ਜਿੱਥੇ ਅਸੀਂ ਪੂਰਬਲੇ ਜਨਮਾਂ ਦੇ ਕੀਤੇ ਚੰਗੇ-ਮਾੜੇ ਕਰਮਾਂ ਦੇ ਫਲ ਸਰੂਪ ਹੁਣ ਦੁੱਖ ਤੇ ਸੁੱਖ ਭੁਗਤ ਰਹੇ ਹਾਂ ਉੱਥੇ,ਗੁਰੂ ਅਗਵਾਈ ਵਿੱਚ ਚੱਲ ਕੇ ਅਸੀਂ ਆਪਣੇ ਮੂਲ ਪਰਮਾਤਮਾਂ ਦੇ ਨੇੜੇ ਹੋ ਕੇ ਉਸ ਨਾਲ ਮਿਲਾਪ ਪ੍ਰਾਪਤ ਕਰਕੇ ਆਵਾਗਉਣ ਦਾ ਚੱਕਰ ਵੀ ਮੁਕਾ ਸਕਦੇ ਹਾਂ। ਜੇ ਮਾੜੇ ਕਰਮਾਂ ਵਿੱਚ ਪ੍ਰਵਿਰਤ ਹੋ ਗਏ ਫਿਰ :-

**ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥**

**ਬਹੁਤੁ ਸਜਾਇ ਪਇਆ ਦੇਸਿ ਲੰਮੈ ॥** ਮਾਰੂ ਮਹਲਾ:੫,ਪੰਨਾ ੧੦੨੦ ਦਾ ਚੱਕਰ ਭੋਗਦੇ ਰਹਾਂਗੇ। ਜੇ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦੇ ਫ਼ੁਰਮਾਨ ਅਨੁਸਾਰ, ਗੁਰੂ ਹੁਕਮ ਦੀ ਕਾਰ ਕਰਦੇ ਹੋਏ ਨੇਕ ਕਰਮ ਕਰਾਂਗੇ ਤਾਂ ਪ੍ਰਭੂ ਨਾਲ ਅਭੇਦ ਹੋ ਜਾਵਾਂਗੇ। ਆਪ ਦਾ ਫ਼ੁਰਮਾਨ ਹੈ-

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥** ਜਪੁਜੀ,ਪੰਨਾ ੮

ਮਨੁੱਖਾ ਜਨਮ ਹੀ ਪ੍ਰਮਾਤਮਾਂ ਨਾਲ ਮਿਲਣ ਦਾ ਮੌਕਾ ਹੈ। ਮਨੁੱਖਾ ਜਨਮ ਦੇ ਵਸੀਲੇ ਦੁਆਰਾ, ਪਰਮਾਤਮਾਂ ਦਾ ਨਾਮ ਜਪ ਕੇ, ਅਸੀਂ ਆਪਣੇ ਮੂਲ ਪਰਮਾਤਮਾਂ ਨਾਲ ਮਿਲ ਸਕਦੇ ਹਾਂ ਪਰ ਮਾਇਆ ਦੇ ਪ੍ਰਭਾਵ ਕਾਰਣ, ਸਾਨੂੰ ਆਪਣੇ ਜੀਵਨ ਦਾ ਮੰਤਵ ਭੁੱਲ ਚੁੱਕਾ ਹੈ। ਕ੍ਰਿਪਾਲੂ ਸਤਿਗੁਰੂ ਜੀ, ਉਨ੍ਹਾਂ ਵਡਭਾਗੀਆਂ ਨੂੰ ਜੋ ਨਿੱਤਨੇਮ ਕਰਦੇ ਹਨ, ਹਰ ਰੋਜ਼ ਸਵੇਰੇ ਤੇ ਸ਼ਾਮ ਦੇ ਸਮੇਂ, ਮਨੁੱਖਾ ਜਨਮ ਦਾ ਮਨੋਰਥ ਯਾਦ ਕਰਵਾਉਂਦੇ ਹਨ ਕਿ ਹੇ ਪ੍ਰਾਣੀ ! ਤੇਰੇ ਜੀਵਨ ਦਾ ਮਨੋਰਥ ਕੇਵਲ ਖਾਣਾ-ਪੀਣਾ ਜਾਂ ਮਾਇਆ ਦੇ ਰੰਗ-ਤਮਾਸ਼ਿਆਂ ਵਿੱਚ ਖਚਤ ਹੋ ਕੇ ਇਥੋਂ ਤੁਰ ਜਾਣਾ ਹੀ ਨਹੀਂ, ਤੇਰੇ ਜੀਵਨ ਦਾ ਮੰਤਵ ਹੈ ਪਰਮਾਤਮਾਂ ਨੂੰ ਮਿਲਣਾ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ:

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥੨॥** ਮ: ੫,ਪੰਨਾ ੧੨

ਹੇ ਜੀਵ! ਤੇਰੇ ਜੀਵਨ ਦਾ ਮਨੋਰਥ ਹੈ :

**ਮਿਲੁ ਜਗਦੀਸ ਮਿਲਨ ਕੀ ਬਰੀਆ ॥**
**ਚਿਰੰਕਾਲ ਇਹ ਦੇਹ ਸੰਜਰੀਆ ॥੨॥ਰਹਾਉ॥** ਮ: ੫,ਪੰਨਾ ੧੭੬

ਇਸ ਮੰਤਵ ਨੂੰ ਪ੍ਰਾਪਤ ਕਰਨ ਵਾਸਤੇ ਰਸਤਾ ਹੈ:

**ਬਾਰੰ ਬਾਰ ਬਾਰ ਪ੍ਰਭੁ ਜਪੀਐ ॥**
**ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥**ਸੁਖਮਨੀ ਮ: ੫,ਪੰਨਾ ੨੯੬

ਜਿਵੇਂ ਸਤਿਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਜੀ ਦੀ ਬਤੀਵੀਂ ਪਉੜੀ ਵਿੱਚ ਪ੍ਰਭੂ ਨਾਲ ਅਭੇਦ ਹੋਣ ਦਾ ਮਾਰਗ ਦਰਸਾਇਆ ਹੈ, ਮਨੁੱਖਾ ਜਨਮ ਵਿੱਚ ਅਸੀਂ ਇਸ ਮਾਰਗ ਨੂੰ ਅਪਣਾ, ਗੋਬਿੰਦ ਨਾਲ ਅਭੇਦ ਹੋ ਕੇ ਗੋਬਿੰਦ ਦਾ ਰੂਪ ਬਣਨਾ ਹੈ। ਆਪ ਦਾ ਫ਼ੁਰਮਾਨ ਹੈ-

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥**
**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥**

ਜਪੁਜੀ, ਪੰਨਾ-੭



ਜਿਹੜਾ ਗੁਰੂ ਅਗਵਾਈ ਵਿੱਚ ਚੱਲ ਕੇ ਨਾਮ ਜਪ ਦੀ ਕਮਾਈ ਕਰ ਲੈਂਦਾ ਹੈ ਉਹ ਇੱਕ ਦਿਨ ''**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥**'' ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਪਰ ਮਾਇਆ ਦੇ ਪ੍ਰਭਾਵ ਕਰਕੇ ਮਨੁੱਖ ਨੂੰ ਆਪਣਾ ਅੰਤ ਭੁੱਲ ਗਿਆ ਹੈ। ਜਿਸ ਕਾਰਣ, ਅਨੰਤ ਦੀ ਯਾਦ ਵਲੋਂ ਮਨੁੱਖ ਗਾਫਲ ਹੋ, ਆਪਣੇ ਅਮੋਲਕ ਜੀਵਨ ਦਾ ਕੀਮਤੀ ਸਮਾਂ ਅਜਾਂਈ ਗਵਾ ਰਿਹਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਮਲਾਰ ਰਾਗ ਅੰਦਰ, ਸਾਡੀ ਦਸ਼ਾ ਦਰਸਾਉਂਦਾ ਅਮੋਲਕ ਬਚਨ ਦਰਜ ਹੈ-

**ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥**
**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥**

ਮ: ੧, ਪੰਨਾ ੧੨੫੪

ਜੇ ਪ੍ਰਭੂ ਦੇ ਦਰ ਵਿੱਚ ਪ੍ਰਵਾਨਗੀ ਲੈਣੀ ਹੈ ਫਿਰ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਵਲੋਂ ਦਰਸਾਈ ਕਾਰ ਕਰਨੀ ਹੀ ਪਵੇਗੀ। ਉਹ ਕਾਰ ਕਿਹੜੀ ਹੈ?

**ਪ੍ਰਾਣੀ ਏਕੋ ਨਾਮੁ ਧਿਆਵਹੁ ॥**
**ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ॥**

ਮਲਾਰ ਮ:੧, ਪੰਨਾ ੧੨੫੪

''**ਪ੍ਰਾਣੀ ਏਕੋ ਨਾਮੁ ਧਿਆਵਹੁ**'' ਦੀ ਕਾਰ ਕਰਨ ਵਾਸਤੇ ਗੁਰਸਿੱਖ ਨੇ ਘਰ-ਬਾਰ ਛੱਡ ਕੇ, ਨਾ ਜੰਗਲਾਂ ਵਿੱਚ ਇਕਾਂਤ ਵਾਸ ਕਰਨਾ ਹੈ, ਨਾ ਕਿਤੇ ਹਨ੍ਹੇਰੀ ਗੁਫਾ ਵਿੱਚ ਆਸਣ ਲਾਉਣਾ ਹੈ ਅਤੇ ਨਾ ਹੀ ਘਰਾਂ ਦੇ ਕੰਮਾਂ ਕਾਰਾਂ ਦਾ ਤਿਆਗ ਕਰਨਾ ਹੈ। ਗੁਰੂ ਦਰਸਾਇਆ ਨਿੱਤਨੇਮ ਅੰਮ੍ਰਿਤ ਵੇਲੇ ਵੀਚਾਰ ਕੇ ਕਰਨਾ ਹੈ। ਨਿੱਤਨੇਮ ਦੀ ਸਿੱਖਿਆ ਅਨੁਸਾਰ ਸਾਰਾ ਦਿਨ ਜਿੱਥੇ ਪ੍ਰਭੂ ਵਲੋਂ ਜਿੰਮੇ ਲੱਗੀ ਕਿਰਤ ਹੱਥਾਂ ਪੈਰਾਂ ਨਾਲ ਕਰਨੀ ਹੈ, ਉਥੇ ਮਨ ਨਾਲ, ਰਸਨਾਂ ਨਾਲ, ਪਰਮਾਤਮਾਂ ਦੀ ਕੀਰਤੀ ਕਰਕੇ ਨਾਮ ਜਪ ਕੇ ਆਪਣਾ ਲੋਕ ਵੀ ਸੁਖੀ ਤੇ ਪ੍ਰਲੋਕ ਵੀ ਸੁਹੇਲਾ ਕਰਨਾ ਹੈ। ਜਿਵੇਂ ਗੁਰਬਾਣੀ ਅੰਦਰ ਭਗਤ ਕਬੀਰ ਜੀ ਨੇ ਭਗਤ ਨਾਮ ਦੇਵ ਜੀ ਪ੍ਰਥਾਇ ਫ਼ੁਰਮਾਨ ਕੀਤਾ ਹੈ :

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੨॥**

ਸਲੋਕ ਕਬੀਰ ਜੀ, ਪੰਨਾ ੧੩੭੫

### *ਸਾਧਸੰਗਤਿ ਬਿਨੁ ਤਰਿਓ ਨ ਕੋਇ।*

ਤੀਸਰਾ, ਮਨੁੱਖਾ ਜਨਮ ਦੀ ਸਫਲਤਾ ਲਈ ਸਤਸੰਗਤ ਬਹੁਤ ਜਰੂਰੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗ ਵਿੱਚ ਫ਼ੁਰਮਾਨ ਹੈ ਕਿ ਜਿਨ੍ਹਾਂ ਜਿਨ੍ਹਾਂ ਵਡਭਾਗੀਆਂ ਨੇ ਸਤਸੰਗਤ ਕੀਤੀ, ਪ੍ਰਮਾਤਮਾਂ ਨੇ ਮਿਹਰ ਕਰਕੇ ਉਨ੍ਹਾਂ ਦਾ ਇਸ

ਸੰਸਾਰ ਵਿੱਚੋਂ ਨਿਸਤਾਰਾ ਕਰ ਦਿੱਤਾ :

**ਜਿਨਿ ਜਿਨਿ ਸਾਧਸੰਗੁ ਪਾਇਆ ॥ ਸੋ ਪ੍ਰਭਿ ਆਪਿ ਤਰਾਇਆ ॥**

ਸੋਰਠਿ ਮ:੫,ਪੰਨਾ ੬੨੨

ਗੁਰੂ ਅਰਜਨ ਦੇਵ ਜੀ ਦਾ, ਸਤਿਸੰਗਤ ਦੀ ਮਹਾਨਤਾ ਦਰਸਾਉਂਦਾ, ਨਟ ਰਾਗ ਅੰਦਰ ਬਚਨ ਅੰਕਤ ਹੈ ਕਿ ਸੰਗਤ ਦਾ ਉਪਕਾਰ ਬਹੁਤ ਜਿਆਦਾ ਹੈ, ਜਿਸ ਨੂੰ ਦਰਸਾਇਆ ਨਹੀਂ ਜਾ ਸਕਦਾ ਅਤੇ ਨਾਲ ਹੀ ਸੰਕੇਤ ਦਿੱਤਾ ਹੈ ਕਿ ਜੇ ਸਾਧੂ ਮਹਾਂਪੁਰਖਾ ਦੀ ਥੋੜ੍ਹੀ ਜਿਨੀ ਸੰਗਤ ਕਰਨ ਨਾਲ ਗਨਕਾ (ਵੇਸਵਾ) ਦਾ ਉਧਾਰ ਹੋ ਸਕਦਾ ਹੈ ਤਾਂ ਆਮ ਪ੍ਰਾਣੀ ਕਿਉਂ ਨਹੀਂ ਤਰ ਸਕਦਾ? ਭਾਵ ਜ਼ਰੂਰ ਤਰ ਸਕਦਾ ਹੈ। ਆਪ ਦਾ ਫੁਰਮਾਨ ਹੈ-

**ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ॥**

ਮ:੫, ਪੰਨਾ ੯੮੧

ਸਤਸੰਗਤ ਦੀ ਮਹਾਨਤਾ ਦਰਸਾਉਂਦੇ ਸ੍ਰੀ ਗੁਰੂ ਅਰਜਨ ਦੇਵ ਜੀ ਆਸਾ ਰਾਗ ਅੰਦਰ ਬਚਨ ਦਰਜ ਕਰਦੇ ਹਨ ਕਿ ਬਹੁਤ ਖੋਜ ਭਾਲ ਕਰਨ ਤੋਂ ਉਪ੍ਰੰਤ ਇਹ ਤੱਤਸਾਰ ਪ੍ਰਾਪਤ ਹੋਇਆ ਹੈ ਕਿ ਸਤਸੰਗਤ ਕੀਤੇ ਤੋਂ ਬਿਨਾਂ, ਕਿਸੇ ਪ੍ਰਾਣੀ ਦਾ ਵੀ ਨਿਸਤਾਰਾ ਨਹੀਂ ਹੋਇਆ। ਆਪ ਜੀ ਦਾ ਫੁਰਮਾਨ ਹੈ-

**ਖੋਜਤ ਖੋਜਤ ਸੁਨੀ ਇਹ ਸੋਇ ॥**
**ਸਾਧਸੰਗਤਿ ਬਿਨੁ ਤਰਿਓ ਨ ਕੋਇ ॥** ਮ: ੫, ਪੰਨਾ ੩੭੩

ਸਤਸੰਗਤ ਕਰਨ ਨਾਲ ਦੋ ਲਾਭ ਪ੍ਰਾਪਤ ਹੁੰਦੇ ਹਨ। ਇੱਕ ਤਾਂ ਜੋ ਸਾਡੇ ਮਨ ਉੱਪਰ ਜਨਮਾਂ-ਜਨਮਾਂ ਦੇ ਪਾਪ ਸੰਸਕਾਰ ਦੀ ਮਲੀਨਤਾਈ ਲੱਗੀ ਹੋਈ ਹੈ, ਅਸੀਂ ਇੱਕਲੇ ਉਸ ਮਲੀਨਤਾਈ ਨੂੰ ਦੂਰ ਕਰਨ ਦੇ ਅਸਮਰਥ ਹਾਂ। ਜਿਸ ਮਲੀਨਤਾਈ ਪ੍ਰਥਾਇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਨ ਕੀਤਾ ਹੈ-

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ**
**ਕਾਲਾ ਹੋਆ ਸਿਆਹੁ ॥**
**[1]ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥**

ਸਲੋਕ ਮ: ੧ ਪੰਨਾ ੬੫੧

ਸਤਸੰਗਤ ਵਿੱਚ ਬੈਠ ਕੇ, ਪ੍ਰਭੂ ਗੁਣ ਗਾ ਕੇ, ਨਾਮ ਜਪ ਕੇ, ਸਾਡਾ ਮਨ ਜੋ ਖਨਲੀ -ਨੁਮਾ ਕਾਲਾ ਸਿਆਹ ਹੋਇਆ ਪਿਆ ਹੈ, ਉਸ ਨੂੰ ਪਵਿੱਤ੍ਰ ਕੀਤਾ ਜਾ ਸਕਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ-

**ਅਹੰਬੁਧਿ ਮਨ ਪੂਰਿ ਥਿਧਾਈ ॥**
**ਸਾਧ ਧੂਰਿ ਕਰਿ ਸੁਧ ਮੰਜਾਈ ॥** ਮ:੫, ਪੰਨਾ ੨੦੦

1. ਕੋਹਲੂ ਸਾਫ਼ ਕਰਨ ਵਾਲੀ ਟਾਕੀ (ਕੱਪੜੇ ਦਾ ਟੁਕੜਾ)



ਸਤਿਸੰਗਤ ਕਰਨ ਨਾਲ ਤੇ ਸੱਚੇ ਪ੍ਰਮਾਤਮਾਂ ਦਾ ਨਾਮ ਜਪਣ ਨਾਲ ਮਨ ਮਾਂਜਿਆ ਜਾਂਦਾ ਹੈ। ਜਦੋਂ ਮਨ ਪਵਿੱਤ੍ਰ ਹੋ ਗਿਆ, ਇਸ ਪਵਿੱਤ੍ਰ ਹੋਏ ਮਨ ਵਿੱਚ ਪਰਮਾਤਮਾਂ ਦਾ ਨਾਮ ਟਿਕ ਜਾਂਦਾ ਹੈ। ਹਿਰਦੇ ਵਿੱਚ ਨਾਮ ਦਾ ਨਿਵਾਸ ਹੁੰਦੇ ਸਾਰ ਹੀ ਭਰਮ ਤੇ ਭਉ ਸਦਾ ਲਈ ਖਤਮ ਹੋ ਜਾਂਦੇ ਹਨ। ਸਤਿਗੁਰੂ ਅਰਜਨ ਦੇਵ ਦੀ ਦਾ ਸੋਰਠਿ ਰਾਗ ਅੰਦਰ ਬਚਨ ਅੰਕਿਤ ਹੈ:

**ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥**
**ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥**

ਮ:੫, ਪੰਨਾ ੬੩੯

ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਕਿੰਨੇ ਭਰੋਸੇ ਨਾਲ ਸਾਨੂੰ ਗਰੰਟੀ ਦਿੰਦੇ ਹਨ ਕਿ ਜਿਹੜਾ ਮਨੁੱਖ ਸਤਿਸੰਗਤ ਕਰਦਾ ਹੈ ਤੇ ਆਪਾ-ਭਾਵ ਨਿਵਾਰ ਕੇ ਸਰਬ ਸ਼ਕਤੀਮਾਨ ਪ੍ਰਮਾਤਮਾਂ ਦੀ ਸ਼ਰਨ ਵਿੱਚ ਆ ਜਾਂਦਾ ਹੈ, ਉਸ ਦੇ ਸਾਰੇ ਡਰ ਖਤਮ ਹੋ ਜਾਂਦੇ ਹਨ ਤੇ ਜਗਿਆਸੂ ਦਾ ਇਸ ਸੰਸਾਰ ਭਵਜਲ ਤੋਂ ਅਵੱਸ਼ ਨਿਸਤਾਰਾ ਹੋ ਜਾਂਦਾ ਹੈ। ਸਤਿਗੁਰੂ ਜੀ ਦਾ ਮਾਰੂ ਸੋਲਹੇ ਵਿੱਚ ਫੁਰਮਾਨ ਹੈ:

**ਪ੍ਰਭ ਆਏ ਸਰਣਾ ਭਉ ਨਹੀ ਕਰਣਾ ॥**
**ਸਾਧਸੰਗਤਿ ਨਿਸਚਉ ਹੈ ਤਰਣਾ ॥** ਮ:੫, ਪੰਨਾ ੧੦੭੧

ਇਸ ਲਈ ਹਰ ਪ੍ਰਾਣੀ ਨੂੰ ਆਪਣੇ ਅੰਤਸ਼ਕਰਣ ਨੂੰ ਸ਼ੁੱਧ ਕਰਨ ਲਈ ਤੇ ਪ੍ਰਮਾਤਮਾਂ ਦੇ ਨਾਮ ਨੂੰ ਹਿਰਦੇ ਵਿੱਚ ਵਸਾਉਣ ਲਈ, ਮਾਇਆ ਦੇ ਦੂੱਤਾਂ ਤੋਂ ਛੁਟਕਾਰੇ ਵਾਸਤੇ ਤੇ ਆਪਣੀ ਕਲਿਆਣ ਲਈ ਥੋੜੇ ਤੋਂ ਥੋੜਾ ਤੇ ਬਹੁਤੇ ਤੋਂ ਬਹੁਤਾ ਸਮਾਂ ਜਰੂਰ ਸਤਸੰਗਤ ਕਰਨੀ ਚਾਹੀਦੀ ਹੈ। ਸਤਸੰਗਤ ਕਰਨ ਨਾਲ ਲਾਭ ਹੀ ਲਾਭ ਪ੍ਰਾਪਤ ਹੁੰਦਾ ਹੈ। ਭਗਤ ਕਬੀਰ ਜੀ ਦਾ ਫੁਰਮਾਨ ਹੈ -

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥**
**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥**

ਸਲੋਕ ਕਬੀਰ ਜੀ ਪੰਨਾ ੧੩੭੭

ਸਤਸੰਗਤ ਵਿੱਚ ਜਾਣ ਦਾ ਦੂਸਰਾ ਲਾਭ ਇੱਕ ਹੋਰ ਹੁੰਦਾ ਹੈ। ਜਦੋਂ ਪ੍ਰਾਣੀ ਪਰਮਾਤਮਾਂ ਨਾਲ ਜੁੜੀਆਂ ਰੂਹਾਂ ਨੂੰ ਵੇਖਦਾ ਹੈ ਤੇ ਉਨ੍ਹਾਂ ਦੀ ਸੰਗਤ ਕਰਦਾ ਅਤੇ ਸੰਗਤ ਦੀ ਛੋਹ ਨੂੰ ਮਾਣਦਾ ਹੈ ਤਾਂ ਜਗਿਆਸੂ ਦੇ ਮਨ ਵਿੱਚ ਸੁਤੇ ਹੀ ਆਪਣੇ ਮੂਲ ਪ੍ਰਮਾਤਮਾਂ ਨੂੰ ਮਿਲਣ ਵਾਸਤੇ ਸੰਸਕਾਰ ਉਤਪੰਨ ਹੋਣ ਲੱਗ ਜਾਂਦੇ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਜੈਤਸਰੀ ਰਾਗ ਅੰਦਰ ਫੁਰਮਾਨ ਹੈ-

**ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥**

ਮ:੫, ਪੰਨਾ ੭੦੩

ਪ੍ਰਭੂ ਮਿਲਾਪ ਲਈ ਮਨ ਅੰਦਰ ਚਾਉ ਪੈਦਾ ਹੋਣਾ ਹੀ ਕਠਨ ਸੀ,ਜਦੋਂ ਪ੍ਰਭੂ

ਮਿਲਾਪ ਲਈ ਮਨ ਵਿੱਚ ਚਾਉ ਪੈਦਾ ਹੋ ਗਿਆ, ਫਿਰ ਤਾਂ ਸਤਿਸੰਗਤ ਦੀ ਬਦੌਲਤ:

**ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ॥**

ਜੈਤਸਰੀ ਮ:੫,ਪੰਨਾ ੭੦੪

ਤੀਸਰਾ, ਸਤਸੰਗਤ ਕਰਨ ਦਾ ਲਾਭ ਇਹ ਪ੍ਰਾਪਤ ਹੁੰਦਾ ਹੈ। ਜਗਿਆਸੂ ਜਦੋਂ ਨਿੱਤਨੇਮ ਕਰਦਾ, ਸਿਮਰਨ ਕਰਦਾ ਹੈ ਤਾਂ ਸੁਤੇ ਸੂਖਸ਼ਮ ਰੂਪ ਵਿੱਚ ਉਸ ਦੇ ਮਨ ਵਿੱਚ ਹੰਕਾਰ ਤੇ ਮਾਣ ਕਿਸੇ ਨ ਕਿਸੇ ਕੁੰਦਰੇ ਆ ਟਿਕਦਾ ਹੈ। ਜਦੋਂ ਜਗਿਆਸੂ ਸਤਸੰਗਤ ਵਿੱਚ ਜਾਂਦਾ ਹੈ, ਆਪਣੇ ਤੋਂ ਵੱਧ ਨਿੱਤਨੇਮ ਤੇ ਸਿਮਰਨ ਕਰਨ ਵਾਲਿਆਂ ਦੇ ਦਰਸ਼ਨ ਕਰਦਾ ਹੈ, ਤਦ ਮਨ ਵਿੱਚ ਬਣਿਆ ਸੂਖਸ਼ਮ ਮਾਣ ਖਤਮ ਹੋ ਜਾਂਦਾ ਹੈ ਤੇ ਜਗਿਆਸੂ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਇੱਥੇ ਤਾਂ ''**ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ**'' ਦਾ ਵਰਤਾਰਾ ਵਰਤ ਰਿਹਾ ਹੈ। ਜਗਿਆਸੂ ਦਾ ਬਣਿਆ ਹੰਕਾਰ ਖਤਮ ਹੋ ਜਾਂਦਾ ਹੈ।

### *ਗੁਰੂ ਵਾਲੇ ਬਣਨ ਦਾ ਉਪਦੇਸ਼*

ਚੌਥਾ, ਗੁਰੂ ਉਪਦੇਸ਼ ਜੋ ਬਾਬਾ ਜੀ ਵਲੋਂ ਬੜੀ ਦ੍ਰਿੜ੍ਹਤਾ ਨਾਲ ਸੰਗਤ ਨੂੰ ਦ੍ਰਿੜ੍ਹ ਕਰਵਾਇਆ ਜਾਂਦਾ ਉਹ ਗੁਰੂ ਵਾਲੇ ਬਣਨ ਦਾ ਹੁੰਦਾ। ਆਪ ਜੀ, ਗੁਰਬਾਣੀ ਅਧਾਰ ਤੇ ਬਚਨ ਕਰਦੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਜੀ ਦੀ ਵਾਰ ਅੰਦਰ ਆਪਣਾ ਅਟੱਲ ਫੈਸਲਾ ਦਰਜ ਕੀਤਾ ਹੈ ਕਿ ਕੋਈ ਵੀ ਪ੍ਰਾਣੀ ਗੁਰੂ ਵਾਲਾ ਬਣੇ ਤੋਂ ਬਿਨਾਂ ਨਾ ਪਹਿਲਾਂ ਪ੍ਰਮਾਤਮਾਂ ਨੂੰ ਪ੍ਰਾਪਤ ਕਰ ਸਕਿਆ ਅਤੇ ਨਾ ਹੁਣ ਕਰ ਸਕੇਗਾ ਅਤੇ ਨਾ ਹੀ ਅਗਾਂਹ ਪਰਮਾਤਮਾਂ ਨੂੰ ਮਿਲ ਸਕੇਗਾ। ਜਿਸ ਨੇ ਵੀ ਪ੍ਰਭੂ ਮਿਲਾਪ ਪ੍ਰਾਪਤ ਕਰਨਾ ਹੈ, ਉਸ ਨੂੰ ਗੁਰੂ ਵਾਲਾ ਬਣ ਕੇ ਹੀ ਪ੍ਰਭੂ ਅਭੇਦਤਾ ਪ੍ਰਾਪਤ ਹੋ ਸਕੇਗੀ। ਆਪ ਜੀ ਦਾ ਫੁਰਮਾਨ ਹੈ-

**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥**
**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥**

ਮ:੧,ਪੰਨਾ ੪੬੬

ਸਤਿਗੁਰੂ ਅਰਜਨ ਦੇਵ ਜੀ ਨੇ ਤਾਂ ਕਿਸੇ ਭਰਮ-ਭੁਲੇਖੇ ਦੀ ਗੁੰਜਾਇਸ ਹੀ ਨਹੀਂ ਰਹਿਣ ਦਿੱਤੀ। ਆਪ ਆਪਣਾ ਫੈਸਲਾ ਸੁਣਾਉਂਦੇ ਫੁਰਮਾਨ ਕਰਦੇ ਹਨ ਕਿ ਮਤਾਂ ਕੋਈ ਕਿਸੇ ਭਰਮ-ਭੁਲੇਖੇ ਵਿੱਚ ਇਹ ਧਾਰਨਾ ਬਣਾ ਲਵੇ ਕਿ ਸ਼ਾਇਦ ਮੇਰਾ ਗੁਰੂ ਵਾਲਾ ਬਣੇ ਤੋਂ ਬਿਨਾਂ ਹੀ ਨਿਸਤਾਰਾ ਹੋ ਜਾਵੇਗਾ। ਯਾਦ ਰੱਖੋ! ਨਾ ਪਹਿਲਾਂ, ਨਾ ਹੁਣ ਤੇ ਨਾ ਅਗਾਂਹ ਹੀ, ਕਿਸੇ ਦਾ ਗੁਰੂ ਵਾਲਾ ਬਣੇ ਤੋਂ ਬਿਨਾਂ ਨਿਸਤਾਰਾ ਹੋਇਆ ਤੇ ਨਾ ਹੀ ਹੋਣਾ ਹੈ। ਗੁਰੂ ਵਾਲੇ ਬਣਨ ਦੀ ਮਰਯਾਦਾ ਹਰ ਪ੍ਰਾਣੀ ਨੂੰ ਲਾਜ਼ਮੀ ਧਾਰਨ ਕਰਨੀ ਪਵੇਗੀ। ਆਪ ਜੀ ਦਾ ਗੋਂਡ ਰਾਗ ਅੰਦਰ ਫੁਰਮਾਨ ਹੈ-

**ਮਤ ਕੋ ਭਰਮਿ ਭੁਲੈ ਸੰਸਾਰਿ ॥**



**ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥** ਮ:੫,ਪੰਨਾ ੮੬੪

ਕਿਉਂਕਿ ਅਮੋਲਕ ਨਾਮ ਦੀ ਦਾਤ ਗੁਰੂ ਤੋਂ ਪ੍ਰਾਪਤ ਹੋਣੀ ਹੈ। ਸਤਿਗੁਰੂ ਰਾਮਦਾਸ ਜੀ ਦਾ ਸਿਰੀਰਾਗ ਅੰਦਰ ਫੁਰਮਾਨ ਹੈ:

**ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥**
**ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥**

ਮ: ੪, ਪੰਨਾ ੩੯

ਜਦੋਂ ਗੁਰਸਿੱਖ, ਜਗਿਆਸੂ ਬਣ ਕੇ ਸਤਿਗੁਰੂ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰਨ ਲਈ ਗੁਰੂ ਸ਼ਰਣ ਵਿੱਚ ਆਉਂਦਾ ਹੈ, ਤਦ ਸਤਿਗੁਰੂ ਤੁੱਠ ਕੇ ਉਸ ਨੂੰ ਅੰਮ੍ਰਿਤ ਰੂਪੀ ਨਾਮ, ਜੋ ਸੰਸਾਰ ਦੇ ਕਿਸੇ ਵੀ ਧਨ -ਪਦਾਰਥ ਨਾਲ ਪ੍ਰਾਪਤ ਨਹੀਂ ਹੁੰਦਾ, ਗੁਰਸਿੱਖ ਦੀ ਹਿਰਦੇ ਰੂਪੀ ਝੋਲੀ ਵਿੱਚ ਗੁਰਮੰਤ੍ਰ ਦੇ ਰੂਪ ਵਿੱਚ ਪਾ ਦਿੰਦਾ ਹੈ। ਗੁਰਮੰਤਰ ਦੀ ਕਮਾਈ ਦੁਆਰਾ ਜੋ ਜੋ ਆਤਮਿਕ ਉੱਚਤਾ ਗੁਰਸਿੱਖ ਨੂੰ ਪ੍ਰਾਪਤ ਹੁੰਦੀ ਹੈ, ਉਸ ਦਾ ਵਿਸਥਾਰ ਸਤਿਗੁਰੂ ਅਰਜਨ ਦੇਵ ਜੀ ਨੇ ਧਨਾਸਰੀ ਰਾਗ ਅੰਦਰ ਕੀਤਾ ਹੈ। ਆਪ ਦਾ ਫੁਰਮਾਨ ਹੈ:

[1]**ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥**
**ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥੨॥**
**ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ ॥**
**ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥**
**ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥**
**ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥੪॥**

ਮ:੫, ਪੰਨਾ ੬੭੧

ਪ੍ਰਭੂ ਨਾਮ ਦੀ ਬਦੌਲਤ, ਜਗਿਆਸੂ ਆਪਣੇ ਮੂਲ ਪ੍ਰਮਾਤਮਾ ਨਾਲ ਅਭੇਦ ਹੋ ਕੇ, ਆਵਾਗਉਣ ਦੇ ਚੱਕਰ ਤੋਂ ਨਿਯਾਤ ਪ੍ਰਾਪਤ ਕਰ, ਪਰਮਾਤਮਾਂ ਦੇ ਸੱਤ-ਚਿੱਤ-ਅਨੰਦ ਦੇ ਪ੍ਰਭੂ ਰੰਗ ਨੂੰ ਮਾਣਦਾ ਹੈ।

---

1. ਜਦੋਂ ਜਗਿਆਸੂ, ਗੁਰੂ ਵਾਲਾ ਬਣ ਕੇ ਸਤਿਗੁਰੂ ਪਾਸੋਂ ''**ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ**'' ਦੀ ਦਾਤ ਪ੍ਰਾਪਤ ਕਰ ਲੈਂਦਾ ਹੈ, ਤਦੋਂ ਜਗਿਆਸੂ ਦੀ ਦੁਬਿਧਾ ਵਾਲੀ ਅਵਸਥਾ ਖਤਮ ਹੋ ਜਾਂਦੀ ਹੈ। ਪਰਮਾਤਮਾਂ ਉੱਪਰ ਪੂਰਨ ਭਰੋਸਾ ਬਣ ਜਾਂਦਾ ਹੈ। ਮਨੁੱਖ ਦੀਆਂ ਇਛਾਵਾਂ ਦੀ ਪੂਰਤੀ ਹੋ ਜਾਂਦੀ ਹੈ। ਜਗਿਆਸੂ ਤੇ ਪਰਮਾਤਮਾਂ ਦੇ ਵਿਚਕਾਰ ਜੋ ਮੇਰ-ਤੇਰ ਪਾਉਣ ਵਾਲੀ ਮਾਇਆ ਦੇ ਦੂਤਾਂ ਦੀ ਦੀਵਾਰ ਬਣੀ ਹੋਈ ਹੈ, ਉਹ ਵੀ ਸਦਾ ਵਾਸਤੇ ਖਤਮ ਹੋ ਜਾਂਦੀ ਹੈ। ਜਗਿਆਸੂ ਨੂੰ ਪਰਮਾਤਮਾਂ ਵਿੱਚ ਇਸ ਤਰ੍ਹਾਂ ਅਭੇਦਤਾ ਪ੍ਰਾਪਤ ਹੋ ਜਾਂਦੀ ਹੈ, ਜਿਸ ਤਰ੍ਹਾਂ ਸੁਨਿਆਰਾ ਤਰ੍ਹਾਂ ਤਰ੍ਹਾਂ ਦੇ ਗਹਿਣੇ ਕੁਠਾਲੀ ਵਿੱਚ ਢਾਲ ਕੇ ਸੋਨੇ ਦੀ ਡਲੀ ਬਣਾ ਦਿੰਦਾ ਹੈ। ਉਸ ਥੈਲੀ ਵਿਚੋਂ ਫਿਰ, ਕਿਸੇ ਗਹਿਣੇ ਦਾ ਸੋਨਾ ਵਖ ਨਹੀਂ ਕੀਤਾ ਸਕਦਾ। ਨਾਮ ਪ੍ਰਾਪਤੀ ਵਾਲੇ ਜਗਿਆਸੂ ਦੇ ਹਿਰਦੇ ਵਿੱਚ ਪ੍ਰਮਾਤਮਾਂ ਦੀ ਜੋਤ ਪ੍ਰਗਟ ਹੋ ਜਾਂਦੀ ਹੈ। ਸਹਿਜ ਅਵਸਥਾ ਵਿੱਚ ਸਮਾਈ ਹੋ ਕੇ ਅਨਹਦ ਸ਼ਬਦ ਸੁਣਨ ਲੱਗ ਜਾਂਦੇ ਹਨ। ਜਗਿਆਸੂ ਦਾ ਮਨ ਥਿਰ ਹੋ ਕੇ ਨਿਹਚਲ ਘਰ ਵਿੱਚ ਨਿਵਾਸ ਕਰ ਲੈਂਦਾ ਹੈ। ਇਹ ਸਾਰੀਆਂ ਬਰਕਤਾਂ ਗੁਰੂ ਵਾਲੇ ਬਣਨ ਉਪ੍ਰੰਤ ਹੀ ਸੰਭਵ ਹਨ।

### *ਨੰਬਰਦਾਰ ਚੰਨਣ ਸਿੰਘ ਜੀ ਨੇ ਬਾਬਾ ਜੀ ਨੂੰ ਆਪਣੇ ਘਰ ਸੱਦਣਾ*

ਬਾਬਾ ਜੀ ਨੇ ਇਸੇ ਰਸੂਲਪੁਰ ਪਿੰਡ ਵਿੱਚ ਦੋ ਦਿਨ ਪੜਾਉ ਕੀਤਾ। ਸਵੇਰੇ ਸ਼ਾਮ ਇਕੱਠੇ ਸੰਗਤੀ ਰੂਪ ਵਿੱਚ ਨਿੱਤਨੇਮ ਕਰਨਾ, ਦੁਪਹਿਰ ਨੂੰ ਸੰਗਤੀ ਰੂਪ ਵਿੱਚ ਸੁਖਮਨੀ ਸਾਹਿਬ ਦਾ ਪਾਠ ਤੇ ਗੁਰਮਤਿ ਵਿਚਾਰਾਂ ਸੰਗਤਾਂ ਨਾਲ ਸਾਂਝੀਆਂ ਕਰਨੀਆਂ। ਇਸੇ ਨਗਰ ਦੇ ਇੱਕ ਪ੍ਰੇਮੀ ਨੰਬਰਦਾਰ [1]ਚੰਨਣ ਸਿੰਘ ਜੀ ਵੀ ਦੋਵੇਂ ਦਿਨ ਸੰਗਤ ਵਿੱਚ ਹਾਜ਼ਰੀ ਭਰਦੇ ਰਹੇ। ਆਪ ਜੀ ਨੇ ਬਾਬਾ ਜੀ ਤੇ ਸਾਰੀ ਸੰਗਤ ਨੂੰ ਸ਼ਾਮ ਦਾ ਲੰਗਰ, ਉਨ੍ਹਾਂ ਦੇ ਘਰ ਛੱਕਣ ਤੇ ਸੋਦਰ ਦਾ ਪਾਠ ਕਰਨ ਲਈ ਬੇਨਤੀ ਕੀਤੀ। ਬਾਬਾ ਜੀ ਨੇ ਹਾਂ ਕਰ ਦਿੱਤੀ ਤੇ ਸ਼ਾਮ ਦੇ ਸਮੇਂ ਨੰਬਰਦਾਰ ਹੋਰਾਂ ਦੇ ਘਰ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਸੋਦਰ ਦਾ ਪਾਠ ਕੀਤਾ।

### *ਨੰਬਰਦਾਰ ਚੰਨਣ ਸਿੰਘ ਜੀ ਵੱਲੋਂ ਬਾਬਾ ਜੀ ਨੂੰ ਸਵਾਲ*

ਸੋਦਰ ਦੇ ਪਾਠ ਦੀ ਸਮਾਪਤੀ ਉਪ੍ਰੰਤ ਸ: ਚੰਨਣ ਸਿੰਘ ਹੋਰਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ! ਅੱਜ ਤੇ ਕੱਲ੍ਹ ਤੋਂ ਅਸੀਂ ਆਪ ਜੀ ਦੇ ਗੁਰਮਤਿ ਵਿਚਾਰ ਸ੍ਰਵਣ ਕਰ ਰਹੇ ਹਾਂ। ਆਪ ਜੀ ਸਾਨੂੰ ਬਾਰ-ਬਾਰ ਇਹ ਹੀ ਉਪਦੇਸ਼ ਦਿੰਦੇ ਹੋ ਕਿ ਤੁਸੀਂ ਨਿੱਤਨੇਮ ਕਰੋ, ਚੰਗੇ ਕਰਮਾਂ ਦੇ ਧਾਰਨੀ ਬਣੋ, ਸਤਸੰਗਤ ਕਰਿਆ ਕਰੋ, ਗੁਰੂ ਵਾਲੇ ਬਣਨ ਲਈ ਅੰਮ੍ਰਿਤ ਛਕ ਲਵੋ। ਭਲਾ ਇਹ ਦੱਸੋ ਕਿ ਜੇ ਸਾਡੇ ਭਾਗਾਂ ਵਿੱਚ ਪ੍ਰਮਾਤਮਾਂ ਨੇ ਸਤਸੰਗਤ ਕਰਨੀ, ਚੰਗੇ ਕਰਮ ਕਰਨੇ, ਨਿੱਤਨੇਮ ਕਰਨਾ, ਲਿਖਿਆ ਹੀ ਨਹੀਂ ਹੈ ਤਾਂ ਫਿਰ ਆਪਾਂ ਕਿਵੇਂ ਸਤਸੰਗਤ ਤੇ ਨੇਕ ਕਰਮਾਂ ਦੇ ਧਾਰਨੀ ਬਣ ਸਕਦੇ ਹਾਂ। ਜੇ ਸਾਡੇ ਭਾਗਾਂ ਵਿੱਚ ਹੀ ਅੰਮ੍ਰਿਤ ਛੱਕਣਾ, ਗੁਰੂ ਵਾਲੇ ਬਣਨਾ ਲਿਖਿਆ ਨਹੀਂ, ਫਿਰ ਆਪਾਂ ਆਪਣੇ ਜੋਰ ਨਾਲ ਕਿਵੇਂ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਸਕਦੇ ਹਾਂ? ਨੰਬਰਦਾਰ ਹੋਰਾਂ ਦਾ ਇਹ ਅਨੋਖਾ ਤੇ ਜੁਅਰਤ ਭਰਿਆ ਪ੍ਰਸ਼ਨ ਸੁਣ ਕੇ ਸਾਰੀ ਸੰਗਤ ਚੌਕੰਨੀ ਹੋ ਕੇ ਸੁਣਨ ਲੱਗੀ ਕਿ ਬਾਬਾ ਜੀ, ਨੰਬਰਦਾਰ ਹੋਰਾਂ ਵੱਲੋਂ ਕੀਤੇ ਪ੍ਰਸ਼ਨ ਦਾ ਕੀ ਉੱਤਰ ਦਿੰਦੇ ਹਾਂ?

### *ਬਾਬਾ ਜੀ ਵਲੋਂ ਉੱਤਰ*

ਆਪ ਜੀ, ਕੁਝ ਸਕਿੰਟ ਸ: ਚੰਨਣ ਸਿੰਘ ਹੋਰਾਂ ਦਾ ਪ੍ਰਸ਼ਨ ਸੁਣ ਕੇ ਚੁੱਪ ਰਹੇ ਤੇ ਮੁਸਕਰਾ ਕੇ ਨੰਬਰਦਾਰ ਚੰਨਣ ਸਿੰਘ ਜੀ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਨੰਬਰਦਾਰ ਜੀ ! ਇਹ ਦੱਸੋ ਕਿ ਭਾਗ ਕਿਸ ਨੇ ਬਣਾਏ ਹਨ? ਬਾਬਾ ਜੀ ਦਾ ਇਹ ਉੱਤਰ ਸੁਣ ਕੇ ਆਪ ਚੁੱਪ ਹੋ ਗਏ। ਬਾਬਾ ਜੀ ਕਹਿਣ ਲੱਗੇ, ਨੰਬਰਦਾਰ ਜੀ ! ਜੋ

1.ਨੰਬਰਦਾਰ ਚੰਨਣ ਸਿੰਘ ਸਪੁਤ੍ਰ ਸ: ਤਾਰਾ ਸਿੰਘ,ਪਿੰਡ ਕੁਲਾਰਾਂ ਦੇ ਵਸਨੀਕ ਸਨ। ਸ: ਤਾਰਾ ਸਿੰਘ ਜੀ ਫੌਜ ਵਿੱਚ ਸੂਬੇਦਾਰ ਮੇਜਰ ਦੀ ਪੋਸਟ ਤੋਂ ਰਿਟਾਇਰਡ ਹੋਏ ਸਨ। ਆਪ ਜੀ ਨੂੰ 1947 ਦੀ ਵੰਡ ਤੋਂ ਪਿੱਛੋਂ ਬਾਰ ਵਾਲੀ ਜਮੀਨ ਦੇ ਇਵਜਾਨੇ ਵਿੱਚ, ਪਿੰਡ ਰਸੂਲਪੁਰ ਵਿਖੇ ਜਮੀਨ ਅਲਾਟ ਹੋਈ ਸੀ। ਜਿਸ ਕਾਰਣ ਆਪ ਨੇ ਪਿੰਡ ਰਸੂਲਪੁਰ ਹੀ ਵਸੇਵਾ ਕਰ ਲਿਆ ਸੀ।



ਆਪਾਂ ਪਿਛਲੇ ਜਨਮ ਵਿੱਚ ਚੰਗੇ ਜਾਂ ਮਾੜੇ ਕਰਮ ਕੀਤੇ ਹਨ, ਇਸ ਜਨਮ ਵਿੱਚ ਉਹ ਕੀਤੇ ਕਰਮ ਹੀ ਸਾਡੇ ਭਾਗ ਬਣ ਗਏ ਹਨ। ਜੋ ਅਸੀਂ ਚੰਗੇ ਕਰਮ ਕੀਤੇ ਹਨ, ਉਨ੍ਹਾਂ ਚੰਗੇ ਕਰਮਾਂ ਦੀ ਬਦੌਲਤ, ਸਾਡੇ ਚੰਗੇ ਭਾਗ ਬਣ ਗਏ। ਜੋ ਅਸੀਂ ਮਾੜੇ ਕਰਮ ਕੀਤੇ, ਉਨ੍ਹਾਂ ਮਾੜੇ ਕਰਮਾਂ ਦੇ ਕਾਰਣ ਸਾਡੇ ਮਾੜੇ ਭਾਗ ਬਣ ਗਏ। ਚੰਗੇ ਵੀ ਤੇ ਮਾੜੇ ਵੀ ਭਾਗ ਬਨਾਉਣ ਵਾਲੇ ਅਸੀਂ ਆਪ ਹੀ ਹਾਂ। ਇਸੇ ਕਰਕੇ ਤਾਂ ਮੈਂ ਗੁਰਬਾਣੀ ਅਨੁਸਾਰ ਤੁਹਾਨੂੰ ਬਾਰ-ਬਾਰ ਪ੍ਰੇਰਨਾ ਦਿੰਦਾ ਹਾਂ ਕਿ ਜੇ ਅਸੀਂ ਪਹਿਲਾਂ ਚੰਗੇ ਭਾਗ ਨਹੀਂ ਬਣਾ ਸਕੇ ਤਾਂ ਪਰਮਾਤਮਾਂ ਨੇ ਹੁਣ ਸਾਨੂੰ ਮਨੁੱਖਾ ਜਨਮ ਦਾ ਸਮਾਂ ਆਪਣੇ ਭਾਗ ਬਨਾਉਣ ਲਈ ਦਿੱਤਾ ਹੈ। ਹੁਣ ਆਪਾਂ ਗੁਰਬਾਣੀ ਪੜ੍ਹ ਕੇ, ਗੁਰੂ ਅਗਵਾਈ ਵਿੱਚ ਚੱਲ ਕੇ, ਸਤਸੰਗਤ ਕਰਕੇ ਗੁਰੂ ਵਾਲੇ ਬਣ ਕੇ ''**ਗੁਰਸਿਖ ਮੀਤ ਚਲਹੁ ਗੁਰ ਚਾਲੀ**'' ਦੇ ਧਾਰਨੀ ਬਣ ਕੇ ਆਪਣੇ ਚੰਗੇ ਭਾਗ ਬਣਾ ਲਈਏ ਜੋ ਅਸੀਂ ਇਸ ਜਨਮ ਵਿੱਚ ਚੰਗੇ ਜਾਂ ਮਾੜੇ ਕਰਮ ਕਰਾਂਗੇ, ਇਸ ਸੰਸਾਰ ਤੋਂ ਅੱਖਾਂ ਮੀਟਦੇ ਸਾਰ ਮਾੜੇ ਕਰਮ ਕਰਨ ਵਾਲਿਆਂ ਦੇ ਮਾੜੇ ਭਾਗ ਤੇ ਚੰਗੇ ਸ਼ੁਭ ਕਰਮੀਆਂ ਦੇ ਚੰਗੇ ਭਾਗ ਬਣ ਜਾਣੇ ਹਨ। ਜੇ ਆਪਾਂ ਪਿੱਛੇ ਚੰਗੇ ਭਾਗ ਨਹੀਂ ਬਣਾ ਸਕੇ, ਤਦ ਹੁਣ ਆਪਾਂ ਨੂੰ ਗੁਰੂ ਅਗਵਾਈ ਅਨੁਸਾਰ ਚੱਲ ਕੇ, ਆਪਣੇ ਚੰਗੇ ਭਾਗ ਬਣਾ ਕੇ, ਆਪਣੇ ਜੀਵਨ ਨੂੰ ਸਵਾਰ ਲੈਣਾ ਚਾਹੀਦਾ ਹੈ।

ਦੇਖੋ ! ਪਰਮਾਤਮਾਂ ਨੇ ਸਾਨੂੰ ਅੱਖਾਂ ਦਿੱਤੀਆਂ ਹਨ। ਜੇ ਆਪਾਂ ਇਨ੍ਹਾਂ ਅੱਖਾਂ ਨਾਲ ਕਿਸੇ ਨੂੰ ਵਿਭਚਾਰੀ ਨਜ਼ਰ ਨਾਲ ਵੇਖਾਂਗੇ ਤਾਂ ਇਹ ਅੱਖਾਂ ਹੀ ਸਾਨੂੰ ਪਾਪ ਦੇ ਭਾਗੀ ਬਨਾਉਣ ਦਾ ਕਾਰਣ ਬਣਨਗੀਆਂ। ਜੇ ਆਪਾਂ ਇਨ੍ਹਾਂ ਅੱਖਾਂ ਨਾਲ ਗੁਰਬਾਣੀ ਪੜਾਂਗੇ, ਗੁਰੂ ਮਹਾਰਾਜ ਅਤੇ ਸੰਗਤ ਦੇ ਦਰਸ਼ਨ ਕਰਾਂਗੇ, ਤਦ ਇਹੋ ਅੱਖਾਂ ਸਾਡੇ ਪਾਪ ਕਰਮਾਂ ਨੂੰ ਨਾਸ਼ ਕਰਨ ਦਾ ਕਾਰਨ ਬਣ ਕੇ ਸਾਨੂੰ ਪੁੰਨ ਕਰਮ ਕਰਨ ਲਈ ਪ੍ਰੇਰਤ ਕਰਨਗੀਆਂ।

ਪਰਮਾਤਮਾਂ ਨੇ ਸਾਨੂੰ ਜੀਭ ਪ੍ਰਦਾਨ ਕੀਤੀ ਹੈ। ਇਸ ਜੀਭ ਨਾਲ ਜੇ ਅਸੀਂ ਝੂਠ, ਅਨੱਰਥ, ਅਕਾਰਥ ਤੇ ਕੌੜਾ ਫਿੱਕਾ ਬੋਲਾਂਗੇ ਜਾਂ ਕਿਸੇ ਦੀ ਨਿੰਦਿਆ ਕਰਾਂਗੇ, ਇਹੋ ਜੀਭ ਸਾਡੇ ਗਲ ਵਿਚ ਜਮਾਂ ਦੀ ਫਾਹੀ ਪਾਉਣ ਦਾ ਵਸੀਲਾ ਬਣੇਗੀ। ਜੇ ਇਸੇ ਜੀਭ ਨਾਲ ਅਸੀਂ ਗੁਰੂ ਉਪਦੇਸ਼ (ਗੁਰਬਾਣੀ) ਉਚਾਰਾਂਗੇ, ਪਰਮਾਤਮਾਂ ਦਾ ਨਾਮ ਜਪਾਂਗੇ,ਕਿਸੇ ਦੇ ਮਨ ਨੂੰ ਮਿੱਠੇ ਪਿਆਰ ਵਾਲੇ ਤੇ ਧੀਰਜ ਧਰਵਾਸ ਦੇਣ ਵਾਲੇ ਬੋਲ ਬੋਲ ਕੇ ਉਸ ਦੀ ਅਸੀਸ ਪ੍ਰਾਪਤ ਕਰਾਂਗੇ ,ਤਦ ਇਹੋ ਜਿਹਵਾ ਸਾਡੇ ਗਲ ਵਿੱਚ ਪਈ ਹੋਈ ਜਮਾਂ ਦੀ ਫਾਹੀ ਨੂੰ ਕੱਟਣ ਦਾ ਵਸੀਲਾ ਬਣੇਗੀ। ਬਾਬਾ ਨਾਮ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ:

**ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥**
**ਮਪਿ ਮਪਿ ਕਾਟਉ ਜਮ ਕੀ ਫਾਸੀ ॥੧॥** ਨਾਮਦੇਵ ਜੀ, ਪੰਨਾ ੪੮੫

ਪਰਮਾਤਮਾ ਨੇ ਕਿੰਨੇ ਸੋਹਣੇ ਹੱਥ ਆਪਾਂ ਨੂੰ ਬਖਸ਼ਿਸ਼ ਕੀਤੇ ਹਨ। ਜੇ ਇਨ੍ਹਾਂ ਹੱਥਾਂ ਨਾਲ ਅਸੀਂ ਚੋਰੀ ਕਰਾਂਗੇ ਜਾਂ ਕਿਸੇ ਦੇ ਤਨ ਅਤੇ ਧਨ ਨੂੰ ਨੁਕਸਾਨ ਪਹੁੰਚਾਵਾਂਗੇ ਤਦ ਇਹੋ ਹੱਥ ਸਾਨੂੰ ਨਰਕਾਂ ਵਿੱਚ ਸਜ਼ਾ ਭੁਗਤਾਉਣ ਦਾ ਕਾਰਨ ਬਣਨਗੇ। ਜੇ ਇਨ੍ਹਾਂ ਹੱਥਾਂ ਨਾਲ ਅਸੀਂ ਸੰਗਤ ਦੀ ਤੇ ਸੰਸਾਰ ਦੀ ਸੇਵਾ ਕਰਾਂਗੇ, ਤਦ ਇਹੋ ਹੱਥ ਪ੍ਰਭੂ ਦਰਗਾਹ ਅੰਦਰ ਮਾਣ ਸਤਿਕਾਰ ਪ੍ਰਾਪਤ ਕਰਨ ਦਾ ਸਬੱਬ ਬਣਨਗੇ। ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਰੀਰਾਗੁ ਅੰਦਰ ਫੁਰਮਾਨ ਹੈ :

**ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥**
**ਕਹੁ ਨਾਨਕ ਬਾਹ ਲੁਡਾਈਐ ॥੪॥** ਮ:੧ ਪੰਨਾ ੨੬

ਪੈਰਾਂ ਦੀ ਦਾਤ ਬੜੀ ਅਮੋਲਕ ਹੈ ਜੋ ਸਾਰੇ ਸਰੀਰ ਦੇ ਭਾਰ ਨੂੰ ਚੁੱਕ ਕੇ ਥਾਂ ਪੁਰ ਥਾਂ ਲਈ ਫਿਰਦੇ ਹਨ। ਇਨ੍ਹਾਂ ਪੈਰਾਂ ਨਾਲ ਕੋਈ ਮਨੁੱਖ, ਸ਼ਰਾਬਖਾਨੇ, ਜੂਆ ਘਰ ਤੇ ਵਿਭਚਾਰ ਦੇ ਅੱਡੇ ਤੇ ਜਾ ਕੇ ਮਾੜੇ ਕਰਮ ਕਰਕੇ "**ਖਸਮਹੁ ਧਕੇ ਖਾਇ**" ਦਾ ਭਾਗੀ ਵੀ ਬਣ ਸਕਦਾ ਹੈ। ਇਨ੍ਹਾਂ ਪੈਰਾਂ ਨਾਲ ਹੀ ਸੱਤਸੰਗਤ ਵਿੱਚ ਜਾ ਕੇ, ਗੁਰਬਾਣੀ ਕੀਰਤਨ, ਗੁਰਮਤਿ ਵੀਚਾਰਾਂ ਸੁਣ ਕੇ, ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਜਨਮਾਂ-ਜਨਮਾਂ ਦੀ ਅੰਤਸ਼ਕਰਣ ਉੱਪਰ ਲੱਗੀ ਮੈਲ ਨੂੰ ਧੋ ਕੇ-

**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥**
**ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥**
ਬਾਰਹ ਮਾਹ ਮਾਂਝ ਮ:੫,ਪੰਨਾ, ੧੩੫

ਦੀਆਂ ਦਾਤਾਂ ਵੀ ਗੁਰੂ ਚਰਨਾਂ ਵਿੱਚੋਂ ਪ੍ਰਾਪਤ ਕਰ ਸਕਦਾ ਹੈ।

ਇਸੇ ਪ੍ਰਕਾਰ ਕੰਨਾਂ ਦੀ ਦੁਰਵਰਤੋਂ ਕਰਕੇ, ਕੋਈ ਮਨੁੱਖ ਮਨ ਨੂੰ ਖਿੰਡਾਓ ਵਿੱਚ ਲਿਜਾਣ ਵਾਲੇ ਅਸ਼ਲੀਲ ਗੀਤ ਸੁਣ ਕੇ, ਆਪਣੇ ਅੰਦਰ ਵਿਭਚਾਰੀ ਬਿਰਤੀ ਵੀ ਪੈਦਾ ਕਰ ਸਕਦਾ ਹੈ। ਜੇ ਇਨ੍ਹਾਂ ਕੰਨਾਂ ਨਾਲ ਗੁਰੂ ਕੀ ਬਾਣੀ, ਗੁਰਮਤਿ ਵੀਚਾਰਾਂ, ਪ੍ਰਭੂ ਨਾਮ ਸ੍ਰਵਣ ਕੀਤਾ ਜਾਵੇ ਤਾਂ ਇਹ ਹੀ ਕੰਨ, ਸਾਡੇ ਲੋਕ-ਪ੍ਰਲੋਕ ਦੇ ਸਾਰੇ ਮਨੋਰਥ ਪੂਰੇ ਕਰਨ, ਦੁੱਖਾਂ, ਕਲੇਸਾਂ ਤੇ ਚਿੰਤਾ ਝੋਰੇ ਤੋਂ ਨਿਜਾਤ ਦੁਆ ਕੇ, ਪਾਰਬ੍ਰਹਮ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ ਬਣ ਕੇ, ਪਰਮਾਤਮਾਂ ਵਿੱਚ ਅਭੇਦਤਾ ਦਾ ਸਬੱਬ ਬਣ ਜਾਂਦੇ ਹਨ। ਸਤਿਗੁਰੂ ਅਮਰ ਦਾਸ ਜੀ ਦੇ ਫੁਰਮਾਨ ਅਨੁਸਾਰ, ਜਿਹੜੇ ਵਡਭਾਗੀ ਮਨੁੱਖ ਕੰਨਾਂ ਦੀ, ਗੁਰੂ ਅਗਵਾਈ ਵਿੱਚ ਸੁਚੱਜੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਕੀ ਮਿਲਦਾ ਹੈ? ਸਾਹਿਬਾਂ ਦਾ ਅਨੰਦੁ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਪੜ੍ਹੀਏ ਸੋਝੀ ਪੈ ਜਾਵੇਗੀ-

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥**
**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥**
**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥** ਪੰਨਾ ੯੨੨



ਸੋ ਨੰਬਰਦਾਰ ਜੀ! ਪ੍ਰਮਾਤਮਾਂ ਨੇ ਸਾਡੇ ਕਰਮ ਇੰਦ੍ਰਿਆਂ ਨੂੰ ਸੁਤੰਤਰਤਾ ਦਿੱਤੀ ਹੈ। ਅਸੀਂ ਹੁਣ ਖੁਦ ਆਪ ਵੀਚਾਰ ਕਰਨੀ ਹੈ ਕਿ ਇਨ੍ਹਾਂ ਕਰਮ-ਇੰਦ੍ਰਿਆਂ ਨਾਲ ਅਸੀਂ ਚੰਗੇ ਭਾਗ ਬਣਾ ਕੇ ਗੁਰੂ ਖੁਸ਼ੀ ਪ੍ਰਾਪਤ ਕਰ, ਸੁਖੀ ਸੁਹੇਲਾ ਜੀਵਨ ਬਤੀਤ ਕਰਨਾ ਹੈ ਜਾਂ ਇਨ੍ਹਾਂ ਹੀ ਕਰਮ ਇੰਦ੍ਰਿਆਂ ਨਾਲ ਅਸੀਂ ਮਾੜੇ ਕਰਮ ਕਰਕੇ ਦੁਖੀ-ਦੁਹੇਲਾ ਜੀਵਨ ਬਤੀਤ ਕਰਕੇ, ਆਪਣੇ ਅਮੋਲਕ ਮਨੁੱਖਾ ਜਨਮ ਨੂੰ ਅਜਾਂਈ ਗੁਆ ਕੇ-

**ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥**
**ਬਹੁਤੁ ਸਜਾਇ ਪਇਆ ਦੇਸਿ ਲੰਮੈ ॥** ਮਾਰੂ ਮ:੫, ਪੰਨਾ ੧੦੨੦

ਆਵਾਗਉਣ ਦੇ ਲੰਬੇ ਚੱਕਰ ਵਿੱਚ ਫਸ ਕੇ, ਆਪਣਾ ਲੋਕ-ਪ੍ਰਲੋਕ ਬਰਬਾਦ ਕਰਨਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਜੀ ਦੀ ਵੀਹਵੀਂ ਪਉੜੀ ਵਿੱਚ ਸਪਸ਼ਟ ਫੁਰਮਾਨ ਕੀਤਾ ਹੈ ਕਿ ਇਸ ਸੰਸਾਰ ਤੋਂ ਜਦੋਂ ਜੀਵ ਆਤਮਾਂ, ਇਸ ਸਰੀਰ ਦਾ ਤਿਆਗ ਕਰਕੇ ਅਗਲੇ ਸਫ਼ਰ ਲਈ ਜਾਂਦੀ ਹੈ ਤਾਂ ਉਹ ਆਪਣੇ ਨਾਲ ਕੋਈ ਧਨ-ਪਦਾਰਥ, ਜ਼ਮੀਨ-ਜਾਇਦਾਦ, ਸੰਪਦਾ ਭਾਵੇਂ ਨਹੀਂ ਖੜਦੀ, ਪਰ ਜੋ ਇਸ ਸਰੀਰ ਨਾਲ ਮਾੜੇ ਜਾਂ ਚੰਗੇ ਕਰਮ, ਜਿਨ੍ਹਾਂ ਨੂੰ ਪੁੰਨ ਕਰਮ ਤੇ ਪਾਪ ਕਰਮ ਕਿਹਾ ਹੈ, ਉਨ੍ਹਾਂ ਦਾ ਦਸਤਾਵੇਜ ਸੰਸਕਾਰਾਂ ਦੇ ਰੂਪ ਵਿੱਚ, ਆਪਣੇ ਨਾਲ ਲੈ ਜਾਂਦੀ ਹੈ, ਜੋ ਅਗਲੇਰੇ ਜੀਵਨ ਵਿੱਚ ਸਾਡੇ ਭਾਗ ਬਣ ਜਾਂਦੇ ਹਨ। ਸਾਹਿਬਾਂ ਦਾ ਬਚਨ ਹੈ-

**ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**
**ਆਪੇ ਬੀਜਿ ਆਪੇ ਹੀ ਖਾਹੁ॥ਨਾਨਕ ਹੁਕਮੀ ਆਵਹੁ ਜਾਹੁ ॥੨੦॥**
ਜਪੁਜੀ, ਪੰਨਾ-੪

ਸੋ ਨੰਬਰਦਾਰ ਜੀ! ਜਿਹੋ ਜਿਹੇ ਕਿਸੇ ਪ੍ਰਾਣੀ ਨੇ ਪਿਛਲੇ ਜਨਮ ਵਿੱਚ ਮਾੜੇ ਜਾਂ ਚੰਗੇ ਕਰਮਾਂ ਦਾ ਬੀਜ ਸਰੀਰ ਦੇ ਕਰਮ ਇੰਦ੍ਰਿਆਂ ਨਾਲ ਬੀਜਿਆ, ਉਹੋ ਜਿਹੇ ਮਾੜੇ ਜਾਂ ਚੰਗੇ ਕਰਮਾਂ ਦੀ ਖੇਤੀ ਉਸੇ ਪ੍ਰਾਣੀ ਨੂੰ ਹੀ ਵੱਢਣੀ ਪੈਂਦੀ ਹੈ। ਸਤਿਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ:

**ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥**
ਮ:੪, ਪੰਨਾ ੩੦੯

### *ਹੁਣ ਚੰਗੇ ਭਾਗ ਬਣਾ ਲਵੋ*

ਇਸੇ ਲਈ ਤਾਂ ਮੈਂ ਬਾਰ-ਬਾਰ ਆਪ ਸੰਗਤ ਨੂੰ ਬੇਨਤੀ ਕਰਦਾ ਹਾਂ ਕਿ ਜੇ ਅਸੀਂ ਪਿਛਲੇ ਜਨਮ ਵਿੱਚ ਚੰਗੇ ਕਰਮ ਕਰਕੇ ਆਪਣੇ ਚੰਗੇ ਭਾਗ ਨਹੀਂ ਬਣਾ ਸਕੇ ਤਾਂ ਹੁਣ ਪ੍ਰਮਾਤਮਾਂ ਨੇ ਸਾਨੂੰ ਸਮਾਂ ਦਿੱਤਾ ਹੈ। ਅਸੀਂ ਗੁਰਬਾਣੀ ਪੜ੍ਹੀਏ, ਨਿੱਤਨੇਮ ਕਰੀਏ, ਸਤਸੰਗਤ ਵਿੱਚ ਜਾਇਆ ਕਰੀਏ। ਚੰਗੇ ਕਰਮ ਕਰਨ ਲਈ ਯਤਨਸ਼ੀਲ ਹੋਈਏ ਤੇ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਜਾਈਏ। ਫਿਰ ਸਾਡੇ ਸਰੀਰ ਦੁਆਰਾ

ਜੋ ਵੀ ਕਰਮ ਹੋਵੇਗਾ ਉਹ ਸ਼ੁਭ ਨੇਕ ਹੀ ਹੋਵੇਗਾ। ਸ਼ੁਭ ਨੇਕ ਕਰਮ ਹੀ ਮਨੁੱਖ ਦੇ ਚੰਗੇ ਭਾਗ ਬਨਾਉਣ ਦਾ ਸਬੱਬ ਬਣਦੇ ਹਨ।

### *ਨੰਬਰਦਾਰ ਹੋਰਾਂ ਵਲੋਂ ਅੰਮ੍ਰਿਤ ਛੱਕਣ ਲਈ ਬਚਨ ਦੇਣਾ*

ਸਾਰੀ ਸੰਗਤ ਤੇ ਨੰਬਰਦਾਰ ਹੋਰਾਂ ਨੇ ਬਾਬਾ ਜੀ ਦੇ ਬਚਨ ਬੜੇ ਪਿਆਰ ਨਾਲ ਸੁਣੇ ਤੇ ਆਪ ਕਹਿਣ ਲੱਗੇ, ਬਾਬਾ ਜੀ ! ਮੇਰੇ ਮਨ ਵਿੱਚ ਜੋ ਸ਼ੰਕਾ ਬਣਿਆ ਹੋਇਆ ਸੀ, ਆਪ ਜੀ ਨਾਲ ਬਚਨ ਬਿਲਾਸ ਕਰਨ ਨਾਲ ਦੂਰ ਹੋ ਗਿਆ ਹੈ। ਤੁਸੀਂ ਜਿਸ ਦਿਨ ਹੁਣ ਗੁਰਦੁਆਰੇ ਅੰਮ੍ਰਿਤ ਸੰਚਾਰ ਕਰਨਾ ਹੈ, ਮੈਂ ਤੇ ਮੇਰੀ ਪਤਨੀ ਅਸੀਂ ਦੋਵੇਂ ਉਸ ਦਿਨ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਜਾਵਾਂਗੇ। ਨੰਬਰਦਾਰ ਹੋਰਾਂ ਦਾ ਇਹ ਫੈਸਲਾ ਸੁਣ ਕੇ ਸੰਗਤ ਵਿੱਚ ਤਿੰਨ ਚਾਰ ਪ੍ਰਾਣੀ ਜੋ ਡਾਵਾਂ ਡੋਲਵੀਂ ਅਵਸਥਾ ਵਿੱਚ ਬੈਠੇ ਸਨ, ਉਨ੍ਹਾਂ ਨੇ ਵੀ ਅੰਮ੍ਰਿਤ ਛੱਕ ਕੇ ਗੁਰੂ ਚਾਲੀ ਉੱਪਰ ਚੱਲਣ ਲਈ ਮਨ ਬਣਾ ਲਿਆ ਤੇ ਕਹਿਣ ਲੱਗੇ, ਨੰਬਰਦਾਰ ਜੀ ! ਜੇ ਤੁਸੀਂ ਅੰਮ੍ਰਿਤ ਪਾਨ ਕਰ ਲੈਣਾ ਹੈ ਤਾਂ ਅਸੀਂ ਪਿੱਛੇ ਕਿਉਂ ਰਹੀਏ? ਅਸੀਂ ਵੀ ਤੁਹਾਡੇ ਨਾਲ ਹੀ ਅੰਮ੍ਰਿਤ ਦੀ ਦਾਤ ਲੈਣ ਲਈ ਗੁਰਦੁਆਰਾ ਸਾਹਿਬ ਚਲਾਂਗੇ।

ਨੀਯਤ ਦਿਨ ਤੇ ਨੰਬਰਦਾਰ ਹੋਰੀਂ ਤੇ ਉਨ੍ਹਾਂ ਦੇ ਹਮਜੋਲੀਆਂ ਨੇ ਗੁਰੂ ਕੇ ਖੰਡੇ-ਬਾਟੇ ਦਾ ਅੰਮ੍ਰਿਤ ਪਾਨ ਕਰ ਲਿਆ। ਬਾਬਾ ਜੀ ਦੀ ਸੰਗਤ ਕਰਕੇ ਸਹਿਜੇ ਸਹਿਜੇ ਸਾਰੇ ਨਗਰ ਨੇ ਹੀ ਅੰਮ੍ਰਿਤਪਾਨ ਕਰਕੇ ਸਤਿਗੁਰਾਂ ਦੇ ਹੁਕਮ:-

**ਗੁਰਸਿਖ ਮੀਤ ਚਲਹੁ ਗੁਰ ਚਾਲੀ॥**
**ਜੋ ਗੁਰੁ ਕਹੈ ਸੋਈ ਭਲ ਮਾਨਹੁ**
**ਹਰਿ ਹਰਿ ਕਥਾ ਨਿਰਾਲੀ ॥੨॥ ਰਹਾਉ॥** ਮ:੪,ਪੰਨਾ ੬੬੭

ਦੇ ਹੁਕਮ ਨੂੰ ਆਪਣੇ ਜੀਵਨ ਅੰਦਰ ਧਾਰਨ ਕਰਕੇ ਆਪਣਾ ਲੋਕ ਸੁਖੀ ਪ੍ਰਲੋਕ ਸੁਹੇਲਾ ਕਰਨਾ ਅਰੰਭ ਦਿੱਤਾ।

ਸੋ ਆਪਾਂ ਵੀ ਭਾਗਾਂ ਦਾ ਬਹਾਨਾ ਬਣਾ ਕੇ, ਆਲਸੀ ਬਣ ਸਮੇਂ ਨੂੰ ਧੱਕਾ ਨਾ ਦੇਈਏ, ਸਗੋਂ ਆਪਣੇ ਭਾਗਾਂ ਨੂੰ ਹੋਰ ਚੰਗੇਰੇ ਬਨਾਉਣ ਲਈ, ਜੋ ਪ੍ਰਮਾਤਮਾ ਨੇ ਅਮੋਲਕ ਸਮਾਂ ਸਾਨੂੰ ਪ੍ਰਦਾਨ ਕੀਤਾ ਹੈ, ਉਸ ਦੀ ਗੁਰੂ ਅਗਵਾਈ ਵਿੱਚ ਸਹੀ ਵਰਤੋਂ ਕਰਕੇ ਵਡਭਾਗੀ ਬਣਨ ਲਈ ਯਤਨਸ਼ੀਲ ਹੋਈਏ।

ਸਮਾਂ ਆਪਣੀ ਟੋਰ ਤੁਰਿਆ ਜਾਂਦਾ ਹੈ। ਭਾਈ ਵੀਰ ਸਿੰਘ ਹੋਰਾਂ ਦੇ ਕਥਨ ਅਨੁਸਾਰ,ਨਾ ਸਮੇਂ ਨੂੰ ਪਿਆਰ ਜੋਦੜੀ ਕਰਕੇ ਅਟਕਾਇਆ ਜਾ ਸਕਦਾ ਹੈ, ਨਾ ਧਿੰਗਾਜ਼ੋਰੀ ਕਰਨ ਨਾਲ ਸਮਾਂ ਠਹਿਰਦਾ ਹੈ। ਸਮਾਂ ਆਪਣੀ ਤੋਰ ਲਗਾਤਾਰ ਤੁਰਿਆ ਜਾਂਦਾ ਹੈ। ਜਿਨ੍ਹਾਂ ਨੇ ਸਮੇਂ ਨੂੰ ਅਟਕਾਉਣ ਦਾ ਯਤਨ ਕੀਤਾ, ਉਹ ਖ਼ੁਦ ਆਪ ਅਟਕ ਗਏ, ਪਰ ਸਮੇਂ ਦੀ ਤੋਰ ਨੂੰ ਅਟਕਾ ਨਾ ਸਕੇ। ਸਮੇਂ ਨੂੰ ਕਿਸੇ ਯਤਨ ਨਾਲ ਵੀ ਅਟਕਾਇਆ ਨਹੀਂ ਜਾ ਸਕਦਾ। ਕੇਵਲ ਸਮੇਂ ਨੂੰ ਸੰਭਾਲ ਕੇ ਸਫਲਾ ਕੀਤਾ ਜਾ



ਸਕਦਾ ਹੈ। ਜੋ ਸਮੇਂ ਨੂੰ ਸੰਭਾਲ ਕੇ ਸਫਲਾ ਕਰ ਲੈਂਦੇ ਹਨ, ਉਹ ਆਪਣੇ ਜੀਵਨ ਦੀ ਬਾਜੀ ਨੂੰ ਜਿੱਤ ਜਾਂਦੇ ਹਨ। ਪਰ ਜਿਹੜੇ ਮਨੁੱਖ, ਬਾਬਾ ਫਰੀਦ ਜੀ ਕੇ ਫੁਰਮਾਨ ਅਨੁਸਾਰ "**ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ**" ਦੀ ਕਾਰ ਕਰ ਲੈਂਦੇ ਹਨ। ਉਨ੍ਹਾਂ ਨੂੰ ਪਛਤਾਵੇ ਦਾ ਸੱਲ ਸਹਾਰਨਾ ਪੈਂਦਾ ਹੈ। ਭਾਈ ਵੀਰ ਸਿੰਘ ਹੋਰਾਂ ਦੀ ਰੁਬਾਈ ਪੜ੍ਹੀਏ, ਸਮੇਂ ਦੀ ਕਦਰ ਲਈ ਜ਼ਰੂਰ ਪ੍ਰੇਰਨਾ ਮਿਲੇਗੀ, ਆਪ ਲਿਖਦੇ ਹਨ:-

**ਰਹੀ ਵਾਸਤੇ ਘਤ, 'ਸਮੇਂ' ਨੇ ਇਕ ਨ ਮੰਨੀ।**
**ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।**
**ਕਿਵੇਂ ਨ ਸੱਕੀ ਰੋਕ, ਅਟਕ ਜੋ ਪਾਈ ਭੰਨੀ।**
**ਤ੍ਰਿੱਖੇ ਆਪਣੇ ਵੇਗ, ਗਿਆ ਟਪ ਬੰਨੋ ਬੰਨੀ।**
**ਹੋ ! ਅਜੇ ਸੰਭਾਲ ਇਸ 'ਸਮੇਂ' ਨੂੰ,**
**ਕਰ ਸਫਲ ਉਡੰਦਾ ਜਾਂਵਦਾ,**
**ਇਹ ਠਹਿਰਨ ਜਾਚ ਨ ਜਾਣਦਾ,**
**ਲੰਘ ਗਿਆ ਨ ਮੁੜ ਕੇ ਆਂਵਦਾ।** 'ਬਿਜਲੀਆਂ ਦੇ ਹਾਰ ਵਿਚੋਂ'

# ਰਿਧਿ ਸਿਧਿ ਅਵਰਾ ਸਾਦਿ॥

ਪਿੰਡ ਮੁਰਾਦਪੁਰ ਨਰਿਆਲਾਂ ਤੋਂ ਮੇਜਰ ਪਿਆਰਾ ਸਿੰਘ ਆਪਣੇ ਸਾਂਢੂ ਸ. ਤਾਰਾ ਸਿੰਘ ਪਿੰਡ ਧੁੱਗੇ ਨੂੰ ਆਪਣੀ ਛੁੱਟੀ ਦੌਰਾਨ ਮਿਲਣ ਆਏ। ਜਲ ਪਾਣੀ ਛਕਿਆ ਤੇ ਸ਼ਾਮ ਨੂੰ ਬਾਹਰ ਖੇਤਾਂ ਵਲ ਸੈਰ ਕਰਨ ਚਲੇ ਗਏ। ਰਸਤੇ ਤੁਰੇ ਜਾਂਦੇ ਸ: ਤਾਰਾ ਸਿੰਘ ਨੇ ਮੇਜਰ ਪਿਆਰਾ ਸਿੰਘ ਨਾਲ ਸੁਤੇ ਗੱਲ ਕੀਤੀ ਕਿ ਮੇਜਰ ਸਾਹਿਬ, ਤੁਸੀਂ ਕਾਫੀ ਸਮੇਂ ਬਾਅਦ ਸਾਡੇ ਨਗਰ ਆਏ ਹੋ। ਸਾਡੇ ਨਗਰ ਦੇ ਹੀ ਇੱਕ ਮਹਾਂਪੁਰਖ ਇੱਥੋਂ ਚੜ੍ਹਦੇ ਪਾਸੇ ਚਾਰ ਕੁ ਮੀਲ ਦੀ ਵਿੱਥ ਉੱਪਰ ਇੱਕ ਪੁਰਾਣੇ ਥੇਹ ਉੱਪਰ ਰਹਿੰਦੇ ਹਨ। ਉਨ੍ਹਾਂ ਦਾ ਨਾਮ ਭਾਈ ਹਰਨਾਮ ਸਿੰਘ ਜੀ ਹੈ। ਉਹ ਬਹੁਤ ਹੀ ਕਮਾਈ ਵਾਲੇ ਪੁੱਗੇ ਹੋਏ ਸਾਧੂ ਹਨ। ਜੇ ਆਪ ਦਾ ਮਨ ਬਣਦਾ ਹੋਵੇ ਤਾਂ ਆਪਾਂ ਕੱਲ੍ਹ ਨੂੰ ਦੁਪਹਿਰ ਦਾ ਪ੍ਰਸ਼ਾਦਾ ਛੱਕ ਕੇ ਉਨ੍ਹਾਂ ਦੇ ਦਰਸ਼ਨ ਕਰ ਸਕਦੇ ਹਾਂ, ਕਿਉਂਕਿ ਤੁਹਾਡੀ ਧਾਰਮਿਕ ਰੁਚੀ ਹੈ। ਤੁਸੀਂ ਉਨ੍ਹਾਂ ਨਾਲ ਆਪਣੇ ਮਨ ਦੇ ਸ਼ੰਕੇ ਸਾਂਝੇ ਕਰ ਲਇਉ। ਸ਼ਾਇਦ ਮੈਨੂੰ ਵੀ ਤੁਹਾਡੇ ਗਿਆਨ ਗੋਸਟ ਚੋਂ ਕੋਈ ਲਾਭ ਹੋ ਜਾਵੇ।

ਮੇਜਰ ਪਿਆਰਾ ਸਿੰਘ ਨੇ ਤਾਰਾ ਸਿੰਘ ਦੀ ਗੱਲ ਸੁਣੀ-ਅਣਸੁਣੀ ਕਰ ਦਿੱਤੀ। ਤਾਰਾ ਸਿੰਘ ਨੇ ਮੇਜਰ ਸਾਹਿਬ ਨੂੰ ਮੁੜ ਕਿਹਾ ਕਿ ਕੀ ਤੁਹਾਡਾ ਵੀਚਾਰ ਉਨ੍ਹਾਂ ਮਹਾਂਪੁਰਖਾਂ ਦੇ ਦਰਸ਼ਨ ਕਰਨ ਦਾ ਨਹੀਂ ਹੈ?

### *ਮੇਜਰ ਪਿਆਰਾ ਸਿੰਘ ਦੇ ਸੰਤਾਂ ਪ੍ਰਤੀ ਵੀਚਾਰ*

ਮੇਜਰ ਪਿਆਰਾ ਸਿੰਘ, ਤਾਰਾ ਸਿੰਘ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਤਾਰਾ ਸਿੰਘਾ! ਅੱਜ ਕੱਲ੍ਹ ਤਾਂ ਹਰ ਬੰਨੇ ਉੱਪਰ ਸੰਤਾਂ ਨੇ ਆਪਣੇ ਡੇਰੇ ਬਣਾਏ ਹੋਏ ਹਨ। ਚੰਗੀ ਕਮਾਈ ਕਰਨ ਦੀ ਖਾਤਰ, ਆਪੋ ਆਪਣੀ ਡੁੱਗ-ਡੁੱਗੀ ਵਜਾਈ ਜਾਂਦੇ ਹਨ। ਗੁਰੂ ਦੀ ਪ੍ਰਮਾਤਮਾਂ ਦੀ ਕੋਈ ਗੱਲ ਨਹੀਂ ਕਰਦਾ। ਜੇ ਕੋਈ ਗੁਰੂ ਦੀ ਗੱਲ ਕਰਦਾ ਵੀ ਹੈ ਤਾਂ ਉਸ ਦੇ ਪਿੱਛੇ ਵੀ ਆਪਣੀ ਪੂਜਾ ਤੇ ਮਾਇਆ ਦੀ ਲਾਲਸਾ ਛੁਪੀ ਹੁੰਦੀ ਹੈ। ਕਲਜੁਗ ਦਾ ਸਮਾਂ ਚੱਲ ਰਿਹਾ ਹੈ। "**ਅੰਨ੍ਹੀਂ ਪੀਹੇ ਕੁੱਤਾ ਚੱਟੇ**" ਦੀ ਸਚਾਈ ਸਾਮਰਤਖ ਵਰਤ ਰਹੀ ਹੈ। ਤਾਰਾ ਸਿੰਘਾ! ਹੁਣ ਤਾਂ ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ "**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ**" ਪੂਰਨ ਤੌਰ ਤੇ ਸਾਕਾਰ ਹੋ ਰਿਹਾ ਹੈ। ਜਿਹੜਾ ਕੋਈ ਮਾਇਆ ਦੇ ਪ੍ਰਭਾਵ ਤੋਂ ਬਚਿਆ ਹੈ, ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ।



### *ਤਾਰਾ ਸਿੰਘ ਦਾ ਉੱਤਰ*

ਤਾਰਾ ਸਿੰਘ ਨੇ ਉੱਤਰ ਦਿੱਤਾ, ਮੇਜਰ ਸਾਹਿਬ! ਮੈਂ ਕੋਈ ਸੰਤਾਂ ਦਾ ਏਜੰਟ ਨਹੀਂ ਕਿ ਮੈਂ ਲੋਕਾਂ ਨੂੰ ਪ੍ਰੇਰ-ਪ੍ਰੇਰ ਕੇ ਉਥੇ ਲਿਜਾਵਾਂ। ਮੇਰੀ ਤੁਹਾਡੇ ਨਾਲ ਰਿਸ਼ਤੇਦਾਰੀ ਹੋਣ ਕਰਕੇ ਤੇ ਤੁਹਾਡੀ ਧਾਰਮਿਕ ਰੁਚੀ ਹੋਣ ਕਰਕੇ, ਮੈਂ ਤੁਹਾਡੇ ਭਲੇ ਵਾਸਤੇ ਉਨ੍ਹਾਂ ਦੇ ਦਰਸ਼ਨ ਕਰਨ ਲਈ ਕਿਹਾ ਹੈ। ਉਹ ਸਾਡੇ ਨਗਰ ਦੇ ਹਨ ਤੇ ਮੈਂ ਬਚਪਨ ਤੋਂ ਉਨ੍ਹਾਂ ਨੂੰ ਜਾਣਦਾ ਹਾਂ। ਉਨ੍ਹਾਂ ਦੇ ਮਨ ਵਿੱਚ ਭੋਰਾ ਜਿੰਨਾਂ ਵੀ ਆਪਣੀ ਪੂਜਾ ਕਰਵਾਉਣ ਦੀ ਲੇਸ ਨਹੀਂ। ਰਹੀ ਮਾਇਆ ਦੀ ਗੱਲ, ਉਹ ਤਾਂ ਆਪਣੀ ਜ਼ਮੀਨ ਛੱਡ ਕੇ ਗਏ ਹਨ। ਆਪ ਉਹ ਖੁਦ ਅੰਮ੍ਰਿਤਧਾਰੀ ਹਨ, ਤੇ ਹਰ ਇੱਕ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਉਂਦੇ ਹਨ। ਮੈਂ ਭੀ ਉਨ੍ਹਾਂ ਪਾਸੋਂ ਹੀ ਅੰਮ੍ਰਿਤਪਾਨ ਕੀਤਾ ਹੈ। ਅੱਜ ਤੱਕ ਮੈਂ ਉਨ੍ਹਾਂ ਨੂੰ ਆਪਣੇ ਪੈਰੀਂ ਹੱਥ ਲਵਾਂਦਿਆਂ ਨਹੀਂ ਵੇਖਿਆ। ਜੇ ਕੋਈ ਦੂਰੋਂ ਮੱਥਾ ਟੇਕਣ ਦਾ ਯਤਨ ਵੀ ਕਰੇ ਤਾਂ ਉਹ ਤਕੜੇ ਹੋ ਕੇ ਵਰਜ ਦਿੰਦੇ ਹਨ। ਆਪ ਹਮੇਸ਼ਾਂ ਸੰਗਤ ਵਿੱਚ ਬੈਠ ਕੇ ਸਵੇਰੇ-ਸ਼ਾਮ ਸੰਗਤੀ ਨਿੱਤਨੇਮ ਕਰਦੇ ਹਨ ਤੇ ਹਮੇਸ਼ਾਂ ਪੰਗਤ ਵਿੱਚ ਬੈਠ ਕੇ ਸੰਗਤ ਦੇ ਨਾਲ ਦਾ ਹੀ ਲੰਗਰ ਛਕਦੇ ਹਨ।

### *ਮੇਜਰ ਪਿਆਰਾ ਸਿੰਘ ਦਾ ਜਵਾਬ*

ਮੇਜਰ ਪਿਆਰਾ ਸਿੰਘ ਨੇ ਤਾਰਾ ਸਿੰਘ ਦੀ ਗੱਲ ਸੁਣ ਕੇ ਕਿਹਾ, ਭਰਾਵਾ! ਇਹ ਗੁਣ, ਇਹੋ ਜਿਹੀ ਕਰਣੀ ਮੈਂ ਅੱਜ ਤੇਰੇ ਮੂੰਹ ਤੋਂ ਪਹਿਲੀ ਵਾਰ ਸੁਣ ਰਿਹਾ ਹਾਂ, ਨਹੀਂ ਤੇ ਸੰਤਾਂ ਦਾ ਜਲ-ਜਲੌ ਅੱਜ ਕੱਲ੍ਹ ਦੇ ਮਨਿਸਟਰਾਂ ਨਾਲੋਂ ਘੱਟ ਨਹੀਂ ਹੁੰਦਾ। ਜੇ ਕੋਈ ਜਗਿਆਸੂ ਸੰਤਾਂ ਨੂੰ ਮੱਥਾ ਨਾ ਟੇਕੇ ਤਾਂ ਸੰਤਾਂ ਦੇ ਸ਼ਰਧਾਲੂ ਉਸ ਜਗਿਆਸੂ ਨੂੰ ਕੋਸਦੇ ਤੇ ਜਲੀਲ ਕਰਦੇ ਹਨ ਕਿ ਤੁਹਾਨੂੰ ਮਹਾਂਪੁਰਖਾਂ ਦਾ ਸਤਿਕਾਰ ਨਹੀਂ ਕਰਨਾ ਆਉਂਦਾ। ਜੇ ਤੁਹਾਡੇ ਮਨ ਵਿੱਚ ਮਹਾਂਪੁਰਖਾਂ ਪ੍ਰਤੀ ਸ਼ਰਧਾ ਹੀ ਨਹੀਂ ਤਾਂ ਤੁਹਾਨੂੰ ਇਥੋਂ ਮਿਲੇਗਾ ਕੀ? ਸੰਤਾਂ ਦੇ ਦਰਸ਼ਨ ਕਰਨ ਆਉਣ ਤੋਂ ਪਹਿਲਾਂ ਕਿਸੇ ਸੰਤ ਸੇਵੀ ਪਾਸੋਂ ਤੁਸੀਂ ਸੰਤਾਂ ਦਾ ਸਤਿਕਾਰ ਕਰਨਾ ਸਿੱਖੋ। ਮੈਨੂੰ ਅਜਿਹੇ ਮੱਥਾ ਟਿਕਾਉਣ ਵਾਲੇ ਸੰਤਾਂ ਨਾਲ ਬਹੁਤ ਵਾਰੀ ਵਾਹ ਪਿਆ ਹੈ। ਉਨ੍ਹਾਂ ਦੇ ਛਕਣ ਵਾਸਤੇ ਸੰਗਤ ਨਾਲੋਂ ਵੱਖਰਾ ਥਾਲ ਤਿਆਰ ਕੀਤਾ ਜਾਂਦਾ ਹੈ, ਤੇ ਉਨ੍ਹਾਂ ਦਾ ਸੀਤ-ਪ੍ਰਸ਼ਾਦ ਪ੍ਰਾਪਤ ਕਰਨ ਲਈ ਕਈ ਵਾਰੀ ਸੇਵਕਾਂ ਵਿੱਚ ਝਗੜਾ ਹੋ ਜਾਂਦਾ ਹੈ।

### *ਤਾਰਾ ਸਿੰਘ ਦਾ ਉੱਤਰ*

ਤਾਰਾ ਸਿੰਘ ਨੇ ਮੇਜਰ ਸਾਹਿਬ ਦੀ ਗੱਲ ਸੁਣ ਕੇ ਉੱਤਰ ਦਿੱਤਾ, ਮੇਜਰ ਸਾਹਿਬ! ਤੁਸੀਂ ਸੱਚੇ ਹੋ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ "**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**" ਵਾਲੀ ਦਸ਼ਾ ਵਰਤ

ਰਹੀ ਹੈ, ਪਰ ਜੇ ਤੁਸੀਂ ਔਖੇ ਸੌਖੇ ਉਨ੍ਹਾਂ ਨੂੰ ਮਿਲਣ ਦਾ ਸਮਾਂ ਕੱਢ ਲਵੋ, ਤਦ ਉਨ੍ਹਾਂ ਦੇ ਮਿਲਾਪ ਨਾਲ ਜੋ ਤੁਹਾਡੇ ਮਨ ਵਿੱਚ ਸੰਤਾਂ ਪ੍ਰਤੀ ਨਫਰਤ ਬਣੀ ਹੋਈ ਹੈ, ਉਹ ਅਵੱਸ਼ ਦੂਰ ਹੋ ਜਾਵੇਗੀ ਤੇ ਤੁਸੀਂ ਆਪ ਮਹਿਸੂਸ ਕਰੋਗੇ ਕਿ ਕਿਸੇ ਵੀ ਚੀਜ ਦਾ ਬੀਜ ਨਾਸ਼ ਨਹੀਂ ਹੈ। ਜਿਥੇ ਸੰਤ ਭੇਖ ਵਿੱਚ ਬਹੁਤਾਤ ਆਪਣੀ ਪੂਜਾ ਕਰਵਾਉਣ ਤੇ ਮਾਇਆ ਇਕੱਠੀ ਕਰਨ ਵਾਲਿਆਂ ਦੀ ਹੈ, ਉਥੇ ਸੱਚ ਦੇ ਪੁਜਾਰੀ, ਸੱਚ ਦੇ ਧਾਰਨੀ ਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲਿਆਂ ਦਾ ਵੀ ਬੀਜ ਨਾਸ਼ ਨਹੀਂ ਹੋਇਆ। ਸੋ ਮੇਜਰ ਸਾਹਿਬ! ਤੁਸੀਂ ਮੇਰੇ ਨਾਲ ਇੱਕ ਦਿਨ ਜਰੂਰ ਚਲੋ। ਜੇ ਤੁਹਾਡਾ ਮਨ ਪਤੀਜ ਗਿਆ ਤਾਂ ਭਲੀ-ਵਾਹਵਾ ਨਹੀਂ ਤਾਂ ਅਸੀਂ ਖੋਟੇ ਪੈਸੇ ਵਾਂਗ ਵਾਪਸ ਪਰਤ ਆਵਾਂਗੇ। ਸੰਤਾਂ ਨੇ ਕਿਹੜਾ ਸਾਡੇ ਲੱਤੀਂ ਰੱਸੀ ਪਾ ਕੇ ਸਾਨੂੰ ਉਥੇ ਬੰਨ ਲੈਣਾ ਹੈ?

ਤਾਰਾ ਸਿੰਘ ਦੇ ਬਾਰ-ਬਾਰ ਕਹਿਣ ਤੇ ਪਿਆਰਾ ਸਿੰਘ ਜੀ ਕਹਿਣ ਲੱਗੇ, ਜੇ ਭਲੇ ਕੰਮ ਨੂੰ ਜਾਣਾ ਹੀ ਹੈ ਤਾਂ ਕੱਲ੍ਹ ਨੂੰ ਹੀ ਆਪਾਂ ਦੁਪਹਿਰ ਦਾ ਪ੍ਰਸ਼ਾਦਾ ਛਕ ਕੇ ਚੱਲ ਪਵਾਂਗੇ, ਨਾਲੇ ਅਰਗੋਵਾਲ ਰਿਸ਼ਤੇਦਾਰਾਂ ਨੂੰ ਮਿਲ ਆਵਾਂਗੇ, ਨਾਲ ਹੀ ਸੰਤਾਂ ਵਾਲਾ ਗਲਾ ਵੀ ਕੱਢ ਚਲਾਂਗੇ। ਜੇ ਗੁਰਮਤਿ ਅਨੁਸਾਰ ਮੇਰੇ ਮਨ ਦੀ ਤਸੱਲੀ ਹੋ ਗਈ ਤਾਂ ਇਹ ਦਿਨ ਮੇਰੀ ਜਿੰਦਗੀ ਦਾ ਸੁਨਹਿਰੀ ਦਿਨ ਹੋਵੇਗਾ, ਜੇ ਨਿਸ਼ਾ ਨਾ ਹੋਈ ਤਾਂ ਆਉਣ ਜਾਣ ਦੀ ਅੱਠ ਮੀਲ ਦੀ ਸੈਰ ਸਮਝ ਕੇ ਵਾਪਸ ਆ ਜਾਵਾਂਗੇ।

## *ਤਾਰਾ ਸਿੰਘ ਤੇ ਮੇਜਰ ਪਿਆਰਾ ਸਿੰਘ ਦੀ ਰਾਮਪੁਰ ਖੇੜੇ ਜਾਣ ਦੀ ਤਿਆਰੀ*

ਅਗਲੇ ਦਿਨ ਤਾਰਾ ਸਿੰਘ ਤੇ ਪਿਆਰਾ ਸਿੰਘ ਨੇ ਦੁਪਹਿਰ ਦਾ ਪ੍ਰਸ਼ਾਦਾ ਛਕਿਆ ਤੇ ਦੋਵੇਂ ਜਣੇ ਇੱਕ ਸਾਇਕਲ ਤੇ ਸਵਾਰ ਹੋ ਕੇ ਗੁ: ਰਾਮਪੁਰ ਖੇੜਾ ਵਲ ਨੂੰ ਰਵਾਨਾ ਹੋਏ। ਉਸ ਸਮੇਂ ਸੜਕਾਂ ਪੱਕੀਆਂ ਹੋਂਦ ਵਿੱਚ ਨਹੀਂ ਆਈਆਂ ਸਨ। ਕੱਚੇ ਰਸਤੇ ਕਿਤੇ ਗਾਰਾ ਕਿਤੇ ਰੇਤਾ ਥਾਂ-ਥਾਂ ਸਾਇਕਲ ਤੋਂ ਉਤਰਨਾ ਪੈਂਦਾ ਸੀ। ਕਦੇ ਦੋਵੇਂ ਸਾਇਕਲ ਉੱਪਰ ਚੜ੍ਹ ਜਾਣ ਤੇ ਕਿਤੇ ਸਾਈਕਲ ਸਲਿਪ ਹੋ ਕੇ ਇਨ੍ਹਾਂ ਉੱਪਰ ਚੜ੍ਹ ਜਾਵੇ। ਕਿਤੇ ਤੁਰ ਕੇ ਪੰਧ ਨਿਬੇੜਨ। ਅੱਧਾ ਪੈਂਡਾ ਸਾਇਕਲ ਤੇ ਅੱਧਾ ਤੁਰ ਕੇ ਤੈਅ ਕਰਦੇ ਦੋਵੇਂ ਗੁਰਦੁਆਰਾ ਸਾਹਿਬ, ਜੋ ਅਜੇ ਲੋਹੇ ਦੀਆਂ ਟੀਨਾਂ ਦਾ ਹੀ ਬਣਿਆ ਹੋਇਆ ਸੀ, ਪੁੱਜ ਗਏ। ਬਾਹਰ ਨਲਕੇ ਤੇ ਮੂੰਹ ਹੱਥ ਧੋਤਾ ਤੇ ਗੁਰਦੁਆਰਾ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਗੁਰਦੁਆਰੇ ਦੇ ਬਰਾਂਡੇ ਵਿੱਚ ਇੱਕ ਦਰੀ ਵਿੱਛੀ ਹੋਈ ਸੀ। ਜਿਸ ਦਰੀ ਉੱਪਰ ਬਾਬਾ ਜੀ ਤੇ ਪੰਜ-ਸਤ ਹੋਰ ਸੰਗਤੀ ਬੈਠੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਵਾਰੀ ਵਾਰੀ ਇੱਕ ਇੱਕ ਅਸ਼ਟਪਦੀ ਪੜ੍ਹ ਕੇ ਕਰ ਰਹੇ ਸਨ। ਦੋਵੇਂ ਜਣੇ ਸੰਗਤੀ ਰੂਪ ਵਿੱਚ ਬੈਠ ਗਏ ਤੇ ਪ੍ਰੇਮ ਨਾਲ ਰਹਿੰਦਾ ਪਾਠ ਸ੍ਰਵਣ ਕੀਤਾ। ਪਾਠ ਦੀ ਅਰਦਾਸ ਕਰਨ ਉਪ੍ਰੰਤ ਬਾਬਾ ਜੀ ਨੇ



ਸੁਭਾਵਕ ਤਾਰਾ ਸਿੰਘ ਨੂੰ ਸੰਬੋਧਨ ਕਰਕੇ ਕਿਹਾ, ਤਾਰਾ ਸਿੰਘ! ਤੁਸੀਂ [1]ਪਿਆਰਾ ਸਿੰਘ ਜੀ ਨੂੰ ਅੱਗੇ ਲੈ ਆਵੋ, ਇਹ ਵੀ ਆਪਣਾ ਗਲਾ ਕੱਢ ਲੈਣ।

ਬਾਬਾ ਜੀ ਦੇ ਮੁਖਾਰਬਿੰਦ ਤੋਂ ਆਪਣਾ ਨਾਉਂ ਤੇ ਇਹ ਵੀ ਆਪਣਾ ਗਲਾ ਕੱਢ ਲੈਣ, ਸਬਦ ਸੁਣ ਕੇ ਪਿਆਰਾ ਸਿੰਘ ਹੱਕੇ-ਬੱਕੇ ਰਹਿ ਗਏ ਤੇ ਉੱਠ ਕੇ ਬਾਬਾ ਜੀ ਦੇ ਨੇੜੇ ਬੈਠ ਗਏ। ਮੇਜਰ ਸਾਹਿਬ ਨੇ ਬਾਬਾ ਜੀ ਦੇ ਪੈਰਾਂ ਨੂੰ ਹੱਥ ਲਾਉਣ ਦਾ ਯਤਨ ਕੀਤਾ, ਪਰ ਆਪ ਨੇ ਬੜੇ ਜ਼ੋਰ ਨਾਲ ਮੇਜਰ ਸਾਹਿਬ ਨੂੰ ਵਰਜ਼ ਦਿੱਤਾ ਤੇ ਕਿਹਾ, ਮੇਜਰ ਸਾਹਿਬ! ਜਦੋਂ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਆਏ ਹੋ, ਹੁਣ ਹੋਰ ਕਿਸੇ ਦੇ ਚਰਨ ਪਰਸਣ ਦੀ ਲੋੜ ਨਹੀਂ। ਅਸੀਂ ਸਾਰੇ ਇੱਕ ਗੁਰੂ ਦੇ ਸਿੱਖ ਹੋਣ ਕਰਕੇ ਸਾਰੇ ਬਰਾਬਰ ਦੇ ਗੁਰਭਾਈ ਹਾਂ ਤੇ ਨਾਲ ਹੀ ਲਾਂਗਰੀ ਅਮਰ ਸਿੰਘ ਨੂੰ ਕਿਹਾ ਕਿ ਸੰਗਤ ਨੂੰ ਜਲ-ਪਾਣੀ ਤਿਆਰ ਕਰ ਕੇ ਛਕਾਉ। ਅਮਰ ਸਿੰਘ ਗਰਮ ਜਲ ਤਿਆਰ ਕਰਨ ਵਾਸਤੇ ਚਲਾ ਗਿਆ।

## *ਬਾਬਾ ਜੀ ਨੇ ਗੁਰਮਤਿ ਵੀਚਾਰ ਅਰੰਭ ਕੀਤੀ*

ਬਾਬਾ ਜੀ ਨੇ ਮੇਜਰ ਸਾਹਿਬ ਨੂੰ ਸੰਬੋਧਨ ਕਰ ਕੇ ਵੀਚਾਰ ਅਰੰਭ ਕੀਤੀ। ਮੇਜਰ ਸਾਹਿਬ ! ਸਤਿਗੁਰੂ ਜੀ ਨੇ ਸਾਡੇ ਕਲਜੁਗੀ ਜੀਵਾਂ ਉੱਪਰ ਸਾਡਾ ਲੋਕ-ਪ੍ਰਲੋਕ ਸਵਾਰਨ ਲਈ ਜੋ ਜੋ ਪਰਉਪਕਾਰ ਕੀਤੇ ਹਨ ਉਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਕੇਵਲ ਗੁਰੂ ਰਾਮਦਾਸ ਜੀ ਦੇ ਬਚਨ ਹੀ ਦੁਹਰਾਏ ਜਾ ਸਕਦੇ ਹਨ। ਦਾਤਾ:-

**ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥**
**ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥੧॥**

ਸੂਹੀ ਮ:੪, ਪੰਨਾ ੭੩੫

ਜੇ ਕਿਤੇ ਜਗਿਆਸੂ ਸਤਿਗੁਰਾਂ ਦੀ ਪ੍ਰਦਾਨ ਕੀਤੀ ਇੱਕ ਵੀ ਸਿੱਖਿਆ ਨੂੰ ਮੁੱਖ ਰੱਖ ਕੇ ਆਪਣਾ ਜੀਵਨ ਜਿਉਣਾ ਅਰੰਭ ਕਰ ਦੇਵੇ, ਤਦ ਮਨੁੱਖ ਦਾ ਲੋਕ ਸੁਖੀ ਪ੍ਰਲੋਕ ਸੁਹੇਲਾ ਹੋ ਸਕਦਾ ਹੈ। ਅਸੀਂ ਸਤਿਗੁਰਾਂ ਦੀਆਂ ਪ੍ਰਦਾਨ ਕੀਤੀਆਂ ਸਿੱਖਿਆਵਾਂ ਨੂੰ ਬਾਰ-ਬਾਰ ਪੜ੍ਹੀ ਜਰੂਰ ਜਾਂਦੇ ਹਾਂ, ਪਰ ਉਸ ਉੱਪਰ ਅਮਲ ਕਰਨ ਵੇਲੇ ਅਸੀਂ ਆਸ ਇਹ ਰੱਖਦੇ ਹਾਂ ਕਿ ਇਨ੍ਹਾਂ ਸਿੱਖਿਆਵਾਂ ਉੱਪਰ ਅਮਲ ਦੂਸਰਾ ਕਰੇ। ਇਸੇ ਕਰਕੇ ਹੀ ਸਾਲਾਂ ਬੱਧੀ ਗੁਰਬਾਣੀ ਪੜ੍ਹਨ ਨਾਲ ਵੀ ਸਾਡੇ ਜੀਵਨ ਵਿੱਚ ਤਬਦੀਲੀ ਨਹੀਂ ਆਉਂਦੀ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਸਾਹਿਬ ਦੀ ਬਾਣੀ

1. ਰਸਤੇ ਵਿਚ ਆਉਂਦਿਆਂ ਮੇਜਰ ਪਿਆਰਾ ਸਿੰਘ ਨੇ ਆਪਣੇ ਮਨ ਵਿੱਚ ਬਾਬਾ ਜੀ ਦਾ ਪ੍ਰਤਾਵਾ ਲੈਣ ਲਈ ਧਾਰਿਆ ਕਿ ਜੇ ਸੰਤ ਹਰਨਾਮ ਸਿੰਘ ਜੀ ਪੁੱਗੇ ਹੋਏ ਸੰਤ ਹਨ, ਤਾਂ ਉਹ ਮੈਨੂੰ ਮੇਰਾ ਨਾਂਉ ਲੈ ਕੇ ਬੁਲਾਉਣ। ਦੂਸਰਾ, ਸਾਡੇ ਕਹਿਣ ਤੋਂ ਬਗੈਰ ਹੀ ਦੁਨਿਆਵੀ ਗੱਲਾਂ ਦੀ ਥਾਂਵੇ ਗੁਰਬਾਣੀ ਵੀਚਾਰ ਸ੍ਰਵਣ ਕਰਾਉਣ, ਪਰ ਮੇਜਰ ਸਾਹਿਬ ਨੇ ਇਹ ਗੁਪਤ ਗੱਲ ਤਾਰਾ ਸਿੰਘ ਨੂੰ ਵੀ ਨਹੀਂ ਦੱਸੀ ਸੀ।

ਅੰਦਰ ਫੁਰਮਾਨ ਹੈ ਕਿ ਜੇ ਮਨੁੱਖ ਗੁਰੂ ਦੀ ਇੱਕ ਵੀ ਸਿੱਖਿਆ ਨੂੰ ਸੁਣ ਕੇ ਉਸ ਉੱਪਰ ਅਮਲ ਕਰ ਲਵੇ, ਤਦ ਉਸ ਦੇ ਅੰਦਰ ਸੰਸਾਰਕ ਰਤਨਾਂ ਜਵਾਹਰਾਤਾਂ ਨਾਲੋਂ ਵੀ ਕੀਮਤੀ ਦੈਵੀ ਗੁਣ (ਸਤ-ਸੰਤੋਖ-ਦਇਆ-ਧਰਮ, ਧੀਰਜ ) ਪੈਦਾ ਹੋ ਸਕਦੇ ਹਨ। ਜਿਸ ਦੇ ਅੰਦਰ ਇਹ ਦੈਵੀ ਗੁਣ ਪ੍ਰਗਟ ਹੋ ਗਏ, ਉਹ ਦੇਵਤਾ ਬਣ ਗਿਆ। ਸਤਿਗੁਰਾਂ ਦਾ ਫੁਰਮਾਨ ਹੈ-

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥**

ਜਪੁਜੀ, ਪੰਨਾ ੨

ਪਹਿਲੀ ਗੱਲ ਤਾਂ ਆਪਾਂ ਸਤਿਗੁਰੂ ਜੀ ਦੀ ਸਿੱਖਿਆ, ਜੋ ਗੁਰਬਾਣੀ ਅੰਦਰ ਸਾਹਿਬਾਂ ਨੇ ਸਾਨੂੰ ਬਖਸ਼ਿਸ ਕੀਤੀ ਹੈ, ਉਸ ਨੂੰ ਸੁਣਦੇ ਹੀ ਨਹੀਂ। ਜਿਸ ਮਨ ਨੇ ਗੁਰੂ ਸਿੱਖਿਆ ਸੁਣਨੀ ਹੁੰਦੀ ਹੈ ਉਹ ਤਾਂ-

**ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹ੍ਹਿਆਰਿ ਭਵਾਇਆ ॥**

ਆਸਾ ਮ: ੪, ਪੰਨਾ ੪੪੨

ਅਤੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ ਸਾਡਾ ਮਨ ਤਾਂ-

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**
**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥**

ਰਾਮਕਲੀ ਮ:੧, ਪੰਨਾ ੮੭੬

ਦੀ ਕਾਰ ਕਰ ਰਿਹਾ ਹੁੰਦਾ ਹੈ। ਜਦ ਗੁਰਬਾਣੀ ਉਪਦੇਸ਼ ਸ੍ਰਵਣ ਹੀ ਨਾ ਕੀਤਾ ਫਿਰ ਮੰਨਣ ਦੀ, ਜੀਵਨ ਵਿੱਚ ਧਾਰਨ ਕਰਨ ਦੀ ਗੱਲ ਤਾਂ ਬਹੁਤ ਦੂਰ ਦੀ ਹੈ।

ਹੁਣ ਤੁਸੀਂ ਆਪਣੀ ਵਲ ਹੀ ਵੇਖ ਲਵੋ, ਗੁਰੂ ਮਹਾਰਾਜ ਜੀ ਨੇ ਤੁਹਾਨੂੰ ਆਫੀਸਰ ਦਾ ਰੈਂਕ ਦਿੱਤਾ ਹੈ। ਇਹ ਆਫੀਸਰ ਰੈਂਕ ਤੁਹਾਡੇ ਕਿਸੇ ਚੰਗੇ ਕਰਮ ਦੀ ਬਦੌਲਤ ਤੁਹਾਨੂੰ ਪ੍ਰਾਪਤ ਹੋਇਆ ਹੈ। ਤੁਸੀਂ ਪਿਛਲੇ ਜਨਮ ਵਿੱਚ ਕੋਈ ਚੰਗੇ ਕਰਮਾਂ ਦਾ ਬੀਜ ਬੀਜਿਆ, ਉਸ ਬੀਜ ਨੂੰ ਸਰਦਾਰੀ ਤੇ ਮਾਇਆ ਦਾ ਫਲ ਲੱਗਾ ਹੈ। ਤਾਰਾ ਸਿੰਘ ਤੁਹਾਡਾ ਹੀ ਸਾਂਝੂ ਖੇਤਾਂ ਵਿੱਚ ਸਾਰਾ ਦਿਨ ਮਿੱਟੀ ਫਰੋਲੀ ਜਾਂਦਾ ਹੈ। ਮਿਹਨਤ ਤੁਹਾਡੇ ਨਾਲੋਂ ਜਿਆਦਾ ਕਰਦਾ ਹੈ ਪਰ ਗੁਜ਼ਾਰਾ ਮਸਾਂ ਚੱਲਦਾ ਹੈ। ਸਤਿਗੁਰੂ ਸਾਰੀ ਗੁਰਬਾਣੀ ਅੰਦਰ ਚੰਗੇ ਕਰਮਾ ਦੇ ਬੀਜ ਬੀਜਣ ਵਾਸਤੇ ਪ੍ਰੇਰਨਾ ਦਿੰਦੇ ਹਨ ਪਰ ਅਸੀਂ ਜਿਸ ਵੇਲੇ ਸੰਸਾਰ ਵਿੱਚ ਵਿਚਰਦਿਆਂ ਕਰਮ ਕਰਨੇ ਹੁੰਦੇ ਹਨ, ਉਸ ਵੇਲੇ ਅਸੀਂ ਸਤਿਗੁਰਾਂ ਦਾ ਸੁਚੇਤ ਕਰਨ ਵਾਲਾ ਫੁਰਮਾਨ-

**ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥**

ਜਪੁਜੀ ਪੰਨਾ ੪

ਅਤੇ:-

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ** ॥ ਮਾਂਝ ਮ:੫, ਪੰਨਾ ੧੩੪



ਅਤੇ:- **ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥**

ਸਲੋਕ ਮ:੪, ਪੰਨਾ ੩੦੯

ਦੀ ਅਸਲੀਅਤ ਨੂੰ ਭੁੱਲ ਜਾਂਦੇ ਹਾਂ। ਜਿਹੋ ਜਿਹੇ ਚੰਗੇ ਜਾਂ ਮਾੜੇ ਕਰਮਾਂ ਦੇ ਬੀਜ ਮਨੁੱਖ ਨੇ ਪਿਛਲੇ ਜਨਮ ਵਿੱਚ ਬੀਜੇ ਹਨ, ਉਨ੍ਹਾਂ ਚੰਗੇ ਕਰਮਾਂ ਦਾ ਫਲ ਸੁੱਖ ਦੇ ਰੂਪ ਵਿੱਚ ਤੇ ਮਾੜੇ ਕਰਮਾ ਦਾ ਫਲ ਦੁੱਖ ਦੇ ਰੂਪ ਵਿੱਚ ਮਨੁੱਖ ਭੁਗਤ ਰਿਹਾ ਹੈ। ਹੁਣ ਜਿਹੋ ਜਿਹੇ ਚੰਗੇ ਜਾਂ ਮਾੜੇ ਕਰਮ ਆਪਾਂ ਸਰੀਰ ਨਾਲ ਕਰਾਂਗੇ, ਇਨ੍ਹਾਂ ਦਾ ਫਲ ਅਗਲੇਰੇ ਜਨਮ ਵਿੱਚ ਅਵੱਸ਼ ਭੁਗਤਣਾ ਪਵੇਗਾ।

ਦੂਸਰੇ, ਜੋ ਪ੍ਰਮਾਤਮਾ ਨੇ ਚੰਗੇ ਕਰਮਾ ਦੀ ਬਦੌਲਤ ਉੱਚ ਪਦਵੀ ਜਾਂ ਮਾਇਆ ਪ੍ਰਦਾਨ ਕੀਤੀ ਹੈ, ਉਸ ਦਾ ਮਾਣ-ਹੰਕਾਰ ਵੀ ਨਹੀਂ ਕਰਨਾ ਚਾਹੀਦਾ। ਮਾਣ-ਸਤਿਕਾਰ, ਮਾਇਆ, ਇਹ ਸਭ ਪ੍ਰਮਾਤਮਾ ਦੀਆਂ ਦਾਤਾਂ ਹਨ। ਇਨ੍ਹਾਂ ਦੇ ਜਾਣ ਲੱਗਿਆਂ ਵੀ ਦੇਰ ਨਹੀਂ ਲਗਦੀ। ਹਮੇਸ਼ਾਂ ਨਿਮ੍ਰਤਾ ਵਿੱਚ ਰਹਿ ਕੇ ਪ੍ਰਮਾਤਮਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਤੇ ਬਾਬਾ ਕਬੀਰ ਜੀ ਦੇ ਫੁਰਮਾਨ ਨੂੰ ਮੁੱਖ ਰੱਖ ਕੇ ਆਪਣਾ ਪ੍ਰਲੋਕ ਸਵਾਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ, ਕਿਉਂਕਿ ਸਰੀਰ ਦਾ ਕੋਈ ਭਰੋਸਾ ਨਹੀਂ। ਇਸ ਲਈ-

**ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥**
**ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥੧॥**

ਸਾਰੰਗ ਕਬੀਰ ਜੀ, ਪੰਨਾ ੧੨੫੩

ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ ਸਾਡੇ ਇਸ ਸਰੀਰ ਦੀ ਕੋਈ ਮੋਹਲਤ ਨਹੀਂ। ਸਰੀਰ ਦੀ ਮੋਹਲਤ ਕੇਵਲ ਇੱਕ ਸਵਾਸ ਦੀ ਹੈ। ਜੇ ਸਵਾਸ ਆ ਗਿਆ ਤਾਂ ਆਦਮੀਂ ਜੇ ਸੁਆਸ ਨਾ ਆਇਆ ਤਾਂ ਇਹ ਕਾਇਆ ਮਿੱਟੀ ਦੀ ਢੇਰੀ। ਸਤਿਗੁਰ ਦਾ ਫੁਰਮਾਨ ਹੈ-

**ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥**
**ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥੧॥**

ਧਨਾਸਰੀ ਮ:੧, ਪੰਨਾ ੬੬੦

ਸੰਸਾਰ ਤਾਂ ਆਈ-ਚਲਾਈ ਵਾਲੀ ਸਰਾਂ ਹੈ। ਕੋਈ ਇੱਥੇ ਆ ਰਿਹਾ ਹੈ ਤੇ ਕੋਈ ਆਪਣਾ ਸਮਾਂ ਪੂਰਾ ਕਰ ਕੇ ਤੁਰੀ ਜਾ ਰਿਹਾ ਹੈ। ਸੰਸਾਰ ਅੰਦਰ ਤਾਂ ਭਗਤ ਫਰੀਦ ਜੀ ਦਾ ਫੁਰਮਾਨ ਵਰਤ ਰਿਹਾ ਹੈ-

**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥** ਪੰਨਾ ੪੮੮

ਸਤਿਗੁਰੂ ਨਾਨਕ ਦੇਵ ਜੀ, ਮਨ ਨੂੰ ਸੰਬੋਧਨ ਕਰਕੇ ਫੁਰਮਾਨ ਕਰਦੇ ਹਨ, ਹੇ ਮੂਰਖ ਮਨ ! ਕਿਸ ਵਾਸਤੇ ਤੂੰ ਹੰਕਾਰ ਕਰਦਾ ਹੈਂ ? ਜਦੋਂ ਮਾਲਕ ਦਾ ਸੱਦਾ ਆ ਗਿਆ,

ਸਭ ਕੁਝ ਛੱਡ ਕੇ ਇਥੋਂ ਤੁਰਨਾ ਹੀ ਪੈਂਣਾ ਹੈ। ਹੁਕਮ ਦੇ ਅੱਗੇ ਕੋਈ ਜੋਰ ਨਹੀਂ ਚਲਣਾ । ਜਿਸ ਘਰ ਦਾ ਤੇ ਮਾਇਆ ਦਾ ਤੂੰ ਜਰਾ ਭਰ ਵੀ ਵਿਸਾਹ ਨਹੀਂ ਕਰਦਾ, ਇਸ ਨੂੰ ਸਦਾ ਲਈ ਛੱਡਣ ਲੱਗਿਆਂ ਦੇਰ ਨਹੀਂ ਲਗਣੀ। ਜੇ ਪਤਾ ਹੋਵੇ ਕਿ ਮੈਂ ਮੁੜ ਕੇ ਇਸ ਸੰਸਾਰ ਵਿੱਚ ਆਉਣਾ ਹੈ ਤਾਂ ਫਿਰ ਥੋੜ੍ਹੀ ਮਾਇਆ ਨਾਲ ਕੁਝ ਖਾ-ਪੀ ਲਈਏ, ਬਾਕੀ ਬਚਾ ਕੇ ਇਥੇ ਰੱਖ ਜਾਈਏ ਪਰ ਐਸਾ ਨਹੀਂ ਹੋ ਸਕਦਾ । ਇਹ ਮਾਲਕ ਜਾਣਦਾ ਹੈ ਕਿ ਕਿਸ ਥਾਂ, ਕਿਸ ਘਰ, ਕਿਸ ਜੂਨ ਵਿੱਚ ਮਨੁੱਖ ਨੇ ਜਨਮ ਲੈਣਾ ਹੈ। ਸਤਿਗੁਰਾਂ ਦਾ ਫੁਰਮਾਨ ਹੈ-

**ਮੂਰਖ ਮਨ ਕਾਹੇ ਕਰਸਹਿ ਮਾਣਾ ॥**
**ਉਠਿ ਚਲਣਾ ਖਸਮੈ ਭਾਣਾ॥੧॥ ਰਹਾਉ॥**
**ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥**
**ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥**

ਮਾਰੂ ਮ:੧, ਪੰਨਾ, ੯੮੯

ਮੇਜਰ ਸਾਹਿਬ! ਸੰਸਾਰ ਦੀਆਂ ਉੱਚ ਪਦਵੀਆਂ ਤੇ ਸੰਸਾਰ ਦਾ ਧਨ ਪਦਾਰਥ, ਸਭ ਇੱਥੇ ਹੀ ਰਹਿ ਜਾਣਾ ਹੈ। ਕਿਸੇ ਵੀ ਵਸਤੂ ਨੇ ਜੀਵ-ਆਤਮਾਂ ਦੇ ਨਾਲ ਨਹੀਂ ਜਾਣਾ। ਜੇ ਕਿਸੇ ਵਸਤੂ ਨੇ ਜੀਵ ਆਤਮਾਂ ਦਾ ਸਾਥ ਨਹੀਂ ਦੇਣਾ, ਫਿਰ ਤਾਂ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ:-

**ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥**

ਸਿਰੀਰਾਗੁ ਮ:੧, ਪੰਨਾ ੨੨

ਉਹ ਵਸਤੂ ਹੈ ਪਰਮਾਤਮਾਂ ਦਾ ਨਾਮ। ਪਰਮਾਤਮਾਂ ਦਾ ਨਾਮ ਹਰ ਥਾਂ ਹਰ ਜਗ੍ਹਾ, ਇਸ ਸੰਸਾਰ ਅੰਦਰ ਵੀ ਤੇ ਪਰਲੋਕ ਵਿੱਚ ਵੀ "**ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥**" ਹੁੰਦਾ ਹੈ। ਪਰਮਾਤਮਾ ਦਾ ਨਾਮ ਤਾਂ ਉਥੇ ਵੀ ਸਹਾਇਕ ਹੁੰਦਾ ਹੈ ਜਿੱਥੇ ਨਾ ਮਾਤਾ, ਨਾ ਪਿਤਾ, ਨਾ ਪੁੱਤਰ, ਨਾ ਭਰਾ ਤੇ ਨਾਹੀਂ ਮਿੱਤਰ ਸਹਾਇਕ ਹੁੰਦਾ ਹੈ। ਜਿੱਥੇ ਭਿਆਨਕ ਜਮਦੂਤਾਂ ਦੇ ਦਲ ਹੁੰਦੇ ਹਨ। ਜਿਨ੍ਹਾਂ ਵਲ ਵੇਖਕੇ ਮਨੁੱਖ ਅੱਤ ਭੈ-ਭੀਤ ਹੁੰਦਾ ਹੈ। ਪਰਮਾਤਮਾਂ ਦਾ ਨਾਮ ਉੱਥੇ ਆਤਮਾ ਦੇ ਅੰਗ ਸੰਗ ਹੋ ਕੇ ਸਾਥ ਨਿਭਾਉਂਦਾ ਤੇ ਮਨੁੱਖ ਨੂੰ, ਭੈ-ਭੀਤ ਹੋਣ ਤੋਂ ਬਚਾਉਂਦਾ ਹੈ, ਜਿੱਥੇ ਅੱਤ ਦੀਆਂ ਮੁਸੀਬਤਾਂ ਮਨੁੱਖ ਨੂੰ ਆ ਘੇਰਦੀਆਂ ਹਨ। ਪ੍ਰਭੂ ਨਾਮ ਇੱਕ ਖਿੰਨ ਵਿੱਚ ਅਜਿਹੀਆਂ ਮੁਸੀਬਤਾਂ ਤੋਂ ਛੁਟਕਾਰਾ ਪ੍ਰਦਾਨ ਕਰਵਾ ਦਿੰਦਾ ਹੈ। ਜਿੱਥੇ ਸੰਸਾਰ ਦਾ ਕੋਈ ਪ੍ਰਾਸਚਿਤ ਕਰਮ, ਪਾਪ ਕਰਮਾਂ ਤੋਂ ਨਿਯਾਤ ਨਹੀਂ ਦੁਆ ਸਕਦਾ, ਉਥੇ ਪਰਮਾਤਮਾ ਦਾ ਨਾਮ ਕ੍ਰੋੜਾਂ ਪਾਪਾਂ ਦਾ ਨਾਸ਼ ਕਰ ਦਿੰਦਾ ਹੈ। ਇਸ ਲਈ ਹੇ ਮੇਰੇ ਮਨ! ਗੁਰਮੁਖ ਬਣ ਕੇ ਪਰਮਾਤਮਾ ਦਾ ਨਾਮ ਜਪ, ਨਾਮ ਜਪ ਦੇ ਫਲ ਸਰੂਪ ਤੈਨੂੰ ਇਸ ਸੰਸਾਰ ਵਿੱਚ ਵੀ ਤੇ ਪ੍ਰਲੋਕ ਵਿੱਚ ਵੀ ਬਿਅੰਤ ਸੁੱਖ ਪ੍ਰਾਪਤ ਹੋਣਗੇ। ਸਤਿਗੁਰੂ



ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਅੰਦਰ ਫੁਰਮਾਨ ਹੈ:

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥**
**ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥**
**ਜਹ ਮਹਾ ਭਇਆਨ ਦੂਤ ਜਮ ਦਲੈ ॥**
**ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥**
**ਜਹ ਮੁਸਕਲ ਹੋਵੈ ਅਤਿ ਭਾਰੀ ॥**
**ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥**
**ਅਨਿਕ ਪੁਨਹਚਰਨ ਕਰਤ ਨਹੀ ਤਰੈ ॥**
**ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥੧॥**
**ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥**
**ਨਾਨਕ ਪਾਵਹੁ ਸੂਖ ਘਨੇਰੇ ॥** ਸੁਖਮਨੀ ਮ:੫,ਪੰਨਾ ੨੬੪

ਅਜਿਹੇ, ਲੋਕ ਪ੍ਰਲੋਕ ਵਿੱਚ ਸਹਾਇਕ ਹੋਣ ਵਾਲੇ ਤੇ ਮੁੱਖ ਉਜਲਾ ਕਰਨ ਵਾਲੇ ਪ੍ਰਭੂ ਨਾਮ ਨੂੰ ਤੁਰਦਿਆਂ ਫਿਰਦਿਆਂ, ਬੈਠਿਆਂ, ਰਸਤੇ ਤੁਰੇ ਜਾਂਦਿਆਂ, ਸੌਂਣ ਲੱਗਿਆਂ, ਹਰ ਸਮੇਂ ਜਪਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਸਾਰੀ ਗੁਰਬਾਣੀ ਦਾ ਤੱਤਸਾਰ ਵੀ ਨਾਮ ਹੀ ਹੈ, ਤੇ ਨਾਮ ਜਪਣ ਦੀ ਹੀ ਸਾਰੀ ਗੁਰਬਾਣੀ ਅੰਦਰ ਸਤਿਗੁਰਾਂ ਤੇ ਭਗਤਾਂ ਨੇ ਤਾਕੀਦ ਕਰਦਿਆਂ ਫੁਰਮਾਨ ਕੀਤਾ ਹੈ, ਹੇ ਜੀਵਆਤਮਾਂ! ਆਪਣੇ ਭਲੇ ਲਈ "**ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥**" ਦਾ ਧਾਰਨੀ ਬਣ ਅਤੇ "**ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥**" ਨੂੰ ਆਪਣਾ ਜੀਵਨ ਆਧਾਰ ਤੇ ਜੀਵਨ ਨਿਸ਼ਾਨਾ ਬਣਾ ਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਸਕਾਰਥਾ ਕਰ ਲੈ। ਬਾਕੀ ਮੇਜਰ ਸਾਹਿਬ! ਜਿਸ ਸੰਗਤ ਵਿੱਚ ਗੁਰੂ ਦੀ, ਗੁਰਬਾਣੀ ਦੀ, ਪ੍ਰਭੂ ਨਾਮ ਦੀ ਗੱਲ ਨਹੀਂ ਹੁੰਦੀ, ਉਹ ਤਾਂ ਇੱਕ ਸਧਾਰਣ ਇਕੱਠ ਹੈ। ਉਸ ਨੂੰ ਆਪਾਂ ਸਤਸੰਗਤ ਨਹੀਂ ਕਹਿ ਸਕਦੇ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਰੀਰਾਗ ਅੰਦਰ ਫੁਰਮਾਨ ਹੈ:

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥**

ਸਿਰੀਰਾਗੁ ਮ: ੧, ਪੰਨਾ ੭੨

ਸੰਗਤ ਵਿੱਚ ਆਉਣ ਲੱਗਿਆਂ ਸੰਸੇ ਬਿਰਤੀ ਦਾ ਤਿਆਗ ਕਰਨਾ ਚਾਹੀਏ। ਇਤਨੇ ਚਿਰ ਨੂੰ ਭਾਈ ਅਮਰ ਸਿੰਘ ਗਰਮ ਜਲ (ਸੌਂਫਾ) ਲੈ ਕੇ ਪੁੱਜ ਗਿਆ। ਗੁਰਮਤਿ ਵੀਚਾਰ ਵਿਚਾਲੇ ਛੱਡ ਕੇ ਸਾਰਿਆਂ ਨੇ ਜਲ ਪਾਣੀ ਛਕਿਆ।

### *ਬਾਬਾ ਜੀ ਨੇ ਮੁੜ ਦੁਬਾਰਾ ਬਚਨ ਸ਼ੁਰੂ ਕੀਤੇ*

ਜਲ ਪਾਣੀ ਛਕਣ ਉਪ੍ਰੰਤ, ਬਾਬਾ ਜੀ ਨੇ ਮੇਜਰ ਸਾਹਿਬ ਨੂੰ ਮੁਖਾਤਿਬ ਕਰਕੇ ਕਿਹਾ, ਮੇਜਰ ਸਾਹਿਬ! ਜਦੋਂ ਵੀ ਸੰਗਤ ਵਿੱਚ ਆਉਣਾ ਹੋਵੇ, ਸੰਸੇ ਦਾ ਤਿਆਗ

ਕਰਕੇ ਸੰਗਤ ਵਿੱਚ ਆਉਣਾ ਚਾਹੀਦਾ ਹੈ। ਸੰਸੇ ਵਾਲਾ ਮਨ ਪਵਿੱਤ੍ਰ ਨਹੀਂ ਹੋ ਸਕਦਾ, ਸਗੋਂ ਸੰਸਾ ਹੀ ਮਨ ਨੂੰ ਮੈਲਾ ਕਰਦਾ ਹੈ। ਸਤਿਗੁਰੂ ਅਮਰਦਾਸ ਜੀ ਦਾ ਅਨੰਦੁ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਹੈ-

**ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ।।**
**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**
**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥**

ਰਾਮਕਲੀ ਮ:੩,ਪੰਨਾ ੯੧੯

ਸੰਸੇ ਬਿਰਤੀ ਮਨ ਨੂੰ ਟਿਕਣ ਨਹੀਂ ਦਿੰਦੀ। ਸੰਗਤ ਵਿੱਚ ਹਮੇਸ਼ਾ ਨ੍ਰਿਵਿਕਲਪ ਬਿਰਤੀ ਅਧੀਨ ਆਇਆਂ ਹੀ ਲਾਭ ਪ੍ਰਾਪਤ ਹੁੰਦਾ ਹੈ। ਕਿਸੇ ਦਾ ਪ੍ਰਤਾਵਾ ਲੈਣ ਵਾਲੀ ਬਿਰਤੀ ਬਣਾ ਕੇ ਸੰਗਤ ਵਿੱਚ ਆਉਣਾ, ਆਪਣੇ ਲਈ ਤੇ ਜਿਸ ਦਾ ਤੁਸੀਂ ਪ੍ਰਤਾਵਾ ਲੈਣ ਦਾ ਮਨ ਬਣਾਇਆ ਹੋਵੇ, ਦੋਵਾਂ ਲਈ ਬਹੁਤ ਘਾਤਕ ਹੈ। ਜੇ ਤੁਹਾਡੇ ਮਨ ਵਿੱਚ ਧਾਰਨ ਕੀਤਾ ਪਰਤਾਵਾ ਪੂਰਾ ਨ ਹੋਇਆ ਤਾਂ ਤੁਹਾਡੀ ਸ਼ਰਧਾ ਨੂੰ ਠੇਸ ਲੱਗੇਗੀ ਤੇ ਉਸ ਧਾਰਮਿਕ ਵਿਅਕਤੀ ਪ੍ਰਤੀ ਤੁਹਾਡੇ ਮਨ ਵਿੱਚ ਨਫਰਤ ਪੈਦਾ ਹੋਵੇਗੀ। ਜਿੱਥੇ ਨਫਰਤ ਪੈਦਾ ਹੋ ਗਈ ਉਥੇ ਦੂਈ ਦਵੈਤ ਆ ਜਾਂਦੀ ਹੈ। ਦੂਈ ਦਵੈਤ ਹੀ ਤਾਂ ਹਿਰਦੇ ਵਿੱਚੋਂ ਕਢਣੀ ਹੈ। ਪਰਤਾਵਾ ਲੈਂਦਿਆਂ ਲੈਂਦਿਆਂ ਮਨੁੱਖ ਦਵੈਤ ਦਾ ਸ਼ਿਕਾਰ ਬਣ ਸਿਰ ਤੇ ਭਾਰ ਚੁੱਕ ਲੈਂਦਾ ਹੈ ਤੇ ਗੁਰੂ ਤੋਂ ਦੂਰੀ ਪਾ ਲੈਂਦਾ ਹੈ।

ਮਨ ਵਿੱਚ ਧਾਰਨ ਕੀਤਾ ਪ੍ਰਤਾਵਾ ਪੂਰਾ ਹੋ ਗਿਆ, ਫਿਰ ਵੀ ਤੁਸੀਂ ਗੁਰੂ ਨਾਲੋਂ ਟੁੱਟ ਕੇ ਉਸ ਵਿਅਕਤੀ ਨਾਲ ਜੁੜੋਗੇ ਤੇ ਉਸ ਦੀ ਉਸਤਤ ਕਰਕੇ ਉਸ ਦੇ ਮਾਣ ਹੰਕਾਰ ਨੂੰ ਬੜ੍ਹਾਵਾ ਦੇਣ ਦਾ ਕਾਰਨ ਬਣੋਗੇ। ਇਸ ਤਰ੍ਹਾਂ ਪ੍ਰਤਾਵਾ ਲੈਣ ਵਾਲੀ ਬਿਰਤੀ ਦੋਵਾਂ ਲਈ ਨੁਕਸਾਨ ਦਾਇਕ ਹੈ। ਗੁਰਮਤਿ ਤੇ ਗੁਰੂ ਘਰ ਵਿੱਚ ਪ੍ਰਮਾਤਮਾਂ ਦਾ ਨਾਮ ਹੀ ਸਰਬ ਸ਼੍ਰੋਮਣੀ ਹੈ। ਅੰਤਰਯਾਮਤਾ ਜਾਂ ਰਿੱਧੀਆਂ ਸਿੱਧੀਆਂ ਪ੍ਰਤੀ ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

**ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥**

ਮ:੩, ਪੰਨਾ ੫੯੩

ਅਤੇ ਸਤਿਗੁਰਾਂ:-

**ਰਿਧਿ ਸਿਧਿ ਅਵਰਾ ਸਾਦ ॥** ਜਪੁਜੀ ਸਾਹਿਬ, ਪੰਨਾ ੬

ਦਰਸਾ ਕੇ ਇਨ੍ਹਾਂ ਤੋਂ ਬਚਣ ਲਈ ਪ੍ਰੇਰਨਾ ਦੇ ਕੇ "**ਨਾਨਕ ਕੈ ਘਰਿ ਕੇਵਲ ਨਾਮੁ॥**" ਦਾ ਉਪਦੇਸ਼ ਤੇ ਸੰਦੇਸ਼ ਦਿੱਤਾ ਹੈ ਤੇ ਫੁਰਮਾਨ ਕੀਤਾ ਹੈ: "**ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ॥**" ਦੇ ਮਾਰਗ ਉੱਪਰ ਚੱਲਣ ਲਈ ਤਾਕੀਦ ਕੀਤੀ ਹੈ ਤੇ ਸਭ ਪੁੰਨ ਦਾਨ ਜਪਾਂ ਤਪਾਂ ਤੋਂ ਨਾਮ ਨੂੰ ਸਿਰਮੌਰ ਦਰਸਾਉਦਿਆਂ ਫੁਰਮਾਨ ਕੀਤਾ ਹੈ ਕਿ:-



**ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥**
**ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ॥੩॥**

ਆਸਾ ਮ: ੫, ਪੰਨਾ ੪੦੧

### *ਆਪ ਨੇ ਸ਼ੇਖ ਸ਼ਯਦ ਉਲ ਦੀਨ ਦੀ ਵਾਰਤਾ ਸੁਨਾਉਣੀ*

ਬਾਬਾ ਜੀ ਨੇ ਮੇਜਰ ਸਾਹਿਬ ਨੂੰ ਸੰਬੋਧਨ ਕਰ ਕੇ ਕਿਹਾ ਕਿ ਮੇਜਰ ਸਾਹਿਬ! ਬਾਬਾ ਫਰੀਦ ਜੀ, ਅੰਤਰਯਾਮਤਾ ਦੀ ਪਰਖ ਕਰਨ ਪ੍ਰਤੀ ਸ਼ੇਖ ਸ਼ਯਦ ਉਲ ਦੀਨ ਦੀ ਵਾਰਤਾ ਸੁਣਾਉਂਦੇ ਹੁੰਦੇ ਸਨ। ਜੋ ਮੈਂ ਆਪ ਜੀ ਨਾਲ ਸਾਂਝੀ ਕਰਨ ਲੱਗਾ ਹਾਂ, ਸ਼ਾਇਦ ਇਸ ਵਾਰਤਾ ਤੋਂ ਤੁਹਾਨੂੰ ਵੀ ਤੇ ਮੈਨੂੰ ਵੀ, ਦੋਵਾਂ ਨੂੰ ਲਾਭ ਪ੍ਰਾਪਤ ਹੋਵੇ।

ਆਪ ਕਿਹਾ ਕਰਦੇ ਸਨ ਕਿ ਇੱਕ ਅਮੀਰ ਨੇ ਸ਼ਯਦ ਹੋਰਾਂ ਦੀ ਪਰਖ ਕਰਨ ਵਾਸਤੇ ਮਨ ਵਿੱਚ ਸੰਕਲਪ ਧਾਰਨ ਕੀਤਾ ਕਿ ਜੇ ਸ਼ਯਦ ਜੀ ਮੈਨੂੰ ਆਪਣੇ ਹੱਥ ਵਿੱਚ ਫੜਿਆ ਸੇਬ ਦੇ ਦੇਣ, ਤਦ ਮੈਂ ਉਨ੍ਹਾਂ ਨੂੰ ਪੂਰਨ ਸ਼ਯਦ ਜਾਣਾ।

ਫਕੀਰ ਸ਼ਯਦ ਉਲ ਦੀਨ ਜੀ ਨੇ ਸੇਬ ਆਪਣੇ ਹੱਥ ਵਿੱਚ ਹੀ ਰੱਖਦਿਆਂ ਉਸ ਅਮੀਰ ਨੂੰ ਸੰਬੋਧਨ ਕਰ ਕੇ ਕਿਹਾ ਕਿ ਇੱਕ ਵਾਰੀ ਮੈਂ ਮਿਸਰ ਦੇਸ਼ ਗਿਆ। ਉਥੇ ਬਜਾਰ ਵਿੱਚ ਕੀ ਵੇਖਿਆ ਕਿ ਇੱਕ ਬਕਾਲ ਨੇ ਆਪਣੇ ਗਧੇ ਦੀਆਂ ਅੱਖਾਂ ਉੱਪਰ ਕਾਲੀ ਪੱਟੀ ਬੰਨੀ ਹੋਈ ਸੀ। ਬਕਾਲ ਤੇ ਗਧੇ ਦੁਆਲੇ ਸੈਂਕੜੇ ਲੋਕ ਗੋਲਧਾਰਾ ਬਣਾ ਕੇ ਬਕਾਲ ਤੇ ਗਧੇ ਦਾ ਤਮਾਸ਼ਾ ਵੇਖ ਰਹੇ ਸਨ। ਬਕਾਲ ਸਾਰਿਆਂ ਦੇ ਸਾਹਮਣੇ ਆਪਣੇ ਹੱਥ ਚੋ ਅੰਗੂਠੀ ਲਾਹ ਕੇ ਗੋਲਧਾਰੇ ਵਿੱਚ ਖੜੇ ਕਿਸੇ ਇੱਕ ਆਦਮੀ ਦੀ ਜੇਬ ਵਿੱਚ ਪਾ ਦਿੰਦਾ ਤੇ ਇਸੇ ਤਰ੍ਹਾਂ ਕਈਆਂ ਦੀ ਜੇਬ ਵਿੱਚ ਹੱਥ ਪਾਉਂਦਾ। ਆਖਰ, ਆਪਣੇ ਗਧੇ ਨੂੰ ਕਹਿੰਦਾ ਕਿ ਐ ਜਬੂਰੇ! ਮੇਰੀ ਅੰਗੂਠੀ ਢੂੰਡ ਲਿਆ। ਗਧਾ ਸਾਰਿਆਂ ਅੱਗੇ ਤੁਰਦਾ ਤੁਰਦਾ ਉਸ ਆਦਮੀ ਅੱਗੇ ਜਾ ਖਲੋਂਦਾ, ਜਿਸ ਦੀ ਜੇਬ ਵਿੱਚ ਬਕਾਲ ਨੇ ਅੰਗੂਠੀ ਪਾਈ ਹੋਈ ਸੀ।

ਆਪ ਉਸ ਅਮੀਰ ਨੂੰ ਸੰਬੋਧਨ ਕਰ ਕੇ ਕਹਿਣ ਲੱਗੇ, ਹੁਣ ਤੂੰ ਹੀ ਦੱਸ! ਜੇ ਮੈਂ ਤੈਨੂੰ ਆਪਣੇ ਹੱਥ ਵਾਲਾ ਸੇਬ ਦੇ ਦਿਆਂ। ਮੇਰੇ ਤੇ ਗਧੇ ਵਿੱਚ ਫਰਕ ਕੀ ਰਿਹਾ? ਜੇ ਮੈਂ ਸੇਬ ਤੈਨੂੰ ਨਾ ਦਿਆਂ ਤਾਂ ਤੇਰੇ ਮਨ ਵਿੱਚ ਫਕੀਰ ਪ੍ਰਤੀ ਬਦਗੁਮਾਨੀ ਰਹੇਗੀ। ਇੰਨੀ ਗੱਲ ਅਮੀਰ ਨੂੰ ਸੁਣਾ ਕੇ ਫਕੀਰ ਸ਼ਯਦ ਉਲ ਦੀਨ ਉੱਚੀ ਉੱਚੀ ਰੋਣ ਲੱਗ ਪਏ ਤੇ ਕਿਹਾ ਕਿ ਖੁਦਾ ਦੇ ਬੰਦਿਆਂ ਨੂੰ ਹਮੇਸ਼ਾ ਆਪਣੇ ਆਪ ਨੂੰ ਛੁਪਾ ਕੇ ਹੀ ਰੱਖਣਾ ਚਾਹੀਦਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਬਾਰ੍ਹਵੀਂ ਵਾਰ ਦੀ ਤੀਸਰੀ ਪਉੜੀ ਅੰਦਰ "**ਦੀਨ ਦੁਨੀ ਦਰਗਹ ਪਰਵਾਣਾ**" ਦੀ ਪਦਵੀ ਪ੍ਰਾਪਤ ਵਾਲੇ ਜਗਿਆਸੂ ਦੇ ਗੁਣ ਦਸ ਕੇ ਉਸ ਤੋਂ ਬਲਿਹਾਰ ਜਾਣਾ ਕੀਤਾ ਹੈ। ਆਮ ਫੁਰਮਾਨ ਕਰਦੇ ਹਨ:

**ਹਉ ਤਿਸੁ ਵਿਟਹੁ ਵਾਰਿਆ ਹੋਂਦੈ ਤਾਣਿ ਜੁ ਹੋਇ ਨਿਤਾਣਾ ॥**

**ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੁ ਰਹੈ ਨਿਮਾਣਾ ॥**

ਉਹ ਗੁਰੂ ਪਿਆਰਾ ਹੀ,"**ਦੀਨ ਦੁਨੀ ਦਰਗਹ ਪਰਵਾਣਾ**" ਦੀ ਪਦਵੀ ਪ੍ਰਾਪਤ ਕਰਦਾ ਹੈ।

### *ਇਹੋ ਤਾਂ ਭੁਲੇਖਾ ਹੈ:*

ਮੇਜਰ ਪਿਆਰਾ ਸਿੰਘ ਦੀ, ਬਾਬਾ ਜੀ ਦੇ ਬਚਨ ਸ੍ਰਵਣ ਕਰਕੇ ਤੇ ਅੰਤਰਯਾਮਤਾ ਵੇਖ ਕੇ ਨਿਸ਼ਾ ਹੋ ਗਈ ਤੇ ਆਪ ਜੀ ਨੇ ਹੱਥ ਜੋੜ ਕੇ ਬਾਬਾ ਜੀ ਨੂੰ ਬੜੀ ਨ੍ਰਿਮਤਾ ਨਾਲ ਬੇਨਤੀ ਕੀਤੀ, ਬਾਬਾ ਜੀ! ਮੇਰੇ ਉੱਪਰ ਵੀ ਕ੍ਰਿਪਾ ਕਰੋ, ਮੈਨੂੰ ਵੀ ਗੁਰੂ ਦਰ ਵਿਚੋਂ ਅਜਿਹੀ ਦਾਤ ਪ੍ਰਾਪਤ ਹੋਵੇ।

ਬਾਬਾ ਜੀ, ਮੇਜਰ ਸਾਹਿਬ ਦੀ ਬੇਨਤੀ ਸੁਣ ਕੇ ਕਹਿਣ ਲੱਗੇ, ਮੇਜਰ ਸਾਹਿਬ! ਇਹੋ ਤਾਂ ਸਾਨੂੰ ਭਰਮ ਭੁਲੇਖਾ ਬਣਿਆ ਹੋਇਆ ਹੈ। ਆਪਾਂ ਦਸਾਂ ਪਾਤਸ਼ਾਹੀਆਂ ਦੀ ਹਾਜ਼ਰ ਨਾਜ਼ਰ ਜੋਤ, ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ, ਜਿਸ ਪ੍ਰਥਾਇ ਸਤਿਗੁਰਾਂ ਨੇ ਫੁਰਮਾਨ ਕੀਤਾ ਸੀ ਅਤੇ ਅਸੀਂ ਬੜੇ ਪਿਆਰ ਤੇ ਸ਼ਰਧਾ ਨਾਲ ਸੰਗਤੀ ਰੂਪ ਵਿੱਚ ਹਰ ਰੋਜ਼ ਪੜ੍ਹਦੇ "**ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਦੀ ਦੇਹ**" ਪ੍ਰਗਟ ਗੁਰਾਂ ਕੀ ਦੇਹ ਨੂੰ ਛੱਡ ਕੇ ਕ੍ਰਿਪਾ ਕਿਸੇ ਹੋਰ ਪਾਸੋਂ ਭਾਲਦੇ ਹਾਂ। ਪਰਤੱਖ ਗੁਰੂ ਨੂੰ ਪ੍ਰਾਪਤ ਕਰਨ ਲਈ ਸਤਿਗੁਰੂ ਅਰਜਨ ਦੇਵ ਜੀ ਨੇ ਨਟ ਰਾਗ ਅੰਦਰ ਬਚਨ ਅੰਕਤ ਕੀਤਾ:

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥**
ਮ:੪,ਪੰਨਾ ੯੮੨

"**ਗੁਰਬਾਣੀ ਕਹੈ ਸੇਵਕੁ ਜਨ ਮਾਨੈ**" ਦੇ ਮਾਰਗ ਨੂੰ ਅਪਣਾ ਲਈਏ ਫਿਰ ਕ੍ਰਿਪਾ ਹੀ ਕ੍ਰਿਪਾ ਦੇ ਖੁੱਲ੍ਹੇ ਗੱਫੇ ਪ੍ਰਾਪਤ ਹੋ ਜਾਂਦੇ ਹਨ।

ਗੁਰ ਬਾਣੀ ਦੀ ਵੀਚਾਰ ਕਰਕੇ ਜਿਹੜਾ ਪ੍ਰਾਣੀ ਗੁਰਬਾਣੀ ਦੇ ਦਰਸਾਏ ਮਾਰਗ ਉੱਪਰ ਚੱਲ ਪੈਂਦਾ ਹੈ ਉਸ ਜੀਵ-ਆਤਮਾਂ ਦਾ ਨਿੱਜ ਘਰ ਦੇ ਵਿੱਚ ਨਿਵਾਸ ਹੋ ਜਾਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਦਖਣੀ ਓਅੰਕਾਰ ਅੰਦਰ ਫੁਰਮਾਨ ਹੈ:

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥**
ਮ:੧, ਪੰਨਾ ੯੩੫

ਜਿਸ ਜੀਵ-ਆਤਮਾਂ ਦਾ ਨਿੱਜ ਘਰ ਦੇ ਵਿੱਚ ਨਿਵਾਸ ਹੋ ਗਿਆ, ਉਸ ਦਾ ਆਵਾਗਵਣ ਦਾ ਗੇੜਾ ਵੀ ਖਤਮ ਹੋ ਗਿਆ। ਉਹ ਆਤਮਾਂ ਸੱਤ ਚਿੱਤ-ਅਨੰਦ ਪ੍ਰਮਾਤਮਾ ਵਿੱਚ ਮਿਲ ਕੇ ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਸੁਖੀ-ਸੁਹੇਲਾ, ਅਨੰਦਤ ਆਤਮਿਕ ਜੀਵਨ ਮਾਣਦੀ ਹੈ। ਸੋਹਿਲੇ ਦੀ ਬਾਣੀ ਅੰਦਰ ਆਪ ਦਾ ਫੁਰਮਾਨ ਹੈ:



**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥**
ਮ:੫, ਪੰਨਾ ੧੩

ਸੋ ਮੇਜਰ ਸਾਹਿਬ! ਮਨ ਵਿੱਚੋਂ ਸੰਸੇ ਬਿਰਤੀ ਦਾ ਤਿਆਗ ਕਰਕੇ "**ਗੁਰਬਾਣੀ ਕਹੈ ਸੇਵਕੁ ਜਨੁ ਮਾਨੈ**" ਦੇ ਮਾਰਗ ਨੂੰ ਅਪਣਾ ਲਵੋ, ਫਿਰ ਸਤਿਗੁਰਾਂ ਦੀਆਂ ਖੁਸ਼ੀਆਂ ਹੀ ਖੁਸ਼ੀਆਂ। ਕਾਫੀ ਸਮਾਂ ਸੰਗਤ ਵੀ, ਮੇਜਰ ਸਾਹਿਬ ਅਤੇ ਤਾਰਾ ਸਿੰਘ ਵੀ ਬਾਬਾ ਜੀ ਦੇ ਅਮੋਲਕ ਬਚਨਾ ਦਾ ਅਨੰਦ ਮਾਣਦੇ ਰਹੇ। ਇਸ ਮਿਲਾਪ ਤੋਂ ਬਾਅਦ ਜਦ ਵੀ ਸ: ਪਿਆਰਾ ਸਿੰਘ ਜੀ ਨੇ ਪਲਟਨ ਵਿੱਚੋਂ ਛੁੱਟੀ ਆਉਣਾ, ਬਹੁਤਾ ਸਮਾਂ ਬਾਬਾ ਜੀ ਦੀ ਸੰਗਤ ਦਾ ਅਨੰਦ ਮਾਨਣਾ ਅਤੇ ਕਈ-ਕਈ ਦਿਨ ਬਾਬਾ ਜੀ ਪਾਸ ਰਹਿ ਕੇ ਗੁਰਮਤਿ ਵੀਚਾਰਾਂ ਦੀ ਸਾਂਝ ਕਰਕੇ ਸੰਗਤੀ ਲਾਹਾ ਪ੍ਰਾਪਤ ਕਰਣਾ। ਮੇਜਰ ਪਿਆਰਾ ਸਿੰਘ ਦੀ ਸੰਗਤ ਨਾਲ ਹੋਰ ਕਈ ਪ੍ਰਾਣੀ ਗੁਰੂ ਚਰਨਾਂ ਨਾਲ ਜੁੜੇ ਤੇ ਅੰਮ੍ਰਿਤ ਛੱਕ ਕੇ ਗੁਰੂ ਚਾਲੀ ਦੇ ਧਾਰਨੀ ਬਣ ਕੇ ਆਪਣੇ ਲੋਕ ਸੁਖੀ ਪ੍ਰਲੋਕ ਸੁਹੇਲੇ ਕੀਤੇ।

### *ਕ੍ਰਿਪਾ ਤਿੰਨ ਪ੍ਰਕਾਰ ਦੀ ਹੈ*

ਮੇਜਰ ਸਾਹਿਬ! ਤੁਸੀਂ ਕ੍ਰਿਪਾ ਦੀ ਗੱਲ ਕੀਤੀ ਹੈ। ਕ੍ਰਿਪਾ ਵੀ ਤਿੰਨ ਤਰ੍ਹਾਂ ਦੀ ਹੈ। ਇੱਕ ਪਰਮਾਤਮਾ ਦੀ ਕ੍ਰਿਪਾ, ਦੂਸਰੀ ਗੁਰੂ ਦੀ ਕ੍ਰਿਪਾ, ਤੀਸਰੀ ਸ੍ਵੈ ਕ੍ਰਿਪਾ। ਪਰਮਾਤਮਾਂ ਨੇ ਸਾਡੇ ਉੱਪਰ ਕ੍ਰਿਪਾ ਕੀਤੀ, ਚੁਰਾਸੀ ਲੱਖ ਜੂਨ ਵਿੱਚੋਂ ਸਭ ਤੋਂ ਸਿਰਮੌਰ ਮਨੁੱਖਾ ਜਨਮ ਬਖਸ਼ਿਸ਼ ਕਰ ਦਿੱਤਾ। ਇਸ ਤੋਂ ਵਡੀ ਪਰਮਾਤਮਾਂ ਦੀ ਮਿਹਰ ਹੋਰ ਕੀ ਹੋ ਸਕਦੀ ਹੈ?

ਸਤਿਗੁਰੂ ਜੀ ਨੇ ਸਾਡੇ ਉੱਪਰ ਕ੍ਰਿਪਾ ਕੀਤੀ, ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਆਪਣੇ ਮੂਲ ਪਰਮਾਤਮਾ ਨਾਲ ਮਿਲਣ ਦਾ ਰਸਤਾ ਬੜੇ ਸੌਖੇ ਢੰਗ ਨਾਲ ਦਰਸਾ ਦਿੱਤਾ ਹੈ। ਹੁਣ ਆਪਣੇ ਉੱਪਰ ਮਨੁੱਖ ਨੇ ਆਪ ਕ੍ਰਿਪਾ ਕਰਨੀ ਹੈ। ਜੇ ਮਨੁੱਖ ਸ੍ਵੈ ਕ੍ਰਿਪਾ ਨ ਕਰੇ, ਤਦ ਪਰਮਾਤਮਾ ਦੀ ਕ੍ਰਿਪਾ ਤੇ ਗੁਰੂ ਦੀ ਕ੍ਰਿਪਾ ਵੀ ਪ੍ਰਫੁਲਤ ਨਹੀਂ ਹੁੰਦੀ ਤੇ ਦੋਵੇਂ ਨਿਸ਼ਫਲ ਚਲੇ ਜਾਂਦੀਆਂ ਹਨ। ਆਪਣੇ ਉੱਪਰ ਆਪ ਕ੍ਰਿਪਾ ਕਰਨੀ ਕੀ ਹੈ? ਜੋ ਸਤਿਗੁਰਾਂ ਨੇ ਸਾਨੂੰ ਪ੍ਰਭੂ ਮਿਲਾਪ ਦਾ ਮਾਰਗ ਦਰਸਾਇਆ ਹੈ, ਉਸ ਉੱਪਰ, ਮਨ, ਬਚ, ਕਰਮਾਂ ਕਰ ਕੇ ਚਲ ਪੈਣਾ। ਜੋ ਆਪਣੇ ਉੱਪਰ ਸ੍ਵੈ ਕ੍ਰਿਪਾ ਕਰਕੇ ਗੁਰੂ ਚਾਲੀ ਦੇ ਧਾਰਨੀ ਬਣ ਜਾਣਗੇ, ਉਹ ਇੱਕ ਦਿਨ ਆਪਣੀ ਮੰਜ਼ਲ ਨੂੰ ਤਹਿ ਕਰ ਲੈਣਗੇ ਜੋ ਰਸਤਾ ਹੀ ਪੁੱਛੀ ਜਾਣਗੇ ਤੇ ਹੋਰ ਹੋਰ ਕ੍ਰਿਪਾ ਦੀ ਭਾਲ ਵਿੱਚ ਭੱਜੇ ਰਹਿਣਗੇ, ਉਹ ਆਪਣਾ ਅਮੋਲਕ ਮਨੁੱਖਾ ਜਨਮ ਦਾ ਸਮਾਂ ਅਜਾਂਈ ਗੁਆ ਬੈਠਣਗੇ।

ਭਾਈ ਗੁਰਦਾਸ ਜੀ ਦਾ ਇਸੇ ਸਬੰਧ ਵਿੱਚ ਬਹੁਤ ਹੀ ਭਾਵ ਪੂਰਤ ਸਵੱਯਾ ਹੈ। ਆਪ ਫੁਰਮਾਨ ਕਰਦੇ ਹਨ ਕਿ ਕੋਈ ਮਨੁੱਖ ਆਪਣੇ ਪ੍ਰੀਤਮ ਦੇ ਦਰ ਦਾ ਰਸਤਾ ਤਾਂ

ਪੁਛੱਦਾ ਹੈ ਤੇ ਅਨੇਕਾਂ ਨੂੰ ਪੁੱਛੀ ਜਾਂਦਾ ਹੈ, ਪਰ ਉਸ ਮਾਰਗ ਉੱਪਰ ਕਦਮ ਇੱਕ ਵੀ ਨਹੀਂ ਧਰਦਾ। ਨਿਰਾ ਪੁੱਛਣ ਨਾਲ ਜਾਂ ਗੱਲਾਂ ਬਾਤਾਂ ਕਰਨ ਤੇ ਸੁਣਨ ਨਾਲ ਪ੍ਰੀਤਮ ਪਿਆਰੇ ਦੇ ਦੇਸ਼ ਕਿਵੇਂ ਕੋਈ ਅਪੜ ਸਕਦਾ ਹੈ? ਭਾਵ ਨਹੀਂ ਅਪੜ ਸਕਦਾ।

ਕੋਈ ਰੋਗੀ ਮਨੁੱਖ, ਵੈਦ ਪਾਸ ਚਲੇ ਜਾਂਦਾ ਹੈ। ਵੈਦ ਉਸ ਦੀ ਬਿਮਾਰੀ ਪਛਾਣ ਕੇ ਉਸ ਨੂੰ ਦੁਆਈ ਦਿੰਦਾ ਹੈ ਤੇ ਨਾਲ ਪੱਥ-ਪ੍ਰਹੇਜ ਰਖਣ ਲਈ ਹਦਾਇਤ ਕਰਦਾ ਹੈ। ਪਰ ਰੋਗੀ ਮਨੁੱਖ ਨਾ ਤਾਂ ਸਮੇਂ ਨਾਲ ਦੁਆਈ ਸੇਵਨ ਕਰਦਾ ਹੈ ਅਤੇ ਨਾ ਹੀ ਪੱਥ-ਪ੍ਰਹੇਜ ਰੱਖਦਾ ਹੈ। ਅਜਿਹਾ ਰੋਗੀ ਕਦੇ ਵੀ ਰਾਜੀ ਹੋ ਕੇ ਸੁੱਖ ਨਹੀਂ ਮਾਣ ਸਕਦਾ ।

ਕੋਈ ਬੀਬੀ, ਸੁਹਾਗਣਾਂ ਨੂੰ ਪਤੀ ਪ੍ਰਸੰਨਤਾ ਦਾ ਰਸਤਾ ਤਾਂ ਪੁੱਛਦੀ ਹੈ, ਪਰ ਦੁਰਾਚਾਰ ਤੇ ਖੋਟੇ ਕਰਮਾਂ ਦਾ ਤਿਆਗ ਨਹੀਂ ਕਰਦੀ, ਅਜਿਹੀ ਇਸਤ੍ਰੀ ਕਦੇ ਵੀ ਪਤੀ ਪ੍ਰਸੰਨਤਾ ਅਤੇ ਸਿਹਜਾ ਦਾ ਅਨੰਦ ਨਹੀਂ ਮਾਣ ਸਕਦੀ।

ਇਸੇ ਤਰ੍ਹਾਂ ਨਿਰਾ ਗਾਉਣ ਸੁਣਨ ਤੇ ਅੱਖਾਂ ਮੀਚ ਕੇ ਬੈਠਣ ਨਾਲ ਕਿਸੇ ਨੂੰ ਪਰਮ-ਪੱਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪਰਮ ਪੱਦ ਦੀ ਪ੍ਰਾਪਤੀ ਉਸ ਨੂੰ ਹੋਵੇਗੀ ਜੋ ਗੁਰੂ ਉਪਦੇਸ਼ ਨੂੰ ਹਿਰਦੇ ਵਿੱਚ ਵਸਾ ਕੇ ਉਸ ਦੀ ਮਨ-ਬਚਨ ਤੇ ਕਰਮਾਂ ਕਰਕੇ ਕਮਾਈ ਕਰੇਗਾ। ਭਾਈ ਸਾਹਿਬ ਜੀ ਦਾ ਫੁਰਮਾਨ ਹੈ:

**ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗੁ,**
**ਪ੍ਰੀਤਮ ਕੇ ਦੇਸ ਕੈਸੇ ਬਾਤਨ ਕੈ ਜਾਈਐ ॥**
**ਪੂਛਤ ਹੈ ਬੈਦ ਖਾਤ ਅਉਖਧਿ ਨ ਸੰਜਮ ਸੈ,**
**ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ॥**
**ਪੂਛਤ ਸੁਹਾਗਨਿ ਹੈ ਕਰਮ ਦੁਹਾਗਨਿ ਕੈ,**
**ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ॥**
**ਗਾਏ ਸੁਨੈ ਆਂਖੇ ਮੀਚੈ ਪਾਈਐ ਨ ਪਰਮਪਦ**
**ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ ॥੪੩੯॥**

ਸੋ ਮੇਜਰ ਸਾਹਿਬ! ਕ੍ਰਿਪਾ ਪਰਮਾਤਮਾਂ ਨੇ ਵੀ ਕੀਤੀ ਹੈ। ਕ੍ਰਿਪਾ ਸਤਿਗੁਰੂ ਜੀ ਨੇ ਵੀ ਬਿਅੰਤ ਕੀਤੀ ਹੈ। ਬਸ ਇਨ੍ਹਾਂ ਕ੍ਰਿਪਾਵਾਂ ਦਾ ਲਾਹਾ ਪ੍ਰਾਪਤ ਕਰਨ ਲਈ ਹੁਣ ਸ੍ਵੈ ਕ੍ਰਿਪਾ ਸਮਿਲਤ ਕਰਨ ਦੀ ਲੋੜ ਹੈ। ਤਕੜੇ ਹੋ ਕੇ ਗੁਰੂ ਦਰਸਾਏ ਮਾਰਗ ਤੇ ਚੱਲ ਪਵੋ। ਸ੍ਵੈ ਕਿਰਪਾ ਸਮਿਲਤ ਕਰ ਲਵੋ, ਫਿਰ ਲੋਕ ਵੀ ਸੁਖੀ ਤੇ ਪ੍ਰਲੋਕ ਵੀ ਸੁਹੇਲੇ ਹੋ ਜਾਣਗੇ । ਇਸ ਮਿਲਾਪ ਤੋਂ ਬਾਅਦ ਸ: ਪਿਆਰਾ ਸਿੰਘ ਜੀ ਨੇ ਅੰਮ੍ਰਿਤ ਪਾਨ ਕਰ ਲਿਆ । ਜਦ ਵੀ ਛੁੱਟੀ ਆਉਣਾ ਕਈ ਕਈ ਦਿਨ ਬਾਬਾ ਜੀ ਪਾਸ, ਠਹਿਰਾਉ ਕਰ ਕੇ ਨਾਮ ਸਿਮਰਨ ਤੇ ਗੁਰਮਤਿ ਵੀਚਾਰਾਂ ਦਾ ਲਾਹਾ ਲੈਣਾ। ਮੇਜਰ ਸਾਹਿਬ ਦੀ ਸੰਗਤ ਨਾਲ, ਪਲਟਣ ਵਿੱਚ ਵੀ ਤੇ ਰਿਸਤੇਦਾਰਾਂ ਵਿੱਚ ਵੀ ਬਹੁਤੇ ਪ੍ਰਾਣੀ ਗੁਰੂ ਚਾਲੀ ਦੇ ਧਾਰਨੀ ਬਣੇ।



# ਗੁਰਬਾਣੀ ਬਾਰ ਬਾਰ ਪੜ੍ਹਨ ਦਾ ਕੀ ਲਾਭ ਹੈ।

ਮੇਜਰ ਪਿਆਰਾ ਸਿੰਘ ਜੀ ਨੇ ਆਪਣਾ ਇੱਕ ਸ਼ੰਕਾ ਦੂਰ ਕਰਨ ਲਈ ਸਵਾਲ ਕੀਤਾ ਕਿ ਬਾਬਾ ਜੀ ਜਿਵੇਂ ਤੁਸੀਂ ਹੁਣੇ ਹੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਬਚਨ ਸ੍ਰਵਣ ਕਰਵਾਇਆ ਹੈ ਕਿ ਜੇ ਮਨੁੱਖ ਇੱਕ ਵੀ ਗੁਰੂ ਦੀ ਸਿੱਖਿਆ ਸੁਣ ਕੇ ਉਸ ਦਾ ਧਾਰਨੀ ਬਣ ਜਾਏ ਤਾਂ ਉਸ ਦੇ ਹਿਰਦੇ ਵਿੱਚ (ਸੱਤ-ਸੰਤੋਖ-ਦਇਆ-ਧਰਮ-ਧੀਰਜ) ਸ੍ਰੇਸ਼ਟ ਗੁਣ ਪ੍ਰਵੇਸ਼ ਕਰ ਜਾਂਦੇ ਹਨ। ਜੇ ਇੱਕ ਸਿੱਖਿਆ ਨਾਲ ਹੀ ਅਜਿਹੀਆਂ ਦਾਤਾਂ ਪ੍ਰਾਪਤ ਹੋ ਜਾਂਦੀਆਂ ਹਨ, ਤਦ ਫਿਰ ਬਹੁਤੀ ਬਾਣੀ ਪੜ੍ਹਨ ਤੇ ਨਿੱਤਨੇਮ ਕਰਨ ਦੀ ਕੀ ਲੋੜ ਹੈ?

### *ਬਾਬਾ ਜੀ ਦਾ ਉੱਤਰ*

ਬਾਬਾ ਜੀ, ਮੇਜਰ ਪਿਆਰਾ ਸਿੰਘ ਦਾ ਸਵਾਲ ਸੁਣ ਕੇ ਮੁਸਕੁਰਾਏ ਤੇ ਕਹਿਣ ਲੱਗੇ, ਮੇਜਰ ਸਾਹਿਬ! ਗੁਰ ਨਾਨਕ ਪਾਤਸ਼ਾਹ ਜੀ ਦਾ ਬਚਨ ਤ੍ਰੈ-ਕਾਲ ਸੱਤ ਹੈ। ਜੇ ਅਸੀਂ ਗੁਰੂ ਦੀ ਸਿੱਖਿਆ ਸੁਣ ਲਈਏ ਤਾਂ ਅਵੱਸ਼ ਇਨ੍ਹਾਂ ਗੁਣਾਂ ਦੀਆਂ ਦਾਤਾਂ ਪ੍ਰਾਪਤ ਹੋ ਜਾਂਦੀਆਂ ਹਨ, ਪਰ ਆਪਾਂ ਸੁਣਦੇ ਹੀ ਨਹੀਂ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਅਸੀਂ ਸਰੀਰ ਕਰਕੇ ਗੁਰੂ ਸਿੱਖਿਆ ਸੁਣਨ ਵਾਸਤੇ ਬੈਠੇ ਹੁੰਦੇ ਹਾਂ, ਜਿਸ ਨੇ ਗੁਰੂ ਉਪਦੇਸ਼ ਸੁਣਨਾ ਹੁੰਦਾ ਹੈ, ਉਹ ਗੁਰੂ ਸਿੱਖਿਆ ਸੁਣਨ ਸਮੇਂ ਹਾਜ਼ਰ ਹੀ ਨਹੀਂ ਹੁੰਦਾ। ਕਿਉਂਕਿ ਸਿੱਖਿਆ ਤਨ ਨੇ ਨਹੀਂ ਸੁਣਨੀ। ਗੁਰੂ ਸਿੱਖਿਆ ਮਨ ਨੇ ਸੁਣਨੀ ਹੈ, ਮਨ ਤਾਂ ਪ੍ਰਵਾਰ ਵਿੱਚ, ਕਾਰੋਬਾਰ ਵਿਹਾਰ ਵਿੱਚ ਜਾਂ ਦੇਸਾਂ-ਵਿਦੇਸਾਂ ਦੀ ਸੈਰ ਕਰਨ ਵਿੱਚ ਮਗਨ ਹੁੰਦਾ ਹੈ। ਕਈ ਵਾਰੀ ਆਪਾਂ ਨਿੱਤਨੇਮ ਕਰਦੇ ਖੁਦ ਵੇਖਿਆ ਹੋਵੇਗਾ। ਸਵੇਰੇ ਜਪੁਜੀ ਸਾਹਿਬ ਜਾਂ ਸ਼ਾਮ ਨੂੰ ਅਸੀਂ ਸੋ-ਦਰੁ (ਰਹਿਰਾਸ) ਦਾ ਪਾਠ ਕਰਦੇ ਹੁੰਦੇ ਹਾਂ ਤਾਂ ਸਾਨੂੰ ਕਈ ਵਾਰ ਖੁਦ ਆਪ ਨੂੰ ਭੁਲੇਖਾ ਲਗਦਾ ਹੈ ਕਿ ਇਹ ਪਉੜੀਆਂ ਜਾਂ ਸਲੋਕ ਮੈਂ ਪੜ੍ਹੇ ਵੀ ਹਨ ਕਿ ਉਂਞ ਹੀ ਅੱਧ ਵਿੱਚ ਜਾਂ ਸੰਪੂਰਨਤਾ ਤੱਕ ਪੁੱਜ ਗਿਆ ਹਾਂ? ਇਹ ਭੁਲੇਖਾ ਗਲਤ ਨਹੀਂ ਠੀਕ ਹੈ। ਜਿਸ ਨੇ ਗੁਰਬਾਣੀ ਸੁਣਨੀ ਸੀ, ਉਹ ਤਾਂ ਹਾਜ਼ਰ ਹੀ ਨਹੀਂ ਸੀ ਉਂਞ ਹੀ ਅਸੀਂ ਮੂੰਹ ਨਾਲ ਰਵਾਂ-ਰਵੀਂ ਬਾਣੀ ਉਚਾਰਣ ਕਰ ਲਈ। ਮਨ ਦਾ ਭੁਲੇਖਾ ਸੱਚਾ ਹੈ ਝੂਠਾ ਨਹੀਂ। ਸੋ ਜੋ ਮਨ ਨੇ ਸੁਣਿਆ ਹੀ ਨਹੀਂ, ਉਹ ਜਿਹਾ ਸੁਣਿਆ ਜਿਹਾ ਨਾ ਸੁਣਿਆ, ਇੱਕ ਚੰਗਾ ਕਰਮ ਜਰੂਰ ਬਣ ਗਿਆ।

ਦੂਸਰੇ, ਸੁਣਨਾ ਉਸਨੂੰ ਕਿਹਾ ਜਾਂਦਾ ਹੈ, ਜੋ ਆਪਾਂ ਨੇ ਸੁਣ ਲਿਆ ਉਸ

ਉੱਪਰ ਆਪਾਂ ਅਮਲ ਕਰ ਲਈਏ। ਜੇ ਆਪਾਂ ਸੁਣੇ ਉੱਪਰ ਅਮਲ ਹੀ ਨਾ ਕੀਤਾ ਤਾਂ ਉਹ ਸੁਣਿਆ ਨਾ ਸੁਣਿਆ ਇੱਕ ਬਰਾਬਰ ਹੈ।

ਭਗਤ ਪਰਮਾਨੰਦ ਜੀ ਰਾਗ ਸਾਰੰਗ ਅੰਦਰ ਬੜਾ ਸੁੰਦਰ ਫੁਰਮਾਨ ਕਰਕੇ ਸਾਨੂੰ ਸਮਝਾਉਂਦੇ ਹਨ। ਹੇ ਇਨਸਾਨ ! ਤੂੰ ਵੇਦ-ਪੁਰਾਨ ਧਰਮ ਗ੍ਰੰਥ ਪੜ੍ਹ ਸੁਣ ਕੇ ਕੀ ਖੱਟਿਆ? ਕਿਉਂਕਿ ਧਰਮ ਗ੍ਰੰਥ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕਿ ਸਦਾ ਥਿਰ ਪ੍ਰਮਾਤਮਾ ਦੀ ਭਗਤੀ ਕਰੋ, ਪਰ ਨਾ ਤਾਂ ਤੂੰ ਪਰਮਾਤਮਾ ਦੀ ਭਗਤੀ ਕਰਨੀ ਹੀ ਅਰੰਭ ਕੀਤੀ ਹੈ, ਨਾ ਹੀ ਤੂੰ ਕਿਸੇ ਲੋੜ-ਵੰਦ ਦੀ ਲੋੜ ਪੂਰੀ ਕਰਨ ਵੱਲ ਧਿਆਨ ਦਿੱਤਾ ਹੈ। ਧਰਮ ਗ੍ਰੰਥ ਸੁਣਕੇ ਨਾ ਤੂੰ ਕਾਮ ਦਾ, ਨਾ ਕ੍ਰੋਧ ਦਾ, ਨਾ ਲੋਭ ਦਾ ਤਿਆਗੀ ਹੀ ਬਣਿਆ ਹੈ। ਪਰਾਈ ਨਿੰਦਿਆ ਕਰਨ ਦੀ ਆਦਤ ਦਾ ਵੀ ਤੂੰ ਤਿਆਗ ਨਹੀਂ ਕੀਤਾ, ਇਸ ਲਈ ਸੁਣਨ-ਪੜ੍ਹਨ ਦੀ ਸਾਰੀ ਮਿਹਨਤ ਤੇਰੀ ਬਿਰਥੀ ਹੀ ਗਈ। ਧਰਮ ਸਿੱਖਿਆ ਸੁਣ ਕੇ ਵੀ ਤੂੰ ਪਰਾਏ ਘਰਾਂ ਨੂੰ ਲੁੱਟਦਾ ਤੇ ਡਾਕੇ ਧਾੜੇ ਮਾਰਕੇ ਆਪਣਾ ਪੇਟ ਭਰਨ ਦੇ ਆਹਰ ਵਿੱਚ ਦਿਨ-ਰਾਤ ਤਤਪਰ ਰਹਿੰਦਾ ਹੈਂ। ਸਾਰੀ ਉਮਰ ਮੂਰਖਾਂ ਵਾਲੇ ਕਰਮ ਕਰ ਕਰ ਕੇ ਪ੍ਰਲੋਕ ਵਿੱਚ ਬੇਪਤੀ ਕਰਾਉਣ ਵਾਲੇ ਕਰਮ ਹੀ ਕਰੀ ਜਾ ਰਿਹਾ ਹੈਂ। ਅਜੇ ਤੱਕ ਤੇਰੇ ਹਿਰਦੇ ਵਿੱਚ ਅਹਿੰਸਾ ਵਾਲੀ ਬਿਰਤੀ ਹੀ ਬਣੀ ਹੋਈ ਹੈ, ਜਿਸ ਕਾਰਣ ਤੇਰੇ ਹਿਰਦੇ ਵਿੱਚ ਦਇਆ ਦਾ ਵਾਸਾ ਨਹੀ ਹੋਇਆ ਅਤੇ ਨਾ ਹੀ ਤੂੰ ਸਤਿਸੰਗਤ ਵਿੱਚ ਬੈਠ ਕੇ ਮਨ ਨੂੰ ਪਵਿੱਤ੍ਰ ਕਰਨ ਵਾਲੀ ਪ੍ਰਭੂ ਜਸ ਦੀ ਕਥਾ ਕਰਨੀ ਤੇ ਸੁਣਨੀ ਹੀ ਅਰੰਭ ਕੀਤੀ ਹੈ ਜਿਸ ਕਾਰਣ ਤੇਰਾ ਪੜ੍ਹਿਆ ਸੁਣਿਆ ਬੇਅਰਥ ਹੈ। ਆਪ ਦਾ ਫੁਰਮਾਨ ਹੈ:-

**ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥**
**ਅਨਪਾਵਨੀ ਭਗਤਿ ਨਹੀ ਉਪਜੀ ਭੂਖੇ ਦਾਨ ਨਾ ਦੀਨਾ॥੧॥ਰਹਾਉ॥**
**ਕਾਮ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭ ਨ ਛੂਟਿਓ ਦੇਵਾ॥**
**ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥੧॥**
**ਬਾਟ ਪਾਰਿ ਘਰੁ ਮੂਸ ਬਿਰਾਨੋ ਪੇਟ ਭਰੈ ਅਪ੍ਰਾਧੀ॥**
**ਜਿਤਿ ਪ੍ਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥੨॥**
**ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥**
**ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥੩॥੧॥**

ਪਰਮਾਨੰਦ ਜੀ, ਪੰਨਾ ੧੨੫੩

ਭਗਤ ਕਬੀਰ ਸਾਹਿਬ ਜੀ ਦਾ ਸੋਰਠਿ ਰਾਗ ਅੰਦਰ ਫੁਰਮਾਨ, ਭਗਤ ਪਰਮਾਨੰਦ ਜੀ ਦੇ ਸਿਧਾਂਤ ਦੀ ਪ੍ਰੋੜਤਾ ਕਰਦਾ ਹੈ। ਆਪ ਫੁਰਮਾਨ ਕਰਦੇ ਹਨ, ਹੇ ਮੂਰਖ-ਗਵਾਰ ਮਨੁੱਖ ! ਨਿਰਾ ਵੇਦ-ਪੁਰਾਨ ਆਦਿਕ ਧਰਮ ਗ੍ਰੰਥਾਂ ਨੂੰ ਸੁਣਨ ਤੇ ਪੜ੍ਹਨ ਦਾ ਕੀ ਲਾਭ ਹੈ? ਜੇ ਅਡੋਲ ਅਵਸਥਾ ਦੇ ਮਾਲਿਕ ਪਰਮਾਤਮਾਂ ਦਾ ਮਿਲਾਪ ਪ੍ਰਾਪਤ



ਨਹੀਂ ਹੋਇਆ। ਪ੍ਰਮਾਤਮਾ ਦਾ ਨਾਮ ਜਪ ਕੇ ਇਹ ਅਵਸਥਾ ਪ੍ਰਾਪਤ ਹੋਣੀ ਸੀ ਪਰ ਤੂੰ ਪਰਮਾਤਮਾਂ ਦਾ ਨਾਮ ਜਪਣ ਦੀ ਥਾਂ ਸੋਚਾਂ-ਵੀਚਾਰਾਂ ਵਿੱਚ ਹੀ ਆਪਣਾ ਸਮਾਂ ਅਜਾਈਂ ਗਵਾ ਰਿਹਾ ਹੈਂ। ਆਪ ਦਾ ਪਿਆਰਾ ਬਚਨ ਹੈ:-

**ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥**
**ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥੧॥**

ਕਬੀਰ ਜੀ, ਪੰਨਾ ੬੫੫

ਜਿਵੇਂ ਕਹਾਵਤ ਹੈ "**ਸੌ ਸਿਆਣਿਆਂ ਇੱਕੋ ਮੱਤ**"। ਸਾਰੇ ਤੱਤਵੇਤਿਆਂ ਦੇ ਵੀਚਾਰਾਂ ਦਾ ਅੰਤਰ ਨਹੀਂ ਹੁੰਦਾ। ਭਗਤ ਰਵਿਦਾਸ ਜੀ ਵੀ ਰਾਮਕਲੀ ਰਾਗ ਅੰਦਰ ਫੁਰਮਾਨ ਕਰਦੇ ਹਨ:-

**[1]ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ॥**
**ਲੋਹਾ ਕੰਚਨ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ॥੧॥**
**ਦੇਵ ਸੰਸੈ ਗਾਂਠਿ ਨ ਛੂਟੈ॥**
**ਕਾਮ ਕ੍ਰੋਧ ਮਾਇਆ ਮਦ ਮਤਸਰ**
**ਇਨ ਪੰਚਹੁ ਮਿਲਿ ਲੂਟੇ॥੧॥ਰਹਾਉ॥**

ਰਵਿਦਾਸ ਜੀ, ਪੰਨਾ ੯੭੩

ਗੁਰੂ ਨਾਨਕ ਪਾਤਸ਼ਾਹ ਜੀ ਦੇ ਜੀਵਨ ਕਾਲ ਦੀ ਇੱਕ ਸਾਖੀ ਵਾਚ ਲਈਏ। ਜਿਨ੍ਹਾਂ ਨੇ ਧਿਆਨ ਨਾਲ ਸੁਣਿਆ, ਇੱਕ ਸ਼ਬਦ ਨੇ ਹੀ ਉਨ੍ਹਾਂ ਦੇ ਜੀਵਨ ਵਿੱਚ ਕਿੰਨੀ ਵੱਡੀ ਤਬਦੀਲੀ ਲੈ ਆਂਦੀ।

ਗੁਰੂ ਨਾਨਕ ਦੇਵ ਜੀ ਤੁਲੰਭੇ ਦੀ ਧਰਤੀ ਤੇ ਗਏ। ਉਥੇ ਸੱਜਣ ਨਾਮੀ ਪੁਰਸ਼ ਸੱਜਣਤਾਈ ਦੇ ਭੇਖ ਹੇਠ ਲੋਕਾਂ ਨਾਲ ਠੱਗੀ ਕਰਦਾ ਸੀ ਤੇ ਲੋਕਾਂ ਦਾ ਮਾਲ ਅਸਬਾਬ ਖੋਹ ਕੇ ਉਨ੍ਹਾਂ ਨੂੰ ਜਾਨੋਂ ਮਾਰ ਕੇ ਖੂਹ ਵਿੱਚ ਸੁੱਟ ਦਿੰਦਾ ਸੀ। ਸਤਿਗੁਰੂ ਨਾਨਕ ਪਾਤਸ਼ਾਹ ਉਸ ਦਾ ਭਲਾ ਕਰਨ ਵਾਸਤੇ ਆਪਣੀ ਜਾਨ ਜੋਖਮ ਵਿੱਚ ਪਾ ਕੇ ਉਸ ਦੇ ਪਾਸ ਮਰਦਾਨੇ ਸਮੇਤ ਪੁੱਜੇ। ਉਸ ਨੇ ਸਤਿਗੁਰਾਂ ਨੂੰ ਅਮੀਰ ਜਾਣ ਕੇ ਲੁੱਟਣ ਤੇ ਮਾਰਨ ਦੇ ਅਨੇਕਾਂ ਯਤਨ ਕੀਤੇ ਪਰ ਸੱਜਣ ਸਾਰੇ ਹੀਲੇ ਵਸੀਲਿਆਂ ਵਿੱਚ ਅਸਫਲ ਰਿਹਾ। ਅੱਧੀ ਰਾਤ ਬੀਤ ਗਈ। ਨਾ ਸੱਜਣ ਸੌਵੇਂ ਨਾ ਗੁਰੂ ਨਾਨਕ ਦੇਵ ਜੀ ਅਰਾਮ ਕਰਨ। ਅੱਧੀ ਰਾਤ ਨੂੰ ਸਤਿਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਛੇੜਨ ਲਈ ਕਿਹਾ। ਮਰਦਾਨੇ ਨੇ ਰਬਾਬ ਸੁਰ ਕੀਤੀ ਤੇ ਅਲਾਪ ਅਰੰਭ ਕੀਤਾ। ਅਲਾਪ ਅਰੰਭ ਹੁੰਦੇ ਹੀ

1.ਹੇ ਪਰਮਾਤਮਾ ਅਸੀਂ ਆਪ ਜੀ ਨੂੰ ਮਿਲ ਕੇ ਆਪ ਦਾ ਰੂਪ ਬਣਨ ਲਈ ਧਰਮ ਗ੍ਰੰਥਾਂ ਨੂੰ ਪੜ੍ਹਦੇ ਵੀ ਹਾਂ ਸੁਣਦੇ ਵੀ ਹਾਂ ਤੇ ਵੀਚਾਰ ਵੀ ਕਰਦੇ ਹਾਂ ਪਰ ਆਪ ਨਾਲ ਮਿਲ ਕੇ ਤੁਹਾਡਾ ਰੂਪ ਨਹੀਂ ਬਣ ਸਕੇ। ਕਿਉਂ ਕਿ ਜਿੰਨਾਂ ਚਿਰ ਪਾਰਸ ਪੱਥਰ ਤੇ ਲੋਹੇ ਦੀ ਥੋੜ੍ਹੀ ਆਪਸੀ ਦੂਰੀ ਰਹਿੰਦੀ ਹੈ। ਪਾਰਸ ਲੋਹੇ ਨੂੰ ਸੋਨਾ ਨਹੀਂ ਬਣਾ ਸਕਦਾ। ਤਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ ਤੇ ਸੰਸਿਆਂ ਨੇ ਆਪ ਨਾਲੋਂ ਸਾਡੀ ਆਤਮਾਂ ਦੀ ਦੂਰੀ ਪਾਈ ਹੋਈ ਹੈ।

ਸੱਜਣ ਵੀ ਸਾਵਧਾਨ ਹੋ ਗਿਆ ਤੇ ਪੂਰੇ ਧਿਆਨ ਨਾਲ ਸੁਣਨ ਲੱਗਾ, ਕਿ ਇਹ ਰਾਹਗੀਰ ਕੀ ਕਰਨ ਲੱਗੇ ਹਨ? ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸੱਜਣ ਦੇ ਅੰਦਰ ਦੀ ਹਾਲਤ ਨੂੰ ਸ਼ਬਦ ਦੁਆਰਾ ਆਪਣੇ ਪਾਵਨ ਮੁਖਾਰਬਿੰਦ 'ਚੋਂ ਸੰਸਾਰ ਦੀਆਂ ਸਾਮਰਤਖ ਵਰਤਦੀਆਂ ਉਦਾਹਰਨਾਂ ਦੇ ਕੇ ਉਸ ਦੇ ਅੰਦਰ ਦੀ ਤਸਵੀਰ ਉਸ ਦੇ ਸਾਹਮਣੇ ਰੱਖਣੀ ਅਰੰਭ ਕੀਤੀ। ਜਿਉਂ-ਜਿਉਂ ਸੱਜਣ ਧਿਆਨ ਨਾਲ ਸੁਣਦਾ ਹੈ, ਉਸ ਦਾ ਅੰਦਰਲਾ ਕੰਬਦਾ ਜਾਂਦਾ ਹੈ ਕਿ ਇਹ ਤਾਂ ਸਾਰੀਆਂ ਮੇਰੀਆਂ ਕਰਤੂਤਾਂ ਹੀ ਮੇਰੇ ਸਾਹਮਣੇ ਰੱਖੀਆਂ ਜਾ ਰਹੀਆਂ ਹਨ। ਸਾਹਿਬਾਂ ਦੇ ਉਚਾਰਨ ਕੀਤੇ ਬਚਨ ਸਨ:-

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥**
**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥**
**ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥**
**ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥**
**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍॥**
**ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ੍॥੩॥**
**ਸਿਮਲ ਰੁਖੁ ਸਰੀਰ ਮੈ ਮੈਜਨ ਦੇਖਿ ਭੁਲੰਨਿ੍॥**
**ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍॥੪॥**
**ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥**
**ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥੫॥**
**ਚਾਕਰੀਆਂ ਚੰਗਿਆਈਆ ਅਵਰ ਸਿਆਣਪ ਕਿਤੁ॥**
**ਨਾਨਕ ਨਾਮ ਸਮਾਲਿ ਤੂੰ ਬਧਾ ਛੁਟਹਿ ਜਿਤੁ॥੬॥੧॥੩॥**

ਮ:੧, ਪੰਨਾ ੭੨੯

ਨਿਰੰਕਾਰੀ ਜੋਤ (ਸਤਿਗੁਰੂ ਨਾਨਕ ਦੇਵ ਜੀ) ਸੱਜਣ ਨੂੰ ਗੁਰ ਸ਼ਬਦ ਰਾਹੀਂ ਮੁਖਾਤਬ ਕਰਕੇ ਦਰਸਾ ਰਹੀ ਸੀ ਕਿ ਹੇ ਸਜਣਾ ! ਕੈਂਹੇ ਦਾ ਬਰਤਣ ਬਾਹਰੋਂ ਬੜਾ ਚਮਕਦਾ ਹੈ ਪਰ ਜਦੋਂ ਉਸ ਨੂੰ ਘਸਾਇਆ ਜਾਂਦਾ ਹੈ ਤਾਂ ਉਸ ਦੇ ਅੰਦਰੋਂ ਕਾਲਖ ਨਿਕਲਦੀ ਹੈ। ਕਿਉਂਕਿ ਉਹ ਅੰਦਰੋਂ ਕਾਲਖ ਨਾਲ ਭਰਿਆ ਹੋਇਆ ਹੈ। ਜੇ ਕੈਂਹੇ ਦੇ ਬਰਤਣ ਨੂੰ ਸੈਂਕੜੇ ਵਾਰ ਵੀ ਧੋਤਾ ਜਾਵੇ ਤਦ ਵੀ ਉਸ ਦੇ ਅੰਦਰ ਦੀ ਕਾਲਖ ਦੂਰ ਨਹੀਂ ਹੁੰਦੀ। ਸੱਜਣਾ ! ਸੱਜਣ ਤਾਂ ਉਸ ਨੂੰ ਕਹੀਦਾ ਹੈ ਜੋ ਇਸ ਸੰਸਾਰ ਵਿੱਚ ਵੀ ਸਾਥ ਦੇਵੇ, ਤੇ ਅਗਾਂਹ ਜਦੋਂ ਜੀਵ-ਆਤਮਾ ਪ੍ਰਲੋਕ ਨੂੰ ਜਾਂਦੀ ਹੈ, ਤਦ ਵੀ ਸਹਾਇਕ ਹੋਵੇ। ਜਦੋਂ ਪ੍ਰਭੂ ਦੀ ਦਰਗਾਹ ਅੰਦਰ ਕਰਮਾਂ ਦਾ ਹਿਸਾਬ-ਕਿਤਾਬ ਹੋਵੇ



ਤਦ ਵੀ ਅੰਗ-ਸੰਗ ਹੋ ਕੇ ਸਾਥ ਦੇਵੇ (ਜਿਵੇਂ ਸਤਿਗੁਰੂ ਅਰਜਨ ਦੇਵ ਜੀ ਨੇ ਫੁਰਮਾਨ ਕੀਤਾ ਹੈ)

**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥**
**ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥੧॥**

ਮ:੫, ਪੰਨਾ ੧੧੦੨

ਪਰ ਤੂੰ ਤਾਂ ਇੱਥੇ ਹੀ ਸੱਜਣ ਦਾ ਰੂਪ ਵਿਖਾ ਕੇ ਹਰੇਕ ਨਾਲ ਦੁਸ਼ਮਣੀ ਕਰਦਾ ਹੈਂ। ਉਸ ਨੂੰ ਜਾਨੋਂ ਮਾਰ ਧਨ-ਪਦਾਰਥ ਖੋਹ ਕੇ ਖੂਹ ਵਿੱਚ ਸੁੱਟ ਦਿੰਦਾ ਹੈਂ। ਇਸ ਲਈ ਤੂੰ ਸਜਣ ਕਹਾਉਣ ਦਾ ਅਧਿਕਾਰੀ ਨਹੀਂ ਹੈਂ।

ਸੱਜਣਾ ! ਕੋਠੀਆਂ-ਮਹਿਲਾਂ ਨੂੰ ਬਾਹਰੋਂ ਜਿੰਨੀ ਮਰਜੀ ਚਿਤਰਕਾਰੀ ਨਾਲ ਸੁੰਦਰ ਸਜਾਇਆ ਹੋਵੇ, ਪਰ ਅੰਦਰੋਂ ਖਾਲੀ ਹੋਣ ਕਰਕੇ ਉਹ ਢਹਿ-ਢੇਰੀ ਹੋ, ਕਿਸੇ ਦੇ ਕੰਮ ਨਹੀਂ ਆਉਂਦੀਆਂ।

ਸੱਜਣਾ ! ਜਿਵੇਂ ਤੂੰ ਸਫੈਦ ਬਸਤਰ ਪਹਿਨ ਕੇ ਆਪਣੇ-ਆਪ ਨੂੰ ਧਰਮੀ ਪ੍ਰਗਟ ਕਰਦਾ ਹੈਂ। ਪਰ ਵੇਖ ! ਖੰਭ ਤਾਂ ਬਗਲਿਆਂ ਦੇ ਵੀ ਬਹੁਤ ਸਫੈਦ ਹੁੰਦੇ ਹਨ, ਤੀਰਥਾਂ ਦੀਆਂ ਨਦੀਆਂ ਉੱਪਰ ਵੀ ਨਿਵਾਸ ਕਰਦੇ ਹਨ, ਪਰ ਸੱਜਣਾਂ ! ਮੌਕਾ ਤਾੜ ਕੇ ਮੱਛੀਆਂ, ਡੱਡੂਆਂ ਨੂੰ ਗਲੋਂ ਫੜ੍ਹ, ਗਲਾ ਘੁੱਟ, ਮਾਰ ਕੇ ਖਾ ਜਾਂਦੇ ਹਨ। ਇਸ ਲਈ ਉਨ੍ਹਾਂ ਨੂੰ ਪਵਿਤ੍ਰ ਨਹੀਂ ਕਿਹਾ ਜਾ ਸਕਦਾ।

ਸੱਜਣਾਂ ! ਦਰੱਖਤ ਤਾਂ ਸਿੰਮਲ ਦਾ ਵੀ ਬੜਾ ਸੋਹਣਾ, ਉੱਚਾ-ਲੰਬਾ ਹੁੰਦਾ ਹੈ। ਸਿੰਮਲ ਦਰੱਖਤ ਦੇ ਫ਼ਲ ਤੇ ਫ਼ੁੱਲ ਦੇਖਕੇ ਤੋਤੇ ਧੋਖਾ ਖਾ ਜਾਂਦੇ ਹਨ।

ਪਰ ਸੱਜਣਾਂ ! ਸਿੰਮਲ ਦੇ ਫ਼ਲ ਉਨ੍ਹਾਂ ਦੇ ਕਿਸੇ ਕੰਮ ਨਹੀਂ ਆਉਂਦੇ। ਉਨ੍ਹਾਂ ਵਿੱਚ ਰੂਈਂ ਨੁਮਾ ਅੰਦਰ ਫੂਸ ਭਰਿਆ ਹੁੰਦਾ ਹੈ। ਤਿਵੇਂ ਤੇਰੇ ਪਹਿਰਾਵੇ ਵੱਲ ਵੇਖਕੇ ਲੋਕ ਧੋਖਾ ਖਾ ਕੇ ਤੇਰੇ ਜਾਲ ਵਿੱਚ ਫਸ ਜਾਂਦੇ ਹਨ।

ਸੱਜਣਾਂ ! ਵੀਚਾਰ ਕਰ ਕਿਸੇ ਅੰਧੇ ਮਨੁੱਖ ਨੇ ਆਪਣੇ ਸਿਰ ਉੱਪਰ ਭਾਰੀ ਪੰਡ ਚੁੱਕੀ ਹੋਵੇ ਤੇ ਉਸਨੇ ਤੁਰਨਾ ਵੀ ਪਹਾੜੀ ਰਸਤੇ ਉੱਪਰ ਹੋਵੇ, ਰਸਤਾ ਵੀ ਬਹੁਤ ਲੰਮੇਰਾ ਹੋਵੇ, ਤੂੰ ਹੀ ਦਸ, ਉਸਦੀ ਕੀ ਹਾਲਤ ਹੋਵੇਗੀ? ਅੱਖੀਂ ਦਿਸਦਾ ਨਹੀਂ, ਭਾਰ ਬਹੁਤ ਚੁੱਕਿਆ ਹੋਇਆ ਹੈ। ਕਿਵੇਂ ਉਹ ਆਪਣੀ ਮੰਜ਼ਿਲ ਉੱਪਰ ਪੁੱਜੇਗਾ (ਭਾਵ ਨਹੀਂ ਪੁੱਜ ਸਕਦਾ) ਸੱਜਣਾਂ ਤੂੰ ਵੀ ਆਪਣੇ ਅੰਦਰ ਵੱਲ ਝਾਤੀ ਮਾਰ ਕਿਤੇ ਤੇਰਾ ਵੀ ਉਸ ਅੰਧੇ ਮਨੁੱਖ ਵਾਲਾ ਹਾਲ ਤਾਂ ਨਹੀਂ ਬਣ ਰਿਹਾ? ਗਿਆਨ ਵੈਰਾਗ ਦੇ ਨੇਤ੍ਰਾਂ ਤੋਂ ਵਿਹੂਣਾ ਤੂੰ ਅਗਿਆਨਤਾ ਅਧੀਨ ਬਿਅੰਤ ਪਾਪਾਂ ਦਾ ਬੋਝ ਚੁੱਕੀ ਜਾ ਰਿਹਾ ਹੈ ।

ਹੇ ਸੱਜਣਾਂ ! ਦੁਨੀਆਂ ਦੀਆਂ ਖੁਸ਼ਾਮਦਾਂ, ਤੇਰੀਆਂ ਸਿਆਣਪਾਂ ਤੇ ਧਨ ਪਦਾਰਥ ਪਰਲੋਕ ਦੇ ਮਾਰਗ ਵਿੱਚ ਕਿਸੇ ਕੰਮ ਨਹੀਂ ਆਉਣੀਆਂ।

ਹੇ ਸੱਜਣਾਂ ! ਜੇ ਮਾਇਆ ਮੋਹ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਪ੍ਰਭੂ ਦਰਗਾਹ ਵਿੱਚ ਸੁਰਖਰੂ ਮੁੱਖ ਲੈ ਕੇ ਜਾਣਾ ਚਾਹੁੰਨਾ ਹੈਂ, ਤਾਂ ਤੂੰ ਪਖੰਡ, ਪਾਪ ਤੇ ਵਿਖਾਵਾ ਛੱਡ ਕੇ ਪਰਮਾਤਮਾਂ ਦਾ ਨਾਮ ਜਪ, ਤੇਰਾ ਨਿਸਤਾਰਾ ਹੋ ਜਾਵੇਗਾ।

ਸੱਜਣ ਨੇ ਸਾਰੇ ਸ਼ਬਦ ਨੂੰ ਇਕਾਗਰ ਚਿੱਤ ਹੋ ਕੇ ਬਹੁਤ ਧਿਆਨ ਨਾਲ ਸੁਣਿਆ ਤੇ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਉੱਪਰ ਆ ਢੱਠਾ ਤੇ ਕਹਿਣ ਲੱਗਾ, ਹੇ ਖੁਦਾ ਦੇ ਨੂਰ ! ਤੁਸੀਂ ਇਹ ਸ਼ਬਦ ਨਹੀਂ ਗਾਵਿਆ, ਇਹ ਤਾਂ ਤੁਸੀਂ ਮੇਰੇ ਅੰਦਰ ਦੀ ਤਸਵੀਰ ਮੇਰੇ ਸਾਹਮਣੇ ਸਾਮਰਤਖ ਕੀਤੀ ਹੈ। ਵਾਕਿਆ ਮੇਰਾ ਜੀਵਨ ਇਹੋ ਜਿਹਾ ਦੋਗਲੇ-ਪਨ ਵਾਲਾ ਹੈ। ਅੰਦਰੋਂ ਮੈਂ ਹੋਰ ਹਾਂ, ਬਾਹਰੋਂ ਵਿਖਾਵਾ ਮੈਂ ਕੁਝ ਹੋਰ ਕਰਦਾ ਹਾਂ। ਮੇਰੇ ਅੰਦਰ ਦੀ ਅਸਲੀਅਤ ਦਾ ਲੋਕਾਂ ਨੂੰ ਭਾਵੇਂ ਨਹੀ ਪਤਾ ਪਰ ਤੁਸੀਂ ਜਾਣੀ-ਜਾਣ ਹੋ। ਤੁਸੀਂ ਮੇਰੇ ਅੰਦਰਲੇ ਨੂੰ ਸ਼ਬਦ ਰਾਹੀਂ ਮੂਰਤੀਮਾਨ ਕਰ ਕੇ ਮੈਨੂੰ ਤੁਸੀਂ ਮੇਰੇ ਅੰਦਰ ਦੀ ਤਸਵੀਰ ਵਿਖਾ ਦਿੱਤੀ ਹੈ। ਪਾਤਸ਼ਾਹ ! ਮੈਂ ਆਪਣੇ ਗੁਨਾਹਾਂ ਨੂੰ ਸਵਿਕਾਰ ਕਰਦਾ ਹਾਂ। ਕਿਰਪਾ ਕਰਕੇ ਮੇਰਾ ਉਧਾਰ ਕਰ ਦੇਵੋ ਜੀ।

ਸਤਿਗੁਰਾਂ, ਸੱਜਣ ਨੂੰ ਪਿਛਲੇ ਗੁਨਾਹਾਂ ਦਾ ਪਸ਼ਚਾਤਾਪ ਕਰਨ ਲਈ ਅਤੇ ਅਗਾਹ ਲਈ ਅਜਿਹੇ ਗੁਨਾਹਾਂ ਤੋਂ ਤੋਬਾ ਕਰਨ ਲਈ ਹੁਕਮ ਕੀਤਾ। ਨਾਲ ਹੀ ਸਤਿਗੁਰੂ ਜੀ ਨੇ ਹੁਕਮ ਕੀਤਾ, ਸੱਜਣਾਂ ! ਜਿਨ੍ਹਾਂ ਦੇ ਨਾਂ ਪਤੇ ਯਾਦ ਹਨ, ਉਨ੍ਹਾਂ ਦੀ ਦੌਲਤ ਕਿਸੇ ਹੀਲੇ ਵਸੀਲੇ ਉਨ੍ਹਾਂ ਦੇ ਘਰੀਂ ਪਹੁੰਚਾ ਦੇਹ। ਜੋ ਬਚਦੀ ਮਾਇਆ ਹੈ, ਉਸ ਨਾਲ ਧਰਮਸਾਲ ਬਣਾ ਤੇ ਸੱਚੀਂ ਮੁੱਚੀ ਆਪ ਧਰਮ ਕਮਾ ਤੇ ਲੋਕਾਈ ਨੂੰ ਸਤ ਮਾਰਗ ਦਾ ਪਾਂਧੀ ਬਣਾ। ਉਹ ਸੱਜਣ ਜੋ ਠਗੀ ਤੇ ਦਗਾ ਕਰਕੇ ਲੋਕਾਂ ਨੂੰ ਮਾਰਦਾ ਸੀ, ਗੁਰ ਨਾਨਕ ਪਾਤਸ਼ਾਹ ਜੀ ਦਾ ਇੱਕ ਸ਼ਬਦ ਸੁਣ ਕੇ ਸਹੀ ਅਰਥਾਂ ਵਿੱਚ ਸਜਣ ਬਣ ਕੇ ਲੋਕਾਈ ਨਾਲ ਸਜਣਤਾਈ ਕਰਨ ਲੱਗ ਪਿਆ ਤੇ ਆਤਮਿਕ ਜੀਅ ਦਾਨ ਦੇਣ ਦਾ ਪ੍ਰਚਾਰਕ ਬਣਿਆ।

ਇਸੇ ਤਰਾਂ, ਸਤਿਗੁਰੂ ਨਾਨਕ ਪਾਤਸ਼ਾਹ ਜੀ ਸੰਸਾਰ ਦਾ ਕਲਿਆਣ ਕਰਦੇ ਕਰਦੇ ਢੱਕ ਪ੍ਰਗਣੇ ਪੁੱਜੇ। ਸੰਗਤਾਂ ਨੂੰ ਸੱਚ ਧਰਮ ਦਾ ਉਪਦੇਸ ਦੇ ਕੇ ਸਿੱਧੇ ਰਸਤੇ ਪਾਇਆ। ਸਤਿਗੁਰਾਂ ਦੀ ਸੋਭਾ ਸੁਣ ਕੇ ਇਥੋਂ ਦਾ ਵਸਨੀਕ ਚੌਧਰੀ ਭੂਮੀਆਂ ਜੋ ਇਲਾਕੇ ਵਿੱਚ ਚੌਧਰ ਤੇ ਚੋਰੀ ਦਾ ਕੰਮ ਕਰਦਾ ਤੇ ਕਰਵਾਉਂਦਾ ਸੀ। ਸਤਿਗੁਰਾਂ ਦੇ ਚਰਨਾਂ ਵਿੱਚ ਆ ਹਾਜ਼ਰ ਹੋਇਆ ਤੇ ਆਪਣੀ ਕਲਿਆਣ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਚੋਰੀ ਛੱਡਣ ਵਾਸਤੇ ਕਿਹਾ, ਭੂਮੀਏ ਉੱਤਰ ਦਿੱਤਾ, ਪਾਤਸ਼ਾਹ ! ਮੈਂ ਚੋਰੀ ਨਹੀਂ ਛੱਡ ਸਕਦਾ, ਇਹ ਮੇਰਾ ਜੱਦੀ-ਪੁਸ਼ਤੀ ਕਿੱਤਾ ਹੈ। ਚੋਰੀ ਕਰਨ ਤੇ ਕਰਵਾਉਣ ਤੋਂ ਬਿਨਾਂ, ਮੈਨੂੰ ਹੋਰ ਕੋਈ ਕੰਮ ਆਉਂਦਾ ਹੀ ਨਹੀਂ ਹੈ। ਗੁਜ਼ਾਰਾ ਕਿਵੇਂ ਚੱਲੇਗਾ। ਚੋਰੀ ਛੱਡਣ ਤੋਂ ਬਿਨਾਂ ਹੋਰ ਜੋ ਕੁਝ ਤੁਸੀਂ ਕਹੋਗੇ, ਮੈਂ ਕਰਨ ਨੂੰ ਤਿਆਰ ਹਾਂ। ਪੂਰੇ ਵੈਦ ਸਤਿਗੁਰੂ ਜੀ ਨੇ ਭੂਮੀਏ ਨੂੰ ਉੱਤਰ ਦਿੱਤਾ, ਜੇ ਚੋਰੀ ਨਹੀਂ



ਛੱਡ ਸਕਦਾ, ਤਦ ਸਾਡੇ ਤਿੰਨ ਬਚਨ ਮੰਨ, ਤੇਰੀ ਕਲਿਆਣ ਹੋ ਜਾਵੇਗੀ। ਭੂਮੀਏ ਨੇ ਬੜੀ ਖੁਸ਼ੀ ਨਾਲ ਹਾਂ ਕੀਤੀ। ਸਤਿਗੁਰਾਂ ਹੁਕਮ ਕੀਤਾ, ਭੂਮੀਆਂ ! ਸਭ ਤੋਂ ਪਹਿਲਾਂ ਝੂਠ ਨਾ ਬੋਲੀਂ, ਦੂਸਰੇ ਗਰੀਬ ਮਾਰ ਨਾ ਕਰੀਂ, ਤੀਸਰਾ, ਲੂਣ ਖਾ ਕੇ ਹਰਾਮ ਨਾ ਕਰੀਂ। ਭੂਮੀਏ ਨੇ ਸਤਬਚਨ ਕਿਹਾ। ਭੂਮੀਏ ਨੇ ਸਤਿਗੁਰਾਂ ਦੇ ਤਿੰਨ ਬਚਨ ਸੁਣ ਕੇ ਉਨ੍ਹਾਂ ਦੀ ਕਮਾਈ ਕੀਤੀ, ਭੂਮੀਏ ਦਾ ਉਧਾਰ ਹੋਇਆ। ਭੂਮੀਏ ਦਾ ਉਧਾਰ ਹੀ ਨਹੀਂ ਹੋਇਆ ਭੂਮੀਆ, ਭਾਈ ਭੂਮੀਆ ਬਣ ਕੇ ਸਿੱਖੀ ਦਾ ਪ੍ਰਚਾਰਕ ਬਣਿਆ ਤੇ ਅਨੇਕਾਂ ਨੂੰ ਅਉਗਣਾਂ ਰਹਿਤ ਕਰਕੇ ਸੱਚੇ-ਸੁੱਚੇ ਇਨਸਾਨ ਬਨਾਉਣ ਦਾ ਵਸੀਲਾ ਬਣਿਆ। ਭਾਈ ਭੂਮੀਏ ਦੀ ਦ੍ਰਿੜਤਾ ਤੇ ਕਰਨੀ ਵੇਖ ਕੇ ਰਾਜੇ ਨੇ, ਉਸਨੂੰ ਅਪਣਾ ਸਲਾਹਕਾਰ ਵਜ਼ੀਰ ਥਾਪ ਦਿੱਤਾ ਤੇ ਭਾਈ ਭੂਮੀਏ ਦੀ ਸੰਗਤ ਕਰਕੇ ਰਾਜਾ ਵੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿੱਖ ਬਣ ਗਿਆ। ਸਿੱਖਿਆ ਸੁਣੀ ਸਜਣ ਨੇ, ਸਿੱਖਿਆ ਸੁਣੀ ਭੂਮੀਏ ਨੇ, ਸੁਨਣ ਦੀ ਬਰਕਤ ਨਾਲ ਚੋਰ ਸਾਧ ਬਣ ਗਿਆ। ਠੱਗ ਸੱਜਣ ਬਣ ਗਿਆ।

ਸੋ ਲੋੜ ਹੈ ਸੁਨਣ ਦੀ, ਸਾਡਾ ਸੁਨਣਾ ਕਿਸੇ ਹੋਰ ਤਰ੍ਹਾਂ ਦਾ ਹੈ। ਅਸੀਂ ਗੁਰੂ ਦੇ ਹੁਕਮਾਂ ਨੂੰ ਪੜ੍ਹਦੇ ਵੀ ਹਾਂ, ਸੁਣਦੇ ਵੀ ਹਾਂ ਪਰ ਕਰਦੇ ਫਿਰ ਆਪਣੀ ਮਰਜੀ ਹਾਂ। ਸਾਡੇ ਉੱਪਰ ਤਾਂ ਗੁਰੂ ਰਾਮਦਾਸ ਜੀ ਦਾ ਫੁਰਮਾਨ ਢੁਕਦਾ ਹੈ:-

**ਕਹੈ ਪ੍ਰਭ ਅਵਰੁ ਅਵਰੁ ਕਿਛੁ ਕੀਜੈ**
**ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ॥** ਮ:੪, ਪੰਨਾ ੮੩੬

ਆਪਾਂ ਰੋਜ਼ ਪੜ੍ਹਦੇ ਹਾਂ:-

**ਆਪੇ ਬੀਜਿ ਆਪੇ ਹੀ ਖਾਹੁ॥** ਜਪੁਜੀ, ਪੰਨਾ ੪

ਅਤੇ:-

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥** ਮ:੫, ਪੰਨਾ ੧੩੪

ਪਰ ਕਰਮਾਂ ਦਾ ਬੀਜ ਬੀਜਣ ਵੇਲੇ ਆਪਾਂ ਇਸਦੇ ਉਲਟ ਕਰਦੇ ਹਾਂ। ਪੜ੍ਹਦੇ ਆਪਾਂ ਰੋਜ਼ ਹਾਂ:-

**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉਂ ਘਾਲੀਐ॥**
**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥**
ਆਸਾ ਦੀ ਵਾਰ ਮ:੧, ਪੰਨਾ ੪੭੪

ਪਰ ਮਾੜਾ ਕਰਮ ਕਰਨ ਵੇਲੇ ਗੁਰੂ ਉਪਦੇਸ਼ ਭੁੱਲ ਜਾਂਦੇ ਹਾਂ। ਪੜ੍ਹਦੇ ਸੁਣਦੇ ਆਪਾਂ ਰੋਜ਼ ਹਾਂ:-

**ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥੧॥ਰਹਾਉ॥**
ਮ:੧, ਪੰਨਾ ੭੨੮

ਅਤੇ:-

**ਅਵਰਿ ਕਾਜਿ ਤੇਰੈ ਕਿਤੈ ਨ ਕਾਮ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥** ਮ:੫, ਪੰਨਾ ੧੨

ਪੜ੍ਹਦੇ ਰੋਜ਼ ਹਾਂ:-

**ਏਕੋ ਜਪਿ ਏਕੋ ਸਲਾਹਿ॥ ਏਕ ਸਿਮਰਿ ਏਕੋ ਮਨ ਆਹਿ॥**
**ਏਕਸ ਕੇ ਗੁਨ ਗਾਉ ਅਨੰਤੁ॥ ਮਨਿ ਤਨਿ ਜਾਪਿ ਏਕ ਭਗਵੰਤ॥**
ਮ:੫, ਪੰਨਾ ੨੮੯

ਆਪਾ ਪੜਚੋਲਣ ਦੀ ਲੋੜ ਹੈ, ਕੀ ਆਪਾਂ ਇਹ ਕਰਮ ਕਰਦੇ ਹਾਂ ? ਜੇ ਨਹੀਂ ਕਰਦੇ ਫਿਰ ਸਾਡਾ ਪੜ੍ਹਿਆ ਸੁਣਿਆ ਕਿਸ ਅਰਥ? ਆਪਾਂ ਹਰ ਰੋਜ਼ ਸੰਗਤੀ ਵੀ ਤੇ ਨਿਜੀ ਵੀ ਪੜ੍ਹਦੇ ਹਾਂ ਕਿ:-

**ਸੰਗਤਿ ਕਾ ਗੁਨੁ ਬਹੁਤੁ ਅਧਕਾਈ ਪੜਿ ਸੂਆ ਗਨਕ ਉਧਾਰੇ॥**
ਮ:੪, ਪੰਨਾ ੯੮੧

ਅਤੇ ਬਾਬਾ ਕਬੀਰ ਜੀ ਦਾ ਫੁਰਮਾਨ:-

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥**
**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥੨੩੨॥** ਪੰਨਾ ੧੩੭੭

ਕੀ ਆਪਾਂ ਸਤਸੰਗਤਿ ਕਰਨ ਲਈ ਸਮਾਂ ਕੱਢਦੇ ਹਾਂ? ਜੇ ਸਤਸੰਗਤਿ ਕਰਨ ਲਈ ਸਮਾਂ ਕਢਦੇ ਹਾਂ, ਵਡਭਾਗੀ ਬਣਕੇ ਲਾਹਾ ਖੱਟ ਰਹੇ ਹਾਂ। ਜੇ ਨਹੀਂ ਕਢਦੇ ਫਿਰ ਸਾਡਾ ਪੜ੍ਹਿਆ ਸੁਣਿਆ ਕਿਸ ਕੰਮ ?

ਪੜ੍ਹਦੇ ਆਪਾਂ ਰੋਜ਼ ਹਾਂ, ਕਿ ਪਰਾਇਆ ਹੱਕ ਖਾਣਾ (ਵੱਢੀ ਲੈਣੀ) ਮੁਸਲਮਾਨ ਲਈ ਸੂਰ ਖਾਣ ਤੇ ਹਿੰਦੂ ਲਈ ਗਊ ਖਾਣ ਦੇ ਬਰਾਬਰ ਹੈ। ਕੋਈ ਵਿਰਲਾ ਭਾਗਾਂ ਵਾਲਾ ਹੀ ਇਸ ਸੰਦੇਸ਼-ਉਪਦੇਸ਼ ਨੂੰ ਵਰਤੋ ਵਿੱਚ ਲਿਆਉਂਦਾ ਹੋਵੇਗਾ। ਸਾਹਿਬਾਂ ਦਾ ਹੁਕਮ ਹੈ:-

**ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤ ਭਰੇ ਜਾ ਮੁਰਦਾਰ ਨ ਖਾਇ॥**
ਮ:੧, ਪੰਨਾ ੧੪੧

ਪੜ੍ਹਦੇ ਸੁਣਦੇ ਆਪਾਂ ਹਰ ਰੋਜ਼ ਹਾਂ ਕਿ ਸਾਡੇ ਜੀਵਨ ਦਾ ਮਨੋਰਥ ਪ੍ਰਮਾਤਮਾਂ ਨੂੰ ਮਿਲਣਾ ਹੈ:-

**ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥** ਮ:੫, ਪੰਨਾ ੧੨

ਅਤੇ:-

**ਮਿਲਿ ਜਗਦੀਸ ਮਿਲਨ ਕੀ ਬਰੀਆ॥**
**ਚਿਰੰਕਾਲ ਇਹ ਦੇਹ ਸੰਜਰੀਆ॥** ਮ:੫, ਪੰਨਾ ੧੭੬



ਕੀ ਆਪਾਂ ਨੇ ਆਪਣੇ ਜੀਵਨ ਦਾ ਲਕਸ਼ ਗੋਬਿੰਦ ਮਿਲਣ ਦਾ ਬਣਾਇਆ ਹੈ ? ਸਾਰਾ ਦਿਨ ਤਾਂ ਆਪਾਂ ਮਾਇਆ ਨੂੰ ਇਕੱਤ੍ਰ ਕਰਨਾ ਆਪਣੇ ਜੀਵਨ ਦਾ ਮਨੋਰਥ ਬਣਾ ਰੱਖਿਆ ਹੈ। ਫਿਰ ਪੜ੍ਹਨ-ਸੁਣਨ ਦਾ ਕੀ ਲਾਭ ? ਭਾਵ ਅਨੇਕਾਂ ਗੁਰੂ ਸਿਖਿਆਵਾਂ ਆਪਾਂ ਹਰ ਰੋਜ਼ ਗੁਰਬਾਣੀ ਅੰਦਰ ਪੜ੍ਹਦੇ-ਸੁਣਦੇ ਹਾਂ। ਪਰ ਜਿਵੇਂ ਥਿੰਦੇ ਘੜੇ ਉੱਪਰ ਪਾਣੀ ਪਾਈਏ, ਥੰਧਾ ਘੜਾ ਪਾਣੀ ਦਾ ਅਸਰ ਨਹੀਂ ਕਬੂਲਦਾ। ਜਿਵੇਂ ਪੱਥਰ ਦੇ ਉੱਪਰ ਪਾਣੀ ਦਾ ਅਸਰ ਨਹੀਂ ਹੁੰਦਾ, ਤਿਵੇਂ ਸਾਡਾ ਹਾਲ ਹੈ। ਅਸੀਂ ਇੱਕ ਕੰਨ ਵਿੱਚ ਦੀ ਸੁਣਦੇ ਹਾਂ ਤੇ ਸੁਖੈਨ ਹੀ ਦੂਸਰੇ ਕੰਨ ਵਿੱਚੋਂ ਬਾਹਰ ਕੱਢ ਦਿੰਦੇ ਹਾਂ। ਤਦ ਹੀ ਬਾਬਾ ਕਬੀਰ ਜੀ ਨੇ ਫੁਰਮਾਨ ਕੀਤਾ ਹੈ:-

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥**
ਪੰਨਾ ੧੩੭੨

ਕਾਰਣ ਕੀ ਹੈ? ਸਾਡੇ ਅੰਦਰ ਹੰਕਾਰ ਦੀ ਥਿੰਧਿਆਈ ਹੀ, ਗੁਰੂ ਉਪਦੇਸ਼ ਨੂੰ ਸਾਡੇ ਹਿਰਦੇ ਵਿੱਚ ਪ੍ਰਵੇਸ਼ ਨਹੀਂ ਹੋਣ ਦਿੰਦੀ। ਸਾਹਿਬਾਂ ਦਾ ਬਚਨ ਹੈ:-

**ਅਹੰਬੁਧਿ ਮਨ ਪੂਰਿ ਥਿਧਾਈ॥** ਮ:੫, ਪੰਨਾ ੨੦੦

ਅਸੀਂ ਸੁਣਦੇ ਹੋਏ ਵੀ ਅਣਸੁਣੇ ਦੇ ਬਰਾਬਰ ਹਾਂ। ਹੇਠਲੇ ਦੁਨਿਆਵੀ ਪੱਧਰ ਦੀ ਹੀ ਆਪਾਂ ਵੀਚਾਰ ਕਰੀਏ। ਕੋਈ ਬਾਪ ਮੰਜੇ ਉੱਪਰ ਬੈਠਾ ਆਪਣੇ ਪੁੱਤਰ ਨੂੰ, ਨੂੰਹ ਨੂੰ, ਅਵਾਜ਼ਾਂ ਮਾਰਦਾ ਹੈ, ਕਾਕਾ ! ਮੈਨੂੰ ਪਾਣੀ ਦਾ ਗਿਲਾਸ ਦਿਉ, ਮੈਨੂੰ ਤ੍ਰੇਹ ਲੱਗੀ ਹੈ, ਬੀਬਾ ! ਮੈਨੂੰ ਪਿਆਸ ਲੱਗੀ ਹੈ ਜਲ ਛਕਾਉ। ਪੁੱਤਰ ਤੇ ਨੂੰਹ ਸੁਣਦੇ ਵੀ ਹਨ ਪਰ ਪਿਉ ਨੂੰ ਕੋਈ ਪਾਣੀ ਦਾ ਗਿਲਾਸ ਦੇਣ ਨੂੰ ਤਿਆਰ ਨਹੀਂ, ਆਪਣੇ ਕੰਮਾਂ ਵਿੱਚ ਮਸਤ ਕੰਮ ਕਰੀ ਜਾਂਦੇ ਹਨ। ਅਜਿਹਾ ਸੁਣਨਾ ਕਿਸੇ ਅਰਥ ਨਹੀਂ। ਜੇ ਬਜ਼ੁਰਗ ਦੇ ਪਾਣੀ ਪੀਣ ਦੀ ਅਵਾਜ਼ ਸੁਣ ਕੇ ਪੁੱਤਰ ਜਾਂ ਨੂੰਹ ਉਸ ਬਾਪੂ ਨੂੰ ਪਾਣੀ ਦਾ ਗਿਲਾਸ ਦੇ ਦਿੰਦੇ, ਫਿਰ ਤਾਂ ਉਨ੍ਹਾਂ ਦਾ ਸੁਣਿਆ ਸਾਰਥਿਕ ਸੀ। ਜੇ ਬਾਪੂ ਦੀ ਅਵਾਜ਼ ਸੁਣ ਕੇ ਉਸ ਦੀ ਮੰਗ ਹੀ ਪੂਰੀ ਨਾ ਕੀਤੀ ਫਿਰ ਬਾਪੂ ਦੀ ਅਵਾਜ ਸੁਣੀ ਨਾ ਸੁਣੀ ਇੱਕ ਬਰਾਬਰ ਹੀ ਹੈ। ਸਗੋਂ ਸੁਣ ਕੇ ਅਣਸੁਣੀ ਕਰ ਦੇਣਾ ਦੂਹਰੇ ਪਾਪ ਦੇ ਭਾਗੀ ਬਣਨ ਵਾਲੀ ਗੱਲ ਹੈ।

ਇਸੇ ਤਰ੍ਹਾਂ ਅਸੀਂ ਵੀ ਹਰ ਰੋਜ਼ ਗੁਰੂ ਉਪਦੇਸ਼ ਖੁਦ ਪੜ੍ਹਦੇ ਸੁਣਦੇ ਹਾਂ। ਸੰਗਤ ਵਿੱਚ ਬੈਠ ਕੇ ਵੀ ਗੁਰੂ ਉਪਦੇਸ਼ਾਂ ਨੂੰ ਮੁੜ ਮੁੜ ਸੁਣਿਆ ਤੇ ਦੁਹਰਾਇਆ ਜਾਂਦਾ ਹੈ। ਪਰ ਗੁਰੂ ਉਪਦੇਸ਼ ਸਾਡੇ ਉਪਰਲੇ ਤਲ ਤੱਕ ਹੀ ਰਹਿ ਜਾਂਦੇ ਹਨ, ਜੋ ਸਾਡੇ ਉਪਰਲੇ ਤਲ ਤੋਂ ਛੇਤੀ ਹੀ ਸਾਡੀ ਸਿਮ੍ਰਤੀ ਵਿੱਚੋਂ ਨਿਕਲ ਜਾਂਦੇ ਹਨ। ਸਾਡੇ [1]ਤਲਹੀਅਲ ਤਕ ਉਹ ਪੁਜਦੇ ਹੀ ਨਹੀਂ। ਤਲਹੀਅਲ ਤੱਕ ਪਹੁੰਚਾਣ ਲਈ ਅਸੀਂ ਬਾਰੰ-ਬਾਰ

1. ਧੁਰ (ਮਨ) ਅੰਦਰ

ਗੁਰਬਾਣੀ ਦਾ ਪਾਠ ਪਠਨ ਤੇ ਵੀਚਾਰ ਕਰਨੀ ਹੈ। ਜਿਹੜੀ ਗੱਲ ਸਿਮ੍ਰਤੀ ਵਿੱਚੋਂ ਨਿਕਲ ਜਾਂਦੀ ਹੋਵੇ, ਉਸ ਨੂੰ ਬਾਰ ਬਾਰ ਰਟਨ ਕਰਕੇ ਤਲਹੀਅਲ ਤੱਕ ਪਹੁੰਚਾਉਣੀ ਪੈਂਦੀ ਹੈ। ਬਾਰ ਬਾਰ ਗੁਰੂ ਉਪਦੇਸ਼ (ਗੁਰਬਾਣੀ) ਨੂੰ ਪੜ੍ਹਦਿਆਂ ਸੁਣਦਿਆਂ ਇੱਕ ਦਿਨ ਕੋਈ ਨਾ ਕੋਈ ਗੁਰੂ ਸਿੱਖਿਆ ਸਾਡੇ ਹਿਰਦੇ ਅੰਦਰ ਵਸ ਜਾਵੇਗੀ। ਅਸੀਂ ਉਸ ਗੁਰੂ ਉਪਦੇਸ਼ ਦੇ ਧਾਰਨੀ ਬਣ ਜਾਵਾਂਗੇ। ਫਿਰ:-

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥**

ਜਪੁਜੀ, ਪੰਨਾ ੨

ਦੀ ਦਾਤ ਪ੍ਰਾਪਤ ਹੋ ਜਾਵੇਗੀ ਉਪ੍ਰੰਤ:-

**ਸੁਣਿਆ ਮੰਨਿਆ ਮਨਿ ਕੀਤਾ ਭਾਉ॥**
**ਅੰਤਰ ਗਤਿ ਤੀਰਥਿ ਮਲਿ ਨਾਉ॥** ਜਪੁਜੀ, ਪੰਨਾ ੪

ਦੀਆਂ ਦਾਤਾਂ ਗੁਰੂ ਚਰਨਾਂ ਵਿੱਚੋਂ ਪ੍ਰਾਪਤ ਹੋ ਜਾਣਗੀਆਂ।

ਬਾਬਾ ਜੀ ਨੇ ਗੁਰਬਾਣੀ ਬਾਰੰ-ਬਾਰ ਕਿਉਂ ਪੜ੍ਹਨ ਦੇ ਸਿਧਾਂਤ ਨੂੰ ਸਪਸ਼ਟ ਕਰਨ ਵਾਸਤੇ ਇੱਕ ਸਧਾਰਨ ਜੱਟਕੀ ਜਿਹੀ ਉਦਾਹਰਣ ਦਿੱਤੀ। ਆਪ ਕਹਿਣ ਲੱਗੇ, ਮੇਜਰ ਸਾਹਿਬ ! ਆਪਾਂ ਸਾਰਿਆਂ ਦੇ ਜੀਵਨ ਵਿੱਚ ਕਿਤੇ ਨਾ ਕਿਤੇ ਇਹ ਘਟਨਾ ਜਰੂਰ ਘਟੀ ਹੋਵੇਗੀ ਜਾਂ ਆਪਾਂ ਵੇਖੀ ਹੋਵੇਗੀ। ਪੁਰਣੇ ਸਮੇਂ ਪਾਣੀ ਦੀ ਵਰਤੋਂ ਦਾ ਸਾਧਨ ਖੂਹ ਹੀ ਹੁੰਦੇ ਸਨ। ਖੂਹਾਂ ਵਿੱਚੋਂ ਪਾਣੀ ਬਾਹਰ ਕਢਣ ਵਾਸਤੇ ਹਰ ਮਨੁੱਖ ਡੋਲ ਜਾਂ ਬਾਲਟੀ ਦੇ ਹੈਂਡਲ ਨੂੰ ਰੱਸੀ ਬੰਨ ਕੇ ਖੂਹ ਵਿੱਚ ਸਿੱਟ ਦਿੰਦਾ, ਜਦੋਂ ਪਾਣੀ ਨਾਲ ਡੋਲ ਜਾਂ ਬਾਲਟੀ ਭਰ ਜਾਂਦੀ ਤਾਂ ਇੱਕ ਜਾਂ ਦੋ ਜਣੇ ਰਲ ਕੇ ਪਾਣੀ ਨਾਲ ਭਰੀ ਬਾਲਟੀ ਨੂੰ ਖੂਹ ਵਿੱਚੋਂ ਕੱਢਦੇ ਤੇ ਆਪਣੀ ਲੋੜ ਪੂਰੀ ਕਰਦੇ, ਕਈ ਵਾਰੀ ਲੱਜ (ਰੱਸੀ) ਮਾੜੀ ਹੋਣ ਕਾਰਨ ਲੱਜ ਟੁੱਟ ਕੇ ਡੋਲ ਖੂਹ ਵਿੱਚ ਡਿੱਗ ਜਾਂਦਾ ਤੇ ਚਿੱਕੜ ਵਿੱਚ ਫਸ ਜਾਂਦਾ। ਚਿੱਕੜ ਵਿੱਚ ਫਸੇ ਡੋਲ ਨੂੰ ਬਾਹਰ ਕੱਢਣ ਵਾਸਤੇ ਸਾਡੇ ਵਡਿਆਂ ਨੇ [1]ਕੁੰਡਿਆਂ ਦੇ ਸਾਧਨ ਬਣਾਏ ਹੋਏ ਸਨ, ਉਸ ਕੁੰਡੇ ਦੀ ਪੱਤੀ ਨੂੰ ਇੱਕ ਮਜਬੂਤ ਰੱਸਾ ਬੰਨ ਕੇ ਸਿਆਣੇ ਬੰਦੇ ਉਸ ਲੋਹੇ ਦੇ ਕੁੰਡੇ ਨੂੰ ਖੂਹ ਵਿੱਚ ਸੁੱਟਦੇ ਤੇ ਸਾਰੇ ਖੂਹ ਵਿੱਚ ਥਾਂ-ਪੁਰ-ਥਾਂ ਫੇਰਿਆ ਜਾਂਦਾ। ਕਈ ਵਾਰੀ ਮੁੜ ਦੁਬਾਰਾ ਚਿੱਕੜ ਤੱਕ ਕੁੰਡਾ ਪਹੁੰਚਾਣ ਲਈ ਪਾਣੀ ਚੋਂ ਬਾਹਰ ਕੱਢ ਕੇ ਜੋਰ ਦੀ ਸੁੱਟਿਆ ਜਾਂਦਾ ਜੋ ਹੇਠਾਂ ਚਿੱਕੜ ਵਿੱਚ ਚਲਾ ਜਾਂਦਾ, ਫਿਰ ਸਿਆਣੇ ਉਸ ਕੁੰਢੇ ਨੂੰ ਸਾਰੇ ਖੂਹ ਵਿੱਚ ਬਾਰ ਬਾਰ ਫੇਰਦੇ ਕਈ ਵਾਰੀ ਅੱਧਾ ਅੱਧਾ ਘੰਟਾ ਜਾਂ ਇਸ ਤੋਂ ਵੱਧ ਸਮਾਂ ਇਹ ਕ੍ਰਿਆ ਕਰਨੀ ਪੈਂਦੀ। ਬਾਰ ਬਾਰ ਕੁੰਡੇ ਨੂੰ ਖੂਹ ਵਿੱਚ ਫੇਰਦਿਆਂ ਫੇਰਦਿਆਂ ਡੋਲ ਦੇ ਹੈਂਡਲ ਵਿੱਚ ਕੁੰਡੇ ਦੀ ਇੱਕ ਹੁੱਕ ਫਸ ਜਾਂਦੀ। ਜਦੋਂ ਇੱਕ ਹੁੱਕ ਵੀ ਡੋਲ ਦੇ ਹੈਂਡਲ ਵਿੱਚ ਫਸ ਜਾਵੇ, ਖੂਹ

1. ਇੱਕ ਲੋਹੇ ਦੀ ਮਜਬੂਤ ਪੱਤੀ ਨੂੰ ਸੁਰਾਖ ਕਰ ਕੇ ਉਸ ਵਿੱਚ ਲੋਹੇ ਦੀਆਂ ਹੁੱਕਾਂ ਬਣਾ ਕੇ ਪਾਈਆਂ ਹੁੰਦੀਆਂ ਸਨ। ਕਿਸੇ ਵਿੱਚ ਇੱਕੀ ਕਿਸੇ ਵਿੱਚ ਪੰਜਾਹ-ਪੰਜਾਹ ਹੁੱਕਾਂ ਜੜੀਆਂ ਹੁੰਦੀਆਂ ਸਨ। ਉਸ ਨੂੰ ਕੁੰਡਾ ਕਿਹਾ ਜਾਂਦਾ ਸੀ।



ਦੇ ਚਿੱਕੜ ਵਿੱਚ ਫਸੇ ਡੋਲ ਨੂੰ ਉਹ ਖੂਹ ਚੋਂ ਬਾਹਰ ਕੱਢਣ ਦਾ ਵਸੀਲਾ ਬਣਦੀ ਹੈ। ਜੇ ਇਹ ਤਰੀਕਾ ਨਾ ਅਪਣਾਇਆ ਜਾਵੇ, ਖੂਹ ਵਿੱਚ ਡਿੱਗਿਆ ਡੋਲ ਕਦੇ ਵੀ ਖੂਹ 'ਚੋਂ ਬਾਹਰ ਨਹੀਂ ਨਿਕਲ ਸਕਦਾ।

ਤਿਵੇਂ ਆਪਾਂ ਹਰ ਰੋਜ਼ ਬਾਰੰ-ਬਾਰ ਗੁਰਬਾਣੀ ਪੜ੍ਹਾਂਗੇ, ਨਿਤਨੇਮ ਕਰਾਂਗੇ ਤੇ ਸੁਣਾਂਗੇ। ਹਰ ਰੋਜ਼ ਬਾਣੀ ਪੜ੍ਹਦਿਆਂ, ਬਾਣੀ ਸੁਣਦਿਆਂ, ਗੁਰੂ ਦੀ ਬਾਣੀ ਦੀ ਕੋਈ ਇੱਕ ਸਿੱਖਿਆ ਵੀ ਸਾਡੇ ਹਿਰਦੇ ਅੰਦਰ ਘਰ ਕਰ ਗਈ। ਸਾਡੀ ਆਤਮਾਂ ਜੋ **"ਪਾਣੀ ਪਾਵਕ ਤਿਨਹਿ ਕੀਆ, ਪੰਕਜ ਮੋਹ ਪਗ ਨਹੀ ਚਾਲੈ"** ਦੇ ਅੰਦਰ ਫਸੀ ਹੋਈ ਹੈ। ਗੁਰਬਾਣੀ ਦੀ ਇੱਕ ਹੀ ਸਿੱਖਿਆ ਸੁਣ ਕੇ, ਮੰਨ ਕੇ:-

**ਅੰਧ ਕੂਪ ਮਾਇਆ ਮਨੁ ਗਾਡਿਆ**
**ਕਿਉ ਕਰਿ ਉਤਰਉ ਪਾਰਿ ਸੁਆਮੀ॥੧॥** ਮ:੧, ਪੰਨਾ ੮੭੬

ਦੀ ਅਵਸਥਾ ਵਿੱਚ ਗ੍ਰਸੇ ਜੀਵ ਨੂੰ ਅੰਧ-ਘੋਰ ਸੰਸਾਰ ਖੂਹ ਵਿੱਚੋਂ ਨਿਯਾਤ ਦਿਵਾਉਣ ਦਾ ਵਸੀਲਾ ਬਣੇਗੀ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

**ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ॥**
**ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ॥੨੧॥**

ਮ:੫, ਪੰਨਾ ੯੬੬

ਮੇਜਰ ਸਾਹਿਬ ਕਹਿਣ ਲੱਗੇ ਬਾਬਾ ਜੀ ! ਇਹ ਜਟਕੀ ਜਿਹੀ ਮਿਸਾਲ ਜੋ ਤੁਸੀਂ ਖੂਹ ਵਿੱਚੋਂ ਕੁੰਡੇ ਨਾਲ ਡੋਲ ਕੱਢਣ ਦੀ ਦਿੱਤੀ ਹੈ, ਇਸ ਨੇ ਮੈਨੂੰ ਗੁਰਬਾਣੀ ਬਾਰ-ਬਾਰ ਕਿਉਂ ਪੜ੍ਹਨੀ ਹੈ ਤੇ ਨਿੱਤਨੇਮ ਹਰ ਰੋਜ਼ ਕਿਉਂ ਕਰਨਾ ਹੈ? ਇਸ ਦੀ ਰਮਜ਼ ਸਮਝਾ ਦਿੱਤੀ ਹੈ। ਹੁਣ ਨਿੱਤਨੇਮ ਤੇ ਕਰਨਾ ਹੀ ਹੈ ਨਾਲ ਹੀ ਸਹਿਜ ਪਾਠ ਦੇ ਰੂਪ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਰੰਭ ਕਰਾਂਗਾ ਤੇ ਵੀਚਾਰ ਕੇ ਪੜ੍ਹਾਂ ਤੇ ਸੁਣਾਂਗਾ। ਨਿੱਤ ਨਵੀਂ ਸਿੱਖਿਆ ਪੜ੍ਹਨ ਨਾਲ ਸ਼ਾਇਦ ਗੁਰੂ ਉਪਦੇਸ ਦਾ ਕਿਨਕਾ ਮਾਤਰ ਮੇਰੇ ਹਿਰਦੇ ਵਿੱਚ ਵੀ ਵੱਸ ਜਾਵੇ ਤੇ ਮੈਂ ਵੀ ਗੁਰੂ ਕ੍ਰਿਪਾ ਦਾ ਪਾਤਰ ਬਣ ਜਾਵਾਂ।

ਆਪਾਂ ਨੂੰ ਉਪਰਲੀ ਵੀਚਾਰ ਤੋਂ ਸਿੱਖਿਆ ਪ੍ਰਾਪਤ ਕਰਨ ਦੀ ਲੋੜ ਹੈ। ਪੜ੍ਹਿਆ ਸੁਣਿਆ ਉਸ ਦਾ ਹੀ ਸਫਲਾ ਹੈ ਜੋ ਸੁਣ ਕੇ ਉਸ ਨੂੰ ਆਪਣੇ ਹਿਰਦੇ ਵਿੱਚ ਵਸਾ, ਉਸ ਸਿੱਖਿਆ ਅਨੁਸਾਰ ਆਪਣਾ ਜੀਵਨ ਬਣਾ ਲੈਂਦਾ ਹੈ।

# ਟਾਈਮ ਦੀ ਪਾਬੰਦੀ

ਬਾਬਾ ਜੀ ਦੇ ਜੀਵਨ ਵਿੱਚ ਟਾਈਮ ਦੀ ਪਾਬੰਦੀ ਦੀ ਇੱਕ ਬਹੁਤ ਵੱਡੀ ਵਿਸ਼ੇਸ਼ਤਾਈ ਸੀ। ਜਦੋਂ ਉਹ ਕਿਸੇ ਨੂੰ ਮਿਲਣ ਦਾ ਜਾਂ ਕਿਸੇ ਦੇ ਘਰ ਸਮਾਗਮ ਤੇ ਪੁੱਜਣ ਦਾ ਟਾਈਮ ਦੇ ਦੇਣ ਤਾਂ ਆਪ ਦਾ ਸਿਰਤੋੜ ਯਤਨ ਹੁੰਦਾ ਕਿ ਦਿੱਤੇ ਹੋਏ ਟਾਈਮ ਤੇ ਜਰੂਰ ਪੁੱਜ ਜਾਈਏ ਅਤੇ ਸਾਰੀ ਉਮਰ ਇਸ ਪ੍ਰਣ ਵਿੱਚ ਸਫਲ ਵੀ ਰਹੇ। ਬਹੁਤ ਹੀ ਮਜਬੂਰੀ ਕਾਰਣ ਜੇ ਕਿਤੇ ਦਸ ਪੰਦਰਾਂ ਮਿੰਟ ਲੇਟ ਹੋ ਵੀ ਜਾਣ ਤਾਂ ਜਾਂਦਿਆ ਹੀ ਘਰਦਿਆਂ ਜਾਂ ਜੁੰਮੇਵਾਰ ਸੱਜਣਾਂ ਨੂੰ ਮਜਬੂਰੀ ਦਾ ਕਾਰਨ ਦੱਸ ਕੇ ਖਿਮਾ ਮੰਗ ਲੈਣੀ।

ਜੂਨ ਜੁਲਾਈ ਦੇ ਮਹੀਨੇ ਵਿੱਚ ਜਦੋਂ ਪਹਿਲਾਂ ਨਾਮ ਅਭਿਆਸ ਹੁੰਦਾ ਸੀ। ਉਸ ਸਮਾਗਮ ਵਿੱਚ ਹਰ ਸਾਲ ਦੀ ਤਰ੍ਹਾਂ ਪਿੰਡ ਰਸੂਲਪੁਰ ਤੋਂ ਨੰਬਰਦਾਰ ਚੰਨਣ ਸਿੰਘ ਜੀ ਵੀ ਪ੍ਰਵਾਰ ਸਮੇਤ ਆਏ। ਸਾਰਾ ਸਮਾਗਮ ਲੰਗਰ ਦੀ ਸੇਵਾ ਕੀਤੀ। ਆਖਰੀ ਦਿਨ ਜਾਣ ਲੱਗਿਆਂ ਨੰਬਰਦਾਰ ਹੋਰਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਮੈਂ ਇੱਕ ਸਹਿਜ ਪਾਠ ਕੀਤਾ ਹੋਇਆ ਹੈ। ਉਸ ਦਾ ਅਗਲੇ ਹਫਤੇ ਭੋਗ ਪਾਉਣਾ ਹੈ। ਕ੍ਰਿਪਾ ਕਰਕੇ ਤੁਸੀਂ ਵੀ ਉਸ ਦਿਨ ਦਸ ਕੁ ਵਜੇ ਦਰਸ਼ਨ ਦੇਣੇ। ਬਾਬਾ ਜੀ ਨੇ ਡਾਇਰੀ ਵਿੱਚ ਭੋਗ ਦਾ ਦਿਨ ਜੋ ਨੀਯਤ ਕੀਤਾ ਸੀ, ਨੋਟ ਕਰ ਲਿਆ।

### *ਮੂਸਲਾਧਾਰ ਬਾਰਸ਼ ਹੋਣੀ*

ਦੇਵ ਨੇਤ ਨਾਲ, ਜਿਸ ਦਿਨ ਸਹਿਜ ਪਾਠ ਦੇ ਭੋਗ ਤੇ ਰਸੂਲਪੁਰ ਹਾਜ਼ਰੀ ਭਰਨ ਜਾਣਾ ਸੀ, ਉਸ ਤੋਂ ਇੱਕ ਦਿਨ ਪਹਿਲਾਂ ਬਾਰਸ਼ ਸ਼ੁਰੂ ਹੋ ਗਈ। ਬਾਰਸ਼ ਇੰਨੀ ਪਈ ਕਿ ਚੋਆਂ ਵਿੱਚ ਹੜ੍ਹ ਆ ਗਏ ਤੇ ਅਜੇ ਬਾਰਸ਼ ਹਟਣ ਦੇ ਆਸਾਰ ਕੋਈ ਨਜ਼ਰ ਨਹੀਂ ਆ ਰਹੇ ਸਨ।

ਹਰ ਰੋਜ ਦੀ ਤਰ੍ਹਾਂ, ਬਾਬਾ ਜੀ ਨੇ ਸੰਗਤ ਸਮੇਤ ਸਵੇਰ ਦਾ ਨਿੱਤਨੇਮ ਕੀਤਾ ਤੇ ਜਲ ਪਾਣੀ ਛਕਿਆ ਤੇ ਭਾਈ ਬਲਵੰਤ ਸਿੰਘ ਨੂੰ ਕਿਹਾ ਕਿ ਤੂੰ ਸੜਕ ਉੱਪਰ ਜਾਹ ਤੇ ਪਤਾ ਕਰਕੇ ਆ ਕਿ ਬੱਸਾਂ ਚਲਦੀਆਂ ਹਨ ਕਿ ਨਹੀਂ। ਬਲਵੰਤ ਸਿੰਘ ਨੇ ਆਪਣੇ ਉੱਪਰ ਬਰਸਾਤੀ ਲਈ ਤੇ ਸਾਈਕਲ ਉੱਪਰ ਸਵਾਰ ਹੋ ਕੇ ਗੋਂਦਪੁਰ ਨੂੰ ਗਿਆ ਤੇ ਜਲਦੀ ਹੀ ਮੁੜ ਵਾਪਸ ਆ ਗਿਆ ਤੇ ਬਾਬਾ ਜੀ ਨੂੰ ਆ ਕੇ ਕਹਿਣ ਲੱਗਾ, ਬਾਬਾ ਜੀ ! ਅੱਜ ਬੱਸ ਤਾਂ ਕੀ ਆਉਣੀ ਹੈ, ਸਗੋਂ ਰਾਤ ਦੀਆਂ ਦੋ ਬੱਸਾਂ ਚੋਅ ਕਿਨਾਰੇ ਖੜੀਆਂ ਹਨ। ਸਾਰੇ ਚੋਆਂ ਵਿੱਚ ਪਾਣੀ ਬਹੁਤ ਆਇਆ ਹੋਇਆ ਹੈ। ਚੋਅ ਵਿੱਚ ਪਾਣੀ ਘਟਣ ਦੀ ਥਾਂ ਸਗੋਂ ਵੱਧਦਾ ਹੀ ਜਾਂਦਾ ਹੈ। ਆਪ ਕਹਿਣ ਲੱਗੇ, ਅੱਜ ਅਸੀਂ



ਰਸੂਲਪੁਰ ਸਹਿਜ ਪਾਠ ਦੇ ਭੋਗ ਤੇ ਹਾਜ਼ਰੀ ਭਰਨ ਜਾਣਾ ਸੀ। ਸੰਗਤ ਵਿਚੋਂ ਇੱਕ ਦੋਂਹ ਨੇ ਉੱਤਰ ਦਿੱਤਾ, ਬਾਬਾ ਜੀ ! ਮੀਂਹ ਉੱਧਰ ਵੀ ਪੈ ਹੀ ਰਿਹਾ ਹੈ, ਉਹ ਆਪੇ ਸਮਝ ਲੈਣਗੇ ਕਿ ਇਹੋ ਜਿਹੇ ਮੌਸਮ ਵਿੱਚ ਕਿਤੇ ਵੀ ਪੁੱਜਿਆ ਨਹੀਂ ਜਾ ਸਕਦਾ। ਬਾਬਾ ਜੀ ਕਹਿਣ ਲੱਗੇ, ਅਸੀਂ ਦਸ ਵਜੇ ਪੁੱਜਣ ਦਾ ਬਚਨ ਦਿੱਤਾ ਹੋਇਆ ਹੈ।

### *ਬਾਬਾ ਜੀ ਨੇ ਬਾਰਸ਼ ਪੈਂਦੀ ਤੇ ਪੈਦਲ ਤੁਰ ਕੇ ਪੁੱਜਣ ਦਾ ਫੈਸਲਾ ਕਰਨਾ*

ਬਾਬਾ ਜੀ ਕਹਿਣ ਲੱਗੇ, ਜੇ ਬੱਸਾਂ ਨਹੀਂ ਚਲਦੀਆਂ ਤਾਂ ਆਪਾਂ ਪੈਦਲ ਤੁਰ ਕੇ ਚਲੇ ਜਾਂਦੇ ਹਾਂ। ਆਪਾਂ ਆਪਣਾ ਯਤਨ ਤਾਂ ਕਰ ਵੇਖੀਏ, ਜੇ ਚੋਅ ਦੇ ਪਾਣੀ ਨੇ ਲੰਘਾਈ ਦੇ ਦਿੱਤੀ, ਤਦ ਸਹਿਜੇ ਸਹਿਜੇ ਦਸ ਨਹੀਂ ਤੇ ਗਿਆਰਾਂ ਵਜੇ ਜਰੂਰ ਪੁੱਜ ਜਾਵਾਂਗੇ। ਬਾਕੀ ਸੰਗਤ ਨੂੰ ਕਿਹਾ ਕਿ ਤੁਸੀਂ ਇਥੇ ਹੀ ਠਹਿਰੋ, ਮੈਂ ਸੇਵਾ ਸਿੰਘ ਨੂੰ ਨਾਲ ਲੈ ਜਾਂਦਾ ਹਾਂ। ਮੈਂ, ਬਾਬਾ ਜੀ ਦੇ ਤੇ ਆਪਣੇ ਕੱਪੜੇ ਇੱਕ ਬਰਸਾਤੀ ਨੁਮਾ ਝੋਲੇ ਵਿੱਚ ਪਾ ਲਏ ਤੇ ਜੋੜੇ ਇੱਕ ਪਰਨੇ ਵਿੱਚ ਬੰਨ ਕੇ ਝੋਲੇ ਦੀਆਂ ਤਣੀਆਂ ਨਾਲ ਬੰਨ ਕੇ ਮੋਢੇ ਦੇ ਅੱਗੇ ਪਿਛੇ ਲਟਕਾ ਲਏ। ਬਾਰਸ਼ ਤੋਂ ਬਚਣ ਲਈ ਬਾਬਾ ਜੀ ਨੇ ਫੌਜੀਆਂ ਵਾਲੀ ਬਰਸਾਤੀ ਆਪਣੇ ਉੱਪਰ ਲੈ ਲਈ। ਡੇਰੇ ਵਿੱਚ ਉਸ ਸਮੇਂ ਇੱਕ ਛਤਰੀ ਜੋ ਬਾਰਸ਼ ਤੋਂ ਬਚਾਉ ਲਈ ਰੱਖੀ ਸੀ, ਉਸ ਨੂੰ ਤਾਣ ਕੇ ਮੈਂ ਆਪਣੇ ਹੱਥ ਵਿੱਚ ਫੜ ਲਿਆ। ਸਾਢੇ ਕੁ ਅੱਠ ਵਜੇ ਚੱਲੇ (ਉਸ ਸਮੇਂ ਨਾ ਪੱਕੀਆਂ ਸੜਕਾਂ ਹੁੰਦੀਆਂ ਸਨ ਤੇ ਨਾ ਹੀ ਇੱਕ ਦੂਜੇ ਨੂੰ ਆਦੇਸ਼ ਸੰਦੇਸ਼ ਪੁਹੰਚਾਉਣ ਦਾ ਕੋਈ ਸਾਧਨ ਸੀ) ਹਰ ਪਾਸੇ ਪਾਣੀ ਹੀ ਪਾਣੀ ਤੇ ਮਿੱਟੀ ਦੀ ਦਲਦਲ ਬਣੀ ਹੋਈ ਸੀ। ਘੁੰਮਾਰ ਤੇ ਗੰਡਗਡੋਇਆਂ ਨਾਲ ਸਾਰੀ ਜਮੀਨ ਭਰੀ ਪਈ ਸੀ।

### *ਅਸੀਂ ਦੋਵੇਂ ਸਕਰਾਲੇ ਦੇ ਚੋਅ ਕੰਢੇ ਪੁੱਜੇ*

ਬਾਬਾ ਜੀ ਅੱਗੇ ਅੱਗੇ ਮੈਂ ਪਿੱਛੇ ਪਿੱਛੇ ਕਿਤੇ ਰਾਹੇ ਰਾਹ ਕਿਤੇ ਸ਼ੌਟ-ਕੱਟ ਬੰਨਿਆਂ ਉੱਪਰ ਦੀ ਚਲਦੇ ਪਿੰਡ ਸਕਰਾਲੇ ਦੇ ਚੋਅ ਕੰਢੇ ਪੁੱਜ ਗਏ। ਹੜ੍ਹ ਨਾਲ ਚੋਅ ਲੱਫਾਂ ਮਾਰਦਾ ਸੀ। ਕੁਝ ਚਿਰ ਅਸੀਂ ਕਿਨਾਰੇ ਤੇ ਖੜੇ ਰਹੇ। ਦੂਜੇ ਪਾਸੇ ਪਿੰਡ ਦੇ ਲੋਕ ਚੋਅ ਦੇ ਕਿਨਾਰੇ ਬਾਰਸ਼ ਹੁੰਦੀ ਵਿੱਚ ਖਲੋਤੇ "**ਬਲਿਹਾਰੀ ਕੁਦਰਤਿ ਵਸਿਆ।। ਤੇਰਾ ਅੰਤੁ ਨ ਜਾਈ ਲਖਿਆ॥**" ਦਾ ਅਨੰਦ ਮਾਣ ਰਹੇ ਸਨ। ਉਨ੍ਹਾਂ ਵਿੱਚੋ ਤਿੰਨ ਚਾਰ ਤਾਰੂ ਨੌਜਵਾਨ ਸਨ, ਜੋ ਵਗਦੇ ਚੋਅ ਦੇ ਹੜ੍ਹ ਵਿੱਚ ਆਪਣੀ ਤੈਰਾਕੀ ਦੇ ਲੋਕਾਂ ਨੂੰ ਜੌਹਰ ਵਿਖਾਲਦੇ ਸਨ। ਉਹ ਤਿੰਨੇ ਜਣੇ ਤਰ ਕੇ ਸਾਡੇ ਵਾਲੇ ਪਾਸੇ ਆ ਗਏ ਤੇ ਕਹਿਣ ਲੱਗੇ, [1]ਬਾਪੂ ਜੀ ! ਤੁਸੀਂ ਅਜਿਹੀ ਬਾਰਸ਼ ਤੇ ਹੜ੍ਹਾਂ ਵਿੱਚ

1. ਕਿਉਂਕਿ ਅਜੇ ਤੱਕ ਬਾਬਾ ਜੀ ਬਹੁਤਾ ਸੰਗਤ ਵਿੱਚ ਵਿਚਰਦੇ ਨਹੀਂ ਸਨ ਇਸ ਲਈ ਉਨ੍ਹਾਂ ਬਾਪੂ ਜੀ ਕਿਹਾ ਤੇ ਉਨ੍ਹਾਂ ਨੂੰ ਪਤਾ ਵੀ ਨਹੀਂ ਸੀ ਕਿ ਇਹ ਸੰਤ ਬਾਬਾ ਹਰਨਾਮ ਸਿੰਘ ਜੀ ਹਨ।

ਕਿਹੜੀ ਬਿਪਤਾ ਭੁੰਚਣ ਤੁਰੇ ਹੋਏ ਹੋ ਤੇ ਤੁਸੀਂ ਕਿੱਥੇ ਜਾਣਾ ਹੈ?

ਬਾਬਾ ਜੀ ਨੇ ਉੱਤਰ ਦਿੱਤਾ, ਜਵਾਨੋਂ! ਅਸੀਂ ਰਸੂਲਪੁਰ ਪਿੰਡ ਸਹਿਜ ਪਾਠ ਦੇ ਭੋਗ ਤੇ ਪੁੱਜਣਾ ਹੈ। ਬਾਰਸ਼ ਤੇ ਹੜ੍ਹਾਂ ਕਾਰਣ ਬੱਸਾਂ ਬੰਦ ਹਨ। ਅਸੀਂ ਸੋਚਿਆ ਕਿ ਪੈਦਲ ਤੁਰ ਕੇ ਚਲੇ ਜਾਂਦੇ ਹਾਂ। ਉਨ੍ਹਾਂ ਨੌਜਵਾਨਾਂ ਨੇ ਉੱਤਰ ਦਿੱਤਾ, ਕੀ ਤੁਸੀਂ ਇਸ ਹੜ੍ਹ ਵਿੱਚੋਂ ਲੰਘ ਜਾਵੋਗੇ?

ਬਾਬਾ ਜੀ ਕਹਿਣ ਲੱਗੇ, ਜੇ ਲੰਘ ਸਕਦੇ ਹੁੰਦੇ ਤਾਂ ਕਿਨਾਰੇ ਕਿਉਂ ਖਲੋਂਦੇ? ਤੁਸੀਂ ਨੌਜਵਾਨ ਹੋ ਨਾਲੇ ਤਾਰੂ ਹੋ, ਸਾਡੀ ਮਦਦ ਕਰੋ, ਸਾਨੂੰ ਵਾਰੀ ਵਾਰੀ ਹੜ੍ਹ ਚੋਂ ਪਾਰ ਕਰਾ ਦਿਉ। ਗੁਰੂ ਤੁਹਾਨੂੰ ਹੋਰ ਬਲ ਬਖਸ਼ੇ। ਉਨ੍ਹਾਂ ਨੇ ਹੌਸਲਾ ਕੀਤਾ, ਇੱਕ ਨੌਜਵਾਨ ਅੱਗੇ ਅੱਗੇ ਤੁਰ ਪਿਆ ਜੋ ਦੱਸਦਾ ਜਾਂਦਾ ਸੀ ਕਿ ਇੱਧਰ ਪਾਣੀ ਡੂੰਘਾ ਹੈ ਇੱਧਰ ਪਾਣੀ ਘੱਟ ਹੈ। ਉਸ ਦੇ ਪਿੱਛੇ ਦੋ ਨੌਜਵਾਨ ਇੱਕ ਬਾਬਾ ਜੀ ਦੇ ਸੱਜੇ, ਇੱਕ ਖੱਬੇ, ਬਾਹਾਂ ਫੜ ਕੇ ਉਨ੍ਹਾਂ ਬਾਬਾ ਜੀ ਨੂੰ ਚੋਅ ਦੇ ਹੜ੍ਹ ਚੋਂ ਪਾਰ ਕਰ ਦਿੱਤਾ। ਇਸੇ ਤਰ੍ਹਾਂ ਹੀ ਉਨ੍ਹਾਂ ਵਾਪਸ ਆ ਕੇ ਮੈਨੂੰ ਪਾਰਲੇ ਕੰਢੇ ਲਾ ਦਿਤਾ। ਲੱਕ ਲੱਕ ਤੱਕ ਪਾਣੀ ਕਛਹਿਰੇ ਸਮੇਤ ਸਾਡੇ ਸਾਰੇ ਕੱਪੜੇ ਪਾਣੀ ਨਾਲ ਭਿੱਜ ਗਏ, ਸੁੱਕੇ ਤਾਂ ਪਹਿਲਾਂ ਵੀ ਨਹੀਂ ਸਨ ਪਰ ਹੁਣ ਪਾਣੀ ਵਿੱਚ ਦੀ ਲੰਘਣ ਨਾਲ ਕੱਪੜੇ ਹੋਰ ਭਾਰੇ ਹੋ ਗਏ। ਬਾਬਾ ਜੀ ਨੇ ਨੌਜਵਾਨਾਂ ਦਾ ਧੰਨਵਾਦ ਕੀਤਾ ਤੇ ਅਸੀਂ ਅਗਲੇ ਸਫਰ ਲਈ ਚੱਲ ਪਏ।

### *ਰਸੂਲਪੁਰ ਪੁੱਜ ਜਾਣਾ*

ਰਸਤੇ ਵਿੱਚ ਤਿੰਨ ਹੋਰ ਛੋਟੀਆਂ-ਛੋਟੀਆਂ ਚੋਈਆਂ ਆਈਆਂ ਜਿਨ੍ਹਾਂ ਨੂੰ ਪਾਰ ਕਰਕੇ ਅਸੀਂ ਤਕਰੀਬਨ ਦਸ ਵਜੇ ਤੋਂ ਪਹਿਲਾਂ ਪਿੰਡ ਰਸੂਲਪੁਰ ਸ: ਚੰਨਣ ਸਿੰਘ ਹੋਰਾਂ ਦੇ ਘਰ ਪੁੱਜ ਗਏ। ਉਹ ਨਿਸਚਿੰਤ ਹੋ ਕੇ ਮੰਜਿਆਂ ਉੱਪਰ ਬੈਠੇ ਪੈਂਦੇ ਮੀਂਹ ਦਾ ਅਨੰਦ ਮਾਣਦੇ ਗੱਲਾਂ-ਬਾਤਾਂ ਕਰ ਰਹੇ ਸਨ। ਜਦੋਂ ਉਨ੍ਹਾਂ ਨੇ ਅਜਿਹੇ ਮੌਸਮ ਵਿੱਚ ਬਾਬਾ ਜੀ ਨੂੰ ਘਰ ਪੁੱਜਦਿਆਂ ਤੱਕਿਆ ਤਾਂ ਉਹ ਹੱਕੇ-ਬੱਕੇ ਰਹਿ ਗਏ। ਸਾਰਿਆਂ ਨਾਲ ਫਤਹਿ ਦੀ ਸਾਂਝ ਕੀਤੀ ਤੇ ਬਾਬਾ ਜੀ ਨੇ ਕਿਹਾ ਕਿ ਨੰਬਰਦਾਰ ਜੀ ! ਬੱਸਾਂ ਬੰਦ ਸਨ, ਅਸੀਂ ਤੁਰ ਕੇ ਪੈਦਲ ਹੀ ਆਏ ਹਾਂ। ਬਾਬਾ ਜੀ ਨੇ ਪੁੱਛਿਆ ਕਿ ਕੜਾਹ ਪ੍ਰਸ਼ਾਦ ਦੀ ਦੇਗ ਬਣਾਈ ਹੈ ਜਾਂ ਅਜੇ ਬਨਾਉਣੀ ਹੈ। ਉਨ੍ਹਾਂ ਉੱਤਰ ਦਿੱਤਾ, ਬਾਬਾ ਜੀ! ਮੌਸਮ ਰਾਤ ਦਾ ਹੀ ਬਹੁਤ ਖਰਾਬ ਸੀ, ਲਗਾਤਾਰ ਬਾਰਸ਼ ਹੋਣ ਕਰਕੇ ਅਸੀਂ ਅੰਦਾਜ਼ਾ ਲਾ ਲਿਆ ਕਿ ਆਪ ਜੀ ਨਹੀਂ ਆਵੋਗੇ। ਬਾਬਾ ਜੀ ਕਹਿਣ ਲੱਗੇ, ਤੁਹਾਡੇ ਨਾਲ ਬਚਨ ਕੀਤਾ ਹੋਇਆ ਸੀ, ਨਾ ਪੁੱਜਦੇ ਤਾਂ ਮਨ ਉੱਪਰ ਬੋਝ ਬਣਿਆ ਰਹਿਣਾ ਸੀ। ਚਲੋ! ਤੁਸੀਂ ਦੇਗ ਤਿਆਰ ਕਰੋ। ਸਾਡੇ ਕੱਪੜੇ ਸਾਰੇ ਮਿੱਟੀ ਵਾਲੇ ਪਾਣੀ ਨਾਲ ਭਰੇ ਹੋਏ ਹਨ, ਅਸੀਂ ਇਸ਼ਨਾਨ ਕਰ ਲੈਂਦੇ ਹਾਂ। ਫਿਰ ਗੁਰੂ ਮਹਾਰਾਜ ਜੀ ਦੀ ਹਾਜ਼ਰੀ ਭਰਾਂਗੇ। ਉੱਧਰ ਗ੍ਰੰਥੀ ਸਿੰਘ ਨੇ ਦੇਗ ਬਨਾਉਣੀ ਅਰੰਭ ਕਰ ਦਿੱਤੀ ਤੇ ਇੱਧਰ ਬਾਬਾ ਜੀ ਤੇ ਦਾਸ ਨੇ ਇਸ਼ਨਾਨ ਕਰਕੇ ਝੋਲੇ ਵਿਚੋਂ ਸੁੱਕੇ ਕੱਪੜੇ ਕੱਢ ਕੇ



ਪਹਿਨ ਲਏ। ਥੋੜ੍ਹਾ ਜਲ-ਪਾਣੀ ਛਕਣ ਉਪ੍ਰੰਤ ਸਹਿਜ ਪਾਠ ਦਾ ਭੋਗ ਪਾ ਕੇ ਪ੍ਰਸ਼ਾਦਾ ਛਕਿਆ।

ਨੰਬਰਦਾਰ ਹੋਰਾਂ ਨੇ ਬਾਬਾ ਜੀ ਪਾਸੋਂ ਖੇਚਲ ਲਈ ਖਿਮਾਂ ਮੰਗੀ। ਆਪ ਜੀ ਕਹਿਣ ਲੱਗੇ, ਖੇਚਲ ਕਾਹਦੀ? ਅਸੀਂ ਤੁਹਾਡੇ ਪਾਸ ਪੁੱਜ ਗਏ ਹਾਂ। ਖੇਚਲ ਤਾਂ ਤਦ ਹੋਣੀ ਸੀ ਜੇ ਦਿੱਤੇ ਬਚਨ ਅਨੁਸਾਰ ਅਸੀਂ ਤੁਹਾਡੇ ਪਾਸ ਨਾ ਪੁੱਜਦੇ। ਗੁਰੂ ਮਹਾਰਾਜ ਜੀ ਦਾ ਧੰਨਵਾਦ ਹੈ ਕਿ ਸਤਿਗੁਰਾਂ ਨੇ ਪਿੰਡ ਸਕਰਾਲੇ ਦੇ ਚੋਅ ਵਿਚੋਂ ਪਾਰ ਲੰਘਾਉਣ ਦਾ ਬਿਧ-ਬਹਾਨਾ ਬਣਾ ਦਿੱਤਾ। ਥੋੜ੍ਹਾ ਬਚਨ-ਬਿਲਾਸ ਕਰਕੇ ਦੋ ਘੰਟੇ ਅਰਾਮ ਕੀਤਾ। ਬਾਰਸ਼ ਕੁਝ ਘਟ ਗਈ ਸੀ। ਬਾਬਾ ਜੀ ਨੇ ਸ਼ਾਮ ਨੂੰ ਮੁੜ ਵਾਪਸ ਗੁਰਦੁਆਰਾ ਸਾਹਿਬ ਜਾਣ ਦੀ ਪ੍ਰਵਾਰ ਪਾਸੋਂ ਆਗਿਆ ਮੰਗੀ। ਪਰ ਸਾਰੇ ਪ੍ਰਵਾਰ ਨੇ ਬੜੀ ਨਿਮ੍ਰਤਾ ਨਾਲ ਬੇਨਤੀ ਕੀਤੀ ਕਿ ਆਪ ਜੀ ਇੰਨਾ ਲੰਮਾ ਪੈਂਡਾ ਬਾਰਸ਼ ਵਿੱਚ ਚੱਲ ਕੇ ਆਏ ਹੋ, ਰਾਤ ਸਾਡੇ ਪਾਸ ਹੀ ਠਹਿਰਨ ਦੀ ਕਿਰਪਾ ਕਰੋ, ਨਾਲ ਹੀ ਅਸੀਂ ਆਪ ਦੀ ਸੰਗਤ ਦਾ ਹੋਰ ਲਾਹਾ ਲੈ ਲਵਾਂਗੇ। ਸ਼ਾਇਦ ਰਾਤ ਨੂੰ ਬਾਰਸ਼ ਹਟ ਜਾਵੇ ਤਾਂ ਆਪ ਜੀ ਨੂੰ ਸਵੇਰੇ ਬੱਸੇ ਬਿਠਾ ਦੇਵਾਂਗੇ।

ਪ੍ਰਵਾਰ ਦੀ ਬੇਨਤੀ ਮਨ ਕੇ ਰਾਤ ਪਿੰਡ ਰਸੂਲਪੁਰ ਹੀ ਰਹੇ। ਸਵੇਰੇ ਇਸ਼ਨਾਨ ਪਾਣੀ ਕਰ ਨਿੱਤਨੇਮ ਵਿੱਚ ਹਾਜਰੀ ਭਰ, ਜਲ ਪਾਣੀ, ਛੱਕ ਛਕਾ ਕੇ, ਨੰਬਰਦਾਰ ਹੋਰਾਂ ਨੇ ਸਾਨੂੰ ਦੋਵਾਂ ਨੂੰ ਟਾਂਡੇ ਤੋਂ ਦਸੂਹੇ ਲਈ ਬੱਸੇ ਬਿਠਾ ਦਿੱਤਾ। ਮੁੜ ਦਸੂਹੇ ਤੋਂ ਬੱਸ ਲੈ ਕੇ ਗੜ੍ਹਦੀਵਾਲਾ ਉਤਰ ਕੇ, ਕੁਝ ਪੈਦਲ ਸਫਰ ਕਰ ਅਸੀਂ ਅਗਲੇ ਦਿਨ ਬਾਰਾਂ ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਪੁੱਜ ਗਏ। ਆਪ ਜੀ ਨੇ ਸਾਰਾ ਜੀਵਨ, ਦਿੱਤੇ ਹੋਏ ਟਾਇਮ ਦੀ ਪਾਬੰਦੀ ਵਿੱਚ ਰਹਿ ਕੇ ਬਤੀਤ ਕੀਤਾ। ਕਦੀ ਵੀ ਕਿਸੇ ਵੀ ਪ੍ਰੇਮੀ ਨੂੰ ਇਹ ਕਹਿਣ ਦਾ ਸਮਾਂ ਨਹੀਂ ਦਿੱਤਾ ਕਿ ਤੁਸੀਂ ਲੇਟ ਹੋ। ਆਪ ਜੀ ਹਮੇਸ਼ਾ ਤਾਕੀਦ ਕਰਦੇ ਕਿ ਜੇ ਕਿਸੇ ਨੂੰ ਅੱਠ ਵਜੇ ਦਾ ਟਾਈਮ ਦਿੱਤਾ ਹੈ ਤਾਂ ਅੱਠ ਦਾ ਮਤਲਬ ਅੱਠ ਹੀ ਹੋਣਾ ਚਾਹੀਦਾ ਹੈ। ਅੱਠ ਦਾ ਭਾਵ ਦਸ ਜਾਂ ਨੌਂ ਨਹੀਂ ਹੋਣਾ ਚਾਹੀਦਾ ਹੈ। ਆਪ ਜੀ, ਅੰਗਰੇਜ਼ ਲੋਕਾਂ ਦੀ ਉਦਾਹਰਣ ਦਿਆ ਕਰਦੇ ਸਨ। ਜਿਨ੍ਹਾਂ ਕੌਮਾਂ ਨੇ ਤੱਰਕੀ ਕੀਤੀ, ਰਾਜ ਭਾਗ ਕੀਤਾ, ਉਨ੍ਹਾਂ ਟਾਈਮ ਦੀ ਪਾਬੰਦੀ ਜਰੂਰ ਰੱਖੀ। ਕਿਸੇ ਅੰਗਰੇਜ਼ ਨੇ ਤੁਹਾਨੂੰ ਮਿਲਣ ਦਾ ਜਾਂ ਤੁਹਾਡੇ ਘਰ ਆਉਣ ਦਾ ਟਾਈਮ ਦਿੱਤਾ ਹੋਵੇ ਉਹ ਪੰਜ ਮਿੰਟ ਪਹਿਲਾਂ ਤੁਹਾਡੇ ਦਰਵਾਜੇ ਤੇ ਪੁੱਜ ਜਾਵੇਗਾ ਤੇ ਪੂਰੇ ਟਾਈਮ ਤੇ ਤੁਹਾਡੇ ਬੂਹੇ ਨੂੰ ਦਸਤਕ ਦੇਵੇਗਾ। ਟਾਈਮ ਦੀ ਪਾਬੰਦੀ ਬਹੁਤ ਵੱਡਾ ਗੁਣ ਹੈ। ਟਾਈਮ ਦੀ ਪਾਬੰਦੀ ਮਨੁੱਖ ਦੀ ਪ੍ਰਤੀਤੀ ਬਨਾਉਂਦੀ ਹੈ। ਕਈ ਵਾਰੀ ਇੱਕ ਮਿੰਟ ਦੀ ਅਣਗਹਿਲੀ ਤੁਹਾਡੇ ਲਈ ਵੱਡੇ ਪਛਤਾਵੇ ਦਾ ਕਾਰਣ ਬਣ ਸਕਦੀ ਹੈ। ਜਿਹੜਾ ਮਨੁੱਖ ਟਾਈਮ ਦੀ ਕਦਰ ਕਰਦਾ ਹੈ, ਉਹ ਆਪਣੇ ਜੀਵਨ ਵਿੱਚ ਸਫਲਤਾ ਪ੍ਰਾਪਤ ਕਰਦਾ ਹੈ।

## *ਟਾਈਮ ਦੀ ਪਾਬੰਦੀ ਦੀ ਇੱਕ ਹੋਰ ਘਟਨਾ*

ਇਸੇ ਪ੍ਰਕਾਰ ਟਾਈਮ ਦੀ ਪਾਬੰਦੀ ਦੀ ਇੱਕ ਹੋਰ ਘਟਨਾ ਆਪ ਜੀ ਨਾਲ ਸਾਂਝੀ ਕਰਨ ਲੱਗਾ ਹਾਂ। ਸ੍ਰੀਮਾਨ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੇ ਐਮਰਜੈਂਸੀ ਦੇ ਸਮੇਂ ਦੌਰਾਨ ਜਿਸ ਵੇਲੇ ਕੋਈ ਆਪਣੀ ਜੁਬਾਨ ਨਹੀਂ ਖੋਹਲ ਸਕਦਾ ਸੀ ਉਸ ਵੇਲੇ ਸਿੱਖ ਕੌਮ ਵਿੱਚ ਜਾਗ੍ਰਤੀ ਲਿਆਉਣ, ਗੁਰਮਤਿ ਦਾ ਪ੍ਰਚਾਰ ਕਰਨ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਲੋਕਾਈ ਵਿੱਚ ਤਾਜਾ ਕਰਨ ਹਿੱਤ, ਸਾਰੇ ਪੰਜਾਬ ਵਿੱਚ ਥਾਵਾਂ-ਥਾਵਾਂ ਤੇ 37 ਨਗਰ ਕੀਰਤਨ ਕੱਢਣ ਦੀ ਯੋਜਨਾ ਬਣਾਈ। ਬਾਬਾ ਜੀ ਨੇ ਇਨ੍ਹਾਂ ਨਗਰ ਕੀਰਤਨਾਂ ਵਿਚੋਂ ਬਹੁਤਿਆਂ ਵਿੱਚ ਹਿੱਸਾ ਲਿਆ। ਇਸੇ ਕੜੀ ਤਹਿਤ 17 ਅਕਤੂਬਰ ਨੂੰ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਤੋਂ ਗੜ੍ਹਦੀਵਾਲਾ, ਟਾਂਡਾ-ਦਸੂਹਾ-ਮਿਆਣੀ-ਉੜਮੁੜ-ਕੰਧਾਲਾ ਸਰਾਂ, ਸੀਕਰੀ-ਭੂੰਗਾ ਹੋ ਕੇ ਮੁੜ ਗੁਰਦੁਆਰਾ ਸਾਹਿਬ ਪੁੱਜਣ ਦਾ, ਨਗਰ ਕੀਰਤਨ ਦਾ ਰਸਤਾ ਤੈਅ ਕੀਤਾ ਗਿਆ। ਪੰਦਰਾਂ ਦਿਨ ਪਹਿਲਾਂ ਹੀ ਨਗਰਾਂ ਵਿੱਚ ਪ੍ਰਚਾਰ ਅਰੰਭ ਕਰ ਦਿੱਤਾ ਦੇ ਸੰਗਤਾਂ ਨੂੰ ਦਰਸਾ ਦਿੱਤਾ ਕਿ ਪੂਰੇ 8 ਵਜੇ ਸਵੇਰੇ ਨਗਰ ਕੀਰਤਨ ਰਵਾਨਾ ਹੋਵੇਗਾ ਕਿਉਂਕਿ ਰਸਤਾ ਲੰਬੇਰਾ ਹੈ।

ਬਹੁਤ ਸਾਰੀਆਂ ਸੰਗਤਾਂ, ਕਾਰਾਂ ਜੀਪਾਂ, ਟਰਾਲੀਆਂ ਤੇ ਟਰੱਕਾਂ ਸਮੇਤ 16 ਅਕਤੂਬਰ ਰਾਤ ਤੱਕ ਪੁੱਜ ਗਈਆਂ। ਬਾਬਾ ਜੀ ਤੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ, ਰਾਤ ਨੂੰ ਅੱਠ ਕੁ ਵਜੇ ਸਾਰੇ ਪ੍ਰਬੰਧ ਦਾ ਜਾਇਜ਼ਾ ਲੈਣ ਗਏ। ਖ਼ਾਲਸਾ ਜੀ, ਬਾਬਾ ਜੀ ਨੂੰ ਸੰਬੋਧਨ ਕਰ ਕੇ ਕਹਿਣ ਲੱਗੇ, ਬਾਬਾ ਜੀ! ਸੰਗਤ ਤਾਂ ਬਿਅੰਤ ਆ ਗਈ ਹੈ ਭਾਵੇਂ ਆਪਾਂ ਹੁਣੇ ਨਗਰ ਕੀਰਤਨ ਅਰੰਭ ਕਰ ਲਈਏ। ਬਾਬਾ ਜੀ ਨੇ ਖ਼ਾਲਸਾ ਜੀ ਨੂੰ ਉੱਤਰ ਦਿੱਤਾ ਕਿ ਸੰਗਤਾਂ ਵਿੱਚ ਸਤਿਗੁਰਾਂ ਪ੍ਰਤੀ ਅਥਾਹ ਸ਼ਰਧਾ ਤੇ ਪਿਆਰ ਹੈ। ਇਸ ਉਤਸ਼ਾਹ ਤੇ ਭਾਵਨੀ ਨੂੰ ਸੰਭਾਲਣ ਦੀ ਲੋੜ ਹੈ। ਇਸ ਪ੍ਰਕਾਰ ਬਚਨ ਬਿਲਾਸ ਕਰਦੇ ਬਾਬਾ ਜੀ, ਸੰਤ ਕਰਤਾਰ ਸਿੰਘ ਜੀ ਖ਼ਾਲਸਾ ਸਮੇਤ ਉਸ ਕਮਰੇ ਪਾਸ ਪੁੱਜ ਗਏ ਜਿੱਥੇ ਖ਼ਾਲਸਾ ਜੀ ਦੀ ਰਿਹਾਇਸ਼ ਸੀ। ਬਾਬਾ ਜੀ, ਸੰਤ ਕਰਤਾਰ ਸਿੰਘ ਜੀ ਨੂੰ ਪੁੱਛਣ ਲੱਗੇ ਖ਼ਾਲਸਾ ਜੀ! ਨਗਰ ਕੀਰਤਨ ਤੁਰਨ ਦਾ ਠੀਕ ਟਾਈਮ ਕਿਹੜਾ ਹੈ? ਸੰਤ ਕਰਤਾਰ ਸਿੰਘ ਜੀ ਖ਼ਾਲਸਾ ਕਹਿਣ ਲੱਗੇ ! ਆਪਾਂ ਸੰਗਤਾਂ ਨੂੰ ਅੱਠ ਵਜੇ ਦਾ ਟਾਈਮ ਦਿੱਤਾ ਹੈ। ਸੰਗਤਾਂ ਦੇ ਪੁੱਜਦਿਆਂ ਨੌ ਵਜ ਜਾਣੇ ਹਨ, ਆਪਾਂ 9:30 ਵਜੇ ਚੱਲ ਪਵਾਂਗੇ। ਬਾਬਾ ਜੀ, ਖ਼ਾਲਸਾ ਜੀ ਨੂੰ ਕਹਿਣ ਲੱਗੇ! ਨਗਰਾਂ ਵਿੱਚ ਅਸੀਂ ਵੀ ਤੇ ਆਪ ਜੀ ਨੇ ਵੀ ਅੱਠ ਵਜੇ ਨਗਰ ਕੀਰਤਨ ਦੀ ਰਵਾਨਗੀ ਸੰਗਤਾਂ ਨੂੰ ਦਰਸਾਈ ਹੈ। ਸੰਗਤ ਨੂੰ ਜੋ ਟਾਈਮ ਦਿੱਤਾ ਹੈ ਉਸੇ ਦੀ ਪਾਬੰਧੀ ਰੱਖਣੀ ਚਾਹੀਦੀ ਹੈ। ਜਿਹੜੀ ਸੰਗਤ ਪਿੱਛੋਂ ਆਵੇਗੀ ਉਹ ਆਪੇ ਬਾਅਦ ਵਿੱਚ ਰਲ ਜਾਵੇਗੀ।



ਆਖਰ ਪੂਰੇ ਅੱਠ ਵਜੇ ਚੱਲਣ ਦਾ ਫੈਸਲਾ ਤੈਅ ਹੋ ਗਿਆ। ਬਾਬਾ ਜੀ ਤੇ ਖ਼ਾਲਸਾ ਜੀ ਨੇ ਲੰਗਰ ਪ੍ਰਸ਼ਾਦ ਛੱਕਿਆ ਤੇ ਆਪੋ-ਆਪਣੇ ਟਿਕਾਣਿਆਂ ਤੇ ਅਰਾਮ ਕਰਨ ਚਲੇ ਗਏ।

ਦੋਵਾਂ ਮਹਾਂਪੁਰਸ਼ਾਂ ਨੇ ਆਪਣੇ ਹਰ ਰੋਜ਼ ਦੇ ਨੇਮ ਅਨੁਸਾਰ, ਆਪਣਾ ਨਿੱਤਨੇਮ ਕੀਤਾ। ਬਾਬਾ ਜੀ ਨੇ ਸਾਢੇ ਸੱਤ ਵਜੇ ਤੋਂ ਪਹਿਲਾਂ ਨਿੱਤਨੇਮ ਕਰ, ਦਸਤਾਰ ਸਜਾ ਕੇ ਤਿਆਰ ਹੋ ਗਏ। ਪੰਜ ਦਸ ਮਿੰਟ ਵਿੱਚ ਜਲ ਪਾਣੀ ਛੱਕਣ ਉਪ੍ਰੰਤ ਪੌਣੇ ਅੱਠ ਵਜੇ ਆਪ ਜੀ ਸਿੰਘਾਂ ਸਮੇਤ ਖ਼ਾਲਸਾ ਜੀ ਦੇ ਕਮਰੇ ਮੂਹਰੇ ਜਾ ਖਲੋਤੇ। ਖ਼ਾਲਸਾ ਜੀ ਦਸਤਾਰ ਸਜਾਉਂਦੇ ਸਨ। ਸਿੰਘਾਂ ਨੇ ਜਦੋਂ ਖ਼ਾਲਸਾ ਜੀ ਨੂੰ ਦੱਸਿਆ ਤਾਂ ਉਹ ਦਸਤਾਰ ਸਜਾਉਂਦੇ ਦਰਵਾਜੇ ਵੱਲ ਨੂੰ ਆ ਗਏ। ਬਾਬਾ ਜੀ ਨੂੰ ਖ਼ਾਲਸਾ ਜੀ ਕਹਿਣ ਲੱਗੇ ਕਿ ਤੁਸੀਂ ਅੰਦਰ ਆ ਜਾਵੋ। ਆਪ ਜੀ ਕਹਿਣ ਲੱਗੇ! ਤੁਸੀਂ ਤਸੱਲੀ ਨਾਲ ਦਸਤਾਰ ਸਜਾਵੋ, ਅਜੇ ਪੰਦਰਾਂ ਮਿੰਟ ਸਮਾਂ ਰਹਿੰਦਾ ਹੈ। ਅਸੀਂ ਗੁਰੂ ਮਹਾਂਰਾਜ ਜੀ ਦੇ ਸੁਖਆਸਣ ਅਸਥਾਨ ਤੇ ਚੱਲੇ ਹਾਂ, ਤੁਸੀਂ ਉੱਥੇ ਆ ਜਾਣਾ, ਇਕੱਠੇ ਅਰਦਾਸ ਕਰਕੇ ਸਤਿਗੁਰਾਂ ਦਾ ਸਰੂਪ ਲੈ ਚਲਾਂਗੇ। ਖ਼ਾਲਸਾ ਜੀ ਨੇ ਕਾਹਲੀ ਕਾਹਲੀ ਰਹਿੰਦੀ ਦਸਤਾਰ ਸਜਾਈ। ਇੱਕ ਸਿੰਘ ਨੂੰ ਕਿਹਾ ਕਿ ਗਰਮ ਜਲ ਕੌਲੀ ਵਿੱਚ ਪਾ ਕੇ ਠੰਢਾ ਕਰ ਦੇਵੇ ਤਾਂ ਜੋ ਆਪਾਂ ਛੇਤੀ ਜਲ ਪਾਣੀ ਛਕ ਕੇ, ਬਾਬਾ ਜੀ ਨਾਲ ਰਲ ਜਾਈਏ ਅਤੇ ਨਾਲ ਹੀ ਆਪ ਜੀ ਕਹਿਣ ਲੱਗੇ, ਸਿੰਘੋ! ਵੇਖੋ, ਬਾਬਾ ਜੀ ਸਾਥੋਂ ਕਿੰਨੇ ਬਜੁਰਗ ਹਨ, ਫਿਰ ਵੀ ਸਾਥੋਂ ਪਹਿਲਾਂ ਤਿਆਰ ਹੋ ਕੇ ਸਤਿਗੁਰਾਂ ਦੇ ਹਜ਼ੂਰ ਪੁੱਜ ਗਏ ਹਨ। ਖ਼ਾਲਸਾ ਜੀ ਵੀ ਸਮੇਂ ਸਿਰ ਪੁੱਜ ਗਏ। ਸੰਗਤਾਂ ਤਾਂ ਪਹਿਲਾਂ ਹੀ ਤਿਆਰੀ ਕਰੀ ਬੈਠੀਆਂ ਸਨ। ਪੂਰੇ ਅੱਠ ਵਜੇ ਅਰਦਾਸ ਕਰਕੇ ਸਤਿਗੁਰਾਂ ਦਾ ਸਰੂਪ ਪਾਲਕੀ ਸਾਹਿਬ ਵਿੱਚ ਸ਼ਸ਼ੋਤਤ ਕਰਨ ਲਈ, ਦੋਵੇਂ ਮਹਾਂਪੁਰਖ ਤੇ ਸੰਗਤਾਂ ਚੱਲ ਪਈਆਂ।

ਨਗਰ ਕੀਰਤਨ ਦੇ ਰਵਾਨਾ ਹੋਣ ਦੀ ਅਰਦਾਸ ਕੀਤੀ ਤਾਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੇ ਬਾਬਾ ਜੀ ਨੂੰ ਕਿਹਾ ਕਿ ਬਾਬਾ ਜੀ! ਇਹ ਪਹਿਲਾ ਨਗਰ ਕੀਰਤਨ ਹੈ ਜਿਸ ਵਿੱਚ ਅਸੀਂ ਸੰਗਤਾਂ ਨੂੰ ਦਿੱਤੇ ਟਾਈਮ ਅਨੁਸਾਰ ਰਵਾਨਾ ਹੋ ਰਹੇ ਹਾਂ। ਨਹੀਂ ਤੇ ਬਦੋ-ਬਦੀ ਘੰਟਾ ਡੇਢ ਘੰਟਾ, ਜੋਰ ਲਾਉਂਦਿਆਂ ਵੀ ਦੇਰੀ ਹੋ ਜਾਂਦੀ ਹੈ। ਬਾਬਾ ਜੀ ਕਹਿਣ ਲੱਗੇ, ਆਪਾਂ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਜੋ ਸੰਗਤ ਨੂੰ ਟਾਈਮ ਦੇਈਏ ਉਸੇ ਉੱਪਰ ਪੂਰਾ ਪਹਿਰਾ ਦੇਈਏ। ਦੋ ਚਾਰ ਵਾਰ ਤੁਸੀਂ ਟਾਈਮ ਦੀ ਪਾਬੰਦੀ ਕਰ ਲਵੋ, ਸੰਗਤਾਂ ਨੂੰ ਵੀ ਪਤਾ ਲੱਗ ਜਾਣਾ ਹੈ। ਉਸੇ ਅਨੁਸਾਰ ਸੰਗਤ ਵੀ ਸਮੇਂ ਦੀ ਪਾਬੰਦ ਬਣ ਜਾਂਦੀ ਹੈ। ਸਮੇਂ ਨਾਲ ਨਗਰ ਕੀਰਤਨ ਦੀ ਸਮਾਪਤੀ ਹੋ ਗਈ।

ਅਗਾਂਹ ਜਿਸ ਜਿਸ ਨਗਰ ਕੀਰਤਨ ਵਿੱਚ ਵੀ ਬਾਬਾ ਜੀ ਸ਼ਾਮਲ ਹੋਣ ਲਈ ਸ਼ਾਮ ਨੂੰ ਪੁੱਜਦੇ। ਖ਼ਾਲਸਾ ਜੀ ਸਾਰੇ ਸਿੰਘਾਂ ਨੂੰ ਤੇ ਸੰਗਤ ਨੂੰ ਉਚੇਚਾ ਸੁਚੇਤ ਕਰ

ਦਿੰਦੇ ਕਿ ਸੰਤ ਬਾਬਾ ਹਰਨਾਮ ਸਿੰਘ ਜੀ ਆ ਗਏ ਹਨ। ਪੂਰੇ ਟਾਈਮ ਨਾਲ ਨਗਰ ਕੀਰਤਨ ਰਵਾਨਾਂ ਹੋ ਜਾਵੇਗਾ। ਕਿਸੇ ਦੀ ਵੀ ਉਡੀਕ ਨਹੀਂ ਕੀਤੀ ਜਾਵੇਗੀ ਤੇ ਨਾਲ ਆਪ ਜੀ ਬਿਲਾਸ ਨਾਲ ਬਾਬਾ ਜੀ ਨੂੰ ਕਹਿੰਦੇ ਕਿ ਜਿੱਥੇ ਤੁਹਾਡੀ ਸੰਗਤ ਕਰਕੇ ਸਿਮਰਨ ਦੀ ਘਾਟ ਪੂਰੀ ਕੀਤੀ ਹੈ, ਉਥੇ ਤੁਹਾਡੇ ਪਾਸੋਂ ਟਾਈਮ ਦੀ ਪਾਬੰਦੀ ਦਾ ਗੁਣ ਵੀ ਸਿੱਖਿਆ ਹੈ। ਦੋਵਾਂ ਮਹਾਂਪੁਰਖਾਂ ਦਾ ਅੱਤ ਦਾ ਸਨੇਹ ਸੀ। ਮਹਾਂਪੁਰਖਾਂ ਦੇ ਜੀਵਨ ਦੀਆ ਘਟਨਾਵਾਂ ਪੜ੍ਹ ਸੁਣ ਕੇ ਸਾਨੂੰ ਵੀ ਸਮੇਂ ਦੀ ਪਾਬੰਦੀ ਦਾ ਗੁਣ ਧਾਰਨ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।



# ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ

ਬਾਬਾ ਜੀ ਦੇ ਨਗਰ ਪਿੰਡ ਧੁੱਗਾ ਕਲਾਂ ਤੋਂ ਭਾਈ ਗੁਰਬਖਸ਼ ਸਿੰਘ ਜੋ ਪਿੰਡ ਸੱਗਰਾਂਵਾਲੀ (ਨਜ਼ਦੀਕ ਭੋਗਪੁਰ) ਵਿਆਹੇ ਹੋਏ ਸਨ। ਆਪ ਜੀ ਬਾਬਾ ਜੀ ਦੀ ਸੰਗਤ ਕਰਕੇ ਸਾਰਾ ਪ੍ਰਵਾਰ ਅੰਮ੍ਰਿਤਧਾਰੀ ਬਣ ਗਿਆ। ਇਨ੍ਹਾਂ ਦਾ ਸਾਲਾ ਗੁਰਬਚਨ ਸਿੰਘ ਜੋ ਪਹਿਲਾਂ ਸਨਾਤਨੀ ਖਿਆਲਾਂ ਦਾ ਸੀ। ਇਨ੍ਹਾਂ ਦੀ ਤੇ ਬਾਬਾ ਜੀ ਦੀ ਸੰਗਤ ਕਰਨ ਸਦਕਾ, ਗੁਰਮਤੀ ਵੀਚਾਰਾਂ ਦਾ ਧਾਰਨੀ ਬਣ, ਅੰਮ੍ਰਿਤਧਾਰੀ ਸਿੰਘ ਸੱਜ ਗਿਆ। ਗੁਰਬਚਨ ਸਿੰਘ ਸੁਰੈੜਾ ਜਾਤੀ ਨਾਲ ਸਬੰਧ ਰੱਖਦਾ ਸੀ। ਰੂੰ ਪਿੰਜਣਾ-ਰਜਾਈਆਂ ਭਰਨੀਆਂ ਤੇ ਨਾਲ ਕੱਪੜੇ ਸਿਊਣ ਦੀ ਕਿਰਤ ਗੁਰਬਚਨ ਸਿੰਘ ਕਰਦੇ ਸਨ। ਇਨ੍ਹਾਂ ਨੇ ਸਹਿਜੇ ਸਹਿਜੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਯਾ ਪ੍ਰਾਪਤ ਕਰ ਲਈ। ਉਪ੍ਰੰਤ ਆਪ ਨੇ ਇੱਕ ਸਹਿਜ ਪਾਠ ਅਰੰਭ ਕੀਤਾ, ਜਦੋਂ ਕੰਮਕਾਰ ਚੋਂ ਵਿਹਲ ਮਿਲਣਾ, ਪੋਥੀਆਂ ਤੋਂ ਆਪ ਨੇ ਸਹਿਜ ਪਾਠ ਕਰ ਲੈਣਾ। ਤਕਰੀਬਨ ਸੱਤ-ਅੱਠ ਮਹੀਨੇ ਦੇ ਅਰਸੇ ਵਿੱਚ, ਪਾਠ ਦੀ ਸੰਪੂਰਨਤਾ ਕਰ ਲਈ।

### *ਭਾਈ ਗੁਰਬਚਨ ਸਿੰਘ ਨੇ ਸੰਤਾਂ ਮਹਾਂਪੁਰਖਾਂ ਪਾਸ ਜਾਣਾ*

ਭਾਈ ਗੁਰਬਚਨ ਸਿੰਘ ਜੀ ਨੇ ਸਮੇਂ-ਸਮੇਂ ਕਈ ਇੱਕ ਮਹਾਂਪੁਰਖਾਂ ਦੇ ਅਸਥਾਨਾਂ ਉੱਪਰ ਜਾ ਕੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੈਂ ਸਹਿਜ ਪਾਠ ਪੋਥੀਆਂ ਤੋਂ ਕੀਤਾ ਹੈ। ਮੇਰੇ ਮਨ ਦੀ ਲਾਲਸਾ ਹੈ ਕਿ ਮੈਂ ਆਪਣੇ ਘਰ ਗੁਰੂ ਮਹਾਰਾਜ ਜੀ ਦਾ ਸਰੂਪ ਲਿਆ ਕੇ ਭੋਗ ਪਾਵਾਂ ਤੇ ਉਸ ਦਿਨ ਤੁਸੀਂ ਮੇਰੇ ਘਰ ਦਰਸ਼ਨ ਦਿਓ ਪਰ ਮੈਂ ਮਾਇਕ ਤੌਰ ਤੇ ਗਰੀਬ ਹਾਂ। ਤਕਰੀਬਨ ਸਾਰੇ ਮਹਾਂਪੁਰਖਾਂ ਨੇ ਨਾਂਹ ਵਾਚਕ ਉੱਤਰ ਦਿੱਤਾ ਕਿ ਸਾਡੇ ਪ੍ਰੋਗਰਾਮ ਸਾਰੇ ਪਹਿਲਾਂ ਹੀ ਬਣੇ ਹੋਏ ਹਨ। ਦੋ ਮਹੀਨੇ ਤੋਂ ਪਿੱਛੋਂ ਤੁਸੀਂ ਆਇਓ, ਜਦੋਂ ਫਿਰ ਜਾਣਾ ਉਨ੍ਹਾਂ ਅਗਲੇ ਮਹੀਨੇ ਦਾ ਕਹਿ ਦੇਣਾ, ਕਾਫੀ ਸਮਾਂ ਇਸ ਤਰ੍ਹਾਂ ਲੰਘ ਗਿਆ।

ਗੁਰਬਚਨ ਸਿੰਘ ਨੇ ਆਪਣੇ ਭਣੋਈਏ ਨਾਲ ਗੱਲ ਕੀਤੀ ਤੇ ਨਿਹੋਰਾ ਵੀ ਮਾਰਿਆ ਕਿ ਗੁਰਬਖਸ਼ ਸਿੰਘ ! ਪਰਮਾਤਮਾਂ ਕਿਸੇ ਨੂੰ ਗਰੀਬੀ ਨਾ ਦੇਵੇ ਤੇ ਗਰੀਬੀ ਤੋਂ ਉਪ੍ਰੰਤ ਫਿਰ ਅਖੌਤੀ ਨੀਵੀਂ ਜਾਤ ਬੰਦੇ ਨੂੰ "**ਇੱਕ ਕਰੇਲਾ ਦੂਜਾ ਨਿੰਮ ਚੱੜ੍ਹਿਆ**" ਬਣਾ ਦਿੰਦੀ ਹੈ। ਸਮ-ਬਿਰਤੀ ਦਾ ਉਪਦੇਸ਼ ਕਰਨ ਵਾਲੇ ਵੀ ਅੰਦਰੋਂ ਸਾਡੇ ਨਾਲ ਨਫਰਤ ਕਰਦੇ ਹਨ। ਭਾਵੇਂ ਸਤਿਗੁਰਾਂ ਨੇ ਸਾਨੂੰ ਗਰੀਬਾਂ, ਨੀਵੀਂ ਜਾਤ ਵਾਲਿਆਂ ਨੂੰ ਸਭ ਵਿਤਕਰੇ ਦੂਰ ਕਰਕੇ ਆਪਣੇ ਗਲ ਲਾਇਆ ਹੈ, ਪਰ ਪੌਣੇ ਤਿੰਨ

ਸੌ ਸਾਲ ਬੀਤ ਜਾਣ ਤੇ ਵੀ, ਊਚ ਨੀਚ ਦਾ ਵਿਤਕਰਾ ਤੇ ਗਰੀਬ ਨਾਲ ਨਫਰਤ ਬਣੀ ਹੀ ਚਲੀ ਆ ਰਹੀ ਹੈ। ਗੁਰਬਖਸ਼ ਸਿੰਘ ਨੇ ਕਿਹਾ, ਗੁਰਬਚਨ ਸਿੰਘ ! ਤੂੰ ਕਹਿਣਾ ਕੀ ਚਾਹੁੰਦਾ ਹੈ?

ਗੁਰਬਚਨ ਸਿੰਘ ਨੇ ਆਪਣੇ ਸਹਿਜ ਪਾਠ ਕਰਨ ਤੇ ਘਰ ਵਿੱਚ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕਰਕੇ ਭੋਗ ਪਾਉਣ ਦੀ ਚਾਹਨਾ ਪ੍ਰਗਟ ਕੀਤੀ ਤੇ ਨਾਲ ਹੀ ਆਪਣੀ ਸ਼ਰਧਾ ਜ਼ਾਹਰ ਕੀਤੀ ਕਿ ਮੇਰੇ ਮਨ ਦੀ ਲਾਲਸਾ ਹੈ ਕਿ ਉਸ ਦਿਨ ਕੋਈ ਮਹਾਂਪੁਰਖ ਸਾਧੂ ਵੀ ਮੇਰੇ ਘਰ ਦਰਸ਼ਨ ਦੇਵੇ। ਮੈਂ ਚਾਰ-ਪੰਜ ਮਹਾਤਮਾਂ ਨੂੰ ਆਪਣੇ ਮਨ ਦੀ ਅਭਿਲਾਸ਼ਾ ਦੱਸੀ ਹੈ ਤੇ ਕਿਸੇ ਵੀ ਦਿਨ ਘਰ ਵਿਚ ਦਰਸ਼ਨ ਦੇਣ ਲਈ ਕਿਹਾ, ਪਰ ਸਾਰਿਆਂ ਨੇ ਵਿੰਗੇ-ਟੇਢੇ ਢੰਗ ਨਾਲ ਟਾਲਮਟੋਲ ਹੀ ਕੀਤੀ ਹੈ। ਜਿਸ ਕਾਰਣ ਮੇਰੇ ਮਨ ਦੀ ਸ਼ਰਧਾ ਨੂੰ ਕਾਫੀ ਠੇਸ ਲੱਗੀ ਹੈ।

ਗੁਰਬਖਸ਼ ਸਿੰਘ ਨੇ ਆਪਣੇ ਸਾਲੇ ਗੁਰਬਚਨ ਸਿੰਘ ਨੂੰ ਕਿਹਾ ਕਿ ਤੂੰ ਸੰਤ ਬਾਬਾ ਹਰਨਾਮ ਸਿੰਘ ਜੀ ਪਾਸ ਵੀ ਗਿਆ ਕਿ ਨਹੀਂ। ਗੁਰਬਚਨ ਸਿੰਘ ਨੇ ਉੱਤ੍ਰ ਦਿੱਤਾ ਕਿ ਮੈਂ ਆਪਣੇ ਨਜ਼ਦੀਕ ਦੇ ਸਾਰੇ ਮਹਾਂਪੁਰਖਾਂ ਪਾਸ ਗਿਆ ਹਾਂ, ਪਰ ਉਨ੍ਹਾਂ ਪਾਸ ਨਹੀਂ ਜਾ ਸਕਿਆ। ਗੁਰਬਖਸ਼ ਸਿੰਘ ਨੇ ਕਿਹਾ ਕਿ ਤੁਸੀਂ ਰਾਤ ਮੇਰੇ ਪਾਸ ਠਹਿਰੋ, ਆਪਾਂ ਸਵੇਰੇ ਸਵੇਰੇ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਜਾ ਕੇ, ਬਾਬਾ ਜੀ ਨੂੰ ਸਹਿਜ ਪਾਠ ਦੇ ਭੋਗ ਤੇ ਦਰਸ਼ਨ ਦੇਣ ਲਈ ਬੇਨਤੀ ਕਰਾਂਗੇ। ਉਹ ਸਾਡੀ ਬੇਨਤੀ ਜਰੂਰ ਸਵੀਕਾਰ ਕਰਨਗੇ। ਗੁਰਬਚਨ ਸਿੰਘ ਕਹਿਣ ਲੱਗਾ, ਸਾਡੇ ਪਿੰਡ ਤੋਂ ਰਾਮਪੁਰ ਖੇੜੇ ਦਾ ਪੰਧ ਦੂਰ ਹੋਣ ਕਰਕੇ ਮੈਂ ਉਨ੍ਹਾਂ ਨੂੰ ਨਹੀਂ ਕਿਹਾ। ਜੇ ਬਾਬਾ ਜੀ ਸਾਡੇ ਘਰ ਦਰਸ਼ਨ ਦੇਣ ਲਈ ਹਾਂ ਕਰ ਦੇਣ ਤਾਂ ਇਸ ਤੋਂ ਵੱਧ ਖੁਸ਼ੀ ਮੈਨੂੰ ਹੋਰ ਕੀ ਹੋ ਸਕਦੀ ਹੈ? ਗੁਰਬਚਨ ਸਿੰਘ ਹੋਰਾਂ ਰਾਤ ਧੁੱਗਾ ਕਲਾਂ ਆਪਣੀ ਭੈਣ ਪਾਸ ਬਿਤਾਈ।

### *ਗੁਰਬਖਸ਼ ਸਿੰਘ ਤੇ ਗੁਰਬਚਨ ਸਿੰਘ ਨੇ ਰਾਮਪੁਰ ਖੇੜੇ ਜਾਣਾ*

ਸਵੇਰੇ ਸਵੇਰੇ ਚਾਹ ਪਾਣੀ ਛਕ ਕੇ, ਭਾ: ਗੁਰਬਖਸ਼ ਸਿੰਘ ਤੇ ਭਾਈ ਗੁਰਬਚਨ ਸਿੰਘ ਨੌ ਕੁ ਵਜੇ ਸਵੇਰੇ ਸੰਤ ਬਾਬਾ ਹਰਨਾਮ ਸਿੰਘ ਜੀ ਪਾਸ ਪੁੱਜ ਗਏ। ਬਾਬਾ ਜੀ ਨੇ ਦੋਵਾਂ ਨੂੰ ਜਲ ਪਾਣੀ ਛਕਾਇਆ ਤੇ ਆਉਣ ਦਾ ਕਾਰਣ ਪੁੱਛਿਆ। ਗੁਰਬਖਸ਼ ਸਿੰਘ ਜੀ ਨੇ ਗੁਰਬਚਨ ਸਿੰਘ ਦੇ ਸਹਿਜ ਪਾਠ ਕਰਨ ਤੇ ਘਰ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕਰਕੇ ਭੋਗ ਪਾਉਣ ਤੇ ਨਾਲ ਹੀ ਕਿਸੇ ਮਹਾਂਪੁਰਖ ਦੇ ਚਰਨ ਪਵਾਉਣ ਦੀ ਸਾਰੀ ਵਾਰਤਾ ਦੱਸੀ । ਜੋ ਕਈ ਮਹਾਂਪੁਰਖਾਂ ਨੇ ਟਾਲਮਟੋਲ ਕੀਤੀ ਉਸ ਪ੍ਰਥਾਇ ਵੀ ਦੱਸਿਆ । ਬਾਬਾ ਜੀ ਨੇ ਗੁਰਬਚਨ ਸਿੰਘ ਨੂੰ ਕਿਹਾ ਕਿ ਹੋ ਸਕਦਾ ਹੈ ਉਨ੍ਹਾਂ ਨੂੰ ਕਿਸੇ ਕਿਸਮ ਦੀ ਮਜਬੂਰੀ ਹੋਵੇ। ਜੇ ਤੂੰ ਮੈਨੂੰ ਆਪਣੇ ਘਰ ਸੱਦਣਾ ਚਾਹੁੰਦਾ ਹੈਂ ਤਾਂ



ਮੈਂ ਅਗਲੇ ਹਫਤੇ, ਜਿਹੜਾ ਤੁਸੀਂ ਦਿਨ ਮੁਕੱਰਰ ਕਰੋ ਉਸ ਦਿਨ ਆ ਜਾਵਾਂਗਾ। ਕਿਉਂਕਿ ਮੈਂ ਜੋ ਨਿਯਮ ਅਰੰਭ ਕੀਤਾ ਹੋਇਆ ਹੈ, ਉਸ ਦਾ ਭੋਗ ਇਸੇ ਐਤਵਾਰ ਪਾ ਦੇਣਾ ਹੈ। ਆਪਸੀ ਸਲਾਹ ਕਰਕੇ ਗੁਰਬਚਨ ਸਿੰਘ ਨੇ ਦਿਨ ਨੀਯਤ ਕਰ ਲਿਆ।

### *ਦਿਨ ਨੀਯਤ ਕਰਨ ਉਪ੍ਰੰਤ ਬਾਬਾ ਜੀ ਨੇ ਗੁਰਬਚਨ ਸਿੰਘ ਅੱਗੇ ਸ਼ਰਤ ਰੱਖਣੀ:*

ਦਿਨ ਨੀਯਤ ਕਰਨ ਤੋਂ ਉਪ੍ਰੰਤ ਬਾਬਾ ਜੀ ਨੇ ਗੁਰਬਚਨ ਸਿੰਘ ਨੂੰ ਕਿਹਾ ਕਿ ਗੁਰਬਚਨ ਸਿੰਘ ! ਅਸੀਂ ਤੇਰੇ ਘਰ ਸ਼ਾਮ ਨੂੰ ਚਾਰ-ਪੰਜ ਸਿੰਘਾਂ ਨਾਲ ਆ ਜਾਵਾਂਗੇ, ਪਰ ਤਾਂ ਜੇ ਤੂੰ ਸਾਡੀਆਂ ਸ਼ਰਤਾਂ ਮਨਜੂਰ ਕਰੇਂ। ਗੁਰਬਚਨ ਸਿੰਘ ਨੇ ਕਿਹਾ ਕਿ ਬਾਬਾ ਜੀ ! ਹੁਕਮ ਕਰੋ ਜੋ ਤੁਸੀਂ ਕਹੋਗੇ ਮੈਂ ਜਰੂਰ ਕਰਾਂਗਾ। ਬਾਬਾ ਜੀ ਕਹਿਣ ਲੱਗੇ, ਸਾਨੂੰ ਪਤਾ ਤੇਰੇ ਘਰ ਜਗ੍ਹਾ ਘੱਟ ਹੈ। ਅਸੀਂ ਦਰੀ ਤੇ ਉੱਪਰ ਲੈਣ ਲਈ ਚਾਦਰਾਂ ਆਪਣੇ ਨਾਲ ਹੀ ਲੈ ਆਉਣੀਆਂ ਹਨ। ਤੂੰ ਕਿਸੇ ਦੇ ਘਰੋਂ ਨਾ ਬਿਸਤਰਾ ਤੇ ਨਾ ਮੰਜਾ ਮੰਗ ਕੇ ਲਿਆਉਣਾ ਹੈ। ਦੂਸਰਾ, ਅਸੀਂ ਤੇਰੇ ਘਰ ਹੀ ਰਹਿਣਾ ਹੈ, ਕਿਸੇ ਹੋਰ ਦੇ ਘਰ ਸਾਡੀ ਰਿਹਾਇਸ਼ ਦਾ ਇੰਤਜਾਮ ਨ ਕਰੀਂ । ਤੀਸਰੇ, ਜੋ ਘਰ ਵਿੱਚ ਸਾਦਾ ਦਾਲ ਫੁਲਕਾ ਬਣਾਉਂਦੇ ਹੋ, ਉਸ ਤੋਂ ਸਿਵਾ ਫਜੂਲ ਖਰਚ ਕਰਕੇ ਅਡੰਬਰ ਨਾ ਕਰੀਂ। ਜੇ ਤੈਨੂੰ ਮਨਜੂਰ ਹੈ ਤਾਂ ਅਸੀਂ ਨੀਯਤ ਦਿਨ ਦੀ ਥਾਂ ਰਾਤ ਨੂੰ ਹੀ ਤੇਰੇ ਪਾਸ ਪੁੱਜ ਜਾਵਾਂਗੇ। ਜੇ ਤੂੰ ਉਚੇਚ ਜਾਂ ਅਡੰਬਰ ਕਰਨਾ ਹੈ, ਤਦ ਵੀ ਦੱਸ ਦੇਹ। ਗੁਰਬਚਨ ਸਿੰਘ ਨੇ ਹਾਂ ਕਰ ਦਿੱਤੀ ਤੇ ਕਹਿਣ ਲੱਗਾ, ਬਾਬਾ ਜੀ ! ਜੋ ਤੁਸੀਂ ਕਹਿੰਦੇ ਹੋ ਮੈਂ ਉਸੇ ਤਰ੍ਹਾਂ ਹੀ ਕਰਾਂਗਾ। ਜਿਵੇਂ ਆਪ ਜੀ ਨੂੰ ਪਤਾ ਹੀ ਹੈ ਕਿ ਮੇਰੇ ਘਰ ਵਿੱਚ ਜਗ੍ਹਾ ਬਹੁਤ ਘੱਟ ਹੈ, ਉਸ ਥਾਂ ਤੇ ਆਪ ਜੀ ਤੇ ਸੰਗਤ ਦਾ ਬਿਸਰਾਮ ਕਰਨਾ ਕਾਫੀ ਕਠਨ ਹੋਵੇਗਾ। ਜੇ ਆਗਿਆ ਦਿਉ ਤਾਂ ਮੈਂ ਆਪਣੇ ਜਾਣੂ-ਪਛਾਣੂ ਜੱਟ ਜ਼ਿਮੀਂਦਾਰ ਦੀ ਹਵੇਲੀ ਜੋ ਮੇਰੇ ਘਰ ਦੇ ਨਜ਼ਦੀਕ ਹੀ ਹੈ, ਉਥੇ ਆਪ ਦਾ ਤੇ ਸਿੰਘਾਂ ਦੇ ਬਿਸਰਾਮ ਦਾ ਪ੍ਰਬੰਧ ਕਰਵਾ ਦੇਵਾਂਗਾ।

ਬਾਬਾ ਜੀ ਕਹਿਣ ਲੱਗੇ, ਗੁਰਬਚਨ ਸਿੰਘ ! ਅਸੀਂ ਤੇਰੇ ਘਰ ਆਉਣਾ ਹੈ, ਨਾ ਕਿ ਕਿਸੇ ਜੱਟ-ਜ਼ਿਮੀਂਦਾਰ ਦੇ ਮਹਿਮਾਨ ਬਣ ਕੇ ਜਾਣਾ ਹੈ। ਜੇ ਅਜਿਹੀ ਗੱਲ ਤੇਰੇ ਮਨ ਵਿੱਚ ਹੈ ਤਾਂ ਫਿਰ ਅਸੀਂ ਭੋਗ ਵਾਲੇ ਦਿਨ ਹੀ ਆਵਾਂਗੇ, ਪਰ ਉਸ ਦਿਨ ਵੀ ਫਜੂਲ ਅਡੰਬਰ ਨ ਕਰੀਂ। ਤੂੰ ਆਪਣੇ ਮਨ ਵਿੱਚ ਵੀਚਾਰ ਕਰ ਲੈ। ਗੁਰਬਚਨ ਸਿੰਘ ਨੇ ਹਾਂ ਕਰ ਦਿੱਤੀ ਅਤੇ ਕਿਹਾ, ਬਾਬਾ ਜੀ ! ਜਿਵੇਂ ਤੁਸੀਂ ਕਹਿੰਦੇ ਹੋ, ਮੈਂ ਉਵੇਂ ਹੀ ਕਰਾਂਗਾ। ਪਰ ਤੁਸੀਂ ਕਿਰਪਾ ਕਰਕੇ ਪਹਿਲੇ ਦਿਨ ਹੀ ਸ਼ਾਮ ਨੂੰ ਦਰਸ਼ਨ ਦੇਣ ਦੀ ਕਿਰਪਾ ਕਰਿਉ। ਜਿਸ ਦਿਨ ਬਾਬਾ ਜੀ ਨੇ ਸਗਰਾਂਵਾਲੀ ਪੁੱਜਣ ਦੀ ਹਾਂ ਕੀਤੀ

ਸੀ ਉਸ ਦਿਨ ਆਪ ਚਾਰ-ਪੰਜ ਪ੍ਰੇਮੀਆਂ ਸਮੇਤ ਜੀਪ ਰਾਹੀਂ ਸ਼ਾਮ ਨੂੰ ਚਾਰ ਵਜੇ ਗੁਰਬਚਨ ਸਿੰਘ ਦੇ ਘਰ ਪੁੱਜ ਗਏ। ਜੀਪ ਇੱਕ ਖੁੱਲ੍ਹੇ ਜਿਹੇ ਥਾਂ ਖੜੀ ਕਰ ਦਿੱਤੀ ਤੇ ਪ੍ਰਵਾਰ ਨੂੰ ਜਾ ਗੁਰੂ ਫਤਹਿ ਬੁਲਾਈ। ਸਾਰੇ ਪ੍ਰਵਾਰ ਨੇ ਬਹੁਤ ਹੀ ਪਿਆਰ ਨਾਲ ਬਾਬਾ ਜੀ ਤੇ ਸੰਗਤ ਦਾ ਸਤਿਕਾਰ ਕੀਤਾ। ਬਰਾਂਡੇ ਵਿੱਚ ਤਿੰਨ ਕੁ ਮੰਜੇ ਡਿੱਠੇ ਸਨ। ਪ੍ਰਵਾਰ ਨੇ ਬਾਬਾ ਜੀ ਤੇ ਸਾਰੇ ਸਿੰਘਾਂ ਨੂੰ ਮੰਜਿਆਂ ਉੱਪਰ ਬਿਠਾਇਆ ਤੇ ਜਲ-ਪਾਣੀ ਛਕਾਇਆ।

### *ਰਹਿਰਾਸ ਦੇ ਪਾਠ ਦੀ ਤਿਆਰੀ*

ਰਹਿਰਾਸ ਸਾਹਿਬ ਦੇ ਪਾਠ ਤੇ ਰਾਤ ਬਿਸਰਾਮ ਦੀ ਤਿਆਰੀ ਕਰਨ ਵਾਸਤੇ ਬਾਬਾ ਜੀ ਨੇ ਸਾਡੀ ਡਿਊਟੀ ਲਾਈ। ਅਸੀਂ ਬਾਬਾ ਜੀ ਨੂੰ ਪੁੱਛਿਆ ਕਿ ਕਿਵੇਂ ਤੇ ਕਿਸ ਤਰ੍ਹਾਂ ਬਿਸਰਾਮ ਲਈ ਦਰੀ ਵਿਛਾਉਣੀ ਹੈ। ਇੱਕ ਸਿੰਘ ਜੀਪ ਵਿੱਚੋਂ ਦਰੀ ਤੇ ਚਾਦਰਾਂ ਲੈਣ ਚਲਾ ਗਿਆ। ਗੁਰਬਚਨ ਸਿੰਘ ਨੇ ਪ੍ਰਵਾਰ ਦੇ ਚਾਹ-ਪਾਣੀ ਲਈ ਇੱਕ ਬੱਕਰੀ ਰੱਖੀ ਹੋਈ ਸੀ। ਬੱਕਰੀ ਦਾ ਬਿਸਰਾਮ ਟਿਕਾਣਾ ਵੀ ਘਰ ਦੇ ਵਿਹੜੇ ਦੇ ਕੋਨੇ ਵਿੱਚ ਜਿੱਥੇ ਨਲਕਾ ਲੱਗਾ ਹੋਇਆ ਸੀ, ਉਥੇ ਸੀ।

ਬਾਬਾ ਜੀ ਨੇ ਗੁਰਬਚਨ ਸਿੰਘ ਨੂੰ ਪੁੱਛਿਆ ਕਿ ਬੱਕਰੀ ਰਾਤ ਨੂੰ ਬਹੁਤਾ ਮੈਂ-ਮੈਂ ਤਾਂ ਨਹੀਂ ਕਰਦੀ। ਗੁਰਬਚਨ ਸਿੰਘ ਨੇ ਕਿਹਾ, ਬਾਬਾ ਜੀ! ਇਸ ਦਾ ਦੁੱਧ ਚੋ ਕੇ ਮੈਂ ਸਾਹਮਣੇ ਜ਼ਿਮੀਂਦਾਰ ਦੀ ਹਵੇਲੀ ਇਸ ਨੂੰ ਬੰਨ ਆਉਂਣਾ ਹੈ। ਉਂਝ ਸੁੱਤੀ ਰਹਿੰਦੀ ਹੈ, ਪਰ ਓਪਰੇ ਬੰਦੇ ਨੂੰ ਵੇਖ ਕੇ ਮਿਆਕਣ ਲੱਗ ਜਾਂਦੀ ਹੈ। ਬਾਬਾ ਜੀ ਕਹਿਣ ਲੱਗੇ, ਫਿਰ ਅਸੀਂ ਤਾਂ ਸਾਰੇ ਇਸ ਲਈ ਓਪਰੇ ਹੀ ਹਾਂ। ਠੀਕ ਹੈ ! ਤੁਸੀਂ ਦੁੱਧ ਚੋ ਕੇ ਇਸ ਨੂੰ ਉਥੇ ਬੰਨ ਆਵੋ। ਇੰਨੇ ਚਿਰ ਨੂੰ ਪਿੰਡ ਦੇ ਦੋ-ਤਿੰਨ ਜ਼ਿਮੀਦਾਰ ਆ ਗਏ। ਉਨ੍ਹਾਂ ਉਚੇਚਾ ਬੇਨਤੀ ਕੀਤੀ ਕਿ ਸਾਨੂੰ ਆਪ ਦੇ ਆਉਣ ਦਾ ਪਤਾ ਲੱਗਾ ਸੀ। ਤੁਸੀਂ ਕਿਰਪਾ ਕਰੋ! ਗੁਰਬਚਨ ਸਿੰਘ ਦੇ ਘਰ ਥਾਂ ਥੋੜ੍ਹਾ ਹੈ, ਤੁਸੀਂ ਸਾਡੇ ਨਾਲ ਚਲੋ। ਸਵੇਰੇ ਜਲ-ਪਾਣੀ ਛਕ ਕੇ ਸਹਿਜ ਪਾਠ ਦੇ ਭੋਗ ਤੋਂ ਪਹਿਲਾਂ ਤੁਸੀਂ ਇਥੇ ਆ ਜਾਇਓ। ਅਸੀਂ ਵੀ ਤੁਹਾਡੇ ਨਾਲ ਸਹਿਜਪਾਠ ਦੀ ਹਾਜਰੀ ਭਰ ਲਵਾਂਗੇ।

ਬਾਬਾ ਜੀ ਕਹਿਣ ਲੱਗੇ, ਸਰਦਾਰ ਜੀ! ਤੁਹਾਡੀ ਭਾਵਨੀ ਸਿਰ-ਮੱਥੇ ਪਰ ਅਸੀਂ ਗੁਰਬਚਨ ਸਿੰਘ ਦੇ ਘਰ ਹੀ ਰਹਿਣ ਵਾਸਤੇ ਆਏ ਹਾਂ। ਤੁਸੀਂ ਖੇਚਲ ਕਰੋ, ਇਹ ਦੋ ਬੱਚਿਆਂ ਨੂੰ ਨਾਲ ਲੈ ਜਾਵੋ ਤੇ ਪਰਾਲੀ ਦੀਆਂ ਦੋ ਭਰੀਆਂ ਇਨ੍ਹਾਂ ਨੂੰ ਦੇ ਦੇਵੋ ਤਾਂ ਜੋ ਅਸੀਂ ਪਰਾਲੀ ਵਿਛਾ ਕੇ ਉੱਪਰ ਦਰੀ ਵਿਛਾ ਲਈਏ। ਨਾਲੇ ਸਾਰੀ ਸੰਗਤ ਰਹਿਰਾਸ ਸਾਹਿਬ ਦਾ ਪਾਠ ਸ੍ਰਵਣ ਕਰ ਲਵੇਗੀ ਤੇ ਇੱਥੇ ਹੀ ਅਸੀਂ ਸਾਰੇ ਬਿਸਰਾਮ ਕਰ ਲਵਾਂਗੇ। ਜ਼ਿਮੀਂਦਾਰਾਂ ਨੇ ਆਪਣੇ ਘਰ ਲਿਜਾਣ ਲਈ ਤੇ ਉਚੇਚੇ ਮੰਜੇ ਬਿਸਤਰੇ ਲਿਆ ਕੇ ਦੇਣ ਲਈ ਕਿਹਾ, ਪਰ ਬਾਬਾ ਜੀ ਨੇ ਬੜੇ ਜ਼ੋਰ ਨਾਲ ਨਾਂਹ ਕਰ ਦਿੱਤੀ। ਆਖਰ ਭਾਈ ਮੁਹਿੰਦਰ ਸਿੰਘ ਤੇ ਗੁਰਬਚਨ ਸਿੰਘ ਇੱਕ ਜ਼ਿਮੀਂਦਾਰ ਦੇ ਨਾਲ



ਗਏ। ਜ਼ਿਮੀਂਦਾਰ ਦੇ ਮੁਨਾਰੇ ਵਿੱਚੋਂ ਦੋ ਭਰੀਆਂ ਪਰਾਲੀ ਲੈ ਆਏ। ਪਰਾਲੀ ਖਿਲਾਰ ਕੇ ਉੱਪਰ ਦਰੀਆਂ ਵਿਛਾ ਦਿੱਤੀਆਂ। ਸਾਰੀ ਸੰਗਤ ਉੱਪਰ ਸੱਜ ਗਈ। ਬਾਬਾ ਜੀ ਨੇ ਰਹਿਰਾਸ ਸਾਹਿਬ ਦਾ ਪਾਠ ਅਰੰਭ ਕਰ ਦਿੱਤਾ।

ਜਿਉਂ ਜਿਉਂ ਪਿੰਡ ਵਿੱਚ ਪਤਾ ਲੱਗਾ ਕਿ ਰਾਮਪੁਰ ਖੇੜੇ ਵਾਲੇ ਮਹਾਂਪੁਰਖ, ਗੁਰਬਚਨ ਸਿੰਘ ਦੇ ਘਰ ਆਏ ਹਨ ਤੇ ਉਨ੍ਹਾਂ ਰਾਤ ਵੀ ਇਨ੍ਹਾਂ ਦੇ ਘਰ ਬਿਸਰਾਮ ਕਰਨਾ ਹੈ, ਕਾਫੀ ਬੀਬੀਆਂ ਤੇ ਸਿੰਘ ਕੁਝ ਦੁੱਧ ਲੈ ਕੇ ਕੁਝ ਹੋਰ ਰਸਦ ਲੈ ਕੇ ਪੁੱਜਣੇ ਸ਼ੁਰੂ ਹੋ ਗਏ। ਰਹਿਰਾਸ ਸਾਹਿਬ ਜੀ ਦਾ ਪਾਠ ਸਮਾਪਤ ਹੋਣ ਤੱਕ ਵੀਹ ਕੁ ਸਿੰਘ ਸਿੰਘਣੀਆਂ ਦੀ ਸੰਗਤ ਬਣ ਗਈ। ਬਾਬਾ ਜੀ ਨੇ ਇੱਕ ਸਾਖੀ ਤੇ ਗੁਰਬਾਣੀ ਦੀ ਵੀਚਾਰ ਸੰਗਤ ਨੂੰ ਸੁਣਾਈ। ਉਪ੍ਰੰਤ ਬਹੁਤ ਸਾਰੇ ਸਿੰਘ ਤੇ ਬੀਬੀਆਂ ਨੇ ਬਾਬਾ ਜੀ ਤੇ ਸੰਗਤ ਨੂੰ ਆਪਣੇ ਘਰੀਂ ਲਿਜਾਣ ਦਾ ਯਤਨ ਕੀਤਾ, ਪਰ ਬਾਬਾ ਜੀ ਨੇ ਕਿਹਾ ! ਤੁਸੀਂ ਹੁਣ ਬਿਸਰਾਮ ਕਰੋ, ਅਸੀਂ ਗੁਰਬਚਨ ਸਿੰਘ ਦੇ ਘਰ ਹੀ ਟਿਕਾਂਗੇ। ਜੇ ਤੁਸੀਂ ਸਵੇਰੇ ਨਿੱਤਨੇਮ ਵਿੱਚ ਹਾਜਰੀ ਭਰਨੀ ਹੋਵੇ ਤਾਂ ਪੰਜ ਵਜੇ ਆ ਜਾਣਾ, ਉਪ੍ਰੰਤ ਦਸ ਵਜੇ ਸਹਿਜ ਪਾਠ ਦਾ ਭੋਗ ਪਵੇਗਾ, ਤੁਸੀਂ ਸਾਰਿਆਂ ਨੇ ਦਰਸ਼ਨ ਦੇਣੇ ।

ਜੋ ਤੁਸੀਂ ਸੰਗਤ ਦੀ ਸਹੂਲਤ ਪ੍ਰਤੀ ਭਾਵਨੀ ਪ੍ਰਗਟ ਕੀਤੀ ਹੈ, ਸਤਿਗੁਰੂ ਜਾਣੀ ਜਾਣ ਹਨ, ਤੁਹਾਡੀ ਭਾਵਨੀ ਦਰ ਪ੍ਰਵਾਨ ਕਰਨ। ਸਾਰੀ ਸੰਗਤ ਨੇ ਵਿਦਾ ਲਈ ਉਪ੍ਰੰਤ ਰਿਹਾਇਸ਼ ਕਰਨ ਵਾਲੀ ਸੰਗਤ ਨੇ ਪ੍ਰਸ਼ਾਦਾ ਛਕਿਆ। ਬਾਬਾ ਜੀ ਸਾਰੀ ਸੰਗਤ ਦੇ ਨਾਲ ਦਰੀ ਉੱਪਰ ਹੀ ਬਿਸਰਾਮ ਕਰਨਾ ਚਾਹੁੰਦੇ ਸਨ, ਪਰ ਗੁਰਬਚਨ ਸਿੰਘ ਤੇ ਉਸ ਦੀ ਘਰ ਵਾਲੀ ਨੇ ਬਦੋ-ਬਦੀ ਇੱਕ ਮੰਜੇ ਉੱਪਰ ਵਿਛਾਈ ਕਰਕੇ ਬਾਬਾ ਜੀ ਨੂੰ ਅਰਾਮ ਕਰਨ ਲਈ ਬੇਨਤੀ ਕੀਤੀ। ਅਸੀਂ ਸਾਰਿਆਂ ਨੇ ਵੀ ਬਾਬਾ ਜੀ ਨੂੰ ਮੰਜੇ ਉੱਪਰ ਅਰਾਮ ਕਰਨ ਲਈ ਕਿਹਾ। ਬਾਬਾ ਜੀ ਕਹਿਣ ਲੱਗੇ, ਇਸ ਤਰ੍ਹਾ ਚੰਗਾ ਨਹੀਂ ਲਗਦਾ ਕਿ ਸੰਗਤ ਦਰੀ ਉੱਪਰ ਪਈ ਹੋਵੇ ਤੇ ਮੈਂ ਮੰਜੇ ਉੱਪਰ ਅਰਾਮ ਕਰਾਂ। ਸਾਰਿਆਂ ਨੇ ਕਿਹਾ ਕਿ ਬਾਬਾ ਜੀ ! ਇਨ੍ਹਾਂ ਦੀ ਭਾਵਨੀ ਹੈ। ਤੁਸੀਂ ਕ੍ਰਿਪਾ ਕਰਕੇ ਪ੍ਰਵਾਨ ਕਰ ਲਵੋ। ਆਪ ਜੀ ਸੰਗਤ ਦਾ ਹੁਕਮ ਮੰਨ ਕੇ ਮੰਜੇ ਉੱਪਰ ਅਰਾਮ ਕਰਨ ਲੱਗ ਪਏ। ਬਾਬਾ ਜੀ ਨੇ ਸੋਹਿਲੇ ਸਾਹਿਬ ਦਾ ਪਾਠ ਕੀਤਾ। ਉਪ੍ਰੰਤ ਸਾਰੀ ਸੰਗਤ ਅਰਾਮ ਕਰਨ ਲੱਗ ਪਈ।

### *ਸਵੇਰ ਦਾ ਨਿੱਤਨੇਮ ਅਰੰਭ ਕਰਨਾ*

ਚਾਰ ਵਜੇ ਅੰਮ੍ਰਿਤ ਵੇਲੇ ਬਾਬਾ ਜੀ ਨੇ ਸਾਰੀ ਸੰਗਤ ਨੂੰ ਉਠਾ ਦਿੱਤਾ। ਕੁਝ ਸਿੰਘ ਨਲਕੇ ਤੇ ਇਸ਼ਨਾਨ ਕਰਨ ਲੱਗ ਪਏ ਤੇ ਕੁਝ ਸਿੰਘ ਕਿਰਿਆਂ ਕਰਨ ਬਾਹਰ ਦਿਸ਼ਾ ਨੂੰ ਚਲੇ ਗਏ। ਪੰਜ ਵਜੇ ਸਾਰਿਆਂ ਨੇ ਇੱਕਠੇ ਹੋ ਕੇ ਨਿੱਤਨੇਮ ਕੀਤਾ, ਉਪ੍ਰੰਤ ਥੋੜ੍ਹਾ ਜਲ-ਪਾਣੀ ਛੱਕ ਕੇ ਸੰਗਤੀ ਰੂਪ ਵਿੱਚ ਸੁਖਮਨੀ ਸਾਹਿਬ ਦੇ ਪਾਠ ਵਿੱਚ ਹਾਜਰੀ ਭਰੀ। ਪੰਜ-ਦੱਸ ਬੀਬੀਆਂ ਤੇ ਸਿੰਘ ਵੀ ਪਿੰਡ ਚੋਂ ਆ ਕੇ ਨਿੱਤਨੇਮ ਵਿੱਚ

ਸ਼ਾਮਲ ਹੋ ਗਏ। ਉਪ੍ਰੰਤ ਸਾਰਿਆਂ ਨੇ ਤਿਆਰੀ ਕੀਤੀ ਤੇ ਬਰਾਂਡੇ ਵਿੱਚ ਗੁਰਦੁਆਰਾ ਸਾਹਿਬ ਤੋਂ ਦਰੀਆਂ ਲਿਆ ਕੇ ਵਿਛਾਈ ਕੀਤੀ ਤੇ ਚਾਨਣੀ ਲਾ ਕੇ ਤੱਖਤ ਪੋਸ਼ ਰੱਖ, ਉੱਪਰ ਮੰਜੀ ਸਾਹਿਬ ਸਜਾ ਕੇ ਗੁਰੂ ਮਹਾਂਰਾਜ ਜੀ ਦੇ ਪ੍ਰਕਾਸ਼ ਲਈ ਤਿਆਰੀ ਕੀਤੀ। ਉਪ੍ਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਗੁਰਦੁਆਰਾ ਸਾਹਿਬ ਤੋਂ ਲਿਆ ਕੇ ਬੜੇ ਪਿਆਰ ਨਾਲ ਸਾਹਿਬਾਂ ਦਾ ਪ੍ਰਕਾਸ਼ ਕੀਤਾ ਤੇ ਸਹਿਜਪਾਠ ਦਾ ਭੋਗ ਅਰੰਭ ਕੀਤਾ। ਸਾਰੀ ਸੰਗਤ ਨੇ ਬੜੇ ਪਿਆਰ ਨਾਲ ਭੋਗ ਦੀ ਹਾਜ਼ਰੀ ਭਰੀ।

### *ਬਾਬਾ ਜੀ ਨੇ ਗੁਰਮਤਿ ਵੀਚਾਰ ਤੇ ਗੁਰੂ ਉਪਕਾਰਾਂ ਦੀ ਸੰਗਤ ਨਾਲ ਸਾਂਝ ਪਾਉਣੀ*

ਬਾਬਾ ਜੀ ਨੇ ਅਰਦਾਸ ਕੀਤੀ ਤੇ ਗੁਰੂ ਮਹਾਂਰਾਜ ਜੀ ਦਾ ਹੁਕਮਨਾਮਾ ਲਿਆ। ਹੁਕਮਨਾਮੇ ਦੀ ਵੀਚਾਰ ਕਰਨ ਉਪ੍ਰੰਤ, ਆਪ ਜੀ ਨੇ ਸਤਿਗੁਰੂ ਮਹਾਂਰਾਜ ਜੀ ਦੇ ਲੁਕਾਈ ਉੱਪਰ ਕੀਤੇ ਪਰਉਪਕਾਰਾਂ ਦਾ ਖੁਲਾਸਾ ਕਰਕੇ ਸੰਗਤ ਨੂੰ ਆਪਸੀ ਭਾਈਚਾਰਕ ਸਾਂਝ ਪੈਦਾ ਕਰਨ ਤੇ ਊਚ ਨੀਚ ਦੇ ਵਿਤਕਰੇ ਦਾ ਤਿਆਗ ਕਰਕੇ **"ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥"** ਦੇ ਅਸੂਲ ਨੂੰ ਧਾਰਨ ਕਰਨ ਦੀ ਬੇਨਤੀ ਕੀਤੀ। ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਨੂੰ ਮੁੱਖ ਰੱਖ ਕੇ ਫੁਰਮਾਨ ਕੀਤਾ ਕਿ ਵੇਖੋ! ਸੰਸਾਰ ਵਿੱਚ ਜਿੰਨੇ ਵੀ ਮਨੁੱਖ ਪਰਮਾਤਮਾ ਨੇ ਪੈਦਾ ਕੀਤੇ ਹਨ, ਸਾਰਿਆਂ ਦੀ ਪੰਜਾਂ ਤੱਤਾਂ ਦੁਆਰਾ ਸਿਰਜਨਾ ਕੀਤੀ ਹੈ। ਇਹ ਨਹੀਂ ਕਿ ਬ੍ਰਾਹਮਣ ਦਾ ਸਰੀਰ ਪੰਜਾਂ ਤੱਤਾਂ ਨਾਲ ਸਿਰਜਿਆ, ਖੱਤਰੀ ਨੂੰ ਚਾਰ ਤੱਤਾਂ ਨਾਲ ਬਣਾਇਆ, ਵੈਸ਼ ਤੇ ਸ਼ੂਦਰ ਨੂੰ ਤਿੰਨ ਜਾਂ ਦੋ ਤੱਤ ਲਾਏ ਹਨ ਪਰ ਅਜਿਹਾ ਵਿਤਕਰਾ ਪਰਮਾਤਮਾ ਨੇ ਕਿਸੇ ਨਾਲ ਨਹੀਂ ਕੀਤਾ। ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਪੰਜਾਂ ਤੱਤਾਂ ਦੁਆਰਾ ਸਿਰਜੀ, ਸਾਰਿਆਂ ਵਿੱਚ ਆਪਣੀ ਜੋਤ ਧਰੀ ਹੈ, ਸਾਰਿਆਂ ਮਨੁੱਖਾਂ ਨੂੰ ਇੱਕੋ ਜਿਹੇ ਹੱਥ, ਪੈਰ, ਨੱਕ, ਅੱਖਾਂ, ਕੰਨ ਪ੍ਰਦਾਨ ਕੀਤੇ। ਸਾਰਿਆਂ ਅੰਦਰ ਇੱਕੋ ਜਿਹਾ ਲਹੂ ਹਰਕਤ ਕਰਦਾ ਹੈ। ਬਾਬਾ ਕਬੀਰ ਜੀ ਦੇ ਕਥਨ ਅਨੁਸਾਰ ਐਸਾ ਨਹੀਂ ਕਿ ਬ੍ਰਾਹਮਣ ਦਾ ਸਰੀਰ ਦੁੱਧ ਨਾਲ ਚਲਦਾ ਤੇ ਸ਼ੂਦਰ ਦਾ ਸਰੀਰ ਲਹੂ ਨਾਲ ਹਰਕਤ ਕਰਦਾ ਹੈ। ਜਿਸ ਵਿਧੀ ਨਾਲ ਬ੍ਰਾਹਮਣ ਸੰਸਾਰ ਵਿੱਚ ਜਨਮ ਲੈਂਦਾ ਹੈ, ਉਸੇ ਵਿਧੀ-ਵਿਧਾਨ ਅਨੁਸਾਰ ਅਖੌਤੀ ਨੀਵੀਂ ਜਾਤ ਵਾਲਾ ਸੰਸਾਰ ਅੰਦਰ ਪੈਦਾ ਹੁੰਦਾ ਹੈ। ਆਪ ਜੀ ਦਾ ਗਉੜੀ ਰਾਗ ਅੰਦਰ ਬੜਾ ਹੀ ਭਾਵ ਪੂਰਤ ਬਚਨ ਦਰਜ ਹੈ:

**ਗਰਭ[1] ਵਾਸ ਮਹਿ ਕੁਲੁ ਨਹੀ ਜਾਤੀ ॥**
**ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥**
**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥**

1.ਮਾਤਾ ਦੇ ਗਰਭ ਵਿਚ ਕੋਈ ਜਾਤ ਨਹੀਂ ਜਾਣੀ ਜਾਂਦੀ।



**ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ਰਹਾਉ ॥**
**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**
**ਤਉ [1]ਆਨ ਬਾਟ ਕਾਹੇ ਨਹੀ ਆਇਆ ॥੨॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥**
**ਹਮ ਕਤ ਲੋਹੂ ਤੁਮ ਕਤ ਦੂਧ ॥੩॥**
**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥**

ਗਉੜੀ ਕਬੀਰ ਜੀ, ਪੰਨਾ ੩੨੪

ਬਾਬਾ ਕਬੀਰ ਜੀ ਨੇ ਤਾਂ ਅਜਿਹੇ ਵਿਤਕਰੇ ਤੋਂ ਨਿਜਾਤ ਪ੍ਰਾਪਤ ਕਰਨ ਲਈ ਪੁਕਾਰ ਪੁਕਾਰ ਕੇ ਗੁਰਬਾਣੀ ਅੰਦਰ ਅਸਲੀਅਤ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਪ੍ਰਗਟ ਕੀਤਾ ਹੈ:

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**
**ਲੋਗਾ [2]ਭਰਮਿ ਨ ਭੂਲਹੁ ਭਾਈ ॥**
**ਖਾਲਿਕੁ[3] ਖਲਕ ਖਲਕ ਮਹਿ ਖਾਲਿਕੁ**
**ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ॥**
**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥**
**ਨਾ ਕਛੁ ਪੋਚ [4]ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥੨॥**

ਪ੍ਰਭਾਤੀ ਕਬੀਰ ਜੀ, ਪੰਨਾ ੧੩੪੯

ਇਹ ਜਾਤ ਪਾਤ ਤੇ ਉਚ-ਨੀਚ ਦੀਆਂ ਵੰਡੀਆਂ ਤਾਂ ਸੁਆਰਥ ਦੀ ਖਾਤਰ ਮੰਨੂ ਦੀ ਦੇਣ ਹੈ। ਸਤਿਗੁਰਾਂ ਨੇ ਤਾਂ ਜਾਤ ਪਾਤ ਪ੍ਰਤੀ ਹੁਕਮ ਕੀਤਾ ਹੈ, **[5]"ਫਕੜ ਜਾਤੀ ਫਕੜੁ ਨਾਉ॥ [6]ਸਭਨਾ ਜੀਆ ਇਕਾ ਛਾਉ॥"** ਸਤਿਗੁਰੂ ਦੇ ਦਰ ਤਾਂ **"ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥੧॥"** ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਤਾਂ ਜਗਤ ਜਲੰਦੇ ਦਾ ਉਧਾਰ ਕਰਨ ਵਾਸਤੇ ਆਪਣਾ ਸਾਥੀ ਹੀ ਨੀਵੀਂ ਜਾਤ ਦੇ ਮਰਾਸੀ ਦਾਨੇ ਨੂੰ ਬਣਾਇਆ ਤੇ ਉਸ ਨੂੰ ਆਪਣਾ ਭਰਾ ਦਰਸਾ ਕੇ ਭਾਈ ਮਰਦਾਨਾ ਨਾਉਂ ਦਿੱਤਾ, ਜਿਸ ਨੇ ਸਾਰੀ ਆਯੂ ਸਤਿਗੁਰਾਂ ਦੇ ਅੰਗ ਸੰਗ ਰਹਿ ਕੇ, ਪਰਛਾਵੇ ਵਾਂਗ, ਹਰ ਔਕੜ ਵਿੱਚ, ਦੁਖ-ਸੁਖ, ਭੁੱਖ-ਤ੍ਰੇਹ ਸਹਾਰ ਕੇ

1. ਹੋਰ ਰਸਤੇ ਕਿਉਂ ਨਹੀਂ ਆਇਆ। 2.ਹੇ ਲੋਕੋ! ਐਵੇਂ ਭਰਮ ਭੁਲੇਖੇ ਵਿੱਚ ਨ ਪਵੋਂ। 3. ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਪਰਮਾਤਮਾਂ, ਸ੍ਰਿਸ਼ਟੀ ਅੰਦਰ ਨਿਵਾਸ ਕਰਦਾ ਹੈ। 4.ਪਰਮਾਤਮਾਂ ਨੇ ਨਾ ਕੋਈ ਊਣਤਾਈ (ਕਮੀਂ) ਮਿੱਟੀ ਦੇ ਬਰਤਣਾਂ (ਭਾਵ ਮਨੁੱਖਾਂ) ਵਿੱਚ ਹੈ ਨਾ ਕੋਈ ਪਰਮਾਤਮਾਂ ਵਿੱਚ। 5. ਫਜ਼ੂਲ ਹੈ ਜਾਤ ਤੇ ਫਜ਼ੂਲ (ਬਿਅਰਥ) ਹੈ ਜਾਤ ਦਾ ਨਾਉਂ ਲੈ ਕੇ ਹੰਕਾਰ ਕਰਨਾ। 6. ਸਾਰੇ ਜੀਵਾਂ ਉੱਪਰ ਇੱਕ ਪਰਮਾਤਮਾ ਦੀ ਛਾਉ ਹੀ ਹੈ (ਭਾਵ ਸਾਰਿਆਂ ਨੂੰ ਇਕ ਪ੍ਰਭੂ ਦਾ ਹੀ ਆਸਰਾ ਹੈ।)

ਸਤਿਗੁਰਾਂ ਦਾ ਆਖਰੀ ਸਵਾਸਾਂ ਤੱਕ ਸਾਥ ਨਿਭਾਇਆ।

ਕਲਗੀਧਰ ਪਾਤਸ਼ਾਹ ਜੀ ਨੇ ਤਾਂ ਰਵਾਲਸਰ ਸਾਹਿਬ ਦੇ ਅਸਥਾਨ ਤੇ ਪਹਾੜੀ ਰਾਜਿਆਂ ਤੇ ਸਵਰਨ ਜਾਤੀ ਅਖਵਾਉਣ ਵਾਲਿਆਂ ਦੇ ਸ਼ਰਤ ਰੱਖਣ ਤੇ ਕਿ ਤੁਸੀਂ ਨੀਵੀਂ ਜਾਤ ਦੇ ਜੱਟ-ਝੀਰ, ਨਾਈ, ਛੀਂਬੇ, ਸ਼ੂਦਰਾਂ ਨੂੰ ਛੱਡ ਦੇਵੋ, ਤਦ ਅਸੀਂ ਤੁਹਾਡਾ ਸਾਥ ਦੇਵਾਂਗੇ। ਉਨ੍ਹਾਂ ਦੀ ਸ਼ਰਤ ਨੂੰ ਠੁਕਰਾ ਕੇ ਕਹਿ ਦਿੱਤਾ ਕਿ ਸਾਡੇ ਆਦਲੇ ਸਤਿਗੁਰਾਂ ਦਾ ਹੁਕਮ ਹੈ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥**

ਸਿਰੀਰਾਗੁ ਮ:੧, ਪੰਨਾ ੧੫

ਉਨ੍ਹਾਂ ਸਵਰਨ ਜਾਤੀ ਅਖਵਾਉਣ ਵਾਲਿਆ ਨਾਲੋਂ ਨਾਤਾ ਤੋੜ ਕੇ ਕਹਿ ਦਿੱਤਾ-

**ਇਨ ਗਰੀਬ ਸਿਖਨ ਕੋ ਮੈਂ ਦੇਊ ਪਾਤਸ਼ਾਹੀ**
**ਜਿਹ ਯਾਦ ਰਖੇ ਹਮਰੀ ਗੁਰਆਈ ॥**

ਤੇ ਬੁਲੰਦ ਅਵਾਜ਼ ਨਾਲ ਕਹਿ ਦਿੱਤਾ, ਸੰਸਾਰ ਦੇ ਲੋਕੋ!

**ਜਿਨ ਕੀ ਬਰਨ ਗੋਤ ਕੁਲ ਨਾਹੀ ॥ ਸਿਰਦਾਰੀ ਨਹ ਭਈ ਕਿਦਾਈ ॥**
**ਇਨਹੀ ਕਉ ਸਿਰਦਾਰ ਬਨਾਊ ॥ ਤਬੈ ਗੋਬਿੰਦ ਸਿੰਘ ਨਾਮ ਕਹਾਊ ॥**

ਤੇ ਸਮਾਂ ਆਉਣ ਤੇ ਸਤਿਗੁਰਾਂ ਨੇ ਇੱਕੋ ਬਾਟੇ ਵਿੱਚ, ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ, ਬਿਨਾਂ ਜਾਤ ਵੰਡ ਕੀਤੇ, ਸਭ ਨੂੰ ਇੱਕੋ ਥਾਂ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ ਤੇ ਇੱਕੋ ਰਹਿਤ ਮਰਯਾਦਾ ਦੀ ਕੜੀ ਵਿੱਚ ਪਰੋ ਕੇ ਸਰਬ ਮਨੁੱਖਤਾ ਨੂੰ ਇੱਕੋ ਲਕਬ '**ਖਾਲਸਾ**' ਤੇ '**ਸਿੰਘ**' ਪ੍ਰਦਾਨ ਕੀਤਾ। ਸਮਾਂ ਆਏ ਤੇ ਇਨ੍ਹਾਂ ਅਖੌਤੀ ਜਾਤਾਂ ਵਿਚੋਂ ਸਜੇ ਖਾਲਸੇ ਨੇ ਉਹ ਮਾਹਰਕੇ ਮਾਰੇ, ਜਿਸ ਨੂੰ ਵੇਖ ਕੇ ਲੁਕਾਈ ਮੂੰਹ ਵਿੱਚ ਉਗਲਾਂ ਪਾਉਣ ਲਈ ਮਜਬੂਰ ਹੋ ਜਾਂਦੀ ਹੈ। ਵੇਖੋ ! ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ, ਆਪਣੀ ਜਾਨ ਨੂੰ ਜ਼ੋਖਮ ਵਿੱਚ ਪਾ ਕੇ, ਭਾਈ ਜੈਤਾ ਜੀ ਨੇ ਪਿਆਰ ਨਾਲ ਸੰਭਾਲ ਕੇ ਦਿੱਲੀ ਤੋਂ ਅਨੰਦਪੁਰ ਸਾਹਿਬ ਪੈਦਲ ਪੈਂਡਾਂ ਤੈਅ ਕਰ ਕੇ ਕਲਗੀਧਰ ਪਾਤਸ਼ਾਹ ਜੀ ਦੇ ਸਨਮੁੱਖ ਭੇਟ ਕੀਤਾ। ਸਤਿਗੁਰਾਂ ਵੀ ਭਾਈ ਜੈਤਾ ਜੀ ਨੂੰ ਗਲਵਕੜੀ ਵਿੱਚ ਲੈ ਕੇ ਬਚਨ ਕੀਤਾ, ਹੇ ਰੰਘਰੇਟੇ ! ਤੂੰ ਤਾਂ ਗੁਰੂ ਦਾ ਪੁੱਤਰ ਹੈਂ-

**ਰੰਘਰੇਟਾ ਗੁਰੂ ਕਾ ਬੇਟਾ ॥**

ਇੱਥੇ ਹੀ ਬਸ ਨਹੀਂ, ਚਮਕੌਰ ਸਾਹਿਬ ਜੀ ਦੀ ਕੱਚੀ ਗੜ੍ਹੀ ਵਿਚੋਂ, ਪੰਜਾਂ ਸਿੰਘਾਂ ਦਾ ਹੁਕਮ ਮੰਨ ਕੇ ਛੱਡ ਜਾਣ ਤੋਂ ਪਹਿਲਾਂ, ਸਤਿਗੁਰਾਂ ਨੇ ਆਪਣੀ ਪੋਸ਼ਾਕ, ਜਿਗ੍ਹਾ ਕਲਗੀ, ਭਾਈ ਸੰਗਤ ਸਿੰਘ ਦੇ ਸੀਸ ਤੇ ਸਜਾ ਕੇ ਬਚਨ ਕਰ ਦਿੱਤਾ-



**ਅਜ ਤੋਂ ਖਾਲਸਾ ਗੁਰੂ ॥ ਗੁਰੂ ਖਾਲਸਾ ਹੋਇਆ ॥**

ਸਤਿਗੁਰਾਂ ਸਾਰਿਆਂ ਨੂੰ ਬਰਾਬਰਤਾ ਪ੍ਰਦਾਨ ਕਰਕੇ "**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ**" ਦੀਆਂ ਪੰਕਤੀਆਂ ਨੂੰ ਸਾਕਾਰ ਰੂਪ ਪ੍ਰਦਾਨ ਕੀਤਾ। ਅੱਜ ਆਪਾਂ ਨੂੰ ਵੀ ਯਤਨ ਕਰਨਾ ਚਾਹੀਦਾ ਹੈ ਕਿ ਸਤਿਗੁਰਾਂ ਦੀ ਬਖਸ਼ਿਸ਼ ਕੀਤੀ ਚਾਲੀ ਉੱਪਰ ਚੱਲ ਕੇ, ਅਮਲੀ ਰੂਪ ਵਿੱਚ, ਛੂਤ-ਛਾਤ ਦੇ ਤਿਆਗੀ ਬਣ ਕੇ,

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**

ਧਨਾਸਰੀ ਮ:੧, ਪੰਨਾ ੧੩

ਦੇ ਧਾਰਨੀ ਬਣ ਕੇ ਗੁਰੂ ਖੁਸ਼ੀ ਨੂੰ ਪ੍ਰਾਪਤ ਕਰੀਏ। ਸਾਰੀ ਸੰਗਤ ਨੇ ਬੜੇ ਪਿਆਰ ਨਾਲ, ਗੁਰੂ ਉਪਦੇਸ਼ ਬਾਬਾ ਜੀ ਦੀ ਰਸਨਾ ਦੁਆਰਾ ਸ੍ਰਵਣ ਕੀਤਾ। ਉਪ੍ਰੰਤ ਗੁਰੂ ਮਹਾਂਰਾਜ ਜੀ ਦਾ ਸੁਖਆਸਨ ਕਰਕੇ, ਗੁਰੂ ਮਹਾਂਰਾਜ ਜੀ ਦਾ ਸਰੂਪ ਗੁਰਦੁਆਰਾ ਸਾਹਿਬ, ਸਸ਼ੋਭਤ ਕਰਕੇ ਸਾਰਿਆਂ ਨੇ ਸੰਗਤੀ ਰੂਪ ਵਿੱਚ ਗੁਰਬਚਨ ਸਿੰਘ ਦੇ ਘਰ ਹੀ ਗੁਰੂ ਕਾ ਲੰਗਰ ਛਕਿਆ।

### *ਬਾਬਾ ਜੀ ਨੇ ਵਾਪਸੀ ਲਈ ਸੰਗਤ ਪਾਸੋਂ ਵਿਦਾਇਗੀ ਲਈ*

ਉਪ੍ਰੰਤ ਘੰਟਾ ਕੁ ਸੰਗਤੀ ਰੂਪ ਵਿੱਚ ਬਚਨ ਬਿਲਾਸ ਕਰਕੇ, ਬਾਬਾ ਜੀ ਨੇ ਸੰਗਤਾਂ ਪਾਸੋਂ ਵਿਦਾਇਗੀ ਲਈ। ਭਾਈ ਗੁਰਬਚਨ ਸਿੰਘ ਦੇ ਚਿਹਰੇ ਤੇ ਜੋ ਖੁਸ਼ੀ ਪ੍ਰਗਟ ਦਿਖਾਈ ਦੇ ਰਹੀ ਸੀ, ਉਸ ਦਾ ਅਨੁਭਵ ਉਹ ਆਪ ਹੀ ਕਰਦਾ ਮਹਿਸੂਸ ਹੁੰਦਾ ਸੀ। ਤੁਰਨ ਲੱਗਿਆਂ ਉਸ ਨੇ ਬਾਬਾ ਜੀ ਤੇ ਸੰਗਤ ਦਾ ਧੰਨਵਾਦ ਕੀਤਾ ਤੇ ਬਚਨ ਕਹੇ ਕਿ ਅੱਜ ਮੈਨੂੰ ਜੋ ਖੁਸ਼ੀ ਤੇ ਪ੍ਰਸੰਨਤਾ, ਬਾਬਾ ਜੀ ਤੇ ਸੰਗਤ ਦੇ ਪਿਆਰ ਸਦਕਾ ਪ੍ਰਾਪਤ ਹੋਈ ਹੈ, ਉਹ ਮੈਂ ਬਿਆਨ ਨਹੀਂ ਕਰ ਸਕਦਾ। ਹੁਣ ਮੇਰੀ ਨਿਰਾਸ਼ਾ-ਆਸ਼ਾ ਵਿੱਚ ਬਦਲ ਗਈ ਹੈ। ਜੇ ਮਹਾਂਪੁਰਖ ਤੇ ਸੰਗਤ ਮੇਰੇ ਘਰ ਵਿੱਚ ਇਸ ਤਰ੍ਹਾਂ ਦਰਸ਼ਨ ਨਾ ਦਿੰਦੇ ਤਾਂ ਸ਼ਾਇਦ ਮੈਂ ਆਪਣੀ ਗਰੀਬੀ ਤੇ ਨੀਵੀਂ ਜਾਤ ਨੂੰ ਕੋਸਦਿਆਂ ਨਿਰਾਸ਼ਾ ਵਿੱਚ ਹੀ ਤੁਰ ਜਾਣਾ ਸੀ।

ਅੱਜ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਜੋ ਬਚਨ ਸਤਿਗੁਰੂ ਅਰਜਨ ਦੇਵ ਜੀ ਨੇ ਸਹਸਕ੍ਰਿਤੀ ਸਲੋਕਾਂ ਅੰਦਰ ਅੰਕਤ ਕੀਤਾ ਹੈ ਉਹ ਤ੍ਰੈ ਕਾਲ ਸਤ ਹੈ। ਮਨੁੱਖ ਕਈ ਵਾਰੀ ਕਾਹਲਾ ਪੈ ਕੇ ਆਪਣੇ ਅੰਦਰਲੇ ਰਸ ਨੂੰ ਬੇ-ਰਸ ਕਰ ਲੈਂਦਾ ਹੈ। ਇਹ ਮਨੁਖ ਦੀ ਅਗਿਆਨਤਾ ਹੈ। ਸਤਿਗੁਰੂ ਦਾ ਫੁਰਮਾਨ ਹੈ ਕਿ ਜੋ ਮਨੁੱਖ, ਗੁਰੂ ਦੀ ਭਰੋਸੇ ਨਾਲ ਸੇਵਾ ਕਰਦਾ ਹੈ, ਪਰਮਾਤਮਾਂ ਉਸ ਪਛੜੇ ਮਨੁੱਖ ਨੂੰ ਆਗੂ ਬਣਾ ਦਿੰਦਾ ਹੈ। ਨਿਆਸਰਿਆਂ ਮਨੁੱਖਾਂ ਦੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ। ਪਰਮਾਤਮਾ ਨਿਰਧਨਾਂ ਨੂੰ ਧਨਵਾਨ ਬਣਾ ਦਿੰਦਾ ਹੈ। ਜਨਮਾਂ ਜਨਮਾਤਰਾਂ ਦੇ ਰੋਗੀਆਂ ਦੇ ਰੋਗ ਕੱਟ

ਕੇ ਉਨ੍ਹਾਂ ਨੂੰ ਤਨ ਤੇ ਮਨ ਦੀ ਅਰੋਗਤਾ ਬਖਸ਼ਿਸ਼ ਕਰ ਦਿੰਦਾ ਹੈ। ਭਗਤੀ ਕਰਨ ਦੇ ਜਾਚਕਾਂ ਨੂੰ ਪਰਮਾਤਮਾਂ ਭਗਤੀ ਦਾਨ ਪ੍ਰਦਾਨ ਕਰਦਾ ਹੈ। ਜਿਸ ਦੀ ਬਦੌਲਤ ਉਹ ਹਮੇਸ਼ਾਂ ਪ੍ਰਮਾਤਮਾਂ ਦੀ ਸਿਫਤੋ ਸਲਾਹ ਕੀਰਤੀ ਕਰਕੇ, ਆਪਣਾ ਮਨੁੱਖਾ ਜਨਮ ਸਫਲ ਕਰ ਲੈਂਦੇ ਹਨ। ਪਰਮਾਤਮਾਂ ਬਹੁਤ ਹੀ ਦਿਆਲੂ ਹੈ। ਸਤਿਗੁਰੂ ਜੀ ਦੀ ਸੇਵਾ ਰਾਹੀਂ ਮਨੁੱਖ ਨੂੰ ਪਰਮਾਤਮਾ ਪਾਸੋਂ ਸਭ ਕੁਝ ਹੀ ਪ੍ਰਾਪਤ ਹੋ ਜਾਂਦਾ ਹੈ। ਕੋਈ ਵਸਤੂ ਐਸੀ ਨਹੀਂ ਜਿਹੜੀ ਗੁਰੂ ਦੀ ਸੇਵਾ ਵਿਚੋਂ ਪ੍ਰਾਪਤ ਨ ਹੁੰਦੀ ਹੋਵੇ-

**ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ ॥**
**ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥**
**ਭਗਤੵੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥**
**ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ ॥੨੦॥**

ਮ:੫,ਪੰਨਾ ੧੩੫੫

ਸੋ ਬਾਬਾ ਜੀ ! ਅੱਜ ਮੇਰੀਆਂ ਵੀ ਸਾਰੀਆਂ ਆਸਾਂ ਪੂਰੀਆਂ ਹੋ ਗਈਆਂ ਹਨ। ਜੋ ਖੁਸ਼ੀ ਮੈਨੂੰ ਪ੍ਰਾਪਤ ਹੋਈ ਹੈ, ਮੈਂ ਉਸ ਨੂੰ ਦਰਸਾ ਨਹੀਂ ਸਕਦਾ। ਬਾਬਾ ਜੀ ਨੇ ਗੁਰਬਚਨ ਸਿੰਘ ਨੂੰ ਗਲਵਕੜੀ ਵਿੱਚ ਲੈ ਕੇ ਬਚਨ ਕੀਤਾ, ਗੁਰੂ ਮਹਾਂਰਾਜ ਜੀ ਦੀ ਮਿਹਰ ਨਾਲ ਅਸੀਂ ਵੀ ਧੰਨਭਾਗੀ ਹਾਂ, ਜੋ ਇੱਕ ਗੁਰਸਿੱਖ ਦੀ ਪ੍ਰਸੰਨਤਾ ਪ੍ਰਾਪਤ ਕਰਨ ਦੇ ਪਾਤਰ ਬਣੇ ਹਾਂ। ਸਤਿਗੁਰੂ ਜੀ ਇਸੇ ਪ੍ਰਕਾਰ ਸੰਗਤਾਂ ਤੇ ਗੁਰਸਿੱਖਾਂ ਦੀਆਂ ਅਸੀਸਾਂ ਪ੍ਰਦਾਨ ਕਰਦੇ ਰਹਿਣ।

**ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ**
**ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥**

ਮ: ੪, ਪੰਨਾ ੩੧੭

ਕਿਉਂਕਿ ਗੁਰਸਿੱਖਾਂ ਅੰਦਰ ਸਤਿਗੁਰੂ ਪ੍ਰਤੱਖ ਵਰਤਦਾ ਹੈ। ਜੋ ਗੁਰਸਿੱਖਾਂ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦਾ ਹੈ, ਮਾਨੋ ਉਹ ਗੁਰੂ ਦੀ ਖੁਸ਼ੀ ਪ੍ਰਾਪਤ ਕਰ ਲੈਂਦਾ ਹੈ।



# ਗੁਰਮਤਿ ਅਸੂਲਾਂ ਦੀ ਦ੍ਰਿੜ੍ਹਤਾ

ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਦਾ ਮਿਲਾਪ ਦਸੰਬਰ 1973 ਈ: ਨੂੰ ਸੰਤ ਬਾਬਾ ਹਰਨਾਮ ਸਿਘ ਜੀ ਰਾਮਪੁਰ ਖੇੜੇ ਵਾਲਿਆਂ ਨਾਲ ਜਦੋਂ ਹੋਇਆ ਤਾਂ ਇਹ ਮਿਲਾਪ ਸਦੀਵੀਂ ਹੋ ਕੇ ਰਹਿ ਗਿਆ। ਦਿਨੋਂ ਦਿਨ ਇਸ ਪ੍ਰੇਮ-ਮਿਲਾਪ ਵਿੱਚ ਵਾਧਾ ਹੀ ਹੁੰਦਾ ਗਿਆ। ਆਪ ਜੀ ਇਸੇ ਪ੍ਰੇਮ-ਮਿਲਾਪ ਅਧੀਨ ਜੂਨ 1974 ਈ: ਵਿੱਚ ਸਲਾਨਾ ਨਾਮ ਅਭਿਆਸ ਕਮਾਈ ਸਮਾਗਮ ਵਿੱਚ ਹਾਜ਼ਰੀ ਭਰਨ ਤੇ ਸੰਗਤਾਂ ਨੂੰ ਗੁਰ-ਸ਼ਬਦ ਦੀ ਕਥਾ ਸ੍ਰਵਣ ਕਰਵਾਉਣ ਵਾਸਤੇ ਪੁੱਜੇ। ਸਾਰੀਆਂ ਸੰਗਤਾਂ ਨੇ ਜਿੱਥੇ ਨਾਮ-ਸਿਮਰਨ ਤੇ ਕੀਰਤਨ ਦਾ ਅਨੰਦ ਮਾਣਿਆ, ਉਥੇ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਦੇ ਮੁਖਾਰਬਿੰਦ ਤੋਂ ''**ਸਭ ਤੇ ਊਤਮ ਹਰਿ ਕੀ ਕਥਾ**'' ਦਾ ਰੱਜ ਕੇ ਲਾਹਾ ਪ੍ਰਾਪਤ ਕੀਤਾ। ਜਿਵੇਂ ਕਿ ਹਰ ਸਮਾਗਮ ਤੇ ਅੰਮ੍ਰਿਤ ਸੰਚਾਰ ਹੁੰਦਾ ਹੈ। ਸ਼ਾਮ ਨੂੰ ਬਾਬਾ ਜੀ ਨੇ ਕੁਝ ਚੋਣਵੇ ਸਿੰਘਾਂ ਨਾਲ ਵੀਚਾਰ ਕੀਤੀ ਕਿ ਕੱਲ੍ਹ ਨੂੰ ਅੰਮ੍ਰਿਤ ਸੰਚਾਰ ਦਾ ਦਿਨ ਹੈ। ਆਪਾਂ ਸੰਤ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਬੇਨਤੀ ਕਰੀਏ ਕਿ ਅੰਮ੍ਰਿਤ ਸੰਚਾਰ ਵਿੱਚ ਅੱਧੇ ਸਿੰਘ ਉਨ੍ਹਾਂ ਦੇ ਜਥੇ ਦੇ, ਤੇ ਅੱਧੇ ਸਿੰਘ ਸਾਡੀ ਵੱਲੋਂ, ਇੱਕਠੇ ਰਲ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਕਰੀਏ। ਇਸ ਤਰ੍ਹਾਂ ਹੋਰ ਵੀ ਆਪਸੀ ਨੇੜਤਾ ਵਧੇਗੀ। ਬਾਬਾ ਜੀ ਦੀ ਇਹ ਸੋਚ ''**ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ॥**''ਦੇ ਗੁਰੂ ਬਚਨਾਂ ਉੱਪਰ ਅਧਾਰਿਤ ਸੀ। ਸਾਰਿਆਂ ਸਿੰਘਾਂ ਨੇ ਬੜੀ ਖੁਸ਼ੀ ਨਾਲ ਹਾਂ ਕਰ ਦਿੱਤੀ ਤੇ ਬਾਬਾ ਜੀ ਵੱਲੋਂ ਭਾਈ ਬਗੀਚਾ ਸਿੰਘ ਜੀ ਪਿੰਡ ਤਨੂੰਲੀ ਵਾਲਿਆਂ ਦੇ ਜਿੰਮੇਂ, ਇਸ ਵੀਚਾਰ ਨੂੰ ਅੰਤਿਮ ਰੂਪ ਦੇਣ ਲਈ ਸੰਤ ਬਾਬਾ ਕਰਤਾਰ ਸਿਘ ਜੀ ਖ਼ਾਲਸਾ ਪਾਸ ਭੇਜਿਆ ਗਿਆ।

ਭਾਈ ਬਗੀਚਾ ਸਿੰਘ ਜੀ ਨੇ ਖ਼ਾਲਸਾ ਜੀ ਨੂੰ ਬਾਬਾ ਜੀ ਦੇ ਮਨ ਦੀ ਅਭਿਲਾਸ਼ਾ ਦਰਸਾਈ। ਸੰਤ ਬਾਬਾ ਕਰਤਾਰ ਸਿੰਘ ਜੀ ਨੇ ਬਾਬਾ ਜੀ ਦੀ ਦਿਲੀ ਚਾਹਨਾ ਨੂੰ ਸੁਣ ਕੇ ਸਿਰ ਨਿਵਾਇਆ ਤੇ ਬਚਨ ਕੀਤਾ, ਬਗੀਚਾ ਸਿੰਘ ! ਇਸ ਨਾਲੋਂ ਹੋਰ ਚੰਗੀ ਗੱਲ ਕੀ ਹੋ ਸਕਦੀ ਹੈ? ਜੋ ਬਾਬਾ ਜੀ ਨੇ ਬਚਨ ਕੀਤਾ ਹੈ, ਉਹ ਸਾਡੇ ਸਿਰ ਮੱਥੇ ਹੈ। ਆਪਾਂ ਸਾਰੇ ਰਲ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਕਰਾਂਗੇ। ਸਾਡੀ ਵੱਲੋਂ ਬਾਬਾ ਜੀ ਨੂੰ ਤੁਸੀਂ ਬੇਨਤੀ ਕਰਿਉ ਕਿ ਉਹ ਆਪ ਵੀ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਸ਼ਾਮਲ ਹੋਣ। ਭਾਈ ਬਗੀਚਾ ਸਿੰਘ ਜੀ ਨੇ ਖ਼ਾਲਸਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਉਂਝ ਤਾਂ ਹਰ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਆਪ ਹਿੱਸਾ ਲੈਂਦੇ ਸਨ। ਹੁਣ ਕੁਝ ਗੋਡਿਆਂ ਵਿੱਚ ਦਰਦ ਹੋਣ ਕਾਰਣ ਬਹੁਤਾ ਸਮਾਂ ਬੀਰ-ਆਸਣ ਬੈਠਣਾ ਔਖਾ ਹੈ। ਉਂਝ ਬਾਬਾ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਜਰੂਰ ਸੇਵਾ ਕਰਨਗੇ।

ਖ਼ਾਲਸਾ ਜੀ ਕਹਿਣ ਲੱਗੇ, ਬਗੀਚਾ ਸਿੰਘ! ਉਹ ਵੀ ਇੱਕੋ ਗੱਲ ਹੈ। ਮਹਾਂਪੁਰਖਾਂ ਦੀ ਸਮੂਲੀਅਤ ਨਾਲ ਹੋਰ ਚੜ੍ਹਦੀ ਕਲਾ ਹੋ ਜਾਵੇਗੀ।

ਅਗਲੇ ਦਿਨ ਸਵੇਰ ਦੀ ਕਥਾ ਤੇ ਲੰਗਰ ਤੋਂ ਉਪ੍ਰੰਤ, ਅੰਮ੍ਰਿਤ ਸੰਚਾਰ ਦੀ ਤਿਆਰੀ ਅਰੰਭ ਕੀਤੀ। ਜਥੇ ਦੇ ਸਿੰਘਾਂ ਵਲੋਂ ਸੰਤ ਬਾਬਾ ਕਰਤਾਰ ਸਿੰਘ ਜੀ ਤੇ ਦੋ ਸਿੰਘ ਉਨ੍ਹਾਂ ਦੇ ਜਥੇ ਦੇ, ਇੱਧਰੋਂ ਬਾਬਾ ਜੀ, ਭਾਈ ਬਗੀਚਾ ਸਿੰਘ ਜੀ ਤੇ ਸ. ਚੰਨਣ ਸਿੰਘ ਜੀ ਪੰਜਾਂ ਪਿਆਰਿਆਂ ਦੀ ਡਿਊਟੀ ਨਿਭਾਉਣ ਲਈ ਸ਼ਾਮਲ ਹੋਏ। ਸੁਧਾਈ ਦੀ ਅਰਦਾਸ ਕਰਨ ਤੋਂ ਪਹਿਲਾਂ ਸੰਤ ਬਾਬਾ ਕਰਤਾਰ ਸਿੰਘ ਜੀ ਨੇ ਭਾਈ ਬਗੀਚਾ ਸਿੰਘ ਜੀ ਨੂੰ ਆਪਣੇ ਨੇੜੇ ਸੱਦ ਕੇ, ਕੁਝ ਅੰਮ੍ਰਿਤ ਸੰਚਾਰ ਦੇ ਸਬੰਧ ਵਿੱਚ ਸਲਾਹ ਮਸ਼ਵਰਾ ਕਰਨਾ ਅਰੰਭ ਕੀਤਾ ਤਾਂ ਜੋ ਅੰਮ੍ਰਿਤ ਤਿਆਰ ਕਰਨ ਤੇ ਛਕਾਉਣ ਸਮੇਂ ਕੋਈ ਮਤ-ਭੇਦ ਪੈਦਾ ਨਾ ਹੋਵੇ। ਬਾਕੀ ਸਾਰੀ ਮਰਯਾਦਾ ਅੰਮ੍ਰਿਤ ਤਿਆਰ ਕਰਨ, ਰਹਿਤਾਂ-ਕੁਰਹਿਤਾਂ, ਨਿੱਤਨੇਮ ਦੀ ਸਾਰੀ ਸਾਂਝੀ ਸੀ। ਪਰ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਸਮੇਂ ਥੋੜ੍ਹਾ ਮਤ ਭੇਦ ਨਿਕਲਿਆ। ਖ਼ਾਲਸਾ ਜੀ ਕਹਿਣ ਲੱਗੇ! ਅੰਮ੍ਰਿਤ ਦਾ ਬਾਟਾ ਤਿਆਰ ਹੋਣ ਤੋਂ ਉਪ੍ਰੰਤ ਤੁਸੀਂ ਕਿਸ ਤਰ੍ਹਾਂ ਅੰਮ੍ਰਿਤ ਛਕਾਉਂਦੇ ਹੋ? ਭਾਈ ਬਗੀਚਾ ਸਿੰਘ ਜੀ ਨੇ ਜਿਵੇਂ ਬਾਬਾ ਜੀ ਬਿਨਾਂ ਭਿੰਨ ਭੇਦ-ਬਿਨਾਂ ਵਿਤਕਰੇ ਤੋਂ, ਇੱਕ ਪਾਸੇ ਤੋਂ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਂਦੇ ਸਨ, ਖ਼ਾਲਸਾ ਜੀ ਨੂੰ ਦੱਸ ਦਿੱਤਾ। ਸੰਤ ਕਰਤਾਰ ਸਿੰਘ ਜੀ ਕਹਿਣ ਲੱਗੇ ਕਿ ਅਸੀਂ ਤਾਂ ਚੌਥੇ ਪਉੜੇ ਵਾਲਿਆਂ ਨੂੰ ਬਾਅਦ ਵਿੱਚ ਅੰਮ੍ਰਿਤ ਛਕਾਈਦਾ ਹੈ। ਬਗੀਚਾ ਸਿੰਘ ਜੀ ਕਹਿਣ ਲੱਗੇ, ਆਪਾਂ ਬਾਬਾ ਜੀ ਨੂੰ ਪੁੱਛ ਲੈਂਦੇ ਹਾਂ। ਸੰਤ ਬਾਬਾ ਕਰਤਾਰ ਸਿੰਘ ਜੀ ਤੇ ਭਾਈ ਬਗੀਚਾ ਸਿੰਘ ਜੀ ਦੋਵੇਂ ਬਾਬਾ ਜੀ ਪਾਸ, ਜਿੱਥੇ ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸਨ, ਉਨ੍ਹਾਂ ਪਾਸ ਚਲੇ ਗਏ।

ਬਗੀਚਾ ਸਿੰਘ ਹੋਰਾਂ ਗੱਲ ਅਰੰਭ ਕੀਤੀ, ਬਾਬਾ ਜੀ! ਬਾਕੀ ਸਾਰੀ ਅੰਮ੍ਰਿਤ ਤਿਆਰ ਕਰਨ ਤੇ ਛਕਾਉਣ ਦੀ ਮਰਯਾਦਾ ਆਪਣੀ ਤੇ ਜਥੇ ਦੀ ਰਲਦੀ ਹੈ। ਪਰ ਟਕਸਾਲ ਵਿੱਚ ਚੌਥੇ ਪਉੜੇ ਵਾਲਿਆਂ ਨੂੰ ਬਾਅਦ ਵਿੱਚ ਅੰਮ੍ਰਿਤ ਛਕਾਇਆ ਜਾਂਦਾ ਹੈ। ਇਸ ਪ੍ਰਥਾਏ ਕੀ ਕਰੀਏ? ਬਾਬਾ ਜੀ ਬਗੀਚਾ ਸਿੰਘ ਤੇ ਸੰਤ ਕਰਤਾਰ ਸਿੰਘ ਜੀ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਮੈਨੂੰ ਸਮਝ ਨਹੀਂ ਪਈ, ਚੌਥੇ ਪਉੜੇ ਦਾ ਕੀ ਭਾਵ ਹੈ? ਖ਼ਾਲਸਾ ਜੀ ਕਹਿਣ ਲੱਗੇ, ਇਹ ਜੋ ਨੀਵੀਆਂ ਜਾਤਾਂ ਦੇ ਚੂਹੜੇ-ਚਮਾਰ, ਨਾਈ ਤੇ ਝੀਵਰ ਹਨ, ਉਨ੍ਹਾਂ ਨੂੰ ਚੌਥੇ ਪਉੜੇ ਵਾਲੇ ਕਿਹਾ ਜਾਂਦਾ ਹੈ।

### *ਬਾਬਾ ਜੀ ਵੱਲੋਂ ਉੱਤਰ*

ਬਾਬਾ ਜੀ, ਬਗੀਚਾ ਸਿੰਘ ਤੇ ਸੰਤ ਕਰਤਾਰ ਸਿੰਘ ਜੀ ਦਾ ਇਹ ਬਚਨ ਸੁਣ ਕੇ ਬੜੇ ਰੋਹ ਵਿੱਚ ਆਏ ਤੇ ਕਹਿਣ ਲੱਗੇ, ਖ਼ਾਲਸਾ ਜੀ ! ਜੇ ਅੰਮ੍ਰਿਤ ਛਕਾਉਣ ਲੱਗਿਆਂ ਤੇ ਅੰਮ੍ਰਿਤ ਛਕਾਉਣ ਤੋਂ ਬਾਅਦ ਵੀ ਚਮਾਰ-ਪੁਣਾ ਤੇ ਚੂਹੜ-ਪੁਣਾ



ਬਣਿਆ ਹੀ ਰਹਿਣਾ ਹੈ ਤਾਂ ਫਿਰ ਅੰਮ੍ਰਿਤ ਛਕਣ ਤੇ ਛਕਾਉਣ ਦੀ ਕੀ ਲੋੜ ਹੈ? ਗੁਰੂ ਮਹਾਂਰਾਜ ਜੀ ਨੇ ਇਹ ਦੂਈ-ਦ੍ਵੈਤ ਕੱਢਣ ਲਈ ਤਾਂ ਇੱਕੋ ਬਾਟੇ ਵਿੱਚੋਂ ਬਿਨਾਂ ਵਿਤਕਰੇ, ਬਿਨਾਂ ਜਾਤ-ਪਾਤ ਪੁੱਛੇ, ਸਾਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ''ਖ਼ਾਲਸਾ'' ਲਕਬ ਬਖਸ਼ਿਆ ਹੈ। ਸਿੱਖਿਆ ਦੇਣ ਵੇਲੇ ਵੀ ਸਾਰੇ ਅੰਮ੍ਰਿਤਧਾਰੀਆਂ ਨੂੰ ਉਪਦੇਸ਼ ਕੀਤਾ ਜਾਂਦਾ ਹੈ ਕਿ ਅੱਜ ਤੋਂ ਤੁਸੀਂ ਖ਼ਾਲਸਾ ਸਜੇ ਹੋ, ਇੱਕੋ ਤੁਹਾਡਾ ਪਿਤਾ, ਇੱਕੋ ਤੁਹਾਡੀ ਮਾਤਾ, ਇੱਕੋ ਤੁਹਾਡੀ ਸੋਢੀ ਬੰਸ, ਤੁਸੀਂ ਸਾਰੇ ਅੱਜ ਤੋਂ ਗੁਰਭਾਈ ਬਣੇ ਹੋ। ਅੱਜ ਤੋਂ ਤੁਸੀਂ ਜਾਤ ਵੰਡ-ਗੋਤ ਤੇ ਦੇਸ਼ ਵੰਡ ਨਹੀਂ ਕਰਨੀ **''ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ''** ਬਣ ਕੇ ਇੱਕ ਦੂਸਰੇ ਨੂੰ ਪਿਆਰ ਕਰਨਾ ਹੈ। ਫਿਰ ਅੰਮ੍ਰਿਤ ਛਕਾਉਣ ਲੱਗਿਆਂ ਤੀਜੇ-ਚੌਥੇ ਪਉੜੇ ਦੀ ਵੰਡ ਕਿਉਂ ਕਰਨੀ ਹੈ? ਖ਼ਾਲਸਾ ਜੀ! ਇਹ ਗੁਰਮਤਿ ਦੇ ਅਸੂਲ ਦੇ ਵਿਰੋਧ ਵਿੱਚ ਹੈ। ਜੇ ਪਿੱਛੇ ਵਿਤਕਰਾ ਚਲਦਾ ਵੀ ਰਿਹਾ ਹੈ ਤਾਂ ਅੱਜ ਤੋਂ ਇਸ ਨੂੰ ਛੱਡ ਦੇਵੋ। ਸਾਰਿਆਂ ਨੂੰ ਇੱਕੋ ਬਾਟੇ ਵਿੱਚੋਂ ਬਿਨਾਂ ਜਾਤ ਪਾਤ ਪੁੱਛਿਆਂ ਅੰਮ੍ਰਿਤ ਛਕਾਉ ਤੇ ਅਗਾਂਹ ਵੀ ਇਸੇ ਮਰਯਾਦਾ ਤੇ ਪੱਕੇ ਹੋਵੋ।

ਸੰਤ ਬਾਬਾ ਕਰਤਾਰ ਸਿੰਘ ਜੀ ਨੇ ਬਾਬਾ ਜੀ ਦੇ ਬਚਨਾਂ ਅੱਗੇ, ਸੱਤ-ਬਚਨ ਕਿਹਾ ਤੇ ਸਾਰੇ ਸਿੰਘਾਂ ਤੇ ਮਹਾਂਪੁਰਖਾ ਨੇ ਅੰਮ੍ਰਿਤ ਤਿਆਰ ਕਰਕੇ ਬਿਨਾਂ ਭਿੰਨ-ਭੇਦ, ਤੀਜਾ ਚੌਥਾ ਪਉੜਾ ਪੁੱਛਿਆਂ, ਸਭ ਨੂੰ ਵਾਰੀ ਵਾਰੀ ਅੰਮ੍ਰਿਤ ਛਕਾਇਆ। ਉਸ ਦਿਨ ਤੋਂ ਬਾਅਦ ਪੰਜ-ਛੇ ਥਾਵੀਂ ਹੋਰ ਵੀ ਅੰਮ੍ਰਿਤ ਸੰਚਾਰ ਹੋਇਆ, ਬਾਬਾ ਜੀ ਤੇ ਖ਼ਾਲਸਾ ਜੀ ਨੇ ਪੰਜਾਂ ਪਿਆਰਿਆ ਵਿੱਚ ਸ਼ਾਮਲ ਹੋ ਕੇ ਇਸੇ ਸਾਂਝੀਵਾਲਤਾ ਦੇ ਅਸੂਲ ਤੇ ਪਹਿਰਾ ਦੇ ਕੇ ਅੰਮ੍ਰਿਤ ਸੰਚਾਰ ਕੀਤੇ ।

ਉਸ ਦਿਨ ਤੋਂ ਟਕਸਾਲ ਵਿੱਚ ਜੋ ਵਖਰੇਵੇਂ ਦਾ ਪੱਖ ਚਲਦਾ ਆ ਰਿਹਾ ਸੀ, ਉਹ ਵੀ ਖਤਮ ਹੋ ਗਿਆ। ਅਗਲੇ ਸਾਲ ਜਦੋਂ ਸੰਤ ਕਰਤਾਰ ਸਿੰਘ ਜੀ ਦਾ ਬਾਬਾ ਜੀ ਨਾਲ ਮਿਲਾਪ ਹੋਇਆ ਤੇ ਆਪ ਨੇ ਬੜੇ ਬਿਲਾਸ ਵਿੱਚ ਬਾਬਾ ਜੀ ਨੂੰ ਕਿਹਾ ਕਿ ਬਾਬਾ ਜੀ ! ਆਪ ਜੀ ਦੇ ਹੁਕਮ ਅਨੁਸਾਰ ਅਸੀਂ ਹੁਣ ਤੀਜੇ, ਚੌਥੇ ਪਉੜੇ ਦਾ ਵਿਤਕਰਾ ਮੇਟ ਕੇ, ਬਾਬਾ ਰਵਿਦਾਸ ਜੀ ਦੇ ਫੁਰਮਾਨ ਅਨੁਸਾਰ **''ਦੋਮ ਨ ਸੇਮ ਏਕ ਸੋ ਆਹੀ॥''** ਦਾ ਕਾਰਜ ਕਰ ਦਿੱਤਾ ਹੈ। ਬਾਬਾ ਜੀ, ਖ਼ਾਲਸਾ ਜੀ ਦਾ ਬਚਨ ਸ੍ਰਵਣ ਕਰਕੇ ਬਹੁਤ ਹੀ ਖੁਸ਼ ਹੋਏ ਤੇ ਕਿੰਨਾ ਚਿਰ ਸੰਤ ਬਾਬਾ ਕਰਤਾਰ ਸਿੰਘ ਜੀ ਨੂੰ ਆਪਣੀ ਪਿਆਰ ਗਲਵਕੜੀ ਵਿੱਚ ਲੈ ਰੱਖਿਆ। ਉੱਧਰ ਬਾਬਾ ਜੀ ਵੱਲੋਂ ਇਨਾਂ ਪਿਆਰ ਨਿੱਘ ਤੇ ਗੁਰਮਤਿ ਅਸੂਲਾਂ ਪ੍ਰਥਾਇ ਦ੍ਰਿੜ੍ਹਤਾ ਵੇਖ ਕੇ ਖ਼ਾਲਸਾ ਜੀ ਦਾ ਮਨ ਵੀ ਪਿਆਰ ਵਿੱਚ ਦ੍ਰਵ ਗਿਆ । ਸੋ ਅਜਿਹੀ ਸੀ ਮਹਾਂਪੁਰਖਾਂ ਦੀ ਸਖਸ਼ੀਅਤ ਜੋ ਹਮੇਸ਼ਾ **''ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥''** ਦੇ ਧਾਰਨੀ ਬਣ ਕੇ ਗੁਰਮਤਿ ਦੇ ਅਸੂਲਾਂ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦੀ ਸੀ।

# ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥

ਹਰ ਸਾਲ ਦੀ ਤਰ੍ਹਾਂ 1972 ਈ: ਵਿੱਚ ਨਾਮ ਅਭਿਆਸ ਕਮਾਈ ਸਮਾਗਮ ਜੂਨ ਮਹੀਨੇ ਦੇ ਅਖੀਰ ਵਿੱਚ ਅਰੰਭ ਹੋਇਆ। ਜਿਸ ਵਿੱਚ ਅਭਿਆਸੀ ਸੰਗਤਾਂ ਦੂਰ ਦੂਰ ਤੋਂ ਨਾਮ ਸਿਮਰਨ ਦਾ ਲਾਹਾ ਪ੍ਰਾਪਤ ਕਰਨ ਲਈ ਪੁੱਜੀਆਂ ਤੇ ਪੁੱਜ ਰਹੀਆਂ ਸਨ। ਭਾਈ [1]ਬਗੀਚਾ ਸਿੰਘ ਜੀ ਵੀ ਹਰ ਸਾਲ ਦੇ ਨੇਮ ਅਨੁਸਾਰ ਸਮਾਗਮ ਵਿੱਚ ਪੁੱਜ ਕੇ ਲਾਹਾ ਪ੍ਰਾਪਤ ਕਰ ਰਹੇ ਸਨ। ਅਜੇ ਤਿੰਨ ਦਿਨ ਹੀ ਸਮਾਗਮ ਚੱਲਿਆ। ਗਰਮੀ ਬੜੇ ਜੋਰਾਂ ਤੇ ਸੀ। ਚੌਥੇ ਦਿਨ ਬੜੇ ਜੋਰ ਦੀ ਬਾਰਸ਼ (ਜਿਸ ਨੂੰ ਉਸ ਸਮੇਂ ਪਹਿਲ-ਛੱਲਾ ਕਿਹਾ ਜਾਂਦਾ ਸੀ) ਦੂਰ-ਦੂਰ ਤੱਕ ਹੋ ਗਈ। ਬਾਬਾ ਜੀ ਨੇ ਭਾਈ ਬਗੀਚਾ ਸਿੰਘ ਜੀ ਨੂੰ ਆਪਣੇ ਕੋਲ ਸੱਦਿਆ ਤੇ ਕਿਹਾ, ਪਹਿਲ-ਛੱਲੇ ਦੀ ਬਾਰਸ਼ ਹੋ ਗਈ ਹੈ। ਤੁਸੀਂ ਘਰ ਨੂੰ ਚਲੇ ਜਾਵੋ ਤੇ ਜੋ ਮੱਕੀ ਬੀਜਣ ਲਈ ਖੇਤ ਤਿਆਰ ਕੀਤੇ ਹਨ, ਉਨ੍ਹਾਂ ਵਿੱਚ ਮੱਕੀ ਬੀਜ ਆਵੋ ਤਾਂ ਜੋ ਸਮੇਂ ਨਾਲ ਫਸਲ ਉੱਗ ਆਵੇ। ਦੋ ਦਿਨ ਪਿੱਛੋਂ ਤੁਸੀਂ ਮੁੜ ਨਾਮ ਅਭਿਆਸ ਵਿੱਚ ਸ਼ਾਮਲ ਹੋਣ ਲਈ ਆ ਜਾਣਾ। ਇਸ ਤਰ੍ਹਾਂ, ਸੰਸਾਰਿਕ ਕੰਮ ਵਿੱਚ ਵੀ ਖੜੋਤ ਨਹੀਂ ਪਵੇਗੀ ਤੇ ਨਾਮ ਸਿਮਰਨ ਵਿੱਚ ਵੀ ਹਾਜਰੀ ਲੱਗ ਜਾਵੇਗੀ।

ਭਾਈ ਬਗੀਚਾ ਸਿੰਘ ਜੀ ਨੇ ਬਾਬਾ ਜੀ ਦਾ ਹੁਕਮ ਸੁਣ ਲਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ, ਬਾਬਾ ਜੀ! ਕ੍ਰਿਪਾ ਕਰੋ, ਜੋ ਅਨੰਦ ਸੰਗਤ ਵਿੱਚ ਬਣਿਆ ਹੋਇਆ ਹੈ, ਇਸ ਅਨੰਦ ਨੂੰ ਛੱਡਣ ਵਾਸਤੇ ਚਿੱਤ ਨਹੀਂ ਕਰਦਾ। ਮੱਕੀ ਦੀ ਫਸਲ ਪੰਜ ਦਿਨ ਬਾਅਦ ਵਿੱਚ ਬੀਜ ਲਵਾਂਗਾ, ਇਹ ਲਾਹਾ ਮੁੜ ਕੇ ਨਹੀਂ ਮਿਲਣਾ। ਬਾਬਾ ਜੀ ਕਹਿਣ ਲੱਗੇ, ਬਗੀਚਾ ਸਿੰਘ ਜੀ! ਇਹ ਲਾਹਾ ਤੁਸੀਂ ਮੱਕੀ ਬੀਜਦੇ ਵੀ ਲੈ ਸਕਦੇ ਹੋ। ਪਰ ਕਈ ਵਾਰੀ ਬਾਰਸ਼ ਮੁੜ ਕੇ ਛੇਤੀ ਨਹੀਂ ਪੈਂਦੀ, ਜਿਹੜਾ ਦਾਣਾ ਧਰਤੀ ਵਿੱਚ ਡਿੱਗ ਜਾਵੇ ਉਹ ਹੀ ਲਾਹੇਵੰਦਾ ਹੈ। ਕਈ ਵਾਰੀ ਜੇ ਬਾਰਸ਼ ਅਰੰਭ ਹੋ ਜਾਵੇ ਤਾਂ ਲਗਾਤਾਰ ਝੜੀ ਲੱਗ ਜਾਂਦੀ ਹੈ। ਫਿਰ ਕਈ ਵਾਰੀ ਫਸਲ ਬੀਜਣੀ ਔਖੀ ਹੋ ਜਾਂਦੀ ਹੈ। ਤੁਸੀਂ ਸਾਡਾ ਬਚਨ ਮੰਨ ਕੇ ਪਿੰਡ ਚਲੇ ਜਾਵੋ। ਬੱਸੇ ਜਾਂਦਿਆਂ ਵੀ ਤੇ ਮੱਕੀ ਬੀਜਦਿਆਂ ਵੀ ਤੁਸੀਂ ਗੁਰੂ ਪਾਤਸ਼ਾਹ ਜੀ ਦਾ ਸਿਮਰਨ ਕਰੀ ਜਾਇਉ,

1. ਭਾਈ ਬਗੀਚਾ ਸਿੰਘ ਪੁੱਤਰ ਸ: ਲਾਭ ਸਿੰਘ ਜੀ ਪਿੰਡ ਤਨੂੰਲੀ ਜੋ ਦਾਸ ਦੇ ਰਿਸ਼ਤੇ ਵਿੱਚ ਸਾਂਢੂ ਲਗਦੇ ਹਨ। 1954 ਈ: ਵਿੱਚ ਪੰਜਾਬ ਆਰਮਡ ਪੁਲੀਸ ਵਿੱਚ ਭਰਤੀ ਹੋ ਗਏ। ਤਰੱਕੀ ਕਰਦੇ ਕਰਦੇ ਇੰਸਪੈਕਟਰ ਰੈਂਕ ਪ੍ਰਾਪਤ ਕਰ ਲਿਆ। ਨੌਕਰੀ ਤੋਂ ਮਨ ਉਚਾਟ ਹੋਣ ਕਾਰਣ ਆਪ ਜੀ ਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਪਿੰਡ ਆ ਕੇ ਖੇਤੀ-ਬਾੜੀ ਦਾ ਕੰਮ ਅਰੰਭ ਕਰ ਲਿਆ।



ਤੁਹਾਨੂੰ ਉਨਾਂ ਹੀ ਲਾਹਾ ਮਿਲ ਜਾਵੇਗਾ।

ਭਾਈ ਬਗੀਚਾ ਸਿੰਘ ਜੀ ਨੇ ਮੁੜ ਪਹਿਲੇ ਵਾਲੀ ਬੇਨਤੀ ਦੁਹਰਾਈ ਕਿ ਬਾਬਾ ਜੀ ! ਅਜਿਹਾ ਆਤਮਿਕ ਅਨੰਦ ਛੱਡ ਕੇ ਜਾਣ ਨੂੰ ਮਨ ਨਹੀਂ ਕਰਦਾ। ਬਾਬਾ ਜੀ ਨੇ ਫਿਰ ਦੁਬਾਰਾ ਕਿਹਾ ਕਿ ਉਂਞ ਤੁਹਾਡੀ ਜਿਵੇਂ ਮਰਜ਼ੀ ਹੈ ਕਰੋ, ਪਰ ਬਚਨ ਮੰਨਣ ਵਿੱਚ ਹੀ ਭਲਾ ਹੈ ਅਤੇ ਨਾਲ ਹੀ ਬਾਬਾ ਜੀ ਨੇ ਬਾਰ ਵਾਲੇ ਇੱਕ ਸੌ ਉਨੀ ਚੱਕ ਦੀ ਸੱਚੀ ਵਾਰਤਾ ਸੁਣਾਈ।

### *ਬਾਬਾ ਜੀ ਨੇ ਭਾਈ ਦੀਦਾਰ ਸਿੰਘ ਦੀ ਵਾਰਤਾ ਸੁਨਾਉਣੀ*

ਆਪ ਜੀ ਨੇ ਭਾਈ ਬਗੀਚਾ ਸਿੰਘ ਨੂੰ ਸੰਬੋਧਨ ਕਰਕੇ ਕਿਹਾ ਕਿ ਬਾਰ ਵਿੱਚ ਸਾਡੇ ਚੱਕ ਅੰਦਰ ਇੱਕ ਬਹੁਤ ਹੀ ਭਲਾ ਬੰਦਾ, ਜਿਸ ਦਾ ਨਾਉਂ ਦੀਦਾਰ ਸਿੰਘ ਸੀ, ਜੋ ਖੇਤੀ ਦਾ ਕਾਰੋਬਾਰ ਕਰਦਾ ਸੀ। ਗੁਰੂ ਮਹਾਰਾਜ ਜੀ ਨੇ ਉਸ ਨੂੰ ਇੱਕ ਬਹੁਤ ਵਡਾ ਗੁਣ ਦਿੱਤਾ ਸੀ, ਜਿਸ ਵਿੱਚ ਉਹ ਬਹੁਤ ਮਾਹਰ ਸੀ। ਕਿਸੇ ਪਸ਼ੂ ਜਾਂ ਮਨੁੱਖ ਦੀ ਹੱਡੀ ਟੁੱਟ ਜਾਵੇ ਜਾਂ ਚੂਲਾ ਆਦਿ ਉਤਰ ਜਾਵੇ ਤਾਂ ਉਹ ਤੇਲ ਮਲ ਕੇ, ਚੂਲਾ ਵੀ ਚੜ੍ਹਾ ਦਿੰਦਾ ਤੇ ਹੱਡੀਆਂ ਦੇ ਜੋੜ ਠੀਕ ਕਰਕੇ ਬਾਂਸ ਦੀਆਂ ਪੱਚਰਾਂ ਬੰਨ, ਅੱਜ ਕੱਲ੍ਹ ਦੇ ਪਲੱਸਤਰ ਵਾਂਗ ਮਹੀਨੇ ਖੰਡ ਵਿੱਚ ਹੀ ਉਹ ਠੀਕ ਕਰ ਦਿੰਦਾ। ਇਹ ਸਾਰਾ ਕੰਮ ਉਹ ਪਰਉਪਕਾਰ ਜਾਣ ਕੇ ਕਰਦਾ ਤੇ ਕਿਸੇ ਪਾਸੋਂ ਪੈਸਾ ਨਾ ਲੈਂਦਾ। ਸਾਰੇ ਇਲਾਕੇ ਵਿੱਚ ਉਸ ਦੇ ਪਰਉਪਕਾਰ ਦੀ ਚਰਚਾ ਸੀ। ਲੋਕ ਦੂਰ-ਦੂਰ ਤੋਂ ਉਸ ਪਾਸ ਆਉਂਦੇ, ਦੀਦਾਰ ਸਿੰਘ ਵੀ ਆਪਣੇ ਪਰਉਪਕਾਰੀ ਸੁਭਾਅ:-

**ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥** ਗੌਂਡ, ਪੰਨਾ ੮੭੫

ਅਨੁਸਾਰ ਲੋੜਵੰਦਾਂ ਦੀ ਲੋੜ ਪੂਰੀ ਕਰਨ ਵਾਸਤੇ ਆਪਣਾ ਕਾਰੋਬਾਰ ਵਿੱਚੇ ਛੱਡ ਕੇ, ਲੋੜਵੰਦਾਂ ਦੇ ਨਾਲ ਚਲੇ ਜਾਂਦਾ।

ਸਮਾਂ ਲੰਘਦਾ ਗਿਆ। ਹਾੜ੍ਹੀ ਦੀ ਫਸਲ ਬੀਜਣ ਦਾ ਸਮਾਂ ਸੀ। ਖੇਤ ਵਿੱਚ ਗਿੱਲ ਤਾਂ ਦੀਦਾਰ ਸਿੰਘ ਨੇ ਦੱਬੀ ਹੋਈ ਸੀ , ਪਰ ਪਰਮੇਸ਼ਰ ਦੀ ਨੇਤ ਹਫਤਾ ਭਰ ਕੋਈ ਬਾਂਹ ਟੁੱਟੀ ਵਾਲਾ, ਕੋਈ ਪਸ਼ੂ ਦਾ ਚੂਲਾ ਉਤਰੇ ਵਾਲਾ, ਕੋਈ ਨ ਕੋਈ ਫਰਿਆਦੀ ਆਉਂਦਾ ਰਿਹਾ। ਦੀਦਾਰ ਸਿੰਘ ਨੇ ਆਪਣੇ ਕੰਮ ਕਾਰ ਦੀ ਦੀਰਘ ਵੀਚਾਰ ਨਾ ਕੀਤੀ ਤੇ ਆਪਣੇ ਪਰਉਪਕਾਰੀ ਸੁਭਾਅ ਅਨੁਸਾਰ ਜਿਹੜਾ ਆਵੇ, ਉਸ ਦੇ ਨਾਲ ਉਸ ਦਾ ਦੁੱਖ ਦੂਰ ਕਰਨ ਲਈ ਤੁਰ ਜਾਵੇ । ਹਫਤੇ ਬਾਅਦ ਵਿਹਲ ਮਿਲਣ ਤੇ ਦੀਦਾਰ ਸਿੰਘ ਨੇ ਖੇਤਾਂ ਵਿੱਚ ਹਾੜੀ ਦੀ ਫਸਲ ਤਾਂ ਬੀਜੀ ਪਰ ਦੇਰੀ ਹੋ ਜਾਣ ਕਾਰਣ ਗਿੱਲ ਸੁੱਕ ਚੁੱਕੀ ਸੀ। ਉੱਧਰ ਬਾਰਸ਼ ਨਾ ਹੋਈ, ਖੇਤ ਵਿੱਚ ਫਸਲ ਉੱਗਣ ਦੀ ਥਾਂ [1]ਬਰੂ ਤੇ ਜੁਆਹਾਂ ਹੀ ਪ੍ਰਫੁਲਤ ਹੋਇਆ। ਜੋ ਦਾਣੇ ਉੱਗੇ ਵੀ, ਉਹ ਵੀ ਬਰੂ ਨੇ ਮਾਰ ਦਿੱਤੇ।

1.ਆਪਣੇ ਆਪ ਉਗਣ ਵਾਲੇ ਜੰਗਲੀ ਬੂਟੇ

ਰਸਤੇ ਲੰਘਦਿਆਂ ਜਦੋਂ ਉਸ ਦੇ ਖੇਤ ਕੋਲ ਦੀ ਲੋਕਾਂ ਨੇ ਲੰਘਣਾ ਤਾਂ ਅਨੇਕ ਪ੍ਰਕਾਰ ਦੇ ਦੀਦਾਰ ਸਿੰਘ ਨੂੰ ਲੋਕਾਂ ਨੇ ਮਖ਼ੌਲ ਕਰਨੇ। ਇਹ ਮਖੌਲ ਕਰਨ ਵਾਲਿਆਂ ਵਿੱਚ ਬਹੁਤੇ ਉਹ ਲੋਕ ਹੁੰਦੇ ਸਨ, ਜਿਨ੍ਹਾਂ ਨੇ ਦੀਦਾਰ ਸਿੰਘ ਨੂੰ ਕੰਮ ਕਾਰ ਤੋਂ ਹਟਾ ਕੇ ਆਪਣੇ ਜਾਂ ਆਪਣੇ ਰਿਸ਼ਤੇ ਦਾਰਾਂ ਦੀਆਂ ਹੱਡੀਆਂ ਬਨ੍ਹਾਈਆਂ ਜਾਂ ਚੂਲੇ ਚੜ੍ਹਾਏ ਸਨ। ਉਨ੍ਹਾਂ ਨੇ ਹੀ ਨਾਲ ਤੁਰੇ ਜਾਂਦੇ ਸਾਥੀ ਨੂੰ ਸੰਬੋਧਨ ਕਰਕੇ ਕਹਿਣਾ ਕਿ ਐਤਕਾਂ ਤਾਂ ਦੀਦਾਰ ਸਿੰਘ ਨੇ ਕਣਕ ਦੀ ਥਾਂ, ਬਰੂ, ਮਾਕੜੂ ਤੇ ਜੁਆਹੇਂ ਦੀ ਫਸਲ ਬੀਜੀ ਹੋਈ ਹੈ। ਦੂਸਰੇ ਨੇ ਉੱਤਰ ਦੇਣਾ, ਹਰ ਰੋਜ਼ ਤਾਂ ਭਾਈਆ [1]ਆਬਤ ਤੇ ਤੁਰਿਆ ਰਹਿੰਦਾ ਹੈ। ਲੋੜਵੰਦ ਖਾਤਰ ਵੀ ਵਾਹਵਾ ਕਰਦੇ ਆ। ਆਉਣ ਲੱਗਿਆਂ ਮੋਟੀ ਰਕਮ ਵੀ ਲੈ ਆਉਂਦਾ ਹੈ। ਉਸ ਨੂੰ ਫਸਲ ਬੀਜਣ ਦੀ ਕੀ ਲੋੜ ਹੈ? ਹਰ ਰੋਜ਼ ਨਵੀਆਂ ਪੱਗਾਂ, ਨਵੀਆਂ ਖੇਸੀਆਂ ਮਿਲਦੀਆਂ। ਅਗਲਾ ਮਾਣ ਨਾਲ ਖੜਦਾ, ਧੰਨਵਾਦ ਕਰਕੇ ਮੋੜਦਾ, ਇਸ ਲਈ ਭਾਈਏ ਨੂੰ ਸਿਰ-ਮੂੰਹ ਮਿੱਟੀ ਨਾਲ ਲਬੇੜਣ ਦੀ ਕੀ ਲੋੜ ਹੈ? ਨਾਲੇ ਭਾਈਏ ਦੀਦਾਰ ਸਿੰਘ ਦੇ ਗਾਹਕ ਕਿਹੜਾ ਮੁੱਕ ਜਾਣੇ ਆ, ਲੋਕਾਂ ਦੀਆਂ ਹੱਡੀਆਂ ਪਸਲੀਆਂ ਟੁੱਟਦੀਆਂ ਰਹਿਣੀਆਂ ਹਨ। ਪਸ਼ੂਆਂ ਦੇ ਚੂਲੇ ਵੀ ਡਿੱਗ ਕੇ ਉਤਰਦੇ ਰਹਿਣੇ ਆ, ਭਾਈਏ ਦੀਆਂ ਪੰਜੇ ਉਗਲਾਂ ਘਿਉ ਵਿੱਚ ਹੀ ਰਹਿਣੀਆਂ ਹਨ। ਉਹਦੀ ਤਾਂ ਖੇਤੀ ਬਾਰਾਂ ਮਹੀਨੇ ਪੱਕੀ ਰਹਿੰਦੀ ਹੈ।

ਬਾਬਾ ਜੀ ਨੇ ਕਿਹਾ ਕਿ ਲੋਕਾਂ ਅਜਿਹੇ ਮਖੌਲ ਕਰਨੇ, ਜੋ ਕੰਨਾਂ ਨਾਲ ਸੁਣੇ ਨਾ ਜਾਣੇ। ਸਾਰੇ ਟਿੱਚਰਾਂ ਕਰਨ ਵਾਲੇ ਜਾਣਦੇ ਵੀ ਸਨ ਕਿ ਭਾਈਏ ਦੀਦਾਰ ਸਿੰਘ ਨੇ ਕਿਸੇ ਦੀ ਬਾਂਹ ਟੁੱਟੀ ਜਾਂ ਚੂਲਾ ਚੜ੍ਹਾਏ ਦੀ ਇੱਕ ਕਾਣੀ ਕੌਡੀ ਵੀ ਨਹੀਂ ਲਈ ਸੀ ਪਰ ਲੋਕ ਜਾਣਦੇ ਬੁੱਝਦੇ ਹੋਏ ਵੀ:-

**ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ॥** ਮ:੫, ਪੰਨਾ ੧੧੪੫

ਦੀ ਕਾਰ ਸਹਿਜੇ ਹੀ ਕਰੀ ਜਾਂਦੇ।

ਇਨਸਾਨੀਅਤ ਤਾਂ ਇਹ ਮੰਗ ਕਰਦੀ ਸੀ ਕਿ ਜੇ ਭਾਈ ਦੀਦਾਰ ਸਿੰਘ ਪਰਉਪਕਾਰ ਕਰਨ ਖਾਤਰ ਆਪਣਾ ਕੰਮ ਛੱਡ ਕੇ ਦੂਸਰਿਆਂ ਦਾ ਭਲਾ ਕਰਨ ਵਾਸਤੇ, ਮਹੀਨਿਆਂ ਦਾ ਸਮਾਂ ਲੁਕਾਈ ਨੂੰ ਅਰਪਣ ਕਰ ਦਿੰਦਾ ਹੈ। ਜੇ ਇਹ ਤਮਾਸ਼ਬੀਨ ਲੋਕ ਉਸ ਪਰਉਪਕਾਰੀ ਲਈ, ਇੱਕ ਦਿਨ ਆਪਣਾ ਕੰਮ ਛੱਡ ਕੇ ਛੇ-ਸੱਤ ਹਲ ਜੋੜ ਕੇ ਉਸ ਦੇ ਖੇਤਾਂ ਵਿੱਚ ਹਾੜੀ ਦੀ ਫਸਲ ਬੀਜ ਦਿੰਦੇ ਤਾਂ ਇਨ੍ਹਾਂ ਦਾ ਵੀ ਕਰਜ਼ ਉਤਰ ਜਾਂਦਾ। ਉੱਧਰ ਭਾਈਏ ਦੀਦਾਰ ਸਿੰਘ ਦਾ ਪਰਉਪਕਾਰੀ ਕਾਰਜ ਵੀ ਜਾਰੀ ਰਹਿੰਦਾ। ਪਰ ਕੀ ਮਜ਼ਾਲ, ਜੇ ਕਿਸੇ ਨੇ ਇਹ ਭਲੀ ਸੋਚ ਸੋਚੀ ਹੋਵੇ। ਸਗੋਂ ਦੀਦਾਰ ਸਿੰਘ ਨਾਲ ਕਿਸੇ ਨੇ ਹਮਦਰਦੀ ਵੀ ਨਹੀਂ ਜਿਤਾਈ। ਪਰਉਪਕਾਰ ਕਰਦਿਆਂ- ਕਰਦਿਆਂ ਦੀਦਾਰ ਸਿੰਘ ਹਾੜੀ ਦੀ ਫਸਲ ਤੋਂ ਵਾਂਝਾ ਰਹਿ ਗਿਆ।

1. ਦੂਸਰੇ ਦੇ ਘਰ ਮਹਿਮਾਨ ਨਿਵਾਜੀ ਤੇ ਜਾਣਾ



ਪੁਰਾਣੇ ਸਮੇਂ ਦੇਣ ਲੈਣ, ਵਿਆਹ, ਸ਼ਾਦੀ ਦੇ ਸਾਰੇ ਕਾਰਜ ਮੁੱਖ ਤੌਰ ਤੇ ਹਾੜੀ ਦੀ ਫਸਲ ਦੇ ਸਿਰੋਂ ਹੀ ਜਿਮੀਂਦਾਰ ਕਰਦੇ ਸਨ। ਜਿਸ ਦੀ ਇੱਕ ਵਾਰੀ ਹਾੜੀ ਦੀ ਫਸਲ ਮਾਰੀ ਜਾਵੇ ਉਹ ਦਿਨ-ਬ-ਦਿਨ, ਹੇਠਾਂ ਹੀ ਜਾਣਾ ਅਰੰਭ ਹੋ ਜਾਂਦਾ ਜਾਂ ਫਿਰ ਕਰਜ਼ੇ ਹੇਠ ਦੱਬਿਆ ਜਾਂਦਾ ਸੀ।

ਇਸ ਲਈ ਬਗੀਚਾ ਸਿੰਘ ਜੀ ! ਤੁਸੀ ਸਾਡਾ ਕਿਹਾ ਮੰਨ ਕੇ ਪਿੰਡ ਚਲੇ ਜਾਵੋ ਤੇ ਦਿਨ ਰਾਤ ਇੱਕ ਕਰਕੇ ਸਾਉਣੀ ਦਾ ਬੀਜ ਜਰੂਰ ਧਰਤੀ ਵਿੱਚ ਪਾ ਆਵੋ, ਮੁੜ ਸੰਗਤ ਵਿੱਚ ਆ ਜਾਣਾ। ਸਤਿਗੁਰੂ ਮਹਾਰਾਜ ਮਨ ਦੀ ਹਾਜਰੀ ਪ੍ਰਵਾਨ ਕਰਦੇ ਹਨ। ਬਾਬਾ ਜੀ ਦੇ ਜੋਰ ਨਾਲ ਕਹਿਣ ਤੇ ਆਪ ਮੰਨ ਗਏ ਤੇ ਸ਼ਾਮ ਤੱਕ ਆਪਣੇ ਪਿੰਡ [1]ਤਨੂੰਲੀ ਪੁੱਜ ਗਏ। ਅਗਲੇ ਦਿਨ ਇੱਕ ਆਪਣਾ ਹਲ ਤੇ ਇੱਕ ਗੁਆਂਢੀ ਦਾ ਹਲ ਲੈ ਕੇ ਭਾਈ ਬਗੀਚਾ ਸਿੰਘ ਜੀ ਨੇ ਡੇਢ ਦਿਨ ਵਿੱਚ ਪੰਜ ਕਿੱਲੇ ਮੱਕੀ ਬੀਜ ਲਈ ਤੇ ਮੁੜ ਵਾਪਸ ਨਾਮ-ਅਭਿਆਸ ਕਮਾਈ ਸਮਾਗਮ ਵਿੱਚ ਆ ਹਾਜ਼ਰ ਹੋਏ। ਜਦੋਂ ਆਪ ਜੀ ਬਾਬਾ ਜੀ ਨੂੰ ਮਿਲੇ ਤੇ ਮੱਕੀ ਬੀਜ ਆਉਣ ਦਾ ਦੱਸਿਆ, ਤਦ ਬਾਬਾ ਜੀ ਬੜੇ ਖੁਸ਼ ਹੋਏ ਤੇ ਕਹਿਣ ਲੱਗੇ, ਬਗੀਚਾ ਸਿੰਘ ! ਤੁਸੀਂ ਬਹੁਤ ਚੰਗਾ ਕੀਤਾ ਧਰਤੀ ਵਿੱਚ ਮੱਕੀ ਦਾ ਬੀਜ ਪਾ ਆਏ ਹੋ। ਪੰਜ-ਛੇ ਦਿਨ ਵਿੱਚ ਉੱਗ ਆਵੇਗਾ। ਇੱਧਰ ਤੁਸੀਂ ਹੁਣ ਨਿਸ਼ਚਿੰਤ ਹੋ ਕੇ ਮਨ ਦੀ ਧਰਤੀ ਵਿੱਚ ਨਾਮ ਦਾ ਬੀਜ ਬੀਜੋ ਤੇ ਹੁਣ ਭਾਵੇਂ ਸਮਾਗਮ ਤੋਂ ਦੋ ਦਿਨ ਬਾਅਦ ਚਲੇ ਜਾਇਓ। ਭਾਈ ਬਗੀਚਾ ਸਿੰਘ ਜੀ ਨੇ ਤਿੰਨ ਦਿਨ ਹੋਰ ਨਾਮ ਸਿਮਰਨ ਦਾ ਲਾਹਾ ਪ੍ਰਾਪਤ ਕੀਤਾ। ਪਿੰਡ ਜਾ ਕੇ ਮੱਕੀ ਜੋ ਬੀਜ ਆਏ ਸਨ, ਉਸ ਦੀ ਗੋਡੀ ਕੀਤੀ। ਦਸ ਕੁ ਦਿਨ ਧੁੱਪਾਂ ਲੱਗਣ ਤੋਂ ਬਾਅਦ ਮੁੜ ਬਾਰਸ਼ ਸ਼ੁਰੂ ਹੋ ਗਈ ਜੋ ਝੜੀ ਦਾ ਰੂਪ ਧਾਰਨ ਕਰ ਗਈ। ਖੇਤਾਂ ਵਿੱਚ ਪਾਣੀ ਵਗਣ ਲੱਗ ਪਿਆ। ਜੋ ਪਹਿਲ ਛੱਲੇ ਪਿਛੋਂ ਲੋਕਾਂ ਨੇ ਮੱਕੀਆਂ ਬੀਜੀਆਂ ਸਨ, ਉਹ ਤਾਂ ਅੱਜ ਹੋਰ ਕੱਲ੍ਹ ਹੋਰ ਪਲ ਗਈਆਂ। ਪਰ ਜੋ ਹਮਾਤੜ ਇਹ ਆਸ ਲਾਈ ਬੈਠੇ ਸਨ ਕਿ ਅਗਲੀ ਬਾਰਸ਼ ਹੋਣ ਤੇ ਮੱਕੀ ਬੀਜ ਲਵਾਂਗੇ, ਉਨ੍ਹਾਂ ਨੂੰ ਮੱਕੀ ਬੀਜਣ ਦਾ ਸਮਾਂ ਹੀ ਨਸੀਬ ਨ ਹੋਇਆ। ਉਨ੍ਹਾਂ ਦੇ ਖੇਤਾਂ ਵਿੱਚ ਘਾਹ ਤੇ ਬਰੂ ਹੀ ਪਲਿਆ।

ਦੋ ਕੁ ਮਹੀਨੇ ਬਾਅਦ ਭਾਈ ਬਗੀਚਾ ਸਿੰਘ ਜੀ ਮੁੜ ਬਾਬਾ ਜੀ ਨੂੰ ਮਿਲਣ ਆਏ ਤੇ ਰਾਤ ਰਹੇ। ਆਪ ਜੀ ਨੇ ਬਾਬਾ ਜੀ ਦਾ ਧੰਨਵਾਦ ਕੀਤਾ ਤੇ ਕਿਹਾ, ਬਾਬਾ ਜੀ ! ਜੇ ਆਪ ਜੀ ਜੋਰ ਨਾਲ ਨਾ ਕਹਿੰਦੇ ਤਾਂ ਮੈਂ ਨਾਮ ਅਭਿਆਸ ਕਮਾਈ ਸਮਾਗਮ ਵਿੱਚੋਂ ਪਿੰਡ ਮੱਕੀ ਬੀਜਣ ਨਹੀਂ ਜਾਣਾ ਸੀ ਤੇ ਮੇਰਾ ਹਾਲ ਵੀ ਇੱਕ ਸੌ ਉਨੀ ਚੱਕ ਵਾਲੇ ਦੀਦਾਰ ਸਿੰਘ ਵਾਲਾ ਹੋ ਜਾਣਾ ਸੀ। ਜਿਨ੍ਹਾਂ ਨੇ ਪਹਿਲ-ਛਲੇ ਦੀ ਗਿੱਲ ਵਿੱਚ ਮੱਕੀ ਬੀਜ ਲਈ, ਉਹ ਫਸਲ ਤਾਂ ਹੁਣ ਪੱਕਣ ਵਾਲੀ ਹੈ। ਜੋ ਪਹਿਲ ਛਲੇ ਦੀ ਗਿੱਲ ਤੋਂ ਵਾਂਝੇ ਰਹਿ ਗਏ ਉਨ੍ਹਾਂ ਨੂੰ ਮੁੜ ਮੱਕੀ ਬੀਜਣ ਦਾ ਬਾਰਸ਼ ਨੇ ਸਮਾਂ ਹੀ ਨਹੀਂ

1.ਹੁਸ਼ਿਆਰਪੁਰ ਤੋਂ ਫਗਵਾੜਾ ਸੜਕ ਉਪਰ, ਹੁਸ਼ਿਆਰਪੁਰ ਤੋਂ ਦਸ ਕਿਲੋਮੀਟਰ ਤੇ ਸਥਿਤ ਹੈ।

ਦਿੱਤਾ।

ਬਾਬਾ ਜੀ ਨੇ ਭਾਈ ਬਗੀਚਾ ਸਿੰਘ ਦਾ ਉੱਤਰ ਸੁਣ ਕੇ ਕਿਹਾ ਕਿ ਸਤਿਗੁਰੂ ਜੀ ਨੇ ਗੁਰਸਿੱਖ ਦੇ ਆਰਥਿਕ-ਪ੍ਰਮਾਰਥਕ ਪਹਿਲੂ ਬਰਾਬਰ ਰੱਖਣ ਵਾਸਤੇ ਸਭ ਤੋਂ ਪਹਿਲਾਂ ਆਪਣੇ ਤੇ ਪ੍ਰਵਾਰ ਦੀ ਪਰਵਰਿਸ਼ ਕਰਨ ਹਿਤ ''ਕਿਰਤ ਕਰੋ'' ਦਾ ਅਸੂਲ ਪ੍ਰਦਾਨ ਕੀਤਾ ਹੈ। ਫਿਰ ਦੂਜੇ ਨੰਬਰ ਤੇ ਆਪਣੀ ਆਤਮਾਂ ਦੀ ਕਲਿਆਣ ਲਈ ਨਾਮ ਜਪਣ ਦਾ ਮਾਰਗ ਬਖਸ਼ਿਸ਼ ਕੀਤਾ ਹੈ। ਤੀਸਰਾ, ਵੰਡ ਛਕਣ ਦੇ ਹੁਕਮ ਉੱਪਰ ਤਦ ਹੀ ਪਹਿਰਾ ਦਿੱਤਾ ਜਾ ਸਕਦਾ ਹੈ ਜੇ ਮਨੁੱਖ ਦੇ ਪਾਸ ਆਪਣੇ ਘਰ ਵਿੱਚ ਕੁਝ ਹੋਵੇ। ਜੇ ਘਰ ਹੀ ਖਾਲ੍ਹੀ ਹੋਵੇ, ਨਿਆਣੇ ਭੁੱਖੇ ਹੋਣ ਫਿਰ ਦੂਸਰਿਆਂ ਨਾਲ ਵੰਡ ਛਕਣ ਦਾ ਨੇਮ ਪੁਗਾਇਆ ਨਹੀਂ ਜਾ ਸਕਦਾ। ਸੋ ਸਤਿਗੁਰਾਂ ਨੇ ਗੁਰਬਾਣੀ ਅੰਦਰ ਅਜਿਹੇ ਸੁਨਹਿਰੀ ਅਸੂਲ ਪ੍ਰਦਾਨ ਕੀਤੇ ਹਨ, ਜੇ ਗੁਰਸਿੱਖ ਸਾਰਿਆਂ ਅਸੂਲਾਂ ਨੂੰ ਮੁੱਖ ਰੱਖ ਕੇ ਚੱਲੇ, ਫਿਰ ਨਾ ਲੋਕ ਵਿੱਚ ਤੇ ਨਾਹੀਂ ਪ੍ਰਲੋਕ ਵਿੱਚ ਮਾਰ ਖਾਂਦਾ ਹੈ।

ਸਤਿਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਪਾਵਨ ਬਚਨ ਹੈ ਕਿ ਜਿਹੜਾ ਮਨੁੱਖ ਹਮੇਸ਼ਾਂ ਪਰਮਾਤਮਾਂ ਦੀ ਓਟ ਤੱਕਦਾ ਹੈ ਤੇ ਜਿਹੋ ਜਿਹੀ ਪਰਮਾਤਮਾਂ ਨੇ ਉਸ ਨੂੰ ਹੈਸੀਅਤ (ਬਿੱਤ) ਬਖਸ਼ਿਆ ਹੈ, ਉਸ ਬਿੱਤ ਅਨੁਸਾਰ ਖਰਚ ਕਰਦਾ, ਪਰਉਪਕਾਰ ਕਰਦਾ ਤੇ ਸੰਸਾਰਿਕ ਕੰਮ ਕਰਦਾ ਹੈ, ਉਹ ਆਪਣਾ ਬਲ ਤੇ ਹੌਸਲਾ ਕਦੇ ਨਹੀਂ ਹਾਰਦਾ। ਜੋ ਆਪਣੇ ਬਿੱਤ ਦੀ ਸੀਮਾਂ ਉਲੰਘ ਕੇ ਕੋਈ ਵੀ ਕੰਮ ਕਰਦਾ ਹੈ, ਸਮਾਂ ਪਾ ਕੇ ਉਹ ਆਪਣਾ ਬਿੱਤ ਹਾਰ ਜਾਂਦਾ ਹੈ ਤੇ ਉਸ ਨੂੰ ਪਛਤਾਉਂਣਾ ਪੈਂਦਾ ਹੈ। ਆਪ ਸਾਹਿਬਾਂ ਦਾ ਬਚਨ ਹੈ-

**ਜੇ ਕੋਊ ਅਪੁਨੀ ਓਟ ਸਮਾਰੈ ॥**
**ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥੧॥ਰਹਾਉ॥**

ਮ: ੫, ਪੰਨਾ ੬੭੯

ਜੋ ਹਮੇਸ਼ਾਂ ਦੀਰਘ ਵੀਚਾਰ ਕਰਕੇ, ਹਰ ਮਨੁੱਖ ਨੂੰ ਆਪਣੇ ਬਿੱਤ ਅਨੁਸਾਰ ਲੋਕ-ਪ੍ਰਲੋਕ ਦੇ ਨਫੇ ਨੁਕਸਾਨ ਨੂੰ ਮੁੱਖ ਰੱਖ ਕੇ ਵਿਚਰਨਾ ਚਾਹੀਦਾ ਹੈ ਤਾਂ ਜੋ ਆਰਥਿਕ ਪਹਿਲੂ ਵਿੱਚ ਵੀ ਖੜੋਤ ਨਾ ਆਵੇ ਤੇ ਨਾਲ ਨਾਲ ਪ੍ਰਮਾਰਥ ਪਹਿਲੂ ਨੂੰ ਵੀ ਅੱਖੋਂ ਪ੍ਰੋਖੇ ਨਹੀਂ ਕਰਨਾ ਚਾਹੀਦਾ । ਜੇ ਕਰਾਂਗੇ ਤਾਂ ਸਾਨੂੰ ਪ੍ਰਮਾਰਥ ਜੋ ਸਾਡੀ ਆਤਮਾਂ ਦੇ ਨਾਲ ਨਿਭਣਾ ਹੈ ਉਸ ਤੋਂ ਵਾਂਝੇ ਰਹਿਣਾ ਪਵੇਗਾ।



# ਸੇ ਕਿਨੇਹਿਆ? ਪੁਸਤਕ ਦਾ ਪ੍ਰਭਾਵ

ਸਤਿਗੁਰੂ ਅਮਰਦਾਸ ਜੀ ਦਾ ਸੋਰਠਿ ਦੀ ਵਾਰ ਅੰਦਰ ਫੁਰਮਾਨ ਹੈ:

**ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ।।੨।।**

ਮ: ੩, ਪੰਨਾ ੬੪੩

"**ਗੁਰ ਕੈ ਸਬਦਿ ਸਮਾਹਿ**" ਦੀ ਪਦਵੀ ਨੂੰ ਪ੍ਰਾਪਤ ਕਰ ਚੁੱਕੇ, ਸੰਤ ਬਾਬਾ ਹਰਨਾਮ ਸਿੰਘ ਜੀ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲਿਆਂ ਦੇ ਜੀਵਨ ਵਲ ਜਦੋਂ ਆਪਾਂ ਝਾਤ ਮਾਰਦੇ ਹਾਂ ਤਾਂ ਤੀਸਰੇ ਪਾਤਸ਼ਾਹ ਜੀ ਦਾ ਉੱਪਰ ਲਿਖਿਆ ਫੁਰਮਾਨ, ਇੰਨ-ਬਿੰਨ ਉਨ੍ਹਾਂ ਦੇ ਜੀਵਨ ਉੱਪਰ ਪੂਰਨ ਸਾਕਾਰ ਹੁੰਦਾ ਦ੍ਰਿਸ਼ਟੀ ਪੈਂਦਾ ਹੈ। ਆਪ ਜੀ ਨੇ ਸਾਰੀ ਆਯੂ ਇਨਸਾਨੀਅਤ ਅਤੇ ਗੁਰਮਤਿ ਦੇ ਰਸਤੇ ਤੋਂ ਭੁੱਲੇ -ਭਟਕੇ ਮਨੁੱਖ ,ਜੋ ਕੁਸੰਗਤ ਵਿੱਚ ਫਸ ਕੇ ਇਨਸਾਨੀਅਤ ਤੇ ਗੁਰਮਤਿ ਦਾ ਮਾਰਗ ਤਿਆਗ ਕੇ ਆਪਣਾ ਜੀਵਨ ਬਰਬਾਦ ਕਰ ਰਹੇ ਸਨ। ਆਪ ਜੀ ਨੇ ਆਪਣੇ ਗੁਰਮਤਿ ਕਮਾਈ ਵਾਲੇ ਜੀਵਨ ਦੀ ਬਦੌਲਤ ਤੇ ਗੁਰਬਾਣੀ ਦੇ ਪ੍ਰਚਾਰ ਦੁਆਰਾ ਹਜ਼ਾਰਾਂ ਭੁੱਲੇ ਭਟਕੇ ਜੀਵਾਂ ਨੂੰ ਗੁਰਮਤਿ ਗਾਡੀ ਰਾਹ ਦੇ ਧਾਰਨੀ ਬਣਾ ਕੇ ਸੱਚੇ ਸੁੱਚੇ ਜੀਵਨ ਦੇ ਪਾਂਧੀ, ਨੇਕੀ ਤੇ ਪਰਉਪਕਾਰ ਦੇ ਮਾਰਗ ਤੇ ਤੋਰ ਕੇ ਉਨ੍ਹਾਂ ਨੂੰ ਆਦਰਸ਼ਕ ਇਨਸਾਨ ਬਣਾ ਦਿੱਤਾ।

ਇਸ ਸੰਸਾਰ ਵਿੱਚ ਗੁਰੂ ਪਾਤਸ਼ਾਹ ਜੀ ਵੱਲੋਂ ਜ਼ਿੰਮੇ ਲੱਗੀ ਸੇਵਾ ਨੂੰ ਗੁਰਮਤਿ ਦੇ ਦਾਇਰੇ ਅੰਦਰ ਰਹਿ ਕੇ ਆਪ ਜੀ ਨੇ ਆਪਣੇ ਜੀਵਨ ਨੂੰ ਸਫਲਾ ਕਰ 4 ਜਨਵਰੀ 1983 ਨੂੰ ਸਰੀਰਕ ਚੋਲਾ ਤਿਆਗ ਦਿੱਤਾ। ਉਪ੍ਰੰਤ ਉਨ੍ਹਾਂ ਦੇ ਜੀਵਨ ਨੂੰ ਬਿਨਾਂ ਮਿਲਾਵਟ, ਸੰਗਤ ਦੇ ਸਨਮੁਖ ਕਰਨ ਵਾਸਤੇ ''ਸੇ ਕਿਨੇਹਿਆ?'' ਨਾਉਂ ਹੇਠ 1991 ਈ: ਨੂੰ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਤ ਕੀਤਾ, ਜਿਸ ਦੀਆਂ ਪੰਦਰਾਂ ਐਡੀਸ਼ਨ 2013 ਤੱਕ ਪ੍ਰਕਾਸ਼ਤ ਹੋ ਕੇ, ਸੰਗਤਾਂ ਨੂੰ ਗੁਰਮਤਿ ਸੇਧ ਦੇਣ ਵਿੱਚ ਬਹੁਤ ਹੀ ਸਫਲ ਹੋਈਆਂ। ਉਪ੍ਰੰਤ ਭੁਝੰਗੀ [1]ਭੁਪਿੰਦਰ ਸਿੰਘ ਕਨੇਡਾ ਨਿਵਾਸੀ ਨੇ ਬੜੀ ਮਿਹਨਤ ਤੇ ਲਗਨ ਨਾਲ ''ਸੇ ਕਿਨੇਹਿਆਂ''?ਪੁਸਤਕ ਨੂੰ MP3 AUDIO BOOK (ਐਮ ਪੀ ਥ੍ਰੀ ਆਡੀਓ ਬੁੱਕ) ਦਾ ਰੂਪ 2006 ਈ: ਵਿੱਚ ਦਿੱਤਾ। ਜਿਸ ਨਾਲ ਟਰੱਕ ਚਾਲਕ ਤੇ ਕਾਰਾਂ ਵਿੱਚ ਸਫਰ ਕਰਨ ਵਾਲਿਆਂ ਨੇ ਕਾਫੀ ਤੋਂ ਜਿਆਦਾ ਲਾਹਾ ਲਿਆ ਤੇ ਲੈ ਰਹੇ ਹਨ।

1.ਦਾਸ ਦਾ ਸਪੁੱਤ੍ਰ

ਵੇਖਣ ਵਿੱਚ ਆਇਆ ਹੈ ਕਿ ਮਹਾਂਪੁਰਖ ਬਾਬਾ ਹਰਨਾਮ ਸਿੰਘ ਜੀ ਆਪਣੇ ਸਰੀਰ ਵਿੱਚ ਵਿਚਰਦੇ ਹੋਏ, ਜੋ ਗੁਰਮਤਿ ਪ੍ਰਚਾਰ ਤੇ ਸੱਚੇ ਸੁੱਚੇ ਇਨਸਾਨ ਬਣਨ ਲਈ ਪ੍ਰੇਰਨਾ ਦੇਣ ਦਾ ਕਾਰਜ ਕਰਦੇ ਸਨ, ਅੱਜ ਵੀ ਉਨ੍ਹਾਂ ਦੀ ਜੀਵਨੀ ਦੀ ਪੁਸਤਕ ਪੜ੍ਹ ਕੇ 'ਤੇ ਆਡੀਓ-ਬੁਕ ਸੁਣ ਕੇ, ਉਹੋ ਕਾਰਜ ਉਵੇਂ ਹੀ ਪੁਸਤਕ ਤੇ ਆਡੀਓ ਬੁਕ ਰਾਹੀਂ ਹੋ ਰਿਹਾ ਹੈ। ਬਾਬਾ ਜੀ ਦੀ ਜੀਵਨੀ ਪੜ੍ਹ ਸੁਣ ਕੇ ਹਜ਼ਾਰਾਂ ਪ੍ਰਾਣੀਆਂ ਦਾ ਜੀਵਨ ਬਦਲਿਆ ਤੇ ਬਦਲ ਰਿਹਾ ਹੈ। ਜੋ ਮਨੁੱਖ ਇੱਕ ਵਾਰੀ ਜਾਂ ਦੋ ਵਾਰੀ, ਉਨ੍ਹਾਂ ਦੀ ਜੀਵਨੀ ਪੜ੍ਹ ਜਾਂ ਸੁਣ ਲੈਂਦਾ ਹੈ, ਉਸ ਦੇ ਜੀਵਨ ਵਿੱਚ ਅਵੱਸ਼ ਬਦਲਾਉ ਆ ਜਾਂਦਾ ਹੈ। ਅਜਿਹੀਆਂ ਘਟਨਾਵਾਂ ਨੂੰ ਜੇ ਪੁਸਤਕ ਦਾ ਰੂਪ ਦਿੱਤਾ ਜਾਵੇ ਤਾਂ ਕਈ ਸੌ ਪੰਨਿਆਂ ਦਾ ਕਿਤਾਬਚਾ ਬਣ ਜਾਵੇਗਾ। ਮੈਂ ਇੱਥੇ ਪ੍ਰੇਰਨਾ ਹਿੱਤ ਇੱਕ ਅਮਰੀਕਾ ਤੇ ਇੱਕ ਕਨੇਡਾ ਦੇ ਪ੍ਰੇਮੀ ਦੀ ਹੱਡਬੀਤੀ ਲਿਖਣੀ ਹੈ। ਸ਼ਾਇਦ ਇਨ੍ਹਾਂ ਦੇ ਬਦਲੇ ਹੋਏ ਜੀਵਨ ਨੂੰ ਪੜ੍ਹ-ਸੁਣ ਕੇ ਕੋਈ ਪ੍ਰਾਣੀ ਲਾਭ ਪ੍ਰਾਪਤ ਕਰ ਸਕੇ ਤਾਂ ਇਹ ਜੀਵਨ-ਘਟਨਾਵਾਂ ਲਿਖਣੀਆਂ ਵੀ ਸਕਾਰਥ ਸਮਝੀਆਂ ਜਾਣਗੀਆਂ।

ਸ: ਰਜਿੰਦਰ ਸਿੰਘ, ਜੋ ਹੁਣ ਮਨਟੀਕਾ (MANTECA) ਕੈਲੇਫੋਰਨੀਆਂ ਵਿੱਚ ਟਰੱਕ ਚਲਾਉਂਦੇ ਹਨ। ਇਨ੍ਹਾਂ ਦਾ ਪੰਜਾਬ ਵਿੱਚ ਪਿਛਲਾ ਪਿੰਡ ਵਿਰਕ ਬਕਰਾਲ ਜਿਲ੍ਹਾ ਲੁਧਿਆਣਾ ਹੈ। ਆਪਣੇ ਪਿੰਡ ਤੋਂ ਰਜਿੰਦਰ ਸਿੰਘ ਜੀ ਅਰਬ ਦੇਸ਼ ਦੋਹਾ ਕਤਰ ਚਲੇ ਗਏ। ਦੋਹਾ ਕਤਰ ਰਹਿਣ ਉਪ੍ਰੰਤ ਆਪ ਉਥੋਂ ਡੁਬੱਈ (DUBAI) ਵਿਖੇ ਟਰੱਕ ਚਾਲਕ ਦਾ ਕਾਰੋਬਾਰ ਕਰਕੇ, 1991 ਵਿੱਚ ਅਮਰੀਕਾ ਆ ਕੇ ਪੱਕੇ ਹੋ ਗਏ। ਉਸ ਵੇਲੇ ਰਜਿੰਦਰ ਸਿੰਘ ਦਾ ਨਾਮ ਪ੍ਰਵਾਰ ਤੇ ਮਿੱਤ੍ਰ, ਸਨੇਹ ਨਾਲ ਰਾਜਾ ਕਰਕੇ ਸੱਦਦੇ ਸਨ ਤੇ ਹੁਣ ਵੀ ਸੱਦਦੇ ਹਨ।

ਆਪ ਦੇ ਸਾਰੇ ਪਰਿਵਾਰ ਦੇ ਜੀਅ, ਗੁਰਮੀਤ ਰਾਮ ਰਹੀਮ ਦੇ ਚੇਲੇ ਸਨ ਤੇ ਉਸ ਪਾਸੋਂ ਸਾਰਿਆਂ ਨੇ ਨਾਮ ਲਿਆ ਹੋਇਆ ਸੀ। ਸਾਰਾ ਪਰਿਵਾਰ ਅਮਰੀਕਾ ਆ ਕੇ ਵੀ ਹਰ ਸਾਲ ਸੌਦੇ ਸਾਧ ਦੇ ਡੇਰੇ ਹਾਜ਼ਰੀ ਭਰਨ ਜਾਂਦੇ ਤੇ ਕਈ-ਕਈ ਦਿਨ ਉੱਥੇ ਰਹਿ ਕੇ ਸੇਵਾ ਕਰਦੇ। ਜਿਵੇਂ ਕਿ ਇਨ੍ਹਾਂ ਡੇਰਿਆਂ ਵਿੱਚ ਖਾਣ ਪੀਣ ਦੀ ਤੇ ਖੁੱਲ੍ਹਾ-ਖੁਲਾਸਾ ਜੀਵਨ ਜੀਊਣ ਤੇ ਕੋਈ ਪਾਬੰਧੀ ਨਹੀਂ ਲਾਈ ਜਾਂਦੀ ਅਤੇ ਨਾ ਹੀ ਜੀਵਨ ਨੂੰ ਕਿਸੇ ਮਰਿਯਾਦਾ ਵਿੱਚ ਢਾਲਣ ਲਈ ਕੋਈ ਉਪਦੇਸ਼ ਦਿੱਤਾ ਜਾਂਦਾ ਹੈ।

ਰਜਿੰਦਰ ਸਿੰਘ ਵੀ ਬੇ-ਝਿਜੱਕ ਸਾਰੇ ਨਸ਼ਿਆਂ ਦਾ ਪੂਰਾ ਨਸ਼ੇੜੀ ਸੀ। ਇਨ੍ਹਾਂ ਨਸ਼ਿਆਂ ਨੂੰ ਹੋਰ ਤੇਜ਼ ਕਰਨ ਲਈ ਦਿਨ ਰਾਤ ਤੰਬਾਕੂ ਮਲ-ਮਲ ਕੇ ਜੀਭ ਹੇਠ ਰੱਖ ਛਡਣਾ। ਕਈ-ਕਈ ਦਿਨ ਕੰਮ ਤੋਂ ਵੀ ਗੈਰ ਹਾਜ਼ਰ ਰਹਿਣਾ। ਅਜਿਹੇ ਨਸ਼ੇੜੀ ਘਰ ਵਿੱਚੋਂ ਬਰਕਤ ਤਾਂ ਖੰਭ ਲਾ ਕੇ ਉੱਡ ਜਾਂਦੀ ਹੈ। ਨਸ਼ੇੜੀ ਜੀਵਨ ਕਾਰਨ, ਦੋ ਵਾਰੀ ਰਜਿੰਦਰ ਸਿੰਘ ਦਾ ਡਾਇਵੋਰਸ ਵੀ ਹੋਇਆ। ਚੌਦਾਂ-ਪੰਦਰਾਂ ਸਾਲਾਂ ਦੀ ਮਿਹਨਤ ਨਾਲ ਵੀ ਆਪ ਘਰ ਨਾ ਬਣਾ ਸਕੇ। ਮਨਟੀਕਾ ਕੈਲੇਫੋਰਨੀਆਂ (MANTECA)CA



ਵਿੱਚ ਦੋ ਬੈਡ ਰੂਮ ਦੀ ਅਪਾਰਟਮੈਂਟ (Appartment) ਲੈ ਕੇ ਆਪ ਦਾ ਸਾਰਾ ਪ੍ਰਵਾਰ ਉਸ ਵਿੱਚ ਰਹਿੰਦਾ ਸੀ। ਮਨਟੀਕਾ ਤੋਂ (Modesto) ਮੋਡੈਸਟੋ ਤਕਰੀਬਨ ਤੀਹ ਮੀਲ ਦੀ ਵਿੱਥ ਤੇ ਹੈ।

### *ਸ: ਰਜਿੰਦਰ ਸਿੰਘ ਨੇ ਸ: ਗੁਰਦਿਆਲ ਸਿੰਘ ਪਾਸ ਡਿਸਪੈਚ ਦੇ ਕਾਗਜ ਲੈਣ ਜਾਣਾ।*

ਮੋਡੈਸਟੋ ਸ਼ਹਿਰ ਵਿਖੇ ਸ: ਗੁਰਦਿਆਲ ਸਿੰਘ ਢਿੱਲੋਂ ਸਪੁੱਤ੍ਰ ਸ: ਸਵਰਨ ਸਿੰਘ, ਪਿੰਡ ਬਹਿਰਾਮ ਸ਼ਰਿਸਤਾ, ਜੋ ਟਰੱਕਾਂ ਦਾ ਤੇ ਡਿਸਪੈਚ (DISPACH) ਦਾ ਕੰਮ ਕਰਦੇ ਸਨ, ਉਨ੍ਹਾਂ ਪਾਸੋਂ ਰਜਿੰਦਰ ਸਿੰਘ ਮਨਟੀਕਾ ਤੋਂ ਪਿੱਕੇ ਵਿੱਚ ਬੈਠ ਕੇ ਡਿਸਪੈਚ ਦੇ ਕਾਗਜ ਦੇਣ ਲੈਣ ਗਏ। ਡਿਸਪੈਚ ਦੇ ਦਫਤਰ ਦੇ ਨਾਲ ਦੇ ਕਮਰੇ ਵਿੱਚ ਅਖੰਡ ਪਾਠ ਦੀ (C.D.) ਸੀਡੀ ਚੱਲ ਰਹੀ ਸੀ। ਪਾਠ ਦੀ ਅਵਾਜ਼ ਜਦੋਂ ਰਜਿੰਦਰ ਸਿੰਘ ਦੇ ਕੰਨਾਂ ਵਿੱਚ ਪਈ ਤਾਂ ਇਨ੍ਹਾਂ ਨੇ ਗੁਰਦਿਆਲ ਸਿੰਘ ਹੋਰਾਂ ਨੂੰ ਪੁੱਛਿਆ ਕਿ ਤੁਹਾਡੇ ਘਰ ਅਖੰਡ ਪਾਠ ਚੱਲ ਰਿਹਾ ਹੈ? ਗੁਰਦਿਆਲ ਸਿੰਘ ਜੀ ਨੇ ਉੱਤ੍ਰ ਦਿੱਤਾ, ਅਖੰਡ ਪਾਠ ਤਾਂ ਨਹੀਂ ਚੱਲ ਰਿਹਾ, ਇਹ ਪਾਠ ਤਾਂ ਸੀਡੀ ਤੋਂ ਹੋ ਰਿਹਾ ਹੈ। ਉਂਝ ਜੇ ਤੁਸੀਂ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ ਤਾਂ ਸਾਡੇ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਆਉ ਮੈਂ ਤੁਹਾਨੂੰ ਉਥੇ ਲੈ ਚਲਦਾ ਹਾਂ। ਰਜਿੰਦਰ ਸਿੰਘ ਨੇ ਕਿਹਾ ਕਿ ਮੈਂ ਪਹਿਲਾਂ ਬਾਥ-ਰੂਮ ਜਾ ਆਵਾਂ, ਫੇਰ ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕਾਂਗਾ। ਰਜਿੰਦਰ ਸਿੰਘ ਨੇ ਹੱਥ ਪੈਰ ਧੋਤੇ ਤੇ ਕੁਰਲੀ ਕੀਤੀ। ਗੁਰੂ ਮਹਾਰਾਜ ਜੀ ਨੂੰ ਜਾ ਕੇ ਮੱਥਾ ਟੇਕਿਆ। ਗੁਰਦਿਆਲ ਸਿੰਘ ਨੇ ਕੜਾਹ ਪ੍ਰਸ਼ਾਦ ਦੀ ਦੇਗ ਦਿੱਤੀ ਤੇ ਨਾਲ ਹੀ ਪੁੱਛਿਆ, ਰਜਿੰਦਰ ਸਿੰਘ ! ਜੇ ਤੂੰ ਪੜ੍ਹ ਸਕੇ ਤਾਂ ਮੈਂ ਤੈਨੂੰ ਇੱਕ ਪੁਸਤਕ ਦੇਵਾਂ? ਤੂੰ ਉਸ ਨੂੰ ਪੜ੍ਹ ਲਵੀਂ। ਰਜਿੰਦਰ ਸਿੰਘ ਅੱਗੋਂ ਗੁਰਦਿਆਲ ਸਿੰਘ ਨੂੰ ਕਹਿਣ ਲੱਗਾ, ਮੇਰੀ ਕਿਸਮਤ ਹੀ ਸਾਥ ਨਹੀਂ ਦਿੰਦੀ। ਉਂਝ ਤੇ ਮੈਂ ਤੈਥੋਂ ਜਿਆਦਾ ਪੜ੍ਹਿਆ ਹੋਇਆ ਹਾਂ।

ਗੁਰਦਿਆਲ ਸਿੰਘ ਨੇ ਉੱਤਰ ਦਿੱਤਾ, ਰਜਿੰਦਰ ਸਿੰਘ ! ਕਿਸਮਤ ਤਾਂ ਤੇਰਾ ਸਾਥ ਦਿੰਦੀ ਹੈ, ਪਰ ਤੂੰ ਕਿਸਮਤ ਨੂੰ ਹੀ ਨੇੜੇ ਨਹੀਂ ਆਉਣ ਦਿੰਦਾ। ਦਿਨ-ਰਾਤ ਤਾਂ ਤੇਰੇ ਨੇੜੇ ਸ਼ਰਾਬ ਤੇ ਤੰਬਾਕੂ ਰਹਿੰਦਾ ਹੈ, ਕਿਸਮਤ ਵਿਚਾਰੀ ਕੀ ਕਰੇ, ਕਿਸਮਤ ਵਿਚਾਰੀ ਨਸ਼ਿਆਂ ਤੋਂ ਡਰਦੀ ਤੇਰੇ ਨੇੜੇ ਨਹੀਂ ਆਉਂਦੀ। ਰਜਿੰਦਰ ਸਿੰਘ ਕਹਿਣ ਲੱਗਾ, ਗੁਰਦਿਆਲ ਸਿੰਘ! ਜੇ ਉੱਪਰ ਵਾਲੇ ਦੀ ਮਿਹਰ ਹੋ ਗਈ ਤਾਂ ਬਚ ਜਾਵਾਂਗਾ, ਮੈਂ ਹੁਣ ਆਪਣੇ ਜੋਰ ਨਾਲ ਨਹੀਂ ਬਚ ਸਕਦਾ। ਇਹ ਨਸ਼ੇ ਤਾਂ ਹੁਣ ਹੱਡਾਂ ਨਾਲ ਹੀ ਹਰਿਦੁਆਰ ਜਾਣਗੇ। ਗੁਰਦਿਆਲ ਸਿੰਘ ਨੇ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਜੀਵਨੀ,''ਸੇ ਕਿਨੇਹਿਆ?''ਪੁਸਤਕ ਰਜਿੰਦਰ ਸਿੰਘ ਨੂੰ ਦਿੱਤੀ ਤੇ ਕਿਹਾ, ਤੂੰ

ਇੱਕ ਵਾਰੀ ਇਸ ਪੁਸਤਕ ਨੂੰ ਪੜ੍ਹ ਲੈ ਫਿਰ ਮੈਨੂੰ ਦੱਸੀਂ? ਰਜਿੰਦਰ ਸਿੰਘ ਕਹਿਣ ਲੱਗਾ, ਤੂੰ ਮੈਨੂੰ ਇੰਨੇ ਪਿਆਰ ਨਾਲ ਇਹ ਪੁਸਤਕ ਦਿੱਤੀ ਹੈ, ਆਹ ਹੁਣ ਵਾਲਾ ਫੇਰਾ ਲਾ ਕੇ ਮੈਂ ਦੋ ਦਿਨਾਂ ਵਿੱਚ ਹੀ ਇਸ ਨੂੰ ਪੜ੍ਹ ਲੈਣਾ ਹੈ। ਦੋਵਾਂ ਨੇ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕੀਤਾ ਤੇ ਮਹਾਰਾਜ ਜੀ ਦੇ ਕਮਰੇ ਚੋਂ ਬਾਹਰ ਆਏ।

ਰਜਿੰਦਰ ਸਿੰਘ ਨੇ ''ਸੇ ਕਿਨੇਹਿਆ?'' ਪੁਸਤਕ ਆਪਣੇ ਪਰਨੇ ਵਿੱਚ ਵਲੇਟੀ ਤੇ ਪਿੱਕੇ ਵਿੱਚ ਰੱਖ ਆਇਆ ਤੇ ਮੁੜ ਬਾਥਰੂਮ ਵਿੱਚ ਚਲਾ ਗਿਆ ਤੇ ਉਥੇ ਰੱਖਿਆ ਹੋਇਆ ਤੰਬਾਕੂ ਦੀ ਪੁੜੀ ਵਾਲਾ ਲਿਫ਼ਾਫ਼ਾ ਮੁੜ ਜੇਬ ਵਿੱਚ ਪਾਇਆ, ਡਿਸਪੈਚ ਦੇ ਕਾਗਜ਼ ਲਏ ਤੇ ਘਰ ਨੂੰ ਵਾਪਸ ਚਲਾ ਗਿਆ। ਘਰੋਂ ਪ੍ਰਸ਼ਾਦਾ-ਪਾਣੀ ਛੱਕ ਕੇ ਕੰਮ ਤੇ ਚਲਾ ਗਿਆ। ਜਾਣ ਤੋਂ ਪਹਿਲਾਂ ਰਜਿੰਦਰ ਸਿੰਘ ਨੇ ਆਪਣੇ ਪਿਤਾ ਤੇ ਮਾਤਾ ਨੂੰ ਕਿਹਾ ਕਿ ਅੱਜ ਮੈਂ ਢਿਲੋਂ ਦੇ ਘਰੋਂ ਇੱਕ ਕਿਤਾਬ ਲਿਆਂਦੀ ਹੈ। ਜੇ ਤੁਹਾਡਾ ਮਨ ਬਣੇ ਤਾਂ ਤੁਸੀਂ ਉਸ ਨੂੰ ਜ਼ਰੂਰ ਪੜ੍ਹਿਓ, ਸਾਰਾ ਦਿਨ, ਬਾਹਰ ਨੂੰ ਵੀ ਤਾਂ ਝਾਕਦੇ ਰਹਿੰਦੇ ਹੋ। ਬਾਪੂ ਜੀ ਕਹਿਣ ਲੱਗੇ, ਕਾਕਾ ! ਹੁਣ ਅੱਖਾਂ ਦੀ ਨਿਗ੍ਹਾ ਕਮਜ਼ੋਰ ਹੋ ਗਈ ਹੈ, ਮਾਤਾ ਤੇਰੀ ਅਨਪੜ੍ਹ ਹੈ, ਤੂੰ ਸਾਨੂੰ ਆਪ ਹੀ ਕਿਤੇ ਸੁਣਾ ਦੇਵੀਂ। ਬਜੁਰਗਾਂ ਪਾਸੋਂ ਇਨਾਂ ਉੱਤਰ ਸੁਣ ਕੇ ਰਜਿੰਦਰ ਸਿੰਘ ਕੰਮ ਤੇ ਤੁਰ ਗਿਆ।

## *ਰਜਿੰਦਰ ਸਿੰਘ ਨੇ ਆਪ ਪੁਸਤਕ ਪੜ੍ਹੀ ਤੇ ਪ੍ਰਵਾਰ ਨੂੰ ਸੁਣਾਈ*

ਚਾਰ-ਪੰਜ ਦਿਨ ਬਾਅਦ ਰਜਿੰਦਰ ਸਿੰਘ ਫੀਨੈਕਸ ਸਟੇਟ ਦਾ ਫੇਰਾ ਲਾ ਕੇ ਵਾਪਸ ਆਇਆ । ਲੰਗਰ ਪਾਣੀ ਛੱਕ ਕੇ ਅਰਾਮ ਕੀਤਾ, ਤੇ [1]ਬਜ਼ੁਰਗਾਂ ਨੂੰ ਕਹਿਣ ਲੱਗਾ, ਬਾਪੂ ਜੀ ! ਮੈਂ ਹੁਣ ਦੋ-ਤਿੰਨ ਦਿਨ ਕੰਮ ਤੇ ਨਹੀਂ ਜਾਣਾ। ਢਿਲੋਂ ਪਾਸੋਂ ਲਿਆਂਦੀ ਕਿਤਾਬ ਆਪ ਵੀ ਪੜ੍ਹਨੀ ਹੈ ਤੇ ਤੁਹਾਨੂੰ ਵੀ ਸੁਨਾਉਣੀ ਹੈ। ਬਜ਼ੁਰਗ ਕਹਿਣ ਲੱਗੇ, ਪੁੱਤਰ ! ਜੇ ਪੁਸਤਕ ਧਾਰਮਿਕ ਹੈ ਤੇ ਇਸ ਵਿੱਚ ਗੁਰਬਾਣੀ ਦੀਆਂ ਪੰਕਤੀਆਂ ਹਨ, ਤਦ ਤੂੰ ਹੱਥ ਧੋ ਕੇ ਕੁਰਲੀ ਕਰਕੇ ਤੇ ਤੰਬਾਕੂ ਦੂਰ ਰੱਖ ਕੇ ਪੜ੍ਹੀਂ, ਐਵੇਂ ਪੁੰਨ ਦੇ ਭੁਲੇਵੇਂ ਪਾਪ ਦਾ ਭਾਗੀ ਨ ਬਣ ਜਾਈਂ।

ਭਾਈ ਰਜਿੰਦਰ ਸਿੰਘ ਦੇ ਦੱਸਣ ਅਨੁਸਾਰ, ਆਪ ਨੇ ਹੱਥ-ਮੂੰਹ ਧੋ ਕੇ ਸਵੇਰੇ ਨੌਂ ਕੁ ਵਜੇ ''ਸੇ ਕਿਨੇਹਿਆ?'' ਪੁਸਤਕ ਪੜ੍ਹਨੀ ਅਰੰਭ ਕੀਤੀ। ਪੁਸਤਕ ਪੜ੍ਹਦਿਆਂ- ਪੜ੍ਹਦਿਆਂ ਅਜਿਹਾ ਵੈਰਾਗ ਆਵੇ ਕਿ ਉਹ ਅੱਖਾਂ ਵਿੱਚ ਦੀ ਹੰਝੂ ਬਣ ਕੇ ਵਹਿ ਤੁਰੇ ਤੇ ਕਈ ਵਾਰੀ ਗਲਾ ਭਰ ਆਵੇ ਤੇ ਕਈ ਕਈ ਚਿਰ ਬੋਲਿਆ ਨ ਜਾਵੇ ਤੇ ਮਨ ਆਪਣੇ ਆਪ ਨੂੰ ਅੰਦਰੋਂ ਅੰਦਰੀਂ ਲਾਹਨਤਾਂ ਪਾਵੇ ਕਿ ਓ ਰਜਿੰਦਰ ਸਿੰਘਾ ! ਤੂੰ ਆਪਣੀ ਉਮਰ ਦਾ ਸਮਾਂ ਐਵੇਂ ਨਸ਼ਿਆਂ ਵਿੱਚ ਰੋਲ ਦਿੱਤਾ। ਸਾਢੇ-ਬਾਰਾਂ ਵਜੇ

**1.** ਰਜਿੰਦਰ ਸਿੰਘ ਦੇ ਪਿਤਾ ਦਾ ਨਾਉਂ ਗੁਰਨਾਮ ਸਿੰਘ ਤੇ ਮਾਤਾ ਦਾ ਨਾਉਂ ਭਜਨ ਕੌਰ ਸੀ।



ਪ੍ਰਸ਼ਾਦਾ ਛਕਿਆ। ਮੁੜ ਚਾਹ ਛੱਕ ਕੇ ਪੁਸਤਕ ਪੜ੍ਹਨੀ ਅਰੰਭ ਕਰ ਦਿੱਤੀ। ਦੋ ਦਿਨਾਂ ਵਿੱਚ ਸਾਰੀ ਪੁਸਤਕ ਸੰਪੂਰਨ ਕਰ ਲਈ। ਰਜਿੰਦਰ ਸਿੰਘ ਜੀ ਨੇ ਖੁਦ ਆਪ ਦੱਸਿਆ ਕਿ ਪੈਂਤੀ ਸਾਲ ਤੋਂ ਜਿਸ ਸ਼ਰਾਬ ਤੋਂ ਬਿਨਾਂ ਮੈਂ ਰਹਿ ਨਹੀਂ ਸਕਦਾ ਸੀ ਤੇ ਸਤਾਈ ਸਾਲ ਤੋਂ ਤੰਬਾਕੂ ਕਿਤੇ ਸੁੱਤਿਆਂ ਪਿਆਂ ਮੂੰਹ ਵਿੱਚੋਂ ਨਿਕਲ ਜਾਵੇ ਤਾਂ ਜੁਦੀ ਗੱਲ ਹੈ, ਨਹੀਂ ਤੇ ਦਿਨ ਰਾਤ ਇਹ ਮੇਰਾ ਜੀਵਨ ਅਧਾਰ ਬਣਿਆ ਹੋਇਆ ਸੀ।ਪੁਸਤਕ ਪੜ੍ਹਨ ਨਾਲ ਇਨ੍ਹਾਂ ਦੋਵਾਂ ਚੀਜ਼ਾਂ ਨੂੰ ਵਰਤਣ ਦਾ ਚੇਤਾ ਹੀ ਨਹੀਂ ਆਇਆ।

ਤੰਬਾਕੂ ਤੋਂ ਤਾਂ ਐਸੀ ਨਫਰਤ ਹੋਈ ਕਿ ਇਸ ਦੀ ਬਦਬੋ ਹੁਣ ਮੈਨੂੰ ਗੰਦਗੀ ਦੀ ਬਦਬੋ ਭਾਸਣ ਲੱਗ ਗਈ। ਸਾਰੀ ਪੁਸਤਕ ਪੜ੍ਹਨ ਬਾਅਦ ਮੇਰਾ ਚਿੱਤ ਕਰੇ ਕਿ ਮੈਂ ਲਗਦੇ ਹੱਥ, ਇੱਕ ਵਾਰੀ ਹੋਰ ਪੜ੍ਹ ਲਵਾਂ, ਨਾਲ ਹੀ ਮਾਤਾ ਪਿਤਾ ਨੇ ਵੀ ਪ੍ਰੇਰਨਾ ਦਿੱਤੀ ਕਿ ਪੁੱਤਰ ! ਇਹ ਜੋ ਮਹਾਂਪੁਰਖਾਂ ਦਾ ਜੀਵਨ ਤੂੰ ਸਾਨੂੰ ਸੁਣਾਇਆ ਹੈ, ਅਜਿਹੇ ਜੀਵਨ ਵੱਲ ਤਾਂ ਅਸੀਂ ਕਦੇ ਸੁਪਨੇ-ਵਤ ਵੀ ਖਿਆਲ ਨਹੀਂ ਕੀਤਾ। ਇਹ ਸਾਰੀ ਪੁਸਤਕ ਰਜਿੰਦਰ ਸਿੰਘ ਹੋਰਾਂ ਦੇ ਘਰੋਂ ਬੀਬੀ ਸਤਵਿੰਦਰ ਕੌਰ ਨੇ ਵੀ ਸੁਣੀ।

## *ਮੁੜ ਦੁਬਾਰਾ ਪੁਸਤਕ ਨੂੰ ਪੜ੍ਹਨਾ*

ਰਜਿੰਦਰ ਸਿੰਘ ਤੇ ਸਾਰੇ ਪ੍ਰਵਾਰ ਨੇ ਮੁੜ ਦੁਬਾਰਾ ਪੁਸਤਕ ਪੜ੍ਹਨੀ ਅਰੰਭ ਕੀਤੀ। ਕਈ ਸਾਖੀਆਂ ਜੋ ਇਨ੍ਹਾਂ ਨੂੰ ਚੰਗੀਆਂ ਲੱਗੀਆਂ, ਉਨ੍ਹਾਂ ਨੂੰ ਆਪ ਨੇ ਮੁੜ ਦੁਹਰਾ ਦੁਹਰਾ ਕੇ ਪੜ੍ਹਿਆ। ਦੁਬਾਰਾ ਪੁਸਤਕ ਦੀ ਸਮਾਪਤੀ ਤੇ ਰਜਿੰਦਰ ਸਿੰਘ ਨੇ ਆਪਣੇ ਮਾਤਾ ਪਿਤਾ ਨੂੰ ਬੇਨਤੀ ਕੀਤੀ, ਬਜੁਰਗੋ ! ਤੁਸੀਂ ਤਾਂ ਹੁਣ ਆਪਣੀ ਜਿੰਦਗੀ ਦੇ ਸੁਆਸ ਅਜਾਈਂ ਨਾ ਗੁਆਵੋ, ਤੁਸੀਂ ਦਾੜ੍ਹੀ ਕੇਸ ਰੱਖੇ ਹੋਏ ਹਨ। ਤੁਸੀਂ ਤੇ ਗੁਰੂ ਕਾ ਅੰਮ੍ਰਿਤ ਛਕੋ, ਮੈਂ ਤਾਂ ਅਜੇ ਨੱਕ ਵੱਢਿਆਂ ਦੀ ਉਮਤ ਵਿੱਚ ਸ਼ਾਮਲ ਹਾਂ।(ਭਾਵ ਘੋਨ ਮੋਨ ਹੀ ਹਾਂ) ਜੇ ਮੈਂ ਗਿਆ ਵੀ ਤੇ ਪੰਜਾਂ ਪਿਆਰਿਆਂ ਨੇ ਮੈਨੂੰ ਅੰਮ੍ਰਿਤ ਨਹੀਂ ਛਕਾਉਣਾ। ਪਰ ਮੈਂ ਅੱਜ ਤੋਂ ਪ੍ਰਣ ਕਰ ਲਿਆ ਹੈ ਕਿ ਮੈਂ ਪਰਮਾਤਮਾਂ ਦੀ ਬਖਸ਼ਿਸ਼ ਦਾੜ੍ਹੀ ਕੇਸ ਅੱਜ ਤੋਂ ਨਹੀਂ ਕੱਟਵਾਂਵਾਂਗਾ ਤੇ ਨਾਲ ਹੀ ਕਿਸੇ ਵੀ ਨਸ਼ੇ ਨੂੰ ਵਰਤਣਾ ਤਾਂ ਇੱਕ ਪਾਸੇ ਰਿਹਾ, ਹੱਥ ਤੱਕ ਨਹੀਂ ਲਾਵਾਂਗਾ। ਅੱਜ ਛੇ ਦਿਨ ਇਨ੍ਹਾਂ ਤੋਂ ਬਿਨਾ ਲੰਘ ਗਏ ਹਨ, ਹੁਣ ਮੈਂ ਇਨ੍ਹਾਂ ਤੋ ਬਿਨਾਂ ਮਰਨ ਨਹੀਂ ਲੱਗਾ। ਬਜੁਰਗ ਕਹਿਣ ਲੱਗੇ, ਪੁੱਤਰਾ ! ਜੇ ਤੂੰ ਨਸ਼ੇ ਛੱਡ ਦੇਵੇਂ ਤਾਂ ਤੇਰਾ ਵੀ ਭਲਾ ਤੇ ਘਰ ਦਾ ਗੁਜ਼ਾਰਾ ਵੀ ਸੌਖਾ ਚੱਲ ਪਵੇਗਾ।

## *ਭਾਈ ਰਜਿੰਦਰ ਸਿੰਘ ਦੇ ਘਰ ਵਾਲੀ ਨੇ ਸੱਚੀ ਗੱਲ ਕਹਿਣੀ*

ਨੇੜੇ ਕੁਰਸੀ ਤੇ ਬੈਠੀ ਰਜਿੰਦਰ ਸਿੰਘ ਦੇ ਘਰੋਂ ਬੀ: ਸਤਵਿੰਦਰ ਕੌਰ ਕਹਿਣ

ਲੱਗੇ, ਆਹ ਜੋ ਘਰ ਵਿੱਚ ਨਸ਼ਿਆਂ ਦਾ ਨਰਕ ਪਿਆ ਹੈ, ਇਸ ਨੂੰ ਕੀ ਕਰਨਾ ਹੈ? ਇੰਨੀ ਕਾਹਲੀ ਵਿੱਚ ਫੈਸਲਾ ਨਾ ਕਰੋ, ਹੁਣ ਸਾਰੇ ਪ੍ਰਵਾਰ ਵਿੱਚ ਤੁਸੀਂ ਕਹਿ ਦਿੱਤਾ। ਕੱਲ੍ਹ ਨੂੰ ਬਾਹਰ ਜਾ ਕੇ ਜਾਂ ਘਰ ਆ ਕੇ ਮੁੜ ਨਸ਼ਾ ਪੀਣ ਲੱਗ ਪਵੇਂ, ਅਜਿਹੇ ਦਾਅਵੇ ਬੰਨਣ ਦਾ ਕੀ ਫਾਇਦਾ। ਮੈਨੂੰ ਵੀ ਚੌਦਾਂ ਪੰਦਰਾਂ ਸਾਲ ਤੋਂ ਤੁਹਾਡੇ ਨਾਲ ਵਾਹ ਪਿਆ ਹੈ, ਤੁਸੀਂ ਤਾਂ ਸੁੱਤਿਆਂ ਵੀ ਤੰਬਾਕੂ ਮੂੰਹ ਚੋਂ ਨਿਕਲਣ ਨਹੀਂ ਦਿੰਦੇ, ਜਾਗਦੇ ਕੀ ਕਰੋਗੇ? ਜਰਾ ਸੋਚ ਸਮਝ ਕੇ ਗੱਲ ਕਰੋ, ਤੇ ਗੱਲ ਵੀ ਉਹ ਕਰੋ, ਜਿਸ ਨੂੰ ਤੁਸੀਂ ਪੂਰਾ ਕਰ ਸਕੋ।

### *ਰਜਿੰਦਰ ਸਿੰਘ ਦਾ ਉੱਤਰ*

ਰਜਿੰਦਰ ਸਿੰਘ ਆਪਣੀ ਘਰਵਾਲੀ ਨੂੰ ਕਹਿਣ ਲੱਗਾ, ਤੂੰ ਸੱਚ ਕਹਿੰਦੀ ਆਂ, ਪਰ ਝੂਠ ਹੁਣ ਮੈਂ ਵੀ ਨਹੀਂ ਬੋਲਦਾ। ਪਹਿਲਾਂ, ਮੈਂ ਕਿਸੇ ਦੇ ਕਹੇ ਕਹਾਏ ਨਸ਼ੇ ਛੱਡਣ ਦੀਆਂ ਕਸਮਾਂ ਖਾਂਦਾ ਸਾਂ, ਪਰ ਪੁਸਤਕ ਪੜ੍ਹਨ ਤੋਂ ਉਪ੍ਰੰਤ ਤਾਂ ਮੈਂ ਆਪ ਹੈਰਾਨ ਹਾਂ। ਇਨ੍ਹਾਂ ਨਸ਼ਿਆਂ ਨੂੰ ਜੋ ਮੇਰੀ ਜਿੰਦ ਜਾਨ ਦਾ ਆਸਰਾ ਬਣ ਚੁੱਕੇ ਸਨ, ਹੁਣ ਅੰਦਰੋਂ ਇਨ੍ਹਾਂ ਤੋਂ ਮੈਨੂੰ ਨਫਰਤ ਹੋ ਗਈ ਹੈ ਤੇ ਇਨ੍ਹਾਂ ਨੂੰ ਤਿਆਗ ਦੇਣ ਦਾ ਮੇਰੇ ਮਨ ਨੇ ਫੈਸਲਾ ਕਰ ਲਿਆ ਹੈ। ਆਹ ਛੇ ਦਿਨ ਤੂੰ ਵੇਖਿਆ ਹੀ ਹੋਵੇਗਾ, ਮੈਂ ਕੋਈ ਨਸ਼ਾ ਵਰਤਿਆ ਹੈ? ਬੀਬੀ ਜੀ ਕਹਿਣ ਲੱਗੇ, ਇਹ ਦਿਨ ਤਾਂ ਸੱਚ ਮੁੱਚ ਹੀ ਸੁੱਖ ਸੁਖੀਲੀ ਨਾਲ ਲੰਘ ਗਏ ਹਨ। ਪਰ ਹੁਣ ਜਦੋਂ ਤੁਸੀਂ ਘਰ ਵਿੱਚ ਰੰਗ ਬਰੰਗੀਆਂ ਬੋਤਲਾਂ ਤੇ ਤੰਬਾਕੂ ਦੇ ਪੈਕਟ ਵੇਖੇ ਤਾਂ ਤੁਹਾਡਾ ਜੀਅ ਫਿਰ ਲਲਚਾ ਜਾਣਾ ਹੈ। ਤੁਹਾਨੂੰ ਪ੍ਰਵਾਰ ਸਾਹਮਣੇ ਕੀਤੇ ਕੌਲ ਇਕਰਾਰ ਸਾਰੇ ਭੁੱਲ ਜਾਣੇ ਹਨ। ਰਜਿੰਦਰ ਸਿੰਘ ਆਪਣੇ ਘਰਵਾਲੀ ਨੂੰ ਕਹਿਣ ਲੱਗਾ, ਭਲੀਏ ! ਕਰ ਹਿੰਮਤ ਘਰ ਵਿੱਚੋਂ ਲਭ ਲਭ ਕੇ ਕਰ ਇਕੱਠਾ ਨਰਕ, ਇਸ ਨੂੰ ਕਿਸੇ ਜੰਗਲ ਜਾਂ ਕਰੀਕ[1] ਵਿੱਚ ਸੁੱਟ ਆਈਏ ਤਾਂ ਜੋ ਹੁਣ ਸਵਰਗ ਦਾ ਵੀ ਕੁਝ ਕਿਣਕਾ ਵੇਖ ਲਈਏ।

ਰਜਿੰਦਰ ਸਿੰਘ ਦੇ ਘਰੋਂ ਕਹਿਣ ਲੱਗੀ, ਇਨ੍ਹਾਂ ਨੂੰ ਜੰਗਲ ਵਿੱਚ ਜਾਂ ਕਰੀਕ ਵਿੱਚ ਸੁੱਟਣ ਦੀ ਥਾਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਦੇ ਦੇਵੋ। ਰਜਿੰਦਰ ਸਿੰਘ ਆਪਣੇ ਘਰ ਵਾਲੀ ਨੂੰ ਕਹਿਣ ਲੱਗਾ, ਭਲੀਏ ! ਇਹ ਕਿੱਥੋਂ ਦੀ ਦਨਾਈ ਹੈ ਕਿ ਆਪਣੇ ਘਰੋਂ ਨਰਕ ਕੱਢ ਕੇ ਆਪਣੇ ਹੀ ਦੋਸਤ ਤੇ ਰਿਸ਼ਤੇਦਾਰ ਦੇ ਘਰ ਵਾੜ ਦੇਈਏ। ਜਿਹੜੀ ਚੀਜ਼ ਵਰਤਣ ਤੇ ਖਾਣ ਤੋਂ ਮੈਂ ਤੋਬਾ ਕੀਤੀ ਹੈ, ਮੈਂ ਹੁਣ ਇਹ ਲਾਹਨਤ ਕਿਸੇ ਦੇ ਘਰ ਨਹੀਂ ਦੇਣੀ। ਮੈਂ ਇਸ ਨੂੰ ਸਦਾ ਲਈ ਸ਼ਹਿਰ ਚੋਂ ਦੂਰ ਸੁੱਟ ਆਉਣਾ ਹੈ। ਤੂੰ ਕਰ ਹਿੰਮਤ ! ਮੈਂ ਵੀ ਤੇਰੇ ਨਾਲ ਮਦਦ ਕਰਾਉਂਦਾ ਹਾਂ। ਸਾਰੀਆਂ ਬੋਤਲਾਂ ਚਾਹੇ ਉਹ ਸੀਲ ਬੰਦ ਹਨ ਜਾਂ ਖੁੱਲ੍ਹੀਆਂ, ਤੰਬਾਕੂ ਤੇ ਬਾਕੀ ਦਾ ਨਸ਼ੀਲਾ ਨਿੱਕ ਸੁੱਕ ਖੂੰਜਾਂ ਖੁਰਲਿਆਂ ਚੋਂ ਲੱਭ ਕੇ ਇੱਕ ਬਕਸੇ ਵਿੱਚ ਇਕੱਠਾ ਪਾ ਦੇਹ। ਅੱਜ ਸ਼ਾਮ



ਨੂੰ ਹਨ੍ਹੇਰਾ ਹੁੰਦੇ ਸਾਰ, ਮੱਤ ਖਾ ਜਾਣ ਵਾਲੀ ਅਤੇ ਮੱਤ ਖੀਣ ਕਰਨ ਵਾਲੀ ਤੇ ਸਰੀਰ ਨੂੰ ਤਬਾਹ ਕਰਨ ਵਾਲੀ ਜੁੰਡਲੀ ਨੂੰ ਮੈਂ ਪਾਣੀ ਵਿੱਚ ਡੋਬ ਦੇਣਾ ਹੈ। ਰਜਿੰਦਰ ਸਿੰਘ ਦੇ ਘਰੋਂ ਬੀਬੀ ਨੇ ਆਪਣੇ ਤਜਰਬੇ ਮੁਤਾਬਕ ਰਜਿੰਦਰ ਸਿੰਘ ਨੂੰ ਮੁੜ ਕਿਹਾ ਕਿ ਅਜੇ ਵੀ ਸੋਚ ਲਵੋ ਕਿਤੇ ਮਨ ਤੇ ਨਹੀਂ ਡੋਲਦਾ?

### *ਭਾਈ ਰਜਿੰਦਰ ਸਿੰਘ ਨੇ ਘਰ ਵਿਚੋਂ ਨਸ਼ਿਆਂ ਦੀ ਚੰਡਾਲ ਚੌਕੜੀ ਕੱਢਣੀ*

ਰਜਿੰਦਰ ਸਿੰਘ ਨੇ ਉੱਤਰ ਦਿੱਤਾ, ਭਾਗਵਾਨੇ! ਚੰਗਾ ਕੰਮ ਕਰਨ ਲੱਗਿਆਂ ਬਹੁਤੀ ਸੋਚ ਵਿਚਾਰ ਨਹੀਂ ਕਰੀਦੀ। ਮੈਂ ਪੱਕਾ ਫੈਸਲਾ ਕਰ ਲਿਆ ਹੈ। ਤੂੰ ਮੇਰੇ ਇਸ ਫੈਸਲੇ ਵਿੱਚ ਮਦਦਗਾਰ ਬਣ ਕੇ ਸਹਾਇਤਾ ਕਰ। ਆਖਰੀ ਫੈਸਲਾ ਸੁਣ ਕੇ ਘਰ ਵਾਲੀ ਨੇ ਸ਼ੁਕਰ ਸ਼ੁਕਰ ਕਹਿੰਦਿਆਂ ਸਾਰਾ ਨਸ਼ੀਲਾ ਸਾਜੋ ਸਮਾਨ ਇੱਕਠਾ ਕਰਨਾ ਅਰੰਭ ਕੀਤਾ ਤੇ ਇੱਕ ਬਕਸੇ ਵਿੱਚ ਪਾ ਲਿਆ। ਹਨ੍ਹੇਰਾ ਹੁੰਦੇ ਸਾਰ ਰਜਿੰਦਰ ਸਿੰਘ ਨੇ ਬਕਸਾ ਚੁੱਕ ਕੇ ਮੋਢੇ ਉੱਪਰ ਰੱਖਿਆ ਤੇ ਨਾਲ ਕਿਹਾ:- "**ਬੋਲਹੁ ਭਈਆ ਰਾਮ ਕੀ ਦੁਹਾਈ॥**" ਘਰ ਵਾਲੀ ਨੂੰ ਕਿਹਾ, ਬੈਠ ਪਿੱਕੇ ਦੀ ਅਗਲੀ ਸੀਟ ਉੱਪਰ ਤੇ ਮੈਂ ਇਸ ਨਰਕ ਨੂੰ ਪਿੱਛੇ ਡਾਲੇ ਵਿੱਚ ਰੱਖਦਾ ਹਾਂ। ਰਜਿੰਦਰ ਸਿੰਘ ਨੇ ਬਕਸਾ ਪਿੱਕੇ ਦੇ ਡਾਲੇ ਵਿੱਚ ਰੱਖ ਦਿੱਤਾ। ਪਿੱਕਾ ਸਟਾਰਟ ਕਰਕੇ ਦਸ ਕੁ ਮੀਲ ਉੱਪਰ ਇੱਕ ਪਾਣੀ ਦੀ ਕਰੀਕ ਵਗਦੀ ਸੀ, ਪਿੱਕਾ ਸੜਕ ਦੇ ਇੱਕ ਪਾਸੇ ਖੜਾ ਕਰਕੇ, ਬਕਸਾ ਪਾਣੀ ਦੇ ਕਿਨਾਰੇ ਦੋਵੇਂ ਜਣੇ ਲੈ ਗਏ। ਬੋਤਲਾਂ ਖੋਲ੍ਹ ਕੇ ਸਾਰੀ ਸ਼ਰਾਬ ਪਾਣੀ ਵਿੱਚ ਵਹਾ ਦਿੱਤੀ ਤੇ ਤੰਬਾਕੂ ਦੀਆਂ ਪੁੜੀਆਂ ਪਾੜ ਕੇ [1]ਕਰੀਕ ਦੇ ਕੰਢੇ ਖਿਲਾਰ ਦਿੱਤੀਆਂ।

ਰਜਿੰਦਰ ਸਿੰਘ ਤੇ ਘਰ ਵਾਲੀ ਨੇ ਹੱਥ ਧੋਤੇ ਤੇ ਰਜਿੰਦਰ ਸਿੰਘ ਆਪਣੇ ਵੇਗ ਵਿੱਚ ਭਾਵੁਕ (EMOTIONAL) ਹੋਇਆ ਕਹਿਣ ਲੱਗਾ, ਮੈਂ ਸੁਣਿਆ ਹੈ, ਪਾਣੀ ਹੀ ਆਖਰ ਨੂੰ ਸਾਰੀ ਸ੍ਰਿਸਟੀ ਨੂੰ ਲੈ ਕਰਦਾ ਹੈ। ਹੇ ਖੁਆਜਾ ਖਿਜ਼ਰ! ਇਸ ਨਸ਼ੇ ਨੂੰ ਆਪਣੇ ਵਿੱਚ ਹੀ ਖੈ ਕਰ ਲੈ, ਇਹ ਹੁਣ ਮੇਰੇ ਘਰ ਵੱਲ ਨੂੰ ਮੂੰਹ ਨਾ ਕਰੇ। ਮੈਂ ਸੁਣਿਆ ਵੀ ਹੈ ਤੇ ਪੜ੍ਹਿਆ ਵੀ ਹੈ ਕਿ ਹੇ ਸਮੁੰਦਰ! ਇਹ ਪੰਜ ਰਤਨੀ (ਸ਼ਰਾਬ) ਵੀ ਤੂੰ ਦੈਤਾਂ ਤੇ ਦੇਵਤਿਆਂ ਨੂੰ ਖੀਰ ਸਮੁੰਦਰ ਰਿੜਕਣ ਸਮੇਂ ਚੌਦਾਂ ਰਤਨਾਂ ਨਾਲ ਦਿੱਤੀ ਸੀ। ਇਹ ਤੇਰੇ ਵਿੱਚੋਂ ਪੈਦਾ ਹੋਈ ਤੇਰੀ ਪੁੱਤਰੀ, ਅੱਜ ਤੇਰੇ ਹਵਾਲੇ ਕਰ ਦਿੱਤੀ ਹੈ। ਇਸ ਨੂੰ ਆਪਣੇ ਵਿੱਚ ਹੀ ਸਮਾਈ ਦੇਈ ਰੱਖ। ਜਦੋਂ ਤੂੰ ਆਪਣੀ ਪੁੱਤਰੀ (ਸ਼ਰਾਬ) ਕਿਸੇ ਦੇ ਘਰ ਭੇਜ ਦਿੰਦਾ ਹੈਂ, ਪਤਾ ਨਹੀਂ ਇਹਦੇ ਵਿੱਚ ਕਿੰਨਾ ਕੁ ਬਲ ਹੈ। ਜਿਵੇਂ ਤੇਰੇ ਬਲ ਦਾ ਕੋਈ ਥਾਹ ਨਹੀਂ, ਜਿਹੜਾ ਇੱਕ ਵਾਰੀ ਤੇਰੇ ਵਿੱਚ ਗਰਕ ਗਿਆ, ਹੇ ਸਮੁੰਦਰ! ਤੂੰ ਉਸ ਦਾ ਇਸ ਸੰਸਾਰ ਚੋਂ ਨਾਮੋ ਨਿਸ਼ਾਨ ਮਿਟਾ

1. ਵਗਦਾ ਨਾਲਾ

ਦਿੰਦਾ ਹੈਂ। ਤਿਵੇਂ ਤੇਰੀ ਪੰਜ ਰਤਨੀ ਪੁੱਤਰੀ ਵੀ ਜਿਸ ਘਰ ਵਿੱਚ ਪਰਵੇਸ਼ ਕਰ ਜਾਂਦੀ ਹੈ, ਉਸ ਦੀ ਸੰਪਦਾ, ਉਸ ਦੀ ਇਜ਼ਤ, ਉਸ ਦਾ ਸਰੀਰ ਤੇ ਉਸ ਪ੍ਰਵਾਰ ਦੇ ਖੁਸ਼ੀਆਂ ਖੇੜੇ ਚਾਅ ਮਲਾਰ ਸਭ ਨਾਸ ਕਰਕੇ ਉਸਦੇ ਹੱਡ ਹਰਿਦੁਆਰ ਨੂੰ ਲੈ ਜਾਂਦੀ ਹੈ। ਪਰ ਮੇਰਾ ਕੋਈ ਪੂਰਬਲਾ ਕਰਮ ਜਾਗਿਆ, ਬਿਧ ਬਹਾਨਾ 'ਸੇ ਕਿਨੇਹਿਆ?' ਪੁਸਤਕ ਪੜ੍ਹਨ ਦਾ ਬਣਿਆ। ਥੋੜ੍ਹੀ ਉਮਰ ਬਾਕੀ ਰਹਿੰਦੀ ਹੈ, ਹੁਣ ਮੈਨੂੰ ਤੂੰ ਦੂਸਰਾ ਰੰਗ ਵੀ ਵੇਖ ਲੈਣ ਦੇਹ। ਹੇ [1]ਖੁਆਜਾ! ਹੁਣ ਤੇਰੀ ਪੁੱਤਰੀ ਨੂੰ ਤੇਰੇ ਭੇਟ ਕਰ ਦਿੱਤਾ ਹੈ। ਮਿਹਰਬਾਨੀ ਕਰੀਂ! ਹੁਣ ਇਹ ਮੇਰੇ ਘਰ ਪ੍ਰਵੇਸ਼ ਨਾ ਕਰੇ। ਇਸ ਨੂੰ ਤੂੰ ਇਸ ਦੇ [2]ਜਨਮ-ਦਾਤਾ ਪਾਸ ਹੀ ਪਹੁੰਚਾ ਦੇਹ।

ਰਜਿੰਦਰ ਸਿੰਘ ਆਪਣੇ ਅੰਦਰਲੇ ਭਾਵ ਬਾਹਰ ਪ੍ਰਗਟ ਕਰਦਾ ਹੋਇਆ, ਆਪਣੇ ਘਰ ਵਾਲੀ ਨੂੰ ਕਹਿਣ ਲੱਗਾ, ਭਾਗਵਾਨੇ ! ਚੱਲ ਚੱਲੀਏ, ਹੁਣ ਇਹ ਨਸ਼ੇ ਜਲ ਬੁਰਦਾ ਕਰ ਦਿੱਤੇ ਹਨ। ਇਨ੍ਹਾਂ [3]ਜਮਦੂਤਾਂ ਤੋਂ ਤਾਂ ਛੁਟਕਾਰਾ ਕਰਵਾ ਲਿਆ ਹੈ।ਕਈ ਚਿਰ ਦਾ ਪਿੱਕਾ ਸੜਕ ਕੰਢੇ ਖੜਾ ਹੈ। ਕਿਤੇ ਦੂਸਰੇ [4]ਜਮਦੂਤ ਨਾ ਆ ਕੇ ਘੇਰ ਲੈਣ ਕਿ ਤੁਸੀਂ ਇਥੇ ਰਾਤ ਦੇ ਹਨ੍ਹੇਰੇ ਵਿੱਚ ਕੀ ਕਰਦੇ ਹੋ? ਉਨ੍ਹਾਂ ਅੱਗੇ ਝੂਠ ਵੀ ਨਹੀਂ ਬੋਲਿਆ ਜਾਣਾ। ਕਰ ਛੇਤੀ, ਬੈਠ ਸੀਟ ਤੇ ਚਲੀਏ ਘਰ ਨੂੰ, ਦੋਵਾਂ ਨੇ ਪਿੱਕੇ ਵਿੱਚ ਬੈਠ, ਘਰ ਮੁੜਨ ਦੀ ਤਿਆਰੀ ਕੀਤੀ, ਅਰਦਾਸ ਕਰਦੇ ਤੇ ਵਾਹਿਗੁਰੂ ਦਾ ਜਾਪ ਕਰਦੇ ਘਰ ਪੁੱਜ ਗਏ।

### *ਭਾ: ਰਜਿੰਦਰ ਸਿੰਘ ਮੁੜ ਸ: ਗੁਰਦਿਆਲ ਸਿੰਘ ਪਾਸ ਗਿਆ*

ਅਗਲੇ ਹਫਤੇ ਰਜਿੰਦਰ ਸਿੰਘ ਮੁੜ ਗੁਰਦਿਆਲ ਸਿੰਘ ਦੇ ਪਾਸ ਮੋਡੈਸਟੋ (MODESTO) ਲੋਡ ਅਤੇ ਲੋਡ ਦੇ ਕਾਗਜ਼ ਲੈਣ ਗਿਆ। ਰਜਿੰਦਰ ਸਿੰਘ ਨੇ ਬੜੀ ਖੁਸ਼ੀ ਨਾਲ ਸ: ਗੁਰਦਿਆਲ ਸਿੰਘ ਜੀ ਨੂੰ ਦੱਸਿਆ, ਕਿ ਮਿੱਤਰਾ ! ਤੂੰ ਤਾਂ ਮੇਰਾ ਜੀਵਨ ਬਦਲ ਦਿੱਤਾ। ਤੂੰ ਮੈਨੂੰ ਜਿਹੜੀ ਪੁਸਤਕ 'ਸੇ ਕਿਨੇਹਿਆ' ਦਿੱਤੀ, ਮੈਂ ਫੀਨੈਕਸ ਤੋਂ ਵਾਪਸ ਆ ਕੇ ਦੋ ਵਾਰੀ ਪ੍ਰਵਾਰ ਵਿੱਚ ਬੈਠ ਕੇ ਪੜ੍ਹੀ ਹੈ। ਪੜ੍ਹਦਿਆਂ ਸਾਰ ਹੀ ਮੇਰੇ ਪੈਂਤੀ ਸਾਲ ਦੇ ਸੌਦੇ ਸਾਧ ਦੇ ਸਾਰੇ ਸੰਸਕਾਰ ਬਦਲ ਗਏ ਤੇ ਹੁਣ ਗੁਰਮਤਿ ਦੇ ਰਸਤੇ ਉੱਪਰ ਚੱਲਣ ਵਾਸਤੇ ਮਨ ਬਣ ਗਿਆ ਹੈ। ਸ਼ਰਾਬ ਅਤੇ ਤੰਬਾਕੂ, ਜੋ ਮੇਰਾ ਜੀਵਨ ਅਧਾਰ ਸੀ, ਉਸ ਨੂੰ ਤੇ ਹੋਰ ਨਸ਼ਿਆਂ ਨੂੰ, ਮੈਂ ਤੇ ਮੇਰੀ ਘਰ ਵਾਲੀ ਕੱਲ੍ਹ ਰਾਤ ਕਰੀਕ ਵਿੱਚ ਰੋਹੜ ਆਏ ਹਾਂ ਤੇ ਤੰਬਾਕੂ ਕੰਢਿਆਂ ਉੱਪਰ ਸੁੱਟ ਦਿੱਤਾ ਹੈ। ਇਨ੍ਹਾਂ ਨਸ਼ਿਆਂ ਤੋਂ ਹੁਣ ਐਨੀ ਨਫਰਤ ਹੋ ਗਈ ਹੈ, ਜਿਸ ਨੂੰ ਗੁਰਦਿਆਲ ਸਿੰਘਾ! ਤੂੰ ਸੋਚ ਵੀ ਨਹੀਂ ਸਕਦਾ। ਮਾਤਾ ਪਿਤਾ ਨੂੰ ਤਾਂ ਜਿਸ ਦਿਨ ਹੁਣ ਅੰਮ੍ਰਿਤ ਸੰਚਾਰ ਹੋਇਆ, ਉਸ ਦਿਨ ਅੰਮ੍ਰਿਤ ਛੱਕਾ ਦੇਣਾ ਹੈ। ਮੇਰਾ ਸਿਰ

1. ਪਾਣੀ ਦਾ ਦੇਵਤਾ 2.ਸਮੁੰਦਰ 3.ਨਸ਼ਿਆਂ ਤੋਂ 4.ਪੁਲਿਸ ਵਾਲੇ



ਮੂੰਹ ਅਜੇ ਅੰਮ੍ਰਿਤ ਛਕਣ ਵਾਲਾ ਨਹੀਂ। ਅੱਜ ਤੋਂ ਮੈਂ ਕੇਸ ਦਾੜ੍ਹੀ ਰੱਖਣ ਦਾ ਆਪਣਾ ਮਨ ਬਣਾ ਲਿਆ ਹੈ। ਜਿਸ ਦਿਨ ਖੇਤੀ ਥੋੜ੍ਹੀ ਹਰੀ ਭਰੀ ਹੋ ਗਈ, ਉਸ ਦਿਨ ਮੈਂ ਤੇ ਮੇਰੇ ਘਰ ਵਾਲੀ ਨੇ ਅੰਮ੍ਰਿਤ ਛੱਕ ਲੈਣਾ ਹੈ। ਨਿੱਤਨੇਮ ਕਰਨਾ ਅਸੀਂ ਅਰੰਭ ਕਰ ਦਿੱਤਾ ਹੈ ਤਾਂ ਜੋ ਇੱਕ ਦਮ ਔਖ ਨਾ ਹੋਵੇ।

### ਰਜਿੰਦਰ ਸਿੰਘ ਤੇ ਪ੍ਰਵਾਰ ਨੇ ਅੰਮ੍ਰਿਤ ਛਕਣਾ

ਥੋੜ੍ਹੇ ਹੀ ਦਿਨਾਂ ਬਾਅਦ ਮਨਟੀਕੇ ਗੁਰਦੁਆਰੇ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਸੀ। ਰਜਿੰਦਰ ਸਿੰਘ ਜੀ ਨੇ ਆਪਣੇ ਮਾਤਾ ਪਿਤਾ ਨੂੰ ਅੰਮ੍ਰਿਤ ਪਾਨ ਕਰਵਾ ਦਿੱਤਾ ਅਤੇ ਆਪ ਆਪਣੇ ਹੱਥੀਂ ਕੱਟੇ ਦਾੜ੍ਹੀ ਕੇਸਾਂ ਦੀ ਪ੍ਰਫੁਲਤਾ ਲਈ ਉਡੀਕ ਕਰਨ ਲੱਗਾ। ਭਾਈ ਰਜਿੰਦਰ ਸਿੰਘ, ਮੈਨੂੰ ਮੋਡੈਸਟੋ ਗੁਰਦਿਆਲ ਸਿੰਘ ਹੋਰਾਂ ਦੇ ਘਰ ਮਿਲੇ ਤੇ ਆਪਣੀ ਸਾਰੀ ਵਾਰਤਾ, ਭਰੀ ਸੰਗਤ ਦੇ ਸਾਹਮਣੇ ਸੁਣਾਈ ਤੇ ਨਾਲ ਹੀ ਅੰਮ੍ਰਿਤ ਛਕਣ ਦੀ ਤੀਬਰ ਅਭਿਲਾਸ਼ਾ ਪ੍ਰਗਟਾਈ ਕਿ ਕਿਤੇ ਗੁਰੂ ਵਾਲੇ ਬਣੇ ਤੋਂ ਬਿਨਾਂ ਹੀ ਇਸ ਸੰਸਾਰ ਤੋਂ ਤੁਰ ਨਾ ਜਾਈਏ। ਮੈਂ, ਭਾਈ ਰਜਿੰਦਰ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਜਿੰਨਾ ਚਿਰ ਤੁਹਾਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਹੁੰਦੀ ਉਨਾਂ ਚਿਰ ਤੁਸੀਂ ਨਿੱਤਨੇਮ ਕਰਨਾ ਅਰੰਭ ਕਰ ਦੇਵੋ ਤੇ ਸੰਗਤ ਜ਼ਰੂਰ ਕਰਿਆ ਕਰੋ।

### ਭਾਈ ਰਜਿੰਦਰ ਸਿੰਘ ਜੀ ਨੇ ਪ੍ਰਚਾਰ ਦਾ ਕਾਰਜ ਅਰੰਭ ਕਰਨਾ

ਇੱਕ ਮਹੀਨੇ ਦਾ ਸਮਾਂ ਮੈਂ ਕੈਲੋਫੋਰਨੀਆਂ ਵਿੱਚ ਠਹਿਰਿਆ, ਬਹੁਤੇ ਸਮਾਗਮਾਂ ਵਿੱਚ ਰਜਿੰਦਰ ਸਿੰਘ ਜੀ ਨੇ ਹਾਜ਼ਰੀ ਭਰਨੀ ਤੇ ਨਾਲ ਹੀ ਜਿਸ ਘਰ ਵਿੱਚ ਪ੍ਰੋਗਰਾਮ ਹੋਣਾ, ਉਥੇ ਘਰ ਦੇ ਸਾਹਮਣੇ ਮੇਜ਼ ਰੱਖ ਕੇ ਉੱਪਰ MP3 ਆਡੀਓ ਬੁਕਸ ਤੇ, ਪੁਸਤਕਾਂ 'ਸੇ ਕਿਨੇਹਿਆ?', ਸਬਦੁ ਗੁਰ ਪੀਰਾ, ਗੁਰਮਤਿ ਦੇ ਪਾਧੀਂ, ਗੁਰ ਸਾਗਰੁ, ਗੁਰੂ ਗ੍ਰੰਥ ਸਾਹਿਬ ਦਰਸ਼ਨ ਤੇ ਛੋਟੇ ਕਿਤਾਬਚੇ, ਮਨੁੱਖਤਾ ਦੇ ਦੁਸ਼ਮਨ ਨਸ਼ੇ, ਪ੍ਰਭੂ ਬਖਸ਼ਿਸ਼ ਕੇਸ, ਜੈਸੀ ਸੰਗਤਿ ਤੈਸੀ ਰੰਗਤ, ਸਮਾਜਿਕ ਕੁਰੀਤੀਆਂ, ਸਾਡਾ ਵਿਰਸਾ ਅਤੇ ਸਵੈ-ਪੜਚੋਲ, ਐਸੇ ਕਾਹੇ ਭੂਲਿ ਪਰੇ, ਮਨੁੱਖਾ ਜਨਮ ਤੇ ਗੁਰੂ ਦੀ ਮਹਾਨਤਾ, ਗੁਰਬਾਣੀ ਸਤਿਕਾਰ, ਗੁਟਕੇ ਤੇ ਇ੍ਹਨਾਂ ਸਾਰੀਆਂ ਪੁਸਤਕਾਂ ਤੇ ਕਿਤਾਬਚਿਆਂ ਦੀਆਂ ਆਡੀਓ ਬੁਕਸ ਰੱਖ ਲੈਣੀਆਂ। ਸਭ ਨੂੰ ਅਵਾਜ਼ਾਂ ਮਾਰ ਮਾਰ ਕੇ ਕਿਸੇ ਨੂੰ ਪੁਸਤਕਾਂ, ਕਿਸੇ ਨੂੰ ਆਡੀਓ MP3 ਦੇਈ ਜਾਣੀਆਂ ਤੇ ਨਾਲ ਆਪਣੀ ਹੱਡ ਬੀਤੀ ਸੁਣਾ ਕੇ ਉਨ੍ਹਾਂ ਨੂੰ ਪੁਸਤਕਾਂ ਪੜ੍ਹਨ ਤੇ ਸੁਣਨ ਲਈ ਪ੍ਰੇਰਨਾ ਦੇਈ ਜਾਣੀ। ਲੰਗਰ ਛਕਦੀਆਂ ਸੰਗਤਾਂ ਦੀਆਂ ਪੰਗਤਾਂ ਅੰਦਰ ਘੁੰਮ ਫਿਰ ਕੇ ਅਵਾਜਾਂ ਦੇਣੀਆਂ, ਭਰਾਵੋ! ਜਿਸ ਕਿਸੇ ਨੇ ਆਪਣਾ ਜੀਵਨ ਬਦਲਣਾ ਹੋਵੇ, ਉਹ ਮੇਰੇ ਪਾਸੋਂ 'ਸੇ ਕਿਨੇਹਿਆ?' ਤੇ ਹੋਰ ਪੁਸਤਕਾਂ ਜਿਨ੍ਹਾਂ ਦੀ ਕੋਈ ਭੇਟਾ ਨਹੀਂ, ਪੁਸਤਕਾਂ ਜਾਂ ਆਡੀਓ ਸੀਡੀ ਜ਼ਰੂਰ

ਲੈ ਕੇ ਜਾਇਓ। ਸੀਡੀਆਂ ਸਾਰੀ ਸੰਗਤ ਨੂੰ ਵਰਤਾਈ ਜਾਣੀਆਂ।

ਭਾਈ ਰਜਿੰਦਰ ਸਿੰਘ ਅੰਦਰ ਇੱਕ ਬੜੀ ਤੀਬਰ ਲਾਲਸਾ ਪੈਦਾ ਹੋ ਗਈ ਕਿ ਜੇ ਮੈਂ ਇਹ ਪੁਸਤਕ ਪੜ੍ਹ ਕੇ ਤੀਹ ਪੈਂਤੀ ਸਾਲ ਦੇ ਨਸ਼ਿਆਂ ਦੇ ਕੁੰਭੀ ਨਰਕ ਵਿਚੋਂ ਨਿਕਲ ਸਕਦਾ ਹਾਂ ਤਾਂ ਹੋਰ ਵੀ ਜਿਹੜੇ ਮੇਰਾ ਹੋਕਾ ਸੁਣ ਕੇ ਨਿਕਲਣ ਦੀ ਲਾਲਸਾ ਰੱਖਦੇ ਹੋਣ, ਉਹ ਵੀ ਇਸ ਨਰਕੀ ਜਿੰਦਗੀ ਚੋਂ ਨਿਜਾਤ ਪ੍ਰਾਪਤ ਕਰ ਲੈਣ।

ਜਿਨ੍ਹਾਂ ਪ੍ਰੇਮੀਆਂ ਨੇ ਪੁਸਤਕਾਂ ਜਾਂ ਸੀਡੀਆਂ ਲੈ ਜਾਣੀਆਂ, ਉਨ੍ਹਾਂ ਨੇ ਆਪਣੀ ਅਭਿਲਾਸ਼ਾ ਪ੍ਰਗਟ ਕਰਨੀ ਕਿ ਅਸੀਂ ਵੀ ਇਸ ਗੁਰਮਤਿ ਪ੍ਰਚਾਰ ਵਿੱਚ ਹਿੱਸਾ ਪਾਉਣਾ ਚਾਹੁੰਦੇ ਹਾਂ। ਕਿਸੇ ਨੇ ਪੰਜ, ਕਿਸੇ ਨੇ ਦਸ ਡਾਲਰ ਦੇਣ ਲਈ ਜ਼ੋਰ ਪਾਉਣਾ ਪਰ ਇਨ੍ਹਾਂ ਲੈਣੇ ਨਾ, ਫਿਰ ਸੰਗਤੀ ਰੂਪ ਵਿੱਚ ਫੈਸਲਾ ਹੋਇਆ ਕਿ ਰਜਿੰਦਰ ਸਿੰਘ ਜੀ ! ਤੁਸੀਂ ਸਾਰਿਆਂ ਨੂੰ ਦੱਸੀ ਜਾਉ ਕਿ ਸਾਰੀਆਂ ਸੀਡੀਆਂ, ਪੁਸਤਕਾਂ ਤੇ ਕਿਤਾਬਚੇ ਮੋਖ ਰਹਿਤ ਹਨ। ਇਨ੍ਹਾਂ ਦੀ ਕੋਈ ਭੇਟਾ ਨਹੀਂ। ਤੁਸੀਂ ਆਪ ਪੜ੍ਹੋ-ਸੁਣੋ ਤੇ ਹੋਰਨਾਂ ਨੂੰ ਪੜ੍ਹਨ ਤੇ ਸੁਣਨ ਲਈ ਪ੍ਰੇਰਨਾ ਦਿਉ। ਜੇ ਫਿਰ ਵੀ ਕੋਈ ਹਿੱਸਾ ਪਾਉਣਾ ਚਾਹੁੰਦਾ ਹੈ ਤਾਂ ਤੁਸੀਂ ਇੱਕ ਡੱਬਾ ਰੱਖ ਦਿਉ, ਜਿੰਨੀ ਕਿਸੇ ਦੀ ਮਰਜ਼ੀ ਹੈ, ਉਸ ਵਿੱਚ ਡੋਨੇਸ਼ਨ ਪਾ ਜਾਵੇ। ਉਸ ਮਾਇਆ ਦੀਆਂ ਤੁਸੀਂ ਹੋਰ ਸੀਡੀਆਂ ਬਣਾ ਕੇ ਸੰਗਤਾਂ ਨੂੰ ਖੁਲ੍ਹੀਆਂ ਵਰਤਾਵੋ।

ਇਸੇ ਸੇਵਾ ਦੌਰਾਨ ਦਾੜ੍ਹੀ ਕੇਸ ਵੀ ਆ ਗਏ ਤੇ ਆਪ ਨੇ ਤੇ ਇਨ੍ਹਾਂ ਦੇ ਘਰੋਂ ਬੀ: ਸਤਵਿੰਦਰ ਕੌਰ ਨੇ ਇਕੱਠੇ ਅੰਮ੍ਰਿਤ ਛੱਕ ਲਿਆ। ਇਨ੍ਹਾਂ ਦੀ ਪ੍ਰਚਾਰ ਲਗਨ ਵੱਲ ਵੇਖ ਕੇ ਭਾਈ ਬਲਦੇਵ ਸਿੰਘ ਜੀ (FREEMONT) ਫ੍ਰੀਮੌਂਟ ਵਾਲੇ, ਜੋ ਪਹਿਲਾਂ ਹੀ ਸੀਡੀਆਂ ਦੀ ਨਿਸ਼ਕਾਮ ਸੇਵਾ ਕਰਦੇ ਸਨ, ਦੋਵੇਂ ਰਲ ਗਏ ਤੇ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਗਈ। ਸ: ਬਲਦੇਵ ਸਿੰਘ ਹੋਰਾਂ ਪਾਸ ਸੀਡੀ ਰਾਈਟਰ ਸਨ। ਉਨ੍ਹਾਂ ਸੀਡੀਆਂ ਬਣਾਈ ਜਾਣੀਆਂ, ਇਨ੍ਹਾਂ ਨੇ ਥਾਵਾਂ-ਥਾਵਾਂ ਤੇ ਗੁਰਦੁਆਰਿਆਂ ਵਿੱਚ ਸਟਾਲ ਲਾ ਕੇ ਸੀਡੀਆਂ ਵੰਡੀ ਜਾਣੀਆਂ।

ਥੋੜ੍ਹੇ ਸਮੇਂ ਬਾਅਦ ਭਾਈ ਰਜਿੰਦਰ ਸਿੰਘ ਜੀ ਨੇ ਆਪਣਾ ਪ੍ਰਚਾਰ ਦਾ ਖੇਤਰ ਹੋਰ ਵਧਾ ਲਿਆ। ਆਪਣੇ ਟਰੱਕ ਵਿੱਚ ਸੀਡੀਆਂ ਤੇ ਪੁਸਤਕਾਂ ਦੇ ਬਕਸੇ ਰੱਖ ਲਏ ਤੇ ਇੱਕ ਫੋਲਡਿੰਗ ਮੇਜ ਰੱਖ ਲਿਆ। ਦੂਰ ਦੁਰਾਡੇ ਦੀਆਂ ਸਟੇਟਾਂ ਦੇ ਲੋਡ ਚੁੱਕਣ ਲੱਗ ਪਏ। ਜਿਥੇ ਸ਼ਨਿਚਰਵਾਰ ਜਾਂ ਐਤਵਾਰ ਦਾ ਦੀਵਾਨ ਹੋਣਾ, ਟਰੱਕ ਖੜ੍ਹਾ ਕਰਕੇ, ਟੈਕਸੀ ਲੈ ਕੇ ਉਸ ਗੁਰਦੁਆਰੇ ਪੁੱਜ ਜਾਣਾ ਤੇ ਸੀਡੀਆਂ, ਪੁਸਤਕਾਂ ਤੇ ਗੁਟਕਿਆਂ ਦਾ ਭੇਟਾ ਰਹਿਤ ਸਟਾਲ ਲਾ ਦੇਣਾ। ਆਪਣਾ ਕਾਰਜ ਕਰਕੇ ਮੁੜ ਕੰਮ ਤੇ ਚੱਲ ਪੈਣਾ। ਦੂਸਰੇ, ਜਿੱਥੇ ਕਿਤੇ ਵੀ ਟਰੱਕ ਸਟਾਪਾਂ ਉੱਪਰ ਦੋ-ਚਾਰ ਪੰਜਾਬੀ ਮਿਲਣੇ, ਉਨ੍ਹਾਂ ਨੂੰ ਵੀ ਕਾਫੀ ਕਾਫੀ ਸੀਡੀਆਂ ਦੇ ਦੇਣੀਆਂ ਤੇ ਕਹਿਣਾ, ਜਿਥੇ ਤੁਸੀਂ ਗਾਣੇ ਸੁਣਦੇ ਹੋ ਉਥੇ ਇਹ ਧਾਰਮਿਕ ਸੀਡੀਆਂ, ਮਹਾਂਪੁਰਸ਼ਾਂ ਦੇ ਜੀਵਨ ਦੀਆਂ



ਸਾਖੀਆਂ ਵੀ ਸੁਣ ਲਿਆ ਕਰੋ ਅਤੇ ਜਿਥੇ ਤੁਹਾਨੂੰ ਕੋਈ ਹੋਰ ਅਭਿਲਾਸ਼ੀ ਮਿਲੇ, ਉਸ ਨੂੰ ਵੀ ਪੜ੍ਹਨ ਤੇ ਸੁਣਨ ਲਈ ਪ੍ਰੇਰਨਾ ਦਿਆ ਕਰੋ।

ਭਾਈ ਰਜਿੰਦਰ ਸਿੰਘ ਨੇ ਉੱਦਮ ਕਰਕੇ ਅਮਰੀਕਾ ਵਿੱਚ ਜਿਸ ਜਿਸ ਸਟੇਟ ਵਿੱਚ ਪੰਜਾਬੀਆਂ ਦੀ ਵਸੋਂ ਜਿਆਦਾ ਹੈ, ਉਨ੍ਹਾਂ ਸਾਰੀਆਂ ਸਟੇਟਾਂ ਤੇ ਸ਼ਹਿਰਾਂ ਵਿੱਚ ਪੁਸਤਕਾਂ ਤੇ ਆਡੀਓ MP3 ਬੁਕਸ ਪਹੁੰਚਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਦੇ ਇਸ ਉੱਦਮ ਦੀ ਬਦੌਲਤ ਹਜ਼ਾਰਾਂ ਪ੍ਰਾਣੀ ਨਸ਼ੇ ਛੱਡ ਗਏ ਤੇ ਬਹੁਤਾਤ ਵਿੱਚ ਉਨ੍ਹਾਂ ਨੇ ਸਿੱਖੀ ਸਰੂਪ ਧਾਰਨ ਕਰਕੇ ਅੰਮ੍ਰਿਤ ਛੱਕ ਲਿਆ। ਹੁਣ ਭਾਈ ਰਜਿੰਦਰ ਸਿੰਘ ਜੀ ਦਾ ਗੁਰਮਤਿ ਪ੍ਰਚਾਰ ਪਹਿਲਾਂ ਨਾਲੋਂ ਵੀ ਜਿਆਦਾ ਲਗਨ ਤੇ ਤਨ ਦੇਹੀ ਨਾਲ ਜਾਰੀ ਹੈ। ਪ੍ਰਚਾਰ ਲਈ ਸੀਡੀਆਂ ਬਨਾਉਣ ਹਿਤ ਮਾਇਆ ਦੀ ਵੀ ਕਦੇ ਤੋਟ ਨਹੀਂ ਆਈ। ਉਨ੍ਹਾਂ ਆਪਣੇ ਘਰ ਵਿੱਚ ਇੱਕ ਗੱਤੇ ਦਾ ਬਕਸਾ ਰੱਖਿਆ ਹੋਇਆ ਹੈ ਜਿਸ ਵਿੱਚ ਸੰਗਤ ਦੀ ਮਾਇਆ ਬਿਨ੍ਹਾਂ ਗਿਣਤੀ ਤੋਂ ਪਾਈ ਜਾਂਦੇ ਹਨ ਤੇ ਆਪਣਾ ਦਸਵੰਧ ਵੀ ਉਸ ਡੱਬੇ ਵਿੱਚ ਪਾ ਦਿੰਦੇ ਹਨ ਤੇ ਉਥੋਂ ਕੱਢ ਕੇ ਵਰਤੀ ਜਾਂਦੇ ਹਨ। ਉਸੇ ਤਰ੍ਹਾਂ ਕਾਰਜ ਜਾਰੀ ਹੈ।

ਆਪ ਹੁਣ ਹਰ ਸਾਲ ਗੁਰਦੁਆਰਾ (ਰਾਮਪੁਰ ਖੇੜਾ) ਸਾਹਿਬ ਤੋਂ ਇੱਕ ਪੂਰਾ ਕੰਨਟੇਨਰ ਗੁਰਮਤਿ ਸਾਹਿਤ ਦਾ ਮੰਗਵਾ ਲੈਂਦੇ ਹਨ ਤੇ ਆਪਣੇ ਗੁਰਮਤਿ ਪ੍ਰਚਾਰ ਦੇ ਕੰਮ ਵਿੱਚ ਜਰਾ ਜਿੰਨਾ ਵੀ ਫਰਕ ਨਹੀਂ ਪੈਣ ਦਿੰਦੇ। ਆਪ ਜੀ ਹਰ ਸ਼ਨਿਚਰਵਾਰ, ਐਤਵਾਰ ਨੂੰ ਅਤੇ ਗੁਰਪੁਰਬਾਂ ਅਤੇ ਹਰ ਸ਼ਹਿਰ ਵਿੱਚ ਨਿਕਲਣ ਵਾਲੇ ਨਗਰ ਕੀਰਤਨਾਂ ਵਿੱਚ ਗੁਰਮਤਿ ਸਾਹਿਤ ਤੇ ਗੁਰਬਾਣੀ ਗੁਟਕਿਆਂ ਅਤੇ ਗੁਰੂ ਮਹਾਰਾਜ ਜੀ ਦੀਆਂ ਸੈਂਚੀਆਂ ਦਾ ਫ੍ਰੀ ਸਟਾਲ ਲਾ ਕੇ ਗੁਰਮਤਿ ਪ੍ਰਚਾਰ ਵਿੱਚ ਦਿਨੋ ਦਿਨ ਵਾਧਾ ਕਰਕੇ, ਗੁਰੂ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ। ਸੋ ਆਪਾਂ ਨੂੰ ਵੀ ਭਾਈ ਰਜਿੰਦਰ ਸਿੰਘ (ਰਾਜਾ) ਦੇ ਜੀਵਨ ਤੋਂ ਪ੍ਰੇਰਣਾ ਪ੍ਰਾਪਤ ਕਰਕੇ, ਚੰਗਾ ਗੁਰਮਤਿ ਸਾਹਿਤ ਆਪ ਪੜ੍ਹਕੇ 'ਗੁਰੂ ਚਾਲੀ' ਦੇ ਧਾਰਨੀ ਬਣਨਾ ਚਾਹੀਦਾ ਹੈ। ਜੋ ਸਾਨੂੰ ਗੁਰਮਤਿ ਸਾਹਿਤ ਤੋਂ ਲਾਭ ਪ੍ਰਾਪਤ ਹੋਵੇ ਫਿਰ ਦੂਸਰਿਆਂ ਦੇ ਭਲੇ ਹਿੱਤ ਆਪਾਂ ਨੂੰ ਸੰਗ ਦੂਰ ਕਰਕੇ ਨਿਸੰਗ ਹੋ ਕੇ ਗੁਰਮਤਿ ਪ੍ਰਚਾਰ ਲਈ ਡਟ ਜਾਣਾ ਚਾਹੀਦਾ ਹੈ। ਇਸ ਵਿੱਚ ਆਪਣਾ ਵੀ ਭਲਾ ਤੇ ਕੌਮ ਦਾ ਵੀ ਭਲਾ, ਸਤਿਗੁਰੂ ਜੀ ਦੀਆਂ ਖੁਸ਼ੀਆਂ ਵਾਧੇ ਵਿੱਚ। ਸਤਿਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ:-

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥**

ਮ:੪, ਪੰਨਾ ੩੦੬

ਆਪਣੇ ਭਲੇ ਹਿੱਤ ਤੇ ਸਤਿਗੁਰੂ ਜੀ ਦੀਆਂ ਅਸੀਸਾਂ ਪ੍ਰਾਪਤ ਕਰਨ ਲਈ ਆਪਾਂ ਨੂੰ ਯਤਨਸ਼ੀਲ ਹੋਣਾ ਚਾਹੀਦਾ ਹੈ।

ਇੱਧਰ ਭਾਈ ਰਜਿੰਦਰ ਸਿੰਘ ਸੱਚੇ ਮਾਰਗ ਦਾ ਆਪ ਧਾਰਨੀ ਬਣ, ਅਨੇਕਾਂ ਨੂੰ ਸੱਚ ਧਰਮ ਦੇ ਧਾਰਨੀ ਬਨਾਉਣ ਦਾ ਵਸੀਲਾ ਬਣਿਆ। ਗੁਰੂ ਮਹਾਂਰਾਜ ਜੀ ਨੇ ਮਿਹਰ ਕਰਕੇ ਪਰਵਾਰ ਨੂੰ ਭੁਝੰਗੀ ਦੀ ਦਾਤ ਵੀ ਬਖਸ਼ਿਸ਼ ਕਰ ਦਿੱਤੀ ਅਤੇ ਕੰਮ ਕਾਰ ਵਿੱਚ ਵੀ ਬਰਕਤ ਪੈਣੀ ਅਰੰਭ ਹੋ ਗਈ। ਮਨਟੀਕਾ ਸ਼ਹਿਰ ਵਿੱਚ ਹੀ ਇੱਕ ਨਵਾਂ ਬਣਿਆ ਘਰ, ਜੋ ਕੇ ਪੰਜ ਲੱਖ ਅੱਸੀ ਹਜ਼ਾਰ ਦੀ ਕੀਮਤ ਦਾ ਸੀ, ਬੈਂਕ ਰਪਟ ਹੋਣ ਕਰਕੇ ਭਾਈ ਰਜਿੰਦਰ ਸਿੰਘ ਨੂੰ ਇੱਕ ਲੱਖ ਪਚਾਸੀ ਹਜ਼ਾਰ ਦਾ ਮਿਲ ਗਿਆ। ਜਿੰਨਾਂ ਅਪਾਰਟਮੈਂਟ ਦਾ ਕਿਰਾਇਆ ਦਿੰਦੇ ਸਨ, ਉਸ ਤੋਂ ਵੀ ਘੱਟ ਪੈਸਿਆਂ ਦੀ ਮਾਹਵਾਰੀ ਕਿਸਤ ਬਣੀ ਤੇ ਦੋ ਬੈਡ ਰੂਮ ਦੀ ਥਾਂ ਗੁਰੂ ਮਹਾਰਾਜ ਜੀ ਨੇ ਪੰਜ ਬੈਡ ਰੂਮ ਦਾ ਘਰ ਪ੍ਰਦਾਨ ਕਰ ਦਿਤਾ। ਇਹ ਸਾਰੀਆਂ ਬਰਕਤਾਂ ਆਪ ਗੁਰੂ ਚਰਨਾਂ ਨਾਲ ਜੁੜਨ ਤੇ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਨ ਦੀਆਂ ਹਨ।



# ਸੇ ਕਿਨੇਹਿਆ? MP3 ਸੀਡੀ ਦੇ ਪ੍ਰਥਾਏ ਇੱਕ ਪ੍ਰੇਮੀ ਦਾ ਤਜਰਬਾ

ਕਨੇਡਾ ਦੇ ਟਰਾਂਟੋ ਇਲਾਕੇ ਵਿੱਖੇ ਇੱਕ ਤੀਹ ਕੁ ਸਾਲ ਦੇ ਨੌਜਵਾਨ ਜਿਨ੍ਹਾ ਦਾ ਨਾਉਂ ਅਮਰੀਕ ਸਿੰਘ ਹੈ ਅਤੇ ਪੰਜਾਬ ਵਿੱਚ ਰਾਏ ਕੋਟ ਇਲਾਕੇ ਨਾਲ ਸਬੰਧ ਰੱਖਦੇ ਹਨ। ਅਮਰੀਕ ਸਿੰਘ ਦੇ ਮਾਤਾ ਪਿਤਾ ਗੁਰਸਿੱਖੀ ਵਿਚਾਰਧਾਰਾ ਦੇ ਧਾਰਨੀ ਸਨ। ਜਿਸ ਕਰਕੇ ਅਮਰੀਕ ਸਿੰਘ ਵੀ ਜਨਮ ਤੋਂ ਗੁਰਸਿੱਖੀ ਮਾਹੌਲ ਵਿੱਚ ਪਲਿਆ ਤੇ ਸਾਬਤ ਸੂਰਤ ਗੁਰਸਿੱਖੀ ਸੰਸਕਾਰਾਂ ਦਾ ਧਾਰਨੀ ਸੀ। ਸਵੇਰੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਨਿੱਤਨੇਮੀ ਸੀ। ਪੜ੍ਹਾਈ ਕਰਨ ਉਪ੍ਰੰਤ ਅਮਰੀਕ ਸਿੰਘ ਦੇ ਮਾਤਾ ਪਿਤਾ ਨੇ, ਜਿਵੇਂ ਕਿ ਹਰ ਪੰਜਾਬੀ ਬੱਚੇ ਦੀ ਕਨੇਡਾ, ਅਮਰੀਕਾ ਜਾਣ ਦੀ ਤਾਂਘ ਪ੍ਰਬਲ ਹੈ, ਇਸੇ ਲੋਚਾ ਅਧੀਨ ਕਨੇਡਾ ਦੀ ਸਿਟੀਜਨ ਲੜਕੀ ਨਾਲ ਵਿਆਹ ਕਰ ਦਿੱਤਾ।

ਦੇਵ-ਨੇਤ ਨਾਲ ਜਿਸ ਪ੍ਰਵਾਰ ਵਿੱਚ ਅਮਰੀਕ ਸਿੰਘ ਦਾ ਵਿਆਹ ਹੋਇਆ ਉਹ ਸਾਰਾ ਪ੍ਰਵਾਰ ਨਾਸਤਕ ਵੀਚਾਰਧਾਰਾ ਦਾ ਪੱਕਾ ਧਾਰਨੀ ਸੀ। ਅਮਰੀਕ ਸਿੰਘ ਦੀ ਘਰ ਵਾਲੀ ਵੀ ਉਸੇ ਮਾਹੌਲ ਵਿੱਚ ਪਲਣ ਸਦਕਾ ਪੱਕੀ ਨਾਸਤਕ ਸੀ। ਅਮਰੀਕ ਸਿੰਘ ਕਨੇਡਾ ਪੁੱਜ ਗਿਆ, ਕਨੇਡਾ ਪੁੱਜ ਕੇ ਇਸ ਨੇ ਆਪਣੇ ਨੇਮ ਅਨੁਸਾਰ, ਸ਼ਾਮ ਨੂੰ ਸੋਦਰ ਦਾ ਪਾਠ ਕੀਤਾ। ਦਿਨ ਚੜ੍ਹਿਆ, ਇਸ਼ਨਾਨ ਕਰ, ਅਮਰੀਕ ਸਿੰਘ ਨੇ ਗੁਟਕਾ ਲੈ ਕੇ ਜਪੁਜੀ ਸਾਹਿਬ ਦਾ ਪਾਠ ਅਰੰਭ ਕੀਤਾ। ਅਮਰੀਕ ਸਿੰਘ ਦੀ ਸੱਸ ਕਹਿਣ ਲੱਗੀ, ਇਹ ਤੂੰ ਕਿਹੜੀ [1]ਡਾਇਰੀ ਖੋਲ੍ਹ ਕੇ ਸਵੇਰੇ ਸਵੇਰ ਬੈਠ ਗਿਆ ਹੈਂ? ਚਾਹ ਬਣੀ ਹੋਈ ਹੈ, ਚਾਹ ਤਾਂ ਪੀ ਲੈ। ਚਾਹ ਠੰਢੀ ਹੋ ਗਈ, ਮੁੜ ਗਰਮ ਕਰਨੀ ਪੈਣੀ ਹੈ। ਡਾਇਰੀ ਨਾਲ ਮੱਥਾ ਬਾਅਦ ਵਿੱਚ ਮਾਰ ਲਵੀਂ।

ਅਮਰੀਕ ਸਿੰਘ ਨੇ ਆਪਣੀ ਸੱਸ ਵਲੋਂ ਅਜਿਹੇ ਰੁੱਖੇ ਸ਼ਬਦ ਸੁਣ ਕੇ ਆਪਣਾ ਅਪਮਾਨ ਤਾਂ ਮਹਿਸੂਸ ਕੀਤਾ, ਪਰ ਇਕੱਲਾ ਹੋਣ ਕਰਕੇ ਤੇ ਮਜਬੂਰੀ ਵਸ, ਕਰ ਕੁਝ ਵੀ ਨਹੀਂ ਸਕਦਾ ਸੀ। ਭਰੇ ਪੀਤੇ ਅਮਰੀਕ ਸਿੰਘ ਨੇ ਗੁਟਕਾ ਸਤਿਕਾਰ ਨਾਲ ਰੱਖ ਦਿੱਤਾ ਤੇ ਚਾਹ ਪੀ ਲਈ। ਉਪ੍ਰੰਤ ਸਮਾਂ ਮਿਲੇ ਤੇ ਜਪੁਜੀ ਸਾਹਿਬ ਦਾ ਪਾਠ ਕੀਤਾ। ਦਿਨ ਲੰਘਿਆ, ਸ਼ਾਮ ਨੂੰ ਮੁੜ ਅਮਰੀਕ ਸਿੰਘ ਨੇ ਗੁਟਕਾ ਲੈ ਕੇ ਸੋਦਰ ਦਾ ਪਾਠ ਅਰੰਭ ਕੀਤਾ। ਅਜੇ ਮਸਾਂ ਸੋਦਰ ਤੋਂ ਅਗਲਾ ਸ਼ਬਦ ਹੀ ਅਰੰਭ ਕੀਤਾ ਸੀ ਕਿ

1. ਅਗਿਆਨਤਾ ਤੇ ਨਾਸਤਿਕਤਾ ਦੇ ਪ੍ਰਭਾਵ ਅਧੀਨ ਗੁਟਕਾ ਸਾਹਿਬ ਨੂੰ ਉਸ ਨੇ ਡਾਇਰੀ ਕਿਹਾ।

ਅਮਰੀਕ ਸਿੰਘ ਦੀ ਸੱਸ ਮੁੜ ਆ ਹਾਜ਼ਰ ਹੋਈ ਤੇ ਬੜੇ ਰੋਹਬ ਨਾਲ ਕਹਿਣਾ ਲੱਗੀ, ਕਾਕਾ! ਅਜੇ ਤੂੰ ਕੱਲ੍ਹ ਪੰਜਾਬ ਤੋਂ ਆਇਆਂ ਹੈ, ਚੱਜ ਨਾਲ ਕਿਸੇ ਦੀ ਨਾ ਤੂੰ ਰਾਜੀ ਖੁਸ਼ੀ ਦੱਸੀ ਹੈ ਅਤੇ ਨਾ ਹੀ ਪ੍ਰਵਾਰ ਨਾਲ ਬੈਠ ਕੇ ਕੋਈ ਗੱਲਾਂ ਬਾਤਾਂ ਕੀਤੀਆਂ। ਇਹ ਗੁਟਕੂ[1] ਜਿਹਾ ਲੈ ਕੇ ਤੂੰ ਮੁੜ ਬੈਠ ਗਿਆਂ। ਪਤਾ ਨਹੀ, ਤੂੰ ਇਸ ਨਾਲ ਕਿੰਨਾਂ ਕੁ ਚਿਰ ਮਗਜ ਖਪਾਈ ਕਰੀ ਜਾਣੀ ਹੈ, ਰੱਖ ਇਸ ਨੂੰ ਇੱਕ ਪਾਸੇ ਤੇ ਪ੍ਰਵਾਰ ਨਾਲ ਟੈਲੀਵੀਜ਼ਨ ਤੇ ਫਿਲਮ ਵੇਖ, ਨਾਲੇ ਕੋਈ ਘਰ ਦੀ, ਕੋਈ ਪੰਜਾਬ ਦੀ ਗੱਲ ਸੁਣਾ।

ਅਮਰੀਕ ਸਿੰਘ ਬੇ-ਵਸ ਮੁੜ ਗੁਟਕਾ ਰੱਖ ਕੇ ਟੈਲੀਵੀਜ਼ਨ ਵੇਖ ਰਹੀ ਚੰਡਾਲ ਚੌਕੜੀ ਵਿੱਚ ਆ ਬੈਠਾ। ਬੈਠਾ ਤਾਂ ਸਹੁਰੇ ਪ੍ਰਵਾਰ ਵਿੱਚ ਸੀ, ਪਰ ਇਹ ਮੇਲ ਪੂਰਬ ਪੱਛਮ ਦਾ ਪ੍ਰਤੀਤ ਹੋ ਰਿਹਾ ਸੀ। ਪ੍ਰਵਾਰ ਦੇ ਬਹੁਤੇ ਮੈਂਬਰ ਅਮਰੀਕ ਸਿੰਘ ਨੂੰ ਤਰ੍ਹਾਂ-ਤਰ੍ਹਾਂ ਦੇ ਮਖੌਲ ਕਰਨ। ਉਂਝ ਸੀ ਤਾਂ ਅਮਰੀਕ ਸਿੰਘ ਵੀ ਤੇਜ ਤਬੀਅਤ ਦਾ, ਪਰ ਸਾਰੇ ਪ੍ਰਵਾਰ ਅੱਗੇ ਉਸਦੀ ਪੇਸ਼ ਨਾ ਜਾਵੇ। ਦਸ ਗਿਆਰਾਂ ਵਜੇ ਤੱਕ ਟੈਲੀਵੀਜ਼ਨ ਦੀ ਸੰਗਤ ਤੇ ਆਪਸੀ ਟਿੱਚਰ ਮਖੌਲ ਕਰਦਿਆਂ ਬੀਤ ਗਏ। ਰਹਿਰਾਸ ਦਾ ਪਾਠ ਤਾਂ ਟੈਲੀਵੀਜ਼ਨ ਤੇ ਟਿੱਚਰਾਂ ਦੀ ਭੇਟ ਚੜ੍ਹ ਗਿਆ।

ਅਗਲੇ ਦਿਨ ਵੀ ਉਹੋ ਮਾਹੌਲ, ਸਹੁਰਾ ਪ੍ਰਵਾਰ ਦੇ ਮੈਂਬਰ ਕੁਝ ਕੰਮ ਤੇ ਚਲੇ ਗਏ, ਬਾਕੀ ਰਹਿੰਦੇ ਟੈਲੀਵੀਜ਼ਨ ਤੇ ਤਰ੍ਹਾਂ ਤਰ੍ਹਾਂ ਦੀਆਂ ਅਸ਼ਲੀਲ ਫਿਲਮਾਂ ਵੇਖਣ ਵਿੱਚ ਆਪਣਾ ਸਮਾਂ ਬਰਬਾਦ ਕਰਦੇ ਰਹੇ। ਅਮਰੀਕ ਸਿੰਘ ਬਿਲਕੁਲ ਉਲਟੇ ਮਾਹੌਲ ਵਿੱਚ ਸਮਾਂ ਬਿਤਾ ਰਿਹਾ ਸੀ, ਪਰ ਦੂਸਰੇ ਪਾਸੇ ਕਨੇਡਾ ਦੀ ਇਮੀਗਰੇਸ਼ਨ ਲੈਣ ਵਾਸਤੇ ਸਭ ਕੁਝ ਕੁਰਬਾਨ ਕਰਨ ਨੂੰ ਵੀ ਤਿਆਰ ਸੀ।

ਸਮਾਂ ਬੀਤਦਾ ਗਿਆ, ਅਮਰੀਕ ਸਿੰਘ ਆਪਣਾ ਅਸਰ ਸਹੁਰੇ ਪ੍ਰਵਾਰ ਉੱਪਰ ਪਾਉਣ ਵਿੱਚ ਅਸਫਲ ਰਿਹਾ। ਅਸਫਲ ਹੀ ਨਹੀਂ ਰਿਹਾ, ਸਗੋਂ ਸਹੁਰੇ ਪ੍ਰਵਾਰ ਦੇ ਨਾਸਤਕ ਵੀਚਾਰ ਅਮਰੀਕ ਸਿੰਘ ਉੱਪਰ ਹਾਵੀ ਹੋ ਗਏ ਤੇ ਸਿੱਖੀ ਸਰੂਪ ਦਾੜ੍ਹੀ ਕੇਸਾਂ ਨੂੰ ਵੀ ਉਸ ਨੇ ਤਿਲਾਂਜਲੀ ਦੇ ਦਿੱਤੀ। ਤਾਮਸੀ ਖੁਰਾਕ ਮਾਸ, ਸ਼ਰਾਬ ਆਦਿ ਵਰਤਣ ਲਈ ਤਾਂ ਲੜਕੀ ਵਾਲੇ ਪ੍ਰਵਾਰ ਨੇ ਅਮਰੀਕ ਸਿੰਘ ਨੂੰ ਪਹਿਲਾਂ ਹੀ ਲਾ ਲਿਆ ਸੀ। ਹੁਣ ਅਮਰੀਕ ਸਿੰਘ ਇੰਡੋ ਕਨੇਡੀਅਨ ਬਾਬੂ ਬਣ ਕੇ ਟਰੱਕ ਚਲਾਉਣ ਦਾ ਕੰਮ ਕਰਨ ਲੱਗ ਪਿਆ।

ਗੱਡੀ ਚਲਦੀ ਗਈ, ਨਿੱਤਨੇਮ ਦਾ ਪਾਠ ਤਾਂ ਕੀ ਕਰਨਾ ਸੀ, ਰੱਬ ਦੇ ਨਾਉਂ ਦਾ ਵੀ ਚੇਤਾ ਭੁੱਲ ਗਿਆ। ਦਾੜ੍ਹੀ ਕੇਸਾਂ ਨੂੰ ਤਿਲਾਂਜਲੀ ਦੇਣ ਤੇ ਨਸ਼ੇ ਵਰਤਣ ਦਾ ਪਤਾ ਜਦੋਂ ਅਮਰੀਕ ਸਿੰਘ ਦੇ ਮਾਤਾ ਪਿਤਾ ਨੂੰ ਲੱਗਾ, ਉਨ੍ਹਾਂ ਫੋਨ ਤੇ ਕਿਹਾ ਕਿ ਪੁੱਤਰ ! ਤੂੰ ਇਹ ਬੜਾ ਮਾੜਾ ਕਰਮ ਕੀਤਾ ਹੈ। ਉਹ ਸਿੱਖੀ, ਉਹ ਸਰਦਾਰੀ ਜੋ ਕਲਗੀਧਰ ਪਾਤਸ਼ਾਹ ਜੀ ਨੇ ਪਿਤਾ, ਮਾਤਾ, ਚਾਰੇ ਸਾਹਿਬਜ਼ਾਦੇ ਵਾਰ ਤੇ ਆਪ

1. ਨਾਸਤਿਕਤਾ ਦੇ ਪ੍ਰਭਾਵ ਅਧੀਨ ਗੁਟਕਾ ਸਾਹਿਬ ਨੂੰ ਉਸ ਨੇ ਗੁਟਕੂ ਕਿਹਾ।



ਸ਼ਹਾਦਤ ਦੇ ਕੇ ਸਾਨੂੰ ਗਰੀਬਾਂ ਨੂੰ ਬਖਸ਼ਿਸ਼ ਕੀਤੀ, ਤੇ ਸਾਡੇ ਪੁਰਖਿਆਂ ਵਲ ਇਸ਼ਾਰਾ ਕਰ ਕੇ ਕਿਹਾ ਸੀ:-

**ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ॥**
**ਚਾਰ ਮੂਏ ਤ ਕਿਆ ਹੁਆ ਜੀਵਤ ਲਾਖ ਹਜ਼ਾਰ ॥**

ਕੀ ਤੂੰ ਉਨ੍ਹਾਂ ਦੀ ਕੁਰਬਾਨੀ ਤੇ ਬਖਸ਼ਿਸ਼ ਨੂੰ ਭੁੱਲ ਗਿਆ ਹੈ? ਯਾਦ ਰੱਖ! ਜਿਹੜਾ ਕਿਸੇ ਦੇ ਪਰਉਪਕਾਰ ਨੂੰ ਭੁੱਲ ਜਾਂਦਾ ਹੈ, ਉਸ ਨੂੰ ਅਕ੍ਰਿਤਘਣ ਕਿਹਾ ਜਾਂਦਾ ਹੈ। ਅਕ੍ਰਿਤਘਣ ਸੰਸਾਰ ਵਿੱਚ ਸਾਰੇ ਪਾਪੀਆਂ ਤੋਂ ਵੱਡਾ ਪਾਪੀ ਹੈ। ਤੈਨੂੰ ਅਸੀਂ ਗੁਰਸਿੱਖੀ ਸੰਸਕਾਰ ਦੇਣ ਦਾ ਯਤਨ ਕੀਤਾ ਕਿ ਕਿਵੇਂ ਸਾਡਾ ਪੁੱਤਰ ਗੁਰਸਿੱਖੀ ਵਿੱਚ ਪ੍ਰਪੱਕ ਰਹੇ। ਅਸੀਂ ਤੇਰੀਆਂ ਸਾਰੀਆਂ ਰੀਝਾਂ ਪੂਰੀਆਂ ਕੀਤੀਆਂ, ਪਰ ਤੂੰ ਸਾਥੋਂ ਦੂਰ ਹੋ ਕੇ ਸਾਡੀ ਇੱਕ ਵੀ ਰੀਝ ਪੂਰੀ ਨ ਕਰ ਸਕਿਆ। ਵੀਹ ਪੰਝੀ ਸਾਲ ਦੇ ਸਾਰੇ ਗੁਰਮਤਿ ਸੰਸਕਾਰ ਤੂੰ ਤਿੰਨ ਚਾਰ ਮਹੀਨੇ ਵਿੱਚ ਸਹੁਰਿਆਂ ਦੀ ਤੇ ਘਰ ਵਾਲੀ ਦੀ ਖੁਸ਼ੀ ਲੈਂਦਾ ਲੈਂਦਾ, ਸਭ ਖੋਹ ਬੈਠਾ। ਇਹ ਤੇਰੀ ਲਈ ਲਾਹੇਵੰਦਾ ਨਹੀਂ, ਜੇ ਕੋਈ ਅੜਚਣ ਸੀ ਤਾਂ ਮੁੜ ਸਾਡੇ ਪਾਸ ਆ ਜਾਂਦਾ।

ਇਹ ਸਾਰੀ ਜ਼ਮੀਨ ਜ਼ਾਇਦਾਦ, ਘਰ ਘਾਟ ਸਭ ਕੁਝ ਤੇਰੇ ਜੋਗਾ ਹੀ ਸੀ। ਇੱਥੇ ਤੈਨੂੰ ਕੋਈ ਚੰਗਾ ਕੰਮ ਕਾਰ ਖੋਹਲ ਦਿੰਦੇ, ਪਰ ਤੂੰ ਤਾਂ ਪਤਿਤ ਹੋਣ ਲੱਗਿਆਂ ਸਾਡੇ ਕੰਨ ਤੱਕ ਕੰਨਸੋਅ ਵੀ ਨਹੀਂ ਪੈਣ ਦਿੱਤੀ। ਇਸ ਲਈ ਤੂੰ ਜਿੱਥੇ ਗੁਰੂ ਦਾ ਅਕ੍ਰਿਤਘਣ ਹੈ, ਉੱਥੇ ਸਾਡੇ ਪਰਉਪਕਾਰ ਨੂੰ ਤੇ ਸਾਡੀ ਰੀਝ ਨੂੰ ਭੁਲਾਉਣ ਸਦਕਾ ਤੂੰ ਸਾਡਾ ਵੀ ਅਕ੍ਰਿਤਘਣ ਹੈਂ। ਜਰਾ ਧਿਆਨ ਨਾਲ ਵੀਚਾਰ ਕਰੀਂ ! ਮੈਂ ਜੋ ਤੈਨੂੰ ਭਾਈ ਗੁਰਦਾਸ ਜੀ ਦੇ ਵੀਚਾਰ ਦਰਸਾ ਰਿਹਾ ਹਾਂ ਉਨ੍ਹਾਂ ਨੂੰ ਇਕਾਂਤ ਦੀ ਬੁੱਕਲ ਵਿੱਚ ਬੈਠ ਕੇ ਵੀਚਾਰੀਂ ਤੇ ਸੋਚੀਂ, ਸੁਣ! ਭਾਈ ਗੁਰਦਾਸ ਜੀ ਕੀ ਕਹਿ ਰਹੇ ਹਨ:

**[1]ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ ॥**
**ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ ॥**
**ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ ॥**
**ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ ॥**
**ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ ॥**

1. ਅੱਤ ਨੀਵੀਂ ਜਾਤ ਦੀ ਇਸਤ੍ਰੀ ਨੇ ਸ਼ਰਾਬ ਵਿੱਚ ਪਾ ਕੇ ਕੁੱਤੇ ਦਾ ਮਾਸ ਰਿਨ੍ਹਿਆ। ਰਿੱਧੇ ਹੋਏ ਮਾਸ ਨੂੰ ਉਸ ਨੇ ਮਨੁੱਖ ਦੀ ਖੋਪਰੀ ਵਿੱਚ ਰੱਖਿਆ, ਜਿਸ ਵਿੱਚੋਂ ਭੈੜੀ ਦੁਰਗੰਧੀ ਆ ਰਹੀ ਸੀ। ਲਹੂ ਨਾਲ ਭਰੇ ਹੋਏ ਕਾਲੇ ਕੱਪੜੇ ਨਾਲ ਉਸ ਮਾਸ ਨੂੰ ਢੱਕਿਆ ਤੇ ਰਿੱਧੇ ਹੋਏ ਮਾਸ ਨੂੰ ਕੱਜ, ਉਹ ਵਿਸ਼ੇ ਭੋਗਾਂ ਦੀ ਪੂਰਤੀ ਲਈ ਜਾ ਰਹੀ ਹੈ। ਅੱਗੋਂ ਪੁੱਛਣ ਵਾਲੇ ਨੇ ਆਪਣਾ ਸ਼ੰਕਾ ਦੂਰ ਕਰਨ ਲਈ ਉਸ ਨੂੰ ਪੁੱਛਿਆ ਕਿ ਇਸ ਵਿਚੋਂ ਬੜੀ ਦੁਰਗੰਧੀ ਆ ਰਹੀ ਹੈ। ਤੂੰ ਇਸ ਨੂੰ ਕਿਉਂ ਕੱਜਿਆ ਹੋਇਆ ਹੈ ? ਪੁੱਛਣ ਵਾਲੇ ਦਾ ਸ਼ੰਕਾ ਦੂਰ ਕਰਨ ਲਈ ਉਸ ਨੇ ਦੱਸਿਆ ਕਿ ਭਾਵੇਂ ਇਹ ਅੱਤ ਮਲੀਨ ਖਾਣਾ ਹੈ, ਪਰ ਮੈਂ ਇਸ ਨੂੰ ਤਦ ਢੱਕਿਆ ਹੈ ਕਿ ਮਤਾਂ ਕਿਤੇ ਇਸ ਨੂੰ ਅਕ੍ਰਿਤਘਣ ਦੀ ਨਿਗਾਹ ਨਾ ਲੱਗ ਜਾਵੇ ਤੇ ਹੋਰ ਭਰਿਸ਼ਟ ਹੋ ਜਾਵੇ। ਕੈਸਾ ਹੈ ਅਕ੍ਰਿਤਘਣ ਮਨੁੱਖ, ਜਿਸ ਦੀ ਦ੍ਰਿਸ਼ਟੀ ਇੰਨੀ ਪਲੀਤ ਹੈ ਕਿ ਉਹ ਪਲੀਤ ਚੀਜਾਂ ਨੂੰ ਹੋਰ ਪਲੀਤ ਕਰ ਦਿੰਦੀ ਹੈ।

ਨਦਰੀ ਪਵੈ ਅਕ੍ਰਿਤਘਣੁ ਮਤੁ ਹੋਇ ਵਿਣਾਸੁ ॥੯॥

ਵਾਰ ੩੫,ਪਉੜੀ ੯

ਭਾਈ ਸਾਹਿਬ ਦਾ ਹੋਰ ਫੁਰਮਾਨ ਸੁਣ ਤੇ ਵੀਚਾਰ ਕਰ:

[1]ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ ॥
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ ॥
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ ॥
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ ॥
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ॥
ਭਾਰੇ ਭੂਈਂ ਅਕ੍ਰਿਤਘਣ ਮੰਦੀ ਹੂ ਮੰਦੇ॥੮॥

ਵਾਰ ੩੫, ਪਉੜੀ ੮

ਭਲਾ, ਪੁੱਤਰ ਅਮਰੀਕ ਸਿੰਘ! ਜਦੋਂ ਤੂੰ ਨਾਈ ਦੀ ਦੁਕਾਨ ਤੇ ਗਿਆ, ਕੀ ਤੈਨੂੰ ਉਸ ਵੇਲੇ ਭਾਈ ਤਾਰੂ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਸਬੇਗ ਸਿੰਘ, ਭਾਈ ਸ਼ਾਹਬਾਜ ਸਿੰਘ ਤੇ ਇਨ੍ਹਾਂ ਪਿੱਛੇ ਲੱਗੀਆਂ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਉਣ ਵਾਲੇ ਗੁਰਸਿੱਖਾਂ ਦੀਆਂ ਕਤਾਰਾਂ ਵਿਚੋਂ ਇੱਕ ਸਿੱਖ ਦੀ ਕੁਰਬਾਨੀ ਨੇ ਵੀ ਤੇਰੀ ਆਤਮਾਂ ਨੂੰ ਨਾ ਝੰਝੋੜਿਆ ? ਤੈਨੂੰ ਕਿਸੇ ਇੱਕ ਗੁਰਸਿੱਖ ਦੀ ਵੀ ਯਾਦ ਨਾ ਆਈ। ਤੂੰ ਆਪਣੇ ਗੁਰਸਿੱਖ ਭਰਾਵਾਂ ਅਤੇ ਸਾਡੇ ਨਾਲੋਂ ਸਭ ਤੋਂ ਪਿਆਰ ਵਾਲਾ ਨਾਤਾ ਜਿਸ ਪ੍ਰਥਾਇ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ- **''ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ ਜੈਸਾ ਗੁਰਸਿਖ ਸਾਧ ਸੰਗਤਿ ਕੋ ਨਾਤਾ ਹੈ''** ਤੋੜ ਲਿਆ। ਹੁਣ ਕੇਵਲ ਤੇਰੇ ਨਾਲ ਸਾਡਾ ਖੂਨ ਦਾ ਨਾਤਾ ਰਹਿ ਗਿਆ। ਖੂਨ ਦਾ ਨਾਤਾ ਵੀ ਕਾਹਦਾ? ਸਾਰੇ ਨਾਤੇ ਪ੍ਰੇਮ ਦੇ ਨਾਤੇ ਹਨ। ਜਦੋਂ ਪ੍ਰੇਮ ਦੀ ਗੰਢ ਖੁੱਲ੍ਹ ਜਾਵੇ ਫਿਰ ਕਾਹਦੇ ਨਾਤੇ ਤੇ ਕਾਹਦੇ ਰਿਸ਼ਤੇ? ਫਿਰ ਤਾਂ- **''ਨਾਮ ਧਾਰੀਕ ਝੂਠੇ ਸਭਿ ਸਾਕ॥੧॥''** ਵਾਲੀ ਗੱਲ ਰਹਿ ਜਾਂਦੀ ਹੈ। ਪੁੱਤਰ ! ਅਸੀਂ ਹੁਣ ਤੈਨੂੰ ਨਹੀਂ ਕੋਸਦੇ, ਅਸੀਂ ਤਾਂ ਆਪਣੇ ਖੂਨ ਨੂੰ ਲਾਹਣਤਾਂ ਪਾਉਂਦੇ ਹਾਂ। ਇਹ ਕੋਈ ਸਾਡੀ ਹੀ ਕਮੀ ਹੈ, ਜੋ ਤੈਂਨੂੰ ਪਤਿਤ ਕਰਨ ਦਾ ਕਾਰਣ ਬਣੀ।

ਪਰ, ਪੁੱਤਰ ਤੂੰ ਯਾਦ ਰੱਖੀਂ! ਤੇਰੇ ਅੰਦਰ ਅਸੀਂ ਗੁਰਸਿੱਖੀ ਦਾ ਬੀਜ ਬੀਜਿਆ, ਭਾਵੇਂ ਉਸ ਦੀ ਫਸਲ ਤੂੰ ਬਰਬਾਦ ਕਰ ਲਈ ਹੈ ਤੇ ਗੁਰੂ ਦੀ ਗੋਦ ਚੋਂ

1.ਧਰਤੀ ਨੂੰ ਉਚੇ ਅਸਮਾਨ ਨਾਲ ਛੂੰਹਦੇ ਪਰਬਤਾਂ ਦਾ ਭਾਰ ਨਹੀਂ ਲੱਗਦਾ। ਬੜੇ ਬੜੇ ਕਿਲ੍ਹੇ ਤੇ ਘਰਾਂ ਦਾ ਵੀ ਧਰਤੀ ਨੂੰ ਭਾਰ ਨਹੀ ਵਿਆਪਦਾ। ਧਰਤੀ ਉੱਪਰ, ਪਾਣੀ ਨਾਲ ਭਰੇ ਸਮੁੰਦਰਾਂ ਅਤੇ ਵਗ ਰਹੀਆਂ ਨਦੀਆਂ ਨਾਲਿਆਂ ਦਾ ਭਾਰ ਵੀ ਧਰਤੀ ਨੂੰ ਨਹੀਂ ਲੱਗਦਾ। ਅਨਗਿਣਤ, ਫਲਾਂ ਨਾਲ ਭਰੇ ਦਰਖਤ ਵੀ ਧਰਤੀ ਨੂੰ ਭਾਰੇ ਨਹੀਂ ਲੱਗਦੇ। ਅਣਗਿਣਤ ਜੀਵ ਜੰਤ ਜੋ ਧਰਤੀ ਉੱਪਰ ਘੁੰਮ ਫਿਰ ਰਹੇ ਹਨ ਉਹ ਵੀ ਧਰਤੀ ਨੂੰ ਭਾਰੇ ਨਹੀਂ ਲੱਗਦੇ। ਜੇ ਧਰਤੀ ਨੂੰ ਭਾਰ ਲੱਗਦਾ ਹੈ ਤਾਂ ਸਾਰਿਆਂ ਤੋ ਮੰਦੇ ਪੁਰਸ਼ ਜਿਨ੍ਹਾਂ ਨੂੰ ਅਕ੍ਰਿਤਘਣ ਕਿਹਾ ਜਾਂਦਾ ਹੈ, ਉਨ੍ਹਾਂ ਦਾ ਭਾਰ ਧਰਤੀ ਨੂੰ ਲੱਗਦਾ ਹੈ।



ਹੇਠਾਂ ਡਿੱਗ ਪਿਆ ਹੈਂ। ਹੇਠਾਂ ਡਿੱਗੇ ਬੱਚੇ ਦਾ ਜੋ ਹਸ਼ਰ ਹੁੰਦਾ ਹੈ, ਉਸ ਨੂੰ ਵੀ ਤੂੰ ਨਾ ਭੁਲਾਈਂ ਤੇ ਆਪਣੇ ਅੰਦਰ ਪਏ ਗੁਰਮਤਿ ਸੰਸਕਾਰਾਂ ਨੂੰ ਮੁੜ ਪ੍ਰਫੁਲਤ ਹੋਣ ਲਈ ਗੁਰੂ ਕੀ ਬਾਣੀ ਦਾ ਪੱਲਾ ਨਾ ਛੱਡੀਂ। ਅਸੀਂ ਤੇ ਸ਼ਾਇਦ ਫੋਨ ਨਾ ਕਰੀਏ ਪਰ ਤੇਰਾ ਚਿਤ ਕਰੇ ਤਾਂ ਤੂੰ ਭਾਵੇਂ ਫੋਨ ਕਰ ਲਈਂ। ਮਾਤਾ ਪਿਤਾ ਨੇ ਆਪਣੇ ਮਨ ਦੇ ਵਲਵਲੇ ਫੋਨ ਉੱਪਰ ਅਮਰੀਕ ਸਿੰਘ ਨਾਲ ਸਾਂਝੇ ਕਰ ਕੇ ਆਪਣਾ ਮਨ ਹੌਲਾ ਕਰ ਲਿਆ।

ਸਮਾਂ ਤੁਰਦਾ ਗਿਆ। ਅਮਰੀਕ ਸਿੰਘ ਦੇ ਘਰ ਵਿੱਚ ਬੱਚੇ ਨੇ ਜਨਮ ਲਿਆ। ਅਮਰੀਕ ਸਿੰਘ ਨੇ ਮਾਤਾ ਪਿਤਾ ਨੂੰ ਫੋਨ ਤੇ ਵਧਾਈ ਦਿੱਤੀ। ਅੱਗੋਂ ਪਿਤਾ ਨੇ ਕਿਹਾ, ਪੁੱਤਰ ! ਸੰਸਾਰਕ ਤੌਰ ਤੇ ਵਧਾਈ ਹੋਵੇ ਸਾਡੀ ਕੁਲ ਵਿੱਚ ਵਾਧਾ ਹੋਇਆ ਹੈ। ਬੱਚੇ ਨੂੰ ਅਸੀਂ ਅਸੀਸ ਕੀ ਦੇਈਏ? ਗੁਰੂ ਅਰਜਨ ਪਾਤਸ਼ਾਹ ਜੀ ਨੇ ਗੁਰਬਾਣੀ ਅੰਦਰ-

**ਪੂਤਾ ਮਾਤਾ ਕੀ ਆਸੀਸ ॥**
**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ**
**ਸਦਾ ਭਜਹੁ ਜਗਦੀਸ ॥੧॥** ਗੂਜਰੀ ਮ:੫, ਪੰਨਾ ੪੯੬

ਦੀ ਅਸੀਸ ਗੁਰਸਿੱਖ ਬੱਚਿਆਂ ਨੂੰ ਪ੍ਰਦਾਨ ਕੀਤੀ ਹੈ। ਪਰ ਤੂੰ ਤਾਂ ਆਪ ਖੁਦ ਬਾਣੀ ਤੇ ਨਾਮ ਨੂੰ ਭੁੱਲ ਚੁੱਕਾ ਹੈਂ। ਸਾਡੀ ਤਾਂ ਹੁਣ ਗੁਰੂ ਚਰਨਾਂ ਵਿੱਚ ਹੀ ਅਰਦਾਸ ਹੈ ਕਿ ਪੁੱਤ-ਕਪੁੱਤ ਹੋ ਜਾਂਦੇ ਹਨ ਪਰ ਮਾਪੇ ਕੁਮਾਪੇ ਨਹੀਂ ਹੁੰਦੇ। ਉਹ ਹਮੇਸ਼ਾ ਆਪਣੇ ਬੱਚੇ ਦਾ ਭਲਾ ਮੰਗਦੇ ਹਨ। ਉਸ ਬਾਪੂ ਅੱਗੇ ਜਿਸ ਨੂੰ ਅਸੀਂ ਬਾਣੀ ਅੰਦਰ ਹੇਠ ਲਿਖੇ ਰਿਸ਼ਤੇ ਨਾਲ ਸੰਬੋਧਨ ਕਰਦੇ ਹਾਂ:

**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**
**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥**

ਮਾਝ ਮ: ੫, ਪੰਨਾ ੧੦੩

ਉਹ ਗੁਰੂ ਹੀ ਹੁਣ ਸਾਡੀ ਲਾਜ ਪਾਲੇ, ਸਤਿਗੁਰੂ ਕ੍ਰਿਪਾ ਕਰੇ!

**ਬਾਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥** ਪਾ:੧੦

ਸਤਿਗੁਰੂ ਤੇਰੀ ਬਾਂਹ ਫੜੇ ਤੇ ਤੈਨੂੰ ਤੇ ਨਵੇਂ ਭੁਝੰਗੀ ਨੂੰ ਗੁਰਸਿੱਖੀ ਦੀ ਦਾਤ ਬਖਸ਼ਿਸ਼ ਕਰੇ। ਸਮਾਂ ਬੀਤਦਾ ਗਿਆ। ਅਮਰੀਕ ਸਿੰਘ ਦਾ ਸਿਆਟਲ ਟਰੱਕ-ਸਟਾਪ ਤੇ ਇੱਕ [1]ਗੁਰਸਿੱਖ ਪ੍ਰੇਮੀ ਨਾਲ ਮਿਲਾਪ ਹੋਇਆ। ਆਪਸੀ ਜਾਣ ਪਛਾਣ ਸਾਂਝੀ ਕਰਨ ਉਪ੍ਰੰਤ ਉਸ ਗੁਰਸਿੱਖ ਨਾਲ ਅਮਰੀਕ ਸਿੰਘ ਨੇ ਵੀ ਆਪਣੇ ਪੁਰਾਣੇ ਗੁਰਸਿੱਖੀ ਸੰਸਕਾਰਾਂ ਦੀ ਗੱਲ ਸਾਂਝੀ ਕੀਤੀ।

ਉਸ ਪ੍ਰੇਮੀ ਨੇ ਅਮਰੀਕ ਸਿੰਘ ਨੂੰ ਹੌਂਸਲਾ ਦਿੱਤਾ ਤੇ ਕਿਹਾ, ਅਮਰੀਕ ਸਿੰਘ! ਮੈਂ ਵੀ ਤੇਰੇ ਵਾਂਗ ਗੁਰਸਿੱਖ ਪ੍ਰਵਾਰ ਦਾ ਜੰਮਪਲ ਸੀ, ਪਰ ਕੁਸੰਗਤ ਦੇ ਕਾਰਣ ਮੈਂ

**1**. ਰਜਿੰਦਰ ਸਿੰਘ (ਰਾਜਾ)

ਵੀ ਤੇਰੇ ਵਾਂਗ ਪਤਤ ਹੋ ਗਿਆ ਸੀ। ਮੈਨੂੰ ਇੱਕ ਪ੍ਰੇਮੀ ਨੇ "ਸੇ ਕਿਨੇਹਿਆ" ਪੁਸਤਕ ਅਤੇ MP3 ਆਡੀਓ ਸੀ.ਡੀ. ਦਿੱਤੀ, ਜਿਸ ਨੂੰ ਪੜ੍ਹ ਕੇ ਮੈਂ ਮੁੜ ਦੁਬਾਰਾ ਸਿੰਘ ਸੱਜਿਆ ਹਾਂ। ਮੈ ਆਪਣੇ ਟਰੱਕ ਵਿੱਚ ਫਾਲਤੂ ਸੀਡੀਆਂ ਰੱਖੀਆਂ ਹੋਈਆਂ ਹਨ। ਤੁਹਾਡੇ ਵਰਗਾ ਕੋਈ ਪ੍ਰੇਮੀ ਮਿਲੇ ਤਾਂ ਮੈਂ ਉਸ ਨੂੰ ਦੇ ਦਿੰਦਾ ਹਾਂ। ਮੈਂ ਤੁਹਾਨੂੰ ਵੀ ਉਹ ਸੀਡੀ ਲਿਆ ਕੇ ਦਿੰਦਾ ਹਾਂ। ਜੇ ਤੁਸੀਂ ਇੱਕ ਦੋ ਵਾਰੀ ਮਹਾਪੁਰਖਾਂ ਦੀ ਜੀਵਨ ਗਾਥਾ ਸੁਣ ਲਈ, ਤੁਹਾਡੇ ਗੁਰਸਿੱਖੀ ਸੰਸਕਾਰ ਮੁੜ ਪ੍ਰਫੁਲਤ ਹੋ ਜਾਣਗੇ ਤੇ ਤੁਸੀਂ ਸਿੱਖੀ ਸਰੂਪ ਦੇ ਧਾਰਨੀ ਬਣ ਜਾਵੋਗੇ। ਰਜਿੰਦਰ ਸਿੰਘ ਨੇ ਆਪਣੇ ਟਰੱਕ ਵਿਚੋਂ ਇੱਕ ਸੀ. ਡੀ ਲਿਆ ਕੇ ਬੜੇ ਅਦਬ ਨਾਲ ਅਮਰੀਕ ਸਿੰਘ ਨੂੰ ਦੇ ਦਿੱਤੀ। ਅਮਰੀਕ ਸਿੰਘ ਨੇ ਉਹ ਸੀ. ਡੀ ਆਪਣੇ ਟਰੱਕ ਦੇ ਡੈਸ਼ ਬੋਰਡ ਵਿੱਚ ਰੱਖ ਲਈ।

ਅਮਰੀਕ ਸਿੰਘ ਨੇ ਆਪਣੇ ਘਰ ਆ ਕੇ ਆਪਣੀ ਪਤਨੀ ਨੂੰ ਦੱਸਿਆ ਕਿ ਇੱਕ ਪ੍ਰੇਮੀ ਨੇ ਮੈਨੂੰ ਸਿਆਟਲ ਟਰੱਕ ਸਟਾਪ ਤੇ ਸੀ.ਡੀ ਦਿੱਤੀ ਸੀ ਤੇ ਸੁਣਨ ਲਈ ਕਿਹਾ ਸੀ, ਪਰ ਮੈਂ ਸੁਣੀ ਨਹੀਂ। ਜੇ ਤੂੰ ਆਖੇਂ ਤਾਂ ਆਪਾਂ ਦੋਵੇਂ, ਉਹ ਸੀ.ਡੀ ਸੁਣ ਲੈਂਦੇ ਹਾਂ। ਘਰ ਵਾਲੀ ਨੇ ਕਿਹਾ ਕਿ ਕੋਈ ਨਵੇਂ ਗਾਣਿਆਂ ਦੀ ਸੀ.ਡੀ ਰਲੀਜ ਹੋਈ ਹੈ? ਅਮਰੀਕ ਸਿੰਘ ਨੇ ਕਿਹਾ ਕਿ ਇਹ ਸੀਡੀ ਗਾਣਿਆਂ ਦੀ ਨਹੀਂ, ਇਹ ਕਿਸੇ ਮਹਾਂਪੁਰਖ ਦੀ ਜੀਵਨ ਗਾਥਾ ਹੈ। ਘਰ ਵਾਲੀ ਨੇ ਉੱਤ੍ਰ ਦਿੱਤਾ, ਜੇ ਤੂੰ ਬਹੁਤਾ ਮਹਾਪੁਰਖਾਂ ਦਾ ਸ਼ਰਧਾਲੂ ਹੈਂ ਤਾਂ ਆਪ ਸੁਣ ਲਵੀਂ, ਮੈਂ ਤਾਂ ਅਜਿਹੀਆਂ ਸੀਡੀਆਂ ਨਹੀਂ ਸੁਣਦੀ। ਅਮਰੀਕ ਸਿੰਘ ਘਰ ਵਾਲੀ ਦਾ ਉੱਤ੍ਰ ਸੁਣ ਕੇ ਚੁੱਪ ਕਰ ਗਿਆ। ਰਾਤ ਕੱਟੀ, ਦਿਨ ਚੜ੍ਹੇ ਮੁੜ ਟਰੱਕ ਦੀ ਸਵਾਰੀ ਕਰ ਲੋਡ ਚੁੱਕ ਕੇ ਕੰਮ ਤੇ ਚਲਾ ਗਿਆ।

ਵੀਹ-ਪੰਝੀ ਦਿਨਾਂ ਬਾਅਦ ਅਮਰੀਕ ਸਿੰਘ ਦਾ ਮਿਲਾਪ ਇੱਕ ਹੋਰ ਗੁਰਸਿੱਖ ਭਾਈ ਕਸ਼ਮੀਰ ਸਿੰਘ ਨਾਲ ਹੋਇਆ। ਭਾਈ ਕਸ਼ਮੀਰ ਸਿੰਘ ਨੇ ਵੀ ਚਲਦੀ ਗੱਲ ਬਾਤ ਦੌਰਾਨ ''ਸੇ ਕਿਨੇਹਿਆ''? ਸੀਡੀ ਦਾ ਜਿਕਰ ਕੀਤਾ ਕਿ ਅਮਰੀਕ ਸਿੰਘ! ਮੈਂ ਤੈਨੂੰ ਸੀਡੀ ਦਿੰਦਾ ਹਾਂ, ਤੂੰ ਉਸ ਨੂੰ ਜਰੂਰ ਸੁੱਣੀਂ। ਹਰ ਟਰੱਕ ਵਿੱਚ ਸੀਡੀ ਪਲੇਅਰ ਲੱਗੇ ਹਨ। ਸਫਰ ਵੀ ਲੰਬਾ ਹੁੰਦਾ ਹੈ, ਮੇਰੇ ਕਹਿਣ ਤੇ ਤੂੰ ਇਸ ਨੂੰ ਜ਼ਰੂਰ ਸੁਣ ਲਵੀਂ। ਮੈਨੂੰ ਉਮੀਦ ਹੈ, ਜੇ ਤੂੰ ਇੱਕ ਵਾਰੀ ਸੀ.ਡੀ. ਸੁਣ ਲਈ ਤਾਂ ਜ਼ਰੂਰ ਤੇਰੇ ਅੰਦਰੋਂ ਗੁਰਸਿੱਖੀ ਦੇ ਸੰਸਕਾਰ ਪੁੰਗਰ ਪੈਣਗੇ। ਅਮਰੀਕ ਸਿੰਘ ਨੇ ਕਿਹਾ ਕਿ ਵੀਰਾ ! ਇਹ ਸੀ ਡੀ ਮੈਨੂੰ ਇੱਕ ਪ੍ਰੇਮੀ ਨੇ ਸਿਆਟਲ ਟਰੱਕ ਸਟਾਪ ਤੇ ਵੀ ਦਿੱਤੀ ਸੀ ਤੇ ਸੁਣਨ ਲਈ ਕਿਹਾ ਸੀ, ਪਰ ਮੇਰੇ ਘਰ ਦਾ ਮਾਹੌਲ ਅਜਿਹਾ ਹੈ, ਮੈਨੂੰ ਹੁਣ ਆਪਣੇ ਘਰ ਵਾਪਸੀ ਔਖੀ ਲਗਦੀ ਹੈ। ਮੇਰੇ ਸਹੁਰਿਆਂ ਦਾ ਸਾਰਾ ਪ੍ਰਵਾਰ ਨਾਸਤਕ ਹੈ। ਉਹ ਤੇ ਮੇਰੇ ਘਰ ਵਾਲੀ ਮੇਰੀ ਪੇਸ਼ ਨਹੀਂ ਜਾਣ ਦੇਂਦੇ। ਕਸ਼ਮੀਰ ਸਿੰਘ ਨੇ ਕਿਹਾ ਕਿ ਤੂੰ ਉਹਨਾਂ ਨੂੰ ਥੋੜ੍ਹਾ ਸੁਣਾਉਣੀ ਹੈ, ਮੈਂ ਤਾਂ ਤੈਨੂੰ ਆਪ ਸੁਣਨ ਵਾਸਤੇ



ਕਹਿੰਦਾ ਹਾਂ। ਤੇਰੇ ਸਹੁਰੇ ਜੋ ਕਰਦੇ ਹਨ, ਤੂੰ ਉਨ੍ਹਾਂ ਨੂੰ ਕਰੀ ਜਾਣ ਦੇਹ। ਘਰ ਵਾਲੀ ਨੂੰ ਵੀ ਤੂੰ ਮਜਬੂਰ ਨਾ ਕਰ। ਅਮਰੀਕ ਸਿੰਘ ਨੇ ਕਸ਼ਮੀਰ ਸਿੰਘ ਪਾਸੋਂ ਸੀ ਡੀ ਲੈ ਲਈ ਤੇ ਆਪਣੇ ਟਰੱਕ ਵਿੱਚ ਰੱਖ ਲਈ, ਪਰ ਸੁਣੀ ਫਿਰ ਵੀ ਨਾ।

ਥੋੜ੍ਹੇ ਦਿਨਾਂ ਬਾਅਦ ਅਮਰੀਕ ਸਿੰਘ ਟੋਰਾਂਟੋ ਤੋਂ ਕੈਲਗਿਰੀ ਦਾ ਲੋਡ ਲੈ ਕੇ ਕੈਲਗਿਰੀ ਪੁੱਜ ਗਿਆ। ਲੋਡ ਲਾਹ ਕੇ ਅਮਰੀਕ ਸਿੰਘ ਗੁਰਦੁਆਰੇ ਮੱਥਾ ਟੇਕਣ ਚਲਾ ਗਿਆ। ਉੱਥੇ ਇੱਕ ਗੁਰਮੁਖ ਪਿਆਰੇ ਗੁਰਦੀਪ ਸਿੰਘ ਨਾਲ ਮੇਲ ਮਿਲਾਪ ਹੋ ਗਿਆ। ਕੁਝ ਸਮਾਂ ਤੁਸੀਂ ਕਿੱਥੋਂ? ਤੁਸੀਂ ਕਿੱਥੋਂ? ਹੋਈ, ਗੁਰਦੀਪ ਸਿੰਘ ਤੇ ਅਮਰੀਕ ਸਿੰਘ ਦੀ ਆਪਸੀ ਪੁਰਾਣੀ ਵਾਕਫੀ ਵੀ ਨਿਕਲ ਆਈ। ਗੁਰਦੀਪ ਸਿੰਘ ਕਹਿਣ ਲੱਗਾ, ਅਮਰੀਕ ਸਿੰਘਾ ! ਤੂੰ ਆਪ ਪੱਕੇ ਗੁਰਸਿੱਖੀ ਵੀਚਾਰਾਂ ਦਾ ਧਾਰਨੀ ਸੈਂ, ਇਹ ਤੇਰੇ ਨਾਲ ਕੀ ਬੀਤੀ? ਤੂੰ ਤਾਂ ਆਪਣਾ ਸਰੂਪ ਹੀ ਗੁਆ ਬੈਠਾ ਹੈਂ।

ਅਮਰੀਕ ਸਿੰਘ ਨੇ ਕਿਹਾ ਕਿ ਇਹ ਸਾਰੀ ਕਨੇਡਾ ਦੀ ਮਿਹਰਬਾਨੀ ਹੈ। ਮੇਰਾ ਹਰ ਹਾਲਤ ਵਿੱਚ ਕਨੇਡਾ ਸੈੱਟ ਹੋਣ ਦਾ ਮਨ ਬਣਿਆ ਹੋਇਆ ਸੀ। ਮੇਰੀ ਇਸ ਇੱਛਾ ਨੂੰ ਮੁੱਖ ਰੱਖ ਕੇ ਮੇਰੇ ਮਾਤਾ ਪਿਤਾ ਨੇ ਮੇਰਾ ਰਿਸ਼ਤਾ ਕਨੇਡਾ (ਟਰਾਂਟੋ) ਵਿਖੇ ਕਰ ਦਿੱਤਾ। ਮੇਰਾ ਸਹੁਰਾ ਪ੍ਰਵਾਰ ਤੇ ਮੇਰੇ ਘਰ ਵਾਲੀ ਬਿਲਕੁਲ ਪੱਕੇ ਕਾਮਰੇਡੀ ਨਾਸਤਿਕ ਖਿਆਲਾਂ ਦੇ ਹਨ। ਉਨ੍ਹਾਂ ਮਜਬੂਰ ਕਰਕੇ ਮੇਰਾ ਸਿੱਖੀ ਸਰੂਪ ਵੀ ਖਤਮ ਕਰਵਾ ਦਿੱਤਾ। ਦਿਨ ਰਾਤ ਉਨ੍ਹਾਂ ਦੀ ਸੰਗਤ ਵਿੱਚ ਰਹਿਣ ਸਦਕਾ ਮੇਰੇ ਸਿੱਖੀ ਖਿਆਲ ਵੀ ਨਾਸਤਿਕ ਵੀਚਾਰਾਂ ਵਿੱਚ ਤਬਦੀਲ ਹੋ ਗਏ ਹਨ। ਮੇਰੇ ਮਾਤਾ ਪਿਤਾ ਵੀ ਮੇਰੇ ਨਾਲ ਨਰਾਜ਼ ਹਨ। ਹੁਣ ਤਾਂ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਰਗੀ ਹਾਲਤ ਬਣੀ ਹੋਈ ਹੈ। ਹਰ ਵੇਲੇ ਅਸ਼ਾਂਤੀ ਜਿਹੀ ਬਣੀ ਰਹਿੰਦੀ ਹੈ। ਮੈਂ ਹੁਣ **''ਨ ਘਰ ਦਾ ਰਿਹਾ ਨਾ ਘਾਟ ਦਾ''** ਵਾਲੀ ਅਖਾਣ ਮੇਰੇ ਤੇ ਪੂਰੀ ਢੁਕਦੀ ਪ੍ਰਤੀਤ ਹੋ ਰਹੀ ਹੈ। ਘਰ ਵਿੱਚ ਬੱਚਾ ਵੀ ਹੋ ਗਿਆ ਹੈ। ਕੰਮ ਕਾਰ ਤਾਂ ਠੀਕ ਹੈ ਪਰ ਮਨ ਦੀ ਹਾਲਤ ਠੀਕ ਨਹੀਂ।

ਇਨ੍ਹਾਂ ਵੀਚਾਰਾਂ-ਵੀਚਾਰਾਂ ਵਿੱਚ ਦੋਵਾਂ ਨੇ ਗੁਰੂ ਕਾ ਲੰਗਰ ਛੱਕਿਆ। ਗੁਰੂ ਘਰ ਚੋਂ ਬਾਹਰ ਆ ਕੇ ਗੁਰਦੀਪ ਸਿੰਘ ਨੇ ਵੀ ਅਮਰੀਕ ਸਿੰਘ ਨੂੰ ਮਹਾਂਪੁਰਖਾਂ ਦੀ ਸੀ.ਡੀ ਪ੍ਰਥਾਇ ਦੱਸਿਆ ਕਿ ਜੇ ਤੂੰ ਚਾਹਵੇਂ ਤਾਂ ਮੈਂ ਤੈਨੂੰ ''ਸੇ ਕਿਨੇਹਿਆ'' ਸੀਡੀ ਲਿਆ ਦਿੰਦਾ ਹਾਂ। ਤੂੰ ਜਰੂਰ ਉਸ ਨੂੰ ਪਿਆਰ ਨਾਲ ਸੁਣੀ, ਤੇਰਾ ਜੀਵਨ ਬਦਲ ਜਾਵੇਗਾ। ਅਮਰੀਕ ਸਿੰਘ ਨੇ ਕਿਹਾ ਕਿ ''ਸੇ ਕਿਨੇਹਿਆ'' ਸੀਡੀਆਂ ਤਾਂ ਮੇਰੇ ਪਾਸ ਦੋ ਪਈਆਂ ਹਨ, ਪਰ ਮੈਂ ਅਜੇ ਤੱਕ ਉਨ੍ਹਾਂ ਨੂੰ ਸੁਣਿਆ ਨਹੀਂ। ਗੁਰਦੀਪ ਸਿੰਘ ਨੇ ਫਿਰ ਕਿਹਾ, ਵੀਰਾ ! ਇੱਕ ਵਾਰੀ ਸੁਣ ਤੇ ਲੈ, ਬਾਕੀ ਤੂੰ ਆਪਣੀ ਮਰਜ਼ੀ ਕਰੀਂ। ਸੁਣਨ ਵਿੱਚ ਕੀ ਹਰਜ਼ ਹੈ? ਆਪਸੀ ਗਲਬਾਤ ਕਰਕੇ ਅਮਰੀਕ ਸਿੰਘ ਨੇ ਗੁਰਦੀਪ ਸਿੰਘ ਪਾਸੋਂ ਵਿਦਾਇਗੀ ਲਈ।

ਲੋਡ ਚੁੱਕਿਆ ਤੇ ਅਮਰੀਕ ਸਿੰਘ ਰਸਤੇ ਵਿੱਚ ਵੀਚਾਰ ਕਰਨ ਲੱਗਾ ਕਿ ਮੈਨੂੰ ਤਿੰਨਾਂ ਜਾਣਿਆਂ ਨੇ ਸੀਡੀ ਸੁਣਨ ਲਈ ਪ੍ਰੇਰਨਾਂ ਦਿੱਤੀ ਹੈ ਤੇ ਕਿਹਾ ਹੈ ਕਿ ਜਿਹੜਾ ਇਸ ਸੀ.ਡੀ ਨੂੰ ਇੱਕ ਦੋ ਵਾਰੀ ਸੁਣ ਲੈਂਦਾ ਹੈ, ਉਹ ਜਰੂਰ ਸਿੱਖੀ ਸਰੂਪ ਧਾਰਨ ਕਰ ਲੈਂਦਾ ਹੈ। ਸੁਣ ਕੇ ਵੇਖੀਏ ਤਾਂ ਸਹੀ ਕਿ ਇਸ ਵਿੱਚ ਸਿੱਖ ਬਨਾਉਣ ਵਾਲਾ ਕਿਹੜਾ ਬਰੂਦ ਭਰਿਆ ਹੋਇਆ ਹੈ ? ਜਦੋਂ ਮੈਂ ਫੈਸਲਾ ਹੀ ਕਰ ਲਿਆ ਹੈ ਕਿ ਮੈਂ ਮੁੜ ਸਿੱਖ ਬਣਨਾ ਹੀ ਨਹੀਂ, ਇਹ ਸੀਡੀ ਮੈਨੂੰ ਕਿਹੜਾ ਜ਼ੋਰ ਨਾਲ ਸਿੱਖ ਬਣਾ ਦੇਵੇਗੀ। ਇਨ੍ਹਾਂ ਵੀਚਾਰਾਂ ਅਧੀਨ ਅਮਰੀਕ ਸਿੰਘ ਨੇ ਟਰੱਕ ਵਿੱਚ ਸੀਡੀ ਲਾਈ, ਤਿੰਨ ਚਾਰ-ਘੰਟੇ ਦੀ ਡਰਾਈਵਿੰਗ ਵਿੱਚ ਸੀ.ਡੀ ਸੁਣੀ, ਥੋੜ੍ਹਾ ਰੈਸਟ ਕਰ ਮੁੜ ਸੀ.ਡੀ. ਚਾਲੂ ਕਰ ਲਈ। ਕੈਲਗਰੀ ਤੋਂ ਟਰਾਟੋਂ ਤੱਕ ਸਾਰੀ ਸੀਡੀ ਅਮਰੀਕ ਸਿੰਘ ਨੇ ਸੁਣ ਲਈ।

ਅਮਰੀਕ ਸਿੰਘ ਦੇ ਆਪਣੀ ਜੁਬਾਨੀ ਦੱਸਣ ਅਨੁਸਾਰ, ਮਨ ਵਿੱਚ ਥੋੜ੍ਹੀ ਹਿੱਲ-ਜੁਲ ਹੋਣੀ ਸ਼ੁਰੂ ਹੋ ਗਈ ਕਿ ਮੈਂ ਕੀ ਸਾਂ ਤੇ ਕੀ ਬਣ ਗਿਆ? ਠੀਕ ਹੈ, ਪੈਸੇ ਕਮਾ ਲਵਾਂਗਾ, ਪਰਵਾਰ ਪਾਲ ਲਵਾਂਗਾ ਤੇ ਸੁਹਣੀ ਕਾਰ ਤੇ ਘਰ ਖ੍ਰੀਦ ਲਵਾਂਗਾ। ਪਰ ਮਨ ਦੀ ਸ਼ਾਂਤੀ ਇਨ੍ਹਾਂ ਪੈਸਿਆਂ ਨਾਲ ਨਹੀਂ ਖ੍ਰੀਦੀ ਜਾਣੀ। ਦੂਸਰੇ, ਸਰੀਰ ਦਾ ਕੋਈ ਭਰੋਸਾ ਨਹੀਂ, ਰਸਤੇ ਤੁਰਿਆ ਜਾਂਦਿਆਂ, ਟਰੱਕ ਦਾ ਲੋਡ ਲਈ ਜਾਂਦਿਆਂ, ਘਰ ਪੁੱਜਣਾ ਹੈ ਕਿ ਨਹੀਂ? ਸਾਰੀ ਕਮਾਈ, ਪ੍ਰਵਾਰ, ਪਤਨੀ ਇੱਥੇ ਹੀ ਰਹਿ ਜਾਣਾ ਹੈ। ਜਿਸ ਮਾਇਆ ਲਈ ਮੈਂ ਦਿਨ ਰਾਤ ਭੱਜਾ ਫਿਰਦਾ ਤੇ ਦੀਨੋ-ਬੇਦੀਨ ਵੀ ਹੋ ਗਿਆ ਹਾਂ, ਇਸ ਮਾਇਆ ਨੇ ਮੇਰਾ ਸਾਥ ਨਹੀਂ ਦੇਣਾ, ਅਸਲੀਅਤ ਤੇ ਅਮਰੀਕ ਸਿੰਘਾ! ਇਹੋ ਹੀ ਹੈ ਨਾ?

**ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥**
**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥੧੩॥**

ਕਬੀਰ ਜੀ, ਪੰਨਾ ੧੩੬੫

ਤੀਸਰੇ ਦਿਨ, ਮੁੜ ਲੰਬੇ ਰੂਟ ਦਾ ਲੋਡ ਮਿਲ ਗਿਆ। ਮਨ ਹੁਣ ਦੁਬਾਰਾ ਫਿਰ ਉਸੇ ਸੀ.ਡੀ ਨੂੰ ਸੁਣਨ ਲਈ ਕਰੇ। ਅਮਰੀਕ ਸਿੰਘ ਨੇ ਦੱਸਿਆ ਕਿ ''ਸੇ ਕਿਨੇਹਿਆ'' ਸੀਡੀ ਮੈਂ ਦੂਸਰੇ ਫੇਰੇ ਜਾਂਦੇ ਵੀ ਤੇ ਮੁੜ ਤੀਸਰੀ ਵਾਰ ਆਉਂਦੇ ਵੀ ਸੁਣੀ ਤੇ ਮਨ ਨੇ ਫੈਸਲਾ ਕਰ ਲਿਆ ਕਿ ਅੱਜ ਤੋਂ ਲੈ ਕੇ ਮੈਂ ਅਕਾਲ ਪੁਰਖ ਦੇ ਬਖਸ਼ਿਸ਼ ਕੀਤੇ ਦਾੜ੍ਹੀ ਕੇਸ ਨਹੀਂ ਮੁਨਾਉਣੇ । ਇਸ ਦਾ ਖਮਿਆਜ਼ਾ ਮੈਨੂੰ ਜੋ ਵੀ ਭੁਗਤਣਾ ਪਵੇ ਮੈਂ ਉਸ ਨੂੰ ਭੁਗਤਣ ਲਈ ਤਿਆਰ ਹਾਂ। ਪਰ ਇਹ ਫੈਸਲਾ ਮੈਂ ਆਪਣੀ ਘਰਵਾਲੀ ਨੂੰ ਵੀ ਨਹੀਂ ਦੱਸਿਆ। ਜਦੋਂ ਤਿੰਨ ਚਾਰ ਦਿਨ ਬਾਅਦ, ਫਿਰ ਅਮਰੀਕ ਸਿੰਘ ਫੀਨੈਕਸ ਲੋਡ ਲਾਹ ਕੇ ਘਰ ਆਇਆ ਤਾਂ ਦਾੜ੍ਹੀ ਦੇ ਵਾਲ ਵਧੇ ਵੇਖ ਕੇ ਅਮਰੀਕ ਸਿੰਘ ਦੀ ਪਤਨੀ ਨੇ ਕਿਹਾ ਕਿ ਲਗਦਾ ਹੈ ਤੁਹਾਨੂੰ ਐਤਕੀਂ ਸ਼ੇਵ ਕਰਨ



ਦਾ ਟਾਈਮ ਹੀ ਨਹੀਂ ਲੱਗਾ? ਅਮਰੀਕ ਸਿੰਘ ਨੇ ਕਿਹਾ, ਅਮਰਜੀਤ! ਟਾਈਮ ਤਾਂ ਬਥੇਰਾ ਸੀ ਪਰ ਹੁਣ ਮੇਰੇ ਮਨ ਨੇ ਪੱਕਾ ਫੈਸਲਾ ਕਰ ਲਿਆ ਹੈ। ਪਿੱਛੇ ਜੋ ਹੋ ਗਿਆ, ਉਸ ਦੀ ਮੁਆਫੀ ਸਤਿਗੁਰੂ ਜੀ ਬਖਸ਼ਣ। ਹੁਣ ਸਿਰ ਤਾਂ ਕੱਟਿਆ ਜਾ ਸਕਦਾ ਪਰ ਸਤਿਗੁਰੂ ਮਿਹਰ ਕਰਨ, ਇਹ ਦਾੜ੍ਹੀ ਤੇ ਸਿਰ ਦੇ ਕੇਸ ਨਹੀਂ ਕੱਟੇ ਜਾਣਗੇ।

ਬੀਬੀ ਅਮਰਜੀਤ ਕੌਰ ਆਪਣੇ ਪਤੀ ਦਾ ਇਹ ਫੈਸਲਾ ਸੁਣ ਕੇ ਚੁੱਪ ਕਰ ਗਈ ਤੇ ਥੋੜ੍ਹੇ ਚਿਰ ਬਾਅਦ ਕਹਿਣ ਲੱਗੀ ਕਿ ਤੁਸੀਂ ਇਕੱਲੇ ਇਹ ਫੈਸਲਾ ਕਰ ਲਿਆ, ਕਿਸੇ ਦੀ ਸਲਾਹ ਤਾਂ ਲੈ ਲੈਣੀ ਸੀ। ਅਮਰੀਕ ਸਿੰਘ ਨੇ ਉੱਤ੍ਰ ਦਿੱਤਾ, ਮੈਂ ਘਰ ਦੇ ਸਾਰੇ ਫੈਸਲੇ ਤੁਹਾਨੂੰ ਪੁੱਛ ਕੇ ਕਰਦਾ ਹਾਂ। ਇਹ ਮੇਰਾ ਨਿੱਜੀ ਜੀਵਨ ਦਾ ਫੈਸਲਾ ਹੈ। ਦਾਹੜੀ-ਕੇਸ ਰੱਖਣ ਨਾਲ, ਨਾ ਤਾਂ ਮੈਂ ਕੰਮ ਛੱਡ ਬੈਠਣਾ ਹੈ ਤੇ ਨਾ ਹੀ ਮੈਂ ਕੰਮ ਹੀ ਘੱਟ ਕਰਨਾ ਹੈ ਸਗੋਂ ਕੰਮ ਵੱਧ ਕਰਿਆ ਕਰਾਂਗਾ। ਫਿਰ ਕਿਸੇ ਨੂੰ ਮੇਰੇ ਇਸ ਫੈਸਲੇ ਤੇ ਕਾਹਦਾ ਇਤਰਾਜ? ਅਮਰਜੀਤ ਕੌਰ ਚੁੱਪ ਕਰ ਗਈ। ਦਾੜ੍ਹੀ ਕੇਸ ਰੱਖਣ ਦੇ ਨਾਲ ਨਾਲ ਅਮਰੀਕ ਸਿੰਘ ਨੇ ਨਿੱਤਨੇਮ ਵੀ ਕਰਨਾ ਸ਼ੁਰੂ ਕਰ ਦਿੱਤਾ।

ਕੁਝ ਦਿਨਾਂ ਬਾਅਦ ਅਮਰੀਕ ਸਿੰਘ ਨੇ ਆਪਣੇ ਮਾਤਾ ਨੂੰ ਫੋਨ ਤੇ ਵਧਾਈ ਦਿੱਤੀ ਤੇ ਆਪਣੇ ਸਿੱਖੀ ਸਰੂਪ ਨੂੰ ਮੁੜ ਰੱਖਣ ਤੇ ਨਿੱਤਨੇਮ ਕਰਨ ਦੀ ਗੱਲ, ਮਾਤਾ ਪਿਤਾ ਜੀ ਨਾਲ ਸਾਂਝੀ ਕੀਤੀ। ਅਮਰੀਕ ਸਿੰਘ ਦੇ ਮਾਤਾ ਪਿਤਾ ਨੇ ਖੁਸ਼ੀ ਵਿੱਚ ਅਮਰੀਕ ਸਿੰਘ ਨੂੰ ਸੌ-ਸੌ ਅਸੀਸਾਂ ਦਿੱਤੀਆ ਤੇ ਉਨ੍ਹਾਂ ਗੁਰੂ ਚਰਨਾਂ ਵਿੱਚ ਅਰਦਾਸਾਂ ਕੀਤੀਆਂ ਤੇ ਨਾਲ ਹੀ ਪੁੱਛਿਆ, ਅਮਰੀਕ ਸਿੰਘਾ ! ਇੰਨੀ ਛੇਤੀ ਤੇਰੇ ਅੰਦਰ ਗੁਰਸਿੱਖੀ ਧਾਰਨ ਦੀ ਕਿਵੇਂ ਲਗਨ ਪੈਦਾ ਹੋਈ? ਅਮਰੀਕ ਸਿੰਘ ਨੇ ਉੱਪਰ ਲਿਖੀ ਸਾਰੀ ਵਾਰਤਾ, ਕਿਵੇਂ ਮੈਨੂੰ ਸੀਡੀ ਕਿਸੇ ਪ੍ਰੇਮੀ ਨੇ ਦਿੱਤੀ ਤੇ ਸੀਡੀ ਦੁਆਰਾ ਮਹਾਂਪੁਰਖਾਂ ਦੇ ਜੀਵਨ ਤੋਂ ਕਿਵੇਂ ਮੈਨੂੰ ਪ੍ਰੇਰਨਾ ਮਿਲੀ, ਸਾਰਾ ਬ੍ਰਿਤਾਂਤ ਸੁਣਾਇਆ ਤੇ ਨਾਲ ਹੀ ਆਪਣੇ ਮਾਤਾ ਪਿਤਾ ਨੂੰ ਕਿਹਾ ਕਿ ਜਦੋਂ ਮੇਰਾ ਦਾੜ੍ਹੀ ਕੇਸ ਵਾਲਾ ਸਰੂਪ ਹੋ ਗਿਆ, ਮੈਂ ਅੰਮ੍ਰਿਤ ਵੀ ਛੱਕ ਲੈਣਾ ਹੈ। ਅਮਰਜੀਤ ਕੌਰ ਛਕੇ ਜਾਂ ਨਾ ਛਕੇ, ਇਹ ਉਸ ਦੀ ਮਰਜ਼ੀ ਹੈ। ਆਪਣੇ ਪੁੱਤਰ ਦੇ ਅੰਮ੍ਰਿਤ ਛੱਕਣ ਦੀ ਸੁਣ ਕੇ ਅਮਰੀਕ ਸਿੰਘ ਦੇ ਮਾਤਾ ਪਿਤਾ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ ਤੇ ਉਨ੍ਹਾ ਨਿਸੰਗ ਹੋ ਕੇ ਕਹਿ ਦਿੱਤਾ, ਪੁੱਤਰਾ! ਤੂੰ ਤਾਂ ਸਾਨੂੰ ਇਹ ਖੁਸ਼-ਖਬਰੀ ਸੁਣਾ ਕੇ ਸਾਡੀ ਉਮਰ ਵਧਾ ਦਿੱਤੀ ਹੈ। ਸਤਿਗੁਰੂ ਤੇਰਾ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਉਣ।

ਸਿੱਖੀ ਸਰੂਪ ਬਣ ਜਾਣ ਤੇ ਇੱਕ ਦਿਨ ਅਮਰੀਕ ਸਿੰਘ ਨੇ ਆਪਣੀ ਪਤਨੀ ਨੂੰ ਕਿਹਾ ਕਿ ਅਮਰਜੀਤ ਕੌਰ! ਅਗਲੇ ਮਹੀਨੇ ਰੈਕਸਡੇਲ ਗੁਰਦੁਆਰੇ ਅੰਮ੍ਰਿਤ ਸੰਚਾਰ ਹੋਣਾ ਹੈ। ਮੈਂ ਤਾਂ ਅੰਮ੍ਰਿਤ ਛਕਣ ਦਾ ਮਨ ਬਣਾ ਲਿਆ ਹੈ, ਜੇ ਤੂੰ ਵੀ ਮੇਰਾ ਸਾਥ ਦੇਵੇਂ ਤਾਂ ਆਪਾ ਇੱਕੋ ਮਾਰਗ ਦੇ ਪਾਂਧੀ ਬਣ ਜਾਈਏ। ਪਿਛਲੇ ਕਈ ਸਾਲਾਂ

ਤੋਂ ਮੈਂ ਨਾ ਚਾਹੁੰਦਾ ਹੋਇਆ ਵੀ ਤੁਹਾਡਾ ਸਾਥੀ ਬਣ ਕੇ ਤੁਹਾਡਾ ਸਾਥ ਦਿੰਦਾ ਰਿਹਾ ਹਾਂ। ਹੁਣ ਆਪਣੇ ਹੀ ਭਲੇ ਲਈ ਤੁਸੀਂ ਮੇਰਾ ਸਾਥ ਦੇਵੋ ਤੇ ਧਾਰਮਿਕ ਰਸਤੇ ਦਾ ਵੀ ਅਨੰਦ ਮਾਣ ਕੇ ਵੇਖੋ।

ਅਮਰਜੀਤ ਕੌਰ ਨੇ ਕਿਹਾ, ਜੇ ਮੈਂ ਅੰਮ੍ਰਿਤ ਛੱਕ ਵੀ ਲਵਾਂ, ਮੈਨੂੰ ਤਾਂ ਪਾਠ ਕਰਨਾ ਹੀ ਨਹੀਂ ਆਉਂਦਾ, ਉਸ ਤਰ੍ਹਾਂ ਕਕਾਰ ਪਾਉਣ ਦਾ ਲਾਭ ਕੋਈ ਨਹੀਂ। ਅਮਰੀਕ ਸਿੰਘ ਨੇ ਕਿਹਾ ਕਿ ਇਨ੍ਹਾਂ ਸਾਰੀਆਂ ਗੱਲਾਂ ਦਾ ਪ੍ਰਬੰਧ ਹੋ ਜਾਵੇਗਾ। ਘਰ ਵਿੱਚ ਸੀਡੀ ਪਲੇਅਰ ਹੈ। ਉਸ ਵਿੱਚ ਨਿੱਤਨੇਮ ਦੀ ਸੀਡੀ ਲਾ ਕੇ ਤੁਸੀਂ ਨਿੱਤਨੇਮ ਸੁਣ ਲਿਆ ਕਰੋ ਨਹੀਂ ਤੇ ਪੰਜ ਮਾਲਾ ਮੂਲ ਮੰਤ੍ਰ ਦੀਆ ਕਰ ਲਈਆਂ। ਅਮਰਜੀਤ ਕੌਰ ਨੇ ਕਿਹਾ ਅੱਛਾ! ਇਸ ਤਰ੍ਹਾ ਵੀ ਹੋ ਸਕਦਾ ਹੈ? ਅਮਰੀਕ ਸਿੰਘ ਨੇ ਕਿਹਾ, ਭਲੀਏ! ਤੂੰ ਅੰਮ੍ਰਿਤ ਛਕਣ ਲਈ ਤਿਆਰ ਤਾਂ ਹੋ। ਸਵੇਰੇ ਮੈਂ ਤੈਨੂੰ ਨਿੱਤਨੇਮ ਸੁਣਾ ਦਿਆਂ ਕਰਾਂਗਾ। ਜਿਸ ਦਿਨ ਮੈਂ ਘਰ ਨਾ ਹੋਇਆ ਉਸ ਦਿਨ ਤੂੰ ਸੀ.ਡੀ ਤੋਂ ਸੁਣ ਲਿਆ ਕਰ। ਭਲੇ ਕੰਮ ਨੂੰ ਦੇਰ ਨਹੀਂ ਕਰਨੀ ਚਾਹੀਦੀ। ਅਮਰਜੀਤ ਕੌਰ ਦਾ ਮਨ ਅਜੇ ਅੰਮ੍ਰਿਤ ਛਕਣ ਲਈ ਤਿਆਰ ਨਹੀਂ ਸੀ, ਪਰ ਆਪਣੇ ਪਤੀ ਅਮਰੀਕ ਸਿੰਘ ਦੀ ਦ੍ਰਿੜ੍ਹਤਾ ਵੇਖ ਕੇ ਨੀਯਤ ਦਿਨ ਤੇ ਅਮਰਜੀਤ ਕੌਰ ਨੇ ਵੀ ਅੰਮ੍ਰਿਤ ਛਕ ਲਿਆ। ਨਾਸਤਕਤਾ ਵਾਲੇ ਘਰ ਵਿੱਚ ਗੁਰੂ ਮਿਹਰ ਨਾਲ ਆਸਤਕਤਾ ਪ੍ਰਵੇਸ਼ ਕਰ ਗਈ।

ਇਹ ਸਾਰੀ ਵਾਰਤਾ ਜਦੋਂ ਮੈਂ ਮਈ 2010 ਈ: ਵਿਚ ਬਰੈਂਪਟਨ (ਟਰਾਂਟੋ) ਗਿਆ ਤੇ ਭੁਝੰਗੀ ਭੁਪਿੰਦਰ ਸਿੰਘ ਹੋਰਾਂ ਦੇ ਘਰ ਬੈਠ ਕੇ ਅਮਰੀਕ ਸਿੰਘ ਨੇ ਉੱਪਰ ਲਿਖੀ ਸਾਰੀ ਵਾਰਤਾ ਆਪਣੀ ਜੁਬਾਨੀ ਸੁਣਾਈ ਤੇ ਨਾਲ ਹੀ ਉਸ ਨੇ ਆਪਣੀ ਅਭਿਲਾਸ਼ਾ ਪ੍ਰਗਟ ਕੀਤੀ ਕਿ ਮੈਂ ਹੁਣ ਆਪਣੀ ਕਮਾਈ ਵਿਚੋਂ ਦਸਵੰਧ ਕੱਢਣਾ ਸ਼ੁਰੂ ਕਰ ਦਿੱਤਾ ਹੈ ਤੇ ਮੇਰੇ ਮਨ ਦੀ ਭਾਵਨਾ ਹੈ ਕਿ ਜਿਸ ਸੀਡੀ ਨੂੰ ਸੁਣ ਕੇ ਮੈਂ ਨਾਸਤਿਕਤਾ ਦੀ ਦਲਦਲ ਵਿੱਚੋਂ ਨਿਕਲ ਕੇ ਮੁੜ ਗੁਰਸਿੱਖ ਸੱਜ ਗਿਆ ਹਾਂ, ਇਹ 'ਸੇ ਕਿਨੇਹਿਆ?' ਸੀਡੀਆਂ ਮੈਂ ਆਪਣੇ ਦਸਵੰਧ ਨਾਲ ਬਣਾ ਕੇ ਸੰਗਤਾਂ ਦੀ ਭੇਟਾ ਕਰਾਂ।

ਅਮਰੀਕ ਸਿੰਘ ਦੇ ਵੀਚਾਰ ਸੁਣ ਕੇ ਮੈਂ ਉਸ ਨੂੰ ਬੇਨਤੀ ਕੀਤੀ ਕਿ ਇਸ ਨਾਲੋਂ ਹੋਰ ਕਿਹੜਾ ਚੰਗਾ ਕੰਮ ਹੈ। ਕੋਈ ਤੁਹਾਡੇ ਇਸ ਉੱਦਮ ਤੋਂ ਲਾਭ ਪ੍ਰਾਪਤ ਕਰ ਕੇ ਗੁਰਮਤਿ ਦੇ ਸੁਨਹਿਰੀ ਅਸੂਲਾਂ ਦਾ ਧਾਰਨੀ ਬਣ ਕੇ ਆਪਣਾ ਜੀਵਨ ਸਫਲਾ ਕਰ ਲਵੇ, ਇਸ ਨਾਲੋਂ ਚੰਗਾ ਪੁੰਨ ਹੋਰ ਕੋਈ ਨਹੀਂ ਹੈ। ਸੋ ਅਮਰੀਕ ਸਿੰਘ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਸੀਡੀਆਂ ਬਣਾ ਕੇ ਪਿਛਲੇ ਸਮੇਂ ਵਿੱਚ ਵੰਡੀਆਂ ਤੇ ਵੰਡ ਰਹੇ ਹਨ ਅਤੇ ਨਾਲ-ਨਾਲ ਗੁਟਕੇ ਤੇ ਚੰਗਾ ਸਾਹਿਤ ਵੀ ਦਸਵੰਧ ਦੀ ਮਾਇਆ ਖਰਚ ਕੇ ਭੇਟਾ ਰਹਿਤ ਸੰਗਤਾਂ ਨੂੰ ਦੇ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ।



# ਅਜੋਕੇ ਹਾਲਾਤ

ਮਾੜੇ ਬੋਲ ਤੇ ਕਾਮੁਕ ਰੁਚੀ ਵਾਲੇ ਲਚਰ ਗੀਤ ਜਿੱਥੇ ਮਨ ਅੰਦਰ ਮੰਦੀਆਂ ਆਚਰਣਹੀਣ ਵਾਸ਼ਨਾਵਾਂ ਉਤਪੰਨ ਕਰਕੇ ਸਰੀਰ ਪਾਸੋਂ ਆਚਰਣਹੀਣ ਕਰਮ ਕਰਵਾ ਕੇ ਲੋਕ-ਪ੍ਰਲੋਕ ਵਿੱਚ ਲਾਹਣਤਾਂ ਤੇ ਅਨੇਕ ਪ੍ਰਕਾਰ ਦੀਆਂ ਸਜਾਵਾਂ ਭੁਗਤਣ ਦਾ ਕਾਰਣ ਬਣਦੇ ਹਨ। ਉੱਥੇ ਗੁਰਬਾਣੀ ਵੀਚਾਰ, ਕਥਾ, ਕੀਰਤਨ, ਸਤਿਗੁਰ ਜੀ ਤੇ ਕਮਾਈ ਵਾਲੇ ਮਹਾਂਪੁਰਖਾਂ ਦੀਆਂ ਜੀਵਨੀਆਂ ਪੜ੍ਹਨ ਅਤੇ ਸੁਣਨ ਨਾਲ ਮਨ ਵਿੱਚ ਸ਼ੁਭ-ਸ੍ਰੇਸ਼ਟ ਵੀਚਾਰ ਉਤਪੰਨ ਹੋਣੇ ਅਰੰਭ ਹੋ ਜਾਂਦੇ ਹਨ। ਇਨ੍ਹਾਂ ਚੰਗੇ ਵੀਚਾਰਾਂ ਅਧੀਨ ਮਨੁੱਖ ਸ਼ੁਭ ਗੁਣਾਂ ਤੇ ਸ਼ੁਭ ਕਰਮਾਂ ਦਾ ਧਾਰਨੀ ਬਣ ਕੇ, ਜਿੱਥੇ ਇਸ ਲੋਕ ਵਿੱਚ ਜਸ ਖੱਟਦਾ ਹੈ, ਉੱਥੇ ਸੁਤੇ-ਸਿਧ ਹੀ ਆਪਣਾ ਪ੍ਰਲੋਕ ਵੀ ਸਵਾਰ ਲੈਂਦਾ ਹੈ। ਸੋ ਆਪਾਂ ਨੂੰ ਹਮੇਸ਼ਾਂ ਬਿਬੇਕ ਬੁੱਧੀ ਨਾਲ ਨਿਰਨਾ ਕਰਕੇ ਉਹ ਹੀ ਸਾਹਿਤ ਪੜ੍ਹਨਾ ਚਾਹੀਦਾ ਹੈ 'ਤੇ ਉਹ ਵੀਚਾਰ ਹੀ ਸੁਣਨੇ ਚਾਹੀਦੇ ਹਨ, ਜਿਸ ਦੁਆਰਾ ਸਾਡੇ ਅੰਦਰ ਉੱਚ-ਆਚਰਣੀ ਵੀਚਾਰ ਉਤਪੰਨ ਹੋਣ ਤੇ ਅਸੀਂ ਉੱਚ-ਆਚਰਣ ਦੇ ਧਾਰਣੀ ਬਣ ਸਕੀਏ। ਸਤਿਗੁਰੂ ਜੀ ਦਾ ਫੁਰਮਾਨ ਹੈ ਕਿ ਸੱਚ ਸਭ ਤੋਂ ਵੱਡਾ ਹੈ। ਸੱਚ ਤੋਂ ਬਿਨਾਂ ਬਾਕੀ ਸਾਰੇ ਕਰਮ ਘਟੀਆ ਹਨ,ਪਰ ਸੱਚ ਤੋਂ ਉੱਪਰ ਸਚ-ਆਚਾਰ ਦੇ ਕਰਮ ਹਨ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਰੀ ਰਾਗ ਅੰਦਰ ਫ਼ੁਰਮਾਨ ਹੈ:-

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥੫॥** ਮ:੧, ਪੰਨਾ ੬੨

ਸੋ ਸੱਚ ਆਚਾਰ ਦੇ ਧਾਰਨੀ ਬਣਨ ਲਈ ਸੱਚ ਆਚਾਰ ਦੇ ਬੋਲ ਸੱਚ ਆਚਾਰ ਦਾ ਸਾਹਿਤ ਪੜ੍ਹਨਾ ਸੁਣਨਾ ਅੱਤ ਲਾਜ਼ਮੀ ਹੈ। ਵੀਚਾਰ ਕਰਨ ਦੀ ਤੇ ਇਸ ਮਾਰਗ ਦੇ ਪਾਂਧੀ ਬਣਨ ਦੀ ਅੱਤ ਲੋੜ ਹੈ।

## ਕਲਯੁਗ ਦਾ ਪ੍ਰਭਾਵ ਤੇ ਸਾਡੀ ਬਦ-ਕਿਸਮਤੀ

ਪਰ ਬਦ-ਕਿਸਮਤੀ ਦੀ ਬਦੌਲਤ ਕਲਯੁਗ ਦੇ ਲੱਛਣ ਜੋ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਅੰਦਰ ਦਰਸਾਏ ਹਨ, ਇੰਨ-ਬਿੰਨ ਸਾਕਾਰ ਹੋ ਰਹੇ ਹਨ। ਆਪ ਜੀ ਦਾ ਤਿਲੰਗ ਰਾਗ ਅੰਦਰ ਫੁਰਮਾਨ ਹੈ:-

**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥**

ਮ:੧, ਪੰਨਾ ੭੨੩

ਅੱਜ ਆਪਾਂ ਖੁਦ ਅੱਖਾਂ ਨਾਲ ਵੇਖ ਰਹੇ ਹਾਂ। ਥੋੜ੍ਹੇ ਘਰਾਂ ਨੂੰ ਛੱਡ ਕੇ ਬਾਕੀ ਹਰ ਘਰ ਵਿੱਚ ਅਸ਼ਲੀਲ ਫਿਲਮਾਂ ਤੇ ਉਨ੍ਹਾਂ ਦੇ ਬੋਲ ਸਾਰਾ ਪ੍ਰਵਾਰ ਇਕੱਠਾ ਬੈਠ ਕੇ ਸੁਣਦਾ ਤੇ ਵੇਖਦਾ ਹੈ। ਇੱਥੋਂ ਤੱਕ, ਗੱਡੀਆਂ, ਕਾਰਾਂ, ਮੋਟਰ ਸਾਇਕਲਾਂ ਤੇ ਜ਼ਿਮੀਦਾਰਾਂ ਦੇ ਮੁੰਡਿਆਂ ਨੇ ਦੇਖਾ ਦੇਖੀ ਆਪਣੇ ਟ੍ਰੈਕਟਰਾਂ ਤੇ ਵਡੇ ਵਡੇ ਡੈਕ ਲਵਾ ਕੇ ਅਸ਼ਲੀਲ

ਗਾਣਿਆਂ ਦੀ ਭਰਮਾਰ ਲਾਈ ਹੋਈ ਹੈ। ਜਿੱਥੇ ਉਹ ਵਾਤਾਵਰਣ ਵਿੱਚ ਸਾਊਂਡ ਪਲਿਊਸ਼ਨ ਪੈਦਾ ਕਰਕੇ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਨ, ਉਥੇ ਦਿਨ-ਰਾਤ ਕਾਮੁਕ ਰੁਚੀ ਦੇ ਲਚਰ ਬੋਲ ਸੁਣਨ ਦੀ ਬਦੌਲਤ ਬਹੁਤਾਤ ਵਿੱਚ ਮਨੁੱਖ ਦੀ ਅੱਖ ਮੈਲੀ ਹੋ ਚੁੱਕੀ ਹੈ 'ਤੇ ਹੋ ਰਹੀ ਹੈ। ਜਿਸ ਸਦਕਾ ਸੰਸਾਰ ਵਿੱਚੋਂ "**ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥**" ਦਾ ਰਿਸ਼ਤਾ ਖਤਮ ਹੋ ਰਿਹਾ ਹੈ। ਇੱਕ, ਦੂਸਰੇ ਦੀ ਧੀ, ਭੈਣ ਨੂੰ ਬੁਰੀ ਨਿਗ੍ਹਾ ਨਾਲ ਦੇਖ 'ਤੇ ਸੋਚ ਰਿਹਾ ਹੈ। ਦੂਸਰਾ, ਉਸ ਦੀ ਧੀ, ਭੈਣ ਨੂੰ ਕਾਮੁਕ ਰੁਚੀ ਅਧੀਨ ਹੜੱਪਣ ਲਈ ਤਿਆਰ ਬੈਠਾ ਹੈ। ਇਸ ਸਮੇਂ ਵਿੱਚ ਸਾਮਰਤਖ ਸਤਿਗੁਰਾਂ ਦਾ ਬਚਨ ਕਿ ਇਸਤਰੀ ਜਾਤ ਇਸ ਜ਼ੁਲਮ ਨੂੰ ਰੋਕਣ ਦੀ ਥਾਂ ਸਗੋਂ ਪੁਰਸ਼ਾਂ ਨਾਲ ਸਹਿਯੋਗੀ ਬਣ ਗਈ ਹੈ ਅਤੇ ਪੁਰਸ਼, ਸ਼ਿਕਾਰੀਆਂ ਵਾਂਗ, ਇਨ੍ਹਾਂ ਦੀ ਭਾਲ ਵਿੱਚ ਦਿਨ-ਰਾਤ, ਇੱਕ ਟਿਕ ਲਾ ਕੇ ਇਸਤ੍ਰੀ ਜਾਤੀ ਨੂੰ ਆਪਣਾ ਸ਼ਿਕਾਰ ਬਣਾਉਣ ਲਈ ਢੂੰਡਦੇ ਫਿਰਦੇ ਹਨ। ਸੁੱਚ, ਸੰਜਮ ਤੇ ਮਿੱਠਾ ਬੋਲਣ ਦੀਆਂ ਰੀਤਾਂ ਸਭ ਅਲੋਪ ਹੋ ਗਈਆਂ ਹਨ। ਨਾ ਖਾਣ ਯੋਗ ਪਦਾਰਥ ਸ਼ਰੇ-ਆਮ ਖਾ ਕੇ ਮਨੁੱਖ ਖੁਸ਼ ਹੁੰਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :-

**ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥**
**ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥**
**ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥**

ਮ: ੧, ਪੰਨਾ ੧੨੪੨

ਇਹ ਸਾਰਾ ਕੁਝ ਕਿਸੇ ਨੇ ਨਹੀਂ ਕੀਤਾ। ਅਸੀਂ ਖੁਦ "**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੇ ਹਾਥਿ**" ਦੀ ਕਾਰ ਕਰ ਰਹੇ ਹਾਂ। ਜੇ ਕਿਸੇ ਪੁਰਸ਼ ਨੂੰ ਕਹੋ ਵੀ ਤੇ ਉਹ ਅੱਗੋਂ ਜਵਾਬ ਦਿੰਦਾ ਹੈ ਕਿ ਪੁਰਾਣੇ ਸਮੇਂ ਹੁਣ ਬੀਤ ਗਏ ਹਨ। ਸਮੇਂ ਦੇ ਹਾਣੀ ਬਣਕੇ ਸਮੇਂ ਅਨੁਸਾਰ ਤੁਰਨਾ ਪੈਂਦਾ ਹੈ। ਉਸ ਦੀ ਸੋਚ ਅਨੁਸਾਰ ਉਸ ਦਾ ਉੱਤਰ ਠੀਕ ਹੋਵੇਗਾ। ਪਰ ਯਾਦ ਰੱਖੋ! ਜਿਸ ਸਮੇਂ ਦੇ ਆਪਾਂ ਹਾਣੀ ਬਣਕੇ ਤੁਰ ਰਹੇ ਹਾਂ ਇਸ ਸਮੇਂ ਨੇ ਸਾਨੂੰ ਉਸ ਹਨ੍ਹੇਰੀ ਖੱਡ ਵਿੱਚ ਸੁੱਟ ਕੇ ਅਗਾਂਹ ਤੁਰ ਜਾਣਾ ਹੈ। ਜਿਸ ਅਗਿਆਨਤਾ ਵਿੱਚ ਸਾਨੂੰ ਆਪਣੇ-ਪਰਾਏ ਰਿਸ਼ਤਿਆਂ ਦੀ ਸੋਚ ਹੀ ਅਲੋਪ ਹੋ ਜਾਣੀ ਹੈ 'ਤੇ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਇਸ ਸਮੇਂ ਨੇ ਇੱਕ ਬੇ-ਨਿਯਮਾਂ, ਜਾਨਵਰਾਂ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਕਰ ਦੇਣਾ ਹੈ। ਸੋ ਆਪਾਂ ਸਮੇਂ ਦੇ ਹਾਣੀ ਨਾ ਬਣੀਏ, ਗੁਰੂ ਅਗਵਾਹੀ ਵਿੱਚ ਸਮੇਂ ਨੂੰ ਆਪਣਾ ਹਾਣੀ ਬਣਾਈਏ। ਤਦ ਬਚ ਜਾਵਾਂਗੇ, ਨਹੀਂ ਤੇ ਜੋ ਹਾਲਾਤ ਚਲ ਰਹੇ ਹਨ, ਇਨ੍ਹਾਂ ਹਾਲਾਤਾਂ ਉੱਪਰ ਕਾਬੂ ਪਾਉਣਾ ਅਤਿ ਮੁਸ਼ਕਿਲ ਹੋ ਜਾਵੇਗਾ। ਅੱਜ ਆਪਾਂ ਦੇਖ ਹੀ ਰਹੇ ਹਾਂ ਬਲਾਤਕਾਰਾਂ ਨਾਲ ਅਖਬਾਰਾਂ ਭਰੀਆਂ ਹੁੰਦੀਆਂ ਹਨ। ਇਹ ਸਾਰੀ ਦੇਣ ਅਜੋਕੇ ਸਮੇਂ ਦੇ ਹਾਣੀ ਹੋਣ ਦੀ ਹੈ। ਅੱਜ ਸੰਭਲਣ ਦੀ ਤੇ ਤਕੜੇ ਹੋਣ ਦੀ ਲੋੜ ਹੈ। ਸਤਿਗੁਰੂ ਸਹਾਈ ਹੋਣਗੇ।



# ਸਵੈ ਪੜਚੋਲ ਤੇ ਉਪਰਾਲਾ ਕਰਨ ਦੀ ਲੋੜ

ਪਿਛਲੇ ਪੰਨਿਆਂ ਅੰਦਰ ਆਪਾਂ ਕੇਵਲ ਦੋ ਘਟਨਾਵਾਂ ਚੰਗਾ ਸਾਹਿਤ ਪੜ੍ਹਨ ਤੇ ਸੁਣਨ ਦੀਆਂ ਵਾਚੀਆਂ ਹਨ। ਜੇ ਅਜਿਹੀਆਂ ਘਟਨਾਵਾਂ ਜੋ ਦਾਸ ਦੇ ਸਾਹਮਣੇ ਵਰਤੀਆਂ, ਉਨ੍ਹਾਂ ਨੂੰ ਲਿਖਣਾ ਅਰੰਭ ਦੇਈਏ ਤਾਂ ਸੈਂਕੜੇ ਪੰਨਿਆਂ ਦੀ ਪੁਸਤਕ ਬਣ ਜਾਵੇਗੀ। ਇਹ ਕੇਵਲ ਨਮੂਨੇ ਮਾਤਰ ਲਿਖੀਆਂ ਹਨ ਤਾਂ ਜੋ ਸਾਡੇ ਅੰਦਰ ਚੰਗਾ ਧਾਰਮਿਕ ਸਾਹਿਤ ਪੜ੍ਹਨ ਤੇ ਸੁਣਨ ਦੀ ਰੁਚੀ ਪੈਦਾ ਹੋਵੇ।

ਕਈ ਵਾਰੀ ਸੰਗਤੀ ਰੂਪ ਵਿੱਚ, ਜਦੋਂ ਆਪਾਂ ਬੈਠ ਕੇ ਆਪਣੀ ਕੌਮ ਵੱਲ ਨਜ਼ਰ ਮਾਰਦੇ ਹਾਂ ਤਾਂ ਉੱਥੇ ਵੀਚਾਰਾਂ ਕਰਨ ਨਾਲ ਸੰਗਤੀ ਲੋਕ ਆਪਣੀ ਕੌਮ ਦੀ ਢਹਿੰਦੀ ਕਲਾ ਲਈ ਜਾਂ ਸ਼੍ਰੋਮਣੀ ਕਮੇਟੀ ਨੂੰ ਜਾਂ ਹੋਰ ਸੰਸਥਾਵਾਂ ਉੱਪਰ ਦੋਸ਼ ਅਰੋਪਤ ਕਰਦੇ ਹਨ ਤੇ ਸੰਤਾਂ ਤੇ ਪ੍ਰਚਾਰਕਾਂ ਨੂੰ ਤਾਂ ਗਾਲ੍ਹਾਂ ਦੀ ਭਰਮਾਰ ਨਾਲ ਹੀ ਨਿਵਾਜ਼ਦੇ ਹਨ ਕਿ ਇਹ ਕੌਮ ਦੀ ਚੜ੍ਹਦੀ ਕਲਾ ਲਈ ਕੁਝ ਨਹੀਂ ਕਰਦੇ।

ਸੰਨ 2010 ਈ: ਵਿੱਚ ਅਜਿਹੇ ਇੱਕ ਇਕੱਠ ਵਿੱਚ ਜਾਣ ਦਾ ਸਮਾਂ ਦਾਸ ਨੂੰ ਮਿਲਿਆ ਜਿਸ ਵਿੱਚ ਤਕਰੀਬਨ ਪੰਜਾਹ ਸੱਠ ਸਿੰਘ ਤੇ ਬੀਬੀਆਂ ਸ਼ਾਮਲ ਸਨ ਤੇ ਸਾਰੇ ਆਪਣੇ ਆਪ ਨੂੰ ਪੰਥ ਦਰਦੀ ਕਹਿਲਾਉਣ ਦਾ ਦਾਅਵਾ ਕਰਦੇ ਸਨ ਅਤੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਵੀਚਾਰ ਕਰਨ ਲਈ ਹੀ ਇਕੱਠੇ ਹੋਏ ਸਨ। ਬਹੁਤਿਆਂ ਨੇ ਆਪੋ ਆਪਣੀਆਂ ਰਾਵਾਂ ਦਿੱਤੀਆਂ ਤੇ ਸੰਸਥਾਵਾਂ ਤੇ ਸੰਤਾਂ ਉੱਪਰ ਹੀ ਸਾਰਿਆਂ ਨੇ ਨਜ਼ਲਾ ਸੁੱਟਿਆ। ਕਈਆਂ ਨੇ ਰਸਾਲੇ ਪ੍ਰਕਾਸ਼ਿਤ ਕਰਨ ਦੀ ਸਲਾਹ ਦਿੱਤੀ ਤੇ ਕਿਸੇ ਨੇ ਟੈਲੀਵੀਜ਼ਨ ਚੈਨਲ ਖੋਲ੍ਹਣ ਦੀ ਤਜਵੀਜ ਪੇਸ਼ ਕੀਤੀ। ਆਖਰ ਇੱਕ ਘੰਟੇ ਦੇ ਵੀਚਾਰ-ਵਟਾਂਦਰੇ ਉਪਰੰਤ ਉਨ੍ਹਾਂ ਦੇ ਮੁਖੀ ਨੇ ਦਾਸ ਨੂੰ ਇਸ਼ਾਰਾ ਕੀਤਾ ਕਿ ਤੁਸੀਂ ਵੀ ਆਪਣੇ ਵੀਚਾਰ ਦਿਉ।

ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਤੁਹਾਡੇ ਸੁਝਾਅ ਬੜੇ ਸੁਹਣੇ ਤੇ ਕੀਮਤੀ ਹਨ। ਅਸੀਂ ਤੁਸੀਂ ਸਾਰੇ ਆਪਣੇ ਆਪ ਨੂੰ ਪੰਥ ਦਰਦੀ ਕਹਿਲਾਉਣ ਵਾਲੇ ਬੈਠੇ ਹਾਂ, ਤੁਹਾਡੇ ਕਹਿਣ ਮੁਤਾਬਿਕ ਨਾ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ, ਨਾ ਹੋਰ ਸੰਸਥਾਵਾਂ ਅਤੇ ਨਾ ਹੀ ਸੰਤ ਮਹਾਂਪੁਰਸ਼ ਕੌਮ ਨੂੰ ਨਾਸਤਿਕਤਾ ਤੇ ਪਤਿਤ-ਪੁਣੇ ਦੀ ਖੱਡ ਵਿੱਚੋਂ ਕੱਢਣ ਵਿੱਚ ਸਹਾਈ ਹੋਏ ਹਨ। ਜੇ ਕੋਈ ਸਾਡੇ ਵਿੱਚੋਂ ਜਾਂ ਬਾਹਰੋਂ ਆ ਕੇ ਸਾਨੂੰ ਸਵਾਲ ਪੁੱਛ ਲਵੇ ਕਿ ਠੀਕ ਹੈ! ਨਾ ਸੰਸਥਾਵਾਂ ਨੇ ਤੇ ਨਾ ਹੀ ਸੰਤਾਂ ਨੇ ਗੁਰਮਤਿ ਪ੍ਰਚਾਰ ਕਰਨ ਵਿੱਚ ਆਪਣਾ ਯੋਗਦਾਨ ਪਾਇਆ ਹੈ। ਤੁਸੀਂ ਸਾਰੇ ਪੰਥ

ਦਾ ਅੰਗ ਹੋ, ਤੁਸੀਂ ਨਾਸਤਿਕਤਾ ਤੇ ਪਤਿਤ-ਪੁਣੇ ਨੂੰ ਠੱਲ ਪਾਉਣ ਲਈ ਕੀ ਉੱਦਮ ਉਪਰਾਲਾ ਕੀਤਾ ਹੈ? ਕੀ ਸਾਡੇ ਪਾਸ ਕੋਈ ਜੁਆਬ ਹੈ, ਜੇ ਕਿਸੇ ਨੇ ਉਪਰਾਲਾ ਕੀਤਾ ਹੈ ਤਾਂ ਦੱਸੋ?

ਇੱਕ ਦੋਂਹ ਪ੍ਰੇਮੀਆਂ ਨੇ ਕਿਹਾ ਕਿ ਅਸੀਂ ਇਨ੍ਹਾਂ ਇਨ੍ਹਾਂ ਗੁਰਮਤਿ ਰਸਾਲਿਆਂ ਦੀ ਮਦਦ ਲਈ ਦਸਵੰਧ ਭੇਜਦੇ ਹਾਂ, ਬਾਕੀ ਤਕਰੀਬਨ ਚੁੱਪ ਹੀ ਰਹੇ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਠੀਕ ਹੈ, ਤੁਸੀਂ ਆਪਣੀ ਬੁੱਧੀ ਅਨੁਸਾਰ ਠੀਕ ਕਰ ਰਹੇ ਹੋ, ਪਰ ਇਹ ਸਾਰੇ ਰਸਾਲੇ ਤਾਂ ਮੁੱਲ ਵਿਕਦੇ ਹਨ। ਸਾਡੀ ਕੌਮ ਵਿੱਚ ਪੜ੍ਹਨ ਦੀ ਰੁਚੀ ਬਹੁਤ ਘੱਟ ਹੈ। ਅਸੀਂ ਕਿਸੇ ਵੀ ਸ਼ਹਿਰ ਜਾਂ ਸ਼ਾਪਿੰਗ ਸੈਂਟਰ ਵਿੱਚ ਜਾਈਏ, ਉਥੋਂ ਹਜ਼ਾਰਾਂ ਰੁਪਏ ਦੇ ਕੱਪੜੇ ਜਾਂ ਹੋਰ ਸਾਜੋ-ਸਮਾਨ ਤਾਂ ਖਰੀਦ ਲਿਆਉਂਦੇ ਹਾਂ ਪਰ ਚੰਗਾ ਸਾਹਿਤ ਪੜ੍ਹਨ ਲਈ ਜਾਂ ਗੁਰਬਾਣੀ ਅਰਥ ਸਮਝਣ ਲਈ, ਅਸੀਂ ਸੌ ਰੁਪਏ ਦੇ ਖਰਚ ਨੂੰ ਫਜ਼ੂਲ ਖਰਚੀ ਸਮਝਦੇ ਹਾਂ।

ਬਾਕੀ ਕੌਮਾਂ ਵੱਲ ਜਦੋਂ ਆਪਾਂ ਵੇਖਦੇ ਹਾਂ, ਚਾਹੇ ਉਹ ਬੱਸ ਅੱਡੇ ਉੱਪਰ ਬੈਠੇ ਹੋਣ ਜਾਂ ਏਅਰਪੋਰਟ ਦੇ ਵੇਟਿੰਗ-ਰੂਮ ਵਿੱਚ, ਜਹਾਜ ਦੀ ਇੰਤਜ਼ਾਰ ਕਰ ਰਹੇ ਹੋਣ, ਉਹ ਸਭ ਤੋਂ ਪਹਿਲਾਂ ਆਪਣੇ ਬੈਗ ਵਿੱਚੋਂ ਕੋਈ ਨਾ ਕੋਈ ਪੁਸਤਕ ਕੱਢ ਕੇ ਪੜ੍ਹਨ ਲੱਗ ਜਾਂਦੇ ਹਨ। ਜੇ ਉਸ ਪਾਸ ਪੁਸਤਕ ਨਾ ਹੋਵੇ ਤਾਂ ਉਹ ਲਾਗਲੇ ਬੁੱਕ ਸਟੋਰ ਤੋਂ ਕਿਤਾਬ ਜ਼ਰੂਰ ਖਰੀਦੇਗਾ ਤੇ ਪੜ੍ਹੇਗਾ।

ਉਸ ਦੇ ਮੁਕਾਬਲੇ ਵਿੱਚ, ਅਸੀਂ ਲੋਕ ਬੱਸ ਅੱਡਿਆਂ ਜਾਂ ਵੇਟਿੰਗ ਰੂਮਾਂ ਵਿੱਚ ਬੈਠੇ ਜਾਂ ਤਾਂ ਉੱਚੀ-ਉੱਚੀ ਇੱਕ ਦੂਜੇ ਨਾਲ ਗੱਲਾਂ ਕਰ ਰਹੇ ਹੋਵਾਂਗੇ।ਜੇ ਨਹੀਂ ਤੇ ਉੱਚੀ ਉੱਚੀ ਫੋਨ ਤੇ ਘਰ ਵਾਲਿਆਂ ਨੂੰ ਦੱਸ ਰਹੇ ਹੋਵਾਂਗੇ ਕਿ ਸ਼ਿੰਗਾਰਿਆ! ਮੈਂ ਵੇਟਿੰਗ-ਰੂਮ ਵਿੱਚ ਬੈਠਾ ਹਾਂ, ਸਕਿਉਰਟੀ 'ਚੋਂ ਠੀਕ-ਠਾਕ ਲੰਘ ਗਿਆ ਸੀ, ਤੂੰ ਚਿੰਤਾ ਨਾਂ ਕਰੀਂ, ਜ਼ਹਾਜ ਅੱਧਾ ਘੰਟਾ ਲੇਟ ਚੱਲਣਾ ਵਾਂ, ਘਰ ਨੂੰ ਤੂੰ ਫੋਨ ਕਰ ਦੇਵੀਂ, ਮੈਂ ਕਿਤੇ ਦਿੱਲੀ ਏਅਰਪੋਰਟ ਤੇ ਐਵੇਂ ਉੱਲੂ ਵਾਂਗ ਇੱਧਰ-ਉੱਧਰ ਨਾ ਝਾਕਦਾ ਰਹਾਂ। ਸੋਨੂੰ ਨੂੰ ਤਾਗੀਦ ਕਰ ਦੇਵੀਂ, ਮੈਂ ਸਲੇਟੀ ਰੰਗ ਦੀ ਪੱਗ ਬੰਨੀ ਹੋਈ ਹੈ, ਤੇ ਮਲਵਈ ਜੁੱਤੀ ਪਾਈ ਹੋਈ ਆ, ਮੈਨੂੰ ਪਛਾਣ ਲਵੇ। ਚੰਗਾ ਸਾਰੇ ਨਿਆਣਿਆਂ ਨੂੰ ਪਿਆਰ ਦੇਵੀਂ ਮੈਂ ਦੋ ਮਹੀਨੇ ਵਿੱਚ ਮੁੜ ਆਉਣਾ। ਨਿਆਣੇ ਉਦਾਸ ਨਾ ਹੋਣ। ਧਿਆਨ ਰੱਖੀਂ।

ਬੋਰਡਿੰਗ ਵੇਲੇ ਫੇਰ ਲਾਈਨ ਵਿੱਚ ਲੱਗਕੇ ਫੋਨ ਕਰਨ ਲੱਗ ਜਾਣਾ, ਚੰਗਾ! ਹੁਣ ਜਹਾਜ ਦੀ ਤਿਆਰੀ ਹੋ ਗਈ ਆ, ਇਹ ਉੱਚੀ-ਉੱਚੀ ਕੁਝ ਕਹਿੰਦੇ ਆ, ਮੈਂ ਨਾਲ ਦੇ ਸਾਥੀ ਨੂੰ ਪੁੱਛਿਆ ਇਹ ਕੀ ਕਹਿੰਦੇ ਆ? ਉਸ ਨੇ ਦੱਸਿਆ ਕਿ, ਜਹਾਜ ਦੀ ਟਿਕਟ ਤੇ ਪਾਸਪੋਰਟ ਮੰਗਦੇ ਆ। ਮੈਂ ਹੁਣ ਦੋਨੋਂ ਚੀਜ਼ਾਂ ਪਾਸਪੋਰਟ ਵੀ ਤੇ ਟਿਕਟ ਵੀ ਹੱਥ ਵਿੱਚ ਲੈ ਲਈਆਂ, ਚਿੰਤਾ ਨਾ ਕਰੀਂ, ਚੰਗਾ ਸਤਿ ਸ੍ਰੀ ਅਕਾਲ। ਆਦਿ



ਆਦਿ ਫਾਲਤੂ ਗੱਲਾਂ ਕਰਕੇ ਟਾਈਮ ਨੂੰ ਧੱਕਾ ਦੇ ਰਹੇ ਹੋਵਾਂਗੇ ਜਾਂ ਫਿਰ ਇੱਕ ਦੂਸਰੇ ਨਾਲ ਰਲ ਕੇ ਤਰ੍ਹਾਂ-ਤਰ੍ਹਾਂ ਦੀਆਂ ਦੂਸਰਿਆਂ ਪ੍ਰਤੀ, ਟਿੱਪਣੀਆਂ ਕਰ ਰਹੇ ਹੁੰਦੇ ਹਾਂ। ਇਹ ਆਪਾਂ ਸਾਰਿਆਂ ਨੂੰ ਪਤਾ ਹੀ ਹੈ।

ਸਾਨੂੰ ਸਾਰਿਆਂ ਨੂੰ ਇਹ ਵੀ ਪਤਾ ਹੈ ਕਿ ਸਾਡੀ ਕੌਮ ਵਿੱਚ ਚੰਗਾ ਸਾਹਿਤ ਪੜ੍ਹਨ ਦੀ ਰੁਚੀ ਘੱਟ ਹੈ। ਪੜ੍ਹਨ ਦੀ ਰੁਚੀ ਜਾਂ ਚੇਟਕ ਲਾਉਣ ਵਾਸਤੇ ਵੀ ਅਸੀਂ ਕੋਈ ਉਪਰਾਲਾ ਨਹੀਂ ਕੀਤਾ, ਜੇ ਸਿੱਖਿਆ ਲੈਣੀ ਹੋਵੇ ਤਾਂ ਹਰ ਕਿਸਮ ਦੇ ਬੰਦਿਆਂ ਪਾਸੋਂ ਰਸਤਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਆਪਾਂ ਸਾਰੇ ਵੇਖਦੇ ਹਾਂ, ਕੋਈ ਵੀ ਮਨੁੱਖ ਨਸ਼ੱਈ ਬਣਨਾ ਨਹੀਂ ਚਾਹੁੰਦਾ, ਪਰ ਨਸ਼ਾ ਲਾਉਣ ਵਾਲੇ ਪਹਿਲਾਂ ਉਸ ਮਨੁੱਖ ਪਾਸ ਜਾਣਗੇ ਜਿਸ ਨੂੰ ਉਨ੍ਹਾਂ ਨਸ਼ੇ ਦਾ ਅਮਲ ਲਾਉਣਾ ਹੁੰਦਾ ਹੈ। ਉਸ ਦੇ ਕੋਲ ਦੋ-ਚਾਰ ਦਿਨ ਬੈਠ ਕੇ ਨਸ਼ੇ ਦੇ ਲੋਰ ਦੀ ਸਿਫਤ ਕਰਨਗੇ। ਚੌਥੇ ਕੁ ਦਿਨ ਉਸ ਨੂੰ ਆਪਣੇ ਪਾਸੋਂ ਨਸ਼ੇ ਦੀ ਗੋਲੀ ਦੇਣਗੇ ਕਿ ਆਹ ਖਾ ਕੇ ਤਾਂ ਵੇਖ, ਦੇਖ ਕਿਵੇਂ ਸਵਰਗ ਦੀਆਂ ਲੋਰੀਆਂ ਮਿਲਦੀਆਂ ਹਨ, ਦੀਨ ਦੁਨੀਆਂ ਭੁੱਲ ਕੇ ਬੰਦਾ ਸਮਾਧੀ ਸਥਿਤ ਹੋ ਜਾਂਦਾ ਹੈ। ਇਸ ਦਾ ਨੁਕਸਾਨ ਭੋਰਾ ਜਿੰਨਾ ਵੀ ਨਹੀਂ। ਸੋਫੀ ਮਨੁੱਖ ਨਾਂਹ ਕਰਦਾ ਹੈ। ਨਸ਼ੱਈ ਉਸ ਨੂੰ ਨਸ਼ਾ ਦੇਣ ਦਾ ਪੂਰਾ ਯਤਨ ਕਰਦਾ ਹੈ, ਭਰਾਵਾ! ਸਾਨੂੰ ਚਾਰ ਦਿਨ ਤੇਰੇ ਪਾਸ ਆਉਂਦਿਆਂ ਨੂੰ ਹੋ ਗਏ, ਇੱਕ ਵਾਰੀ ਸਾਡਾ ਕਿਹਾ ਮੰਨ ਕੇ ਤੂੰ ਗੋਲੀ ਖਾ ਕੇ ਵੇਖ, ਕੱਲ੍ਹ ਨੂੰ ਤੂੰ ਨਾ ਖਾਈਂ, ਅਸੀਂ ਕਿਹੜਾ ਤੇਰੇ ਮੂੰਹ ਵਿੱਚ ਜ਼ੋਰ ਨਾਲ ਪਾ ਦੇਣੀ ਹੈ। ਅੱਜ ਯਾਰੀ ਤਾਂ ਨਿਭਣੀ ਆ, ਜੇ ਤੂੰ ਸਾਡਾ ਕਿਹਾ ਮੰਨ ਲਵੇਂ, ਭਾਵ ਅਨੇਕ ਪਾਪੜ ਵੇਲ ਕੇ ਉਸ ਨੂੰ ਨਸ਼ਾ ਖੁਆ ਦਿੰਦੇ ਹਨ। ਜਦੋਂ ਹਫਤੇ-ਦਸ ਦਿਨ ਵਿੱਚ ਉਹ ਨਸ਼ਾ ਖਾਣ ਦਾ ਆਦੀ ਬਣ ਜਾਂਦਾ ਹੈ ਤੇ ਉਹ ਆਪਣੇ ਨਸ਼ੇ ਨੂੰ ਪੂਰਾ ਕਰਨ ਲਈ ਆਪਣੇ ਦੋਸਤਾਂ ਪਾਸੋਂ ਗੋਲੀ ਮੰਗਦਾ ਹੈ। ਅੱਗੋਂ ਉਹ ਉੱਤਰ ਦਿੰਦੇ ਹਨ, ਯਾਰ! ਤੂੰ ਏਨੀ ਜ਼ਮੀਨ ਜਾਇਦਾਦ ਦਾ ਮਾਲਕ ਹੈਂ ਹੁਣ ਤੂੰ ਆਪਣੀ ਡੱਬੀ ਜੁਦੀ ਕਰ ਲੈ। ਐਵੇਂ ਮੰਗਤਿਆਂ ਵਾਂਗੂ ਹਰ ਰੋਜ਼ ਸਾਡੇ ਪਾਸੋਂ ਨਾ ਮੰਗਿਆ ਕਰ ਸਗੋਂ ਤੂੰ ਮੰਗਤੇ ਦੀ ਥਾਂ ਦਾਤਾ ਬਣ ਕੇ, ਇਹ ਸਵਰਗ ਦੇ ਝੂਟੇ ਦੇਣ ਵਾਲੀਆਂ ਗੋਲੀਆਂ ਦਾ ਦਾਨ ਕਰਿਆ ਕਰ ਤਾਂ ਜੋ ਤੇਰੀ ਮਾਇਆ ਵੀ ਸਫਲੀ ਹੋਵੇ। ਜ਼ਮੀਨ ਪੈਸਾ ਕਿਹੜਾ ਨਾਲ ਜਾਣੇ ਹਨ। ਇਸ ਤਰ੍ਹਾਂ ਕਰਕੇ ਇੱਕ ਸੋਫੀ ਮਨੁੱਖ ਨੂੰ ਅਮਲ ਦੀ ਚੇਟਕ ਲਾ ਕੇ ਉਸ ਦਾ ਘਰ ਬਾਰ ਬਰਬਾਦ ਕਰ ਦਿੰਦੇ ਹਨ।

ਪਰ ਅਸੀਂ ਤਾਂ ਲੁਕਾਈ ਦੇ ਘਰ-ਬਾਰ ਵਸਦੇ-ਰਸਦੇ ਕਰਨ ਲਈ ਚੰਗਾ ਸਾਹਿਤ ਪੜ੍ਹਨ ਦੀ ਆਪਣੀ ਕੌਮ ਨੂੰ ਚੇਟਕ ਲਾਉਣੀ ਹੈ ਤਾਂ ਜੋ ਹਰ ਮਨੁੱਖ ਉੱਚ ਆਚਰਣ ਤੇ ਗੁਰਮਤਿ ਦਾ ਸਾਹਿਤ ਪੜ੍ਹ ਕੇ ਚੰਗੀਆਂ ਗੱਲਾਂ ਨੂੰ ਆਪਣੇ ਜੀਵਨ ਅੰਦਰ ਧਾਰਨ ਕਰੇ ਤੇ ਆਪ ਵੀ ਸੁਖੀ ਜੀਵਨ ਬਤੀਤ ਕਰੇ ਤੇ ਸਮਾਜ ਲਈ ਵੀ

ਵਰਦਾਨ ਸਾਬਤ ਹੋਵੇ।

ਆਪਾਂ ਇਸਾਈ ਮੱਤ ਵੱਲ ਹੀ ਵੇਖ ਲਈਏ, ਹਰ ਹਸਪਤਾਲ, ਹਰ ਸਕੂਲ, ਹਰ ਪਬਲਿਕ ਥਾਵਾਂ ਤੇ ਇਸਾਈ ਮੱਤ ਨਾਲ ਸਬੰਧਤ ਸਾਹਿਤ ਪਿਆ ਹੁੰਦਾ ਹੈ। ਸਾਹਿਤ ਪਾਸ ਕੋਈ ਨਾ ਕੋਈ ਵਲੰਟੀਅਰ ਖਲੋਤਾ ਹੁੰਦਾ ਹੈ ਜੋ ਸਾਰੇ ਲੋਕਾਂ ਨੂੰ ਪ੍ਰੇਰ ਕੇ ਭਾਵੇਂ ਕੋਈ ਕਿਸੇ ਦੇਸ਼ ਨਸਲ ਨਾਲ ਸਬੰਧ ਰੱਖਦਾ ਹੋਵੇ, ਉਸੇ ਬੋਲੀ ਵਿੱਚ ਉਸ ਨੂੰ ਇਸਾਈਅਤ ਦਾ ਸਾਹਿਤ ਪ੍ਰਦਾਨ ਕਰੇਗਾ ਤੇ ਨਾਲ ਸਾਹਿਤ ਦੇ ਕੇ, ਸਾਹਿਤ ਲੈਣ ਵਾਲੇ ਦਾ ਧੰਨਵਾਦ ਕਰੇਗਾ।

ਪਰ ਇਸ ਦੇ ਉਲਟ ਸਾਡੇ ਪਾਸ ਲੋਕਾਂ ਨੂੰ ਸਿੱਖ ਸਿਧਾਤਾਂ ਤੇ ਗੁਰੂ ਚਾਲੀ ਦਾ ਉਪਦੇਸ਼ ਦੇਣ ਲਈ ਕੁੱਝ ਵੀ ਨਹੀਂ। ਜੋ ਹੈ ਉਹ ਪੈਸੇ ਦੇ ਕੇ ਖਰੀਦਣਾ ਪੈਂਦਾ ਹੈ।ਪੈਸਾ ਦੇ ਕੇ ਤਾਂ ਉਹ ਹੀ ਖਰੀਦੇਗਾ ਜਿਸ ਨੂੰ ਪੜ੍ਹਨ ਦੀ ਤੇ ਗੁਰਮਤਿ ਸਿਧਾਤਾਂ ਨੂੰ ਸਮਝਣ ਦੀ ਰੁਚੀ ਹੋਵੇਗੀ। "**ਫਿਲਾਸਫਰ ਰਸਲ**" ਦੇ ਕਹਿਣ ਅਨੁਸਾਰ ਕਿ "ਸਿੱਖ ਧਰਮ ਦੇ ਸੁਨਹਿਰੀ ਅਸੂਲ ਸਭ ਤੋਂ ਉੱਤਮ ਹਨ, ਪਰ ਇਨ੍ਹਾਂ ਬਿਹਤਰੀਨ ਅਸੂਲਾਂ ਨੂੰ ਜੋ ਸਤਿਗੁਰਾਂ ਨੇ ਸਾਰੀ ਮਾਨਵਤਾ ਦੇ ਭਲੇ ਲਈ ਹੋਂਦ ਵਿੱਚ ਲਿਆਂਦੇ ਹਨ, ਸਿੱਖਾਂ ਨੇ ਉਨ੍ਹਾਂ ਬਿਹਤਰੀਨ ਅਸੂਲਾਂ ਨੂੰ ਅਜੇ ਤੱਕ ਹਵਾ ਵੀ ਨਹੀਂ ਲਵਾਈ। ਇਹ ਸਿੱਖਾਂ ਦਾ ਸਭ ਤੋਂ ਵਡਾ ਕਸੂਰ ਹੈ, ਜਿਸ ਤੋਂ ਉਹ ਕਦੇ ਮੁਕਤ ਨਹੀਂ ਹੋ ਸਕਦੇ" ਸਾਡੀ ਦਸ਼ਾ ਉੱਪਰ ਸਤਿਗੁਰੂ ਰਾਮਦਾਸ ਜੀ ਦਾ ਫੁਰਮਾਨ ਪੂਰਨ ਢੁਕਦਾ ਹੈ:-

**ਘਰਿ ਹੋਦੇ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ॥**

ਮ:੪, ਪੰਨਾ ੫੭੪

ਨਾ ਅਸੀਂ ਆਪ ਗੁਰੂ ਅਸੂਲਾਂ ਤੋਂ ਪੂਰਨ ਲਾਭ ਪ੍ਰਾਪਤ ਕਰ ਸਕੇ ਹਾਂ ਅਤੇ ਨਾ ਹੀ ਅਮੋਲਕ ਗੁਰੂ ਅਸੂਲਾਂ ਨੂੰ ਲੋਕਾਈ ਤੱਕ ਪਹੁੰਚਾਉਣ ਦਾ ਕੋਈ ਸਾਰਥਿਕ ਯਤਨ ਕੀਤਾ ਹੈ।

ਪਰ ਨਿਰਾਸ਼ ਹੋਣ ਦੀ ਲੋੜ ਨਹੀਂ, ਹਰ ਕੌਮ, ਦਰਦੀ ਸਿੱਖ ਤਨੋ ਮਨੋ ਕੌਮ ਦੀ ਚੜ੍ਹਦੀ ਕਲਾ ਲੋਚਦਾ ਹੈ, ਪਰ ਚੜ੍ਹਦੀ ਕਲਾ ਲਈ ਤੇ ਸਤਿਗੁਰਾਂ ਦੇ ਸੁਨਹਿਰੀ ਅਸੂਲਾਂ ਨੂੰ ਲੋਕਾਈ ਤੱਕ ਪਹੁੰਚਾਉਣ ਦਾ ਮਾਰਗ ਪ੍ਰਾਪਤ ਨਹੀਂ ਹੋ ਰਿਹਾ। ਕਿਉਂਕਿ ਅਸੀਂ ਉਨ੍ਹਾਂ ਕੌਮਾਂ ਵੱਲ ਵੇਖ ਕੇ ਉਸ ਮੰਜ਼ਲ ਤੇ ਪੁੱਜਣਾ ਚਾਹੁੰਦੇ ਹਾਂ ਜਿਨ੍ਹਾਂ ਦੇ ਸਿਆਣਿਆਂ ਨੇ ਘੱਟ ਖਰਚ ਦੇ ਨਾਲ ਵੱਧ ਪ੍ਰਚਾਰ ਕਰਨ ਦੇ ਢੰਗ ਅਪਣਾਏ ਤੇ ਅਪਣਾਏ ਵੀ ਸਦੀਆਂ ਤੋਂ, ਸਦੀਆਂ ਤੋਂ ਜੋ ਆਪਣੇ ਮਾਰਗ ਤੇ ਤੁਰਿਆ ਹੋਇਆ ਹੈ, ਇੱਕ ਖਲੋਤਾ ਬੰਦਾ ਉਸ ਦੇ ਤੈਹ ਕੀਤੇ ਪੈਂਡੇ ਤੱਕ ਕਿਵੇਂ ਪਹੁੰਚ ਸਕਦਾ ਹੈ? ਇਹ ਅਸੰਭਵ ਹੈ ਪਰ ਹਾਂ! ਉਨ੍ਹਾਂ ਦੇ ਤਜਰਬੇ ਤੋਂ ਸੇਧ ਲੈ ਕੇ ਆਪਾਂ ਨੂੰ ਵੇਖਦੇ ਹੀ ਨਹੀਂ ਰਹਿਣਾ ਚਾਹੀਦਾ, ਸਗੋਂ ਛੇਤੀ ਤੋਂ ਛੇਤੀ ਚੱਲ ਪੈਣਾ ਚਾਹੀਦਾ ਹੈ।



ਸਤਿਗੁਰਾਂ ਨੇ ਵੀ ਪ੍ਰਚਾਰ ਵਾਸਤੇ ਕਿਸੇ ਵਿਸ਼ੇਸ਼ ਵਿਅਕਤੀ ਜਾਂ ਵਿਸ਼ੇਸ਼ ਸੰਸਥਾਵਾਂ ਦੀ ਡਿਊਟੀ ਨਹੀਂ ਲਾਈ। ਹਰ ਗੁਰਸਿੱਖ ਨੂੰ ਪਹਿਲਾਂ ਗੁਰਮਤਿ ਦੇ ਅਸੂਲਾਂ ਦੀ ਆਪ ਕਮਾਈ ਕਰਨ ਉਪ੍ਰੰਤ ਉਨ੍ਹਾਂ ਅਸੂਲਾਂ ਨੂੰ ਪ੍ਰਚਾਰਨ ਦੀ ਜਿੰਮੇਵਾਰੀ ਸੌਂਪੀ ਹੈ। ਅਜਿਹਾ ਕਰਮ ਕਰਨ ਵਾਲੇ ਵਿਅਕਤੀ ਨੂੰ ਸਤਿਗੁਰਾਂ ਮਾਣ ਵੀ ਬਿਅੰਤ ਪ੍ਰਦਾਨ ਕੀਤਾ ਹੈ। ਸਤਿਗੁਰੂ ਰਾਮਦਾਸ ਜੀ ਦਾ ਗਉੜੀ ਦੀ ਵਾਰ ਅੰਦਰ ਫੁਰਮਾਨ ਹੈ:- **ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**

**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥** ਮ:੪, ਪੰਨਾ ੩੦੬

ਉੱਪਰ ਆਪਾਂ ਇਸਾਈ ਮੱਤ ਦੇ ਫ੍ਰੀ ਲਿਟਰੇਚਰ ਦੇਣ ਦੀ ਗੱਲ ਕੀਤੀ ਹੈ। ਦੂਸਰੇ, ਉਨ੍ਹਾਂ ਵਿੱਚ ਵੱਡਾ ਗੁਣ ਇਹ ਹੈ ਕਿ ਆਪਣੇ ਧਰਮ ਦੇ ਅਸੂਲਾਂ ਨੂੰ ਲੁਕਾਈ ਤੱਕ ਪਹੁੰਚਾਉਣ ਲਈ ਭੋਰਾ ਜਿੰਨਾ ਵੀ, ਨਾ ਉਹ ਢਿਲ ਕਰਦੇ ਹਨ ਅਤੇ ਨਾ ਹੀ ਕੋਈ ਸੰਗ-ਸ਼ਰਮ ਮਹਿਸੂਸ ਕਰਦੇ ਹਨ। ਦੋ ਦੋ, ਤਿੰਨ ਤਿੰਨ ਬੰਦੇ ਬੀਬੀਆਂ ਇਸਾਈ ਮੱਤ ਨਾਲ ਸਬੰਧਤ ਸਾਹਿਤ ਲੈ ਕੇ ਹਰ ਹਿੰਦੂ, ਹਰ ਸਿੱਖ, ਹਰ ਮੁਸਲਮਾਨ ਤੇ ਹੋਰਨਾਂ ਦੇ ਘਰਾਂ ਵਿੱਚ ਜਾਂਦੇ ਹਨ। ਘਰ ਵਾਲੇ ਭਾਂਵੇ ਲਿਟਰੇਚਰ ਲੈਣ ਤੋਂ ਨਾਂਹ ਕਰਨ, ਹੱਥ ਜੋੜਨ, ਬੁਰਾ ਭਲਾ ਵੀ ਬੋਲਣ ਪਰ ਉਨ੍ਹਾਂ ਨੇ ਕੁਝ ਨਾ ਕੁਝ ਲਿਟਰੇਚਰ, ਉਨ੍ਹਾਂ ਦੇ ਘਰਾਂ ਵਿੱਚ ਛੱਡ ਹੀ ਆਉਣਾ ਹੈ ਤੇ ਨਾਲ ਹੀ ਕਹਿ ਦੇਣਾ ਕਿ ਤੁਸੀਂ ਨਾ ਪੜਿਓ, ਚਲੋ! ਕੋਈ ਹੋਰ ਪੜ੍ਹ ਲਵੇਗਾ। ਹਰ ਸ਼ਨਿਚਰਵਾਰ ਅਤੇ ਐਤਵਾਰ ਉਹ ਵਲੰਟੀਅਰ ਤੌਰ ਤੇ ਆਪਣੇ ਧਰਮ ਦੀ ਸੇਵਾ ਜਾਣ ਕੇ ਬੜੀ ਖੁਸ਼ੀ ਨਾਲ ਪ੍ਰਚਾਰ ਕਰਦੇ ਹਨ ਪਰ ਇਸ ਦੇ ਉਲਟ, ਆਪਾਂ ਆਪਣੀ ਕੌਮ ਦੇ ਬੰਦਿਆਂ ਤੱਕ ਵੀ ਪਹੁੰਚ ਕਰਨ ਤੋਂ ਝਿਜਕਦੇ ਹਾਂ ਤੇ ਸੰਗ-ਸ਼ਰਮ ਮਹਿਸੂਸ ਕਰਦੇ ਹਾਂ।

ਉਨ੍ਹਾਂ ਪ੍ਰਚਾਰਕਾਂ ਵੱਲ ਵੇਖਕੇ ਆਪਾਂ ਵੀ ਯਤਨ ਕਰੀਏ। ਸਭ ਤੋਂ ਪਹਿਲਾਂ ਆਪਾਂ ਆਪੋ ਆਪਣਾ ਦਸਵੰਧ ਇੱਕ ਥਾਂ ਇਕੱਠਾ ਕਰ ਲਈਏ। ਜਿਸ ਪਾਸ ਪ੍ਰਮਾਤਮਾ ਨੇ ਧਨ ਬਹੁਤਾ ਦਿੱਤਾ ਹੈ ਉਹ ਵੱਧ ਹਿੱਸਾ ਪਾ ਦੇਵੇ ਉਸ ਮਾਇਆ ਨਾਲ ਆਪਾਂ ਨਿਤਨੇਮ ਦੇ ਅਰਥਾਂ ਸਹਿਤ ਗੁਟਕੇ ਖਰੀਦ ਕੇ, ਸਤਿਗੁਰਾਂ ਦਾ ਤੇ ਕਮਾਈ ਵਾਲੇ ਮਹਾਪੁਰਖਾਂ ਦੀਆਂ ਜੀਵਨੀਆਂ ਅਤੇ ਗੁਰਬਾਣੀ ਅਨੁਸਾਰ ਲਿਖਿਆ ਹੋਇਆ ਸਾਹਿਤ (ਦੁਬਿਧਾ ਵਾਲਾ ਨਹੀਂ) ਗੁਰਮਤਿ ਦੇ ਅਸੂਲ ਕੀ ਹਨ? ਦੀਆਂ ਕਿਤਾਬਾਂ ਤੇ ਕਿਤਾਬਚੇ ਉਸ ਮਾਇਆ ਨਾਲ ਖਰੀਦੀਏ। ਉਪਰੰਤ ਆਪਾਂ ਉਸ ਸਾਹਿਤ ਨੂੰ ਸੰਗ-ਸ਼ਰਮ ਲਾਹ ਕੇ, ਮੋਖ ਰਹਿਤ ਗੁਰਦੁਆਰਿਆਂ ਵਿੱਚ ਸਟਾਲ ਲਾ ਕੇ ਅਤੇ ਨਗਰ ਕੀਰਤਨਾਂ ਵਿੱਚ ਵੰਡੀਏ। ਜੋ ਆਪਣੀ ਸ਼ਰਧਾ ਨਾਲ ਦੇਣਾ ਚਾਹੇ ਉਸ ਨੂੰ ਸਵੀਕਾਰ ਕਰਕੇ ਫੰਡ ਵਿੱਚ ਵਾਧਾ ਕਰ ਲਿਆ ਜਾਵੇ। ਦੂਸਰੇ, ਹਰ ਗੁਰਸਿੱਖ ਆਪਣੇ ਇੱਕ ਹਫਤੇ ਦੇ ਟਾਇਮ ਵਿੱਚੋਂ, ਤਿੰਨ ਚਾਰ ਘੰਟੇ ਦਾ ਸਮਾਂ ਗੁਰੂ ਅਤੇ ਕੌਮ ਨਮਿਤ ਸਮਰਪਣ ਕਰੇ। ਦੋ ਦੋ ਜਾਂ ਤਿੰਨ ਤਿੰਨ ਬਜ਼ੁਰਗਾਂ, ਨੌਜਵਾਨ, ਬੀਬੀਆਂ ਮਾਤਾਵਾਂ

ਬੱਚੀਆਂ ਆਪਣੇ ਸ਼ਹਿਰ ਮੁਹੱਲੇ ਦੀ ਗਲੀ ਵਿੱਚ ਜਾ ਕੇ ਸਿੱਖ ਕੌਮ ਨਾਲ ਸਬੰਧਿਤ ਵਿਅਕਤੀਆਂ ਦੇ ਘਰਾਂ ਵਿੱਚ ਜਾ ਕੇ, ਉਨ੍ਹਾਂ ਨੂੰ ਮੁਫਤ ਧਾਰਮਿਕ ਸਾਹਿਤ ਲੈਣ ਲਈ ਬੇਨਤੀ ਕਰਨ। ਸਾਡੀ ਕੌਮ ਦਾ ਸੁਭਾਅ ਹੈ ਉਹ ਅਵੱਸ਼ ਘਰ ਆਏ ਦੀ ਖਾਤਿਰਦਾਰੀ ਵੀ ਕਰਨਗੇ ਤੇ ਸਤਿਕਾਰ ਨਾਲ ਗੁਟਕੇ ਤੇ ਸਾਹਿਤ ਵੀ ਲੈ ਲੈਣਗੇ। ਇਹ ਵਲੰਟੀਅਰ ਵੀਰ ਜਿਨ੍ਹਾਂ ਜਿਨ੍ਹਾਂ ਘਰਾਂ ਵਿੱਚ ਧਾਰਮਿਕ ਸਾਹਿਤ ਦੇਣ, ਉਨ੍ਹਾਂ ਦੇ ਘਰਾਂ ਦਾ ਫੋਨ ਨੰਬਰ ਲਿਖ ਲੈਣ ਤੇ ਕਿਤੇ ਕਿਤੇ ਉਨ੍ਹਾਂ ਨੂੰ ਪੁਛਦੇ ਰਹਿਣ ਕਿ ਅਸੀਂ ਤੁਹਾਨੂੰ ਗੁਰਮਤਿ ਸਾਹਿਤ ਦੇ ਕੇ ਗਏ ਸੀ, ਕੀ ਤੁਸੀਂ ਉਹ ਧਾਰਮਿਕ ਪੁਸਤਕਾਂ ਪੜ੍ਹੀਆਂ ਹਨ ਜਾਂ ਅਜੇ ਉਂਝ ਹੀ ਰੱਖੀਆਂ ਹਨ? ਜੇ ਨਹੀਂ ਪੜ੍ਹੀਆਂ ਤਾਂ ਜ਼ਰੂਰ ਪੜ੍ਹਨ ਦੀ ਖੇਚਲ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ। ਜੋ ਦੂਸਰੇ ਸਾਥੀਆਂ ਜਾਂ ਦੂਸਰੀਆਂ ਕੌਮਾਂ ਦੇ ਘਰਾਂ ਤੱਕ ਪਹੁੰਚ ਕਰ ਸਕਦੇ ਹੋਣ ਉਹ ਹੋਰ ਧੰਨਤਾ ਦੇ ਯੋਗ ਹਨ। ਇਸ ਤਰ੍ਹਾਂ ਕਰਨ ਨਾਲ ਆਪਸੀ ਭਾਈਚਾਰਕ ਮੇਲ ਮਿਲਾਪ ਵੀ ਵਧੇਗਾ। ਸਾਨੂੰ ਕਿਸੇ ਸੰਸਥਾਵਾਂ ਵੱਲ ਝਾਕਦਿਆਂ ਹੋਰ ਸਮਾਂ ਨਹੀਂ ਗਵਾਉਣਾ ਚਾਹੀਦਾ। ਸੰਗ-ਸ਼ਰਮ ਤਾਂ ਹੋਵੇ, ਜੇ ਆਪਾਂ ਘਰ ਵਾਲਿਆਂ ਨੂੰ ਲਿਟਰੇਚਰ ਦੇ ਕੇ ਉਨ੍ਹਾਂ ਪਾਸੋਂ ਪੈਸੇ ਮੰਗੀਏ। ਜੇ ਆਪਾਂ ਇਸ ਤਰ੍ਹਾਂ ਕਰਨਾ ਅਰੰਭ ਕਰ ਦੇਵਾਂਗੇ ਤਾਂ ਮੈਨੂੰ ਪੂਰਨ ਯਕੀਨ ਹੈ, ਪੈਸੇ ਦੀ ਵੀ ਕਮੀਂ ਨਹੀਂ ਆਵੇਗੀ ਅਤੇ ਲੋਕਾਈ ਵੱਲੋਂ ਵੀ ਇਸ ਚੰਗੇ ਕਰਮ ਕਰਨ ਲਈ ਸੋਭਾ ਮਿਲੇਗੀ। ਸਤਿਗੁਰੂ ਜੀ ਦੀਆਂ ਅਸੀਸਾਂ ਵਾਧੇ ਵਿੱਚ ਪ੍ਰਾਪਤ ਕਰਾਂਗੇ। ਅਜਿਹੇ ਪਰਉਪਕਾਰੀ ਕਾਰਜ ਕਰਨ ਵਿੱਚ, ਸਾਨੂੰ ਲਾਭ ਹੀ ਲਾਭ ਹੈ।

ਦੂਸਰੇ, ਸਾਨੂੰ ਕਿਸੇ ਵੀ ਸੰਸਥਾ ਜਾਂ ਵਿਅਕਤੀ ਨੂੰ ਦੋਸ਼ ਦੇਣ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਇੱਕ ਦੂਸਰੇ ਨੂੰ ਦੋਸ਼ੀ ਕਰਾਰ ਦੇਵਾਂਗੇ, ਤਕਰਾਰ ਵਧੇਗਾ, ਤਕਰਾਰ ਨਾਲ ਮਨ ਵਿੱਚ ਈਰਖਾ ਪੈਦਾ ਹੋਵੇਗੀ, ਈਰਖਾ ਨਾਲ ਦੁਸ਼ਮਣਤਾਈ ਵਿੱਚ ਵਾਧਾ ਹੋਵੇਗਾ ਤੇ ਅਸੀਂ ਪ੍ਰਚਾਰ ਕਰਦੇ, ਕਰਦੇ ਬਾਂਸ ਦੇ ਬੂਟਿਆਂ ਵਾਂਗ ਆਪਸੀ ਖਹਿ ਖਹਿ ਕੇ ਭਰਾ ਮਾਰੂ ਜੰਗ ਦੇ ਸ਼ਿਕਾਰ ਹੋ ਜਾਂਵਾਂਗੇ ਤੇ ਆਪਣਾ ਹੀ ਨੁਕਸਾਨ ਕਰਾ ਬੈਠਾਂਗੇ। ਤੀਸਰੇ, ਗੁਰੂ ਮਿਹਰ ਨਾਲ ਸਿੱਖ ਦਾ ਸੁਭਾਅ ਬੜਾ ਦਾਨੀ ਹੈ। ਆਪਣੇ ਗੁਰੂ ਤੋਂ ਧਨ ਤਾਂ ਕੀ, ਆਪਾ-ਨਿਛਾਵਰ ਕਰਨ ਨੂੰ ਸਿੱਖ ਤਿਆਰ ਹੋ ਜਾਂਦਾ ਹੈ। ਪਰ ਉਸ ਨੂੰ ਇਹ ਨਹੀਂ ਪਤਾ ਲਗਦਾ ਕਿ ਮੈਂ ਆਪਣੇ ਧਨ ਦੀ ਅਤੇ ਤਨ ਦੀ ਸਫ਼ਲਤਾ ਕਿਵੇਂ ਕਰਾਂ। ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ:-

**ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ**
**ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥** ਮ:੪, ਪੰਨਾ ੩੧੭

ਇਸ ਲਈ ਸਤਿਗੁਰਾਂ ਦੇ ਪਿਆਰ ਸਤਿਕਾਰ ਵਿੱਚ, ਅੰਦਰਲੇ ਚਾਉ ਅਧੀਨ ਉਹ ਸੰਗਤਾਂ ਦੀ ਪ੍ਰਸੰਨਤਾ ਲੈਣ ਲਈ, ਸਤਿਗੁਰਾਂ ਦੇ ਆਗਮਨ ਪੁਰਬਾਂ,



ਜੋਤੀ ਜੋਤ ਸਮਾਉਣ ਤੇ ਹੋਰ ਜੋੜ ਮੇਲਿਆਂ ਉੱਪਰ, ਆਪਣੀ ਸ਼ਰਧਾ ਭੇਟ ਕਰਨ ਹਿਤ ਨਾ-ਨਾ ਪ੍ਰਕਾਰ ਦੇ ਪਦਾਰਥ, ਲੰਗਰਾਂ ਦੇ ਰੂਪ ਵਿੱਚ, ਹੱਥ ਜੋੜ ਜੋੜ, ਸੰਗਤਾਂ ਨੂੰ ਛਕਾਉਣ ਉਪਰੰਤ ਆਪਣੇ ਧੰਨ ਭਾਗ ਸਮਝਦਾ ਹੈ। ਉੱਧਰ ਛਕਣ ਵਾਲੇ ਪ੍ਰੇਮੀ ਵੀ, ਪੇਟ ਵਿੱਚ ਥਾਂ ਨਾ ਹੁੰਦਿਆਂ ਵੀ, ਸਵਾਦ ਸਵਾਦ ਵਿੱਚ ਤਰ੍ਹਾਂ ਤਰ੍ਹਾਂ ਦੇ ਪਦਾਰਥ ਛਕੀ ਜਾਂਦੇ ਹਨ। ਬਚਦੇ ਪਦਾਰਥ ਕੈਰੀਅਰ ਬੈਗਾਂ ਵਿੱਚ ਪਾ ਕੇ ਘਰਾਂ ਨੂੰ ਲੈ ਜਾਂਦੇ ਹਨ। ਗੁਰਪੁਰਬ, ਸ਼ਤਾਬਦੀਆਂ, ਜੋੜ ਮੇਲੇ ਗੁਰਮਤਿ ਪ੍ਰਚਾਰ ਦਾ ਇੱਕ ਬਹੁਤ ਵੱਡਾ ਸਾਧਨ ਹਨ। ਪਰ ਇਹ ਜੋੜ ਮੇਲੇ, ਕੇਵਲ ਦਰਸਨ ਮੇਲੇ ਤੇ ਖਾਣ-ਪੀਣ ਦਾ ਵਸੀਲਾ ਹੀ ਬਣ ਕੇ ਰਹਿ ਗਏ ਹਨ। ਇਨ੍ਹਾਂ ਜੋੜ ਮੇਲਿਆਂ ਦੇ ਇਕੱਠ ਦੇ ਸਮਿਆਂ ਦੇ ਵਸੀਲੇ ਤੋਂ, ਜੋ ਆਪਾਂ ਲੁਕਾਈ ਨੂੰ ਗੁਰੂ ਸੰਦੇਸ਼ ਦੇ ਕੇ, ਗੁਰੂ ਚਾਲੀ ਦੇ ਧਾਰਨੀ ਬਨਾਉਣਾ ਸੀ, ਬਦਕਿਸਮਤੀ ਨਾਲ ਉਹ ਸਾਡੀ ਸਿਮਰਤੀ ਵਿੱਚੋਂ ਨਿਕਲ ਹੀ ਗਿਆ ਹੈ। ਦੀਵਾਨ ਵਿੱਚ ਗੁਰੂ ਜਸ, ਗੁਰੂ ਉਪਦੇਸ਼ ਸਰਵਣ ਕਰਨ ਵਾਲੇ ਬਹੁਤ ਘੱਟ ਪ੍ਰਾਣੀ ਬੈਠੇ ਹੁੰਦੇ ਹਨ। ਬਾਕੀ ਸਾਰੇ ਤਰ੍ਹਾਂ ਤਰ੍ਹਾਂ ਦੇ ਲੰਗਰ ਪਕਵਾਨਾਂ ਦੀ, ਕੋਲਡ ਡ੍ਰਿਕਸ ਤੇ ਚਾਹ ਦੇ ਸਟਾਲਾਂ ਦੀ ਪ੍ਰਕਰਮਾ ਕਰਦੇ ਹੀ ਵੇਖੇ ਜਾ ਸਕਦੇ ਹਨ।

ਜੇ ਸਤਿਗੁਰ ਜੀ ਮਿਹਰ ਕਰ ਕੇ, ਸਾਨੂੰ ਸੁਮੱਤ ਪ੍ਰਦਾਨ ਕਰ ਦੇਣ, ਜਿੰਨਾ ਪੈਸੇ ਦਾ ਬੱਜਟ ਅਸੀਂ ਸੰਗਤਾਂ ਦੇ ਚਾਹ ਪਕੌੜੇ, ਸਮੋਸੇ, ਕੋਲਡ-ਡ੍ਰਿੰਕਸ ਤੇ ਹੋਰ ਨਾ-ਨਾ ਪ੍ਰਕਾਰ ਦੇ ਭੋਜਨ ਤੇ ਖਰਚਣਾ ਹੈ, ਉਸ ਦਾ ਦਸਵਾਂ ਹਿੱਸਾ ਵੱਖ ਕਰਕੇ ਉਸ ਪੈਸੇ ਦਾ ਗੁਰਮਤਿ ਸਾਹਿਤ, ਛੋਟੇ ਟ੍ਰੈਕਟ ਗੁਰਬਾਣੀ ਦੇ ਅਰਥਾਂ ਸਹਿਤ ਗੁਟਕੇ ਸੰਗਤਾਂ ਨੂੰ ਵੰਡੀਏ ਤਾਂ ਸਾਡੇ ਦੋਵੇਂ ਲੰਗਰ, ਪੇਟ-ਅਹਾਰ ਤੇ ਆਤਮ-ਅਹਾਰ ਦਾ ਸਾਧਨ ਬਣ ਕੇ ਗੁਰਬਾਣੀ ਦੇ ਫੁਰਮਾਨ ਨੂੰ ਸਾਕਾਰ ਕਰਕੇ, ਸਾਡੀ ਸੇਵਾ ਨੂੰ ਹੋਰ ਚਾਰ ਚੰਨ ਲਾਉਣ ਦਾ ਵਸੀਲਾ ਬਣਨਗੇ। ਪੇਟ ਦਾ ਅਹਾਰ ਹੈ:-

**ਰਸੁ ਅੰਮ੍ਰਿਤੁ ਖੀਰਿ ਘਿਆਲੀ॥**

ਵਾਰ ਸਤੈ ਬਲਵੰਡਿ ਜੀ, ਪੰਨਾ ੯੬੭

ਆਤਮਾ ਦਾ ਅਹਾਰ ਹੈ, ਗੁਰੂ ਸ਼ਬਦ। ਗੁਰਬਾਣੀ ਦਾ ਫੁਰਮਾਨ ਹੈ:-

**ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥**

ਵਾਰ ਸਤੈ ਬਲਵੰਡਿ ਜੀ, ਪੰਨਾ ੯੬੭

ਪੀਣ ਵਾਲੇ ਜੂਸ ਜਾਂ ਕੋਲਡ ਡ੍ਰਿੰਕਸ ਜਿਹੜੇ, ਆਪਾਂ ਸੰਗਤਾਂ ਨੂੰ ਪਿਆਉਂਦੇ ਹਾਂ, ਉਹ ਥੋੜ੍ਹਾ ਚਿਰ ਤ੍ਰਿਪਤੀ ਉਪਰੰਤ ਪੀਤਾ ਜੂਸ ਤੇ ਕੋਲਡ ਡ੍ਰਿੰਕਸ ਮਲ-ਮੂਤ੍ਰ ਦੇ ਦੇ ਰੂਪ ਵਿੱਚ ਮਨੁੱਖ ਬਾਹਰ ਕੱਢ ਦਿੰਦਾ ਹੈ। ਨਾ-ਨਾ ਪ੍ਰਕਾਰ ਦੇ ਭੋਜਨ ਜੋ ਖਾਧੇ ਤੇ ਖਵਾਏ ਜਾਂਦੇ ਹਨ, ਉਹ ਬਾਰਾਂ ਜਾਂ ਚੌਦਾਂ ਘੰਟਿਆਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਪਾਵਨ ਫੁਰਮਾਨ ਅਨੁਸਾਰ, ਬਿਸ਼ਟਾ ਬਣਕੇ ਨਿਕਲ ਜਾਂਦੇ ਹਨ, ਜਿਸ ਵੱਲ ਵੇਖ ਕੇ ਮਨੁੱਖ ਥੁੱਕਦਾ ਹੈ। ਆਪ ਜੀ ਦਾ ਆਸਾ ਜੀ ਦੀ ਵਾਰ

ਅੰਦਰ, ਬੜਾ ਭਾਵਪੂਰਤ ਪਿਆਰਾ ਫੁਰਮਾਨ ਹੈ:-

[1]ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ
ਪੰਜਵਾ ਪਾਇਆ ਘਿਰਤੁ॥ ਤਾ ਹੋਆ ਪਾਕੁ ਪਵਿਤੁ॥
[2]ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥

ਸਲੋਕ ਮ:੧, ਪੰਨਾ ੪੭੩

ਪਰ ਇਸ ਦੇ ਉਲਟ, ਜਿਸ ਕਿਸੇ ਨੇ ਗੁਰੂ ਦੇ ਸ਼ਬਦ-ਲੰਗਰ( ਚੰਗੇ ਸਾਹਿਤ, ਗੁਰੂ ਜੀਵਨੀਆਂ, ਗੁਰਮਤਿ ਅਸੂਲ, ਗੁਰਬਾਣੀ ਦੇ ਅਰਥਾਂ ਸਹਿਤ ਗੁਟਕੇ) ਆਦਿ ਨੂੰ ਵੰਡਿਆ ਹੋਵੇਗਾ, ਉਹ ਸਦਾ ਵਾਸਤੇ ਆਤਮਾ ਨੂੰ ਆਹਾਰ ਪ੍ਰਦਾਨ ਕਰੇਗਾ। ਇੱਕ ਨੂੰ ਨਹੀਂ, ਜਦ ਤੱਕ ਉਹ ਸਾਹਿਤ, ਗੁਰਬਾਣੀ ਗੁਟਕੇ ਰਹਿਣਗੇ, ਅਨੇਕਾਂ ਨੂੰ ਆਤਮਿਕ ਆਹਾਰ ਪ੍ਰਦਾਨ ਕਰਕੇ ਗੁਰੂ ਚਾਲੀ ਦੇ ਧਾਰਨੀ ਬਣਾ, ਪੜ੍ਹਨ ਸੁਣਨ ਵਾਲਿਆਂ ਦਾ ਜੀਵਨ ਬਦਲਦੇ ਰਹਿਣਗੇ। ਜਿਸ ਦਾ ਜੀਵਨ ਬਦਲ ਜਾਵੇ, ਸਮਝੋ ਉਸ ਦਾ ਇਸ ਸੰਸਾਰ ਅੰਦਰ ਆਉਣਾ ਸਫਲ ਹੋ ਗਿਆ।

ਗੁਰਮਤਿ ਪ੍ਰਚਾਰ ਲਈ ਟੈਲੀਵੀਜ਼ਨ ਚੈਨਲ ਸ਼ੁਰੂ ਕਰਨੇ ਬਹੁਤ ਹੀ ਸ੍ਰੇਸ਼ਟ ਉਪਰਾਲਾ ਹੈ। ਇਸ ਕਾਰਜ ਲਈ, ਮਾਇਆ ਤੇ ਮੈਨ-ਪਾਵਰ ਵੀ ਬਹੁਤ ਚਾਹੀਦੀ ਹੈ। ਜਾਤੀ ਤੇ ਜਮਾਤੀ ਤੌਰ ਤੇ ਹੁਣ ਸਾਡੀ ਕੌਮ ਵਿੱਚ ਵੀ ਗੁਰਮਤਿ ਪ੍ਰਚਾਰ ਲਈ ਨਵੇਂ ਸਾਧਨ ਅਪਨਾਉਣ ਲਈ ਜਾਗ੍ਰਤੀ ਆਈ ਹੈ। ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਜਾਤੀ ਤੇ ਜਮਾਤੀ ਤੌਰ ਤੇ ਇਹ ਕਾਰਜ ਅਰੰਭ ਕੀਤੇ ਹਨ ਤੇ ਹੋਰ ਕਰਨ ਲਈ ਲਗਾਤਾਰ ਯਤਨਸ਼ੀਲ ਹਨ ਜੋ ਅੱਤ ਸ਼ਲਾਘਾ ਯੋਗ ਹੈ। ਪਰ ਆਪਾਂ ਸਾਰੇ ਉਨ੍ਹਾਂ ਸਾਧਨਾਂ ਦੇ ਨਤੀਜਿਆਂ ਵੱਲ ਨਾ ਵੇਖੀਏ, ਆਪੋ-ਆਪਣੇ ਵਿੱਤ ਅਨੁਸਾਰ, ਆਪਣਿਆਂ ਤੱਕ ਤੇ ਸਾਰੀ ਲੁਕਾਈ ਤੱਕ, ਸਤਿਗੁਰੂ ਜੀ ਦੇ ਸੁਨਹਿਰੀ ਅਸੂਲਾਂ ਨੂੰ ਪਹੁੰਚਾਉਣ ਲਈ ਯਤਨਸ਼ੀਲ ਹੋ ਕੇ ਆਪਣੇ ਫ਼ਰਜ਼ ਤੋਂ ਸੁਰਖਰੂ ਹੋਈਏ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

1.ਅੰਨ ਪਾਣੀ ਅੱਗ ਤੇ ਲੂਣ ਜੀਵਨ ਅਹਾਰ ਹੋਣ ਕਰਕੇ ਦੇਵਤੇ ਮੰਨੇ ਜਾਂਦੇ ਹਨ। ਪੰਜਵਾਂ ਘਿਉ ਜਦੋਂ ਰਲ ਜਾਂਦਾ ਹੈ ਇਨ੍ਹਾਂ ਸਾਰੀਆਂ ਵਸਤੂਆਂ ਨੂੰ ਸਵਾਦਿਕ ਪਵਿੱਤਰ ਬਣਾ ਦਿੰਦਾ ਹੈ।

2. ਪਰ ਇਹ ਪਵਿੱਤਰ ਭੋਜਨ ਜਦੋਂ ਮਨੁੱਖ ਦੇ ਸਰੀਰ ਵਿੱਚ ਜਾਂਦਾ ਹੈ ਤੇ ਥੋੜੇ ਸਮੇਂ ਬਾਅਦ ਇਹ ਪਵਿੱਤਰ ਵਸਤੂਆਂ ਮਨੁੱਖ ਦੇ ਸਰੀਰ ਵਿੱਚ ਬਿਸਟਾ ਬਣ ਜਾਂਦੀਆਂ ਹਨ। ਜਿਸ ਉੱਪਰ ਮਨੁੱਖ ਘਿਰਣਾ ਕਰਕੇ ਥੁੱਕਦਾ ਹੈ।